ਜੀਵਨ-ਬ੍ਰਿਤਾਂਤ

# ਸ੍ਰੀ ਗੁਰੂ ਨਾਨਕ ਦੇਵ ਜੀ



## ਪ੍ਰੋਫ਼ੈਸਰ ਸਾਹਿਬ ਸਿੰਘ

ਜੀਵਨ-ਬ੍ਰਿਤਾਂਤ

# ਸ੍ਰੀ ਗੁਰੂ ਨਾਨਕ ਦੇਵ ਜੀ

SIKHBOOKCLUB.COM

SIKHBOOKCLUB.COM

ੴ ਸਤਿਗੁਰਪ੍ਰਸਾਦਿ ॥

## ਜੀਵਨ-ਬ੍ਰਿਤਾਂਤ

# ਸ੍ਰੀ ਗੁਰੂ ਨਾਨਕ ਦੇਵ ਜੀ


*ਲੇਖਕ :*

**ਪ੍ਰੋਫ਼ੈਸਰ ਸਾਹਿਬ ਸਿੰਘ**

ਡੀ.ਲਿਟ.


SIKHBOOKCLUB.COM


**ਸਿੰਘ ਬ੍ਰਦਰਜ਼**

ਅੰਮ੍ਰਿਤਸਰ

ISBN 81-7205-135-2

ਪਹਿਲੀ ਵਾਰ 1969
ਛੇਵੀਂ ਵਾਰ ਅਗਸਤ 1994
ਸਤਵੀਂ ਵਾਰ ਫ਼ਰਵਰੀ 1998
ਅਠਵੀਂ ਵਾਰ ਜਨਵਰੀ 2000
ਨੌਵੀਂ ਵਾਰ ਅਗਸਤ 2003
ਦਸਵੀਂ ਵਾਰ ਅਕਤੂਬਰ 2006
ਗਿਆਰਵੀਂ ਵਾਰ ਮਾਰਚ 2009
ਬਾਰ੍ਹਵੀਂ ਵਾਰ ਜਨਵਰੀ 2013

SIKHBOOKCLUB.COM

ਮੁੱਲ : 90-00 ਰੁਪਏ

*ਪ੍ਰਕਾਸ਼ਕ :*

**ਸਿੰਘ ਬ੍ਰਦਰਜ਼**

•

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ - 143 006

•

S.C.O. 223-24, ਸਿਟੀ ਸੈਂਟਰ, ਅੰਮ੍ਰਿਤਸਰ - 143 001

*E-mail :* singhbro@vsnl.com
*Website :* www.singhbrothers.com

*ਛਾਪਕ :*

ਪ੍ਰਿੰਟਵੈੱਲ, 146, ਇੰਡਸਟ੍ਰੀਅਲ ਫ਼ੋਕਲ ਪੁਆਇੰਟ, ਅੰਮ੍ਰਿਤਸਰ

# ਤਤਕਰਾ


**੧. ਜਨਮ ਤੇ ਬਾਲ-ਉਮਰ—**

| | |
|---|---|
| ਜਨਮ-ਅਸਥਾਨ | ੧੩ |
| ਵਿਦਿਆ | ੧੪ |
| ਜਨੇਊ | ੧੫ |
| ਮਹੀਆਂ ਚਾਰਨੀਆਂ | ੧੮ |
| ਵਿਆਹ | ੨੧ |
| ਭਾਈ ਮਰਦਾਨਾ | ੨੧ |
| ਵਿਹਾਰ-ਕਾਰ | ੨੩ |
| ਕੀਰਤਨ ਦਾ ਇਸ਼ਕ | ੨੫ |
| ਰਮਤੇ ਸਾਧ | ੨੬ |
| ਵੈਦ | ੩੦ |
| ਖਰਾ ਸੌਦਾ | ੩੧ |

**੨. ਸੁਲਤਾਨਪੁਰ, ਮੋਦੀ—**

| | |
|---|---|
| ਸੁਲਤਾਨਪੁਰ ਨੂੰ | ੩੪ |
| ਮੋਦੀਖ਼ਾਨਾ, ਰੋਜ਼ਾਨਾ ਕਾਰ | ੩੫ |
| ਦੀਵੇ ਤੋਂ ਦੀਵਾ: ਮਨਸੁਖ | ੩੭ |
| ਹੈ ਹੈ ਕਰਦੀ ਸੁਣੀ ਲੁਕਾਈ | ੩੯ |
| ਕਾਜ਼ੀ ਨਾਲ ਨਮਾਜ਼ | ੪੧ |
| ਸੁਲਤਾਨਪੁਰ ਤੋਂ ਤਿਆਰੀ | ੪੩ |

**੩. ਪਹਿਲੀ ਉਦਾਸੀ**

| | |
|---|---|
| ਲਾਹੌਰ | ੪੭ |
| ਤਲਵੰਡੀ | ੪੭ |
| ਸੈਦਪੁਰ, ਮਲਕ ਭਾਗੋ | ੫੦ |
| ਹਰਿਦੁਆਰ | ੫੨ |
| ਗੋਰਖਮਤਾ | ੫੪ |
| ਮਿੱਠੇ ਰੀਠੇ | ੫੭ |
| ਅਜੁੱਧਿਆ | ੫੮ |
| ਪ੍ਰਯਾਗ | ੬੧ |
| ਬਨਾਰਸ | ੬੩ |
| ਭਗਤ ਕਬੀਰ ਜੀ | ੬੬ |
| ਰਵਿਦਾਸ | ੬੮ |
| ਰਾਮਾਨੰਦ, ਸੈਣ, ਪੀਪਾ | ੬੯ |
| ਗਇਆ | ੭੦ |
| ਕਾਮ-ਰੂਪ ਦੇਸ ਨੂੰ | ੭੨ |
| ਵਾਮ-ਮਾਰਗੀਏ | ੭੬ |
| ਬੰਗਾਲ ਪ੍ਰਾਂਤ | ੭੮ |
| ਭਗਤ ਜੈਦੇਵ | ੭੮ |
| ਜਗਨਨਾਥ ਪੁਰੀ, ਆਰਤੀ | ੮੧ |
| ਕੁੜਾਪੇ ਨੂੰ, ਭੀਲ ਇਲਾਕਾ | ੮੫ |
| ਕੌਡਾ ਭੀਲ | ੯੧ |
| ਰਾਮੇਸ਼੍ਵਰ | ੯੫ |
| ਸਿੰਘਲਾਦੀਪ ਨੂੰ | ੯੬ |
| ਬੰਬਈ ਪ੍ਰਾਂਤ, ਪਾਂਧਰਪੁਰ | ੧੦੦ |
| ਉਜੈਨ ਤੋਂ ਦਵਾਰਕਾ | ੧੦੪ |
| ਸੋਮਨਾਥ | ੧੦੬ |
| ਦੁਆਰਕਾ ਤੋਂ ਪੰਜਾਬ ਨੂੰ | ੧੦੮ |
| ਕਛ, ਵਾਮ-ਮਾਰਗੀਏ | ੧੦੮ |
| ਨਾਥ-ਦੁਆਰਾ | ੧੧੦ |
| ਚਤੌੜ, ਅਜਮੇਰ | ੧੧੧ |
| ਪੁਸ਼ਕਰ ਤੀਰਥ | ੧੧੨ |
| ਗੋਕਲ ਮਥੁਰਾ ਬਿੰਦ੍ਰਾਬਣ | ੧੧੨ |
| ਕੁਰਖੇਤਰ | ੧੧੭ |


SIKHBOOKCLUB.COM

ਸਰਮਾ ੧੨੩
ਸੁਲਤਾਨਪੁਰ, ਕੁਲ ਸਫ਼ਰ ੧੨੫
ਤਲਵੰਡੀ ੧੨੮
ਪੱਖੋਕੇ ੧੨੯
ਕੇਂਦਰੀ ਅਸਥਾਨ ਕਰਤਾਰਪੁਰ ੧੩੦

**੪. ਦੂਜੀ ਉਦਾਸੀ**

ਕਰਤਾਰਪੁਰੇ ੧੩੬
ਸਿਆਲਕੋਟ ੧੩੮
ਜੰਮੂ ੧੪੦
ਵੈਸ਼ਨੋ ਦੇਵੀ ੧੪੧
ਅਮਰ ਨਾਥ ੧੪੨
ਸੁਮੇਰ ਪਰਬਤ ੧੪੩
ਕਸ਼ਮੀਰ ਰਸਤੇ ਵਾਪਸੀ ੧੪੭

**੫. ਤੀਜੀ ਉਦਾਸੀ**

ਹੱਜ ਦੇ ਸਮੇ ਮੱਕੇ ਨੂੰ ੧੫੦
ਪਾਕ ਪਟਨ ੧੫੧
ਬਾਬਾ ਫ਼ਰੀਦ ੧੫੨
ਤੁਲੰਭਾ ੧੫੪
ਕਾਅਬਾ (ਮੱਕਾ) ੧੫੮
ਮਦੀਨਾ ੧੬੬
ਬਸਰਾ ੧੬੭
ਕਰਬਲਾ ੧੬੮
ਬਗ਼ਦਾਦ ੧੭੦
ਬਗ਼ਦਾਦ ਤੋਂ ਵਾਪਸ ੧੭੩
ਕਾਬਲ, ਜਲਾਲਾਬਾਦ ੧੭੪
ਪੰਜਾ ਸਾਹਿਬ ੧੭੬
ਡਿੰਗਾ ੧੭੯

**੬. ਬਾਬਰਵਾਣੀ (ਸੈਦਪੁਰ) ੧੮੧**

**੭. ਕਰਤਾਰਪੁਰੇ ੧੯੦**

**੮. ਅੱਚਲ, ਮੁਲਤਾਨ, ਸਿਆਲਕੋਟ ੧੯੮**

**੯. ਬਾਬਾ ਲਹਿਣਾ ਜੀ ਸ਼ਰਨ ਆਏ ੨੧੧**

ਇਕ ਬ੍ਰਹਮਚਾਰੀ ੨੧੩
ਬਾਬਾ ਬੁੱਢਾ ਜੀ ੨੧੮
ਮਾਤਾ ਪਿਤਾ ਦਾ ਦੇਹਾਂਤ ੨੧੯
ਭਾਈ ਮਰਦਾਨੇ ਦਾ ਅੰਤ ੨੧੯
ਜੋਤੀ ਜੋਤਿ ਸਮਾਏ ੨੨੧

**੧੦. ਬਾਣੀ ੨੨੨**

**੧੧. ਤਾਲੀਮ ੨੨੫**

**੧੨. ਸ਼ਖ਼ਸੀਅਤ ੨੪੬**

**ਸ਼ਰਧਾਂਜਲੀਆਂ ਪ੍ਰੋ. ਪ੍ਰਕਾਸ਼ ਸਿੰਘ ੨੬੭**


SIKHBOOKCLUB.COM

# ਜਾਣ-ਪਛਾਣ

ਆਪਣੀਆਂ ਹੱਡ-ਬੀਤੀਆਂ ਤੋਂ ਮੇਰਾ ਇਹੀ ਨਿਸਚਾ ਬਣ ਗਿਆ ਹੈ ਕਿ ਗੁਰੂ ਪਾਤਿਸ਼ਾਹ ਆਪ ਹੀ ਮੇਰੇ ਵਾਸਤੇ ਢੋ ਢੁਕਾਂਦਾ ਆ ਰਿਹਾ ਹੈ। ਨਹੀਂ ਤਾਂ ਇਕ ਅੱਤ ਗ਼ਰੀਬ ਅਨਪੜ੍ਹ ਪੇਂਡੂ ਹਿੰਦੂ-ਘਰ ਵਿਚ ਜੰਮ-ਪਲ ਕੇ ਮੈਂ ਇਤਨੇ ਜੋਗਾ ਕਿਥੇ ਹੋ ਸਕਣਾ ਸੀ ?

ਜਦੋਂ ਗੁਰਬਾਣੀ ਦੇ ਮੇਰੇ ਕੁਝ ਟੀਕੇ ਛਪ ਕੇ ਸਿੱਖ ਸੱਜਣਾਂ ਦੇ ਹੱਥਾਂ ਵਿਚ ਅੱਪੜੇ, ਤਾਂ ਅੱਜ-ਕੱਲ੍ਹ ਦੇ ਅੰਗਰੇਜ਼ੀ ਪੜ੍ਹੇ-ਲਿਖੇ ਨੌਜੁਆਨਾਂ ਨੇ ਬਹੁਤ ਪਸੰਦ ਕੀਤੇ। ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਕਈ ਪ੍ਰੋਫ਼ੈਸਰ ਸੱਜਣ ਮੈਨੂੰ ਕਦੇ ਕਦੇ ਇਹ ਪ੍ਰੇਰਨਾ ਦੇਣ ਲੱਗ ਪਏ ਕਿ ਮੈਂ ਸਾਰੇ ਗੁਰ-ਵਿਅਕਤੀਆਂ ਦਾ ਜੀਵਨ-ਬ੍ਰਿਤਾਂਤ ਵੀ ਲਿਖਾਂ। ਸੰਨ ੧੯੫੧ ਵਿਚ ਮੈਂ ਇਹ ਕੰਮ ਸ਼ੁਰੂ ਕਰ ਹੀ ਦਿੱਤਾ। ਕਦੇ ਕਦੇ ਜਦੋਂ ਇਸ ਕੰਮ ਲਈ ਅੰਦਰੋਂ ਪ੍ਰੇਰਨਾ ਉੱਠਦੀ ਸੀ, ਕੁਝ ਦਿਹਾੜੇ ਕਰ ਕੇ ਫਿਰ ਬੰਦ ਕਰ ਦੇਂਦਾ ਸਾਂ।

ਗੁਰੂ ਨਾਨਕ ਦੇਵ ਜੀ ਦਾ ਜੀਵਨ-ਬ੍ਰਿਤਾਂਤ ਮੈਂ ੨੮ ਜੂਨ ੧੯੫੩ ਨੂੰ ਸ਼ੁਰੂ ਕੀਤਾ। ੧੫ ਸਤੰਬਰ ੧੯੫੩ ਮੰਗਲਵਾਰ ਨੂੰ ਮੈਂ ਸਤਿਗੁਰੂ ਜੀ ਦੀ 'ਪਹਿਲੀ ਉਦਾਸੀ' ਦੇ ਅਖ਼ੀਰ ਤਕ ਅੱਪੜਿਆ। ਅਗਾਂਹ ਚਲਣੋਂ ਮੇਰੀ ਕਲਮ ਰੁਕ ਗਈ। ਬਾਕੀ ਦੇ ਗੁਰ-ਵਿਅਕਤੀਆਂ ਦਾ ਜੀਵਨ-ਬ੍ਰਿਤਾਂਤ ਮੈਂ ਇਸ ਤੋਂ ਪਹਿਲਾਂ ਮੁਕਾ ਚੁੱਕਾ ਸਾਂ। ਉਹਨੀਂ ਦਿਨੀਂ ਮੇਰੀ ਰਿਹਾਇਸ਼ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਅੰਮ੍ਰਿਤਸਰ ਦੀ ਇਮਾਰਤ ਵਿਚ ਸੀ। ਖ਼ਾਲਸਾ ਕਾਲਜ ਵਿਚੋਂ ਮੈਂ ੧੨ ਅਕਤੂਬਰ ੧੯੫੨ ਨੂੰ ਰੀਟਾਇਰ ਹੋ ਕੇ ਇਥੇ ਆ ਚੁੱਕਾ ਸਾਂ। ਪਹਿਲੀ ਅਪ੍ਰੈਲ ੧੯੫੪ ਨੂੰ ਮਿਸ਼ਨਰੀ ਕਾਲਜ ਖੁਲ੍ਹ ਗਿਆ ਅਤੇ ਮੈਨੂੰ ਉਥੋਂ ਦੇ ਪ੍ਰਿੰਸੀਪਲ ਬਣਨ ਦੀ ਸੇਵਾ ਦਿੱਤੀ ਗਈ।

ਜਨਵਰੀ ੧੯੫੭ ਤੋਂ ਮੈਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਟੀਕੇ ਵਿਚ ਰੁਝ ਗਿਆ। ਟੀਕੇ ਦੀ ਛਪਾਈ ਹੋ ਹੀ ਰਹੀ ਸੀ ਕਿ ਮੇਰੇ ਲੜਕੇ ਡਾਕਟਰ ਦਲਜੀਤ

ਸਿੰਘ ਦੀ ਤਬਦੀਲੀ ਸਿਧਵਾਂ-ਬੇਟ ਹੋ ਗਈ। ਮੈਂ ਵੀ ੧੯ ਮਈ ੧੯੬੨ ਨੂੰ ਮਿਸ਼ਨਰੀ ਕਾਲਜ ਦੀ ਸੇਵਾ ਛੱਡ ਕੇ ਉਸ ਦੇ ਨਾਲ ਚਲਾ ਗਿਆ। ੧੬ ਮਈ ੧੯੬੪ ਨੂੰ ਉਹ ਫਿਰ ਤਬਦੀਲ ਹੋ ਕੇ ਅੰਮ੍ਰਿਤਸਰ ਆ ਗਿਆ। ਇਸ ਦੇ ਕੁਝ ਪਹਿਲਾਂ ੫ ਫ਼ਰਵਰੀ ੧੯੬੪ ਨੂੰ ਪਟਿਆਲੇ ਮੇਰਾ Enlarged Prostate ਦਾ ਉਪ੍ਰੇਸ਼ਨ ਹੋਇਆ। ਉਥੋਂ ੨੭ ਫ਼ਰਵਰੀ ਨੂੰ ਡਿਸਚਾਰਜ ਹੋ ਕੇ ਮੈਂ ਆਪਣੇ ਵੱਡੇ ਲੜਕੇ ਪ੍ਰੋ: ਕੁਲਵੰਤ ਸਿੰਘ ਪਾਸ ਚੰਡੀਗੜ੍ਹ ਅਪੜਾਇਆ ਗਿਆ ਸਾਂ। ਜਦੋਂ ਅੰਮ੍ਰਿਤਸਰ ਦਲਜੀਤ ਸਿੰਘ ਦੀ ਰਿਹਾਇਸ਼ ਦਾ ਪਰਬੰਧ ਹੋ ਗਿਆ ਤਾਂ ੨੯ ਜੂਨ ਨੂੰ ਮੈਨੂੰ ਭੀ ਉਹ ਅੰਮ੍ਰਿਤਸਰ ਲੈ ਆਇਆ। ਇਥੇ ੩ ਸਤੰਬਰ ਤੋਂ ਮਿਸ਼ਨਰੀ ਕਾਲਜ ਵਿਚ ਫਿਰ ਇਕ ਘੰਟਾ ਰੋਜ਼ ਪੜ੍ਹਾਣ ਦਾ ਅਵਸਰ ਮਿਲ ਗਿਆ। 'ਦਰਪਣ' ਦੀ ਨਾਵੀਂ ਪੋਥੀ ਚੰਡੀਗੜ੍ਹ ਅਤੇ ਦਸਵੀਂ ਪੋਥੀ ਅੰਮ੍ਰਿਤਸਰ ਪੁਜਣ ਤੇ ਛਪ ਕੇ ਤਿਆਰ ਹੋਈ ਸੀ।

ਪ੍ਰੋ: ਪ੍ਰੀਤਮ ਸਿੰਘ ਜੀ 'ਆਲੋਚਨਾ' ਦੇ ਆਨਰੇਰੀ ਐਡੀਟਰ ਬਣੇ। ਉਨ੍ਹਾਂ ਦੇ ਉੱਦਮ ਨਾਲ ਗੁਰੂ ਨਾਨਕ ਸਾਹਿਬ ਦਾ ਜੀਵਨ-ਬ੍ਰਿਤਾਂਤ ਆਲੋਚਨਾ ਵਿਚ ਛਪਣਾ ਸ਼ੁਰੂ ਹੋ ਗਿਆ। ਤੇ, ਇਸ ਤਰ੍ਹਾਂ ਇਸ ਗੱਲ ਦੀ ਲੋੜ ਪਈ ਕਿ ਮੈਂ ਇਸ ਅਧੂਰੇ ਕੰਮ ਨੂੰ ਸਿਰੇ ਚਾੜ੍ਹਾਂ। ੨੯ ਜਨਵਰੀ ੧੯੬੫ ਤੋਂ ਮੈਂ ਗੁਰੂ ਨਾਨਕ ਦੇਵ ਜੀ ਦੀ 'ਤੀਜੀ ਉਦਾਸੀ' ਲਿਖਣੀ ਸ਼ੁਰੂ ਕੀਤੀ। ੨੦ ਮਾਰਚ ੧੯੬੫ ਨੂੰ ਇਹ ਜੀਵਨ-ਬ੍ਰਿਤਾਂਤ ਅਖ਼ੀਰ ਤਕ ਪਹੁੰਚ ਗਿਆ। ਬਾਕੀ ਰਹਿ ਗਈ 'ਦੂਜੀ ਉਦਾਸੀ'। ਇਹ ਵੀ ਮਾਰਚ ਦੇ ਅਖ਼ੀਰ ਤਕ ਲਿਖ ਕੇ ਮੁਕਾ ਲਈ।

ਜਨਵਰੀ ੧੯੬੭ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਤਿੰਨ-ਸੌ-ਸਾਲਾ ਜਨਮ-ਪੁਰਬ ਮਨਾਇਆ ਗਿਆ। ਉਸ ਸਮੇ ਡਾ: ਰਣਜੀਤ ਸਿੰਘ ਜੀ ਸਕੱਤਰ ਸਿੰਘ ਸਭਾ ਬੈਂਕੋਕ, ਸਿੱਖ-ਸੰਗਤਾਂ ਅਤੇ ਸਭਾ-ਸੁਸਾਇਟੀਆਂ ਦੀ ਭਾਰੀ ਮਿਲਵਰਤਣ ਨਾਲ ਜੀਵਨ-ਬ੍ਰਿਤਾਂਤ ਸ੍ਰੀ ਗੁਰੂ ਗੋਬਿੰਦ ਸਿੰਘ ਹਜ਼ਾਰਾਂ ਦੀ ਗਿਣਤੀ ਵਿਚ ਛਪ ਕੇ ਪਾਠਕਾਂ ਦੇ ਹੱਥਾਂ ਤਕ ਅਪੜਿਆ। ਇਸ ਤੋਂ ਬਾਅਦ ੬੭-੬੮ ਦੇ ਸਾਲਾਂ ਵਿਚ ਹੀ ਸ੍ਰੀ ਗੁਰੂ ਅੰਗਦ ਸਾਹਿਬ ਤੋਂ ਲੈ ਕੇ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਤਕ ਅੱਠ ਗੁਰ-ਵਿਅਕਤੀਆਂ ਦੇ ਜੀਵਨ-ਬ੍ਰਿਤਾਂਤ ਵਖ ਵਖ ਪੁਸਤਕਾਂ ਵਿਚ ਮੁਕੰਮਲ ਹੋ ਕੇ ਸੰਗਤਾਂ ਪਾਸ ਪੁਜ ਗਏ।

ਹੁਣ ਆ ਰਿਹਾ ਹੈ ਗੁਰੂ ਨਾਨਕ ਸਾਹਿਬ ਜੀ ਦਾ ਪੰਜ-ਸੌ-ਸਾਲਾ ਜੀਵਨ-ਪੁਰਬ। 'ਸਿੰਘ ਬ੍ਰਦਰਜ਼' ਹੀ ਮੇਰਾ ਲਿਖਿਆ ਜੀਵਨ-ਬ੍ਰਿਤਾਂਤ ਸ੍ਰੀ ਗੁਰੂ ਨਾਨਕ

ਦੇਵ ਜੀ ਛਾਪ ਰਹੇ ਹਨ। ਇਸ ਤਰ੍ਹਾਂ ਸੰਨ ੧੯੫੧ ਤੋਂ ੧੯੫੩ ਤਕ ਅਤੇ ਫਿਰ ੧੯੬੫ ਵਿਚ ਜਿਹੜੀ ਮਿਹਨਤ ਮੇਰੇਂ ਪਾਤਿਸ਼ਾਹ ਨੇ ਮੈਥੋਂ ਕਰਾਈ ਸੀ, ਉਹ ਮੁਕੰਮਲ ਰੂਪ ਵਿਚ ਪਾਠਕਾਂ ਦੇ ਹੱਥਾਂ ਤਕ ਅਪੜਾਣ ਦਾ ਢੋ ਢੁਕਾ ਦਿੱਤਾ। ਨਹੀਂ ਤਾਂ ਮੈਂ ਗ਼ਰੀਬ ਵਿਚਾਰਾ ਕੌਣ ਸਾਂ ? ਮੇਰਾ ਗੁਰੂ ਜਾਣਦਾ ਹੈ ਕਿ—

**ਜੋ ਹਮਰੀ ਬਿਧਿ ਹੋਤੀ, ਮੇਰੇ ਸਤਿਗੁਰਾ,**<br>
**ਸਾ ਬਿਧਿ ਤੁਮ ਹਰਿ ਜਾਣਹੁ ਆਪੇ ॥**<br>
**ਹਮ ਰੁਲਤੇ ਫਿਰਤੇ, ਕੋਈ ਬਾਤ ਨ ਪੂਛਤਾ,**<br>
**ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ ॥**

ਪਾਠਕ ਸੱਜਣਾਂ ਦਾ ਭੀ ਮੈਂ ਦਿਲੋਂ ਧੰਨਵਾਦ ਕਰਦਾ ਹਾਂ ਕਿ ਉਹ ਹੁਣ ਤਕ ਮੇਰੀ ਸਰਪ੍ਰਸਤੀ ਕਰਦੇ ਆ ਰਹੇ ਹਨ। ਕਈ ਭੁੱਲਾਂ ਮੈਥੋਂ ਹੋ ਗਈਆਂ ਹੋਣਗੀਆਂ। ਪੰਥ ਬਖ਼ਸ਼ਣਹਾਰ ਹੈ।

C/o ਡਾਕਟਰ ਦਲਜੀਤ ਸਿੰਘ — *—ਦਾਸ*<br>
E-13, ਮੈਡੀਕਲ ਕਾਲਜ, — **ਸਾਹਿਬ ਸਿੰਘ**<br>
ਪਟਿਆਲਾ — 10-8-68

SIKHBOOKCLUB.COM

# ਦੋ ਸ਼ਬਦ

ਇਹ ਪੁਸਤਕ 'ਜੀਵਨ-ਬ੍ਰਿਤਾਂਤ ਸ੍ਰੀ ਗੁਰੂ ਨਾਨਕ ਦੇਵ ਜੀ' ਅੱਜ ਆਪ ਦੇ ਕਰ-ਕਮਲਾਂ ਵਿਚ ਸਸ਼ੋਭਿਤ ਹੋ ਰਹੀ ਹੈ। ਕੁਝ ਚਿਰ ਹੋਇਆ ਅਸਾਂ ਇਸ ਦੇ ਪਹਿਲੇ ਕੁਝ ਪੰਨੇ ਦੋ ਸੈਂਚੀਆਂ ਦੇ ਰੂਪ ਵਿਚ ਛਪਵਾ ਕੇ ਪ੍ਰਚਾਰ ਹਿੱਤ ਵੰਡੇ ਸਨ। ਹੁਣ ਇਹ ਸਾਰੀ ਮੁਕੰਮਲ ਇਤਿਹਾਸਕ ਪੁਸਤਕ ਛੱਪ ਕੇ ਆਪ ਜੀ ਦੇ ਪੇਸ਼ ਹੈ। ਇਸ ਵੱਡ-ਮੁੱਲੀ ਸੁਗਾਤ ਵਿਚ ਆਪ ਜਿਥੇ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ-ਬ੍ਰਿਤਾਂਤ, ਉਹਨਾਂ ਦੇ ਲੋਕ-ਭਲਾਈ ਲਈ ਕੀਤੇ ਉਪਕਾਰ, ਉਹਨਾਂ ਦੇ ਉੱਚ-ਕਾਰਨਾਮੇ ਪੜ੍ਹ ਕੇ ਉਤਸ਼ਾਹਤ ਹੋਵੋਗੇ, ਉਥੇ ਨਾਲ ਹੀ ਲੇਖਕ ਦੀ ਕਮਾਲ-ਬਿਆਨੀ, ਸਿੱਖ-ਇਤਿਹਾਸ ਦੇ ਨਾਲ ਦੂਜੇ ਮੱਤਾਂ ਦੇ ਇਤਿਹਾਸਾਂ ਬਾਰੇ ਭੀ ਪੜ੍ਹ ਕੇ ਚਕ੍ਰਿਤ ਹੋ ਜਾਓਗੇ।

ਹੋਰ ਤੱਕੋ, ਕਿਵੇਂ ਇਤਿਹਾਸਕ ਘਟਨਾਵਾਂ ਦੀ ਇਕ ਇਕ ਥਾਂ, ਇਕ ਇਕ ਗਰਾਂ, ਇਕ ਇਕ ਤਰੀਕ ਦਿਨ ਵਾਰ ਸਮੇਤ, ਇਕ ਇਕ ਖ਼ਾਨਦਾਨ ਆਦਿ ਦਾ ਸਿਲਸਿਲੇ-ਵਾਰ ਢੁਕਵਾਂ ਜ਼ਿਕਰ ਥਾਂ-ਪਰ-ਥਾਂ ਕਰ ਦਿੱਤਾ ਹੈ। ਲੇਖਕ ਨੇ ਕਿਧਰੇ ਭੀ ਮਨ-ਘੜਤ ਕਹਾਣੀਆਂ ਦਾ ਆਸਰਾ ਨਹੀਂ ਲਿਆ, ਤੇ ਨਾ ਹੀ ਵਾਧੂ ਕਰਾਮਾਤਾਂ ਜੋੜ ਜੋੜ ਕੇ ਇਤਿਹਾਸ ਦੀ ਰੌਂ ਨੂੰ ਬਦਲਿਆ ਹੈ, ਸਗੋਂ ਕਮਾਲ ਦੀ ਖ਼ੂਬੀ ਨਾਲ ਗੁਰਬਾਣੀ ਦੇ ਆਧਾਰ ਤੇ ਇਤਿਹਾਸ ਦੀ ਸੁਧਾਈ ਤੇ ਨਵੀਂ ਧੁਲਾਈ ਕਰ ਕੇ, ਚਮਕਾ ਕੇ ਸਾਫ਼ ਸੁਥਰੇ ਕਰ ਕੇ ਸੰਗਤਾਂ ਦੇ ਸਾਹਵੇਂ ਰਖਿਆ ਹੈ, ਤੇ ਸਤਿਗੁਰਾਂ ਦੇ ਆਸ਼ੇ ਨੂੰ 'ਗੁਰ ਸੰਗਤਿ ਬਾਣੀ ਬਿਨਾ ਦੂਜੀ ਓਟ ਨਹੀ ਹਹਿ ਰਾਈ' ਹੀ ਮੁਖ ਵਿਸ਼ਾ ਰਖਿਆ ਹੈ। ਇਸ ਕਸਵੱਟੀ ਤੇ ਕਈ ਇਤਿਹਾਸਕਾਰ ਖੁੰਝ ਭੀ ਜਾਂਦੇ ਹਨ। ਪ੍ਰੋ: ਸਾਹਿਬ ਸਿੰਘ ਜੀ ਦੀ ਸਾਰੀ ਆਯੂ ਦੇ ਤਜਰਬਿਆਂ ਦਾ ਨਿਚੋੜ ਹੈ ਆਪ ਦੀ ਲੇਖਣੀ, ਜੋ ਅਤਿ ਦਰਜੇ ਦੀ ਸੁਖੈਨ, ਮਨੁੱਖ ਮਾਤਰ ਦੀ ਸਮਝ ਵਿਚ ਆ ਸਕਣ ਵਾਲੀ ਹੈ। ਆਪ ਨੇ ਗੁਰਬਾਣੀ ਦੇ ਅਰਥ ਕਈ ਪੁਸਤਕਾਂ ਵਿਚ, ਫਿਰ ੧੦ ਜਿਲਦਾਂ ਵਿਚ ਸਾਰੀ ਹੀ ਬਾਣੀ ਦੇ ਅਰਥ 'ਦਰਪਣ' ਪੋਥੀਆਂ ਰਾਹੀਂ ਅਤੇ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ



WWW.SIKHBOOKCLUB.COM 

ਗੁਰੂ ਗੋਬਿੰਦ ਸਿੰਘ ਜੀ ਤਕ ਸਾਰੀਆਂ ਪਾਤਸ਼ਾਹੀਆਂ ਦੇ ਜੀਵਨ-ਬ੍ਰਿਤਾਂਤ ਲਿਖੇ ਹਨ। ਹੋਰ ਕਈ ਖੋਜ-ਭਰੇ ਧਾਰਮਕ ਲੇਖਾਂ ਦੀਆਂ ਪੁਸਤਕਾਂ ਵੀ ਰਚੀਆਂ ਹਨ। ਇੰਨੀ ਮਹਾਨ ਦੇਣ ਹੈ, ਪ੍ਰੋ: ਸਾਹਿਬ ਸਿੰਘ ਜੀ ਦੀ।

ਅਸੀਂ ਕੀ, ਆਉਣ ਵਾਲੀਆਂ ਨਸਲਾਂ ਭੀ ਆਪ ਦਾ ਅਹਿਸਾਨ ਨਹੀਂ ਚੁਕਾ ਸਕਣਗੀਆਂ, ਤੇ ਆਪ ਨੂੰ ਪੜ੍ਹ ਪੜ੍ਹ ਕੇ ਖ਼ੁਸ਼ੀ ਵਿਚ ਨੱਚ ਉਠਿਆ ਕਰਨਗੀਆਂ।

ਸਾਡੇ ਹਿਰਦੇ ਦੀ ਅਰਦਾਸ ਹੈ: "ਸਾਹਿਬ ਸਿੰਘ, ਤੂੰ ਸਦਾ ਜੀਂਦਾ ਰਹੋ, ਸਦਾ ਸਾਡੇ ਦਿਲਾਂ ਵਿਚ ਜਾਗਦਾ ਰਹੋ, ਸਾਨੂੰ ਸਦਾ ਗੁਰਬਾਣੀ, ਗੁਰ-ਇਤਿਹਾਸ ਤੇ ਗੁਰਸਿਖੀ-ਸਿਧਾਂਤਾਂ ਦੀ ਰੌਸ਼ਨੀ ਦੇਂਦਾ ਰਹੋ।"

*—ਗੁਰੂ ਪੰਥ ਦਾ ਦਾਸਰਾ*

**ਰੰਜੀਤ ਸਿੰਘ**

ਸਕੱਤਰ, ਸ੍ਰੀ ਗੁਰੂ ਸਿੰਘ ਸਭਾ, ਫ਼ਾਹੂਰੱਟ ਰੋਡ, ਬੈਂਕੋਕ, ਥਾਈਲੈਂਡ

SIKHBOOKCLUB.COM

SIKHBOOKCLUB.COM

# ਜੀਵਨ ਬ੍ਰਿਤਾਂਤ
# ਸ੍ਰੀ ਗੁਰੂ ਨਾਨਕ ਦੇਵ ਜੀ

੧

## ਜਨਮ ਤੇ ਬਾਲ-ਉਮਰ

**ਜਨਮ-ਅਸਥਾਨ**

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਨਮ, ਪਿੰਡ ਤਲਵੰਡੀ ਵਿਚ ਵੈਸਾਖ ਸੁਦੀ ੩, ਸੰਮਤ ੧੫੨੬ ਨੂੰ ਹੋਇਆ। ਪ੍ਰਵਿਸ਼ਟਾ ਮਹੀਨਾ ਵੈਸਾਖ ਦੀ ੨੦ ਤਰੀਕ ਸੀ। ਈਸਵੀ ੧੪੬੯ ਮਹੀਨਾ ਅਪ੍ਰੈਲ ਦੀ ੧੫ ਤਰੀਕ ਤੇ ਦਿਨ ਛਨਿੱਛਰ ਵਾਰ ਸੀ। ਤਲਵੰਡੀ ਦਾ ਪਹਿਲਾ ਨਾਮ 'ਰਾਇਪੁਰ' ਸੀ, ਫਿਰ 'ਰਾਇ ਭੋਇ ਦੀ ਤਲਵੰਡੀ' ਨਾਮ ਪਰਸਿੱਧ ਹੋਇਆ। ਸਤਿਗੁਰੂ ਨਾਨਕ ਦੇਵ ਜੀ ਦਾ ਜਨਮ-ਅਸਥਾਨ ਹੋਣ ਕਰਕੇ ਹੁਣ ਇਸ ਦਾ ਨਾਮ 'ਨਨਕਾਣਾ ਸਾਹਿਬ' ਹੈ। ਨਨਕਾਣਾ ਸਾਹਿਬ, ਲਾਹੌਰ ਤੋਂ ੪੮ ਮੀਲ ਪੱਛਮ ਵੱਲ ਹੈ। ਲਾਹੌਰ ਤੋਂ ਜੜ੍ਹਾਂਵਾਲੇ ਨੂੰ ਜਾਣ ਵਾਲੀ ਰੇਲਵੇ ਲਾਈਨ ਉੱਤੇ ਨਨਕਾਣਾ ਸਾਹਿਬ ਰੇਲ ਦਾ ਸਟੇਸ਼ਨ ਹੈ, ਜ਼ਿਲਾ ਸ਼ੇਖੂਪੁਰਾ। ਜ਼ਿਲ੍ਹਾ ਸ਼ੇਖੂਪੁਰਾ ਜੰਕਸ਼ਨ ਤੋਂ ਇਕ ਲਾਈਨ ਸਾਂਗਲੇ ਦੇ ਰਸਤੇ ਲਾਇਲਪੁਰ ਨੂੰ ਜਾਂਦੀ ਹੈ। ਦੂਜੀ ਲਾਈਨ ਨਨਕਾਣਾ ਸਾਹਿਬ-ਜੜ੍ਹਾਂਵਾਲੇ ਦੇ ਰਸਤੇ, ਲਾਇਲਪੁਰ ਨੂੰ ਜਾਂਦੀ ਹੈ।

ਰਾਇ ਭੋਇ, ਭੱਟੀ ਮੁਸਲਮਾਨ ਸਰਦਾਰ, ਤਲਵੰਡੀ ਦੇ ਆਸ ਪਾਸ ਦੇ ਇਲਾਕੇ ਦਾ ਮਾਲਕ ਸੀ। ਮੁਸਲਮਾਨਾਂ ਦੇ ਰਾਜ ਸਮੇ ਬਹੁਤ ਸਾਰੇ ਭੱਟੀ ਰਾਜਪੂਤ ਮੁਸਲਮਾਨ ਹੋ ਗਏ ਸਨ, ਜਿਨ੍ਹਾਂ ਵਿਚੋਂ ਪਿੰਡੀ ਭੱਟੀਆਂ, ਜ਼ਿਲਾ ਗੁਜਰਾਤ ਦਾ ਦੁੱਲਾ ਭੱਟੀ ਅਤੇ ਉਸ ਦਾ ਪੁੱਤਰ ਕਮਾਲ ਖ਼ਾਨ ਇਤਿਹਾਸ ਵਿਚ ਪਰਸਿੱਧ ਹਨ।



WWW.SIKHBOOKCLUB.COM 

## ਪਹਿਲਾ ਪਿੰਡ

ਗੁਰੂ ਨਾਨਕ ਸਾਹਿਬ ਦੇ ਪਿਤਾ ਦਾ ਨਾਂ ਬਾਬਾ ਕਾਲੂ ਜੀ ਸੀ। ਇਤਿਹਾਸ ਵਿਚ ਉਨ੍ਹਾਂ ਨੂੰ ਕਲਿਆਣ ਰਾਇ ਅਤੇ ਕਾਲੂ ਰਾਇ ਕਰ ਕੇ ਲਿਖਿਆ ਹੈ। ਰਾਇ ਭੋਇ ਦੇ ਪੁੱਤਰ ਰਾਇ ਬੁਲਾਰ ਪਾਸ ਪਟਵਾਰੀ ਦੇ ਅਹੁਦੇ ਉੱਤੇ ਮੁਲਾਜ਼ਮਤ ਦੇ ਕਾਰਨ ਇਹ ਤਲਵੰਡੀ ਰਹਿੰਦੇ ਸਨ। ਇਨ੍ਹਾਂ ਦਾ ਅਸਲੀ ਪਿੰਡ ਜ਼ਿਲਾ ਅੰਮ੍ਰਿਤਸਰ, ਤਹਿਸੀਲ ਤਰਨ ਤਾਰਨ ਵਿਚ ਸੀ। ਉਸ ਪਿੰਡ ਦਾ ਨਾਂ 'ਪੱਠੇ ਵਿੰਡ' ਸੀ, ਤਰਨ ਤਾਰਨ ਤੋਂ ੧੦ ਮੀਲ ਪੂਰਬ-ਦੱਖਣ ਦੀ ਗੁੱਠ ਵਿਚ ਪੱਠੇ ਵਿੰਡ, ਪਿੰਡ ਲੋਹਾਰ ਦੇ ਉੱਤਰ ਪਾਸੇ ਅਤੇ ਜਾਮਾਰਾਇ ਤੋਂ ਡੇਢ ਮੀਲ ਲਹਿੰਦੇ ਪਾਸੇ ਸੀ। ਹੁਣ ਉੱਥੇ ਗੁਰੂ ਨਾਨਕ ਜੀ ਦਾ ਗੁਰਦੁਆਰਾ ਹੈ। ਨਾਮ ਡੇਹਰਾ ਸਾਹਿਬ ਹੈ। ਸਥਾਨਕ ਸੰਗਤ ਦੇ ਉੱਦਮ ਨਾਲ ਇਕ ਖ਼ਾਲਸਾ ਹਾਈ ਸਕੂਲ ਭੀ ਬਣ ਗਿਆ ਹੈ।

## ਨਾਨਕਾ ਪਿੰਡ

ਸਤਿਗੁਰ ਨਾਨਕ ਸਾਹਿਬ ਦੀ ਮਾਤਾ ਦਾ ਨਾਂ 'ਤ੍ਰਿਪਤਾ' ਸੀ। ਮਾਤਾ ਤ੍ਰਿਪਤਾ ਜੀ ਦਾ ਪੇਕਾ ਪਿੰਡ ਚਾਹਲ, ਜ਼ਿਲਾ ਤੇ ਤਹਿਸੀਲ ਲਾਹੌਰ ਵਿਚ ਹੈ, ਲਾਹੌਰ ਛਾਉਣੀ ਤੋਂ ਅੱਠ ਮੀਲ ਦੀ ਵਿੱਥ ਉਤੇ ਪੂਰਬ-ਦੱਖਣ ਪਾਸੇ। ਸਤਿਗੁਰੂ ਜੀ ਦੀ ਵੱਡੀ ਭੈਣ ਬੀਬੀ ਨਾਨਕੀ ਜੀ ਦਾ ਜਨਮ ਇਸੇ ਪਿੰਡ ਵਿਚ ਸੰਨ ੧੪੬੪ ਵਿਚ ਹੋਇਆ ਸੀ। ਬੀਬੀ ਨਾਨਕੀ ਜੀ ਗੁਰੂ ਨਾਨਕ ਦੇਵ ਜੀ ਨਾਲੋਂ ਪੰਜ ਸਾਲ ਵੱਡੇ ਸਨ। ਨਾਨਕਾ ਪਿੰਡ ਹੋਣ ਕਰਕੇ ਸਤਿਗੁਰੂ ਜੀ ਕਈ ਵਾਰ ਚਾਹਲ ਆਉਂਦੇ ਜਾਂਦੇ ਰਹੇ। ਉਨ੍ਹਾਂ ਦੀ ਯਾਦ ਵਿਚ ਉੱਥੇ ਇਕ ਛੋਟਾ ਜਿਹਾ ਗੁਰਦੁਆਰਾ ਬਣਿਆ ਹੋਇਆ ਹੈ।

## ਵਿੱਦਿਆ

ਸੱਤ ਸਾਲਾਂ ਦੀ ਉਮਰੇ ਗੁਰੂ ਨਾਨਕ ਦੇਵ ਜੀ ਦੇ ਪਿਤਾ ਨੇ ਪਹਿਲਾਂ ਇਨ੍ਹਾਂ ਨੂੰ ਗੋਪਾਲ ਪੰਡਿਤ ਪਾਸ ਹਿੰਦੀ ਪੜ੍ਹਨ ਬਿਠਾਇਆ, ਫੇਰ ਬ੍ਰਿਜ ਲਾਲ ਪੰਡਿਤ ਪਾਸ ਸੰਸਕ੍ਰਿਤ ਪੜ੍ਹਨ। ਜਦੋਂ ਸਤਿਗੁਰੂ ਜੀ ਦੀ ਉਮਰ ਤੇਰ੍ਹਾਂ ਸਾਲਾਂ ਦੀ ਹੋਈ ਤਾਂ ਸੰਮਤ ੧੫੩੯ ਵਿਚ ਉਨ੍ਹਾਂ ਨੂੰ ਤਲਵੰਡੀ ਦੇ ਮੌਲਵੀ ਕੁਤਬੁੱਦੀਨ ਪਾਸ ਫ਼ਾਰਸੀ ਪੜ੍ਹਨ ਲਈ ਬਿਠਾਇਆ ਗਿਆ। ਗੁਰੂ ਨਾਨਕ ਦੇਵ ਜੀ ਦੀ ਅੱਤ ਉੱਚੇ ਦਰਜੇ ਦੀ ਤੀਖਣ ਬੁੱਧੀ ਨੂੰ ਵੇਖ ਕੇ ਇਹ ਤਿੰਨੇ ਉਸਤਾਦ, ਆਪੋ

ਆਪਣੀ ਵਾਰੀ, ਬੜੇ ਹੈਰਾਨ ਹੋਏ। ਨਿਰਾ ਦਿਮਾਗ਼ ਹੀ ਰੌਸ਼ਨ ਨਹੀਂ ਸੀ, ਸਤਿਗੁਰੂ ਜੀ ਨੂੰ ਆਤਮਕ ਜੀਵਨ ਦੀ ਭੀ ਬੜੀ ਸੂਝ ਸੀ। ਗੁਰੂ ਨਾਨਕ ਦੇਵ ਜੀ ਦਾ ਬਾਲ-ਉਮਰ ਦਾ ਗੰਭੀਰ ਜੀਵਨ ਤੱਕ ਕੇ ਨਗਰ ਦੇ ਸਾਰੇ ਹਿੰਦੂ ਮੁਸਲਮਾਨ ਸਿਰ ਨਿਵਾਉਣ ਲੱਗ ਪਏ। ਰਾਇ ਬੁਲਾਰ ਭੀ ਆਖਣ ਲੱਗ ਪਿਆ ਕਿ ਇਸ ਬਾਲਕ ਉੱਤੇ ਖ਼ੁਦਾ ਦੀ ਖ਼ਾਸ ਰਹਿਮਤ ਹੈ।

## ਜਨੇਊ

ਤਕਰੀਬਨ ਹਰੇਕ ਧਰਮ ਅਨੁਸਾਰ ਮਨੁੱਖ ਦੇ ਦੋ ਜਨਮ ਮਿੱਥੇ ਗਏ ਹਨ। ਇਕ ਸਰੀਰਕ ਜਨਮ, ਜੋ ਹਰੇਕ ਜੀਵ ਨੂੰ ਆਪਣੀ ਮਾਂ ਤੋਂ ਮਿਲਦਾ ਹੈ, ਦੂਜਾ ਆਤਮਕ ਜਨਮ, ਜਿਸ ਦੀ ਪ੍ਰਾਪਤੀ ਵਾਸਤੇ ਖ਼ਾਸ ਉਮਰ ਉਤੇ ਪਹੁੰਚ ਕੇ ਧਾਰਮਿਕ ਮਰਯਾਦਾ ਕਰਨੀ ਪੈਂਦੀ ਹੈ।

ਮੰਨੂ ਦੇ ਧਰਮ-ਸ਼ਾਸਤਰ ਅਨੁਸਾਰ ਬ੍ਰਾਹਮਣ, ਖੱਤਰੀ ਅਤੇ ਵੈਸ਼ ਵਾਸਤੇ ਆਤਮਕ ਜਨਮ ਦੀ ਪ੍ਰਾਪਤੀ ਦੀ ਖ਼ਾਤਰ ਜਨੇਊ ਪਹਿਰਨ ਦੀ ਮਰਯਾਦਾ ਹੈ। ਸ਼ੂਦਰ ਨੂੰ ਇਸ ਦਾ ਅਧਿਕਾਰ ਹੀ ਨਹੀਂ ਹੈ। ਮੰਨੂ ਦੇ ਮੱਤ ਅਨੁਸਾਰ ਬ੍ਰਾਹਮਣ ਦਾ ਜਨੇਊ ਕਪਾਹ ਦਾ, ਖੱਤਰੀ ਦਾ ਜਨੇਊ ਸਣ ਦਾ ਅਤੇ ਵੈਸ਼ ਦਾ ਜਨੇਊ ਮੇਢੇ ਦੀ ਉੱਨ ਦਾ ਹੋਣਾ ਚਾਹੀਦਾ ਹੈ।

ਸੂਤਰ ਨੂੰ ਵੱਟ ਕੇ, ਤਿਹਰਾ ਕਰ ਕੇ ਉਸ ਦੀ ਡੋਰ ਵੱਟਣੀ ਹੁੰਦੀ ਹੈ। ਇਹਨਾਂ ਤਿਹਰੀਆਂ ਤਿੰਨ ਡੋਰਾਂ ਦਾ ਇਕ ਅਗ੍ਹ ਹੁੰਦਾ ਹੈ। ਦੋ ਅਗ੍ਹਾਂ ਦਾ ਇਕ ਜਨੇਊ ਬਣਦਾ ਹੈ। ਜਨੇਊ ਖੱਬੇ ਮੋਢੇ ਤੋਂ ਪਹਿਨ ਕੇ ਸੱਜੀ ਵੱਖੀ ਵੱਲ ਲਟਕਾਇਆ ਜਾਂਦਾ ਹੈ। ਪਰ ਪਿੱਤਰੀ-ਕਰਮ ਕਰਨ ਵੇਲੇ ਜਨੇਊ ਸੱਜੇ ਮੋਢੇ ਤੇ ਪਹਿਨੀਦਾ ਹੈ।

ਮਰਯਾਦਾ ਅਨੁਸਾਰ ਬ੍ਰਾਹਮਣ ਦਾ ਜਨੇਊ-ਸੰਸਕਾਰ, ਗਰਭ ਤੋਂ ਲੈ ਕੇ ਅੱਠਵੇਂ ਸਾਲ ਵਿਚ ਹੋਣਾ ਚਾਹੀਦਾ ਹੈ, ਖੱਤਰੀ ਦਾ ਯਾਰ੍ਹਵੇਂ ਸਾਲ ਅਤੇ ਵੈਸ਼ ਦਾ ਬਾਰ੍ਹਵੇਂ ਸਾਲ ਵਿਚ। ਬ੍ਰਾਹਮਣ ਦਾ ਬਸੰਤ ਰੁੱਤੇ, ਖੱਤਰੀ ਦਾ ਗਰਮੀ ਰੁੱਤੇ ਅਤੇ ਵੈਸ਼ ਦਾ ਪਤਝੱੜ ਵਿਚ।

ਸੰਸਕਾਰ ਆਦਿਕ ਕਰਮ ਕਰਾਉਣ ਲਈ ਹਰੇਕ ਹਿੰਦੂ-ਘਰ ਦਾ ਇਕ ਪੁਰੋਹਿਤ ਹੁੰਦਾ ਹੈ, ਜੋ ਬ੍ਰਾਹਮਣ ਜਾਤੀ ਵਿਚੋਂ ਹੀ ਹੋ ਸਕਦਾ ਹੈ। ਬਾਬਾ ਕਾਲੂ ਜੀ ਦੇ ਘਰ ਦਾ ਪੁਰੋਹਿਤ ਪੰਡਿਤ ਹਰਦਿਆਲ ਸੀ, ਜੋ ਤਲਵੰਡੀ ਦਾ ਹੀ



SIKHBOOKCLUB.COM

ਵਸਨੀਕ ਸੀ। ਗੁਰੂ ਨਾਨਕ ਦੇਵ ਜੀ ਦੀ ਜਨਮ-ਪੱਤ੍ਰੀ[1] ਇਸੇ ਨੇ ਬਣਾਈ ਸੀ।

ਜਦੋਂ ਗੁਰੂ ਨਾਨਕ ਦੇਵ ਜੀ ਦਸਾਂ ਸਾਲਾਂ ਦੇ ਹੋਏ ਤਾਂ ਮਰਯਾਦਾ ਅਨੁਸਾਰ ਉਨ੍ਹਾਂ ਨੂੰ ਜਨੇਊ ਪਾਉਣ ਲਈ ਪੰਡਿਤ ਹਰਦਿਆਲ ਨੂੰ ਸੱਦਿਆ ਗਿਆ। ਇਹ ਅਧਿਕਾਰ ਪੁਰੋਹਿਤ ਦਾ ਹੀ ਹੁੰਦਾ ਹੈ।

ਘਰ ਵਿਚ ਪੁੱਤਰ ਦਾ ਜਨਮ ਧਰਮ-ਸ਼ਾਸਤਰਾਂ ਅਨੁਸਾਰ ਇਕ ਬੜੀ ਵਡਭਾਗਤਾ ਹੈ। ਪੁੱਤਰ ਹੀ ਪਿੱਤਰਾਂ ਨੂੰ ਪੁ ਨਾਮ ਦੇ ਨਰਕ ਤੋਂ ਬਚਾਉਂਦਾ ਹੈ। ਪੁੱਤਰ ਹੀ ਪਿੱਤਰਾਂ ਨਮਿੱਤ ਯੱਗ, ਸਰਾਧ ਆਦਿਕ ਕਰਨ ਦਾ ਅਧਿਕਾਰੀ ਹੈ। ਇਹ ਅਧਿਕਾਰ ਧੀ ਨੂੰ ਨਹੀਂ ਹੈ। ਜਨੇਊ ਪਹਿਰਨ ਦਾ ਅਧਿਕਾਰ ਭੀ ਪੁੱਤਰ ਨੂੰ ਹੀ ਹੈ, ਧੀ ਨੂੰ ਨਹੀਂ। ਸੋ, ਜਿਵੇਂ ਪੁੱਤਰ ਦਾ ਜਨਮ ਗ੍ਰਿਹਸਤੀ ਵਾਸਤੇ ਬੜੀ ਖ਼ੁਸ਼ੀ ਦਾ ਅਵਸਰ ਲਿਆਉਂਦਾ ਹੈ, ਤਿਵੇਂ ਹੀ ਜਨੇਊ ਪਹਿਰਾਉਣ ਦੀ ਰੀਤ ਭੀ ਬੜੇ ਚਾਅ-ਮਲ੍ਹਾਰ ਵਾਲੀ ਹੁੰਦੀ ਹੈ। ਸਾਰੇ ਸਾਕ-ਅੰਗ ਸੱਦੇ ਜਾਂਦੇ ਹਨ, ਵਿਆਹ ਸ਼ਾਦੀ ਵਾਂਗ ਹੀ ਖਾਣ ਪਕਾਉਣ ਦੇ ਬੜੇ ਉਚੇਚ ਕੀਤੇ ਜਾਂਦੇ ਹਨ। ਮਰਦੇ-ਪੁੱਜਦੇ ਘਰਾਂ ਵਿਚ ਮਾਸ ਭੀ ਬਣਦਾ ਹੈ। ਬਾਬਾ ਕਾਲੂ ਜੀ ਨੇ ਭੀ ਸਾਰੇ ਸਾਕ-ਅੰਗ ਸੱਦੇ।

SIKHBOOKCLUB.COM

## ਅਦੁੱਤੀ ਦ੍ਰਿੜ੍ਹਤਾ

ਤਲਵੰਡੀ ਵਿਚ ਗੁਰੂ ਨਾਨਕ ਦੇਵ ਜੀ ਦੀ ਰੌਸ਼ਨ-ਦਿਮਾਗ਼ੀ ਦੀ ਚਰਚਾ ਤਾਂ ਪਹਿਲਾਂ ਹੀ ਸੀ, ਪਰ ਕਿਸੇ ਨੂੰ ਅਜੇ ਇਹ ਨਹੀਂ ਸੀ ਪਤਾ ਕਿ ਦਸਾਂ ਸਾਲਾਂ ਦਾ ਬਾਲਕ ਹਿੰਦੂ-ਸ਼ਾਸਤਰਾਂ ਦੇ ਸਦੀਆਂ ਦੇ ਬਣੇ ਭਰਮ-ਭ੍ਰਾ ਦਾ ਟਾਕਰਾ ਕਰਨ ਨੂੰ ਤਿਆਰ ਹੋ ਪਏਗਾ।

ਜਦੋਂ ਨਗਰ ਦਾ ਸ਼ਰੀਕਾ, ਬਰਾਦਰੀ, ਨਗਰ ਦੇ ਪੈਂਚ ਅਤੇ ਸਾਰੇ ਸਾਕ-ਅੰਗ ਜੁੜ ਬੈਠੇ, ਤਾਂ ਪੁਰੋਹਿਤ ਹਰਦਿਆਲ ਨੇ ਗੁਰੂ ਨਾਨਕ ਦੇਵ ਜੀ ਨੂੰ ਜਨੇਊ ਪਹਿਰਾਉਣ ਲਈ ਸ਼ਾਸਤਰਾਂ ਦੀ ਰਹੁ-ਰੀਤੀ ਅਰੰਭ ਕੀਤੀ। ਸਤਿਗੁਰੂ ਜੀ ਭੀ ਪੰਡਿਤ ਦੇ ਪਾਸ ਬੈਠੇ ਹੋਏ ਸਭ ਕੁਝ ਵੇਖਦੇ ਰਹੇ। ਜਦੋਂ ਗ੍ਰਿਹਿ-ਪੂਜਾ, ਦੇਵ-ਪੂਜਾ ਆਦਿਕ ਹੋ ਚੁੱਕੀਆਂ ਤਾਂ ਸਾਰੇ ਮੇਲ ਦੀਆਂ ਅੱਖਾਂ ਗੁਰੂ ਨਾਨਕ ਦੇਵ ਜੀ ਅਤੇ

---

੧. ਜਨਮ-ਪੱਤ੍ਰੀ ਉਹ ਕਾਗ਼ਜ਼ ਹੁੰਦਾ ਹੈ ਜਿਸ ਉੱਤੇ, ਕਿਸੇ ਦੇ ਜਨਮ ਸਮੇਂ ਦੇ ਦਿਨ, ਥਿਤ, ਸਾਲ, ਯੋਗ ਕਰਣ, ਨਛੱਤਰ, ਰਾਸ ਅਤੇ ਗ੍ਰਹਿਆਂ ਦੀ ਚੰਗੀ ਮੰਦੀ ਦਸ਼ਾ ਦਾ ਨਿਰਣਾ ਲਿਖਿਆ ਹੁੰਦਾ ਹੈ।

ਪੰਡਿਤ ਹਰਦਿਆਲ ਉੱਤੇ ਟਿੱਕ ਗਈਆਂ, ਜਨੇਊ ਪੈਂਦੇ ਸਾਰ ਸਭਨਾਂ ਨੇ ਬਾਬਾ ਕਾਲੂ ਅਤੇ ਮਾਤਾ ਤ੍ਰਿਪਤਾ ਜੀ ਨੂੰ ਵਧਾਈਆਂ ਦੇਣੀਆਂ ਸਨ। ਪੰਡਿਤ ਹਰਦਿਆਲ ਜਨੇਊ ਫੜ ਕੇ ਗੁਰੂ ਨਾਨਕ ਦੇਵ ਜੀ ਦੇ ਗਲ ਵਿਚ ਪਾਉਣ ਲੱਗਾ, ਪਰ ਭਰੀ ਸੱਥ ਵਿਚ ਉਨ੍ਹਾਂ ਨੇ ਪੰਡਿਤ ਜੀ ਦਾ ਹੱਥ ਰੋਕ ਦਿੱਤਾ, ਤੇ ਕਹਿਣ ਲਗੇ - ਪੰਡਿਤ ਜੀ! ਜਨੇਊ ਪਾਇਆਂ ਸਾਡੇ ਲੋਕਾਂ ਦਾ ਦੂਜਾ ਜਨਮ ਹੁੰਦਾ ਹੈ, ਜਿਸ ਨੂੰ ਤੁਸੀ ਆਤਮਕ ਜਨਮ ਆਖਦੇ ਹੋ, ਤਾਂ ਫਿਰ ਉਹ ਜਨੇਊ ਭੀ ਕਿਸੇ ਹੋਰ ਕਿਸਮ ਦਾ ਹੀ ਚਾਹੀਦਾ ਸੀ, ਜੋ ਆਤਮਾ ਲਈ ਫਬਵਾਂ ਹੁੰਦਾ। ਜਿਹੜਾ ਜਨੇਊ ਤੁਸੀ ਮੈਨੂੰ ਦੇ ਰਹੇ ਹੋ, ਇਹ ਤਾਂ ਕਪਾਹ ਦੇ ਧਾਗੇ ਦਾ ਹੈ। ਇਹ ਮੈਲਾ ਭੀ ਹੋ ਜਾਏਗਾ, ਇਹ ਟੁੱਟ ਭੀ ਜਾਏਗਾ, ਇਸ ਨੂੰ ਵਟਾਉਣ ਦੀ ਲੋੜ ਭੀ ਪਏਗੀ। ਜਦੋਂ ਅੰਤ ਵੇਲੇ ਆਤਮਾ ਤੇ ਸਰੀਰ ਦਾ ਸਦੀਵੀ ਵਿਛੋੜਾ ਹੋਵੇਗਾ, ਇਹ ਜਨੇਊ ਸਰੀਰ ਦੇ ਨਾਲ ਹੀ ਚਿਖਾ ਵਿਚ ਸੜ ਜਾਏਗਾ। ਫੇਰ ਇਹ ਜਨੇਊ ਆਤਮਕ ਜਨਮ ਲਈ ਕਿਵੇਂ ਹੋਇਆ ? ਗੱਲ ਬੜੀ ਸਾਦਾ ਸੀ, ਹਰੇਕ ਦੀ ਸਮਝ ਗੋਚਰੀ ਸੀ, ਪਰ ਅਜੇ ਤਕ ਬੜੇ ਬੜੇ ਸਿਆਣਿਆਂ ਨੂੰ ਭੀ ਕਦੇ ਅਹੁੜੀ ਨਹੀਂ ਸੀ। ਜੇ ਕਿਸੇ ਨੂੰ ਕਦੇ ਅਹੁੜੀ ਸੀ, ਤਾਂ ਹਿੰਮਤ ਨਹੀਂ ਸੀ ਪਈ ਕਿ ਸ਼ਾਸਤਰਾਂ ਦਾ ਟਾਕਰਾ ਕਰਦਾ।

ਦਸਾਂ ਸਾਲਾਂ ਦੇ ਬਾਲਕ ਨੇ ਸ਼ਾਸਤਰਾਂ ਦੇ ਅਧਿਕਾਰ ਨੂੰ ਵੰਗਾਰਿਆ। ਸਾਰੇ ਲੋਕ ਹੈਰਾਨ ਰਹਿ ਗਏ। ਪੰਡਿਤ ਨੇ ਬੜੇ ਮਿੱਠੇ ਬੋਲਾਂ ਨਾਲ ਗੁਰੂ ਨਾਨਕ ਦੇਵ ਜੀ ਨੂੰ ਪ੍ਰੇਰਨ ਦੇ ਯਤਨ ਕੀਤੇ। ਸਹੇ ਦੀ ਨਹੀਂ, ਉਸ ਨੂੰ ਤਾਂ ਪਹੇ ਦੀ ਪੈ ਗਈ ਸੀ। ਮਾਪਿਆਂ ਨੇ ਭੀ ਬੜੇ ਲਾਡ ਨਾਲ ਸਮਝਾਇਆ ਕਿ ਸ਼ਾਸਤਰਾਂ ਦੀ ਉਲੰਘਣਾ ਕਰਨਾ ਬੜਾ ਪਾਪ ਹੈ। ਪਿਆਰ ਭੀ ਕੀਤਾ ਗਿਆ, ਡਰਾਵੇ ਭੀ ਦਿੱਤੇ ਗਏ। ਪਰ ਗੁਰੂ ਨਾਨਕ ਦੇਵ ਜੀ ਆਪਣੇ ਇਰਾਦੇ ਉਤੇ ਦ੍ਰਿੜ ਰਹੇ। ਉਨ੍ਹਾਂ ਦਾ ਉੱਤਰ ਇਹੀ ਸੀ ਕਿ ਆਤਮਕ ਜਨਮ ਲਈ ਆਤਮਕ ਜਨੇਊ ਦੀ ਲੋੜ ਹੈ, ਜੇ ਪੰਡਿਤ ਜੀ ਦੇ ਪਾਸ ਉਹ ਜਨੇਊ ਮੌਜੂਦ ਹੈ ਤਾਂ ਬੇਸ਼ਕ ਦੇ ਦੇਣ, ਅਸੀ ਪਾ ਲੈਂਦੇ ਹਾਂ।

ਕਰਮ-ਕਾਂਡ ਦੇ ਸਦੀਆਂ ਦੇ ਬਣੇ ਪੱਕੇ ਭਰਮ-ਗੜ੍ਹ ਉਤੇ ਦਸਾਂ ਸਾਲਾਂ ਦੇ ਬਾਲਕ ਗੁਰੂ ਨਾਨਕ ਦੇਵ ਜੀ ਦੀ ਇਹ ਪਹਿਲੀ ਕਾਰੀ ਚੋਟ ਸੀ। ਜੀਵਨ-ਸੰਗ੍ਰਾਮ ਵਿਚ ਇਹ ਪਹਿਲੀ ਜਿੱਤ ਸੀ,ਜੋ ਬਾਲਕ-ਗੁਰੂ ਨੇ ਆਪਣੀ ਦ੍ਰਿੜ੍ਹਤਾ ਦੇ ਬਲ ਨਾਲ ਹਾਸਲ ਕੀਤੀ।



WWW.SIKHBOOKCLUB.COM 

## ਮਹੀਆਂ ਚਾਰਨੀਆਂ

ਰਾਇ ਬੁਲਾਰ ਦਸਾਂ ਪਿੰਡਾਂ ਦਾ ਮਾਲਕ ਸੀ। ਉਸ ਦੇ ਪਿਉ ਰਾਇ ਭੋਇ ਨੂੰ ਮੁਸਲਮਾਨ ਹੋ ਜਾਣ ਉੱਤੇ, ਹਕੂਮਤ ਵੱਲੋਂ ਇਹ ਜਗੀਰ ਮਿਲੀ ਸੀ। ਬਾਬਾ ਕਾਲੂ ਜੀ ਜਿਨ੍ਹਾਂ ਦਸਾਂ ਪਿੰਡਾਂ ਦੇ ਪਟਵਾਰੀ ਸਨ, ਰਾਇ ਬੁਲਾਰ ਨੇ ਕੁਝ ਜ਼ਮੀਨ ਦੀ ਮਾਲਕੀ ਭੀ ਇਨ੍ਹਾਂ ਨੂੰ ਦੇ ਦਿੱਤੀ ਸੀ। ਵਾਹੀ ਦਾ ਕੰਮ ਬਾਬਾ ਜੀ ਮੁਜ਼ਾਰਿਆਂ ਪਾਸੋਂ ਕਰਾਉਂਦੇ ਸਨ, ਪਰ ਕਿਉਂਕਿ ਸਰਕਾਰੀ ਕੰਮ ਵਿਚ ਇਨ੍ਹਾਂ ਨੂੰ ਸਦਾ ਬਾਹਰ ਦੀਆਂ ਜ਼ਮੀਨਾਂ ਨਾਲ ਹੀ ਵਾਹ ਪੈਂਦਾ ਸੀ, ਸੋ ਆਪਣੀ ਜ਼ਮੀਨ ਦੀ ਨਿਗਰਾਨੀ ਭੀ ਆਪ ਹੀ ਕਰ ਲਿਆ ਕਰਦੇ ਸਨ। ਜ਼ਮੀਨ ਇਨ੍ਹਾਂ ਦੀ, ਤਲਵੰਡੀ ਦੇ ਨੇੜੇ ਹੀ ਸੀ, ਜਿਸ ਕਰਕੇ ਗੁਰੂ ਨਾਨਕ ਦੇਵ ਜੀ ਭੀ ਛੋਟੀ ਉਮਰ ਤੋਂ ਹੀ ਆਪਣੇ ਖੇਤਾਂ ਵਿਚ ਫੇਰਾ-ਤੋਰਾ ਰੱਖਣ ਲੱਗ ਪਏ ਸਨ।

ਲੋਕ ਬਾਹਰ ਦੀਆਂ ਖੁੱਲ੍ਹੀਆਂ ਜ਼ਮੀਨਾਂ ਵਿਚ ਲਵੇਰਾ ਆਮ ਰਖਿਆ ਕਰਦੇ ਸਨ। ਸਾਰੀ ਦੀ ਸਾਰੀ ਜ਼ਮੀਨ ਨਾ ਕੋਈ ਵਾਂਹਦਾ ਸੀ, ਨਾ ਇਤਨੀ ਲੋੜ ਜਾਪਦੀ ਸੀ। ਮਾਲ-ਡੰਗਰ ਦੇ ਚਰਨ ਵਾਸਤੇ ਖੁੱਲ੍ਹੇ ਖਿੱਤੇ ਹੁੰਦੇ ਸਨ। ਅਨਾਜ ਨਾਲੋਂ ਲੋਕ ਥੋਹ, ਪੀਲੂ ਆਦਿਕ ਵਧੀਕ ਵਰਤਦੇ ਸਨ। ਦੁੱਧ ਵੱਲੋਂ ਬੇ-ਪਰਵਾਹੀ ਹੁੰਦੀ ਸੀ, ਪਰ ਜਿਤਨਾ ਕੁ ਫ਼ਸਲ ਲੋਕ ਬੀਜਦੇ ਸਨ, ਉਹ ਉਹਨਾਂ ਲਈ ਬੜਾ ਬਹੁ-ਮੁੱਲਾ ਹੁੰਦਾ ਸੀ।

ਬਾਬਾ ਕਾਲੂ ਜੀ ਨੇ ਭੀ ਕਾਫ਼ੀ ਮਾਲ-ਡੰਗਰ ਰਖਿਆ ਹੋਇਆ ਸੀ। ਕਾਮੇ ਨੌਕਰ ਪਸ਼ੂਆਂ ਨੂੰ ਛੇੜ ਕੇ ਜੂਹ ਵਿਚ ਲੈ ਜਾਇਆ ਕਰਦੇ ਸਨ। ਪਿੰਡ ਦੇ ਹੋਰ ਬਾਲਕਾਂ ਵਾਂਗ ਗੁਰੂ ਨਾਨਕ ਦੇਵ ਜੀ ਭੀ ਕਈ ਵਾਰੀ ਪੜ੍ਹਨੋਂ ਛੁੱਟੀ ਹੋਣ ਉੱਤੇ ਕਾਮਿਆਂ ਦੇ ਨਾਲ ਮਾਲ ਦੇ ਪਿੱਛੇ, ਚਲੇ ਜਾਂਦੇ ਸਨ। ਛੋਟੀ ਉਮਰ ਤੋਂ ਹੀ ਇਨ੍ਹਾਂ ਦੀ ਸੁਰਤ ਦਾ ਰੁਖ਼ ਕਰਤਾਰ ਦੀ ਯਾਦ ਵੱਲ ਸੀ, ਪਰ ਬਾਰ ਦੇ ਵਣ, ਕਰੀਰ, ਜੰਡ ਆਦਿਕ ਇਨ੍ਹਾਂ ਨੂੰ ਸਿਰਜਣਹਾਰ ਵੱਲ ਹੋਰ ਧੂਹ ਪਾਉਣ ਲੱਗ ਪਏ।

ਰਾਇ ਬੁਲਾਰ ਪਿੰਡਾਂ ਦਾ ਮਾਲਕ ਸੀ। ਉਸ ਦੇ ਘਰ ਅੰਨ-ਧਨ ਦੀ ਬੇ-ਪਰਵਾਹੀ ਸੀ। ਬਾਬਾ ਕਾਲੂ ਜੀ ਪਟਵਾਰੀ ਵੀ ਸਨ ਤੇ ਕੁਝ ਜ਼ਮੀਨ ਦੀ ਮਾਲਕੀ ਵਾਲੇ ਭੀ ਸਨ। ਇਨ੍ਹਾਂ ਦੇ ਘਰ ਵਿਚ ਭੀ ਕੋਈ ਥੁੜ ਨਹੀਂ ਸੀ, ਪਰ ਨਗਰ ਦੇ ਸਾਰੇ ਹੀ ਲੋਕ ਤਾਂ ਸੌਖੇ ਨਹੀਂ ਹੋ ਸਕਦੇ ਸਨ। ਕੰਮੀਆਂ-ਕਮੀਣਾਂ ਦਾ ਜੀਵਨ-ਪੱਧਰ ਬਹੁਤ ਨੀਵਾਂ ਹੋਇਆ ਕਰਦਾ ਸੀ। ਗ਼ਰੀਬਾਂ ਦੇ ਬੱਚੇ, ਆਮ

ਤੌਰ ਉੱਤੇ ਸਾਰਾ ਦਿਨ ਡੰਗਰ ਚਾਰਨ ਉੱਤੇ ਰਹਿੰਦੇ ਸਨ। ਛੋਟੀ ਉਮਰ ਤੋਂ ਹੀ ਰੌਸ਼ਨ-ਦਿਮਾਗ਼ ਗੁਰੂ ਨਾਨਕ ਦੇਵ ਜੀ ਨੇ ਗ਼ਰੀਬਾਂ ਦੀ ਗ਼ਰੀਬੀ ਬਹੁਤ ਨੇੜੇ ਹੋ ਕੇ ਵੇਖ ਲਈ, ਸੋ ਉਨ੍ਹਾਂ ਨਾਲ ਹਮਦਰਦੀ ਬਣਨੀ ਸਧਾਰਨ ਤੇ ਕੁਦਰਤੀ ਗੱਲ ਸੀ।

ਤਲਵੰਡੀ ਦੇ ਚੁਫੇਰੇ ਦੀ ਦਸਾਂ ਪਿੰਡਾਂ ਦੀ ਜ਼ਮੀਨ ਦਾ ਮਾਲਕ ਇਕੱਲਾ ਰਾਇ ਬੁਲਾਰ ਸੀ, ਬਾਕੀ ਲੋਕ ਮੁਜ਼ਾਰੇ ਹੀ ਸਨ। ਆਪਣੀ ਜ਼ਮੀਨ ਉਤੇ ਅਨੇਕਾਂ ਵਾਰੀ ਜਾਂਦੇ ਰਹਿਣ ਦੇ ਕਾਰਨ ਤੀਖਣ-ਬੁੱਧਿ ਗੁਰੂ ਨਾਨਕ ਦੇਵ ਜੀ ਨੇ ਗ਼ਰੀਬ ਮੁਜ਼ਾਰਿਆਂ ਦਾ ਰੋਜ਼ਾਨਾ ਜੀਵਨ ਚੰਗੀ ਤਰ੍ਹਾਂ ਵੇਖ-ਪਰਖ ਲਿਆ ਸੀ। ਸਵੇਰ ਤੋਂ ਸ਼ਾਮ ਤਕ ਉਨ੍ਹਾਂ ਨੇ ਮਿੱਟੀ ਦੇ ਨਾਲ ਮਿੱਟੀ ਹੋਏ ਰਹਿਣਾ, ਪਰ ਜਦੋਂ ਮਿਹਨਤ ਦਾ ਫਲ ਮਿਲਣ ਦਾ ਵੇਲਾ ਆਉਣਾ ਤਾਂ ਬਹੁਤੀ ਕਮਾਈ ਜ਼ਮੀਨ ਦੇ ਮਾਲਕ ਦੇ ਘਰ ਪਹੁੰਚ ਜਾਣੀ—ਇਸ ਵੰਡ ਦਾ ਅਸਰ ਭੀ ਬਾਲ-ਉਮਰੇ ਹੀ ਸਤਿਗੁਰੂ ਜੀ ਉੱਤੇ ਪੈਂਦਾ ਰਿਹਾ। ਕਿਸਾਨਾਂ ਦੀ ਹੱਡ-ਭੰਨ ਮਿਹਨਤ ਵਾਸਤੇ ਉਨ੍ਹਾਂ ਦੇ ਦਿਲ ਵਿਚ ਡੂੰਘੀ ਕਦਰ ਬਣ ਗਈ।

ਸਿੱਖ-ਇਤਿਹਾਸ ਅਨੁਸਾਰ ਗੁਰੂ ਨਾਨਕ ਦੇਵ ਜੀ ਦੀ ਉਮਰ ਦਸ ਬਾਰ੍ਹਾਂ ਸਾਲਾਂ ਦੀ ਸੀ, ਜਦੋਂ ਇਕ ਵਾਰੀ ਮਹੀਆਂ ਦਾ ਮਾਹੀ ਕਿਤੇ ਵਾਂਢੇ ਗਿਆ ਹੋਇਆ ਸੀ। ਮਹੀਆਂ ਪਿੱਛੇ ਜਾਣ ਦਾ ਤਜਰਬਾ ਸਤਿਗੁਰੂ ਜੀ ਨੂੰ ਹੋ ਹੀ ਚੁੱਕਾ ਸੀ। ਪਿਤਾ ਜੀ ਦੀ ਆਗਿਆ ਅਨੁਸਾਰ ਮਹੀਆਂ ਛੇੜ ਕੇ ਜੂਹ ਵਿਚ ਲੈ ਗਏ। ਮਹੀਆਂ ਚਾਰਨ ਤੇ ਖੂਹ ਵਾਹੁਣ ਦੀ ਹੱਡ-ਬੀਤੀ ਵਾਲੇ ਜਾਣਦੇ ਹਨ ਕਿ ਕਿਸ ਤਰ੍ਹਾਂ ਡੰਗਰਾਂ ਪਿੱਛੇ ਜਾ ਕੇ ਕਿਸੇ ਰੁੱਖ ਹੇਠ ਬੈਠਿਆਂ ਜਾਂ ਵਗਦੇ ਖੂਹ ਦੀ ਗਾਧੀ ਉੱਤੇ ਨੀਂਦ ਬਦੋ-ਬਦੀ ਆ ਦਬਾਉਂਦੀ ਹੈ। ਸਿਆਣੀ ਉਮਰ ਵਾਲਿਆਂ ਦੀ ਭੀ ਪੇਸ਼ ਨਹੀਂ ਜਾਂਦੀ। ਚਰਦੇ ਪਸ਼ੂ ਭੀ ਦਾਅ ਲੱਗਣ ਤੇ ਸੁੱਕੇ ਸੜੇ ਘਾਹ-ਬੂਟ ਤੋਂ ਹਰੇ ਖੇਤਾਂ ਵਲ ਖਿਸਕ ਤੁਰਦੇ ਹਨ। ਡਾਂਗਰੀ ਮੁੰਡੇ, ਆਮ ਤੌਰ ਉੱਤੇ, ਡੰਗਰਾਂ ਨੂੰ ਮੋੜਨ ਦੀਆਂ ਵਾਰੀਆਂ ਬੰਨ੍ਹ ਲੈਂਦੇ ਹਨ। ਸਾਖੀ ਅਨੁਸਾਰ ਇਉਂ ਜਾਪਦਾ ਹੈ ਕਿ ਉਸ ਦਿਨ ਗੁਰੂ ਨਾਨਕ ਦੇਵ ਜੀ ਇਕੱਲੇ ਹੀ ਮਹੀਆਂ ਚਾਰਦੇ ਰਹੇ। ਪਰ ਉਨ੍ਹਾਂ ਦੇ ਭਾਣੇ ਇਹ ਇਕੱਲ ਨਹੀਂ ਸੀ। ਕੁਦਰਤ ਵਿਚ ਵੱਸਦੇ ਕਾਦਰ ਨਾਲ ਸੁਰਤ ਜੋੜ ਲੈਣੀ—ਇਹ ਅਭਿਆਸ ਉਹ ਛੋਟੀ ਉਮਰ ਤੋਂ ਹੀ ਪਕਾ ਚੁੱਕੇ ਸਨ। ਰੁੱਖ ਦੀ ਠੰਢੀ ਛਾਂ ਹੇਠ ਬੈਠਿਆਂ ਕਿਤੇ ਅੱਖ ਲੱਗ ਗਈ ਹੋਵੇਗੀ। ਇਤਨੇ ਵਿਚ ਹੀ ਮਹੀਆਂ ਰਵਾਂ-ਰਵੀਂ ਕਿਸੇ ਕਿਸਾਨ ਦੀ ਪੈਲੀ ਨੂੰ ਜਾ ਪਈਆਂ।

ਫ਼ਸਲ-ਧੰਨਾ ਵੇਖਣ ਆਏ ਕਿਸਾਨ ਨੇ ਦੂਰੋਂ ਮਹੀਆਂ ਪੈਲੀ ਵਿਚ ਵੜਦੀਆਂ ਵੇਖ ਲਈਆਂ। ਉਸ ਦੇ ਕਾਲਜੇ ਵਿਚ, ਮਾਨੋ ਛੁਰੀ ਚੱਲ ਗਈ। ਘਬਰਾਹਟ ਤੇ ਕ੍ਰੋਧ ਵਿਚ ਬੋਲਦਾ-ਬਕਦਾ ਵਾਹੋ ਦਾਹੀ ਭੱਜਾ ਆਇਆ। ਇਹ ਰੌਲਾ ਸੁਣ ਕੇ ਗੁਰੂ ਨਾਨਕ ਦੇਵ ਜੀ ਦੀ ਅੱਖ ਖੁਲ੍ਹ ਗਈ। ਦੌੜ ਕੇ ਮਹੀਆਂ ਪੈਲੀ ਵਿਚੋਂ ਕੱਢੀਆਂ, ਪਰ ਗ਼ਰੀਬ ਕਿਸਾਨ ਦਾ ਰੌਲਾ ਸੁਣ ਕੇ ਦਿਲ ਵਿਚ ਬੜੀ ਚੋਭ ਲੱਗੀ। ਗ਼ਰੀਬਾਂ ਦਾ ਦੁੱਖ ਵੰਡਾਉਣ ਵਾਲਾ ਅਤੇ ਉਨ੍ਹਾਂ ਦੀ ਮਿਹਨਤ ਦੀ ਕਦਰ ਜਾਣਨ ਵਾਲਾ ਦਿਲ ਪਿਆਰ ਹਮਦਰਦੀ ਨਾਲ ਭਰ ਆਇਆ। ਕਿਸਾਨ ਨੇ ਨੇੜੇ ਆ ਕੇ ਮਹੀਆਂ ਦੇ ਛੇੜੂ ਗੁਰੂ ਨਾਨਕ ਦੇਵ ਜੀ ਨੂੰ ਵੇਖਿਆ। ਇਕ ਉਹ ਪਟਵਾਰੀ ਦੇ ਪੁੱਤਰ, ਦੂਜੇ ਉਹਨਾਂ ਦੀ ਉੱਚਤਾ ਦੀ ਚਰਚਾ ਘਰ ਘਰ ਵਿਚ। ਕਿਸਾਨ ਠਠੰਬਰ ਗਿਆ। ਬੋਲਣਾ-ਬਕਣਾ ਤਾਂ ਛੱਡ ਦਿੱਤਾ, ਪਰ ਮਹੀਆਂ ਪੈਲੀ ਵਿਚ ਵੇਖ ਕੇ ਕ੍ਰੋਧ ਦੇ ਕਾਰਨ ਉਸ ਦੇ ਅੰਦਰ ਹਾਹੀਂ ਬਲ ਰਹੀਆਂ ਸਨ। ਗੁਰੂ ਨਾਨਕ ਦੇਵ ਜੀ ਨੂੰ ਲੈ ਕੇ ਰਾਇ ਬੁਲਾਰ ਵਲ ਚੱਲ ਪਿਆ। ਨਾਲੇ ਹੀ ਮਹੀਆਂ ਹਿੱਕ ਲਈਆਂ। ਤੁਰਦੀ ਵਾਰੀ ਬਾਲ-ਸਿੱਧ ਗੁਰੂ ਨੇ ਪਿਆਰ-ਭਰੀ ਨਿਗਾਹ ਨਾਲ ਉਸ ਦੇ ਫ਼ਸਲ ਵੱਲ ਤੱਕਿਆ। ਕਿਸਾਨ ਦਾ ਬੇੜਾ ਪਾਰ ਹੋ ਗਿਆ, ਪਰ ਉਸ ਦੀਆਂ ਕ੍ਰੋਧ ਤੇ ਹਸਰਤ-ਭਰੀਆਂ ਅੱਖਾਂ ਅਜੇ ਦੇਖਣ ਦੇ ਸਮਰੱਥ ਨਹੀਂ ਸਨ।

SIKHBOOKCLUB.COM

ਕਿਸਾਨ ਗੁਰੂ ਨਾਨਕ ਦੇਵ ਜੀ ਨੂੰ ਲੈ ਕੇ ਰਾਇ ਬੁਲਾਰ ਪਾਸ ਪਹੁੰਚਿਆ। ਉਸ ਨੇ ਤਪੇ ਦਿਲ ਨਾਲ ਆਪਣੀ ਸਾਰੀ ਵਿੱਥਿਆ ਦੱਸੀ। ਨਗਰ ਦੇ ਕਈ ਨਰ-ਨਾਰ ਵੀ ਆ ਇਕੱਠੇ ਹੋਏ। ਗੁਰੂ ਨਾਨਕ ਦੇਵ ਜੀ ਨੇ ਬੜੇ ਠਰ੍ਹੰਮੇ ਨਾਲ ਉੱਤਰ ਦਿੱਤਾ ਕਿ ਸਾਰੇ ਜਗਤ ਦੀ ਸਾਰ ਰੱਖਣ ਵਾਲੇ ਕਾਦਰ ਦੀ ਮਿਹਰ ਨਾਲ ਕਿਸਾਨ ਦਾ ਖੇਤ ਹਰਿਆ ਭਰਿਆ ਹੀ ਹੈ। ਮਾਲਕ ਦੇ ਘਰ ਕੋਈ ਘਾਟ ਨਹੀਂ ਹੈ, ਉਸ ਦੇ ਦਰ ਤੋਂ ਸਭ ਕੁਝ ਮਿਲ ਜਾਂਦਾ ਹੈ। ਰਾਇ ਬੁਲਾਰ ਨੇ ਇਕ ਦੋ ਬੰਦੇ ਕਿਸਾਨ ਦੇ ਨਾਲ ਭੇਜੇ, ਜੋ ਜਾ ਕੇ ਵੇਖ ਆਏ। ਸੱਚ-ਮੁੱਚ ਖੇਤ ਵਿਚ ਕਿਤੇ ਕੋਈ ਉਜਾੜਾ ਨਹੀਂ ਦਿੱਸਦਾ ਸੀ।

ਇਹ ਕੋਈ ਸਧਾਰਨ ਜਿਹੀ ਗੱਲ ਨਹੀਂ ਸੀ। ਪਲਾਂ ਵਿਚ ਹੀ ਸਾਰੇ ਨਗਰ ਵਿਚ ਖ਼ਬਰ ਖਿੱਲਰ ਗਈ। ਬਾਰ੍ਹਾਂ ਸਾਲ ਦੀ ਉਮਰ ਤੇ ਅੱਪੜ ਰਹੇ ਗੁਰੂ ਨਾਨਕ ਨੇ ਅੱਜ ਆਪਣੇ ਨਗਰ-ਵਾਸੀਆਂ ਨੂੰ ਇਹ ਤੀਜਾ ਚਮਤਕਾਰ ਵਿਖਾਇਆ ਕਿ ਖ਼ਾਲਿਕ ਦੀ ਬੰਦਗੀ ਤੇ ਖ਼ਲਕਤ ਨਾਲ ਪਿਆਰ, ਸਭ ਤੋਂ ਉੱਚੀ ਕਰਾਮਾਤ ਹੈ, ਦੁਨੀਆ ਦੀਆਂ ਰਿੱਧੀਆਂ-ਸਿੱਧੀਆਂ ਇਸ ਦੇ ਪੈਰ ਪਈਆਂ ਚੁੰਮਦੀਆਂ ਹਨ।

## ਕੁੜਮਾਈ ਅਤੇ ਵਿਆਹ

ਗੁਰੂ ਨਾਨਕ ਦੇਵ ਜੀ ਦੀ ਕੁੜਮਾਈ ਵੈਸਾਖ ਵਦੀ ੧, ਸੰਮਤ ੧੫੪੨ ਨੂੰ ਹੋਈ। ਸੂਰਜ ਦੇ ਹਿਸਾਬ ਵੈਸਾਖ ਦੀ ੫ ਤਰੀਕ ਸੀ। ਉਸ ਵੇਲੇ ਉਨ੍ਹਾਂ ਦੀ ਉਮਰ ੧੬ ਸਾਲਾਂ ਦੀ ਸੀ। ਨਗਰ ਬਟਾਲੇ ਦੇ ਰਹਿਣ ਵਾਲੇ ਮੂਲ ਚੰਦ ਜੀ ਨੇ ਆਪਣੀ ਲੜਕੀ ਸੁਲੱਖਣੀ ਜੀ ਦਾ ਸਾਕ ਦਿੱਤਾ। ਇਹ ਸਾਕ ਗੁਰੂ ਨਾਨਕ ਦੇਵ ਜੀ ਦੇ ਭਣਵਈਏ ਭਾਈ ਜੈ ਰਾਮ ਜੀ ਦੀ ਰਾਹੀਂ ਹੋਇਆ ਸੀ। ਬਾਬਾ ਮੂਲ ਚੰਦ ਜੀ ਪਿੰਡ ਪੱਖੋਕੇ ਰੰਧਾਵੇ ਦੇ ਪਟਵਾਰੀ ਸਨ। ਪੱਖੋਕੇ ਜਿਲਾ ਗੁਰਦਾਸਪੁਰ ਵਿਚ, ਰਾਵੀ ਤੋਂ ਪਾਰਲੇ ਪਾਸੇ (ਹੁਣ ਪਾਕਿਸਤਾਨ ਵਿਚ), ਡੇਹਰਾ ਬਾਬਾ ਨਾਨਕ ਤੋਂ ਪੰਜ ਮੀਲ ਦੀ ਵਿੱਥ ਉੱਤੇ ਹੈ।

ਭਾਈ ਜੈ ਰਾਮ ਜੀ, ਖ਼ਾਨਪੁਰ ਦੇ ਰਹਿਣ ਵਾਲੇ ਉੱਪਲ ਖੱਤਰੀ ਸਨ, ਅਤੇ ਨਵਾਬ ਦੌਲਤ ਖ਼ਾਨ ਲੋਧੀ ਪਾਸ ਮਾਲ ਦੇ ਮਹਿਕਮੇ ਵਿਚ ਆਮਿਲ ਸਨ। ਬਾਬਾ ਕਾਲੂ ਜੀ ਤਲਵੰਡੀ ਦੇ ਪਟਵਾਰੀ ਸਨ। ਕਈ ਵਾਰੀ ਭਾਈ ਜੈ ਰਾਮ ਜੀ ਨੂੰ ਆਪਣੇ ਮਹਿਕਮੇ ਦੇ ਕੰਮ ਤਲਵੰਡੀ ਜਾਣਾ ਪੈਂਦਾ ਸੀ। ਇੱਕੋ ਮਹਿਕਮੇ ਦੇ ਹੋਣ ਕਰਕੇ ਦੋਹਾਂ ਦੀ ਸਾਂਝ ਬਣਦੀ ਗਈ ਤੇ ਆਖ਼ਰ ਬਾਬਾ ਕਾਲੂ ਜੀ ਨੇ ਆਪਣੀ ਲੜਕੀ ਬੀਬੀ ਨਾਨਕੀ ਦੀ ਸ਼ਾਦੀ ਉਨ੍ਹਾਂ ਨਾਲ ਕਰ ਦਿੱਤੀ।

ਭਾਈ ਜੈ ਰਾਮ ਜੀ ਨੂੰ ਬਟਾਲੇ ਵਲ ਵੀ ਜਾਣਾ ਪੈਂਦਾ ਸੀ। ਬਾਬਾ ਮੂਲ ਚੰਦ ਜੀ ਨਾਲ ਸਾਂਝ ਬਣਨ ਉੱਤੇ ਉਨ੍ਹਾਂ ਨੇ ਗੁਰੂ ਨਾਨਕ ਦੇਵ ਜੀ ਲਈ ਸਾਕ ਦਾ ਪਰਬੰਧ ਕਰ ਦਿੱਤਾ।

ਗੁਰੂ ਨਾਨਕ ਦੇਵ ਜੀ ਦਾ ਵਿਆਹ ੨੪ ਜੇਠ ੧੫੪੪ ਨੂੰ ਹੋਇਆ। ਸੰਨ ੧੪੮੭, ਮਈ ਦੀ ਤਕਰੀਬਨ ੨੧ ਤਰੀਕ। ਉਸ ਵੇਲੇ ਉਨ੍ਹਾਂ ਦੀ ਉਮਰ ੧੮ ਸਾਲਾਂ ਦੀ ਹੋ ਚੁੱਕੀ ਸੀ। ਜੰਞ ਬਟਾਲੇ ਗਈ ਸੀ। ਬਟਾਲਾ, ਅੰਮ੍ਰਿਤਸਰੋਂ ਪਠਾਨਕੋਟ ਨੂੰ ਜਾਣ ਵਾਲੀ ਰੇਲਵੇ ਲਾਈਨ ਉੱਤੇ ਪਰਸਿੱਧ ਸਟੇਸ਼ਨ ਹੈ। ਜਿੱਥੇ ਜੰਞ ਨੇ ਡੇਰਾ ਕੀਤਾ ਸੀ, ਉੱਥੇ ਅਜੇ ਭੀ ਉਸ ਵੇਲੇ ਦੀ ਕੱਚੀ ਕੰਧ ਦਾ ਨਮੂਨਾ ਸੰਭਾਲਿਆ ਹੋਇਆ ਹੈ। ਉਥੇ ਹਰ ਸਾਲ ਭਾਦਰੋਂ ਸੁਦੀ ੭ ਨੂੰ ਮੇਲਾ ਲੱਗਦਾ ਹੈ।

## ਭਾਈ ਮਰਦਾਨਾ

ਭਾਈ ਮਰਦਾਨਾ, ਚੌਂਭੜ ਜਾਤ ਦੇ ਮਿਰਾਸੀ ਮੀਰ ਬਾਦਰੇ ਦਾ ਪੁੱਤਰ ਸੀ। ਇਸ ਦਾ ਜਨਮ ਤਲਵੰਡੀ ਵਿਚ ਫੱਗਣ, ਸੰਮਤ ੧੫੧੬ ਨੂੰ ਹੋਇਆ।



WWW.SIKHBOOKCLUB.COM 

ਗੁਰੂ ਨਾਨਕ ਦੇਵ ਜੀ ਨਾਲੋਂ ਉਮਰੋਂ ਇਹ ੯ ਸਾਲ ੨ ਮਹੀਨੇ ਵੱਡਾ ਸੀ। ਮਰਦਾਨੇ ਨੂੰ ਰਾਗ ਦਾ ਬੜਾ ਸ਼ੌਕ ਸੀ। ਮਿਰਾਸੀਆਂ ਦਿਆਂ ਬੱਚਿਆਂ ਨੂੰ ਰਾਗ ਦੀ ਹੀ ਗੁੜ੍ਹਤੀ ਮਿਲਦੀ ਹੈ। ਇਸ ਦਾ ਪਿਆਰਾ ਤੰਤੀ-ਸਾਜ਼ ਰਬਾਬ ਸੀ। ਰਾਗ ਦੀ ਬਰਕਤ ਕਰਕੇ ਹੀ ਮਰਦਾਨੇ ਨੂੰ ਗੁਰੂ ਨਾਨਕ ਦੇਵ ਜੀ ਦੀ ਸੰਗਤ ਦਾ ਸੁਭਾਗ ਮਿਲਿਆ। ਇਸ ਦਾ ਨਾਮ ਸਤਿਗੁਰੂ ਜੀ ਦੇ ਨਾਮ ਨਾਲ ਅਟੁੱਟ ਤੌਰ ਉੱਤੇ ਜੁੜਿਆ ਹੋਇਆ ਹੈ।

ਸਿੱਖ-ਇਤਿਹਾਸ ਨੇ ਉੱਘੜ ਕੇ ਇਹ ਨਹੀਂ ਦੱਸਿਆ ਕਿ ਮਰਦਾਨੇ ਦਾ ਸਾਥ ਗੁਰੂ ਨਾਨਕ ਦੇਵ ਜੀ ਨਾਲ ਕਦੋਂ ਤੋਂ ਸ਼ੁਰੂ ਹੋਇਆ, ਪਰ ਪਿੰਡਾਂ ਦੇ ਜੀਵਨ ਨੂੰ ਜਾਣਨ ਵਾਲੇ ਇਹ ਅੰਦਾਜ਼ਾ ਲਾਏ ਬਿਨਾ ਨਹੀਂ ਰਹਿ ਸਕਦੇ ਕਿ ਇਹ ਸਾਥ ਛੋਟੀ ਉਮਰ ਤੋਂ ਹੀ ਬਣ ਗਿਆ ਹੋਵੇਗਾ। ਗੁਰੂ ਨਾਨਕ ਦੇਵ ਜੀ ਦੇ ਪਿਤਾ, ਰਾਇ ਬੁਲਾਰ ਦੇ ਦਸਾਂ ਪਿੰਡਾਂ ਦੇ ਪਟਵਾਰੀ ਸਨ, ਇਸ ਲਈ ਮਰਦਾਨੇ ਦੇ ਪਿਤਾ ਬਾਦਰੇ ਦਾ, ਬਾਬਾ ਕਾਲੂ ਜੀ ਪਾਸ ਨਿੱਤ ਆਉਂਦੇ ਜਾਂਦੇ ਰਹਿਣਾ, ਕੁਦਰਤੀ ਗੱਲ ਸੀ। ਇਸ ਘਰੋਂ ਉਸ ਦੀਆਂ ਸੈਂਕੜੇ ਲੋੜਾਂ ਪੂਰੀਆਂ ਹੋਣ ਦੀ ਸੰਭਾਵਨਾ ਸੀ। ਪਿਓ ਦੇ ਸਬੱਬ ਮਰਦਾਨੇ ਦਾ ਪੰਝਕ ਭੀ ਪੈ ਗਿਆ। ਬਾਬਾ ਕਾਲੂ ਜੀ ਦੀ ਆਪਣੀ ਭੁਇ ਦੀ ਮਾਲਕੀ ਸੀ। ਮਿਰਾਸੀ ਦੀ ਆਜੀਵਕਾ ਹੀ ਇਸੇ ਗੱਲ ਵਿਚ ਹੁੰਦੀ ਸੀ ਕਿ ਉਹ ਹਰੇਕ ਕਿਸਾਨ ਜਾਂ ਮਾਲਕ ਦੇ ਵੱਟ-ਬੰਨੇ ਉੱਤੇ ਜਾ ਕੇ ਸਦਾ 'ਪੀਰਾਂ ਦੀ ਰੱਖ, ਅੱਲਾ ਦੀ ਰੱਖ' ਆਖਦਾ ਰਹੇ। ਇਹੀ ਕਿੱਤਾ ਬਾਦਰੇ ਦਾ ਹੋ ਸਕਦਾ ਸੀ, ਤੇ ਬਾਦਰੇ ਦੇ ਨਾਲ ਉਸ ਦੇ ਪੁੱਤਰ ਮਰਦਾਨੇ ਦਾ। ਪਰ ਉਸ ਦੇ ਗੁਣ ਦੀ ਕਦਰ ਕਰਨ ਵਾਲੇ ਗੁਰੂ ਨਾਨਕ ਦੇਵ ਜੀ ਨੇ ਉਸ ਨੂੰ ਆਪਣਾ ਬਣਾ ਲਿਆ। ਗੁਰੂ ਨਾਨਕ ਦੇਵ ਜੀ ਦੀ ਉਮਰ ਵਿਆਹ ਵੇਲੇ ੧੮ ਸਾਲ ਦੀ ਸੀ, ਮਰਦਾਨਾ ਉਸ ਵੇਲੇ ਸਵਾ ਸਤਾਈਆਂ ਸਾਲਾਂ ਦਾ ਸੀ। ਰਾਗ ਦੀ ਬਹੁਤੀ ਵਰਤੋਂ ਵਿਆਹਾਂ ਸਮੇ ਹੀ ਹੁੰਦੀ ਹੈ। ਮਿਰਾਸੀ ਨੇ ਉਥੇ ਭੀ ਜੰਞੇ ਜਾਣਾ ਹੀ ਸੀ। ਸੋ, ਇਹ ਆਖਣਾ ਅਸਲੀਅਤ ਤੋਂ ਦੂਰ ਨਹੀਂ ਹੋਵੇਗਾ ਕਿ ਜੇਠ, ਸੰਮਤ ੧੫੪੪ (ਮਈ, ਸੰਨ ੧੪੮੭) ਤੋਂ ਗੁਰੂ ਨਾਨਕ ਦੇਵ ਜੀ ਅਤੇ ਮਰਦਾਨੇ ਦੀ ਡੂੰਘੀ ਸਾਂਝ ਬਣ ਗਈ। ਰਾਗ ਦੇ ਕਦਰ-ਸ਼ਨਾਸ ਸਤਿਗੁਰੂ ਜੀ ਦੀ ਸੰਗਤ ਵਿਚ ਰਹਿ ਕੇ ਮਰਦਾਨਾ ਇਸ ਗੁਣ ਵਿਚ ਦਿਨੋ ਦਿਨ ਵਧੀਕ ਤਾਕ ਹੁੰਦਾ ਗਿਆ।

ਗੁਰੂ ਨਾਨਕ ਦੇਵ ਜੀ ਦਾ ਜੀਵਨ ਓਪਰੀ ਨਜ਼ਰੇ ਪੜ੍ਹਨ ਨਾਲ ਭੀ ਇਹ ਦਿੱਸ ਪੈਂਦਾ ਹੈ ਕਿ ਭਾਈ ਮਰਦਾਨੇ ਤੋਂ ਛੁੱਟ ਕਿਸੇ ਭੀ ਹੋਰ ਮਨੁੱਖ ਨੂੰ

ਇਤਨੇ ਲੰਮੇ ਸਮੇ ਲਈ ਸਤਿਗੁਰੂ ਜੀ ਦੇ ਨਾਲ ਰਹਿਣ ਦਾ ਸੁਭਾਗ ਨਸੀਬ ਨਹੀਂ ਹੋਇਆ। ਭਾਈ ਮਰਦਾਨੇ ਦਾ ਦੇਹਾਂਤ ੧੩ ਮੱਘਰ ਸੰਮਤ ੧੫੯੧ ਨੂੰ ਹੋਇਆ ਸੀ। ਉਸ ਵੇਲੇ ਭੀ ਗੁਰੂ ਨਾਨਕ ਦੇਵ ਜੀ ਉਸ ਦੇ ਪਾਸ ਮੌਜੂਦ ਸਨ। ਕਰਤਾਰਪੁਰ ਵਿਚ ਸਤਿਗੁਰੂ ਜੀ ਦੇ ਆਪਣੇ ਜੋਤੀ ਜੋਤਿ ਸਮਾਣ ਤੋਂ ਪੰਜ ਸਾਲ ਪਹਿਲਾਂ ਤਕ, ਤਕਰੀਬਨ ੪੭ ਸਾਲ, ਭਾਈ ਮਰਦਾਨਾ ਗੁਰੂ ਨਾਨਕ ਦੇਵ ਜੀ ਦਾ ਸਾਥੀ ਰਿਹਾ।

ਕੀਰਤਨ ਦੀ ਖ਼ਾਤਰ ਹੀ ਭਾਈ ਮਰਦਾਨੇ ਦੀ ਸਤਿਗੁਰੂ ਜੀ ਨਾਲ ਸਾਂਝ ਬਣੀ ਸੀ। ਘੱਟ ਤੋਂ ਘੱਟ ੪੭ ਸਾਲ ਮਰਦਾਨੇ ਨੇ ਗੁਰੂ ਨਾਨਕ ਦੇਵ ਜੀ ਦੀ ਬਾਣੀ ਹਰ ਰੋਜ਼ ਸੁਣੀ ਤੇ ਗਾਈ। ਇਹ ਬੜੀ ਸਧਾਰਨ ਗੱਲ ਸੀ ਕਿ ਮਰਦਾਨਾ ਤਨੋਂ ਮਨੋਂ ਸਤਿਗੁਰੂ ਜੀ ਦਾ ਸ਼ਰਧਾਲੂ ਬਣ ਜਾਂਦਾ। ਇਹੀ ਕਾਰਨ ਹੈ ਕਿ ਸਿੱਖ ਪੰਥ ਵਿਚ ਉਸ ਨੂੰ 'ਭਾਈ' ਦੀ ਪਦਵੀ ਮਿਲੀ ਆ ਰਹੀ ਹੈ। ਰਬਾਬ ਵਜਾਉਣ ਕਰਕੇ ਮਰਦਾਨਾ 'ਰਬਾਬੀ' ਅਖਵਾਇਆ। ਉਸ ਤੋਂ ਪਿਛੋਂ ਉਸ ਦੀ ਕੁਲ ਦੇ ਲੋਕ, ਜੋ ਗੁਰੂ-ਘਰ ਵਿਚ ਕੀਰਤਨ ਕਰਦੇ ਰਹੇ, 'ਰਬਾਬੀ' ਹੀ ਅਖਵਾਉਂਦੇ ਰਹੇ।

ਭਾਈ ਮਰਦਾਨੇ ਦੀ ਕੁਲ ਉਮਰ ਪੌਣੇ ਪੰਝੱਤਰ ਸਾਲਾਂ ਦੀ ਸੀ। ਗੁਰੂ ਗ੍ਰੰਥ ਸਾਹਿਬ ਵਿਚ ਵਰਤੇ ਰਾਗਾਂ ਵਲ ਧਿਆਨ ਕੀਤਿਆਂ ਸਪੱਸ਼ਟ ਹੁੰਦਾ ਹੈ ਕਿ ੩੧ ਰਾਗਾਂ ਵਿਚੋਂ ਸਤਿਗੁਰੂ ਨਾਨਕ ਦੇਵ ਜੀ ਨੇ ੧੯ ਵਰਤੇ ਹਨ, ਭਾਵ, ਸਤਿਗੁਰੂ ਜੀ ੧੯ ਰਾਗ ਗਾਇਆ ਕਰਦੇ ਸਨ। ਇਹ ਕਹਿਣਾ ਅਸਲੀਅਤ ਤੋਂ ਦੂਰ ਨਹੀਂ ਹੋ ਸਕਦਾ ਕਿ ੪੭ ਸਾਲਾਂ ਦੀ ਸੰਗਤ ਦਾ ਸਦਕਾ, ਭਾਈ ਮਰਦਾਨਾ ਉਨ੍ਹਾਂ ੧੯ ਰਾਗਾਂ ਨੂੰ ਗਾਉਣ ਤੇ ਰਬਾਬ ਉੱਤੇ ਵਜਾਉਣ ਵਿਚ ਉੱਚ-ਕੋਟੀ ਦਾ ਕਲਾਕਾਰ ਹੋ ਚੁਕਿਆ ਸੀ। ਉਹ ੧੯ ਰਾਗ ਇਹ ਹਨ--

੧. ਆਸਾ, ੨. ਭੈਰਉ, ੩. ਪ੍ਰਭਾਤੀ, ੪. ਸੂਹੀ, ੫. ਬਿਲਾਵਲੁ, ੬. ਰਾਮਕਲੀ, ੭. ਤੁਖਾਰੀ, ੮. ਗੂਜਰੀ, ੯. ਸਾਰੰਗ, ੧੦. ਸਿਰੀ ਰਾਗੁ, ੧੧. ਗਉੜੀ, ੧੨. ਧਨਾਸਰੀ, ੧੩. ਤਿਲੰਗ, ੧੪. ਮਾਰੂ, ੧੫. ਵਡਹੰਸੁ, ੧੬. ਸੋਰਠਿ, ੧੭. ਮਲਾਰ, ੧੮. ਬਸੰਤੁ, ੧੯. ਕਾਨੜਾ।

**ਵਿਹਾਰ-ਕਾਰ**

ਗੁਰੂ ਨਾਨਕ ਦੇਵ ਜੀ ਦੀ ਬਾਲਕ-ਉਮਰ ਬਾਰੇ ਸਿੱਖ-ਇਤਿਹਾਸ ਵਿਚ



WWW.SIKHBOOKCLUB.COM 

ਸਿਰਫ਼ ਦੋ ਤਿੰਨ ਹੀ ਸਾਖੀਆਂ ਦਾ ਜ਼ਿਕਰ ਹੈ, ਜਿਨ੍ਹਾਂ ਤੋਂ ਇਹ ਪਤਾ ਮਿਲਦਾ ਹੈ ਕਿ ਲੋੜ ਅਨੁਸਾਰ ਉਹ ਮਹੀਆਂ ਚਾਰਨ ਜਾਂ ਫ਼ਸਲ-ਬੰਨੇ ਦੀ ਰਾਖੀ ਲਈ ਜਾਂਦੇ ਹੁੰਦੇ ਸਨ। ਅਸਲ ਵਿਚ ਸਾਡੇ ਤਕ ਸਿਰਫ਼ ਉਹ ਸਾਖੀਆਂ ਹੀ ਪਹੁੰਚੀਆਂ ਹਨ, ਜੋ ਕਿਸੇ ਉਚੇਚੀ ਘਟਨਾ ਦਾ ਬਿਆਨ ਕਰਦੀਆਂ ਹਨ। ਇਹ ਅਨੁਮਾਨ ਗ਼ਲਤ ਨਹੀਂ ਹੋਵੇਗਾ ਕਿ ਕਾਮਿਆਂ ਦੇ ਹੁੰਦਿਆਂ ਭੀ, ਪਾਂਧੇ ਤੇ ਮੌਲਵੀ ਤੋਂ ਵਿਹਲ ਲੱਗਣ ਉਤੇ, ਉਹ ਆਪਣੇ ਖੇਤਾਂ ਵੱਲ ਵੀ ਫੇਰਾ-ਫੇਰੀ ਰੱਖਦੇ ਸਨ।

ਸਾਊ ਲੋਕਾਂ ਵਾਸਤੇ ਆਜੀਵਕਾ ਦੇ ਚਾਰ ਕਿੱਤੇ ਹੀ ਮੰਨੇ-ਪਰਮੰਨੇ ਚਲੇ ਆ ਰਹੇ ਹਨ—ਵਾਹੀ, ਹੱਟੀ, ਵਪਾਰ ਅਤੇ ਨੌਕਰੀ। ਗੁਰੂ ਨਾਨਕ ਦੇਵ ਜੀ ਨੇ ਇਨ੍ਹਾਂ ਚਹੁੰਆਂ ਦਾ ਜ਼ਿਕਰ ਭੀ ਕੀਤਾ ਹੈ। ਵਪਾਰ ਵਾਸਤੇ ਹੱਟੀ ਦਾ ਤਜਰਬਾ ਹੋਣਾ ਜ਼ਰੂਰੀ ਹੈ, ਜਾਂ ਘਰ ਵਿਚੋਂ ਪਹਿਲਾਂ ਹੀ ਕੋਈ ਧਿਰ ਵਪਾਰ ਕਰਦਾ ਹੋਵੇ, ਜਿਸ ਦੇ ਨਾਲ ਸਿੱਧਾ ਹੀ ਵਪਾਰ ਨੂੰ ਹੱਥ ਪੈ ਸਕੇ। ਬਾਬਾ ਕਾਲੂ ਜੀ ਦਾ ਕਿੱਤਾ ਮੁਲਾਜ਼ਮਤ ਸੀ। ਗੁਰੂ ਨਾਨਕ ਦੇਵ ਜੀ ਦੇ ਵਪਾਰ ਬਾਰੇ ਸਿੱਖ-ਇਤਿਹਾਸ ਨੇ ਸਿਰਫ ਇਕੋ ਸਾਖੀ ਦੱਸੀ ਹੈ, ਜਦੋਂ ਉਹ ਆਪਣੀ ਸਾਰੀ ਹੀ ਰਕਮ ਲੋੜਵੰਦਾਂ ਦੇ ਅੰਨ ਲਈ ਖ਼ਰਚ ਆਏ ਸਨ। ਉਸ ਵੇਲੇ ਉਨ੍ਹਾਂ ਦੀ ਉਮਰ ੩੪ ਸਾਲਾਂ ਦੀ ਸੀ। ਮਹੀਆਂ ਚਾਰਨ ਅਤੇ ਫ਼ਸਲ-ਬੰਨੇ ਦੀ ਰਾਖੀ ਦੀਆਂ ਸਾਖੀਆਂ ਵਾਂਗ, ਵਪਾਰ ਦੀ ਇਹ ਸਾਖੀ ਭੀ ਉਚੇਚੀ ਘਟਨਾ ਦੀ ਖ਼ਾਤਰ ਹੀ ਹੈ। ਪਰ ਇਹ ਸਾਖੀ ਬੰਦਸ਼ ਨਹੀਂ ਲਾਉਂਦੀ ਕਿ ਸਤਿਗੁਰੂ ਜੀ ਸਿਰਫ ਇੱਕੋ ਵਾਰੀ ਹੀ ਵਪਾਰ ਕਰਨ ਗਏ ਸਨ।

ਬਾਬਾ ਕਾਲੂ ਜੀ ਲਈ ਦਸਾਂ ਪਿੰਡਾਂ ਦੀ ਪਟਵਾਰ ਦਾ ਰੁਝੇਵਾਂ ਖ਼ਾਸਾ ਕਾਫ਼ੀ ਸੀ। ਗੁਰੂ ਨਾਨਕ ਦੇਵ ਜੀ ਜਿਉਂ ਜਿਉਂ ਉਮਰੋਂ ਸਿਆਣੇ ਹੁੰਦੇ ਗਏ, ਇਹ ਕੁਦਰਤੀ ਗੱਲ ਸੀ ਕਿ ਵਾਹੀ ਆਦਿਕ ਦੀ ਨਿਗਰਾਨੀ ਦਾ ਭਾਰ ਉਹ ਆਪਣੇ ਪਿਤਾ ਜੀ ਦੇ ਸਿਰ ਤੋਂ ਹੌਲਾ ਕਰੀ ਜਾਂਦੇ। ੩੪ ਸਾਲ ਦੀ ਉਮਰ ਵਿਚ ਉਹ ਚੂਹੜਕਾਣੇ ਵਪਾਰ ਕਰਨ ਲਈ ਗਏ। ਵਾਹੀ ਦੀ ਨਿਗਰਾਨੀ ਤੋਂ ਅਚਨਚੇਤ ਵਪਾਰ ਲਈ ਤੁਰ ਪੈਣਾ ਦੁਨਿਆਵੀ ਹੱਡ-ਬੀਤੀ ਵਿਚ ਇਕ ਅਨੋਖੀ ਗੱਲ ਹੈ। ਸਤਿਗੁਰੂ ਜੀ ਦੀ ਸ਼ਾਦੀ ੧੯ ਸਾਲਾਂ ਦੀ ਉਮਰ ਵਿਚ ਹੋਈ ਸੀ, ਸੋ ਇਹ ਅੰਦਾਜ਼ਾ ਭੀ ਕੁਰਾਹੇ ਨਹੀਂ ਲੈ ਜਾਂਦਾ ਕਿ ਇਸ ਉਮਰੇ ਜਾਂ ਇਸ ਤੋਂ ਪਹਿਲਾਂ ਹੀ ਉਨ੍ਹਾਂ ਹੱਟੀ ਦਾ ਕੰਮ ਸ਼ੁਰੂ ਕਰ ਦਿੱਤਾ ਸੀ, ਵਾਹੀ ਦੀ ਨਿਗਰਾਨੀ ਭੀ ਇਸ ਦੇ ਨਾਲ ਹੁੰਦੀ ਗਈ। ਹੱਟੀ ਦਾ ਇਹੀ ਤਜਰਬਾ ਸੀ ਜਿਸ ਕਰਕੇ ਉਨ੍ਹਾਂ ਨੂੰ ਸੁਲਤਾਨਪੁਰ ਦੇ ਨਵਾਬ ਦੌਲਤ ਖ਼ਾਨ ਦੇ ਮੋਦੀਖ਼ਾਨੇ ਵਿਚ ਕੰਮ ਕਰਨ



WWW.SIKHBOOKCLUB.COM 

ਦਾ ਮੌਕਾ ਮਿਲਿਆ ਸੀ। ਉਨ੍ਹਾਂ ਸਮਿਆਂ ਵਿਚ ਰੁਪਇਆ ਪੈਸਾ ਬਹੁਤ ਥੋੜਾ ਹੋਣ ਕਰਕੇ, ਜ਼ਿਮੀਦਾਰ ਲੋਕ ਜ਼ਮੀਨ ਦਾ ਮਾਮਲਾ ਜਿਨਸ ਵਿਚ ਦਿਆ ਕਰਦੇ ਸਨ। ਉਹ ਸਾਰੀ ਜਿਨਸ ਸਰਕਾਰੀ ਗੁਦਾਮ ਵਿਚ ਜਮ੍ਹਾ ਹੋ ਜਾਂਦੀ ਸੀ, ਜਿਸ ਨੂੰ ਮੋਦੀਖ਼ਾਨਾ ਆਖਦੇ ਸਨ। ਮੋਦੀਖ਼ਾਨੇ ਦਾ ਹਿਸਾਬ ਰੱਖਣ ਵਾਲੇ ਮੁਲਾਜ਼ਮ ਨੂੰ ਮੋਦੀ ਆਖੀਦਾ ਸੀ। ਸਰਕਾਰੀ ਮੁਲਾਜ਼ਮਾਂ ਨੂੰ ਤਨਖ਼ਾਹਾਂ ਦਾ ਬਹੁਤਾ ਹਿੱਸਾ ਜਿਨਸ ਵਿਚ ਹੀ ਮਿਲਦਾ ਸੀ। ਉਹ ਜਿਨਸ ਵੰਡਣੀ ਮੋਦੀ ਦਾ ਕੰਮ ਹੁੰਦਾ ਸੀ। ਜਿਹੜੀ ਜਿਨਸ ਵਧ ਰਹਿੰਦੀ ਸੀ,ਉਹ ਵੇਚ ਕੇ ਸਰਕਾਰੀ ਖ਼ਜ਼ਾਨੇ ਵਿਚ ਰੁਪਿਆ ਜਮ੍ਹਾ ਕਰਾ ਦਿੱਤਾ ਜਾਂਦਾ ਸੀ। ਇਹ ਕੰਮ ਬੜੀ ਹੀ ਜ਼ਿੰਮੇਵਾਰੀ ਦਾ ਸੀ। ਤਜਰਬਾ, ਇਮਾਨਦਾਰੀ, ਲਿਆਕਤ, ਗੰਭੀਰਤਾ ਆਦਿਕ ਕਈ ਗੁਣਾਂ ਦੀ ਪਰਖ-ਪ੍ਰਤੀਤ ਪਿਛੋਂ ਮੋਦੀ ਦਾ ਅਹੁਦਾ ਮਿਲਦਾ ਸੀ।

ਪਰ ਦੁਨੀਆਦਾਰਾਂ ਦੇ ਵਿਹਾਰ-ਕਾਰ ਅਤੇ ਗੁਰੂ ਨਾਨਕ ਦੇਵ ਜੀ ਦੇ ਵਿਹਾਰ-ਕਾਰ ਵਿਚ ਜ਼ਿਮੀ ਅਸਮਾਨ ਦਾ ਫ਼ਰਕ ਸੀ। ਇਸ ਫ਼ਰਕ ਨੂੰ ਸਮਝਣ ਲਈ ਗੁਰੂ ਨਾਨਕ ਦੇਵ ਜੀ ਬਾਰੇ ਹੇਠ-ਲਿਖੀਆਂ ਗੱਲਾਂ ਵਲ ਧਿਆਨ ਦੇਣਾ ਜ਼ਰੂਰੀ ਹੈ।

### (੧) ਕੀਰਤਨ ਦਾ ਇਸ਼ਕ

ਭਾਈ ਮਰਦਾਨੇ ਨਾਲ ਗੁਰੂ ਨਾਨਕ ਦੇਵ ਜੀ ਦੀ ਡੂੰਘੀ ਸਾਂਝ ਦਾ ਸਭ ਤੋਂ ਵੱਡਾ ਕਾਰਨ ਇਹੀ ਸੀ ਕਿ ਮਰਦਾਨਾ ਰਾਗ ਵਿਚ ਪ੍ਰਬੀਨ ਸੀ। ਗੁਰੂ ਗ੍ਰੰਥ ਸਾਹਿਬ ਵਿਚ ਵਰਤੇ ਰਾਗਾਂ ਵਿਚੋਂ ਸਭ ਤੋਂ ਵਧੀਕ ਗਿਣਤੀ ਉਨ੍ਹਾਂ ਰਾਗਾਂ ਦੀ ਹੈ ਜੋ ਅੰਮ੍ਰਿਤ ਵੇਲੇ ਤੋਂ ਲੈ ਕੇ ਪਹਿਰ ਦਿਨ ਚੜ੍ਹੇ ਤਕ ਗਾਏ ਜਾਂਦੇ ਹਨ:

੧. ਆਸਾ, ੨. ਭੈਰਉ, ੩. ਪ੍ਰਭਾਤੀ, ੪. ਸੂਹੀ, ੫. ਬਿਲਾਵਲੁ, ੬. ਰਾਮਕਲੀ, ੭. ਤੁਖਾਰੀ, ੮. ਗੂਜਰੀ।

ਮਲੂਮ ਹੁੰਦਾ ਹੈ ਕਿ ਗੁਰੂ ਨਾਨਕ ਦੇਵ ਜੀ ਸੌਚ-ਇਸ਼ਨਾਨ ਆਦਿਕ ਤੋਂ ਵਿਹਲੇ ਹੋ ਕੇ ਅੰਮ੍ਰਿਤ ਵੇਲੇ ਤੋਂ ਲੈ ਕੇ ਪਹਿਰ ਦਿਨ ਚੜ੍ਹੇ ਤਕ, ਕੀਰਤਨ ਰਾਹੀਂ ਅਕਾਲ ਪੁਰਖ ਦੀ ਯਾਦ ਵਿਚ ਜੁੜੇ ਰਹਿੰਦੇ ਸਨ।

ਇਨ੍ਹਾਂ ਤੋਂ ਉਤਰ ਕੇ ਦਿਨ ਦੇ ਤੀਜੇ ਚੌਥੇ ਪਹਿਰ ਨੂੰ ਗਾਏ ਜਾਣ ਵਾਲੇ ਰਾਗ ਹਨ:

੧. ਸਿਰੀ, ੨. ਗਉੜੀ, ੩. ਧਨਾਸਰੀ, ੪. ਤਿਲੰਗ, ੫. ਮਾਰੂ।



WWW.SIKHBOOKCLUB.COM 

ਅਤੇ ਰਾਤ ਦੇ ਰਾਗ ਹਨ :

੧. ਵਡਹੰਸੁ, ੨. ਸੋਰਠਿ, ੩. ਮਲਾਰ, ੪. ਬਸੰਤੁ, ੫. ਕਾਨੜਾ।

ਦੁਪਹਿਰ ਵੇਲੇ ਦਾ ਸਿਰਫ ਇਕੋ ਰਾਗ ਗੁਰੂ ਨਾਨਕ ਦੇਵ ਜੀ ਨੇ ਲਿਆ ਹੈ : ਸਾਰੰਗ।

ਇਥੋਂ ਇਹੀ ਅਨੁਮਾਨ ਲੱਗਦਾ ਹੈ ਕਿ ਸਤਿਗੁਰੂ ਜੀ ਕੀਰਤਨ ਦੇ ਬੜੇ ਆਸ਼ਕ ਸਨ। ਕਾਰ-ਵਿਹਾਰ ਉੱਤੇ ਜਾਣ ਤੋਂ ਪਹਿਲਾਂ ਤੇ ਪਿੱਛੋਂ, ਨੀਂਦ ਤੋਂ ਉੱਠਦਿਆਂ ਹੀ ਤੇ ਸੌਣ ਤੋਂ ਪਹਿਲਾਂ, ਕੀਰਤਨ ਸਦਾ ਉਨ੍ਹਾਂ ਦੀ ਰੂਹ ਦੀ ਖ਼ੁਰਾਕ ਬਣਦਾ ਸੀ। ਤਲਵੰਡੀ ਦੇ ਲੋਕ ਤੇ ਗੁਰੂ ਨਾਨਕ ਦੇਵ ਜੀ ਦੇ ਸਾਰੇ ਸਾਕ-ਅੰਗ, ਸ਼ਰੀਕਾ-ਬਰਾਦਰੀ ਇਹੀ ਸਿੱਟਾ ਕੱਢ ਸਕੀ ਸੀ ਕਿ ਉਹ ਜੀਅ ਲਾ ਕੇ ਵਿਹਾਰ-ਕਾਰ ਨਹੀਂ ਕਰ ਰਹੇ। ਦੁਨੀਆਦਾਰ ਤਾਂ ਸਵੇਂਗਾ, ਖਾਏਗਾ ਤੇ ਮਾਇਆ ਕਮਾਏਗਾ। ਸਤਸੰਗ ਆਦਿਕ ਵਿਚ ਉਸ ਦਾ ਜਾਣਾ ਰੱਬ ਦਾ ਉਲਾਂਭਾ ਲਾਹੁਣ ਵਾਲੀ ਗੱਲ ਹੀ ਹੋਇਆ ਕਰਦੀ ਹੈ।

ਅੱਜ ਦਾ ਪੰਜਾਬੀ ਸ਼ਾਇਦ ਸਹੀ ਅੰਦਾਜ਼ਾ ਨਾ ਲਾ ਸਕੇ ਕਿ ਗੁਰੂ ਨਾਨਕ ਦੇਵ ਜੀ ਦੀ ਇਸ ਨਿੱਤ ਦੀ ਕਾਰ ਦਾ ਤਲਵੰਡੀ-ਨਿਵਾਸੀਆਂ ਉੱਤੇ ਕੀ ਅਸਰ ਪੈ ਰਿਹਾ ਸੀ? ਇਕ ਪਾਸੇ ਇਕ ਅੱਤ ਨੀਵੀਂ ਜਾਤ ਦਾ ਗਰੀਬ ਮਰਦਾਨਾ, ਦੂਜੇ ਪਾਸੇ ਉੱਚੀ ਕੁਲ ਦੇ ਖੱਤਰੀ ਤੇ ਭੂਮੀਕਾਰ ਤੇ ਪਟਵਾਰੀ ਬਾਬਾ ਕਾਲੂ ਦੇ ਸਪੁੱਤਰ ਗੁਰੂ ਨਾਨਕ—ਦੋਵੇਂ, ਇੱਕੋ ਪੱਧਰ ਉੱਤੇ ਮਿਲ ਕੇ, ਪਿਆਰ ਨਾਲ, ਹਰ ਰੋਜ਼, ਕਈ ਕਈ ਘੰਟੇ ਰੱਬ ਦੀ ਸਿਫਤ-ਸਲਾਹ ਦੇ ਗੀਤ ਗਾਉਣ—ਇਸ ਦਾ ਅਸਰ ਉਨ੍ਹਾਂ ਲੋਕਾਂ ਉੱਤੇ ਪੈਣੋਂ ਰਹਿ ਨਹੀਂ ਸੀ ਸਕਦਾ। ਉਨ੍ਹਾਂ ਦਾ ਪਰਸਪਰ ਡੂੰਘਾ ਪਿਆਰ ਇਕ ਹੈਰਾਨ ਕਰਨ ਵਾਲੀ ਗੱਲ ਸੀ। ਇਸ ਦੀ ਮਿਕਨਾਤੀਸੀ ਖਿੱਚ ਨੇ ਇਸ ਮੇਲ ਨੂੰ ਇਕ ਨਿੱਤ-ਵਧਦਾ ਸਤਸੰਗ ਬਣਾ ਦਿੱਤਾ, ਜਿਸ ਵਿਚ ਤਲਵੰਡੀ-ਨਿਵਾਸੀ ਨਰ-ਨਾਰ ਆਪ-ਮੁਹਾਰੇ ਸਾਂਝੀਵਾਲ ਬਣਨ ਲੱਗ ਪਏ। ਸਿੱਖ-ਇਤਿਹਾਸ ਨੇ ਸਿਰਫ਼ ਰਾਇ ਬੁਲਾਰ ਦੀ ਸ਼ਰਧਾ ਦਾ ਹੀ ਜ਼ਿਕਰ ਕੀਤਾ ਹੈ।

## (੨) ਰਮਤੇ ਸੰਤਾਂ-ਸਾਧਾਂ ਨਾਲ ਮੇਲ

ਕਾਬਲ ਵੱਲੋਂ ਆਉਂਦੇ ਪਠਾਣਾਂ ਦੇ ਹਮਲਿਆਂ ਤੋਂ ਲਾਂਭੇ, ਤਲਵੰਡੀ-ਚੂਹੜਕਾਣੇ ਦੀ ਬਾਰ ਵਿਚ ਆ ਅਨੇਕਾਂ ਰਮਤੇ ਸੰਤ-ਸਾਧ ਟਿਕੇ ਰਹਿੰਦੇ ਸਨ,



WWW.SIKHBOOKCLUB.COM 

ਇਕੱਲੇ-ਦੁਕੱਲੇ ਭੀ ਤੇ ਟੋਲਿਆਂ ਵਿਚ ਭੀ। ਆਪਣੇ ਫ਼ਸਲ-ਬੰਨੇ ਉੱਤੇ ਜਾਣ ਦੇ ਸੰਬੰਧ ਵਿਚ ਗੁਰੂ ਨਾਨਕ ਦੇਵ ਜੀ ਨੂੰ ਛੋਟੀ ਉਮਰ ਤੋਂ ਹੀ ਉਨ੍ਹਾਂ ਨਾਲ ਵਾਹ ਪੈਣ ਲੱਗ ਪਿਆ ਸੀ। ਸੱਤ ਸਾਲ ਅਤੇ ਨੌਂ ਸਾਲ ਦੀਆਂ ਅਨੋਖੀਆਂ ਘਟਨਾਵਾਂ ਦੇ ਕਾਰਨ ਉਨ੍ਹਾਂ ਦੀ ਰੌਸ਼ਨ-ਦਿਮਾਗ਼ੀ ਅਤੇ ਨਿਰਭੈਤਾ ਤਲਵੰਡੀ ਦੇ ਘਰ ਘਰ ਵਿਚ ਧੁੰਮ ਚੁਕੀ ਹੋਈ ਸੀ। ਸੰਤਾਂ-ਸਾਧਾਂ ਦੇ ਨਿਰੇ ਭੇਖ ਦਾ ਪਾਜ ਭੀ ਸਤਿਗੁਰੂ ਜੀ ਨੇ ਉਸੇ ਤਰ੍ਹਾਂ ਉਘੇੜਨਾ ਸ਼ੁਰੂ ਕਰ ਦਿੱਤਾ। ਭੋਲੇ-ਭਾਲੇ ਲੋਕਾਂ ਨੂੰ ਭੀ ਕੱਚ ਤੇ ਸੱਚ ਵਿਚ ਫ਼ਰਕ ਦਿੱਸਣ ਲੱਗ ਪਿਆ, ਕਈ ਸੰਤ-ਸਾਧ ਭੀ ਅਸਲੀਅਤ ਨੂੰ ਪਛਾਣ ਕੇ ਉਨ੍ਹਾਂ ਦੇ ਹਮ-ਖ਼ਿਆਲ ਬਣਦੇ ਗਏ। ਕੀਰਤਨ ਵਾਲੇ ਸਤਸੰਗ ਵਿਚ ਉਨ੍ਹਾਂ ਰਮਤੇ ਸੰਤਾਂ-ਸਾਧਾਂ ਨੇ ਭੀ ਸਾਂਝੀਵਾਲ ਬਣਨਾ ਸ਼ੁਰੂ ਕਰ ਦਿੱਤਾ। ਗੁਰੂ ਨਾਨਕ ਦੇਵ ਜੀ ਦਾ ਕੁਝ ਸਮਾ ਹਰ ਰੋਜ਼ ਵਿਚਾਰ ਤੇ ਚਰਚਾ ਵਿਚ ਖ਼ਰਚ ਹੋਣ ਲੱਗ ਪਿਆ। ਕੀਰਤਨ ਵਲ ਬਹੁਤੀ ਰੁਚੀ ਵੇਖ ਕੇ ਲੋਕ ਅੱਗੇ ਹੀ ਮਿਥ ਚੁਕੇ ਸਨ ਕਿ ਬਾਬਾ ਕਾਲੂ ਦਾ ਪੁੱਤਰ ਜੀਅ ਲਾ ਕੇ ਕਾਰ-ਵਿਹਾਰ ਨਹੀਂ ਕਰਦਾ, ਹੁਣ ਸੰਤਾਂ-ਸਾਧਾਂ ਨਾਲ ਬੈਠਕ-ਗੋਸ਼ਟ ਵੇਖ ਕੇ ਕਮਜ਼ੋਰ-ਦਿਲ ਬੰਦਿਆਂ ਨੇ ਇਹ ਦੰਦ-ਕਥਾ ਚਲਾ ਦਿੱਤੀ ਕਿ ਇਹ ਥੱਮ ਅੱਜ ਭਲਕ ਹੀ ਝੁੱਗਾ ਚੌੜ ਕਰ ਕੇ ਸਾਧਾਂ ਨਾਲ ਚਲਾ ਜਾਇਗਾ। ਸਾਰੇ ਹੀ ਨਿਰੇ ਭੇਖੀ ਨਹੀਂ ਹੋਇਆ ਕਰਦੇ। ਜਿਨ੍ਹਾਂ ਸਾਧਾਂ ਨੂੰ ਗੁਰੂ ਨਾਨਕ ਦੇਵ ਜੀ ਵਾਲਾ ਜੀਵਨ-ਰਾਹ ਪਸੰਦ ਆਉਣ ਲੱਗ ਪਿਆ, ਉਨ੍ਹਾਂ ਨਾਲ ਸਤਿਗੁਰੂ ਜੀ ਦੀ ਦਿਲੀ ਸਾਂਝ ਬਣਨੀ ਇਕ ਕੁਦਰਤੀ ਖੇਡ ਸੀ। ਸਾਧ, ਸਰੀਰ ਤੇ ਰੋਟੀ-ਕਪੜੇ ਆਦਿਕ ਦੀਆਂ ਲੋੜਾਂ ਬਾਰੇ ਪਰ-ਅਧੀਨ ਹੁੰਦੇ ਹਨ, ਪਰ ਗੁਰੂ ਨਾਨਕ ਦੇਵ ਜੀ ਆਪਣੀ ਰੋਜ਼ੀ ਆਪ ਕਮਾਉਂਦੇ ਸਨ। ਅਨੇਕਾਂ ਵਾਰੀ ਉਹ ਲੋੜਵੰਦਾਂ ਦੀਆਂ ਗ਼ਰਜ਼ਾਂ ਪੂਰੀਆਂ ਕਰ ਦੇਂਦੇ ਸਨ। ਇੱਥੋਂ ਭੀ ਲੋਕ ਇਹੀ ਸਿੱਟਾ ਕੱਢਦੇ ਗਏ ਕਿ ਕਾਲੂ ਦਾ ਪੁੱਤਰ ਘਰ ਉਜਾੜ ਰਿਹਾ ਹੈ। ਬਾਬਾ ਕਾਲੂ ਜੀ ਭੀ ਕਈ ਵਾਰੀ ਸਤਿਗੁਰੂ ਜੀ ਨੂੰ ਇਸ ਖੁੱਲ੍ਹ-ਦਿਲੀ ਵੱਲੋਂ ਵਰਜਦੇ ਰਹਿੰਦੇ ਸਨ। ਸਿੱਖ-ਇਤਿਹਾਸ ਨੇ ਵੰਨਗੀ ਵਜੋਂ ਇਕ ਦੋ ਘਟਨਾਵਾਂ ਹੀ ਦੱਸੀਆਂ ਹਨ, ਜਿੱਥੇ ਗੁਰੂ ਨਾਨਕ ਦੇਵ ਜੀ ਨੇ ਆਪਣੇ ਕਿਸੇ ਸਤਸੰਗੀ ਸਾਧ ਨੂੰ ਗੜਵੀ ਜਾਂ ਹੱਥ ਦੀ ਮੁੰਦਰੀ ਦੇ ਦਿੱਤੀ ਸੀ।

## ਭਾਰਤ ਦੇ ਲੋਕਾਂ ਉੱਤੇ ਬਿਪਤਾ

ਯਾਰ੍ਹਵੀਂ ਸਦੀ ਵਿਚ ਮਹਿਮੂਦ ਗ਼ਜ਼ਨਵੀ ਨੇ, ਪੰਜਾਬ ਅਤੇ ਪੰਜਾਬ ਦੇ

ਰਸਤੇ ਭਾਰਤ ਦੇ ਹੋਰ ਹਿੱਸਿਆਂ ਉੱਤੇ ਬੜੇ ਹਮਲੇ ਕੀਤੇ। ਇਨ੍ਹਾਂ ਨਾਲ ਉਸ ਨੇ ਪੰਜਾਬ ਦੇ ਹਿੰਦੂ-ਰਾਜ ਦਾ ਲੱਕ ਤੋੜ ਦਿਤਾ। ਮਹਿਮੂਦ ਤੋਂ ਪਿੱਛੋਂ ਭਾਰਤ ਉਤੇ ਮੁਸਲਮਾਨਾਂ ਲਈ ਹਮਲੇ ਕਰਨ ਦਾ ਰਾਹ ਖੁਲ੍ਹ ਗਿਆ। ਦੋ ਸਦੀਆਂ ਵਿਚ ਹੀ ਹਿੰਦੂ-ਤਾਕਤ ਕੇਵਲ ਨਾਮ-ਮਾਤਰ ਰਹਿ ਗਈ ਤੇ ਤੇਰ੍ਹਵੀਂ ਸਦੀ ਦੇ ਸ਼ੁਰੂ ਵਿਚ ਮੁਸਲਿਮ ਰਾਜ ਪੱਕੇ ਪੈਰਾਂ ਉੱਤੇ ਕਾਇਮ ਹੋ ਗਿਆ। ਸੰਨ ੧੨੦੬ ਤੋਂ ਲੈ ਕੇ ੧੫੨੬ ਤਕ ਪਠਾਣਾਂ ਦੇ ਪੰਜ ਖ਼ਾਨਦਾਨਾਂ ਨੇ ਇੱਥੇ ਰਾਜ ਕੀਤਾ। ਜਦੋਂ ਗੁਰੂ ਨਾਨਕ ਦੇਵ ਜੀ ਦਾ ਜਨਮ ੧੪੬੯ ਈਸਵੀ ਵਿਚ ਹੋਇਆ, ਤਦੋਂ ਅਖ਼ੀਰਲੇ ਲੋਦੀ ਖ਼ਾਨਦਾਨ ਦਾ ਪਹਿਲਾ ਬਾਦਸ਼ਾਹ ਬਹਿਲੋਲ, ਦਿੱਲੀ ਦੇ ਤਖ਼ਤ ਉਤੇ ਬੈਠਾ ਹੋਇਆ ਸੀ।

ਕਾਬਲ ਤੋਂ ਭਾਰਤ ਉੱਤੇ ਹਮਲੇ, ਆਮ ਤੌਰ ਉਤੇ ਹਸਨ ਅਬਦਾਲ, ਭੇਰਾ, ਵਜ਼ੀਰਾਬਾਦ, ਸਿਆਲਕੋਟ, ਸੈਦਪੁਰ (ਐਮਨਾਬਾਦ) ਤੇ ਲਾਹੌਰ ਦੇ ਰਸਤੇ ਹੀ ਹੁੰਦੇ ਰਹੇ। ਲਾਹੌਰ ਤੋਂ ਪੱਛਮ ਵਲ ਦਾ ਬਾਰ ਦਾ ਇਲਾਕਾ ਜਲ-ਹਰਿਆਵਲ-ਹੀਣ, ਕੰਗਾਲ ਇਲਾਕਾ ਸੀ। ਉਹ ਜਰਵਾਣਿਆਂ ਦੀ ਨਜ਼ਰੋਂ ਸਦਾ ਓਹਲੇ ਹੀ ਰਿਹਾ। ਭਾਰਤ ਦੇ ਰਸਤੇ ਸੰਤ-ਸਾਧ ਚੂਹੜਕਾਣਾ-ਤਲਵੰਡੀ ਦੀ ਬਾਹ ਵਿਚ ਹੀ ਆ ਕੇ ਟਿਕਿਆ ਕਰਦੇ ਸਨ। ਇਨ੍ਹਾਂ ਲੋਕਾਂ ਦੀ ਰਾਹੀਂ ਹੀ ਦੇਸ ਦੀ ਸਦਗਤੀ ਜਾਂ ਦੁਰਗਤੀ ਦੀਆਂ ਖ਼ਬਰਾਂ ਇਕ ਥਾਂ ਤੋਂ ਦੂਜੀ ਥਾਂ ਅੱਪੜਦੀਆਂ ਸਨ। ਪਰ ਜਿੱਥੇ ਜਰਵਾਣਿਆਂ ਨੇ ਪ੍ਰਿਥਵੀ ਰਾਜ ਵਰਗੇ ਸੂਰਮੇ ਰਾਜਪੂਤਾਂ ਦਾ ਘਾਣ ਕਰ ਕੇ ਰਖ ਦਿੱਤਾ, ਉਥੇ ਗ਼ਰੀਬ ਪਰਜਾ ਦੀ ਕੀ ਜਾ ਸੀ ?

ਭਾਰਤ ਵਿਚ ਪੈਰ ਟਿਕਾਉਂਦਿਆਂ ਹੀ ਮੁਸਲਮਾਨ ਬਾਦਸ਼ਾਹਾਂ ਨੇ ਪਹਿਲਾ ਕੰਮ ਇਹ ਕੀਤਾ ਕਿ ਦੇਸ਼ ਦੀ ਤਕਰੀਬਨ ਸਾਰੀ ਜ਼ਰਖ਼ੇਜ਼ ਜ਼ਮੀਨ ਵੱਡੇ ਵੱਡੇ ਮੁਸਲਮਾਨਾਂ ਨੂੰ ਜਗੀਰ ਦੇ ਤੌਰ ਉੱਤੇ ਦੇ ਦਿੱਤੀ। ਪਰ ਜ਼ਮੀਨ ਤੋਂ ਭੀ ਪਹਿਲਾਂ ਹੱਲਾ ਹੈ ਜ਼ਰ ਅਤੇ ਜ਼ਮੀਰ ਉੱਤੇ। ਸੰਨ ੧੯੪੭ ਦੀ ਪੰਜਾਬ-ਵੰਡ ਜਿਨ੍ਹਾਂ ਨੇ ਅੱਖੀਂ ਵੇਖੀ ਹੈ, ਉਹ ਉਸ ਘੋਰ ਭਿਆਨਕ ਸਮੇ ਦਾ ਸਹੀ ਅੰਦਾਜ਼ਾ ਲਾ ਸਕਦੇ ਹਨ।

ਗੁਰੂ ਨਾਨਕ ਦੇਵ ਜੀ ਨੂੰ ਰਮਤੇ ਸੰਤਾਂ-ਸਾਧਾਂ ਨਾਲ, ਜੋ ਤਲਵੰਡੀ ਦੀ ਜੂਹ ਵਿਚ ਆ ਕੇ ਟਿਕਿਆ ਕਰਦੇ ਸਨ, ਛੋਟੀ ਉਮਰ ਤੋਂ ਹੀ ਵਾਹ ਪੈ ਰਿਹਾ ਸੀ। ਜਨਤਾ ਉੱਤੇ ਪੈ ਰਹੀ ਬਿਪਤਾ ਦੀਆਂ ਖ਼ਬਰਾਂ ਬਾਲ-ਵਰੇਸ ਤੋਂ ਹੀ ਉਨ੍ਹਾਂ ਦੇ ਕੰਨੀਂ ਪੈਣ ਲਗ ਪਈਆਂ ਸਨ। ਉਨ੍ਹਾਂ ਦੇ ਸੁਭਾਵ ਵਿਚ ਡੂੰਘੀ ਗੰਭੀਰਤਾ



WWW.SIKHBOOKCLUB.COM 

ਦਿਨੋ-ਦਿਨ ਵਧਣ ਲਗ ਪਈ।

ਜਗੀਰਾਂ ਆਦਿ ਦੇ ਲਾਲਚ ਨੇ ਅਨੇਕਾਂ ਵੱਡੇ ਵੱਡੇ ਹਿੰਦੂ ਘਰਾਣਿਆਂ ਨੂੰ ਆਪਣੇ ਧਰਮ ਤੋਂ ਥਿੜਕਾ ਦਿੱਤਾ। ਰਾਇ ਬੁਲਾਰ ਦੇ ਪਿਉ ਰਾਇ ਭੋਇ ਦੀ ਮਿਸਾਲ ਗੁਰੂ ਨਾਨਕ ਦੇਵ ਜੀ ਦੇ ਸਾਮ੍ਹਣੇ ਮੌਜੂਦ ਸੀ।

ਜੇ ਖੇਖੰਦ ਜਰਵਾਣਿਆਂ ਦਾ ਟਾਕਰਾ ਰਣ-ਭੂਮੀ ਵਿਚ ਕਰਨ ਦੀ ਹਿੰਮਤ ਤਾਂ ਘਟ ਗਈ, ਪਰ ਹਿੰਦੂ ਜਨਤਾ ਨੇ ਆਪਣੇ ਲਈ ਕਈ ਭਾਈਚਾਰਕ ਨਿਯਮ ਨਵੇਂ ਬਣਾ ਲਏ ਜਾਂ ਪੁਰਾਣਿਆਂ ਵਿਚ ਤਬਦੀਲੀ ਕਰ ਲਈ। ਮੁਸਲਮਾਨਾਂ ਨਾਲ ਭਾਈਚਾਰਕ ਨਾ-ਮਿਲਵਰਤਣ ਨੂੰ ਇਤਨੀ ਸਿਖਰ ਤਕ ਪਹੁੰਚਾ ਦਿਤਾ ਗਿਆ ਕਿ ਮਗਰੋਂ ਇਹ ਸਧਾਰਨ ਆਤਮਕ ਜੀਵਨ ਲਈ ਇਕ ਕੁਹਜਾ ਰੋਗ ਹੀ ਬਣ ਗਿਆ। ਬਹੂ-ਬੇਟੀਆਂ ਦੀ ਇੱਜ਼ਤ ਦੀ ਰਾਖੀ ਲਈ ਛੋਟੀ ਉਮਰੇ ਹੀ ਵਿਆਹ ਦੇਣ ਦੇ ਰਿਵਾਜ ਨੂੰ ਉਤਸ਼ਾਹ ਦਿੱਤਾ ਗਿਆ। ਮਰੇ ਖਸਮ ਨਾਲ ਉਸ ਦੀ ਚਿਤਾ ਉੱਤੇ ਉਸ ਦੀ ਵਿਧਵਾ ਦੇ ਸੜਨ ਦੀ ਰੀਤ ਜ਼ੋਰ ਫੜਨ ਲੱਗ ਪਈ। ਕਈ ਘਰਾਣਿਆਂ ਵਿਚ ਲੋਕ ਜੰਮਦੀਆਂ ਧੀਆਂ ਨੂੰ ਜਾਨੋਂ ਮਾਰਨ ਲੱਗ ਪਏ।

ਜਿਉਂ ਜਿਉਂ ਗੁਰੂ ਨਾਨਕ ਦੇਵ ਜੀ ਵਡੇਰੀ ਉਮਰ ਦੇ ਹੁੰਦੇ ਗਏ, ਆਪਣੇ ਸਮਾਜ ਦੀ ਇਹ ਸਾਰੀ ਨਿੱਘਰਦੀ ਦਸ਼ਾ ਮੁੜ ਮੁੜ ਉਨ੍ਹਾਂ ਦੇ ਸਾਮ੍ਹਣੇ ਆਉਣ ਲੱਗ ਪਈ। ਪਰ ਜਰਵਾਣਿਆਂ ਦੇ ਅੱਤਿਆਚਾਰਾਂ ਨਾਲੋਂ ਵਧੀਕ ਦਰਦਨਾਕ ਸੀ ਲਾ-ਪਰਵਾਹੀ ਉਨ੍ਹਾਂ ਲੋਕਾਂ ਦੀ, ਜੋ ਆਪਣੇ ਆਪ ਨੂੰ ਧਰਮ ਦੇ ਨੇਤਾ ਤੇ ਰਾਖੇ ਅਖਵਾਉਂਦੇ ਸਨ।

ਅਠਾਰ੍ਹਾਂ ਵੀਹ ਸਾਲ ਦੀ ਉਮਰ ਦੇ ਸਧਾਰਨ ਗੱਭਰੂ ਤਾਂ ਇਹ ਸਭ ਕੁਝ ਵੇਖ ਸੁਣ ਕੇ ਬੇ-ਪਰਵਾਹ ਰਹਿ ਸਕਦੇ ਸਨ, ਪਰ ਮਨੁੱਖਤਾ ਦੇ ਸੱਚੇ ਦਰਦੀ ਗੁਰੂ ਨਾਨਕ ਦੇਵ ਜੀ ਤੋਂ ਇਸ ਭਿਆਨਕ ਦਸ਼ਾ ਨੂੰ ਆਈ-ਗਈ ਕਰਨ ਦੀ ਆਸ ਨਹੀਂ ਸੀ ਹੋ ਸਕਦੀ। ਅਨੇਕਾਂ ਵਾਰੀ ਐਸਾ ਹੋਣ ਲੱਗ ਪਿਆ ਕਿ ਸਤਿਗੁਰੂ ਜੀ ਕਈ ਕਈ ਘੰਟੇ ਜਨਤਾ ਉੱਤੇ ਆਈ ਇਸ ਬਿਪਤਾ ਬਾਰੇ ਸੋਚੀਂ ਪਏ ਰਹਿੰਦੇ ਸਨ। ਹੱਟੀ ਦਾ ਕੰਮ ਭੀ ਭੁੱਲ ਜਾਂਦਾ ਸੀ। ਬੇ-ਦਰਦ ਲੋਕ ਕੀ ਸਮਝਣ ਉਸ ਦਿਲ ਦੀ ਪੀੜ, ਜਿਹੜਾ ਆਪਣੇ ਦੇਸ ਦੀ ਬੇ-ਪਤੀ ਦੀਆਂ ਖ਼ਬਰਾਂ ਸੁਣ ਕੇ ਤੜਪ ਪੈਂਦਾ ਸੀ ? ਇਸ ਗੰਭੀਰਤਾ ਤੇ ਦਿੱਸਦੀ ਉਦਾਸੀ ਤੋਂ ਭੀ ਲੋਕ ਇਹੀ ਅੰਦਾਜ਼ੇ ਲਾਉਂਦੇ ਸਨ ਕਿ ਕਾਲੂ ਦਾ ਪੁੱਤਰ ਫ਼ਕੀਰ ਹੋਣ ਨੂੰ ਫਿਰਦਾ ਹੈ।



WWW.SIKHBOOKCLUB.COM 

## ਵੈਦ ਦਾ ਆਉਣਾ

ਗੁਰੂ ਨਾਨਕ ਦੇਵ ਜੀ ਦੇ ਜੀਵਨ ਸੰਬੰਧੀ, ਜਿਨ੍ਹਾਂ ਦਿਨਾਂ ਦਾ ਅਸੀ ਜ਼ਿਕਰ ਕਰ ਰਹੇ ਹਾਂ, ਤਦੋਂ ਦਿੱਲੀ ਦੇ ਤਖ਼ਤ ਉੱਤੇ ਲੋਦੀ ਖ਼ਾਨਦਾਨ ਦਾ ਦੂਜਾ ਬਾਦਸ਼ਾਹ ਸਿਕੰਦਰ ਬੈਠਾ ਹੋਇਆ ਸੀ। ਇਸ ਨੇ ਸੰਨ ੧੪੮੯ ਤੋਂ ੧੫੧੭ ਤਕ ਰਾਜ ਕੀਤਾ। ੧੭ ਫ਼ਰਵਰੀ ੧੫੧੭ ਨੂੰ ਆਗਰੇ ਵਿਚ ਇਸ ਦੀ ਮੌਤ ਹੋਈ। ਇਸ ਨੇ ਦਿੱਲੀ ਦੀ ਥਾਂ ਆਗਰੇ ਨੂੰ ਰਾਜਧਾਨੀ ਬਣਾਇਆ ਸੀ। ਇਸ ਨੇ ਜਿਤਨਾ ਚਿਰ ਰਾਜ ਕੀਤਾ, ਹਿੰਦੂ ਜਨਤਾ ਉੱਤੇ ਖ਼ਾਸ ਕਰਕੇ ਬਹੁਤ ਸਖ਼ਤੀਆਂ ਕੀਤੀਆਂ। ਇਨਸਾਫ਼ ਦੀ ਵਾਗ-ਡੋਰ ਕਾਜ਼ੀਆਂ ਦੇ ਹੱਥ ਹੁੰਦੀ ਸੀ, ਜੋ ਰੱਜ ਕੇ ਰਿਸ਼ਵਤ ਲੈਂਦੇ ਸਨ। ਸੰਨ ੧੪੯੦ ਵਿਚ ਸਿਕੰਦਰ ਬਨਾਰਸ ਗਿਆ। ਕਬੀਰ ਜੀ ਬਨਾਰਸ ਦੇ ਰਹਿਣ ਵਾਲੇ ਸਨ ਤੇ ਓਦੋਂ ਉਹ ਬਨਾਰਸ ਵਿਚ ਹੀ ਸਨ। ਉਨ੍ਹਾਂ ਦੀ ਨਿਰਭੈਤਾ ਦਾ ਅੰਦਾਜ਼ਾ ਲਾਉਣਾ ਹੋਵੇ, ਤਾਂ ਗੁਰੂ ਗ੍ਰੰਥ ਸਾਹਿਬ ਵਿਚੋਂ ਉਨ੍ਹਾਂ ਦੇ ਸ਼ਬਦ ਪੜ੍ਹ ਕੇ ਵੇਖ ਲਵੋ। ਧਰਮ ਦੀਆਂ ਦੁਕਾਨਾਂ ਲਾ ਕੇ ਜਨਤਾ ਨੂੰ ਲੁੱਟਣ ਵਾਲੇ ਬ੍ਰਾਹਮਣਾਂ ਅਤੇ ਕਾਜ਼ੀਆਂ ਦੇ ਪਖੰਡ ਉਹ ਨਿਝੱਕ ਹੋ ਕੇ ਨਸ਼ਰ ਕਰਿਆ ਕਰਦੇ ਸਨ। ਜਦੋਂ ਸਿਕੰਦਰ ਬਨਾਰਸ ਗਿਆ ਤਾਂ ਕਾਜ਼ੀਆਂ ਨੇ ਕਬੀਰ ਜੀ ਦੇ ਵਿਰੁੱਧ ਉਸ ਦੇ ਕੰਨ ਰੱਜ ਕੇ ਭਰੇ। ਉਸ ਨੇ ਹੁਕਮ ਦਿੱਤਾ ਕਿ ਕਬੀਰ ਨੂੰ ਮਸਤ ਹਾਥੀ ਦੇ ਸਾਮ੍ਹਣੇ ਸੁੱਟਿਆ ਜਾਏ। ਇਸ ਘਟਨਾ ਦਾ ਜ਼ਿਕਰ ਕਬੀਰ ਜੀ ਨੇ ਆਪ ਭੀ ਕੀਤਾ ਹੈ ਕਿ ਮੁਸ਼ਕਾਂ ਬੰਨ੍ਹ ਕੇ ਉਨ੍ਹਾਂ ਨੂੰ ਹਾਥੀ ਅੱਗੇ ਸੁੱਟਿਆ ਗਿਆ ਸੀ, ਪਰ ਕੁਦਰਤ ਕਰਤਾਰ ਦੀ। ਹਾਥੀ ਕਬੀਰ ਦੇ ਨੇੜੇ ਨਾ ਢੁਕਿਆ। ਸਿਕੰਦਰ ਨੇ ਇਹ ਸਭ ਕੁਝ ਅੱਖੀਂ ਵੇਖਿਆ। ਕਬੀਰ ਜੀ ਦੀ ਬਜ਼ੁਰਗੀ ਦਾ ਕਾਇਲ ਹੋ ਕੇ ਉਨ੍ਹਾਂ ਨੂੰ ਛੱਡ ਦਿੱਤਾ। ਸੰਤਾਂ-ਸਾਧਾਂ ਰਾਹੀਂ ਇਹ ਖ਼ਬਰ ਸਾਰੇ ਭਾਰਤ ਵਿਚ ਖਿੱਲਰ ਗਈ। ਗੁਰੂ ਨਾਨਕ ਦੇਵ ਜੀ ਨੇ ਭੀ ਸੁਣੀ ਹੋਵੇਗੀ। ਇਹ ਕੋਈ ਸਧਾਰਨ ਜਿਹੀ ਗੱਲ ਨਹੀਂ ਸੀ। ਰਿਸ਼ਵਤ-ਖ਼ੋਰ ਕਾਜ਼ੀ, ਇਨਸਾਫ਼ ਦੇ ਪਰਦੇ ਪਿੱਛੇ, ਬੇਸ਼ਕ ਮਨ-ਮੰਨੇ ਅੱਤਿਆਚਾਰ ਜਨਤਾ ਉੱਤੇ ਕਰੀ ਜਾਣ, ਪਰ ਜੇ ਕੋਈ ਜਨ-ਸਧਾਰਨ ਜ਼ਬਾਨ ਖੋਲ੍ਹ ਬੈਠੇ, ਤਾਂ ਉਸ ਨੂੰ ਸਖ਼ਤੀ ਨਾਲ ਦਬਾਇਆ ਜਾਂਦਾ ਸੀ। ਫੇਰ ਆਪਣੇ ਲੋਕਾਂ ਨੂੰ ਜਗਾਉਣ ਤੇ ਜਥੇਬੰਦ ਕਰਨ ਲਈ ਕਿਹੜਾ ਤਰੀਕਾ ਵਰਤਿਆ ਜਾਏ ?

ਸਿੱਖ-ਇਤਿਹਾਸ ਅਨੁਸਾਰ ਬਾਈ ਸਾਲਾਂ ਦੀ ਉਮਰੇ, ਸੰਨ ੧੪੯੧ ਵਿਚ, ਗੁਰੂ ਨਾਨਕ ਦੇਵ ਜੀ ਕਈ ਦਿਨ ਚੁੱਪ ਹੀ ਰਹੇ, 'ਨਾ ਅੰਨ ਹੀ ਜੇਵੇ, ਨ ਕਿਸੀ ਸਿਉਂ ਬੋਲੈ, ਨ ਬਕੈ'। ਸ਼ਰੀਕੇ ਬਰਾਦਰੀ ਦੇ ਭਰਾਵਾਂ ਦੀ ਸਲਾਹ-ਮੱਤ ਨਾਲ,



WWW.SIKHBOOKCLUB.COM 

'ਦਾਦਾ ਕਾਲੂ, ਬੈਦੁ ਬੁਲਾਇ ਲੈ ਆਇਆ।' ਇਹ ਸਾਖੀ ਪਰਸਿੱਧ ਹੈ। ਵੈਦ ਨੇ ਗੁਰੂ ਨਾਨਕ ਦੇਵ ਜੀ ਦਾ ਕੋਈ ਸਰੀਰਕ ਰੋਗ ਪਛਾਨਣ ਲਈ ਉਨ੍ਹਾਂ ਦੀ ਨਬਜ਼ ਨੂੰ ਹੱਥ ਪਾਇਆ। ਪਰ ਨਬਜ਼ ਚੰਗੀ ਭਲੀ ਸੀ, ਸਰੀਰ ਬਿਲਕੁਲ ਅਰੋਗ ਸੀ। ਵੈਦ ਕਿਹੜਾ ਰੋਗ ਦੱਸੇ ਅਤੇ ਕਿਹੜੀ ਦਵਾਈ ਦੇਵੇ ? ਸਤਿਗੁਰੂ ਜੀ ਨੇ ਉਸ ਦੀ ਘਬਰਾਹਟ ਤੇ ਹੈਰਾਨੀ ਦੂਰ ਕਰਨ ਲਈ ਉਸ ਨੂੰ ਸਮਝਾਇਆ ਕਿ ਤੇਰੀ ਵਿੱਦਿਆ ਤੇ ਮਿਹਨਤ ਇੱਥੇ ਕੋਈ ਕਾਟ ਨਹੀਂ ਕਰ ਸਕਦੀ। ਮੇਰੇ ਸਰੀਰ ਵਿਚ ਕੋਈ ਰੋਗ ਨਹੀਂ ਹੈ। ਹਾਂ, ਦਿਲ ਵਿਚ ਇਕ ਐਸਾ ਦਰਦ ਹੈ ਜਿਸ ਦੀ ਤੈਨੂੰ ਪਛਾਣ ਨਹੀਂ। ਇਸ ਦਰਦ ਨੂੰ ਉਹੀ ਸਮਝ ਸਕਦਾ ਹੈ ਜਿਸ ਦੇ ਅੰਦਰ ਅਹਿਸਾਸ ਹੈ।

## ਚੂਹੜਕਾਣੇ ਦਾ ਖਰਾ ਸੌਦਾ

ਗੁਰੂ ਨਾਨਕ ਦੇਵ ਜੀ ਦਾ ਹੱਟੀ-ਵਪਾਰ ਦਾ ਵਿਹਾਰ-ਕਾਰ ਇਸੇ ਤਰ੍ਹਾਂ ਚੌਦ੍ਹਾਂ ਪੰਦਰ੍ਹਾਂ ਸਾਲ ਚੱਲਦਾ ਰਿਹਾ। ਨਾਲੋ ਨਾਲ, ਭਾਈ ਮਰਦਾਨੇ ਦੀ ਮਿਲਵਰਤਣ ਦਾ ਸਦਕਾ, ਰੂਹ ਦੀ ਖ਼ੁਰਾਕ, ਕੀਰਤਨ ਤੋਂ ਭੀ ਖੁੰਝਾਈ ਨਾ ਹੋਈ। ਜਿਉਂ ਜਿਉਂ ਕੀਰਤਨ ਦੀ ਸੋਭਾ ਖਿੱਲਰਦੀ ਗਈ ਤਿਉਂ ਤਿਉਂ ਹੋਰ ਵੀ ਕਈ ਲੋਕ ਸਤਸੰਗੀ ਬਣਦੇ ਗਏ—ਤਲਵੰਡੀ ਦੇ ਵਸਨੀਕ ਭੀ ਅਤੇ ਰਮਤੇ ਸੰਤ-ਸਾਧ ਭੀ, ਜੋ ਉੱਥੇ ਆ ਟਿਕਦੇ ਸਨ। ਸਤਸੰਗ ਦੀ ਸਾਂਝ ਕਰਕੇ ਸਤਿਗੁਰੂ ਜੀ ਇਨ੍ਹਾਂ ਲੋਕਾਂ ਦੀਆਂ ਭੋਜਨ-ਛਾਦਨ ਆਦਿਕ ਦੀਆਂ ਜ਼ਰੂਰੀ ਲੋੜਾਂ ਭੀ ਪੂਰੀਆਂ ਕਰ ਦਿਆ ਕਰਦੇ ਸਨ।

ਜਿਸ ਸਮੇਂ ਦਾ ਜ਼ਿਕਰ ਚੱਲ ਰਿਹਾ ਹੈ, ਭੋਇੰ ਦੀ ਅੱਤ ਕਾਣੀ ਵੰਡ ਦੇ ਕਾਰਨ ਬਹੁਤੇ ਲੋਕ ਰੋਟੀ ਕੱਪੜੇ ਤੋਂ ਆਤੁਰ ਹੀ ਰਹਿੰਦੇ ਸਨ। ਜੇ ਕਦੇ ਔੜ ਲੱਗ ਜਾਂਦੀ ਤਾਂ ਕਾਲ, ਆਤੁਰ ਗ਼ਰੀਬਾਂ ਦੇ ਆਹੂ ਲਾਹੁੰਦਾ। ਬਾਰ ਵਿਚ ਵਾਹੀ-ਖੇਤੀ, ਆਮ ਤੌਰ ਉੱਤੇ, ਵਰਖਾ ਦੇ ਆਸਰੇ ਹੁੰਦੀ ਸੀ। ਸੋ, ਜਦੋਂ ਕਦੇ ਵਰਖਾ ਦਾ ਰਤਾ ਕੁ ਅੱਗਾ ਪਿੱਛਾ ਹੋ ਜਾਂਦਾ, ਉਨ੍ਹਾਂ ਗ਼ਰੀਬਾਂ ਦੇ ਭਾ ਦੀ ਹੀ ਬਣ ਜਾਂਦੀ ਸੀ। ਗੁਰੂ ਨਾਨਕ ਦੇਵ ਜੀ ਨਿਰੇ ਪਰਦੇਸੀ ਲੋੜਵੰਦਾਂ ਦੀ ਲੋੜ ਹੀ ਪੂਰੀ ਨਹੀਂ ਸਨ ਕਰਦੇ, ਆਪਣੀ ਕਮਾਈ ਵਿਚੋਂ ਆਪਣੇ ਚੁਗਿਰਦੇ ਦੇ ਲੋੜਵੰਦ ਗ਼ਰੀਬਾਂ ਦੀ ਬਾਂਹ ਭੀ ਫੜਦੇ ਰਹਿੰਦੇ ਸਨ। ਇਸ ਦਾ ਨਤੀਜਾ ਇਹ ਨਿਕਲਦਾ ਸੀ ਕਿ ਮਾਇਆ ਇਕ ਹੱਥ ਆ ਕੇ ਦੂਜੇ ਹੱਥ ਨਿਕਲ ਜਾਂਦੀ ਸੀ। ਬਾਬਾ ਕਾਲੂ ਜੀ ਆਪਣੇ ਪੁੱਤਰ ਦੀ ਇਸ ਕਿਰਤ-ਕਮਾਈ ਉੱਤੇ ਖ਼ੁਸ਼ ਨਹੀਂ ਸਨ।



WWW.SIKHBOOKCLUB.COM 

ਕਈ ਸਿੱਖ-ਇਤਿਹਾਸਕਾਰਾਂ ਨੇ ਖਰੇ-ਸੌਦੇ ਦੀ ਸਾਖੀ ਲਿਖੀ ਹੈ, ਜੋ ਸਿੱਖ ਕੌਮ ਵਿਚ ਬੜੀ ਹੀ ਪਰਸਿੱਧ ਹੈ। ਜਦੋਂ ਦੀ ਇਹ ਵਾਰਤਾ ਹੈ ਤਦੋਂ ਸਤਿਗੁਰੂ ਨਾਨਕ ਦੇਵ ਜੀ ਦੀ ਉਮਰ ਚੌਂਤੀ-ਪੈਂਤੀ ਸਾਲਾਂ ਦੀ ਸੀ। ਹੱਟੀ ਵਾਸਤੇ ਸੌਦਾ ਖ਼ਰੀਦਣ ਲਈ ਚੂਹੜਕਾਣੇ ਨੂੰ ਚੱਲ ਪਏ। ਤਲਵੰਡੀਓਂ ਸਭ ਤੋਂ ਨੇੜੇ ਵੱਡਾ ਨਗਰ ਇਹੀ ਸੀ। ਭਾਈ ਮਰਦਾਨਾ ਵੀ ਨਾਲ ਹੀ ਸੀ। ਜਦੋਂ ਕਦੇ ਸੌਦਾ ਖ਼ਰੀਦਣ ਦੇ ਕੰਮ ਤਲਵੰਡੀ ਤੋਂ ਬਾਹਰ ਜਾਂਦੇ ਸਨ, ਮਰਦਾਨਾ ਸਦਾ ਨਾਲ ਹੁੰਦਾ ਸੀ, ਕਿਉਂਕਿ ਕੀਰਤਨ ਵਲੋਂ ਨਾਗਾ ਗੁਰੂ ਨਾਨਕ ਦੇਵ ਜੀ ਵਾਸਤੇ ਅਸਹਿ ਹੋ ਚੁੱਕਾ ਸੀ।

ਚੌਂਤੀ-ਪੈਂਤੀ ਸਾਲਾਂ ਦੀ ਉਮਰ ਤਕ ਸੌਦਾ ਪੱਤਾ ਖ਼ਰੀਦਣ ਵੇਚਣ ਵਾਲੇ ਦਾ ਆਪਣਾ ਤਜਰਬਾ ਇਤਨਾ ਹੋ ਜਾਂਦਾ ਹੈ ਕਿ ਉਸ ਨੂੰ ਕਿਸੇ ਦੀ ਸਿੱਖ-ਮਤ ਦੀ ਲੋੜ ਨਹੀਂ ਪੈਂਦੀ। ਪਰ ਮਾਪੇ, ਸੁਭਾਵਿਕ ਹੀ, ਆਪਣੇ ਜਵਾਨ ਪੁੱਤਰਾਂ ਨੂੰ ਭੀ ਕਈ ਵਾਰੀ ਤੁਰਨ ਲੱਗਿਆਂ ਕੋਈ ਨ ਕੋਈ ਸਿੱਖਿਆ ਦੇ ਹੀ ਦੇਂਦੇ ਹਨ। ਸਾਖੀਕਾਰ ਲਿਖਦੇ ਹਨ ਕਿ ਜਦੋਂ ਗੁਰੂ ਨਾਨਕ ਦੇਵ ਜੀ ਚੂਹੜਕਾਣੇ ਨੂੰ ਤੁਰਨ ਲੱਗੇ ਤਾਂ ਉਨ੍ਹਾਂ ਦੇ ਪਿਤਾ ਬਾਬਾ ਕਾਲੂ ਜੀ ਨੇ ਸੁਚੇਤ ਕਰਨ ਲਈ ਉਨ੍ਹਾਂ ਨੂੰ ਆਖਿਆ ਕਿ ਮਾਲ ਧਿਆਨ ਨਾਲ ਖ਼ਰੀਦਣਾ, ਖਰਾ ਹੋਵੇ, ਤਾਂ ਜੋ ਲਾਹੇਵੰਦਾ ਹੋ ਸਕੇ।

SIKHBOOKCLUB.COM

ਇਹ ਜ਼ਿਕਰ ਸੰਨ ੧੫੦੩-੦੪ ਦਾ ਹੈ। ਸਿਕੰਦਰ ਲੋਦੀ ਦਾ ਰਾਜ ਸੀ। ਉਸ ਨੇ ਦਿੱਲੀ ਦੀ ਥਾਂ ਆਗਰੇ ਨੂੰ ਰਾਜਧਾਨੀ ਬਣਾ ਲਿਆ ਸੀ, ਕਿਉਂਕਿ ਉਸ ਦਾ ਸਾਰਾ ਧਿਆਨ ਬਿਹਾਰ ਵਲ ਸੀ, ਜਿਸ ਨੂੰ ਉਸ ਨੇ ਫ਼ਤਹ ਕਰ ਕੇ ਆਪਣੇ ਰਾਜ ਵਿਚ ਰਲਾ ਲਿਆ ਸੀ। ਪੰਜਾਬ ਦੇ ਜਗੀਰਦਾਰ ਇਸ ਗੱਲੋਂ ਖ਼ੁਸ਼ ਸਨ ਕਿ ਬਾਦਸ਼ਾਹ ਉਨ੍ਹਾਂ ਤੋਂ ਦੂਰ ਪਰੇ ਗਿਆ ਹੋਇਆ ਹੈ। ਹਿੰਦੂ ਸਿਕੰਦਰ ਦੇ ਹੱਥੋਂ ਤੰਗ ਸਨ ਹੀ। ਪੰਜਾਬ ਦੇ ਹਾਲਾਤ ਅਟਿਕਵੇਂ ਜਿਹੇ ਹੋ ਗਏ। ਔੜ ਦੇ ਕਾਰਨ ਗ਼ਰੀਬਾਂ ਦਾ ਹੱਥ ਕਾਫ਼ੀ ਤੰਗ ਹੋ ਗਿਆ ਤੇ ਸੰਤਾਂ-ਸਾਧਾਂ ਦੀ ਸੇਵਾ ਭੀ ਘਟ ਗਈ।

ਗੁਰੂ ਨਾਨਕ ਦੇਵ ਜੀ ਘਰੋਂ ਵੀਹ ਰੁਪਏ ਲੈ ਕੇ ਤੁਰੇ ਸਨ। ਭਾਵੇਂ ਕਾਲ ਜਿਹੀ ਹਾਲਤ ਸੀ, ਫਿਰ ਭੀ ਉਸ ਜ਼ਮਾਨੇ ਦੇ ਵੀਹ ਰੁਪਏ ਅੱਜ-ਕੱਲ੍ਹ ਦੇ ਦੋ ਹਜ਼ਾਰ ਨਾਲੋਂ ਚੰਗੇ ਸਨ। ਅੰਨ ਦੇ ਕਾਲ ਸਮੇਂ ਪਿੰਡਾਂ ਨਾਲੋਂ ਸ਼ਹਿਰਾਂ-ਨਗਰਾਂ ਦੀ ਹਾਲਤ ਵਧੀਕ ਖ਼ਰਾਬ ਹੋ ਜਾਂਦੀ ਹੈ। ਤਲਵੰਡੀ ਤੋਂ ਵਾਪਸ ਆਉਂਦੇ ਸੰਤਾਂ



WWW.SIKHBOOKCLUB.COM 

ਦੀ ਇਕ ਮੰਡਲੀ ਚੂਹੜਕਾਣੇ ਟਿਕੀ ਹੋਈ ਗੁਰੂ ਨਾਨਕ ਦੇਵ ਜੀ ਨੂੰ ਮਿਲ ਪਈ। ਉਨ੍ਹਾਂ ਵਿਚ ਕਈ ਅੱਗੇ ਹੀ ਸਤਿਗੁਰੂ ਜੀ ਦੇ ਸਤਸੰਗੀ ਵਾਕਫ਼ ਬਣ ਚੁਕੇ ਸਨ। ਇਕ ਦੋ ਦਿਨਾਂ ਤੋਂ ਇਨ੍ਹਾਂ ਦੀ ਅੰਨ-ਪਾਣੀ ਬਾਰੇ ਕਿਸੇ ਵਾਤ ਨਹੀਂ ਸੀ ਪੁੱਛੀ। ਸਤਿਗੁਰੂ ਜੀ ਨੇ ਉਨ੍ਹਾਂ ਵਾਸਤੇ ਲੰਗਰ ਦਾ ਪਰਬੰਧ ਕਰ ਦਿੱਤਾ। ਕਈਆਂ ਨੂੰ ਬਸਤਰ ਆਦਿਕ ਦੀ ਭੀ ਲੋੜ ਸੀ। ਲੰਗਰ ਖੁੱਲ੍ਹਣ ਉੱਤੇ ਹੋਰ ਭੀ ਕਈ ਗ਼ਰੀਬ ਆ ਪਹੁੰਚੇ। ਵੀਹ ਰੁਪਇਆਂ ਦੀ ਸਾਰੀ ਦੀ ਸਾਰੀ ਰਕਮ ਇਸ ਕੰਮ ਉੱਤੇ ਖ਼ਰਚ ਹੋ ਗਈ।

ਗੁਰੂ ਨਾਨਕ ਦੇਵ ਜੀ ਵਾਸਤੇ ਇਹ ਇਕ ਸਧਾਰਨ ਜਿਹਾ ਕੰਮ ਸੀ। ਆਪਣੀ ਕਮਾਈ ਵਿਚੋਂ ਉਹ ਸਦਾ ਲੋੜਵੰਦਾਂ ਦੀ ਮਦਦ ਕਰਦੇ ਚਲੇ ਆ ਰਹੇ ਸਨ। ਪਰ ਇਸ ਵਾਰ ਰਕਮ ਬਹੁਤ ਵਧੀਕ ਖ਼ਰਚ ਹੋ ਗਈ। ਸਖੀ-ਦਿਲ ਕਮਾਊ ਲਈ ਮਾਇਆ ਹੱਥਾਂ ਦੀ ਮੈਲ ਹੈ, ਪਰ ਬਾਬਾ ਕਾਲੂ ਜੀ ਨੂੰ ਸਤਿਗੁਰੂ ਜੀ ਦੀ ਇਤਨੀ ਖੁਲ੍ਹ-ਦਿਲੀ ਉਤੇ ਬੜਾ ਗੁੱਸਾ ਆਇਆ। ਪੁੱਤਰ ਭਾਵੇਂ ਕਿਤਨਾ ਵੱਡਾ, ਕਮਾਊ ਤੇ ਸਿਆਣਾ ਹੋ ਜਾਏ, ਪਿਉ ਦੀਆਂ ਨਜ਼ਰਾਂ ਵਿਚ ਉਹ ਬਾਲ ਹੀ ਹੁੰਦਾ ਹੈ। ਬਾਬਾ ਕਾਲੂ ਜੀ ਬਹੁਤ ਨਿਰਾਸ਼ ਹੋਏ। ਉਨ੍ਹਾਂ ਦੀਆਂ ਇਹ ਆਸਾਂ ਮੁੱਕ ਗਈਆਂ ਕਿ ਉਨ੍ਹਾਂ ਦਾ ਪੁੱਤਰ ਕਦੇ ਖੱਟ-ਕਮਾ ਕੇ ਦੁਨੀਆਦਾਰਾਂ ਵਾਲਾ ਨਾਮਣਾ ਖੱਟੇਗਾ। ਆਖ਼ਰ ਦੁਨੀਆ ਵਿਚ ਧਨ ਨੂੰ ਹੀ ਮਾਣ ਮਿਲਦਾ ਹੈ—ਧਨੀ ਹੀ ਖ਼ਾਨਦਾਨੀ, ਧਨੀ ਹੀ ਅਕਲਈਆ, ਧਨੀ ਹੀ ਸ਼ਰੀਫ਼ ਤੇ ਈਮਾਨਦਾਰ, ਧਨੀ ਹੀ ਧਰਮੀ ਤੇ ਧਨੀ ਹੀ ਦਾਨੀ।

ਗੁਰੂ ਨਾਨਕ ਦੇਵ ਜੀ ਬਾਬਾ ਕਾਲੂ ਦੇ ਮਨੋਂ ਚੜ੍ਹ ਗਏ। ਇਹ ਖ਼ਬਰ ਬੀਬੀ ਨਾਨਕੀ ਅਤੇ ਭਾਈ ਜੈ ਰਾਮ ਜੀ ਨੂੰ ਭੀ ਅੱਪੜ ਗਈ। ਭਾਈ ਜੈ ਰਾਮ ਜੀ ਦਾ ਸੁਲਤਾਨਪੁਰ ਦੇ ਨਵਾਬ ਦੌਲਤਖ਼ਾਨ ਨਾਲ ਬੜਾ ਅਸਰ-ਰਸੂਖ਼ ਸੀ। ਉਹਨਾਂ ਨੇ ਨਵਾਬ ਨੂੰ ਪ੍ਰੇਰਿਆ ਕਿ (ਗੁਰੂ) ਨਾਨਕ ਨੂੰ ਆਪਣਾ ਮੋਦੀ ਬਣਾ ਲਏ। ਆਪ ਪੁੱਜ ਕੇ ਈਮਾਨਦਾਰ ਤੇ ਮਿਹਨਤੀ ਸਨ ਤੇ ਜੇ ਪਿਤਾ ਜੀ ਨੂੰ ਦੁੱਖ ਸੀ ਤਾਂ ਇਹੀ ਕਿ ਉਹ ਆਪਣੀ ਕਮਾਈ ਗ਼ਰੀਬਾਂ ਨੂੰ ਕਿਉਂ ਖਵਾਉਂਦੇ ਹਨ। ਸਾਰੇ ਮਹਿਕਮਿਆਂ ਵਿਚ ਮਿਹਨਤੀ ਤੇ ਈਮਾਨਦਾਰ ਕਰਮਚਾਰੀ ਕਿਤੇ ਭਾਗਾਂ ਨਾਲ ਲੱਭਦੇ ਹੋਣਗੇ, ਸੋ ਨਵਾਬ ਤੁਰਤ ਮੰਨ ਗਿਆ। ਭਾਈ ਜੈ ਰਾਮ ਜੀ ਨੇ ਬਾਬਾ ਕਾਲੂ ਜੀ ਅਤੇ ਗੁਰੂ ਨਾਨਕ ਦੇਵ ਜੀ ਨੂੰ ਸੁਨੇਹਾ ਭੇਜ ਦਿੱਤਾ।



WWW.SIKHBOOKCLUB.COM 

੨

# ਸੁਲਤਾਨਪੁਰ—ਨਵਾਬ ਦੇ ਮੋਦੀ

## ਸੁਲਤਾਨਪੁਰ ਨੂੰ

ਜਦੋਂ ਭਾਈ ਜੈ ਰਾਮ ਜੀ ਨੇ ਗੁਰੂ ਨਾਨਕ ਦੇਵ ਜੀ ਨੂੰ ਸੁਲਤਾਨਪੁਰ ਆਉਣ ਲਈ ਮੁਨੇਹਾ ਭੇਜਿਆ, ਉਨ੍ਹਾਂ ਦੀ ਉਮਰ ਉਸ ਵੇਲੇ ਪੈਂਤੀ ਸਾਲ ਸਾਢੇ ਛੇ ਮਹੀਨੇ ਸੀ। ਇਕ ਜਨਮ-ਸਾਖੀ ਵਾਲਾ ਲਿਖਦਾ ਹੈ—"ਪੈਂਤੀਸ ਬਰਸਾਂ ਕਾ ਅਰੁ ਛਿਆਂ ਸਾਢਿਆਂ ਮਾਹਾਂ ਕਾ ਜਬ ਹੋਆ, ਤਬ ਆਇ ਜੈ ਰਾਮ ਕੋ ਮਿਲੇ।" ਸੋ ਇਹ ਜ਼ਿਕਰ ਤਕਰੀਬਨ ੪ ਮੱਘਰ, ਸੰਮਤ ੧੫੬੧ ਦਾ ਹੈ। ਈਸਵੀ ਸੰਨ ਅਨੁਸਾਰ ਤਕਰੀਬਨ ੩੦ ਅਕਤੂਬਰ ੧੫੦੪ ਸੀ। ਮੁਲਤਾਨਪੁਰ, ਕਪੂਰਥਲੇ ਤੋਂ ੧੬ ਮੀਲ ਦੱਖਣ ਪਾਸੇ ਹੈ। ੧੧ਵੀਂ ਸਦੀ ਵਿਚ ਮਹਿਮੂਦ ਗ਼ਜ਼ਨਵੀ ਦੇ ਫ਼ੌਜਦਾਰ ਸੁਲਤਾਨ ਖ਼ਾਨ ਲੋਦੀ ਨੇ ਇਹ ਨਗਰ ਵਸਾਇਆ ਸੀ।

ਉਸ ਵੇਲੇ ਤਕ ਸਤਿਗੁਰੂ ਜੀ ਦੇ ਘਰ ਦੋਵੇਂ ਸਾਹਿਬਜ਼ਾਦੇ ਬਾਬਾ ਸਿਰੀ ਚੰਦ ਅਤੇ ਬਾਬਾ ਲਖਮੀ ਦਾਸ ਜੀ ਪੈਦਾ ਹੋ ਚੁਕੇ ਸਨ। ਸਿੱਖ-ਇਤਿਹਾਸ ਅਨੁਸਾਰ ਬਾਬਾ ਸਿਰੀ ਚੰਦ ਜੀ ਦਾ ਜਨਮ ਭਾਦਰੋਂ ਸੁਦੀ ੯, ਸੰਮਤ ੧੫੫੧ (ਅਗਸਤ, ਸੰਨ ੧੪੯੪) ਨੂੰ ਹੋਇਆ ਸੀ, ਅਤੇ ਬਾਬਾ ਲਖਮੀ ਦਾਸ ਜੀ ਦਾ ੨੯ ਫੱਗਣ, ਸੰਮਤ ੧੫੫੩ ਨੂੰ (ਮਾਰਚ, ੧੪੯੭)।

ਤਲਵੰਡੀ ਤੋਂ ਤੁਰਨ ਲੱਗਿਆਂ ਗੁਰੂ ਨਾਨਕ ਦੇਵ ਜੀ ਨੇ ਭਾਈ ਮਰਦਾਨੇ ਨੂੰ ਆਪਣੇ ਨਾਲ ਲੈ ਲਿਆ। ਮਰਦਾਨਾ ਭੀ ਸਤਿਗੁਰੂ ਜੀ ਤੋਂ ਬਿਨਾ ਨਹੀਂ ਸੀ ਰਹਿ ਸਕਦਾ। ਸਤਾਰ੍ਹਾਂ-ਅਠਾਰ੍ਹਾਂ ਸਾਲਾਂ ਦੀ ਅੱਤ ਨੇੜੇ ਦੀ ਪ੍ਰੀਤ ਬਣ ਚੁੱਕੀ ਸੀ। ਸਾਥ ਛੱਡਦਾ ਭੀ ਕਿਵੇਂ ? ਬਾਕੀ ਲੋਕਾਂ ਦੀਆਂ ਨਜ਼ਰਾਂ ਵਿਚ ਮਰਦਾਨਾ ਇਕ ਗ਼ਰੀਬ ਮਿਰਾਸੀ ਹੀ ਸੀ। ਸਾਵੀਂ ਮਨੁੱਖਤਾ ਵਾਲਾ ਸਲੂਕ ਉਸ ਨੂੰ ਸਿਰਫ਼ ਸਤਿਗੁਰੂ ਜੀ ਤੋਂ ਹੀ ਮਿਲ ਰਿਹਾ ਸੀ।

ਗੁਰੂ ਸਾਹਿਬ ਪਰਵਾਰ ਨੂੰ ਆਪਣੇ ਮਾਤਾ ਪਿਤਾ ਪਾਸ ਹੀ ਛੱਡ ਆਏ। ਬਾਬਾ ਸਿਰੀ ਚੰਦ ਜੀ ਦੀ ਉਮਰ ਉਸ ਵੇਲੇ ਦਸਾਂ ਸਾਲਾਂ ਦੀ ਸੀ ਅਤੇ ਬਾਬਾ ਲਖਮੀ ਦਾਸ ਜੀ ਦੀ ਸੱਤਾਂ ਸਾਲਾਂ ਦੀ।

## ਮੋਦੀਖ਼ਾਨਾ

ਉਸ ਸਮੇ ਕਿਸਾਨ ਲੋਕ ਸਰਕਾਰੀ ਮਾਮਲਾ, ਆਮ ਤੌਰ ਤੇ ਜਿਨਸ ਵਿਚ ਦਿਆ ਕਰਦੇ ਸਨ। ਸਰਕਾਰੀ ਮੁਲਾਜ਼ਮਾਂ ਨੂੰ ਤਨਖ਼ਾਹ ਦਾ ਬਹੁਤਾ ਹਿੱਸਾ ਇਸੇ ਜਿਨਸ ਵਿਚੋਂ ਮਿਲਦਾ ਸੀ। ਮੁਲਾਜ਼ਮਾਂ ਨੂੰ ਇਹ ਜਿਨਸ ਤੋਲ ਕੇ ਦੇਣੀ-ਦਿਵਾਣੀ ਮੋਦੀ ਦੀ ਜ਼ਿੰਮੇਵਾਰੀ ਹੁੰਦੀ ਸੀ। ਵੱਧ ਰਹੀ ਜਿਨਸ ਵੇਚ ਕੇ ਰੁਪਇਆ ਸਰਕਾਰੀ ਖ਼ਜ਼ਾਨੇ ਵਿਚ ਜਮ੍ਹਾ ਕਰਾਉਣਾ ਹੁੰਦਾ ਸੀ। ਸਾਰਾ ਸਰਕਾਰੀ ਕੰਮ-ਕਾਰ ਇਸੇ ਮਹਿਕਮੇ ਦੇ ਆਸਰੇ ਸੀ। ਮੋਦੀ ਦਾ ਅਹੁਦਾ ਬੜੀ ਭਾਰੀ ਜ਼ਿੰਮੇਵਾਰੀ ਦਾ ਸੀ। ਇਸ ਅਹੁਦੇ ਉਤੇ ਕਿਸੇ ਮੰਨੇ-ਪਰਮੰਨੇ ਈਮਾਨਦਾਰ ਆਦਮੀ ਦੀ ਲੋੜ ਹੁੰਦੀ ਸੀ, ਜੋ ਨਾ ਸਰਕਾਰ ਨਾਲ ਅਤੇ ਨਾ ਹੀ ਮੁਲਾਜ਼ਮਾਂ ਅਤੇ ਹੋਰ ਗਾਹਕਾਂ ਨਾਲ ਘੱਟ ਵੱਧ ਤੋਲਣ ਦੀ ਠੱਗੀ ਕਰੇ।

ਨਵਾਬ ਦੌਲਤ ਖ਼ਾਨ ਨੇ ਭਾਈ ਜੈ ਰਾਮ ਜੀ ਦੀ ਸਿਫ਼ਾਰਸ਼ ਤੇ ਗੁਰੂ ਨਾਨਕ ਦੇਵ ਜੀ ਨੂੰ ਮੋਦੀ ਦੇ ਅਹੁਦੇ ਤੇ ਰੱਖ ਲਿਆ। ਸੰਨ ੧੫੦੪ ਦੇ ਨਵੰਬਰ ਦਾ ਮਹੀਨਾ ਸ਼ੁਰੂ ਸੀ।

## ਰੋਜ਼ਾਨਾ ਕਿਰਿਆ

ਜਿਵੇਂ ਤਲਵੰਡੀ ਵਿਚ ਰਹਿੰਦਿਆਂ, ਗੁਰੂ ਨਾਨਕ ਦੇਵ ਜੀ ਭਾਈ ਮਰਦਾਨੇ ਨਾਲ ਮਿਲ ਕੇ ਅੰਮ੍ਰਿਤ ਵੇਲੇ ਤੋਂ ਦਿਨ ਚੜ੍ਹੇ ਤਕ ਕੀਰਤਨ ਕਰਦੇ ਸਨ, ਹੱਟੀ-ਪੱਟੀ ਤੋਂ ਵਿਹਲੇ ਹੋ ਕੇ ਤੀਜੇ ਚੌਥੇ ਪਹਿਰ, ਅਤੇ ਰਾਤ ਨੂੰ ਸੌਣ ਤੋਂ ਪਹਿਲਾਂ ਫੇਰ ਕੀਰਤਨ ਦਾ ਆਹਰ ਰਖਦੇ ਸਨ, ਉਸੇ ਤਰ੍ਹਾਂ ਸੁਲਤਾਨਪੁਰ ਜਾ ਕੇ ਭੀ, ਅਕਾਲ ਪੁਰਖ ਦੀ ਸਿਫ਼ਤ-ਸਲਾਹ ਵਾਲੀ ਇਹ ਕਾਰ ਜਾਰੀ ਰਹੀ। ਵੇਈਂ ਨਦੀ ਸੁਲਤਾਨਪੁਰ ਦੇ ਕੋਲੋਂ ਦੀ ਵਗਦੀ ਸੀ। ਵੇਈਂ ਨਾਮ ਦੀਆਂ ਨਦੀਆਂ ਦੋ ਹਨ, ਕਾਲੀ ਵੇਈਂ ਤੇ ਚਿੱਟੀ ਵੇਈਂ। ਕਾਲੀ ਵੇਈਂ ਜ਼ਿਲਾ ਹੁਸ਼ਿਆਰਪੁਰ ਦੀ ਤਹਿਸੀਲ ਦਸੂਹਾ ਪਿੰਡ ਟੇਰਕਿਆਣੇ ਛੰਭ ਵਿਚੋਂ ਨਿਕਲ ਕੇ ਪੁਰਾਣੀ ਰਿਆਸਤ ਕਪੂਰਥਲੇ ਦੇ ਇਲਾਕੇ ਵਿਚੋਂ ਲੰਘਦੀ ਹੋਈ, ਸੁਲਤਾਨਪੁਰੋਂ ਅਗਾਂਹ ਜਾ ਕੇ ਸਤਲੁਜ ਵਿਚ ਹਰੀਕੇ ਪੱਤਣ ਤੋਂ ਦਸ ਕੁ ਮੀਲ



WWW.SIKHBOOKCLUB.COM 

ਉੱਪਰਲੇ ਪਾਸੇ ਮਿਲ ਜਾਂਦੀ ਹੈ।

ਗੁਰੂ ਸਾਹਿਬ ਸਵਾ ਪਹਿਰ ਰਾਤ ਰਹਿੰਦੀ ਉੱਠ ਕੇ ਕਾਲੀ ਵੇਈਂ ਵਿਚ ਇਸ਼ਨਾਨ ਕਰਦੇ ਅਤੇ ਫੇਰ ਭਾਈ ਮਰਦਾਨੇ ਨਾਲ ਰਲ ਕੇ ਕੀਰਤਨ ਵਿਚ ਜੁੜਦੇ ਸਨ। ਏਥੇ ਭੀ ਕਈ ਸਤਸੰਗੀ ਬਣ ਗਏ। ਦਿਨੋ-ਦਿਨ ਸਤਸੰਗ ਰੌਣਕ ਫੜਦਾ ਗਿਆ। ਏਥੇ ਸਤਸੰਗ ਦੀ ਬਰਕਤ ਨਾਲ ਪਿੰਡ ਮੈਲਸੀਹਾਂ ਦੇ ਨੰਬਰਦਾਰ ਭਾਈ ਭਗੀਰਥ ਨੇ ਦੁਰਗਾ ਦੀ ਪੂਜਾ ਛੱਡ ਕੇ ਸਿੱਖ-ਧਰਮ ਗ੍ਰਹਿਣ ਕੀਤਾ ਸੀ। ਗੁਰੂ ਨਾਨਕ ਦੇਵ ਜੀ ਦੇ ਸਿੱਖਾਂ ਵਿਚੋਂ ਇਹ ਇਕ ਤੁਰਨੇ-ਸਿਰ ਸਿੱਖ ਹੋਇਆ ਹੈ।

## ਮੋਦੀ ਦੀ ਕਾਰ

ਜਿਸ ਕਿਸੇ ਨੂੰ ਕਦੇ ਕਚਹਿਰੀਆਂ ਜਾਂ ਮਾਲ ਦੇ ਮਹਿਕਮੇ ਵਾਲਿਆਂ ਨਾਲ ਵਾਹ ਪਿਆ ਹੈ ਉਹ ਜਾਣਦਾ ਹੈ ਕਿ ਇਨ੍ਹੀਂ ਥਾਈਂ ਰਿਸ਼ਵਤ ਆਦਿਕ ਦਾ ਬੜਾ ਜ਼ੋਰ ਹੁੰਦਾ ਹੈ। ਕੋਈ ਵਿਰਲਾ ਹੀ ਹੁੰਦਾ ਹੈ ਜੋ ਇਸ ਬੁਰਾਈ ਤੋਂ ਬਚਿਆ ਰਹੇ। ਈਮਾਨਦਾਰ ਮਨੁੱਖ ਨਿਰੀ ਮਾਇਕ ਆਮਦਨ ਨੂੰ ਹੀ ਲੱਤ ਨਹੀਂ ਮਾਰਦਾ, ਉਸ ਨੂੰ ਅਨੇਕਾਂ ਵਿਰੋਧੀਆਂ ਨਾਲ ਭੀ ਟਾਕਰਾ ਕਰਨਾ ਪੈਂਦਾ ਹੈ। ਰਿਸ਼ਵਤ-ਖ਼ੋਰ ਕਰਮਚਾਰੀ ਆਪਣੇ ਆਪਣੇ ਮਹਿਕਮੇ ਵਿਚੋਂ ਈਮਾਨਦਾਰ ਮੁਲਾਜ਼ਮਾਂ ਦਾ ਕੰਡਾ ਕਿਸੇ ਨ ਕਿਸੇ ਤਰੀਕੇ ਨਾਲ ਕੱਢਣ ਦਾ ਜਤਨ ਕਰਦੇ ਰਹਿੰਦੇ ਹਨ। ਰਿਸ਼ਵਤ ਦੇਣ-ਦਿਵਾਣ ਵਾਲਿਆਂ ਨੂੰ ਭੀ ਈਮਾਨਦਾਰ ਮੁਲਾਜ਼ਮ ਪਸੰਦ ਨਹੀਂ ਆਉਂਦਾ, ਕਿਉਂਕਿ ਉਨ੍ਹਾਂ ਦੇ ਕਈ ਯੋਗ-ਅਯੋਗ ਕੰਮ ਰੁਕ ਜਾਂਦੇ ਹਨ। ਪਰ ਆਮ ਜਨਤਾ ਨੂੰ ਈਮਾਨਦਾਰ ਮੁਲਾਜ਼ਮ ਬੜਾ ਪਿਆਰਾ ਲੱਗਦਾ ਹੈ। ਗੁਰੂ ਨਾਨਕ ਦੇਵ ਜੀ ਬਾਰੇ ਜਨਮ-ਸਾਖੀ ਵਾਲਾ ਲਿਖਦਾ ਹੈ—"ਐਸਾ ਕੰਮ ਕਰਨਿ, ਜੋ ਸਭੁ ਕੋਈ ਖੁਸ਼ੀ ਹੋਵੈ। ਸਭੁ ਲੋਕ ਆਖਨਿ ਜੋ ਵਾਹ ਵਾਹ ਕੋਈ ਭਲਾ ਹੈ। ਸਭੁ ਕੋ ਖਾਨ ਆਗੈ ਸੁਪਾਰਸ਼ ਕਰੇ। ਖਾਨੁ ਬਹੁਤ ਖ਼ੁਸ਼ੀ ਹੋਆ।"

## ਗ਼ਰੀਬਾਂ ਲੋੜਵੰਦਾਂ ਦੀ ਸਹਾਇਤਾ

ਤਲਵੰਡੀ ਵਾਂਗ ਇੱਥੇ ਭੀ ਆਪਣੀ ਕਮਾਈ ਵਿਚੋਂ ਗੁਰੂ ਨਾਨਕ ਦੇਵ ਜੀ ਖੁੱਲ੍ਹੇ-ਦਿਲ ਗ਼ਰੀਬਾਂ ਲੋੜਵੰਦਾਂ ਦੀ ਮਦਦ ਕਰਦੇ ਰਹੇ। ਸਿੱਖ-ਇਤਿਹਾਸ ਨੇ ਵੰਨਗੀ ਵਜੋਂ ਇੱਕੋ ਸਾਖੀ ਦਿੱਤੀ ਹੈ। ਇਹ ਸੁਣ ਕੇ, ਨਵਾਬ ਦਾ ਮੋਦੀ ਗ਼ਰੀਬਾਂ ਨਾਲ ਬੜਾ ਦਰਦ ਵੰਡਦਾ ਹੈ, ਇਕ ਗ਼ਰੀਬ ਬ੍ਰਾਹਮਣ ਨੇ ਆ ਕੇ



WWW.SIKHBOOKCLUB.COM 

ਬੇਨਤੀ ਕੀਤੀ ਕਿ ਮੇਰੀ ਜਵਾਨ ਲੜਕੀ ਵਿਆਹੁਣ-ਯੋਗ ਹੋ ਗਈ ਹੈ, ਪਰ ਮੇਰੇ ਪੱਲੇ ਕੁਝ ਨਹੀਂ। ਵਿਆਹ ਵਿਚ ਜੋ ਜੋ ਕੁਝ ਚਾਹੀਦਾ ਸੀ, ਗੁਰੂ ਨਾਨਕ ਦੇਵ ਜੀ ਨੇ ਉਸ ਦੀ ਸੂਚੀ ਤਿਆਰ ਕਰਾਈ। ਕੁਝ ਸਾਮਾਨ ਐਸਾ ਸੀ ਜਿਸ ਦੇ ਖ਼ਰੀਦਣ ਲਈ ਲਾਹੌਰ ਜਾਣ ਦੀ ਲੋੜ ਪੈ ਗਈ। ਸੁਲਤਾਨਪੁਰ ਦਾ ਬਹੁਤਾ ਵਣਜ-ਵਪਾਰ ਲਾਹੌਰ ਨਾਲ ਹੀ ਹੁੰਦਾ ਸੀ, ਸੁਲਤਾਨਪੁਰ ਦੇ ਰਾਜਸੀ ਸੰਬੰਧ ਲਾਹੌਰ ਨਾਲ ਸਨ। ਲਾਹੌਰ ਦਾ ਗਵਰਨਰ ਤਾਤਾਰ ਖ਼ਾਨ ਲੋਦੀ, ਨਵਾਬ ਦੌਲਤ ਖ਼ਾਨ ਦਾ ਪਿਉ ਸੀ। ਗੁਰੂ ਨਾਨਕ ਦੇਵ ਜੀ ਨੇ ਭਗੀਰਥ ਨੂੰ ਗ਼ਰੀਬ ਬ੍ਰਾਹਮਣ ਦੀ ਲੜਕੀ ਦੇ ਵਿਆਹ ਦੀ ਸਮਗ੍ਰੀ ਖ਼ਰੀਦਣ ਲਈ ਲਾਹੌਰ ਭੇਜਿਆ, ਜੋ ਉੱਥੋਂ ਦੇ ਇਕ ਵਪਾਰੀ ਮਨਸੁਖ ਨੂੰ ਜਾ ਮਿਲਿਆ।

### ਦੀਵੇ ਤੋਂ ਦੀਵਾ

ਮਨਸੁਖ ਨੂੰ ਭਾਈ ਭਗੀਰਥ ਦੇ ਜੀਵਨ ਵਿਚ ਕੋਈ ਐਸੀ ਸੁਆਦਲੀ ਖਿੱਚ ਜਾਪੀ ਕਿ ਉਸ ਪਾਸੋਂ ਗੁਰੂ ਨਾਨਕ ਦੇਵ ਜੀ ਦੀ ਸ਼ੋਭਾ-ਵਡਿਆਈ ਸੁਣ ਕੇ ਉਹ ਭੀ ਉਸ ਦੇ ਨਾਲ ਸਤਿਗੁਰੂ ਜੀ ਦੇ ਦਰਸ਼ਨ ਕਰਨ ਲਈ ਸੁਲਤਾਨਪੁਰ ਆ ਗਿਆ। ਪਹਿਲਾਂ ਉਸ ਦੇ ਮਨ ਵਿਚ ਇਹ ਗੰਢ ਬੱਝੀ ਹੋਈ ਸੀ ਕਿ ਸਭ ਸੰਤਾਂ-ਸਾਧਾਂ ਨੇ ਠੱਗੀ ਹੀ ਚਲਾਈ ਹੋਈ ਹੈ, ਸੱਚਾਈ ਕਿਤੇ ਨਹੀਂ। ਪਰ ਗੁਰੂ ਨਾਨਕ ਦੇਵ ਜੀ ਦੀ ਰੋਜ਼ਾਨਾ ਜੀਵਨ-ਮਰਯਾਦਾ, ਰਹਿਣੀ-ਬਹਿਣੀ, ਕਿਰਤ-ਕਾਰ ਅਤੇ ਗ਼ਰੀਬ-ਪਰਵਰੀ ਵੇਖ ਕੇ ਮਨਸੁਖ ਦਾ ਮਨ ਪਤੀਜ ਗਿਆ। ਕੁਝ ਸਮਾ ਸੁਲਤਾਨਪੁਰ ਰਹਿ ਕੇ, ਸਤਸੰਗ ਵਿਚ ਸਿੱਖੀ ਜੀਵਨ ਦਾ ਰਸਤਾ ਦ੍ਰਿੜ੍ਹ ਕਰ ਕੇ, ਸਤਿਗੁਰੂ ਜੀ ਦੀ ਆਗਿਆ ਅਨੁਸਾਰ ਮੁੜ ਆਪਣੇ ਕਾਰ-ਵਿਹਾਰ ਵਿਚ ਜਾ ਲੱਗਾ। ਮਨਸੁਖ ਵਪਾਰ ਦਾ ਕੰਮ ਕਰਦਾ ਸੀ ਅਤੇ ਦੂਰ ਦੂਰ ਦੇ ਸ਼ਹਿਰਾਂ ਤੇ ਦੇਸ਼ਾਂ ਵਿਚ ਇਸ ਦਾ ਆਉਣ-ਜਾਣ ਸੀ। ਸਿੱਖ-ਇਤਿਹਾਸ ਅਨੁਸਾਰ ਮਨਸੁਖ ਸਿੰਘਲਾਦੀਪ ਭੀ ਜਾਇਆ ਕਰਦਾ ਸੀ। ਕੁਦਰਤ ਦਾ ਨਿਯਮ ਹੈ ਕਿਸੇ ਦੇ ਉੱਚੇ ਜੀਵਨ ਤੋਂ ਹੀ ਨਵਾਂ ਸੁਚੱਜਾ ਜੀਵਨ ਬਣਦਾ ਹੈ। ਮਨਸੁਖ ਕਈ ਵਾਰੀ ਵਪਾਰ ਦੇ ਸੰਬੰਧ ਵਿਚ ਸਿੰਘਲਾਦੀਪ ਜਾ ਚੁੱਕਿਆ ਸੀ, ਅਨੇਕਾਂ ਵਪਾਰੀ ਤੇ ਲੰਕਾ-ਨਿਵਾਸੀ ਉਸ ਦੇ ਜਾਣੂ-ਪਛਾਣੂ ਬਣ ਚੁਕੇ ਹੋਏ ਸਨ। ਸਿੰਘਲਾਦੀਪ ਦੇ ਇਕ ਰਾਜੇ ਸ਼ਿਵਨਾਭ ਨਾਲ ਭੀ ਉਸ ਦੀ ਡੂੰਘੀ ਸਾਂਝ ਸੀ। ਗੁਰੂ ਨਾਨਕ ਦੇਵ ਜੀ ਤੋਂ ਨਵਾਂ ਜੀਵਨ ਲੈ ਕੇ ਜਦੋਂ ਮਨਸੁਖ ਸਿੰਘਲਾਦੀਪ ਗਿਆ ਤਾਂ ਉਸ ਦੇ ਪੁਰਾਣੇ ਜਾਣੂ-ਪਛਾਣੂ ਉਸ ਦੀ ਨਵੀਂ ਰਹਿਣੀ-ਬਹਿਣੀ,



WWW.SIKHBOOKCLUB.COM 

ਉਸ ਦੇ ਨਵੇਂ ਸੁਭਾਅ, ਉਸ ਦੇ ਨਵੇਂ ਸੁੱਚੇ ਵਣਜ-ਵਪਾਰ ਨੂੰ ਤੱਕ ਕੇ ਬੜੇ ਹੈਰਾਨ ਹੋਏ। ਕਈ ਸਿੰਘਾਲੀ ਲੋਕ ਸਤਸੰਗ ਦੇ ਆਸਰੇ, ਗੁਰੂ ਨਾਨਕ ਦੇਵ ਜੀ ਦੇ ਨਾਮ-ਲੇਵਾ ਬਣੇ। ਰਾਜਾ ਸ਼ਿਵਨਾਭ ਭੀ ਗੁਰੂ ਚਰਨਾਂ ਦਾ ਭੌਰਾ ਬਣਿਆ। ਮਨਸੁਖ ਸੰਨ ੧੫੦੬-੦੭ ਵਿਚ ਸਿੰਘਲਾਦੀਪ ਗਿਆ ਸੀ।

## ਪਰਵਾਰ ਸੁਲਤਾਨਪੁਰ ਵਿਚ

ਸੁਲਤਾਨਪੁਰ ਵਿਚ ਕੁਝ ਦਿਨ ਸਤਿਗੁਰੂ ਜੀ ਨੇ ਰੋਟੀ ਦਾ ਪਰਬੰਧ ਵੱਡੀ ਭੈਣ ਜੀ ਦੇ ਘਰ ਹੀ ਰਖਿਆ, ਫੇਰ ਆਪਣੇ ਪਰਵਾਰ ਨੂੰ ਤਲਵੰਡੀ ਤੋਂ ਮੰਗਾ ਲਿਆ। ਸਤਸੰਗ ਦੇ ਵੱਧਣ ਨਾਲ ਕਈ ਸਤਸੰਗੀਆਂ ਨੂੰ ਅਤੇ ਦੂਰੋਂ ਨੇੜਿਓਂ ਆਏ ਲੋੜਵੰਦਾਂ ਨੂੰ ਪ੍ਰਸ਼ਾਦ ਛਕਾਉਣਾ ਗੁਰੂ ਨਾਨਕ ਦੇਵ ਜੀ ਦੀ ਨਿੱਤ ਦੀ ਕਾਰ ਸੀ। ਇਤਨੇ ਕੰਮ ਦਾ ਭਾਰ ਬਹੁਤਾ ਚਿਰ ਭੈਣ ਉੱਤੇ ਨਹੀਂ ਸੀ ਪਾਇਆ ਜਾ ਸਕਦਾ।

ਸਤਿਗੁਰੂ ਜੀ ਦੇ ਮਾਤਾ ਪਿਤਾ ਤਲਵੰਡੀ ਹੀ ਰਹੇ।

## ਚੁਗ਼ਲੀਆਂ

SIKHBOOKCLUB.COM

ਥੋੜੇ ਹੀ ਮਹੀਨਿਆਂ ਵਿਚ ਗੁਰੂ ਨਾਨਕ ਦੇਵ ਜੀ ਦੀ ਖੁੱਲ੍ਹ-ਦਿਲੀ ਅਤੇ ਗ਼ਰੀਬ-ਪਰਵਰੀ ਦੀ ਸ਼ੋਭਾ ਚੁਫੇਰੇ ਦੂਰ ਦੂਰ ਤਕ ਖਿਲਰ ਗਈ। ਨਵਾਬ ਦੌਲਤ ਖ਼ਾਨ ਦੇ ਰਿਸ਼ਵਤ-ਖੋਰ ਕਰਮਚਾਰੀਆਂ ਨੇ ਉਸ ਦੇ ਕੰਨ ਭਰਨੇ ਸ਼ੁਰੂ ਕਰ ਦਿੱਤੇ ਕਿ ਨਵਾਂ ਮੋਦੀ ਸਰਕਾਰੀ ਮੋਦੀਖ਼ਾਨਾ ਲੁਟਾਈ ਜਾ ਰਿਹਾ ਹੈ। ਇਹ ਚੁਗ਼ਲੀਆਂ ਸੁਣ ਕੇ ਨਵਾਬ ਨੂੰ ਕਈ ਵਾਰੀ ਹੌਲ ਭੀ ਪੈਂਦੇ ਹੋਣਗੇ, ਪਰ ਜਦੋਂ ਉਹ ਗੁਰੂ ਨਾਨਕ ਦੇਵ ਜੀ ਦੇ ਸੁੱਚੇ ਜੀਵਨ ਨੂੰ ਦੇਖਦਾ ਸੀ, ਤਾਂ ਉਸ ਦਾ ਮਨ ਖਲੋ ਜਾਂਦਾ ਸੀ। ਇਸ ਤਰ੍ਹਾਂ ਇਕ ਪੂਰਾ ਸਾਲ ਲੰਘ ਗਿਆ। ਲੇਖਾ ਹੋਣ ਉੱਤੇ ਨਵਾਬ ਦੀ ਤਸੱਲੀ ਹੋ ਗਈ। ਚੁਗ਼ਲੀਆਂ ਤਾਂ ਦੂਜੇ ਸਾਲ ਭੀ ਹੁੰਦੀਆਂ ਰਹੀਆਂ, ਪਰ ਹੁਣ ਨਵਾਬ ਦਾ ਮਨ ਪਤੀਜ ਚੁੱਕਾ ਸੀ। ਫਿਰ ਭੀ ਉਸ ਨੂੰ ਇਉਂ ਜਾਪਦਾ ਰਹਿੰਦਾ ਸੀ ਕਿ ਗੁਰੂ ਨਾਨਕ ਦੇਵ ਜੀ ਦਾ ਮਨ ਦੁਨੀਆਦਾਰਾਂ ਵਾਂਗ ਕੰਮ ਵਿਚ ਗੱਡਿਆ ਹੋਇਆ ਨਹੀਂ ਹੈ। ਇਸ ਤਰ੍ਹਾਂ ਹੀ ਪੌਣੇ ਤਿੰਨ ਕੁ ਸਾਲ ਸਤਿਗੁਰੂ ਜੀ ਨੂੰ ਮੋਦੀਖ਼ਾਨੇ ਦੀ ਕਾਰ ਕਰਦਿਆਂ ਲੰਘ ਗਏ।

## ਹੈ ਹੈ ਕਰਦੀ ਸੁਣੀ ਲੁਕਾਈ

ਸਿੱਖ-ਇਤਿਹਾਸ ਵਿਚ ਵੇਈਂ ਨਦੀ ਵਾਲੀ ਸਾਖੀ ਬੜੀ ਪਰਸਿੱਧ ਹੈ। ਗੁਰੂ ਨਾਨਕ ਦੇਵ ਜੀ ਸਦਾ ਵਾਂਗ, ਭਾਦਰੋਂ ਸੁਦੀ ੧੩, ਸੰਮਤ ੧੫੬੪ ਨੂੰ ਕਾਲੀ ਵੇਈਂ ਵਿਚ ਇਸ਼ਨਾਨ ਕਰਨ ਲਈ ਵੜੇ। ਈਸਵੀ ਸੰਨ ਅਨੁਸਾਰ ੨੩ ਅਗਸਤ ਦੇ ਕਰੀਬ ਸੀ। ਅਜੇ ਵਰਖਾ ਰੁੱਤ ਮੁੱਕੀ ਨਹੀਂ ਸੀ। ਹੜ੍ਹਾਂ ਦੀ ਬਹਾਰ ਸੀ। ਸਿੱਖ-ਇਤਿਹਾਸ ਅਨੁਸਾਰ ਸਤਿਗੁਰੂ ਜੀ ਇਸ਼ਨਾਨ ਕਰਨ ਗਏ ਮੁੜ ਨਦੀ ਤੋਂ ਬਾਹਰ ਨਾ ਨਿਕਲੇ। ਤਿੰਨ ਦਿਨ ਲੋਪ ਰਹੇ। ਨਾਲ ਗਿਆ ਟਹਿਲੀਆ ਦਿਨ ਚੜ੍ਹੇ ਤਕ ਉਡੀਕ ਕੇ ਵਾਪਸ ਆ ਗਿਆ ਤੇ ਖ਼ਬਰ ਦਿੱਤੀਓਸੁ। ਗੁਰੂ ਨਾਨਕ ਸਾਹਿਬ ਦੀ ਵੱਡੀ ਭੈਣ ਬੀਬੀ ਨਾਨਕੀ ਤੋਂ ਸਿਵਾ ਸਭ ਨੂੰ ਇਹ ਖ਼ਿਆਲ ਬਣ ਗਿਆ ਕਿ ਉਹ ਹੜ੍ਹ ਵਿਚ ਰੁੜ੍ਹ ਗਏ ਹਨ ਜਾਂ ਡੁੱਬ ਗਏ ਹਨ।[੧]

ਭਾਈ ਗੁਰਦਾਸ ਜੀ ਦੀ ਇਸ਼ਾਰੇ-ਮਾਤਰ ਦਿੱਤੀ ਸਾਖੀ ਤੋਂ ਪਤਾ ਚੱਲਦਾ ਹੈ ਕਿ ਗੁਰੂ ਨਾਨਕ ਦੇਵ ਜੀ ਪ੍ਰਭੂ-ਚਰਨਾਂ ਵਿਚ ਜੁੜ ਕੇ ਗ਼ਰੀਬ ਜਨਤਾ ਉੱਤੇ ਉੱਚ-ਜਾਤੀਏ ਲੋਕਾਂ ਅਤੇ ਜਾਬਰ ਹਾਕਮਾਂ ਵੱਲੋਂ ਹੋ ਰਹੇ ਜ਼ੁਲਮਾਂ ਨੂੰ ਦੂਰ ਕਰਨ ਬਾਰੇ, ਏਕਾਂਤ ਵਿਚ ਵਿਚਾਰਾਂ ਕਰ ਰਹੇ ਸਨ। ਇਹ ਇਕ ਬੜਾ ਮਹਾਨ ਕੰਮ ਸੀ। ਬੜੀ ਹੀ ਕੁਰਬਾਨੀ ਦੀ ਲੋੜ ਸੀ। ਇਸ ਕੰਮ ਨੂੰ ਪੂਰੀ ਕਾਮਯਾਬੀ ਨਾਲ ਸਿਰੇ ਚਾੜ੍ਹਨ ਲਈ ਬੜਾ ਵਿਚਾਰ-ਭਰਿਆ ਪ੍ਰੋਗਰਾਮ ਚਾਹੀਦਾ ਸੀ। ਜਿਹੜੇ ਧਰਮ-ਅਸਥਾਨ ਜਨਤਾ ਨੂੰ ਜੀਵਨ-ਜਾਚ ਸਿਖਾਉਣ ਲਈ ਬਣੇ ਸਨ, ਅੱਜ ਉਹੀ ਜਨਤਾ ਦੇ ਦੁੱਖਾਂ ਦਾ ਵਸੀਲਾ ਸਨ। ਹਿੰਦੂ-ਤੀਰਥ, ਜੋਗੀਆਂ ਦੇ ਮਠ, ਇਸਲਾਮ ਦੇ ਧਰਮ-ਕੇਂਦਰ—ਸਭਨਾਂ ਥਾਵਾਂ ਦੇ ਧਰਮ-ਰੱਖਿਅਕ ਜਨਤਾ ਨੂੰ ਪੈਰਾਂ ਹੇਠ ਲਿਤਾੜ ਰਹੇ ਸਨ। ਬ੍ਰਾਹਮਣਾਂ, ਜੋਗੀਆਂ, ਸਿੱਧਾਂ, ਸ਼ਈਅਦਾਂ, ਪੀਰਾਂ, ਫ਼ਕੀਰਾਂ ਸਭਨਾਂ ਦੀਆਂ ਜਨਤਾ ਉੱਤੇ ਹੋ ਰਹੀਆਂ ਵਧੀਕੀਆਂ ਨਜ਼ਰ ਕਰਨੀਆਂ ਪੈਣੀਆਂ ਸਨ, ਜਿਸ ਕਰਕੇ ਇਨ੍ਹਾਂ ਦਾ ਵੈਰ

---

੧. ਸੁਲਤਾਨਪੁਰ ਤੋਂ ਪੱਖੋਕੇ ਰੰਧਾਵਾ ਪੰਜਾਹ ਮੀਲਾ ਦੇ ਕਰੀਬ ਹੈ। ਭਾਈ ਜੈ ਰਾਮ ਜੀ ਨੇ ਮੂਲਚੰਦ ਜੀ ਨੂੰ ਇਸ ਘਟਨਾ ਬਾਰੇ ਸੁਨੇਹਾ ਭੇਜ ਦਿੱਤਾ। ਇਕ ਪੁਰਾਣਾ ਜਨਮ-ਸਾਖੀ ਵਾਲਾ ਲਿਖਦਾ ਹੈ—

'ਜਿਉ ਕਪੜੇ ਉਤਾਰਿ ਨਫਰ ਕਉ ਪਕੜਾਏ, ਜੂੜਾ ਕਰਿ ਕਰਿ ਜਿਉ ਦਰੀਆਵ ਵਿਚਿ ਜਿਉ ਡੁਬਕੀ ਮਾਰੀ ਤਿਉ ਫੇਰਿ ਨ ਨਿਕਲਿਆ।'

ਇਹ ਜਨਮ ਸਾਖੀ ਬਾਬਾ ਪ੍ਰਿਥੀ ਚੰਦ ਦੇ ਪੁੱਤਰ ਬਾਬਾ ਮੇਹਰਬਾਨ ਦੀ ਲਿਖਾਈ ਹੋਈ ਹੈ। ਪਾਠਕ ਲਫ਼ਜ਼ 'ਜੂੜਾ' ਵਲ ਧਿਆਨ ਦੇਣ। ਗੁਰੂ ਨਾਨਕ ਦੇਵ ਜੀ ਕੇਸਧਾਰੀ ਸਨ।

ਮਹੇੜਨਾ ਪੈਣਾ ਸੀ। ਸਹਿਮੀ ਹੋਈ ਜਨਤਾ ਨੂੰ ਜਗਾਣਾ ਪੈਣਾ ਸੀ ਤੇ ਦਲੇਰ ਹੋ ਕੇ ਆਪਣੇ ਪੈਰਾਂ ਉੱਤੇ ਖਲੋਣ ਲਈ ਹੱਲਾ-ਸ਼ੇਰੀ ਦੇਣੀ ਪੈਣੀ ਸੀ। ਇਹ ਇਕ ਬਗ਼ਾਵਤ ਦੇ ਤੁੱਲ ਸੀ। ਗੁਰੂ ਨਾਨਕ ਦੇਵ ਜੀ ਦੀ ਉਮਰ ਉਸ ਵੇਲੇ ਸਾਢੇ ਅਠੱਤੀ ਸਾਲ ਸੀ। ਉਹਨਾਂ ਦੇ ਦੋਵੇਂ ਪੁੱਤਰ ਸਿਰੀ ਚੰਦ ਤੇ ਲਖਮੀ ਦਾਸ ਅਜੇ ਅੰਞਾਣ-ਉਮਰ ਸਨ। ਜੇ ਗ਼ਰੀਬਾਂ ਦੀ, ਦੁਖੀਆਂ ਦੀ ਬਾਂਹ ਫੜਨੀ ਸੀ, ਤਾਂ ਇਨ੍ਹਾਂ ਮਸੂਮ ਬੱਚਿਆਂ ਨੂੰ ਪਰ-ਅਧੀਨ ਕਰਨਾ ਪੈਣਾ ਸੀ। ਉਨ੍ਹਾਂ ਦੀ ਇਸਤ੍ਰੀ ਭੀ ਅਜੇ ਜਵਾਨ-ਉਮਰ ਸੀ, ਜਿਸ ਨੂੰ ਪਤੀ ਦੇ ਸਾਥ ਦੀ ਲੋੜ ਦਾ ਅੰਦਾਜ਼ਾ ਇਸ ਪੰਜਾਬੀ ਅਖਾਣ ਤੋਂ ਲੱਗ ਸਕਦਾ ਹੈ ਕਿ 'ਅਨਾਥ ਇਸਤ੍ਰੀ ਆਟੇ ਦਾ ਪੇੜਾ ਹੈ, ਘਰ ਵਿਚ ਚੂਹੇ ਖਾਣ ਨੂੰ ਪੈਂਦੇ ਹਨ ਤੇ ਬਾਹਰ ਕਾਂ' ਗ਼ਰੀਬਾਂ ਦੀ ਸਾਰ ਲੈਣ ਤੁਰਿਆਂ ਗੁਰੂ ਨਾਨਕ ਦੇਵ ਜੀ ਉੱਤੇ ਜੋ ਸਰੀਰਕ ਔਖਿਆਈਆਂ ਆਉਣੀਆਂ ਸਨ ਉਹ ਭੀ ਕੋਈ ਸਧਾਰਨ ਨਹੀਂ ਸਨ। ਹਜ਼ਾਰਾਂ ਮੀਲਾਂ ਦਾ ਪੈਦਲ ਸਫ਼ਰ, ਕਈ ਕਈ ਦਿਨਾਂ ਦੀ ਭੁੱਖ ਤ੍ਰੇਹ, ਕਿਤੇ ਮੀਲਾਂ ਤਕ ਰੇਗਿਸਤਾਨ ਹੀ ਰੇਗਿਸਤਾਨ, ਕਹਿਰ ਦੀਆਂ ਲੋਆਂ ਵਿਚ ਭੱਠ-ਤਪਦੇ ਰੇਤ-ਥਲੇ, ਕਿਤੇ ਜੰਗਲ ਹੀ ਜੰਗਲ, ਜਿੱਥੇ ਲਹੂ-ਪੀਣੇ ਮੱਛਰ ਨਾ ਦਿਨੇ ਚੈਨ ਲੈਣ ਦੇਣ ਨਾ ਰਾਤ ਨੂੰ, ਨਾਮ-ਮਾਤਰ ਕੱਜਣ ਵਿਚ ਗਰਮੀ ਤੇ ਸਰਦੀ ਦਾ ਕਸ਼ਟ, ਓਪਰੇ ਓਪਰੇ ਬੰਦੇ, ਓਪਰੀ ਓਪਰੀ ਬੋਲੀ, ਕਿਤੇ ਸ਼ਹਿਰਾਂ ਦੇ ਚਲਾਕ ਤੇ ਕੋਰੇ ਲੋਕ, ਕਿਤੇ ਜਾਂਗਲੀ ਤੇ ਮਾਣਸ-ਖਾਣੇ ਲੋਕ।

ਜੇ ਦੁਖੀਆਂ ਦਾ ਦਰਦ ਵੰਡਣ ਤੁਰਨਾ ਸੀ ਤਾਂ ਅਜਿਹੇ ਅਨੇਕਾਂ ਭਿਆਨਕ ਔਖ ਅੱਖਾਂ ਪਾੜ ਪਾੜ ਕੇ ਵਿਖਾਲੀ ਦੇ ਰਹੇ ਸਨ। ਦੂਜਾ ਪਾਸਾ ਸੀ ਘਰ ਦਾ ਸੁੱਖ। ਆਗਿਆਕਾਰ ਇਸਤ੍ਰੀ ਤੇ ਤੋਤਲੀਆਂ ਗੱਲਾਂ ਕਰਦੇ ਬੱਚਿਆਂ ਦਾ ਪਿਆਰ। ਸੌਖੀ ਰੋਜ਼ੀ, ਇੱਜ਼ਤ ਤੇ ਸਤਿਕਾਰ-ਭਰੀ ਰੋਜ਼ੀ। ਨਵਾਬ ਦੌਲਤ ਖ਼ਾਨ ਨੂੰ ਭਾਗਾਂ ਨਾਲ ਇਹ ਈਮਾਨਦਾਰ ਮੋਦੀ ਮਿਲਿਆ ਸੀ, ਉਹ ਤਾਂ ਲੱਟੂ ਹੋਇਆ ਹੋਇਆ ਸੀ। ਇੱਥੋਂ ਤਕ ਕਿ ਭਾਈ ਗੁਰਦਾਸ ਜੀ ਉਸ ਵਿਚ ਤੇ ਸਿਦਕੀ ਸਿੱਖ ਵਿਚ ਫ਼ਰਕ ਨਹੀਂ ਲੱਭ ਸਕੇ, ਤੇ ਦੌਲਤ ਖ਼ਾਨ ਨੂੰ ਸਿੱਖਾਂ ਦੀ ਕਤਾਰ ਵਿਚ ਗਿਣ ਗਏ। ਮੋਦੀ ਦੇ ਕੰਮ ਵਿਚ ਗੁਰੂ ਨਾਨਕ ਸਾਹਿਬ ਦੀ ਈਮਾਨਦਾਰੀ ਤੇ ਗ਼ਰੀਬ-ਪਰਵਰੀ ਦੀ ਸੋਭਾ ਘਰ ਘਰ ਹੋ ਰਹੀ ਸੀ। ਸੁਲਤਾਨਪੁਰ ਦੀਆਂ ਗਲੀਆਂ ਤੇ ਕੱਖਾਂ ਨੂੰ ਭੀ ਜੀਭ ਲੱਗੀ ਹੋਈ ਸੀ ਤੇ ਆਖਦੇ ਸਨ 'ਧੰਨ ਨਾਨਕ ਮੋਦੀ'। ਜੇ ਗ਼ਰੀਬਾਂ ਦੀ ਸਾਰ ਲੈਣ ਤੁਰਨਾ ਸੀ ਤਾਂ ਇਨ੍ਹਾਂ ਸਾਰੇ ਸੁੱਖਾਂ ਨੂੰ ਲੱਤ ਮਾਰਨੀ ਪੈਣੀ ਸੀ। ਮਨ ਦੋਹਾਂ ਪਾਸਿਆਂ ਨੂੰ ਤੱਕੜੀ ਵਿਚ



WWW.SIKHBOOKCLUB.COM 

ਤੋਲ ਰਿਹਾ ਸੀ। ਕਲਿਯੁਗ ਬਾਜ਼ੀ ਜਿੱਤਣ ਲਈ ਪੂਰਾ ਜ਼ੋਰ ਲਾ ਰਿਹਾ ਸੀ, ਪਰ ਚੁਫਾਲ ਡਿੱਗ ਪਿਆ। ਗੁਰੂ ਨਾਨਕ ਦੇਵ ਜੀ ਨੇ ਫ਼ੈਸਲਾ ਕਰ ਲਿਆ ਕਿ ਸੜ ਰਹੀ ਧਰਤੀ ਉਤੇ ਠੰਢ ਵਰਤਾਉਣ ਲਈ ਨਿੱਜੀ ਸੁੱਖ ਕੁਰਬਾਨ ਕਰਨੇ ਹੀ ਸਹੀ ਰਸਤਾ ਹੈ।

ਆਪ ਨੇ ਭਾਦਰੋਂ ਸੁਦੀ ੧੫ ਨੂੰ ਸਵੇਰੇ ਹੀ ਸੁਲਤਾਨਪੁਰ ਦੇ ਬਾਹਰ ਕਬਰਿਸਤਾਨ ਵਿਚ ਆ ਡੇਰਾ ਕੀਤਾ। ਪਲਾਂ ਵਿਚ ਹੀ ਘਰ ਘਰ ਖ਼ਬਰ ਖਿੱਲਰ ਗਈ ਕਿ ਉਨ੍ਹਾਂ ਦਾ ਪਿਆਰਾ ਮੋਦੀ ਜੀਊਂਦਾ ਹੈ ਤੇ ਨਗਰੋਂ ਬਾਹਰ ਕਬਰਿਸਤਾਨ ਵਿਚ ਆਇਆ ਬੈਠਾ ਹੈ। ਨਵਾਬ ਦੌਲਤ ਖ਼ਾਨ ਤੋਂ ਲੈ ਕੇ ਗ਼ਰੀਬ ਤੋਂ ਗ਼ਰੀਬ ਤਕ ਆ ਢੁੱਕੇ, ਪਰ ਹੁਣ ਸੁਲਤਾਨਪੁਰ ਦੇ ਨਿੱਕੇ ਜਿਹੇ ਮੋਦੀਖ਼ਾਨੇ ਵਿਚ ਬੈਠਣੋਂ ਇਨਕਾਰ ਹੋ ਚੁੱਕਾ ਸੀ। ਜਗਤ, ਉੱਚੀਆਂ ਨੀਵੀਆਂ ਜਾਤਾਂ ਦੇ ਵਿਤਕਰਿਆਂ, ਅਮੀਰੀ ਗ਼ਰੀਬੀ ਦੀਆਂ ਵਿੱਥਾਂ ਅਤੇ ਹਿੰਦੂ-ਮੁਸਲਮਾਨ ਕਾਫ਼ਰ ਮੋਮਨ ਦੇ ਪਾੜਿਆਂ ਵਿਚ ਦੁਖੀ ਹੋ ਰਿਹਾ ਸੀ। ਸੁਲਤਾਨਪੁਰ-ਨਿਵਾਸੀ, ਬੱਚੇ ਤੋਂ ਬੁੱਢੇ ਤਕ, ਢਾਈਆਂ ਤਿੰਨਾਂ ਸਾਲਾਂ ਦੇ ਅੰਦਰ ਹੀ ਗੁਰੂ ਨਾਨਕ ਦੇਵ ਜੀ ਨਾਲ ਅੱਤ ਨੇੜੇ ਦੀ ਸਾਂਝ ਬਣਾ ਚੁਕੇ ਸਨ। ਉਹ ਇਹ ਸੁਣ ਕੇ ਘਬਰਾ ਜਿਹੇ ਗਏ ਕਿ ਉਨ੍ਹਾਂ ਦਾ ਹਰਮਨ ਪਿਆਰਾ ਮੋਦੀ ਉਨ੍ਹਾਂ ਤੋਂ ਸਦਾ ਲਈ ਵਿੱਛੜ ਚੱਲਿਆ ਹੈ। ਵੇਈਂ ਨਦੀ ਤੋਂ ਵਾਪਸ ਆ ਕੇ ਗੁਰੂ ਸਾਹਿਬ ਨੇ ਉਨ੍ਹਾਂ ਨਾਲ ਪਹਿਲੀ ਗੱਲ ਹੀ ਇਹ ਕੀਤੀ ਕਿ 'ਨਾ ਕੋਈ ਹਿੰਦੂ ਨਾ ਮੁਸਲਮਾਨ।' ਸਮਝਾਇਆ ਇਹ ਕਿ ਹਿੰਦੂ ਮੁਸਲਮਾਨ ਵਾਲੇ ਵਿਤਕਰੇ ਛੱਡੋ, ਖ਼ਾਲਿਕ ਨੂੰ ਸਾਰੀ ਖ਼ਲਕਤ ਵਿਚ ਵੇਖੋ। ਨਵਾਬ ਦੌਲਤ ਖ਼ਾਨ ਨੂੰ ਤੇ ਸਾਰੇ ਸੁਲਤਾਨਪੁਰ-ਨਿਵਾਸੀਆਂ ਨੂੰ ਦੱਸਿਆ ਕਿ ਅਸਾਂ ਦੂਰ-ਦੁਰੇਡੇ ਦੇਸ਼ਾਂ ਦੇ ਚੱਕਰ ਲਾ ਕੇ ਹਿੰਦੂ ਮੁਸਲਮਾਨ ਵਾਲੀ ਵਿੱਥ ਦੂਰ ਕਰਨ ਦੇ ਜਤਨ ਕਰਨੇ ਹਨ, ਤਾਕਿ ਲੋਕ ਸਿਰਜਣਹਾਰ ਖ਼ਾਲਿਕ ਨੂੰ, ਉਸ ਦੀ ਰਚੀ ਖ਼ਲਕਤ ਵਿਚ ਵੇਖ ਸਕਣ ਤੇ ਜਗਤ ਵਿਚ ਠੰਢ-ਸ਼ਾਂਤੀ ਵਰਤੇ।

## ਨਵਾਬ ਤੇ ਕਾਜ਼ੀ ਨਾਲ ਨਮਾਜ਼

ਨਵਾਬ ਦੌਲਤ ਖ਼ਾਨ ਦੇ ਨਾਲ ਸੁਲਤਾਨਪੁਰ ਦਾ ਵੱਡਾ ਕਾਜ਼ੀ ਭੀ ਗੁਰੂ ਨਾਨਕ ਦੇਵ ਜੀ ਨੂੰ ਵੇਖਣ ਕਬਰਿਸਤਾਨ ਵਿਚ ਆਇਆ ਹੋਇਆ ਸੀ। ਜਦੋਂ ਉਸ ਨੇ ਸਤਿਗੁਰੂ ਜੀ ਤੋਂ ਇਹ ਸੁਣਿਆ ਕਿ ਸਾਰੀ ਖ਼ਲਕਤ ਵਿਚ ਇਕ ਖ਼ਾਲਿਕ ਵੱਸਦਾ ਹੈ ਤਾਂ ਉਨ੍ਹਾਂ ਨੂੰ ਕਹਿਣ ਲੱਗਾ ਕਿ ਅਸੀ ਹੁਣ ਪੇਸ਼ੀ ਦੀ



WWW.SIKHBOOKCLUB.COM 

ਨਮਾਜ਼[1] ਪੜ੍ਹਨ ਜਾ ਰਹੇ ਹਾਂ, ਜੇ ਤੁਹਾਨੂੰ ਹਿੰਦੂ ਮੁਸਲਿਮ ਸਭਨਾਂ ਵਿਚ ਇੱਕੋ ਰੱਬ ਦਿੱਸਦਾ ਹੈ ਤਾਂ ਆਓ ਸਾਡੇ ਨਾਲ ਰਲ ਕੇ ਨਮਾਜ਼ ਪੜ੍ਹੋ, ਅਸੀ ਉਸੇ ਸਭ-ਵਿਚ-ਵੱਸਦੇ ਰੱਬ ਦੀ ਇਬਾਦਤ ਕਰਨ ਮਸਜਿਦ ਵਿਚ ਜਾ ਰਹੇ ਹਾਂ।

ਗੁਰੂ ਨਾਨਕ ਦੇਵ ਜੀ ਅੰਮ੍ਰਿਤ ਵੇਲੇ ਹੀ ਕਬਰਿਸਤਾਨ ਵਿਚ ਪਹੁੰਚ ਗਏ ਸਨ। ਸੁਲਤਾਨਪੁਰ ਦੇ ਲੋਕਾਂ ਦਾ ਇਕੱਠ ਉੱਥੇ ਸਵੇਰ ਤੋਂ ਲੈ ਕੇ ਦੁਪਹਿਰ ਤਕ ਬਣਿਆ ਰਿਹਾ। ਜਦੋਂ ਦਿਨ ਢੱਲਣ ਲੱਗਾ ਤਾਂ ਕਾਜ਼ੀ ਨੇ ਪੇਸ਼ੀ ਦੀ ਨਮਾਜ਼ ਪੜ੍ਹਨ ਲਈ ਸਤਿਗੁਰੂ ਜੀ ਨੂੰ ਮਸਜਿਦ ਵਿਚ ਚੱਲਣ ਲਈ ਆਖਿਆ। ਸਤਿਗੁਰੂ ਜੀ ਨਵਾਬ ਤੇ ਕਾਜ਼ੀ ਦੇ ਨਾਲ ਤੁਰ ਪਏ। ਪੁਰਾਤਨ ਜਨਮ ਸਾਖੀ ਵਾਲਾ ਲਿਖਦਾ ਹੈ—"ਤਬ ਪੇਸ਼ੀ ਕੀ ਨਵਾਜ ਦਾ ਵਕਤ ਹੋਇਆ। ਸਭਿ ਉਠਿ ਕਰਿ ਨਿਵਾਜ ਗੁਜਾਰਣ ਗਏ ਅਰੁ ਬਾਬਾ ਭੀ ਨਾਲ ਗਇਆ।"

ਮਸਜਿਦ ਵਿਚ ਨਮਾਜ਼ ਪੜ੍ਹਨ ਆਏ ਸਾਰੇ ਮੁਸਲਮਾਨਾਂ ਦੇ ਅੱਗੇ ਖਲੋ ਕੇ ਕਾਜ਼ੀ ਨੇ ਨਮਾਜ਼ ਪੜ੍ਹਨੀ ਸ਼ੁਰੂ ਕੀਤੀ। ਗੁਰੂ ਨਾਨਕ ਦੇਵ ਜੀ ਭੀ ਉਸ ਦੇ ਪਾਸ ਖੜੇ ਹੋ ਗਏ।

ਜਦੋਂ ਸਾਡੇ ਨਾਲ ਗੱਲਾਂ ਕਰਦੇ ਕਿਸੇ ਮਨੁੱਖ ਦਾ ਮਨ ਕਿਸੇ ਹੋਰ ਪਾਸੇ ਚਲਾ ਜਾਏ, ਅਸੀ ਉਸ ਦੇ ਚਿਹਰੇ ਤੋਂ ਸਮਝ ਲੈਂਦੇ ਹਾਂ ਕਿ ਇਸ ਦਾ ਧਿਆਨ ਕਿਸੇ ਹੋਰ ਥਾਂ ਉੱਤੇ ਹੈ। ਮਨੁੱਖ ਦਾ ਚਿਹਰਾ ਉਸ ਦੇ ਮਨ ਦਾ, ਮਾਨੋ, ਸ਼ੀਸ਼ਾ ਹੈ। ਸਤਿਗੁਰੂ ਜੀ ਨੇ ਨਮਾਜ਼ ਪੜ੍ਹਦੇ ਕਾਜ਼ੀ ਵੱਲ ਤੱਕਿਆ, ਤੱਕ ਕੇ ਹੱਸ ਪਏ। ਸਾਫ਼ ਦਿੱਸ ਰਿਹਾ ਸੀ ਕਿ ਕਾਜ਼ੀ ਦੀ ਸਿਰਫ਼ ਜੀਭ ਹੀ ਰਵਾਂ-ਰਵੀਂ ਕੁਰਾਨ ਦੀਆਂ ਆਇਤਾਂ ਪੜ੍ਹੀ ਜਾ ਰਹੀ ਸੀ, ਮਨ ਉੱਥੇ ਹਾਜ਼ਰ ਨਹੀਂ ਹੈ।

ਮੁਸਲਮਾਨੀ ਰਾਜ, ਮੁਸਲਮਾਨਾਂ ਦਾ ਧਰਮ-ਅਸਥਾਨ ਮਸਜਿਦ, ਸੁਲਤਾਨਪੁਰ ਦਾ ਸਭ ਤੋਂ ਵੱਡਾ ਹਾਕਮ ਤੇ ਵੱਡਾ ਕਾਜ਼ੀ ਸੈਂਕੜੇ ਮੁਸਲਮਾਨਾਂ

---

੧. ਹਦੀਸ ਅਨੁਸਾਰ ਹਰੇਕ ਮੁਸਲਮਾਨ ਨੂੰ ਹਦਾਇਤ ਹੈ ਕਿ ਉਹ ਪੰਜ ਵੇਲੇ ਜ਼ਰੂਰ ਨਮਾਜ਼ ਪੜ੍ਹੇ। ਉਹ ਪੰਜ ਨਮਾਜ਼ਾਂ ਇਹ ਹਨ:

(ੳ) ਸਲਾਤੁਲ ਫਜਰ—ਨਮਾਜ਼ਿ ਸੁਬਹ—ਪਹੁ ਫੁਟਾਲੇ ਤੋਂ ਲੈ ਕੇ ਸੂਰਜ ਚੜ੍ਹਨ ਤਕ ਦੀ ਨਮਾਜ਼।

(ਅ) ਸਲਾਤੁੱਜ਼ੁਹਰ—ਨਮਾਜ਼ਿ ਪੇਸ਼ੀਨ—ਸੂਰਜ ਢੱਲਣ ਵੇਲੇ ਦੀ ਨਮਾਜ਼।

(ੲ) ਸਲਾਤੁਲ ਅਸਰ—ਨਮਾਜ਼ਿ ਦੀਗਰ—ਤੀਜੇ ਪਹਿਰ ਦੀ ਨਮਾਜ਼।

(ਸ) ਸਲਾਤੁਲ ਮਗ਼ਰਿਬ—ਨਮਾਜ਼ਿ ਸ਼ਾਮ—ਸੂਰਜ ਡੁੱਬਣ ਤੋਂ ਲੈ ਕੇ ਅਕਾਸ਼ ਦੀ ਲਾਲੀ ਮਿਟ ਜਾਣ ਤਕ ਦੀ ਨਮਾਜ਼

(ਹ) ਸਲਾਤੁਲ ਇਸ਼ਾ—ਨਮਾਜ਼ਿ ਖੁਫ਼ਤਨ—ਸੌਣ ਵੇਲੇ ਦੀ ਨਮਾਜ਼।



WWW.SIKHBOOKCLUB.COM 

ਸਮੇਤ ਨਮਾਜ਼ ਵਿਚ ਸ਼ਾਮਲ--ਕਿਸੇ ਮੂਰਖ ਦਾ ਹੀ ਕੰਮ ਸੀ ਕਿ ਨਮਾਜ਼ ਪੜ੍ਹਦੇ ਕਾਜ਼ੀ ਦੇ ਪਾਸ ਖਲੋ ਕੇ ਉਸ ਦੇ ਮੂੰਹ ਵਲ ਤੱਕ ਕੇ ਉਸ ਦਾ ਹਾਸਾ ਉਡਾਏ। ਨਮਾਜ਼ ਵਰਗਾ ਬੜਾ ਹੀ ਪਾਕ ਕੰਮ ਕਰਦੇ ਸਭ ਤੋਂ ਵੱਡੇ ਕਾਜ਼ੀ ਉਤੇ, ਉਸ ਦੇ ਕੋਲ ਖਲੋ ਕੇ ਹੱਸਦੇ ਗ਼ੈਰ-ਮੁਸਲਿਮ ਵਾਸਤੇ, ਸ਼ਰਹ ਦੇ ਹੁਕਮ ਨੂੰ ਗੁਰੂ ਨਾਨਕ ਦੇਵ ਜੀ ਚੰਗੀ ਤਰ੍ਹਾਂ ਜਾਣਦੇ ਸਨ। ਉਨ੍ਹਾਂ ਦੀ ਉਮਰ ਉਸ ਵੇਲੇ ਸਾਢੇ ਅਠੱਤੀ ਸਾਲਾਂ ਦੀ ਸੀ। ਪਰ ਵੇਈਂ ਨਦੀਓਂ ਪਾਰਲੇ ਪਾਸੇ, ਜਿਸ ਰਸਤੇ ਬਾਰੇ ਦੋ ਦਿਨ ਸੋਚਦੇ ਰਹੇ ਸਨ, ਉਹ ਰਸਤਾ ਲੰਘਦਾ ਹੀ ਇਹੋ ਜਿਹੀਆਂ ਕੰਡਿਆਲੀਆਂ ਝਾੜੀਆਂ ਵਿਚੋਂ ਦੀ ਸੀ। ਨੌਂ ਸਾਲਾਂ ਦੀ ਉਮਰੇ ਆਪ ਨੇ ਹਿੰਦੂ ਭਾਈਚਾਰੇ ਦੇ ਇਕੱਠ ਵਿਚ, ਬ੍ਰਾਹਮਣ ਦੇ ਖਿਲਾਰੇ ਭਰਮ-ਜਾਲ ਦੀ ਅਸਲੀਅਤ ਦੱਸੀ ਸੀ। ਅੱਜ ਇਹ ਦੂਜਾ ਮੌਕਾ ਸੀ। ਗੁਰੂ ਨਾਨਕ ਦੇਵ ਜੀ ਦੇ ਹਰੇਕ ਨਾਮ-ਲੇਵਾ ਸਿੱਖ ਵਾਸਤੇ ਸਤਿਗੁਰੂ ਜੀ ਦੀ ਨਿਰਭੈਤਾ ਦਾ ਇਹ ਦੂਜਾ ਚਾਨਣ-ਮੁਨਾਰਾ ਹੈ, ਜਿਸ ਦੀ ਰੌਸ਼ਨੀ ਨਾਲ ਉਸ ਨੇ ਵੇਖਣਾ ਹੈ ਕਿ ਨਿਰਾ ਕਰਮ-ਕਾਂਡ, ਨਿਰੀ ਸ਼ਰਹ, ਜੀਵਨ ਦਾ ਸਹੀ ਰਸਤਾ ਨਹੀਂ ਹੈ।

ਕਾਜ਼ੀ ਕਿਵੇਂ ਸਹਾਰ ਸਕਦਾ ਸੀ ਇਹ ਹਾਸਾ ? ਉਸ ਨੇ ਨਮਾਜ਼ ਖ਼ਤਮ ਹੋਣ ਉਤੇ ਉਥੇ ਹੀ ਨਵਾਬ ਨੂੰ ਆਖਿਆ। ਨਵਾਬ ਨੇ ਖ਼ੁਦ ਭੀ ਇਹ ਸਭ ਕੁਝ ਅੱਖੀਂ ਵੇਖਿਆ ਸੀ, ਉਹ ਭੀ ਪਾਸ ਹੀ ਖੜਾ ਸੀ। ਉਸ ਵੱਲੋਂ ਹਾਸੇ ਦਾ ਕਾਰਨ ਪੁੱਛਣ ਉੱਤੇ ਸਤਿਗੁਰੂ ਜੀ ਨੇ ਉੱਤਰ ਦਿੱਤਾ ਕਿ ਕਾਜ਼ੀ ਸਾਹਿਬ ਆਪ ਹੀ ਸੱਚ ਦੱਸ ਦੇਣ। ਇਨ੍ਹਾਂ ਦਾ ਚਿਹਰਾ ਦੱਸ ਰਿਹਾ ਸੀ ਕਿ ਇਨ੍ਹਾਂ ਦਾ ਮਨ ਨਮਾਜ਼ ਵਿਚ ਨਹੀਂ ਸੀ। ਇਸ ਗੱਲ ਦਾ ਕੀ ਲਾਭ ਕਿ ਨਿਰੀ ਜੀਭ ਹੀ ਰਵਾਂ-ਰਵੀਂ ਕੋਈ ਲਫ਼ਜ਼ ਪੜ੍ਹਦੀ ਜਾਏ ? ਜਨਮ-ਸਾਖੀ ਵਾਲਾ ਲਿਖਦਾ ਹੈ—"ਤਬ ਬਾਬੇ ਕਹਿਆ, ਖ਼ਾਨ ਜੀ ! ਜਬ ਉਹ ਨਮਾਜ਼ ਉਪਰਿ ਖੜਾ ਥਾ ਤਬਿ ਇਸ ਕਾ ਮਨੁ ਠਉੜ ਨਾ ਥਾ। ਇਨ ਕੀ ਘੋੜੀ ਸੂਈ ਥੀ, ਵਛੇਰੀ ਜੰਮੀ ਥੀ, ਅਰੁ ਵਛੇਰੀ ਛਡਿ ਕਰਿ ਆਇਆ ਥਾ। ਅਰੁ ਵੇੜ੍ਹੇ ਵਿਚ ਖੂਹੀ ਥੀ। ਅਰੁ ਇਨਿ ਕਹਿਆ, ਮਤੁ ਵਛੇਰੀ ਖੂਹੀ ਵਿਚ ਪਉਂਦੀ ਹੋਵੇ। ਇਨ ਕਾ ਮਨੁ ਉਹਾਂ ਗਇਆ ਆਹਾ। ਇਸ ਕੀ ਨਮਾਜ਼ ਕਬੂਲ ਨਹੀਂ ਪੜੀ।"

## ਸੁਲਤਾਨਪੁਰ ਤੋਂ ਤਿਆਰੀ

ਭਾਦਰੋਂ ਸੁਦੀ ੧੫, ਸੰਮਤ ੧੫੬੪ ਨੂੰ ਗੁਰੂ ਨਾਨਕ ਦੇਵ ਜੀ ਨੇ ਮੋਦੀਖਾਨਾ ਛੱਡ ਦਿੱਤਾ। ਸੂਰਜ ਦੇ ਹਿਸਾਬ ਤਦੋਂ ਤਕਰੀਬਨ ਪਹਿਲੀ ਅੱਸੂ



WWW.SIKHBOOKCLUB.COM 

ਸੀ। ਈਸਵੀ ਅਨੁਸਾਰ ਸੰਨ ੧੫੦੭, ਅਗਸਤ ਦੀ ਤਕਰੀਬਨ ੩੦ ਤਰੀਕ ਸੀ।[1]

## ਮੋਦੀਖ਼ਾਨੇ ਦਾ ਲੇਖਾ

ਜਦੋਂ ਨਵਾਬ ਨੇ ਪੱਕ ਕਰ ਲਿਆ ਕਿ ਗੁਰੂ ਨਾਨਕ ਦੇਵ ਜੀ ਨੇ ਮੋਦੀਖਾਨਾ ਜ਼ਰੂਰ ਛੱਡ ਦੇਣਾ ਹੈ, ਤਾਂ ਸਾਰੇ ਹਿਸਾਬ ਦੀ ਪੜਤਾਲ ਕੀਤੀ ਗਈ। ਗਰੀਬਾਂ ਤਕ ਇਹ ਖ਼ਬਰ ਬਿਜਲੀ ਦੀ ਰੌ ਵਾਂਗ ਅੱਪੜ ਗਈ ਕਿ ਉਨ੍ਹਾਂ ਦਾ

---

੧. ਅੱਜ-ਕੱਲ੍ਹ ਅਸੀ ਵੇਖਦੇ ਹਾਂ ਕਿ ਅੰਗਰੇਜ਼ੀ ਮਹੀਨੇ ਦੇ ਤਕਰੀਬਨ ਅੱਧ ਵਿਚ ਜਾ ਕੇ ਦੇਸੀ ਮਹੀਨਾ ਸ਼ੁਰੂ ਹੁੰਦਾ ਹੈ। ਅੰਗਰੇਜ਼ੀ ਤੇ ਦੇਸੀ ਮਹੀਨੇ ਇਕੱਠੇ ਸ਼ੁਰੂ ਨਹੀਂ ਹੁੰਦੇ। ਅੱਸੂ ਦੀ ਸੰਗ੍ਰਾਂਦ ਸਤੰਬਰ ਦੇ ਅੱਧ ਵਿਚ ਆਉਂਦੀ ਹੈ। ਸਰਾਧ ਆਮ ਤੌਰ ਤੇ, ਸਤੰਬਰ ਦੇ ਅੱਧ ਵਿਚ ਆਉਂਦੇ ਹਨ, ਅਗਸਤ ਦੇ ਅਖ਼ੀਰ ਵਿਚ ਨਹੀਂ। ਭਾਦੋਂ ਸੁਦੀ ੧੫ ਨੂੰ ਪਹਿਲਾ ਸਰਾਧ ਹੁੰਦਾ ਹੈ। ਇਹ ਜ਼ਰੂਰੀ ਜਾਪਦਾ ਹੈ ਕਿ ਇਹ ਟਪਲਾ ਇੱਥੇ ਹੱਲ ਕੀਤਾ ਜਾਏ।

ਯੋਰਪ ਦੇ ਈਸਾਈ ਮੁਲਕਾਂ ਵਿਚ ਈਸਵੀ ਸੰਨ ਦੀਆਂ ਤਰੀਕਾਂ ਬਾਰੇ ਕਈ ਵਾਰੀ ਫ਼ਰਕ ਪੈ ਜਾਂਦਾ ਸੀ। ਉਨ੍ਹਾਂ ਮੁਲਕਾਂ ਨੇ ਉਸ ਫ਼ਰਕ ਨੂੰ ਠੀਕ ਕਰ ਕੇ ਇੱਕੋ ਤਰੀਕ ਕਰ ਲਈ। ਪਰ ਇੰਗਲਿਸਤਾਨ ਨੇ ਨਾ ਕੀਤੀ। ਇਸ ਦਾ ਨਤੀਜਾ ਇਹ ਨਿਕਲਿਆ ਕਿ ਸੰਨ ੧੭੫੨ ਦੇ ਸਤੰਬਰ ਤਕ ਉਨ੍ਹਾਂ ਦਾ ਯੋਰਪ ਦੇ ਮੁਲਕਾਂ ਨਾਲੋਂ ੧੧ ਦਿਨਾਂ ਦਾ ਫ਼ਰਕ ਪੈ ਗਿਆ। ਇੰਗਲਿਸਤਾਨ ੧੧ ਦਿਨ ਪਿੱਛੇ ਰਹਿ ਗਿਆ। ਸੰਨ ੧੭੫੨ ਤਕ ਜਦੋਂ ਸਾਡੇ ਦੇਸ਼ ਵਿਚ ੧ ਵੈਸਾਖ ਹੁੰਦਾ ਸੀ, ਇੰਗਲਿਸਤਾਨ ਵਿਚ ੨੫ ਜਾਂ ੩੦ ਮਾਰਚ ਹੁੰਦਾ ਸੀ। ਅੰਗਰੇਜ਼ਾਂ ਨੇ ਯੋਰਪ ਦੇ ਦੂਜੇ ਮੁਲਕਾਂ ਨਾਲ ਤਰੀਕ ਦੀ ਸਾਂਝ ਰੱਖਣ ਲਈ ਇਹ ਫ਼ੈਸਲਾ ਕੀਤਾ ਕਿ ੨ ਸਤੰਬਰ ਤੋਂ ਪਿਛੋਂ ੩ ਸਤੰਬਰ ਦੀ ਥਾਂ ੧੪ ਸਤੰਬਰ ਕੀਤਾ ਜਾਏ। ਜਦੋਂ ਸਾਡੇ ਦੇਸ ਵਿਚ ਸੰਮਤ ੧੮੦੧ ਦੇ ਅੱਸੂ ਦੀ ਸੰਗ੍ਰਾਂਦ ਸੀ ਅਤੇ ਚੰਦ੍ਰਮਾ ਦੇ ਹਿਸਾਬ ਭਾਦਰੋਂ ਸੁਦੀ ੬ ਸੀ, ਉਸ ਦਿਨ ਇੰਗਲਿਸਤਾਨ ਵਿਚ ੨ ਸਤੰਬਰ, ਸੰਨ ੧੭੫੨ ਸੀ, ਦਿਨ ਬੁੱਧਵਾਰ, ਅਗਲੇ ਦਿਨ ਵੀਰਵਾਰ, ੨ ਅੱਸੂ ਨੂੰ, ਅੰਗਰੇਜ਼ਾਂ ਨੇ ੧੪ ਸਤੰਬਰ ਕਰ ਲਿਆ। ਇਸ ਦਾ ਨਤੀਜਾ ਇਹ ਹੋਇਆ ਕਿ ਅਗਲੇ ਸਾਲ ਸੰਨ ੧੭੫੩ ਵਿਚ ਸਾਡੀ ਵੈਸਾਖ ਦੀ ਸੰਗ੍ਰਾਂਦ ਨੂੰ ਇੰਗਲਿਸਤਾਨ ਵਿਚ ੯ ਅਪ੍ਰੈਲ ਸੀ। ਫੇਰ ਆਮ ਤੌਰ ਤੇ, ੧੦ ਅਪ੍ਰੈਲ ਨੂੰ ਵੈਸਾਖ ਦੀ ਪਹਿਲੀ ਤਰੀਕ ਹੋਣ ਲੱਗ ਪਈ। ਸੰਨ ੧੮੦੦ ਦੀ ਵੈਸਾਖੀ ੧੧ ਅਪਰੈਲ ਸੀ। ਫਿਰ ਕਦੇ ੧੧ ਤੇ ਕਦੇ ੧੨ ਹੋਣ ਲੱਗ ਪਈ। ਸੰਨ ੧੯੦੨ ਵਿਚ ਵੈਸਾਖੀ ੧੩ ਅਪ੍ਰੈਲ ਨੂੰ ਸੀ। ਕਦੇ ੧੨ ਕਦੇ ੧੩। ਹੁਣ ਆਮ ਤੌਰ ਤੇ ੧੩ ਅਪ੍ਰੈਲ ਨੂੰ ਵੈਸਾਖ ਦੀ ਸੰਗ੍ਰਾਂਦ ਆਉਂਦੀ ਹੈ। ਇਸੇ ਹਿਸਾਬ ਅੱਸੂ ਦੀ ਸੰਗ੍ਰਾਂਦ, ਸਤੰਬਰ ਦੇ ਤਕਰੀਬਨ ਅੱਧ ਵਿਚ ਆ ਜਾਂਦੀ ਹੈ। ਸੋ ਜਦੋਂ ਤਕਰੀਬਨ ੧ ਅੱਸੂ ਨੂੰ ਸੁਲਤਾਨਪੁਰ ਛੱਡਿਆ, ਤਦੋਂ ਅੰਗਰੇਜ਼ਾਂ ਦੇ ਦੇਸ ਵਿਚ ੩੦ ਅਗਸਤ ਦੇ ਕਰੀਬ ਤਰੀਕ ਸੀ। ਇਸ ਤਰ੍ਹਾਂ ਉਸ ਸਾਲ ਸਰਾਧ ਅਗਸਤ ਦੇ ਅਖ਼ੀਰ ਵਿਚ ਆ ਗਏ। ਸਰਾਧ ਸਦਾ ਭਾਦਰੋਂ ਸੁਦੀ ੧੫ ਤੋਂ ਸ਼ੁਰੂ ਹੁੰਦੇ ਹਨ।



WWW.SIKHBOOKCLUB.COM

ਦਰਦੀ ਉਨ੍ਹਾਂ ਨੂੰ ਸਦਾ ਲਈ ਛੱਡ ਚੱਲਿਆ ਹੈ, ਅਨੇਕਾਂ ਦੀ ਭੀੜ ਉੱਥੇ ਹੋ ਗਈ। ਹਿਸਾਬ ਅਨੁਸਾਰ ਆਪਣੀ ਬਾਕੀ ਰਕਮ ਵਿਚੋਂ ਸਤਿਗੁਰੂ ਜੀ ਨੇ ਫੇਰ ਕਈਆਂ ਦੀ ਸਹਾਇਤਾ ਕਰ ਦਿੱਤੀ।

## ਸੁਲਤਾਨਪੁਰ ਤੋਂ ਕੂਚ

ਜਦੋਂ ਗੁਰੂ ਨਾਨਕ ਦੇਵ ਜੀ ਸੁਲਤਾਨਪੁਰ ਆਏ ਸਨ ਤਦੋਂ ਸੰਮਤ ੧੫੬੧ ਦੇ ਮਹੀਨਾ ਮੱਘਰ ਦੀ ਤਕਰੀਬਨ ੪ ਤਰੀਕ ਸੀ, ਈਸਵੀ ਸੰਨ ੧੫੦੪ ਦੀ ਤਕਰੀਬਨ ੩੦ ਅਕਤੂਬਰ। ਜਿਸ ਦਿਨ ਸੁਲਤਾਨਪੁਰ ਛੱਡਿਆ ਉਸ ਦਿਨ ਸੰਮਤ ੧੫੬੪ ਦੇ ਮਹੀਨਾ ਅੱਸੂ ਦੀ ਤਕਰੀਬਨ ਪਹਿਲੀ ਤਰੀਕ ਸੀ, ਈਸਵੀ ਸੰਨ ਅਨੁਸਾਰ ੧੫੦੭ ਦੇ ਅਗਸਤ ਦੀ ੩੦ ਤਰੀਕ ਦੇ ਕਰੀਬ। ਸਤਿਗੁਰੂ ਜੀ ਸੁਲਤਾਨਪੁਰ ਵਿਚ ਦੋ ਸਾਲ ਦਸ ਮਹੀਨੇ ਟਿਕੇ ਰਹੇ।

## ਪਰਵਾਰ ਦੀ ਸਪੁਰਦਗੀ

ਸਿੱਖ-ਇਤਿਹਾਸ ਲਿਖਦਾ ਹੈ ਕਿ ਭਾਈ ਜੈ ਰਾਮ ਜੀ ਦਾ ਸੁਨੇਹਾ ਮਿਲਣ ਤੇ ਗੁਰੂ ਨਾਨਕ ਦੇਵ ਜੀ ਦੇ ਸਹੁਰਾ ਮੂਲਚੰਦ ਜੀ ਸੁਲਤਾਨਪੁਰ ਆ ਪਹੁੰਚੇ ਸਨ। ਸਤਿਗੁਰੂ ਜੀ ਨੇ ਉਨ੍ਹਾਂ ਨੂੰ ਮੋਦੀਖਾਨਾ ਤਿਆਗਣ ਬਾਰੇ ਸਾਰੀ ਗੱਲ ਸਮਝਾ ਦਿੱਤੀ ਅਤੇ ਆਪਣੇ ਪਰਵਾਰ ਦੀ ਸੌਂਪਣਾ ਉਨ੍ਹਾਂ ਨੂੰ ਕਰ ਦਿੱਤੀ। ਸਤਿਗੁਰੂ ਜੀ ਦੀ ਭੈਣ ਬੀਬੀ ਨਾਨਕੀ ਜੀ ਅਤੇ ਭਣਵਈਆ ਭਾਈ ਜੈ ਰਾਮ ਜੀ ਪਾਸ ਹੀ ਹਨ।

ਗ੍ਰਿਹਸਤੀ ਦੇ ਦ੍ਰਿਸ਼ਟੀ-ਕੋਣ ਤੋਂ ਪਰਵਾਰ ਤੋਂ ਵਿੱਛੜਨ ਦਾ ਉਹ ਸਮਾ ਬੜਾ ਹੀ ਪੀੜ-ਭਰਿਆ ਹੋਵੇਗਾ। ਕਈ ਸਾਲਾਂ ਦਾ ਲੰਮਾ ਸਫ਼ਰ, ਪਤਾ ਨਹੀਂ ਮੁੜ ਮਿਲਣਾ ਹੈ ਕਿ ਨਹੀਂ, ਬੱਚਿਆਂ ਦੀ ਤੇ ਇਸਤ੍ਰੀ ਦੀ ਪਰ-ਅਧੀਨਤਾ—ਇਨ੍ਹਾਂ ਖ਼ਿਆਲਾਂ ਨੇ ਸਾਰੇ ਪਰਵਾਰ ਨੂੰ ਵਿਆਕੁਲ ਕਰ ਦਿੱਤਾ। ਪਰ ਇਹ ਕੁਰਬਾਨੀ ਕੀਤੇ ਬਿਨਾ ਸਾਰੇ ਦੇਸ਼ ਦੇ ਵਿਲਕਦਿਆਂ ਦੀ ਬਾਂਹ ਕਿਵੇਂ ਫੜੀ ਜਾ ਸਕਦੀ ਸੀ ?



WWW.SIKHBOOKCLUB.COM 

## ੩

# ਪਹਿਲੀ ਉਦਾਸੀ

(ਸਤੰਬਰ ਸੰਨ ੧੫੦੮ ਤੋਂ ੧੫੧੫ ਦੇ ਅਖ਼ੀਰ ਤਕ)

ਗੁਰੂ ਨਾਨਕ ਸਾਹਿਬ ਦੇ ਸਮੇ ਵਿਚ ਤਿੰਨ ਤਰ੍ਹਾਂ ਦੇ ਧਾਰਮਿਕ ਅਸਥਾਨ ਪਰਸਿੱਧ ਸਨ—ਹਿੰਦੂਆਂ ਦੇ ਤੀਰਥ, ਜੋਗੀਆਂ ਦੇ ਮਠ ਅਤੇ ਇਸਲਾਮ ਦੇ ਕੇਂਦਰੀ ਅਸਥਾਨ। ਤਿੰਨ ਸੌ ਸਾਲਾਂ ਤੋਂ ਭਾਰਤ ਵਿਚ ਮੁਸਲਮਾਨੀ ਹਕੂਮਤ ਕਾਇਮ ਹੋ ਚੁਕੀ ਸੀ। ਕਈ ਉੱਘੇ ਉੱਘੇ ਸੱਯਦ, ਪੀਰ, ਫ਼ਕੀਰ, ਇਸਲਾਮ ਦਾ ਪਰਚਾਰ ਕਰਨ ਲਈ ਭਾਰਤ ਦੇ ਵੱਡੇ ਵੱਡੇ ਸ਼ਹਿਰਾਂ ਤੇ ਕਸਬਿਆਂ ਵਿਚ ਟਿਕੇ ਹੋਏ ਸਨ, ਪਰ ਉਨ੍ਹਾਂ ਦੀ ਰੂਹਾਨੀ ਖ਼ੁਰਾਕ ਦਾ ਸੋਮਾ ਮੱਕਾ ਹੀ ਸਮਝਿਆ ਜਾਂਦਾ ਸੀ। ਸਭ ਮੁਸਲਮਾਨੀ ਦੇਸਾਂ ਤੋਂ ਹਰ ਸਾਲ ਹਜ਼ਾਰਾਂ ਮੁਸਲਮਾਨ ਈਦੁੱਜ਼ੁਹਾ ਦੇ ਮੌਕੇ ਤੇ ਹੱਜ ਕਰਨ ਮੱਕੇ ਜਾਂਦੇ ਹਨ।

ਗੁਰੂ ਨਾਨਕ ਦੇਵ ਜੀ ਨੇ ਜਨਤਾ ਨੂੰ ਭੀ ਜਗਾਣਾ ਸੀ, ਤੇ ਧਰਮ ਦੇ ਮੰਨੇ ਹੋਏ ਪਰਚਾਰਕਾਂ ਨੂੰ ਭੀ ਉਨ੍ਹਾਂ ਦੀਆਂ ਖ਼ਾਮੀਆਂ ਦੱਸਣੀਆਂ ਸਨ, ਇਸ ਵਾਸਤੇ ਉਨ੍ਹਾਂ ਨੇ ਪਹਿਲਾਂ ਪੁਰਬਾਂ ਸਮੇ ਹਿੰਦੂ-ਤੀਰਥਾਂ ਉੱਤੇ ਪਹੁੰਚਣ ਦਾ ਫ਼ੈਸਲਾ ਕੀਤਾ, ਤਾਕਿ ਉੱਥੇ ਇਕੱਠੇ ਹੋਏ ਅਨੇਕਾਂ ਬੰਦਿਆਂ ਨੂੰ ਸਹੀ ਜੀਵਨ-ਰਾਹ ਦੱਸਿਆ ਜਾ ਸਕੇ।

ਇਨ੍ਹਾਂ ਲੰਮੇ ਸਫ਼ਰਾਂ ਦਾ ਨਾਮ ਸਿੱਖ-ਇਤਿਹਾਸ ਨੇ 'ਉਦਾਸੀਆਂ' ਰੱਖਿਆ ਹੈ। ਵਰ੍ਹਿਆਂ ਦੇ ਲੰਮੇ ਸਫ਼ਰਾਂ ਵਿਚ ਇਹ ਜ਼ਰੂਰੀ ਸੀ ਕਿ ਘੱਟ ਤੋਂ ਘੱਟ ਸਾਮਾਨ ਲਿਆ ਜਾਏ, ਸਾਦੇ ਤੋਂ ਸਾਦਾ ਖ਼ੁਰਾਕ ਤੇ ਲਿਬਾਸ ਨਾਲ ਗੁਜ਼ਾਰਾ ਕੀਤਾ ਜਾਏ। ਇਕ ਲੰਮਾ ਕੁੜਤਾ, ਪੱਗ ਤੇ ਚਾਦਰ ਹੀ ਸੂਤ ਬਹਿ ਸਕਦੇ ਸਨ। ਉਹ ਭੀ ਹੋਣ ਉਸ ਰੰਗ ਦੇ ਜੋ ਸਫ਼ਰਾਂ ਦੇ ਮਿੱਟੀ-ਘੱਟੇ ਨਾਲ ਨਿੱਤ ਧੁਆਈ ਦੇ ਮੁਥਾਜ ਨਾ ਰਹਿਣ। ਭਾਰਤ ਦੇ ਰਮਤੇ ਸੰਤਾਂ ਸਾਧਾਂ ਨੇ ਇਸੇ ਕਾਰਨ ਗੇਰੂਏ ਰੰਗ ਨੂੰ ਅਪਣਾਇਆ ਸੀ। ਇਹ ਸਹਿਜੇ ਸਹਿਜੇ ਧਾਰਮਿਕ ਮਹਾਨਤਾ ਪ੍ਰਾਪਤ ਕਰ



WWW.SIKHBOOKCLUB.COM 

ਗਿਆ ਤੇ ਫ਼ਕੀਰੀ ਜਾਂ ਉਦਾਸੀ ਦਾ ਚਿੰਨ੍ਹ ਬਣ ਗਿਆ। ਗੁਰੂ ਨਾਨਕ ਦੇਵ ਜੀ ਨੇ ਭੀ ਇਹੀ ਬਾਣਾ ਧਾਰਿਆ। ਇਸ ਤੋਂ ਉਨ੍ਹਾਂ ਦੇ ਲੰਮੇ ਸਫ਼ਰਾਂ ਨੂੰ 'ਉਦਾਸੀ' ਨਾਮ ਮਿਲ ਗਿਆ। ਇਨ੍ਹਾਂ ਸਾਰੇ ਸਫ਼ਰਾਂ ਵਿਚ ਭਾਈ ਮਰਦਾਨਾ ਸਦਾ ਨਾਲ ਰਿਹਾ, ਉਸ ਦਾ ਲਿਬਾਸ ਭੀ ਇਹੀ ਸੀ।

ਪਹਿਲੀ 'ਉਦਾਸੀ' ਹਿੰਦੂ-ਤੀਰਥਾਂ ਵਾਸਤੇ ਸ਼ੁਰੂ ਕੀਤੀ ਗਈ।

## ਸੁਲਤਾਨਪੁਰੋਂ ਲਾਹੌਰ ਤੇ ਫਿਰ ਤਲਵੰਡੀ

ਆਪਣੇ ਲੰਮੇ ਸਫ਼ਰ ਦੇ ਮਨੋਰਥ ਦੀ ਖ਼ਬਰ ਮਾਪਿਆਂ ਨੂੰ ਦੇਣ ਲਈ ਗੁਰੂ ਨਾਨਕ ਦੇਵ ਜੀ ਭਾਈ ਮਰਦਾਨੇ ਸਮੇਤ ਤਲਵੰਡੀ ਨੂੰ ਚੱਲ ਪਏ। ਸੁਲਤਾਨਪੁਰ ਤੋਂ ਤਲਵੰਡੀ ਜਾਣ ਲਈ ਦਿੱਲੀ ਵਾਲੀ ਸ਼ਾਹੀ ਸੜਕ ਹੀ ਸਿੱਧਾ ਰਸਤਾ ਸੀ, ਜੋ ਬਿਆਸਾ ਦੇ ਪੱਤਣ ਉੱਤੋਂ ਲੰਘਦੀ ਸੀ, ਜਿੱਥੇ ਹੁਣ ਗੋਇੰਦਵਾਲ ਹੈ, ਸਤਿਗੁਰੂ ਜੀ ਲਾਹੌਰ ਪਹੁੰਚੇ।

## ਲਾਹੌਰ

### *(ੳ) ਸੁਆਰਥ ਨੂੰ ਸਵਾਬ ਆਖਣ ਦਾ ਪਖੰਡ*

ਲਾਹੌਰ, ਗੁਰੂ ਨਾਨਕ ਦੇਵ ਜੀ ਨੇ ਜਵਾਹਰ ਮੱਲ ਦੇ ਚੌਹੱਟੇ ਵਿਚ ਇਕ ਖੂਹ ਦੇ ਕੋਲ ਪਿੱਪਲ ਹੇਠ ਰਾਤ ਗੁਜ਼ਾਰਨ ਲਈ ਡੇਰਾ ਕੀਤਾ। ਅਗਲੇ ਦਿਨ ਸਵੇਰੇ ਉੱਠ ਕੇ ਵੇਖਿਓ ਨੇ ਕਿ ਉੱਥੇ ਕਈ ਕਸਾਈ ਚੋਖਾ ਦਿਨ ਚੜ੍ਹੇ ਤਕ ਗਾਈਆਂ ਤੇ ਬੱਕਰੇ ਜ਼ਿਬਹ ਕਰਦੇ ਰਹੇ। ਇਹ ਇਕ ਅਨੋਖਾ ਭਿਆਨਕ ਦ੍ਰਿਸ਼ ਸੀ। ਸਤਿਗੁਰੂ ਜੀ ਨੇ ਤਾਂ ਆਪਣੇ ਰੋਜ਼ਾਨਾ ਨਿਯਮ ਅਨੁਸਾਰ ਅੰਮ੍ਰਿਤ ਵੇਲੇ ਪਰਮਾਤਮਾ ਦੀ ਸਿਫ਼ਤ-ਸਲਾਹ ਦਾ ਕੀਰਤਨ ਸ਼ੁਰੂ ਕੀਤਾ, ਪਰ ਗੁਆਂਢ ਹੀ ਗਾਈਆਂ ਬੱਕਰੀਆਂ ਦਾ ਕੁਰਲਾਟ ਮੱਚਿਆ ਹੋਇਆ ਸੀ। ਉੱਥੇ ਇਉਂ ਜਾਪਦਾ ਸੀ ਕਿ ਰੱਬ ਕਿਸੇ ਦੇ ਚਿੱਤ-ਚੇਤੇ ਭੀ ਨਹੀਂ। ਹਿੰਦੂਆਂ ਨੂੰ ਕਾਫ਼ਰ ਆਖਣ ਵਾਲੇ ਦੀਨਦਾਰ ਕਾਜ਼ੀ ਮੌਲਵੀ ਆਪਣੇ ਪੇਟ ਦੀ ਖ਼ਾਤਰ, ਨਮਾਜ਼ ਪੜ੍ਹਨ ਦੀ ਥਾਂ ਜਾਨਵਰਾਂ ਦੇ ਗਲਾਂ ਉੱਤੇ ਛੁਰੀ ਚਲਾ ਰਹੇ ਸਨ, ਤੇ ਇਸ ਕੰਮ ਨੂੰ ਇਹ ਆਖ ਕੇ ਸਵਾਬ (ਨੇਕ ਕੰਮ) ਸਮਝ ਰਹੇ ਸਨ ਕਿ ਇਹ ਅੱਲਾ ਦੇ ਨਾਮ ਉੱਤੇ ਕੀਤਾ ਜਾ ਰਿਹਾ ਹੈ, ਅੱਲਾ ਨੂੰ ਖ਼ੁਸ਼ ਕਰਨ ਲਈ ਕੀਤਾ ਜਾ ਰਿਹਾ ਹੈ। ਆਪਣੇ ਰੋਜ਼ਗਾਰ ਦੀ ਖ਼ਾਤਰ ਨਿੱਤ ਸਵੇਰੇ ਅਨੇਕਾਂ ਜਾਨਵਰ ਜ਼ਿਬਹ ਕਰਨੇ, ਲੋਕਾਂ ਦੀ ਘਿਰਣਾ

ਤੋਂ ਬਚਣ ਵਾਸਤੇ ਇਸ ਨੂੰ ਰੱਬ ਦੀ ਖ਼ੁਸ਼ੀ ਹਾਸਲ ਕਰਨ ਦਾ ਵਸੀਲਾ ਦੱਸਣਾ– ਸ਼ਰਈ ਕਾਜ਼ੀਆਂ ਮੁਲਾਣਿਆਂ ਦਾ ਇਹ ਰਵੱਈਆ ਸਤਿਗੁਰੂ ਜੀ ਨੂੰ ਬੜਾ ਘ੍ਰਿਣਿਤ ਦਿੱਸਿਆ। ਉਨ੍ਹਾਂ ਨੇ ਬਚਨ ਕੀਤਾ ਕਿ ਲਾਹੌਰ ਵਿਚ ਮੌਲਵੀਆਂ ਦਾ ਇਹ ਕੰਮ ਸਵਾਬ ਨਹੀਂ ਹੈ। ਇਹ ਤਾਂ ਪਰਤੱਖ ਤੌਰ ਉੱਤੇ ਆਪਣੇ ਸਵਾਰਥ ਦੀ ਖ਼ਾਤਰ ਕੀਤਾ ਜਾ ਰਿਹਾ ਕਾਰਜ ਹੈ। ਖ਼ੁਦਾ ਦੀ ਖ਼ੁਸ਼ੀ ਹਾਸਲ ਕਰਨ ਦਾ ਵਸੀਲਾ ਇਹ ਕਿਵੇਂ ?

ਜਵਾਹਰ ਮੱਲ ਦੇ ਚੌਹੱਟੇ ਵਿਚ ਜਿੱਥੇ ਗੁਰੂ ਨਾਨਕ ਦੇਵ ਜੀ ਟਿਕੇ ਸਨ, ਸਤਿਗੁਰੂ ਜੀ ਦੇ ਆਗਮਨ ਦੀ ਯਾਦ ਵਿਚ ਇਕ ਗੁਰਦੁਆਰਾ ਬਣਿਆ ਹੋਇਆ ਹੈ।

*(ਅ) ਪਿਤਰਾਂ ਨੂੰ ਭੋਜਨ*

ਗੁਰੂ ਨਾਨਕ ਦੇਵ ਜੀ ਨੇ ਭਾਦਰੋਂ ਸੁਦੀ ੧੫ ਨੂੰ ਮੋਦੀਖਾਨਾ ਛੱਡਣ ਦਾ ਫ਼ੈਸਲਾ ਕੀਤਾ ਸੀ। ਭਾਦਰੋਂ ਸੁਦੀ ੧੫ ਨੂੰ ਸਰਾਧ ਸ਼ੁਰੂ ਹੁੰਦੇ ਹਨ। ਬ੍ਰਾਹਮਣਾਂ ਨੇ ਧਰਮ-ਸ਼ਾਸਤ੍ਰਾਂ ਦੀ ਰਾਹੀਂ ਪਰਚਾਰ ਕਰ ਕੇ ਲੋਕਾਂ ਦੇ ਦਿਲ ਵਿਚ ਇਹ ਨਿਸਚਾ ਬਿਠਾਇਆ ਹੋਇਆ ਸੀ ਕਿ ਇਨ੍ਹਾਂ ਪੰਦਰ੍ਹਾਂ ਦਿਨਾਂ ਵਿਚ ਉਨ੍ਹਾਂ ਨੂੰ ਖੁਆਇਆ ਹੋਇਆ ਭੋਜਨ, ਖੁਆਣ ਵਾਲਿਆਂ ਦੇ ਪਿਤਰਾਂ ਨੂੰ ਪਿਤਰ-ਲੋਕ ਵਿਚ ਜਾ ਮਿਲਦਾ ਹੈ।

ਲੰਮੇ ਸਫ਼ਰਾਂ ਦੀ ਖ਼ਾਤਰ ਗੁਰੂ ਨਾਨਕ ਦੇਵ ਜੀ ਅਤੇ ਭਾਈ ਮਰਦਾਨੇ ਨੇ ਗੇਰੂਏ ਬਸਤਰ ਹੀ ਪਾਏ ਹੋਏ ਸਨ। ਅਜਿਹੇ ਬਸਤਰਧਾਰੀਆਂ ਨੂੰ ਲੋਕ ਸਾਧੂ-ਸੰਤ ਹੀ ਮਿਥਦੇ ਹਨ। ਜਵਾਹਰ ਮੱਲ ਦੇ ਚੌਹੱਟੇ ਪਾਸ ਸਿਰੀਆਂ ਵਾਲੇ ਮਹੱਲੇ ਵਿਚ ਇਕ ਬੜਾ ਧਨਾਢ ਖੱਤਰੀ ਦੁਨੀ ਚੰਦ ਰਹਿੰਦਾ ਸੀ। ਉਸ ਦੇ ਪਿਉ ਦਾ ਸਰਾਧ ਸੀ। ਬਜ਼ਾਰ ਵਿਚ ਦੋ ਸੰਤ ਉਤਰੇ ਵੇਖ ਕੇ ਉਸ ਨੇ ਸਤਿਗੁਰੂ ਜੀ ਨੂੰ ਭੀ ਭੋਜਨ ਛੱਕਣ ਲਈ ਬੇਨਤੀ ਕੀਤੀ। ਪਰ ਗੁਰੂ ਨਾਨਕ ਦੇਵ ਜੀ ਨੇ ਉਸ ਨੂੰ ਸਮਝਾਇਆ ਕਿ ਮਰਨ ਪਿੱਛੋਂ ਭੇਜੀਆਂ ਰੋਟੀਆਂ ਕਿਸੇ ਨੂੰ ਨਹੀਂ ਅੱਪੜਦੀਆਂ। ਜੀਊਂਦੇ ਮਾਪਿਆਂ ਦੀ ਸੇਵਾ ਕਰੋ।

ਲਾਹੌਰ ਤੋਂ ਚੱਲ ਕੇ ਭਾਈ ਮਰਦਾਨਾ ਅਤੇ ਗੁਰੂ ਨਾਨਕ ਦੇਵ ਜੀ ਤਲਵੰਡੀ ਪਹੁੰਚੇ



WWW.SIKHBOOKCLUB.COM 

## ਇਕ ਦਿਲ-ਵਿੰਨ੍ਹ ਦ੍ਰਿਸ਼

ਬਿਰਧ ਮਾਪਿਆਂ ਦਾ ਇਕੋ ਇੱਕ ਪੁੱਤਰ! ਬਾਬਾ ਕਾਲੂ ਜੀ ਦਾ ਜਨਮ, ਸੰਮਤ ੧੪੯੭ ਵਿਚ ਹੋਇਆ ਸੀ। ਅੱਜ ਸਤਾਹਠ ਸਾਲਾਂ ਦੇ ਬੁੱਢੇ ਬਾਬਾ ਕਾਲੂ ਜੀ ਦੀ ਬਿਰਧ ਅਵਸਥਾ ਦੀ ਡੰਗੋਰੀ—ਇੱਕੋ ਇੱਕ ਪੁੱਤਰ, ਉਨ੍ਹਾਂ ਦੇ ਖ਼ਿਆਲ ਅਨੁਸਾਰ ਸੁਲਤਾਨਪੁਰ ਬੈਠਾ ਖੱਟ-ਕਮਾ ਰਿਹਾ ਸੀ। ਪਰ ਅਚਨਚੇਤ ਉਹ ਪੁੱਤਰ ਆ ਮਿਲਦਾ ਹੈ! ਕਿਸ ਰੰਗ ਵਿਚ? ਗੇਰੂਏ ਚੋਲੇ ਵਿਚ! ਮਰਦਾਨੇ ਦਾ ਭੀ ਉਹੀ ਰੂਪ! ਮਾਪਿਆਂ ਦੀਆਂ ਅੱਖਾਂ ਅੱਗੇ ਜਗਤ ਵਿਚ ਮਹਾਂ-ਭਿਆਨਕ ਹਨੇਰਾ ਬਣ ਗਿਆ। ਘਰ-ਬਾਰੀ ਜਵਾਨ ਪੁੱਤਰ। ਜਿਸ ਦੀ ਰੌਸ਼ਨ-ਦਿਮਾਗ਼ੀ, ਜਿਸ ਦੀ ਨਿਰਭੈਤਾ, ਜਿਸ ਦੀ ਸਿੱਧਤਾ, ਜਿਸ ਦੀ ਗ਼ਰੀਬ-ਪਰਵਰੀ, ਉਸ ਦੀ ਸਾਢੇ ਪੈਂਤੀ ਸਾਲਾਂ ਦੀ ਉਮਰ ਤਕ ਉਹ ਨਿੱਤ ਵੇਖਦੇ ਰਹੇ ਸਨ, ਜਿਸ ਦੀ ਨਿਰਮਲ ਸੋਭਾ ਨਿਰੇ ਤਲਵੰਡੀ ਦੇ ਘਰ ਘਰ ਵਿਚ ਹੀ ਨਹੀਂ ਸੀ, ਸੁਲਤਾਨਪੁਰ ਦੀਆਂ ਗਲੀਆਂ ਦੇ ਕੱਖ ਭੀ ਜਿਸ ਨੂੰ 'ਧੰਨ ਮੋਦੀ, ਧੰਨ ਮੋਦੀ' ਆਖਦੇ ਥੱਕਦੇ ਨਹੀਂ ਸਨ, ਅੱਜ ਉਹ ਜਵਾਨ ਗੱਭਰੂ ਫ਼ਕੀਰੀ ਲਿਬਾਸ ਵਿਚ ਸੀ! ਬੁੱਢੇ ਮਾਪਿਆਂ ਲਈ ਇਸ ਤੋਂ ਵਧੀਕ ਹਨੇਰ ਹੋਰ ਕੀ ਪੈਣਾ ਸੀ?

ਕੀ ਗੁਰੂ ਨਾਨਕ ਗ੍ਰਿਹਸਤ-ਜੀਵਨ ਦੀ ਜ਼ਿੰਮੇਵਾਰੀ ਤੋਂ ਲਾ-ਪਰਵਾਹ ਹੋ ਕੇ, ਗ੍ਰਿਹਸਤ-ਜੀਵਨ ਤੋਂ ਅਸੰਤੁਸ਼ਟ ਹੋ ਕੇ, ਫ਼ਕੀਰ ਬਣ ਰਿਹਾ ਸੀ? ਨਹੀਂ। ਗੁਰੂ ਨਾਨਕ ਪਾਤਿਸ਼ਾਹ ਤੋਂ ਵਧੀਕ ਇਨਸਾਨੀ ਦਰਦ ਰੱਖਣ ਵਾਲਾ ਹੋਰ ਕੌਣ ਹੋ ਸਕਦਾ ਸੀ? ਇਕ ਪਾਸੇ ਉਸ ਰੱਬੀ ਨੂਰ ਦੇ ਆਪਣੇ ਬਿਰਧ ਮਾਪੇ ਸਨ, ਤੇ ਦੂਜੇ ਪਾਸੇ ਲੱਖਾਂ ਗ਼ਰੀਬਾਂ ਦੇ ਬੁੱਢੇ ਮਾਪੇ ਸਨ ਜਿਨ੍ਹਾਂ ਨੂੰ ਰੱਬ ਦਾ ਖ਼ੌਫ਼ ਭੁਲਾ ਕੇ ਉੱਚ-ਜਾਤੀਏ ਤੇ ਜਰਵਾਣੇ ਹਾਕਮ ਪੈਰਾਂ ਹੇਠ ਲਤਾੜ ਰਹੇ ਸਨ। ਧਰਤੀ ਸਹਿਮੀ ਪਈ ਸੀ। ਕੋਈ ਹਿੰਮਤ ਨਹੀਂ ਸੀ ਕਰਦਾ ਉਨ੍ਹਾਂ ਦੀ ਬਾਂਹ ਫੜਨ ਦੀ। ਇਹ ਕੰਮ ਸੀ ਕਿਸੇ ਸੂਰਮੇ ਮਰਦ ਦਾ। ਤੇ ਉਹ ਸੂਰਮਾ ਮਰਦ ਪ੍ਰਗਟਿਆ ਗੁਰੂ ਨਾਨਕ ਪਾਤਿਸ਼ਾਹ। ਪਰ ਕੁਰਬਾਨੀ ਤੋਂ ਬਿਨਾ ਖ਼ਲਕ-ਪ੍ਰੇਮ ਦਾ ਵਿਖਾਵਾ ਨਿਰੇ ਮਗਰਮੱਛ ਦੇ ਅੱਥਰੂ ਹਨ। ਗੁਰੂ ਨਾਨਕ ਦੇਵ ਜੀ ਨੇ ਦੇਸ਼ ਦੇ ਲੱਖਾਂ ਕ੍ਰੋੜਾਂ ਗ਼ਰੀਬ ਬੰਦਿਆਂ ਦੀ ਤਰਸ-ਜੋਗ ਹਾਲਤ ਆਪਣੇ ਮਾਪਿਆਂ ਦੇ ਸਾਹਮਣੇ ਪੇਸ਼ ਕੀਤੀ, ਉਨ੍ਹਾਂ ਦੀ ਉਸ ਬਿਰਧ-ਉਮਰੇ ਕੁਝ ਚਿਰ ਸੇਵਾ ਨਾ ਕਰ ਸਕਣ ਦੀ ਮਜਬੂਰੀ ਬਿਆਨ ਕੀਤੀ, ਅਤੇ ਉਨ੍ਹਾਂ ਪਾਸੋਂ ਵਿਦੈਗੀ ਦੀ ਪ੍ਰਵਾਨਗੀ ਲੈ ਲਈ।

ਗੁਰੂ ਨਾਨਕ ਦੇਵ ਜੀ ਭਾਈ ਮਰਦਾਨੇ ਨੂੰ ਨਾਲ ਲੈ ਕੇ ਹਿੰਦੂ-ਤੀਰਥਾਂ

ਵੱਲ ਚੱਲ ਪਏ। ਸਰਾਧ ਅਜੇ ਅੱਧੇ ਕੁ ਹੀ ਮੁੱਕੇ ਸਨ।

## ਸੈਦਪੁਰ—ਮਲਕ ਭਾਗੋ ਦਾ ਸਰਾਧ

ਤਲਵੰਡੀ ਤੋਂ ਚੱਲ ਕੇ ਗੁਰੂ ਨਾਨਕ ਦੇਵ ਜੀ ਚੂਹੜਕਾਣੇ ਤੋਂ ਹੁੰਦੇ ਹੋਏ ਸੈਦਪੁਰ ਪਹੁੰਚੇ। ਅੱਜ-ਕੱਲ੍ਹ ਉਸ ਸ਼ਹਿਰ ਦਾ ਨਾਮ ਐਮਨਾਬਾਦ ਹੈ, ਤਲਵੰਡੀ ਤੋਂ ਪੰਜਾਹ ਕੁ ਮੀਲਾਂ ਦੀ ਵਿੱਥ ਉੱਤੇ ਉੱਤਰ-ਪੂਰਬ ਵਾਲੇ ਪਾਸੇ। ਸਤਿਗੁਰੂ ਜੀ ਸ਼ਹਿਰ ਤੋਂ ਲਹਿੰਦੇ ਪਾਸੇ ਮੀਲ ਕੁ ਬਾਹਰ ਜਾ ਟਿਕੇ। ਇਕਾਂਤ ਥਾਂ ਸੀ। ਰਮਤੇ ਸੰਤ-ਸਾਧ ਉੱਥੇ ਹੀ ਆ ਕੇ ਟਿਕਿਆ ਕਰਦੇ ਸਨ। ਉਹ ਸਾਰੀ ਜ਼ਮੀਨ ਪੱਕੇ ਰੋੜਾਂ ਵਾਲੀ ਸੀ। ਇਨ੍ਹਾਂ ਰੋੜਾਂ ਨੂੰ ਸਾੜ ਕੇ ਚੂਨਾ ਤਿਆਰ ਕੀਤਾ ਜਾਂਦਾ ਹੈ, ਜੋ ਪੱਕੀਆਂ ਇਮਾਰਤਾਂ ਵਿਚ ਕੰਮ ਆਉਂਦਾ ਹੈ।

ਸ਼ਹਿਰ ਵਿਚ ਘਟਾਉੜਾ ਗੋਤ ਦਾ ਇਕ ਤਰਖਾਣ ਰਹਿੰਦਾ ਸੀ, ਜਿਸ ਦਾ ਨਾਮ ਲਾਲੋ ਸੀ। ਲਾਲੋ ਸੀ ਤਾਂ ਖੜਾ ਗ਼ਰੀਬ, ਪਰ ਸੀ ਬੜਾ ਹੀ ਸਤਸੰਗੀ। ਮਹਾਂ ਪੁਰਖਾਂ ਦੀ ਸੰਗਤ ਤੇ ਸੇਵਾ ਦਾ ਉਸ ਨੂੰ ਸ਼ੌਕ ਸੀ। ਭਾਈ ਮਰਦਾਨੇ ਅਤੇ ਸਤਿਗੁਰੂ ਜੀ ਦੀ ਪ੍ਰਸ਼ਾਦ ਆਦਿਕ ਦੀ ਸੇਵਾ ਲਾਲੋ ਨੇ ਹੀ ਕੀਤੀ।

ਤਲਵੰਡੀ ਵਿਚ ਰਹਿੰਦਿਆਂ ਕਈ ਸਾਲ ਗੁਰੂ ਨਾਨਕ ਦੇਵ ਜੀ ਨੂੰ ਰਮਤੇ ਸੰਤਾਂ-ਸਾਧਾਂ ਨਾਲ ਵਾਹ ਪੈਂਦਾ ਰਹਿੰਦਾ ਸੀ। ੯ ਸਾਲਾਂ ਦੀ ਉਮਰ ਤੋਂ ਹੀ ਸਤਿਗੁਰੂ ਜੀ ਨੇ ਬ੍ਰਾਹਮਣਾਂ ਦੇ ਕਰਮ-ਕਾਂਡ ਦਾ ਵਿਰੋਧ ਸ਼ੁਰੂ ਕਰ ਦਿੱਤਾ ਸੀ। ਰਮਤੇ ਸਾਧਾਂ ਦੀ ਰਾਹੀਂ ਇਹ ਚਰਚਾ ਦੂਰ ਦੂਰ ਤਕ ਪਹੁੰਚਣ ਲੱਗ ਪਈ ਸੀ। ਸੈਦਪੁਰ ਤੋਂ ਤਲਵੰਡੀ ਇਕ ਤਾਂ ਕੋਈ ਬਹੁਤੀ ਦੂਰ ਨਹੀਂ ਸੀ, ਦੂਜੇ ਸੰਤਾਂ-ਸਾਧਾਂ ਦੇ ਟਿਕਣ ਦਾ ਪਰਸਿੱਧ ਅੱਡਾ ਭੀ ਸੀ, ਸੋ ਸੈਦਪੁਰ ਨਿਵਾਸੀ ਗੁਰੂ ਨਾਨਕ ਦੇਵ ਜੀ ਬਾਰੇ ਬਹੁਤ ਕੁਝ ਸੁਣਦੇ ਰਹਿੰਦੇ ਹੋਣਗੇ। ਉੱਥੋਂ ਦੇ ਬ੍ਰਾਹਮਣਾਂ ਵਿਚ ਕਾਫ਼ੀ ਈਰਖਾ ਭਰ ਚੁੱਕੀ ਹੋਈ ਸੀ।

ਸੈਦਪੁਰ ਦੇ ਪਠਾਣ ਹਾਕਮ ਜ਼ਾਲਮ ਖ਼ਾਂ ਦਾ ਇਕ ਅਹਿਲਕਾਰ ਹੇਰੜ ਜਾਤ ਦਾ ਖੱਤਰੀ ਸੀ, ਜਿਸ ਦਾ ਨਾਮ ਸਿੱਖ-ਇਤਿਹਾਸ ਵਿਚ ਮਲਕ ਭਾਗੋ ਪਰਸਿੱਧ ਹੈ। ਮਲਕ ਭਾਗੋ ਬੜਾ ਰਿਸ਼ਵਤ-ਖ਼ੋਰ ਸੀ। ਗ਼ਰੀਬ ਲੋਕ ਉਸ ਦੇ ਹੱਥੋਂ ਬਹੁਤ ਔਖੇ ਸਨ। ਜਦੋਂ ਸਤਿਗੁਰੂ ਜੀ ਸੈਦਪੁਰ ਪਹੁੰਚੇ, ਸਰਾਧ ਅਜੇ ਮੁੱਕੇ ਨਹੀਂ ਸਨ। ਮਲਕ ਨੇ ਆਪਣੇ ਪਿਉ ਦੇ ਸਰਾਧ ਉੱਤੇ ਬ੍ਰਹਮ-ਭੋਜ ਕੀਤਾ। ਅਜਿਹੇ ਸਮੇਂ ਉੱਤੇ ਨਗਰੋਂ ਬਾਹਰ ਟਿਕੇ ਹੋਏ ਰਮਤੇ ਸੰਤਾਂ-ਸਾਧਾਂ ਨੂੰ ਭੀ ਨਿਉਂਦਾ



WWW.SIKHBOOKCLUB.COM 

ਦਿੱਤਾ ਜਾਂਦਾ ਹੈ। ਗੁਰੂ ਨਾਨਕ ਦੇਵ ਜੀ ਦੀ ਰੋਟੀ ਭੀ ਵਰਜੀ ਗਈ। ਪਰ ਉਨ੍ਹਾਂ ਇਨਕਾਰ ਕਰ ਦਿੱਤਾ। ਮਲਕ ਨੇ ਇਸ ਨੂੰ ਆਪਣੀ ਸਖ਼ਤ ਨਿਰਾਦਰੀ ਸਮਝਿਆ। ਮਲਕ ਭਾਗੋ ਨੇ ਗੁੱਸੇ ਨਾਲ ਭਖ ਕੇ ਸਤਿਗੁਰੂ ਜੀ ਅਤੇ ਮਰਦਾਨੇ ਨੂੰ ਹਕੂਮਤ ਦੇ ਜ਼ੋਰ ਨਾਲ ਮੰਗਾਇਆ ਅਤੇ ਪੁੱਛਿਆ ਕਿ ਤੁਸੀ ਮੇਰੇ ਬ੍ਰਹਮ-ਭੋਜ ਵਿਚ ਕਿਉਂ ਸ਼ਾਮਲ ਨਹੀਂ ਹੋਏ ? ਖੱਤਰੀ ਹੋ ਕੇ ਇਸ ਕੰਗਾਲ ਸ਼ੂਦਰ ਲਾਲੋ ਦੇ ਘਰੋਂ ਰੋਟੀ ਕਿਉਂ ਖਾਂਦੇ ਹੋ ?

ਮਲਕ ਭਾਗੋ ਦੇ ਖ਼ਫ਼ਾ ਹੋਣ ਦੀ ਅਤੇ ਗੁਰੂ ਨਾਨਕ ਦੇਵ ਦੇ ਸੱਦੇ ਜਾਣ ਦੀ ਖ਼ਬਰ ਘੜੀਆਂ-ਪਲਾਂ ਵਿਚ ਹੀ ਸਾਰੇ ਨਗਰ ਵਿਚ ਖਿੱਲਰ ਗਈ। ਨਗਰ ਦੇ ਅਨੇਕਾਂ ਨਰ-ਨਾਰ ਆ ਇਕੱਠੇ ਹੋਏ। ਉਸ ਭਰੇ ਇਕੱਠ ਵਿਚ ਸਤਿਗੁਰੂ ਜੀ ਨੇ ਮਲਕ ਭਾਗੋ ਨੂੰ ਸਮਝਾਇਆ ਕਿ ਗ਼ਰੀਬਾਂ ਉੱਤੇ ਜ਼ੋਰ-ਜ਼ੁਲਮ ਕਰ ਕੇ ਰਿਸ਼ਵਤ ਆਦਿਕ ਲੈਣੀ, ਗ਼ਰੀਬਾਂ ਦੇ ਲਹੂ ਪੀਣ ਦੇ ਤੁੱਲ ਹੈ। ਇਸ ਲਹੂ ਵਿਚੋਂ ਬ੍ਰਾਹਮਣਾਂ ਤੇ ਸੰਤਾਂ-ਸਾਧਾਂ ਨੂੰ ਦਾਨ-ਪੁੰਨ ਕੀਤਿਆਂ ਇਹ ਰਿਸ਼ਵਤ ਵਾਲੀ ਕਮਾਈ ਹੱਕ ਦੀ ਕਮਾਈ ਨਹੀਂ ਬਣ ਜਾਂਦੀ ਅਤੇ ਨਾ ਹੀ ਇਸ ਤਰ੍ਹਾਂ ਦੇ ਬ੍ਰਹਮ-ਭੋਜ ਨੂੰ ਕੋਈ ਧਾਰਮਿਕ ਕੰਮ ਮੰਨਿਆ ਜਾ ਸਕਦਾ ਹੈ। ਸਿਰਜਣਹਾਰ ਦੀਆਂ ਨਜ਼ਰਾਂ ਵਿਚ ਸਾਰੇ ਬੰਦੇ ਇੱਕੋ ਜਿਹੇ ਹਨ। ਉੱਚੀ ਨੀਵੀਂ ਜਾਤ ਵਾਲੇ ਵਿਤਕਰੇ ਸਵਾਰਥੀਆਂ ਨੇ ਆਪਣੀ ਪੂਜਾ-ਮਾਨਤਾ ਦੀ ਖ਼ਾਤਰ ਪਾਏ ਹਨ। ਭਾਈ ਲਾਲੋ ਦੀ ਕਮਾਈ ਹੱਕ ਦੀ ਕਮਾਈ ਹੈ, ਦਸਾਂ ਨਹੁੰਆਂ ਦੀ ਕਮਾਈ ਹੈ, ਉਹ ਦੁੱਧ ਸਮਾਨ ਹੈ।

ਉਸ ਭਰੇ ਇਕੱਠ ਵਿਚ ਮਲਕ ਭਾਗੋ ਇਹ ਉੱਤਰ ਸੁਣ ਕੇ ਬਹੁਤ ਹੌਲਾ ਪਿਆ। ਐਸੇ ਨਿਰਭੈ ਮਹਾਂ-ਪੁਰਖ ਉੱਤੇ ਉਸ ਨੂੰ ਆਪਣੇ ਗੜ੍ਹ ਵਿਚ ਹੀ ਹੱਥ ਚੁਕਣ ਦੀ ਹਿੰਮਤ ਨਾ ਪੈ ਸਕੀ।

ਭਾਵੇਂ ਆਪਣੇ ਪਿੰਡ ਤਲਵੰਡੀ ਤੋਂ ਪੰਜਾਹ ਕੁ ਮੀਲਾਂ 'ਤੇ ਹੀ ਸਨ, ਫੇਰ ਭੀ ਆਖ਼ਰ ਓਪਰਾ ਥਾਂ ਹੀ ਸੀ। ਇਕ ਜਾਬਰ ਰਿਸ਼ਵਤ-ਖ਼ੋਰ ਹਾਕਮ ਨੂੰ ਭਰੇ ਇਕੱਠ ਵਿਚ ਅੱਤਿਆਚਾਰ ਦੇ ਰਸਤੇ ਤੋਂ ਰੋਕਣਾ ਕੋਈ ਮਧਾਰਨ ਜਿਹੀ ਗੱਲ ਨਹੀਂ ਸੀ। ਪਰ ਜੇ ਦੁਖੀ ਖ਼ਲਕਤ ਦੀ ਬਾਂਹ ਫੜਨ ਲਈ ਘਰੋਂ ਨਿਕਲੇ ਸਨ, ਤਾਂ ਮਾਰਾ ਰਸਤਾ ਇਹੋ ਜਿਹਾ ਕੰਡਿਆਲਾ ਹੀ ਆਉਣਾ ਸੀ। ਪਹਿਲ ਸੈਦਪੁਰ ਤੋਂ ਹੀ ਹੋ ਗਈ।

ਨਗਰ ਤੋਂ ਬਾਹਰ ਜਿੱਥੇ ਗੁਰੂ ਨਾਨਕ ਦੇਵ ਜੀ ਟਿਕੇ ਸਨ, ਉੱਥੇ ਹੁਣ

ਇਕ ਸੁੰਦਰ ਗੁਰਦੁਆਰਾ ਹੈ। ਰੋੜਾਂ ਵਾਲੀ ਜ਼ਮੀਨ ਹੋਣ ਕਰਕੇ ਉਸ ਗੁਰਦੁਆਰੇ ਦਾ ਨਾਮ ਰੋੜੀ ਸਾਹਿਬ ਹੈ।

## ਹਰਿਦੁਆਰ—ਵੈਸਾਖੀ ਦੇ ਪੁਰਬ ਸਮੇ

ਸੈਦਪੁਰ (ਐਮਨਾਬਾਦ) ਤੋਂ ਗੁਰੂ ਨਾਨਕ ਦੇਵ ਜੀ ਨੇ ਹਿੰਦੂ-ਤੀਰਥਾਂ ਵੱਲ ਰੁਖ਼ ਕੀਤਾ। ਸਭ ਤੋਂ ਪਹਿਲਾ ਤੀਰਥ ਹਰਿਦੁਆਰ ਹੀ ਆਉਂਦਾ ਹੈ। ਸੈਦਪੁਰ ਤੋਂ ਚਾਰ ਕੁ ਸੌ ਮੀਲ ਦੱਖਣ-ਪੂਰਬ ਦੇ ਰੁਖ਼ ਛੇ ਸਵਾ ਛੇ ਮਹੀਨਿਆਂ ਵਿਚ ਹਰਿਦੁਆਰ ਪਹੁੰਚੇ। ਦੋ ਢਾਈ ਮੀਲ ਰੋਜ਼ਾਨਾ ਪੈਂਡੇ ਦੀ ਔਸਤ ਬਣਦੀ ਹੈ।

ਹਰਿਦੁਆਰ ਸੰਬੰਧੀ ਸਿੱਖ-ਇਤਿਹਾਸ ਵਿਚ ਦੋ ਸਾਖੀਆਂ ਪਰਸਿੱਧ ਹਨ :

(ੳ) ਸਤਿਗੁਰੂ ਜੀ ਨੇ ਗੰਗਾ ਦੇ ਕੰਢੇ ਜਾ ਡੇਰਾ ਕੀਤਾ। ਉੱਥੇ ਹੀ ਇਕ ਵੈਸ਼ਨਵ ਸਾਧੂ ਟਿਕਿਆ ਹੋਇਆ ਸੀ। ਇਕ ਦਿਨ ਸਵੇਰੇ ਉੱਠ ਕੇ ਸਾਧੂ ਨੇ ਚੌਂਕਾ ਬਣਾ ਕੇ ਪੋਚਾ ਫੇਰਿਆ ਤੇ ਅੱਗ ਬਾਲੀ, ਰੋਟੀ ਪਕਾਣ ਲਈ। ਭਾਈ ਮਰਦਾਨਾ ਉਸ ਪਾਸੋਂ ਅੱਗ ਮੰਗਣ ਗਿਆ। ਮਰਦਾਨੇ ਦਾ ਪਰਛਾਵਾਂ ਸਾਧੂ ਦੇ ਚੌਂਕੇ ਉੱਤੇ ਜਾ ਪਿਆ। ਚੌਂਕਾ ਭਿੱਟਿਆ ਗਿਆ। ਸਾਧੂ ਲੋਹਾ-ਲਾਖਾ ਹੋ ਕੇ ਬਲਦਾ ਚੋ ਹੱਥ ਵਿਚ ਫੜ ਮਰਦਾਨੇ ਨੂੰ ਮਾਰਨ ਪਿਆ। ਮਰਦਾਨਾ ਦੌੜ ਕੇ ਸਤਿਗੁਰੂ ਜੀ ਪਾਸ ਪਹੁੰਚ ਗਿਆ। ਸਾਧੂ ਭੀ ਪਿੱਛੇ ਪਿੱਛੇ। ਸਤਿਗੁਰੂ ਜੀ ਨੇ ਉਸ ਸਾਧੂ ਨੂੰ ਸਮਝਾਇਆ ਕਿ ਪਰਮਾਤਮਾ ਇਨ੍ਹਾਂ ਬਾਹਰਲੇ ਚੌਂਕਿਆਂ ਉੱਤੇ ਨਹੀਂ ਰੀਝਦਾ। ਉਸ ਦੇ ਬਹਿਣ ਦੀ ਥਾਂ ਹੈ ਮਨੁੱਖ ਦਾ ਹਿਰਦਾ। ਜੇ ਹਿਰਦੇ ਵਿਚ ਨਿਰਦਇਤਾ ਹੈ, ਨਫ਼ਰਤ ਹੈ, ਪਰਾਈ ਨਿੰਦਾ ਹੈ, ਕ੍ਰੋਧ ਆਦਿਕ ਕਈ ਵਿਕਾਰ ਹਨ, ਤਾਂ ਅਜਿਹੇ ਮੈਲੇ ਹਿਰਦੇ ਵਿਚ ਪਰਮਾਤਮਾ ਬੈਠਣ ਨੂੰ ਤਿਆਰ ਨਹੀਂ ਹੋ ਸਕਦਾ। ਸਾਰੀ ਖ਼ਲਕਤ ਵਿਚ ਉਸ ਨੂੰ ਵੇਖੋ। ਕਿਸੇ ਬੰਦੇ ਨੂੰ ਭੀ ਨੀਵੀਂ ਜਾਤ ਦਾ ਸਮਝ ਕੇ ਉਸ ਤੋਂ ਨਫ਼ਰਤ ਨਾ ਕਰੋ।

(ਅ) ਵੈਸਾਖੀ ਵਾਲੇ ਦਿਨ ਸਾਰੇ ਯਾਤਰੂਆਂ, ਸਵੇਰੇ ਉੱਠ ਕੇ, ਗੰਗਾ ਇਸ਼ਨਾਨ ਕੀਤਾ ਤੇ ਸੂਰਜ ਵੱਲ ਮੂੰਹ ਕਰ ਕੇ ਬੁੱਕਾਂ ਨਾਲ ਪਾਣੀ ਉਛਾਲਣਾ ਸ਼ੁਰੂ ਕੀਤਾ[1]। ਉਹ ਆਪਣੇ ਪਿਤਰਾਂ ਨੂੰ ਪਿਤਰ-ਲੋਕ ਵਿਚ ਪਾਣੀ ਅਪੜਾ

---

੧. ਸੂਰਜ ਅਤੇ ਚੰਦ੍ਰਮਾ ਦੇ ਸੰਬੰਧ ਵਿਚ ਹੇਠ-ਲਿਖੇ ਦਸ ਦਿਨ ਬੜੇ ਪਵਿੱਤਰ ਮੰਨੇ ਜਾਂਦੇ ਹਨ। ਇਨ੍ਹਾਂ ਦਿਨਾਂ ਉੱਤੇ ਬ੍ਰਾਹਮਣ ਨੂੰ ਦਾਨ ਦੇਣ ਦਾ ਬੜਾ ਮਹਾਤਮ ਸਮਝਿਆ ਜਾਂਦਾ ਹੈ - ਸੂਰਜ ਦੇਵਤਾ ਦੇ ਦਿਨ - ਸੰਗ੍ਰਾਂਦ, ਸੂਰਜ-ਗ੍ਰਹਿਣ। ☛

ਰਹੇ ਸਨ। ਸਤਿਗੁਰੂ ਜੀ ਭੀ ਗੰਗਾ ਵਿਚ ਜਾ ਵੜੇ, ਤੇ ਚੜ੍ਹਦੇ ਦੇ ਥਾਂ ਲਹਿੰਦੇ ਵੱਲ ਪਾਣੀ ਉਛਾਲਣ ਲੱਗ ਪਏ। ਯਾਤਰੂਆਂ ਨੇ ਹੈਰਾਨੀ ਜਿਹੀ ਵਿਚ ਉਨ੍ਹਾਂ ਤੋਂ ਪੁੱਛਿਆ ਕਿ ਇਹ ਕੀ ਕਰਦੇ ਹੋ ? ਗੁਰੂ ਨਾਨਕ ਦੇਵ ਜੀ ਨੇ ਉੱਤਰ ਦੇਣ ਦੀ ਥਾਂ ਉਨ੍ਹਾਂ ਉੱਤੇ ਹੀ ਸਵਾਲ ਕੀਤਾ ਕਿ ਤੁਸੀ ਕੀ ਕਰ ਰਹੇ ਹੋ ? ਯਾਤਰੂਆਂ ਨੇ ਦੱਸਿਆ ਕਿ ਅਸੀ ਸੂਰਜ ਦੇਵਤੇ ਦੇ ਰਾਹੀਂ ਆਪਣੇ ਪਿਤਰਾਂ ਨੂੰ ਜਲ ਪਹੁੰਚਾ ਰਹੇ ਹਾਂ, ਜੋ ਇੱਥੋਂ ਲੱਖਾਂ ਕੋਹਾਂ ਦੀ ਵਿਥ ਉੱਤੇ ਪਿਤਰ-ਲੋਕ ਵਿਚ ਰਹਿੰਦੇ ਹਨ। ਇਹ ਸੁਣ ਕੇ ਸਤਿਗੁਰੂ ਜੀ ਮੁੜ ਦਬਾ-ਦਬ ਲਹਿੰਦੇ ਵੱਲ ਪਾਣੀ ਸਿੱਟਣ ਲੱਗ ਪਏ। ਜਦੋਂ ਉਨ੍ਹਾਂ ਲੋਕਾਂ ਦੀ ਹੈਰਾਨੀ ਬਹੁਤ ਵਧੀ ਤਾਂ ਆਪ ਨੇ ਉੱਤਰ ਦਿੱਤਾ ਕਿ ਅਸੀ ਆਪਣੇ ਪਿੰਡ ਤਲਵੰਡੀ ਦੇ ਖੇਤਾਂ ਵਿਚ ਪਾਣੀ ਅਪੜਾ ਰਹੇ ਹਾਂ, ਉਹ ਥਾਂ ਇਥੋਂ ਕੇਵਲ ਸਾਢੇ ਤਿੰਨ ਕੁ ਸੌ ਮੀਲ ਦੀ ਵਿਥ ਉੱਤੇ ਹੈ। ਲੱਖਾਂ ਮੀਲਾਂ ਉੱਤੇ ਪਿਤਰ-ਲੋਕ ਵਿਚ ਪਾਣੀ ਅਪੜਾਣ ਵਾਲਾ ਸੂਰਜ ਦੇਵਤਾ ਸਾਢੇ ਤਿੰਨ ਸੌ ਮੀਲ ਤੇ ਭੀ ਅਪੜਾ ਦੇਵੇਗਾ। ਅਨੇਕਾਂ ਬੰਦਿਆਂ ਨੂੰ ਆਪਣੀ ਉਕਾਈ ਦੀ ਸਮਝ ਆ ਗਈ।

ਇਹ ਜ਼ਿਕਰ ੧ ਵੈਸਾਖ ਸੰਮਤ ੧੫੬੫ ਦਾ ਹੈ। ਈਸਵੀ ਸਾਲ ਅਨੁਸਾਰ ਸੰਨ ੧੫੦੮ ਦੇ ਮਾਰਚ ਦੀ ੨੮ ਤਰੀਕ ਸੀ, ਦਿਨ ਸੋਮਵਾਰ। ਹਰਿਦੁਆਰ, ਯੂ. ਪੀ. ਦੇ ਜ਼ਿਲਾ ਸਹਾਰਨਪੁਰ ਵਿਚ ਗੰਗਾ ਦਾ ਇਕ ਪਰਸਿੱਧ ਘਾਟ ਹੈ। ਸਹਾਰਨਪੁਰ ਤੋਂ ਵੀਹ ਕੁ ਮੀਲ ਪਰੇ ਲਕਸਰ ਜੰਕਸ਼ਨ ਤੋਂ ਡੇਹਰਾਦੂਨ ਜਾਣ

---

☛ ਚੰਦ੍ਰਮਾ ਦੇ ਦਿਨ ਮੱਸਿਆ, ਪੂਰਨਮਾਸ਼ੀ, ਦੋ ਇਕਾਦਸ਼ੀਆਂ, ਦੋ ਅਸ਼ਟਮੀਆਂ, ਚੰਦ-ਗ੍ਰਹਿਣ।

ਸੂਰਜ ਅਤੇ ਚੰਦ੍ਰਮਾ ਦਾ ਸਾਂਝਾ ਦਿਨ--ਚਾਨਣਾ ਐਤਵਾਰ। 'ਐਤ' ਦਾ ਮੂਲ ਸੰਸਕ੍ਰਿਤ ਦਾ ਸ਼ਬਦ 'ਆਦਿਤ੍ਯ' ਹੈ, ਜਿਸ ਦਾ ਅਰਥ ਹੈ ਸੂਰਜ।

ਸੰਗ੍ਰਾਂਦ ਉਹ ਦਿਨ ਹੈ ਜਦੋਂ ਸੂਰਜ ਇਕ ਰਾਸ਼ੀ ਵਿਚੋਂ ਨਿਕਲ ਕੇ ਦੂਜੀ ਰਾਸ਼ੀ ਵਿਚ ਜਾਂਦਾ ਹੈ। ਸਾਲ ਦੇ ਬਾਰ੍ਹਾਂ ਮਹੀਨੇ ਹਨ, ਬਾਰ੍ਹਾਂ ਹੀ ਰਾਸ਼ੀਆਂ ਹਨ। ਇਕ ਇਕ ਰਾਸ਼ੀ ਵਿਚ ਸੂਰਜ ਇਕ ਇਕ ਮਹੀਨਾ ਟਿਕਦਾ ਹੈ। ਉਹ ਬਾਰ੍ਹਾ ਰਾਸਾਂ ਜਾਂ ਰਾਸ਼ੀਆਂ ਇਹ ਹਨ—

ਮੇਖ, ਬ੍ਰਿਖ, ਮਿਥੁਨ, ਕਰਕ, ਸਿੰਘ, ਕੰਨਿਆ, ਤੁਲਾ, ਵ੍ਰਿਸ਼ਚਿਕ, ਧਨੁ, ਮਕਰ, ਕੁੰਭ, ਮੀਨ।

ਸੂਰਜ ਚੇਤਰ ਦੇ ਮਹੀਨੇ ਮੇਖ-ਰਾਸ਼ੀ ਵਿਚ ਰਹਿੰਦਾ ਹੈ। ਅਗਾਂਹ ਤਰਤੀਬ-ਵਾਰ ਵੈਸਾਖ ਆਦਿ ਹਰੇਕ ਮਹੀਨੇ ਦੀ ਰਾਸ਼ੀ ਹੈ।

ਬਾਰ੍ਹਾਂ ਸੰਗ੍ਰਾਂਦਾਂ ਵਿਚੋਂ ਵੈਸਾਖ ਅਤੇ ਮਾਘ ਦੀਆਂ ਸੰਗ੍ਰਾਂਦਾਂ ਵਧੀਕ ਪਵਿੱਤਰ ਮੰਨੀਆ ਜਾਂਦੀਆਂ ਹਨ। ਵੈਸਾਖ ਦੀ ਸੰਗ੍ਰਾਂਦ ਸਮੇਂ ਹਿੰਦੂ ਲੋਕ ਹਰਿਦੁਆਰ ਤੀਰਥ ਉੱਤੇ ਗੰਗਾ ਦਾ ਇਸ਼ਨਾਨ ਕਰਦੇ ਹਨ, ਅਤੇ ਪਿਤਰ-ਲੋਕ ਵਿਚ ਪਿਤਰਾਂ ਨੂੰ ਜਲ ਪਹੁੰਚਾਦੇ ਹਨ।

ਵਾਲੀ ਲਾਈਨ ਉੱਤੇ ਹਰਿਦੁਆਰ ਰੇਲ ਦਾ ਸਟੇਸ਼ਨ ਹੈ। ਗੰਗਾ ਦੇ ਕੰਢੇ ਜਿਸ ਥਾਂ ਗੁਰੂ ਨਾਨਕ ਦੇਵ ਜੀ ਨੇ ਡੇਰਾ ਕੀਤਾ ਸੀ, ਉੱਥੇ 'ਨਾਨਕਵਾੜਾ' ਗੁਰਦੁਆਰਾ ਮੌਜੂਦ ਹੈ।

ਉੱਪਰ ਦੱਸਿਆ ਗਿਆ ਹੈ ਕਿ ਸੈਦਪੁਰ (ਐਮਨਾਬਾਦ) ਤੋਂ ਹਰਿਦੁਆਰ ਤਕ ਦਾ ਪੈਂਡਾ ਮੁਕਾਣ ਲਈ ਰੋਜ਼ਾਨਾ ਪੈਂਡੇ ਦੀ ਔਸਤ ਦੋ ਢਾਈ ਮੀਲ ਪੈਂਦੀ ਹੈ। ਪਾਠਕ ਇਥੇ ਇਹ ਚੇਤਾ ਰੱਖਣ ਕਿ ਕੀਰਤਨ ਸਤਿਗੁਰੂ ਜੀ ਦੀ ਆਤਮਕ ਖ਼ੁਰਾਕ ਸੀ—ਸਵੇਰੇ ਸਵੇਰੇ ਅੰਮ੍ਰਿਤ ਵੇਲੇ ਤੋਂ ਪਹਿਰ ਦਿਨ ਚੜ੍ਹੇ ਤਕ, ਦਿਨ ਦੇ ਤੀਜੇ ਚੌਥੇ ਪਹਿਰ ਅਤੇ ਰਾਤ ਨੂੰ ਸੌਣ ਤੋਂ ਪਹਿਲਾਂ। ਰਾਗ ਇਕ ਐਸੀ ਕੁਦਰਤੀ ਸੁੰਦਰਤਾ ਹੈ ਜੋ ਹਰੇਕ ਪ੍ਰਾਣੀ ਨੂੰ ਖਿੱਚ ਪਾ ਲੈਂਦੀ ਹੈ। ਗੁਰੂ ਨਾਨਕ ਦੇਵ ਜੀ ਨੂੰ ਇਹ ਲੋੜ ਹੀ ਨਹੀਂ ਸੀ ਪੈਂਦੀ ਕਿ ਕਿਸੇ ਪਿੰਡ ਜਾ ਕੇ ਆਪਣੇ ਖ਼ਿਆਲ ਦੱਸਣ ਲਈ ਲੋਕਾਂ ਨੂੰ ਇਕੱਠਾ ਕਰਨ ਦਾ ਜਤਨ ਕਰਨ। ਰਾਗ ਦੀ ਖਿੱਚ ਨਾਲ ਲੋਕ ਆਪ ਮੁਹਾਰੇ ਪੈਰੇ ਚਲੇ ਆਉਂਦੇ ਸਨ। ਉਸ ਵਕਤ ਤਕ ਸਤਿਗੁਰੂ ਜੀ ਪਰਮਾਤਮਾ ਦੀ ਸਿਫ਼ਤ-ਸਲਾਹ, ਪ੍ਰਾਰਥਨਾ ਅਤੇ ਜੀਵਨ ਦੇ ਕਈ ਪਹਿਲੂਆਂ ਬਾਰੇ ਸ਼ਬਦ ਲਿਖ ਚੁਕੇ ਹੋਏ ਸਨ। ਕੀਰਤਨ ਦੀ ਰਾਹੀਂ ਸਤਿਗੁਰੂ ਜੀ ਦੇ ਸੁਅੱਛ ਖ਼ਿਆਲਾਂ ਦਾ ਸਤੇ ਹੀ ਸਰੋਤਿਆਂ ਉੱਤੇ ਅਸਰ ਪੈਂਦਾ ਜਾਂਦਾ ਸੀ। ਕਿਤੇ ਉਚੇਚੀ ਸੰਘਣੀ ਵਸੋਂ ਨੂੰ ਛੱਡ ਕੇ, ਆਮ ਤੌਰ ਉੱਤੇ ਦੋ ਦੋ ਢਾਈ ਢਾਈ ਮੀਲਾਂ ਦੀ ਵਿੱਥ ਉੱਤੇ ਹੀ ਪਿੰਡਾਂ ਦੀ ਵੱਸੋਂ ਹੁੰਦੀ ਹੈ। ਸੋ, ਇਹ ਕਿਹਾ ਜਾ ਸਕਦਾ ਹੈ ਕਿ ਸੈਦਪੁਰ ਤੋਂ ਹਰਿਦੁਆਰ ਤਕ ਗੁਰੂ ਨਾਨਕ ਦੇਵ ਜੀ ਨੇ ਰਸਤੇ ਵਿਚ ਆਏ ਤਕਰੀਬਨ ਹਰੇਕ ਪਿੰਡ ਵਿਚ ਰੈਣ-ਬਸੇਰਾ ਕੀਤਾ, ਤੇ ਕੀਰਤਨ ਦੀ ਰਾਹੀਂ ਲੋਕਾਂ ਨੂੰ ਸਹੀ ਰਸਤਾ ਦੱਸਿਆ। ਕੀਰਤਨ ਤੋਂ ਪਿੱਛੋਂ ਕਈ ਜੀਵਨ-ਗੁੰਝਲਾਂ ਬਾਰੇ ਪਰਸਪਰ ਉੱਤਰ-ਪ੍ਰਸ਼ਨ ਭੀ ਕੁਦਰਤੀ ਗੱਲ ਸੀ।

### ਗੋਰਖਮਤਾ

ਹਰਿਦੁਆਰ ਤੋਂ ਦੱਖਣ-ਪੂਰਬ ਪਾਸੇ ਡੇਢ ਕੁ ਸੌ ਮੀਲਾਂ ਦੇ ਫ਼ਾਸਲੇ ਤੇ ਜੋਗੀਆਂ ਦੀ ਨਾਥ ਸੰਪ੍ਰਦਾਇ ਦਾ ਇਕ ਭਾਰਾ ਗੜ੍ਹ ਸੀ, ਜਿੱਥੇ ਗੋਰਖ-ਪੰਥੀ ਰਹਿੰਦੇ ਸਨ। ਉਸ ਅਸਥਾਨ ਦਾ ਨਾਮ ਗੋਰਖਮਤਾ ਸੀ। ਬਰੇਲੀ ਸਟੇਸ਼ਨ ਤੋਂ ਇਕ ਛੋਟੀ ਲਾਈਨ ਪੀਲੀਭੀਤ ਦੇ ਰਸਤੇ ਟਨਕਪੁਰ ਤਕ ਜਾਂਦੀ ਹੈ। ਪੀਲੀਭੀਤ ਅਤੇ ਟਨਕਪੁਰ ਦੇ ਵਿਚਕਾਰ ਇਕ ਸਟੇਸ਼ਨ ਖਟੀਮਾ ਹੈ। ਖਟੀਮਾ



WWW.SIKHBOOKCLUB.COM 

ਤੋਂ ਉਹ ਅਸਥਾਨ ੧੦ ਮੀਲ ਪੱਛਮ ਪਾਸੇ ਹੈ ਅਤੇ ਪੀਲੀਭੀਤ ਤੋਂ ੧੫ ਮੀਲ ਉੱਤਰ-ਪੱਛਮ ਦੀ ਗੁੱਠੇ।

ਸਮਾਧੀਆਂ ਦੀ ਸਹਾਇਤਾ ਨਾਲ ਪ੍ਰਾਪਤ ਹੋਈਆਂ ਰਿੱਧੀਆਂ-ਸਿੱਧੀਆਂ ਦੇ ਕਾਰਨ ਗ੍ਰਿਹਸਤੀ ਲੋਕ ਜੋਗੀਆਂ ਦੀ ਬੜੀ ਮਾਨਤਾ-ਪੂਜਾ ਕਰਦੇ ਸਨ। ਕਿਸੇ ਨੂੰ ਇਹ ਲਾਲਚ ਹੁੰਦਾ ਸੀ ਕਿ ਸੰਤਾਂ ਪਾਸੋਂ ਕੋਈ ਵਰ ਮਿਲੇਗਾ, ਕੋਈ ਇਸ ਡਰ ਕਰਕੇ ਸੇਵਾ ਕਰਦਾ ਸੀ ਕਿ ਮਤਾਂ ਨਾਥ ਨਰਾਜ਼ ਹੋ ਕੇ ਕੋਈ ਸਰਾਪ ਨਾ ਦੇ ਜਾਣ। ਸੋ, ਇਹ ਜੋਗੀ ਲੋਕ ਆਪ ਤਾਂ ਰਿੱਧੀਆਂ-ਸਿੱਧੀਆਂ ਦੀ ਉਲਝਣ ਵਿਚ ਫਸੇ ਰਹੇ, ਤੇ ਸਧਾਰਨ ਜਨਤਾ ਦੇ ਭ੍ਰਾ ਦਾ ਸਹਿਮ ਬਣ ਗਏ। ਨਾ ਆਪਣਾ ਆਤਮਕ ਜੀਵਨ ਉੱਚਾ ਕਰ ਸਕੇ, ਨਾ ਖ਼ਲਕਤ ਦੀ ਸੇਵਾ ਵਿਚ ਲੱਗ ਸਕੇ। ਗੋਰਖਮਤੇ ਦੇ ਗੁਆਂਢ ਦੇ ਪਹਾੜੀ ਇਲਾਕਿਆਂ ਵਿਚ ਰਜਵਾੜੇ ਚੰਡੀ ਦੇਵੀ ਅੱਗੇ ਮਨੁੱਖਾਂ ਦਾ ਬਲੀਦਾਨ ਦਿਆ ਕਰਦੇ ਸਨ। ਪਰ ਇਹ ਜੋਗੀ ਲੋਕ ਆਪਣੇ ਆਪ ਵਿਚ ਇਤਨੇ ਮਸਤ ਰਹਿੰਦੇ ਸਨ ਕਿ ਆਪਣੀ ਸੇਵਾ ਤਾਂ ਕਰਾ ਲੈਂਦੇ ਸਨ, ਪਰ ਕਦੇ ਉਨ੍ਹਾਂ ਲੋਕਾਂ ਨੂੰ ਅਜਿਹੇ ਘੋਰ ਨਿਰਦਈ ਕੁਕਰਮਾਂ ਵੱਲੋਂ ਵਰਜਦੇ ਨਹੀਂ ਸਨ।

ਵੈਸਾਖ ੧੫੬੫ (ਅਪਰੈਲ ੧੫੦੮) ਵਿਚ ਹਰਿਦੁਆਰ ਤੋਂ ਚੱਲ ਕੇ ਗੁਰੂ ਨਾਨਕ ਦੇਵ ਜੀ ਨੇ ਪਹਾੜ ਦੀ ਕੰਢੀ ਦੇ ਲੋਕਾਂ ਨੂੰ ਇਸ ਦੋਹਰੀ ਬਿਪਤਾ ਤੋਂ ਬਚਾਣ ਲਈ ਗੋਰਖਮਤੇ ਦਾ ਰੁਖ਼ ਕੀਤਾ। ਹਰਿਦੁਆਰ ਤੋਂ ਅੱਸੀ ਕੁ ਮੀਲਾਂ ਦੀ ਵਿੱਥ ਉੱਤੇ ਕਮਾਊਂ ਦੇ ਇਲਾਕੇ ਦਾ ਪਰਸਿੱਧ ਨਗਰ ਅਲਮੋੜਾ ਹੈ। ਸੋਲ੍ਹਵੀਂ ਸਦੀ ਵਿਚ, ਜਦੋਂ ਗੁਰੂ ਨਾਨਕ ਦੇਵ ਜੀ ਉਸ ਦੇਸ ਗਏ, ਉੱਥੇ ਚੰਦ ਜਾਤ ਦੇ ਰਾਜੇ ਰਾਜ ਕਰਦੇ ਸਨ। ਇਹ ਰਾਜੇ ਮਨੁੱਖਾਂ ਨੂੰ ਚੰਡੀ ਦੀ ਭੇਟ ਚੜ੍ਹਾਇਆ ਕਰਦੇ ਸਨ। ਸਤਿਗੁਰੂ ਜੀ ਨੇ ਅਲਮੋੜੇ ਪਹੁੰਚ ਕੇ ਰਾਜੇ ਨੂੰ ਇਸ ਕੁਕਰਮ ਤੋਂ ਹਟਾਇਆ। ਉਨ੍ਹਾਂ ਪਹਾੜੀ ਲੋਕਾਂ ਨੂੰ ਭੀ ਜਗਾਇਆ ਕਿ ਪੱਥਰ ਆਦਿਕ ਦੀਆਂ ਮੂਰਤੀਆਂ ਬਣਾ ਬਣਾ ਕੇ ਉਨ੍ਹਾਂ ਅੱਗੇ ਗ਼ਰੀਬ ਪਰਦੇਸੀਆਂ ਦੇ ਸਿਰ ਭੇਟ ਕਰਨੇ ਭਾਰਾ ਅੱਤਿਆਚਾਰ ਹੈ। ਨਿਰਜਿੰਦ ਮੂਰਤੀਆਂ ਨੇ ਖ਼ੁਸ਼ ਕੀ ਹੋਣਾ ਹੈ ਤੇ ਨਰਾਜ਼ ਕੀ ਹੋਣਾ ਹੈ? ਸਾਰੀ ਦੁਨੀਆ ਦੇ ਪੈਦਾ ਕਰਨ ਵਾਲੇ ਇਕ ਸਿਰਜਣਹਾਰ ਦੀ ਭਗਤੀ ਕਰੋ, ਉਸ ਨੂੰ ਖ਼ੁਸ਼ ਕਰੋ। ਉਹ ਖ਼ੁਸ਼ ਹੁੰਦਾ ਹੈ ਜੇ ਉਸ ਨੂੰ ਖ਼ਲਕਤ ਵਿਚ ਵੇਖ ਕੇ ਸਾਰੀ ਖ਼ਲਕਤ ਨਾਲ ਪਿਆਰ ਕਰੀਏ।

ਅਲਮੋੜੇ ਸਤਿਗੁਰੂ ਜੀ ਦੇ ਆਗਮਨ ਦੀ ਯਾਦ ਵਿਚ ਪਹਿਲਾਂ



WWW.SIKHBOOKCLUB.COM 

ਗੁਰਦੁਆਰਾ ਬਣਿਆ ਹੋਇਆ ਸੀ। ਲੋਕ ਗੁਰੂ ਨਾਨਕ ਦੇਵ ਜੀ ਨਾਲ ਪਿਆਰ ਕਰਦੇ ਸਨ। ਪਰ ਉਧਰ ਪਰਚਾਰ ਦੀ ਘਾਟ ਕਰਕੇ ਸਿੱਖ-ਧਰਮ ਵਾਲੇ ਸੰਸਕਾਰ ਮਿਟਦੇ ਗਏ ਤੇ ਆਖ਼ਰ ਗੁਰਦੁਆਰਾ ਭੀ ਮੁੱਕ ਗਿਆ।

ਹਰਿਦੁਆਰ ਤੋਂ ਅਲਮੋੜੇ ਨੂੰ ਆਉਂਦਿਆਂ ਗੁਰੂ ਨਾਨਕ ਦੇਵ ਜੀ ਕੋਟਦੁਆਰੇ ਠਹਿਰੇ ਸਨ। ਕੋਟਦੁਆਰਾ ਗੜ੍ਹਵਾਲ ਦੇ ਜ਼ਿਲਾ ਪੌੜੀ ਦਾ ਇਕ ਨਗਰ ਹੈ, ਹਰਿਦੁਆਰ ਤੋਂ ਪੰਝੀ ਕੁ ਮੀਲਾਂ ਦੀ ਵਿੱਥ ਉੱਤੇ, ਦੱਖਣ-ਪੂਰਬ ਪਾਸੇ। ਉੱਥੇ ਹੁਣ ਸਤਿਗੁਰੂ ਜੀ ਦਾ ਅਸਥਾਨ ਹੈ, ਜੋ 'ਚਰਨ-ਪਾਦੁਕਾ' ਕਰਕੇ ਪਰਸਿੱਧ ਹੈ। ਇਧਰ ਦੇ ਲੋਕ ਵਰਾਹ ਅਵਤਾਰ ਦੇ ਉਪਾਸ਼ਕ ਸਨ, ਵਰਾਹ ਦੀ ਮੂਰਤੀ ਦੀ ਪੂਜਾ ਕਰਦੇ ਸਨ ਅਤੇ ਗਲ ਵਿਚ ਪਾਈ ਫਿਰਦੇ ਸਨ। ਸਤਿਗੁਰੂ ਜੀ ਨੇ ਇਨ੍ਹਾਂ ਨੂੰ ਇਕ ਪਰਮਾਤਮਾ ਦੀ ਭਗਤੀ ਵਿਚ ਜੋੜਿਆ।

ਅਲਮੋੜੇ ਤੋਂ ਦੱਖਣ ਪਾਸੇ (ਰਤਾ ਕੁ ਪੂਰਬ ਦੇ ਰੁਖ਼) ਸੱਤਰ ਕੁ ਮੀਲਾਂ ਦੀ ਵਿੱਥ ਉੱਤੇ ਗੋਰਖਮਤਾ ਸੀ। ਗੋਰਖਨਾਥ ਦੀ ਸੰਪ੍ਰਦਾਇ ਦੇ ਕੰਨ-ਪਾਟਿਆਂ ਵਿੱਚੋਂ ਝੰਗਰਨਾਥ ਤੇ ਭੰਗਰਨਾਥ ਮੁਖੀ ਜੋਗੀ ਸਨ।

ਜਦੋਂ ਸਤਿਗੁਰੂ ਜੀ ਅਜੇ ਤਲਵੰਡੀ ਰਹਿੰਦੇ ਸਨ, ਉੱਥੇ ਅਨੇਕਾਂ ਰਮਤੇ ਸੰਤਾਂ, ਸਾਧਾਂ, ਜੋਗੀਆਂ ਨਾਲ ਉਨ੍ਹਾਂ ਦੀ ਜਾਣ-ਪਛਾਣ ਬਣਦੀ ਰਹਿੰਦੀ ਸੀ। ਉਨ੍ਹਾਂ ਸਾਧਾਂ ਦੀ ਬੈਠਕ ਵਿਚ ਹੀ ਸਤਿਗੁਰੂ ਜੀ ਨੇ ਜੋਗ-ਮਤ ਦੇ ਨਿਯਮਾਂ ਅਤੇ ਸਾਧਨਾਂ ਦੀ ਵਾਕਫ਼ੀ ਹਾਸਲ ਕੀਤੀ ਸੀ। ਤਲਵੰਡੀ ਆਏ ਸਾਧੂਆਂ ਨਾਲ ਖ਼ਿਆਲਾਂ ਦਾ ਵਟਾਂਦਰਾ ਹੁੰਦਾ ਰਹਿੰਦਾ ਸੀ। ਰੋਸ਼ਨ-ਦਿਮਾਗ਼ ਗੁਰੂ ਨਾਨਕ ਦੇਵ ਜੀ ਉਨ੍ਹਾਂ ਨੂੰ ਜੋਗ-ਮਾਰਗ ਦੀਆਂ ਉਕਾਈਆਂ ਦੱਸਦੇ ਰਹਿੰਦੇ ਸਨ ਅਤੇ ਇਸ ਤਰ੍ਹਾਂ ਚਰਚਾ ਹੁੰਦੀ ਰਹਿੰਦੀ ਸੀ।

ਗੁਰੂ ਨਾਨਕ ਦੇਵ ਜੀ ਅਲਮੋੜੇ ਤੋਂ ਗੋਰਖਮਤੇ ਨੂੰ ਚੱਲ ਪਏ। ਕਈਆਂ ਜੋਗੀਆਂ ਨਾਲ ਤਾਂ ਪਹਿਲਾਂ ਜਾਣ-ਪਛਾਣ ਹੋ ਚੁੱਕੀ ਹੋਈ ਸੀ। ਬਾਕੀ ਦੇ ਭੀ, ਆਪਣੇ ਸਾਥੀਆਂ ਪਾਸੋਂ ਸਤਿਗੁਰੂ ਜੀ ਬਾਰੇ ਬਹੁਤ ਕੁਝ ਸੁਣ ਚੁਕੇ ਹੋਏ ਸਨ। ਹਰਿਦੁਆਰ ਦਾ ਪੁਰਬ ਲੰਘਿਆਂ ਅਜੇ ਦੋ ਢਾਈ ਮਹੀਨੇ ਹੀ ਹੋਏ ਸਨ। ਸਤਿਗੁਰੂ ਜੀ ਆਪਣੇ ਮਿਥੇ ਪ੍ਰੋਗਰਾਮ ਅਨੁਸਾਰ ਦੋ ਦੋ ਢਾਈ ਢਾਈ ਮੀਲਾਂ ਦਾ ਪੜਾ ਕਰ ਕੇ ਹਰਿਦੁਆਰ ਤੋਂ ਗੋਰਖਮਤੇ ਵਲ ਜਾ ਰਹੇ ਸਨ। ਜੋਗੀ ਉਨ੍ਹਾਂ ਦੀ ਉਡੀਕ ਵਿਚ ਹੀ ਸਨ। ਜਦੋਂ ਸਤਿਗੁਰੂ ਜੀ ਗੋਰਖਮਤੇ ਪਹੁੰਚੇ ਤਾਂ ਝੰਗਰਨਾਥ-ਭੰਗਰਨਾਥ ਨਾਲ ਬੜੀ ਚਰਚਾ ਹੋਈ। ਗੁਰੂ ਸਾਹਿਬ ਨੇ ਉਨ੍ਹਾਂ ਨੂੰ ਸਮਝਾਇਆ ਕਿ



WWW.SIKHBOOKCLUB.COM 

ਪਰਮਾਤਮਾ ਦੀ ਖ਼ਲਕਤ ਵੱਲੋਂ ਕੋਰਾ-ਪਨ ਜੀਵਨ ਦਾ ਸਹੀ ਰਸਤਾ ਨਹੀਂ ਹੈ।

ਪਹਿਲਾਂ ਉਸ ਸਾਰੇ ਇਲਾਕੇ ਵਿਚ ਲੋਕ ਇਸ ਗੱਲ ਨੂੰ ਧਰਮ ਸਮਝਦੇ ਸਨ ਕਿ ਚੰਡੀ ਦੇਵੀ ਦੀ ਪੂਜਾ ਕੀਤੀ ਜਾਏ, ਉਸ ਨੂੰ ਪਰਸੰਨ ਕਰਨ ਲਈ ਕਿਸੇ ਭੁੱਲੇ-ਭਟਕੇ ਪਰਦੇਸੀ ਮਨੁੱਖ ਦਾ ਬਲੀਦਾਨ ਆਪਣੇ ਰਾਜੇ ਦੀ ਰਾਹੀਂ ਦਿੱਤਾ ਜਾਏ, ਟਿੱਲੇ ਉੱਤੇ ਬੈਠੇ ਜੋਗੀਆਂ ਦੀ ਸੇਵਾ ਕੀਤੀ ਜਾਏ, ਤਾਕਿ ਉਨ੍ਹਾਂ ਤੋਂ ਮਿਲੇ ਵਰ ਨਾਲ ਦੁਨਿਆਵੀ ਲੋੜਾਂ ਪੂਰੀਆਂ ਹੁੰਦੀਆਂ ਰਹਿਣ, ਉਨ੍ਹਾਂ ਦੀ ਸੇਵਾ ਵੱਲੋਂ ਉਕਾਈ ਨਾ ਕੀਤੀ ਜਾਏ, ਮਤਾਂ ਕਿਤੇ ਕੋਈ ਸਰਾਪ ਦੇ ਜਾਣ।

ਇਹ ਇਕ ਸਦੀਵੀ ਸਹਿਮ ਜਿਹੇ ਦਾ ਜੀਵਨ ਸੀ, ਜੋ ਉਹ ਲੋਕ ਬਿਤਾ ਰਹੇ ਸਨ। ਗੁਰੂ ਨਾਨਕ ਦੇਵ ਜੀ ਨੇ ਉਨ੍ਹਾਂ ਦੇ ਦਿਲਾਂ ਵਿਚੋਂ ਦੂਜੇ ਰਜਵਾੜਿਆਂ ਦੇ ਬੰਦਿਆਂ ਵਿਰੁੱਧ ਨਫ਼ਰਤ ਦੂਰ ਕਰਨ ਦਾ ਜਤਨ ਕੀਤਾ। ਉਨ੍ਹਾਂ ਨੂੰ ਦ੍ਰਿੜ੍ਹ ਕਰਾਇਆ ਕਿ ਸਾਰੀ ਹੀ ਖ਼ਲਕਤ ਦਾ ਮਾਲਕ ਇਕੋ ਪਰਮਾਤਮਾ ਹੈ। ਉਸ ਨੂੰ ਪਰਸੰਨ ਕਰਨ ਦੀ ਲੋੜ ਹੈ ਤੇ ਉਹ ਪਰਸੰਨ ਤਾਂ ਹੁੰਦਾ ਹੈ ਜੇ ਉਸ ਦੀ ਸਾਰੀ ਖ਼ਲਕਤ ਨਾਲ ਪਿਆਰ ਕਰੀਏ। ਉਹੀ ਪ੍ਰਭੂ ਸਾਰੇ ਜੀਵਾਂ ਨੂੰ ਸੁੱਖ ਦੇਣ ਵਾਲਾ ਹੈ, ਕਿਸੇ ਹੋਰ ਤੋਂ ਡਰਨ ਦੀ ਲੋੜ ਨਹੀਂ। ਸਦਾ ਉਸੇ ਪਰਮਾਤਮਾ ਦੀ ਸਿਫ਼ਤ-ਸਲਾਹ ਕਰੋ।

SIKHBOOKCLUB.COM

ਸਤਿਗੁਰੂ ਜੀ ਦੇ ਇਸ ਉੱਦਮ ਦਾ ਅਸਰ ਇਹ ਹੋਇਆ ਕਿ ਲੋਕਾਂ ਦੇ ਦਿਲਾਂ ਤੋਂ ਜੋਗੀਆਂ ਦਾ ਡਰ ਭਉ ਉਤਰ ਗਿਆ, ਜੋਗੀਆਂ ਦੀ ਪੂਜਾ-ਮਾਨਤਾ ਘਟਣ ਲੱਗ ਪਈ। ਆਖ਼ਰ ਘਟਦੀ ਘਟਦੀ ਇਤਨੀ ਘਟੀ ਕਿ ਉਨ੍ਹਾਂ ਜੋਗੀਆਂ ਨੂੰ ਉੱਥੋਂ ਆਪਣੀ ਸਫ਼ਾ ਵਲ੍ਹੇਟਣੀ ਪੈ ਗਈ। ਜੋਗੀਆਂ ਦਾ ਅੱਡਾ ਪੁੱਟਿਆ ਗਿਆ। ਗੁਰੂ ਨਾਨਕ ਦੇਵ ਜੀ ਦੇ ਨਾਮ-ਲੇਵਾ ਲੋਕਾਂ ਨੇ ਉੱਥੇ ਸਤਸੰਗ ਦਾ ਪਰਬੰਧ ਕਰ ਲਿਆ। ਸਹਿਜੇ ਸਹਿਜੇ ਉਹ ਅਸਥਾਨ ਉਸ ਇਲਾਕੇ ਵਾਸਤੇ ਸਿੱਖ-ਧਰਮ ਦੇ ਪਰਚਾਰ ਦਾ ਕੇਂਦਰ ਬਣ ਗਿਆ। ਉਸ ਦਾ ਨਾਮ ਗੋਰਖਮਤੇ ਦੀ ਥਾਂ ਨਾਨਕ-ਮਤਾ ਪਰਸਿੱਧ ਹੋ ਗਿਆ। ਹੁਣ ਉਸ ਥਾਂ ਦਾ ਪਰਬੰਧ ਉਸ ਇਲਾਕੇ ਵਿਚੋਂ ਚੁਣੀ ਲੋਕਲ ਕਮੇਟੀ ਦੇ ਹੱਥ ਵਿਚ ਹੈ।

## ਰੀਠਿਆਂ ਦਾ ਜੰਗਲ

ਗੋਰਖਮਤੇ ਦੇ ਦੁਆਲੇ ਜੰਗਲ ਹੀ ਜੰਗਲ ਸੀ, ਜਿਸ ਵਿਚ ਰੀਠਿਆਂ ਦੇ ਰੁੱਖਾਂ ਦੀ ਬਹੁਲਤਾ ਸੀ। ਇਸ ਜੰਗਲ ਵਿਚ ਭੀ ਗੋਰਖਨਾਥ ਦੀ ਸੰਪ੍ਰਦਾਇ

ਦੇ ਜੋਗੀਆਂ ਦੀਆਂ ਕਈ ਮੰਡਲੀਆਂ ਰਹਿੰਦੀਆਂ ਸਨ।

ਗੋਰਖਮਤੇ ਤੋਂ ਗੁਰੂ ਨਾਨਕ ਦੇਵ ਜੀ ਪੂਰਬ ਵਲ ਚੱਲ ਪਏ। ਉਥੋਂ ੪੫ ਕੁ ਮੀਲਾਂ ਦੀ ਵਿੱਥ ਉੱਤੇ ਜੰਗਲ ਵਿਚ ਉਨ੍ਹਾਂ ਨੂੰ ਜੋਗੀਆਂ ਦੀ ਇਕ ਮੰਡਲੀ ਮਿਲੀ। ਸਤਿਗੁਰੂ ਜੀ ਦੇ ਪਰਚਾਰ ਨਾਲ ਜਾਗੇ ਹੋਏ ਲੋਕਾਂ ਵਿਚੋਂ ਆਪਣਾ ਰਸੂਖ ਜਾਂਦਾ ਵੇਖ ਕੇ ਜੋਗੀ ਲੋਕ ਆਮ ਜਨਤਾ ਦੇ ਸਾਹਮਣੇ ਸਤਿਗੁਰੂ ਜੀ ਨਾਲ ਚਰਚਾ ਉੱਤੇ ਜ਼ੋਰ ਲਾਇਆ ਕਰਦੇ ਸਨ। ਉਹ ਖ਼ਿਆਲ ਕਰਦੇ ਸਨ ਕਿ ਗੁਰੂ ਨਾਨਕ ਦੇਵ ਜੀ ਜੋਗ ਦੇ ਸਾਧਨਾਂ ਅਤੇ ਸਰੀਰ ਦੇ ਅੰਦਰ ਦੀਆਂ ਨਾੜੀਆਂ ਆਦਿਕ ਦੇ ਗੁੱਝੇ ਭੇਦਾਂ ਤੋਂ ਨਾਵਾਕਫ਼ ਹਨ। ਅਜਿਹੇ ਸਵਾਲਾਂ ਦੇ ਜਵਾਬ ਉਹ ਦੇ ਨਹੀਂ ਸਕਣਗੇ। ਇਸ ਤਰ੍ਹਾਂ ਉਨ੍ਹਾਂ ਦਾ ਪੱਲਾ ਹੌਲਾ ਰਹਿ ਜਾਏਗਾ, ਅਤੇ ਜਨਤਾ ਉੱਤੇ ਸਾਡੀ ਵਿੱਦਵਤਾ ਤੇ ਯੋਗਤਾ ਦਾ ਪਰਭਾਵ ਪਏਗਾ। ਪਰ ਗੁਰੂ ਨਾਨਕ ਦੇਵ ਜੀ ਦੀ ਰੌਸ਼ਨ-ਦਿਮਾਗ਼ੀ ਦੇ ਸਾਮ੍ਹਣੇ ਉਨ੍ਹਾਂ ਦਾ ਇਹ ਹਥਿਆਰ ਸਦਾ ਖੁੰਢਾ ਹੋ ਜਾਂਦਾ ਸੀ। ਗੋਰਖਮਤੇ ਤੋਂ ਪਾਰਲੇ ਜੰਗਲ ਵਿਚ ਟਿਕੇ ਹੋਏ ਜੋਗੀ ਭੀ ਚਰਚਾ ਵਾਲਾ ਹਥਿਆਰ ਵਰਤ ਕੇ ਲੋਕਾਂ ਦੀਆਂ ਨਜ਼ਰਾਂ ਵਿਚ ਸਗੋਂ ਹੌਲੇ ਪੈ ਗਏ।

ਇਨ੍ਹਾਂ ਲੋਕਾਂ ਦਾ ਦੂਜਾ ਹਥਿਆਰ ਸੀ ਰਿੱਧੀਆਂ-ਸਿੱਧੀਆਂ ਵਾਲਾ। ਸਿੱਖ-ਇਤਿਹਾਸ ਲਿਖਦਾ ਹੈ ਕਿ ਜੋਗੀਆਂ ਨੇ ਗੁਰੂ ਜੀ ਪਾਸੋਂ ਕੁਝ ਖਾਣ ਨੂੰ ਮੰਗਿਆ। ਉਨ੍ਹਾਂ ਦਾ ਖ਼ਿਆਲ ਸੀ ਕਿ ਇੱਥੇ ਜੰਗਲ ਵਿਚ ਕੁਝ ਭੀ ਨਹੀਂ ਹੈ, ਨਿਰੇ ਰੀਠੇ ਹੀ ਰੀਠੇ ਹਨ, ਸਾਡੀ ਮੰਗ ਪੂਰੀ ਨਾ ਕਰ ਸਕਣ ਤੇ ਜਨਤਾ ਵਿਚ ਨਸ਼ਰ ਹੋ ਜਾਣਗੇ। ਪਰ ਇਥੇ ਭੀ ਉਨ੍ਹਾਂ ਨੂੰ ਨਿਰਾਸਤਾ ਹੋਈ। ਜਿਸ ਰੀਠੇ ਹੇਠ ਗੁਰੂ ਨਾਨਕ ਦੇਵ ਜੀ ਬੈਠੇ ਸਨ, ਜੋਗੀਆਂ ਨੂੰ ਉਸ ਦੇ ਫਲ ਖਾਣ ਲਈ ਆਖਿਓ ਨੇ। ਕੁਦਰਤ ਦੀ ਖੇਡ, ਰੀਠੇ ਛੁਹਾਰਿਆਂ ਵਰਗੇ ਮਿੱਠੇ ਨਿਕਲ ਆਏ। (ਇਸੇ ਮੌਸਮ ਰੀਠਿਆਂ ਨੂੰ ਰੀਠੇ ਲੱਗ ਕੇ ਪੱਕਦੇ ਹਨ।)

## ਅਜੁੱਧਿਆ

ਗੋਰਖਮਤੇ ਤੋਂ ਦੱਖਣ-ਪੂਰਬ ਪਾਸੇ ੧੮੦ ਕੁ ਮੀਲਾਂ ਦੇ ਫ਼ਾਸਲੇ ਉੱਤੇ ਸਰਜੂ ਨਦੀ ਦੇ ਕੰਢੇ ਉੱਤੇ ਹਿੰਦੂਆਂ ਦੀ ਪਰਸਿੱਧ ਪਵਿੱਤਰ ਨਗਰੀ ਅਜੁੱਧਿਆ ਹੈ। ਇਹ ਨਗਰੀ ਸੂਰਜਬੰਸੀ ਰਾਜੇ ਇਕਸ਼ਵਾਕੁ ਨੇ ਵਸਾਈ ਸੀ। ਇਸ ਵੰਸ਼ ਵਿਚ ਇੱਥੇ ਰਾਜਾ ਦਸ਼ਰਥ ਦੇ ਘਰ ਸ੍ਰੀ ਰਾਮਚੰਦਰ ਜੀ ਦਾ ਜਨਮ ਚੇਤ ਸੁਦੀ ੯ ਨੂੰ ਹੋਇਆ।

ਭਾਈ ਮਰਦਾਨਾ ਅਤੇ ਸਤਿਗੁਰੂ ਨਾਨਕ ਦੇਵ ਜੀ ਕੱਤਕ, ੧੫੬੫ ਵਿਚ ਅਜੁੱਧਿਆ ਪਹੁੰਚੇ। ਵਸ਼ਿਸ਼ਟ ਮੁਨੀ ਦੇ ਆਸ਼੍ਰਮ ਪਾਸ ਜਾ ਡੇਰਾ ਕੀਤਾ। ਵਸ਼ਿਸ਼ਟ ਸ੍ਰੀ ਰਾਮਚੰਦਰ ਜੀ ਦਾ ਗੁਰੂ ਸੀ।

ਅਜੁੱਧਿਆ ਵਿਚ ਬੈਰਾਗੀ ਸਾਧੂ ਬਹੁਤ ਰਹਿੰਦੇ ਸਨ। ਬੈਰਾਗੀ ਵੈਸ਼ਨਵ ਸਾਧੂਆਂ ਦਾ ਇਕ ਫ਼ਿਰਕਾ ਹੈ। ਇਹ ਮਤ ਰਾਮਾਨੰਦ ਜੀ ਤੋਂ ਚਲਿਆ ਹੈ। ਪੰਜ ਕਰਮ ਬੈਰਾਗੀਆਂ ਦੇ ਧਰਮ ਦੇ ਅੰਗ ਹਨ :

੧. ਦੁਆਰਕਾ ਦੀ ਯਾਤ੍ਰਾ।

੨. ਸੰਖ, ਚਕ੍ਰ ਆਦਿਕ ਵਿਸ਼ਨੂੰ-ਚਿੰਨ੍ਹਾਂ ਦਾ ਸਰੀਰ ਉਤੇ ਛਾਪਾ।

੩. ਗੋਪੀਚੰਦਨ ਦਾ ਤਿਲਕ। ਦੁਆਰਕਾ ਦੇ ਪਾਸ ਇਕ ਗੋਪੀ ਤਾਲ (ਤਲਾਬ) ਹੈ, ਜਿੱਥੇ ਕ੍ਰਿਸ਼ਨ ਜੀ ਦਾ ਦੇਹਾਂਤ ਹੋਣ ਉੱਤੇ ਵਿਯੋਗ ਦੇ ਦੁੱਖ ਨਾਲ ਗੋਪੀਆਂ ਨੇ ਪ੍ਰਾਣ ਤਿਆਗੇ ਸਨ। ਉਸ ਦੀ ਮਿੱਟੀ ਗੋਪੀ-ਚੰਦਨ ਅਖਵਾਉਂਦੀ ਹੈ। ਵੈਸ਼ਨਵ ਸਾਧੂ ਇਸ ਦਾ ਤਿਲਕ ਲਾਉਂਦੇ ਹਨ।

੪. ਕ੍ਰਿਸ਼ਨ-ਮੂਰਤੀ ਜਾਂ ਰਾਮ-ਮੂਰਤੀ ਦੀ ਪੂਜਾ।

੫. ਤੁਲਸੀ-ਮਾਲਾ ਦਾ ਧਾਰਨਾ।

ਤੁਲਸੀ ਮਰੂਏ ਦੀ ਕਿਸਮ ਦਾ ਇਕ ਪੌਦਾ ਹੈ। ਇਸ ਦੇ ਪੱਤਰ ਕਫ਼-ਨਾਸ਼ਕ ਅਤੇ ਭੁੱਖ ਵਧਾਣ ਵਾਲੇ ਹੁੰਦੇ ਹਨ। ਵੈਸ਼ਨਵ ਧਰਮ ਅਨੁਸਾਰ ਇਸ ਨੂੰ ਬਹੁਤ ਹੀ ਪਵਿੱਤਰ ਮੰਨਿਆ ਜਾਂਦਾ ਹੈ। ਸਾਲਗ੍ਰਾਮ ਦੀ ਪੂਜਾ ਤੁਲਸੀ ਤੋਂ ਬਿਨਾ ਹੋ ਹੀ ਨਹੀਂ ਸਕਦੀ।[1]

ਤੁਲਸੀ ਦੀ ਖ਼ਾਸ ਪੂਜਾ ਕੱਤਕ ਦੀ ਮੱਸਿਆ ਨੂੰ ਹੁੰਦੀ ਹੈ, ਕਿਉਂਕਿ

---

੧. ਬ੍ਰਹਮ ਵੈਵਰਤ ਪੁਰਾਣ ਵਿਚ ਤੁਲਸੀ ਤੇ ਸਾਲਗ੍ਰਾਮ ਬਾਰੇ ਇਕ ਕਥਾ ਹੈ—ਗੋਕਲ ਵਿਚ ਤੁਲਸੀ ਰਾਧਾ ਦੀ ਇਕ ਸਹੇਲੀ ਸੀ। ਇਕ ਦਿਨ ਕ੍ਰਿਸ਼ਨ ਜੀ ਨਾਲ ਤੁਲਸੀ ਨੂੰ ਕੇਲ ਕਰਦਿਆਂ ਵੇਖ ਕੇ ਰਾਧਾ ਨੇ ਸਰਾਪ ਦਿੱਤਾ ਕਿ ਤੂੰ ਮਨੁੱਖਾ ਸਰੀਰ ਧਾਰਨ ਕਰ। ਉਸ ਸਰਾਪ ਦੇ ਕਾਰਨ ਤੁਲਸੀ ਰਾਜਾ ਧਰਮਧ੍ਵਜ ਦੇ ਘਰ ਜੰਮੀ। ਵੱਡੀ ਹੋ ਕੇ ਸੰਖਚੂੜ ਰਾਖਸ਼ ਨਾਲ ਵਿਆਹੀ ਗਈ। ਸੰਖਚੂੜ ਨੂੰ ਵਰ ਮਿਲਿਆ ਹੋਇਆ ਸੀ ਕਿ ਜਦ ਤਕ ਉਸ ਦੀ ਇਸਤ੍ਰੀ ਦਾ ਸਤ ਭੰਗ ਨਹੀਂ ਹੋਵੇਗਾ, ਤਦ ਤਕ ਉਸ ਨੂੰ ਕੋਈ ਜਿੱਤ ਨਹੀਂ ਸਕੇਗਾ। ਸੰਖਚੂੜ ਨੇ ਸਾਰੇ ਦੇਵਤੇ ਜਿੱਤ ਲਏ। ਦੇਵਤਿਆਂ ਨੇ ਵਿਸ਼ਨੂੰ ਅੱਗੇ ਪੁਕਾਰ ਕੀਤੀ। ਵਿਸ਼ਨੂੰ ਨੇ ਸੰਖਚੂੜ ਦਾ ਰੂਪ ਧਾਰ ਕੇ ਤੁਲਸੀ ਦਾ ਸਤ ਭੰਗ ਕੀਤਾ। ਤੁਲਸੀ ਨੇ ਵਿਸ਼ਨੂੰ ਨੂੰ ਸਰਾਪ ☛



WWW.SIKHBOOKCLUB.COM 

ਇਹ ਥਿਤ ਉਸ ਦੇ ਜਨਮ ਦੀ ਮੰਨੀ ਗਈ ਹੈ। ਕੱਤਕ ਦੀ ਮੱਸਿਆ ਨੂੰ ਹੀ ਸ੍ਰੀ ਰਾਮਚੰਦਰ ਜੀ ਦਾ ਚੌਦਾਂ ਸਾਲਾਂ ਦਾ ਬਨਬਾਸ ਮੁੱਕਿਆ ਸੀ। ਸ਼ਹਿਰ ਵਿਚ ਰਾਤ ਨੂੰ ਦੀਪਮਾਲਾ ਕੀਤੀ ਗਈ। ਅਗਾਂਹ ਸਦਾ ਵਾਸਤੇ ਇਹ ਦਿਹਾੜਾ ਅੱਤ ਖ਼ੁਸ਼ੀ ਦਾ ਮੰਨਿਆ ਗਿਆ। ਇਸ ਯਾਦਗਾਰ ਨੂੰ ਮਨਾਣ ਲਈ ਸਾਰੇ ਭਾਰਤ ਵਿਚ ਸਾਰੀ ਹਿੰਦੂ-ਜਨਤਾ ਨੇ ਕੱਤਕ ਦੀ ਮੱਸਿਆ ਦੀ ਰਾਤ ਨੂੰ ਦੀਪਮਾਲਾ ਕਰਨੀ ਸ਼ੁਰੂ ਕਰ ਦਿੱਤੀ। ਇਸੇ ਰਾਤ ਨੂੰ ਹਿੰਦੂ ਲੋਕ ਲੱਖਸ਼ਮੀ ਦੇਵੀ ਦੀ ਪੂਜਾ ਕਰਦੇ ਹਨ। ਲੱਖਸ਼ਮੀ ਧਨ-ਦੌਲਤ ਦੀ ਦੇਵੀ ਮੰਨੀ ਗਈ ਹੈ। ਪੁਰਾਣਾਂ ਨੇ ਇਸ ਨੂੰ ਇਸਤ੍ਰੀ ਲਿਖਿਆ ਹੈ। ਇਹ ਕਾਮਦੇਵ ਦੀ ਮਾਂ ਮੰਨੀ ਜਾਂਦੀ ਹੈ, ਸਮੁੰਦਰ ਰਿੜਕਣ ਤੋਂ ਇਸ ਦਾ ਪਰਗਟ ਹੋਣਾ ਕਲਪਿਆ ਗਿਆ ਹੈ।

ਸੋ, ਜਦੋਂ ਗੁਰੂ ਨਾਨਕ ਦੇਵ ਜੀ ਅਜੁੱਧਿਆ ਪਹੁੰਚੇ, ਹਿੰਦੂ ਜਨਤਾ ਲਈ ਉਹ ਅੱਤ ਪਿਆਰਾ ਦਿਹਾੜਾ ਨੇੜੇ ਆ ਰਿਹਾ ਸੀ, ਜਦੋਂ ਤੁਲਸੀ ਦਾ ਜਨਮ ਹੋਇਆ, ਜਦੋਂ ਸ੍ਰੀ ਰਾਮਚੰਦਰ ਜੀ ਚੌਦਾਂ ਸਾਲਾਂ ਦੇ ਬਨਬਾਸ ਪਿੱਛੋਂ ਅਜੁੱਧਿਆ ਵਿਚ ਵਾਪਸ ਆਏ, ਅਤੇ ਜਦੋਂ ਧਨ-ਦੌਲਤ ਦੀ ਦੇਵੀ ਲੱਖਸ਼ਮੀ ਦੀ ਪੂਜਾ ਕੀਤੀ ਜਾਂਦੀ ਹੈ। ਦੂਰੋਂ ਦੂਰੋਂ ਬੈਰਾਗੀ ਸਾਧੂ ਆ ਕੇ ਇਕੱਠੇ ਹੋ ਰਹੇ ਸਨ, ਅਨੇਕਾਂ ਹਿੰਦੂ ਯਾਤਰੂ ਭੀ ਪਹੁੰਚ ਰਹੇ ਸਨ। ਤੁਲਸੀ ਦੀ ਪੂਜਾ, ਸ੍ਰੀ ਰਾਮਚੰਦਰ ਜੀ ਦੀ ਮੂਰਤੀ ਦੀ ਪੂਜਾ ਅਤੇ ਧਨ-ਦੌਲਤ ਦੀ ਦੇਵੀ ਲੱਖਸ਼ਮੀ ਦੀ ਪੂਜਾ—ਇਹੀ ਸੀ ਉੱਚੇ ਤੋਂ ਉੱਚਾ ਧਰਮ, ਜੋ ਸਭ ਦੇ ਸਾਹਮਣੇ ਸੀ।

ਸਤਿਗੁਰੂ ਜੀ ਨੇ ਬੈਰਾਗੀ ਸਾਧੂਆਂ ਅਤੇ ਹਿੰਦੂ ਜਨਤਾ ਨੂੰ ਪੱਥਰਾਂ,

---

ਦਿੱਤਾ ਕਿ ਤੂੰ ਪੱਥਰ ਹੋ ਜਾ। ਵਿਸ਼ਨੂੰ ਨੇ ਆਖਿਆ ਕਿ ਤੂੰ ਵੀ ਇਹ ਸਰੀਰ ਤਿਆਗ ਕੇ ਸਦਾ ਮੇਰੇ ਨਾਲ ਰਹੇਂਗੀ। ਤੇਰੇ ਸਰੀਰ ਤੋਂ ਗੰਡਕਾ ਨਦੀ ਅਤੇ ਕੇਸਾਂ ਤੋਂ ਤੁਲਸੀ ਦਾ ਬੂਟਾ ਹੋਵੇਗਾ। ਦੋਹਾਂ ਦੇ ਪਰਸਪਰ ਸਰਾਪ ਦੇ ਕਾਰਨ ਵਿਸ਼ਨੂੰ ਸਾਲਗ੍ਰਾਮ ਹੋ ਗਏ; ਜੋ ਗੰਡਕਾ ਨਦੀ ਵਿਚੋਂ ਨਿਕਲਦੇ ਹਨ ਅਤੇ ਤੁਲਸੀ ਬੂਟਾ ਬਣ ਗਈ।

ਬਹੁਤ ਵੈਸ਼ਨਵ ਸਾਧੂ ਤੁਲਸੀ ਅਤੇ ਸਾਲਗ੍ਰਾਮ ਦਾ ਵਿਆਹ ਬੜੀ ਧੂਮਧਾਮ ਨਾਲ ਕਰਦੇ ਹਨ ਅਤੇ ਤੁਲਸੀ ਦੀ ਲੱਕੜ ਦੀ ਮਾਲਾ ਅਤੇ ਕੰਠੀ ਪਹਿਨਦੇ ਹਨ।

ਗੰਡਕਾ ਨਦੀ ਦੇ ਕੰਢੇ ਉੱਤੇ ਇਕ ਪਿੰਡ ਹੈ, ਜਿਸ ਦਾ ਨਾਮ ਸਾਲਗ੍ਰਾਮ ਹੈ। ਇਸ ਇਲਾਕੇ ਵਿਚ ਸਾਲ ਦੇ ਰੁੱਖ ਬਹੁਤ ਹਨ, ਜਿਨ੍ਹਾਂ ਤੋਂ ਪਿੰਡ ਦਾ ਭੀ ਇਹੀ ਨਾਮ ਪੈ ਗਿਆ ਹੈ। ਉਸ ਪਿੰਡ ਦੇ ਕੋਲੋਂ ਗੰਡਕਾ ਨਦੀ ਵਿਚੋਂ ਛੋਟੇ ਛੋਟੇ ਪੱਥਰ ਨਿਕਲਦੇ ਹਨ, ਜਿਨ੍ਹਾਂ ਉਤੇ ਚੱਕਰ ਦਾ ਚਿੰਨ੍ਹ ਹੁੰਦਾ ਹੈ। ਹਿੰਦੂ ਉਸ ਪੱਥਰ ਨੂੰ ਵਿਸ਼ਨੂੰ ਦੀ ਮੂਰਤੀ ਮੰਨਦੇ ਹਨ। ਪਿੰਡ ਦੇ ਨਾਮ ਉੱਤੇ ਉਨ੍ਹਾਂ ਪੱਥਰਾਂ ਦਾ ਨਾਮ ਸਾਲਗ੍ਰਾਮ ਪੈ ਗਿਆ ਹੈ। ਗੰਡਕਾ ਨਦੀ ਨੇਪਾਲ ਦੇ ਇਲਾਕੇ ਵਿਚੋਂ ਨਿਕਲਦੀ ਹੈ ਅਤੇ ਪਟਨੇ ਪਾਸ ਗੰਗਾ ਵਿਚ ਮਿਲ ਜਾਂਦੀ ਹੈ।



WWW.SIKHBOOKCLUB.COM 

ਮੂਰਤੀਆਂ ਅਤੇ ਪੌਦਿਆਂ ਦੀ ਪੂਜਾ ਤੋਂ ਵਰਜਿਆ ਅਤੇ ਇਕ ਪਰਮਾਤਮਾ ਦਾ ਸਿਮਰਨ ਕਰਨ ਵਲ ਪ੍ਰੇਰਿਆ। ਇਹ ਜ਼ਿਕਰ ੧੫੦੮ ਈਸਵੀ ਦਾ ਹੈ, ਮਹੀਨਾ ਅਕਤੂਬਰ ਦੀ ਤਕਰੀਬਨ ੧੯ ਤਰੀਕ ਸੀ।

## ਪ੍ਰਯਾਗ

ਅਯੁੱਧਿਆ ਤੋਂ ਦੱਖਣ ਪਾਸੇ ਪਚਾਸੀ ਕੁ ਮੀਲਾਂ ਦੀ ਵਿੱਥ ਉੱਤੇ ਹਿੰਦੂਆਂ ਦਾ ਪਰਸਿੱਧ ਤੀਰਥ ਪ੍ਰਯਾਗ ਹੈ, ਜਿਸ ਨੂੰ ਪ੍ਰਯਾਗ ਰਾਜ ਭੀ ਆਖਦੇ ਹਨ। ਮੁਗ਼ਲ ਬਾਦਸ਼ਾਹਾਂ ਨੇ ਇਸ ਦਾ ਨਾਮ ਅਲਾਹਬਾਦ ਰਖ ਦਿੱਤਾ ਸੀ। ਅੱਜ-ਕੱਲ੍ਹ ਇਹੀ ਨਾਮ ਪਰਚੱਲਤ ਹੈ।

ਜਿਵੇਂ ਕਾਸ਼ੀ ਦੇ ਵਿਸ਼ੇਸ਼ੂਰਨਾਥ ਮੰਦਰ ਵਿਚ ਇਕ ਕਰਵਤ੍ਰ ਸੀ, ਜਿਸ ਨਾਲ ਚੀਰੇ ਜਾਣ ਵਾਲਾ ਆਪਣੇ ਆਪ ਨੂੰ ਸ਼ਿਵਪੁਰੀ ਵਿਚ ਪਹੁੰਚਣ ਦਾ ਅਧਿਕਾਰੀ ਸਮਝਦਾ ਸੀ, ਤਿਵੇਂ ਪ੍ਰਯਾਗ ਵਿਚ ਭੀ ਇਕ ਕਰਵਤ੍ਰ ਸੀ,ਜੋ ਉਤਨਾ ਉੱਘਾ ਨਹੀਂ ਸੀ ਜਿਤਨਾ ਕਾਸ਼ੀ ਵਾਲਾ।

ਫੇਰ ਭੀ ਕਾਸ਼ੀ ਦੇ ਕਰਵਤ੍ਰ ਵਾਂਗ ਪ੍ਰਯਾਗ ਵਿਚ ਭੀ ਉਥੋਂ ਦੇ ਪਾਂਡਿਆਂ ਨੇ ਇਕ ਨਵੀਂ ਵਿਉਂਤ ਬਣਾਈ ਹੋਈ ਸੀ। ਪ੍ਰਯਾਗ ਵਿਚ ਇਕ ਵੱਡੇ ਅਕਾਰ ਵਾਲਾ ਬੋਹੜ ਸੀ, ਜਿਸ ਦਾ ਨਾਮ ਪਾਂਡਿਆਂ ਨੇ 'ਅਕਸ਼ਯ ਵਟ' ਰੱਖਿਆ ਹੋਇਆ ਸੀ। ਲਫ਼ਜ਼ 'ਅਕਸ਼ਯ' ਦਾ ਅਰਥ ਹੈ 'ਅਖੈ, ਨਾਸ-ਰਹਿਤ।' 'ਵਟ' ਦਾ ਅਰਥ ਹੈ 'ਬੋਹੜ', ਭਾਵ ਉਹ ਬੋਹੜ ਜੋ ਨਾਸ-ਰਹਿਤ ਹੈ। ਇਸ ਬੋਹੜ ਬਾਰੇ ਪਾਂਡਿਆਂ ਨੇ ਇਹ ਪਰਚਾਰ ਕੀਤਾ ਹੋਇਆ ਸੀ ਕਿ ਜੋ ਮਨੁੱਖ ਆਪਣਾ ਸਭ ਕੁਝ ਦਾਨ ਕਰਕੇ ਇਸ ਬੋਹੜ ਉਤੋਂ ਡਿੱਗ ਕੇ ਮਰਦਾ ਹੈ ਉਹ ਅਮਰ ਹੋ ਜਾਂਦਾ ਹੈ। ਜਹਾਂਗੀਰ ਬਾਦਸ਼ਾਹ ਨੇ ਪਾਂਡਿਆਂ ਦੀ ਇਹ ਨਿਰਦਈ ਦੁਕਾਨ ਬੰਦ ਕਰਨ ਲਈ ਉਹ ਬੋਹੜ ਕਟਵਾ ਦਿੱਤਾ ਸੀ।

ਪ੍ਰਯਾਗ, ਯੂ. ਪੀ. ਵਿਚ ਉਸ ਟਿਕਾਣੇ ਉਤੇ ਹੈ ਜਿੱਥੇ ਗੰਗਾ ਅਤੇ ਜਮਨਾ ਨਦੀਆ ਮਿਲਦੀਆਂ ਹਨ, ਅਤੇ ਜਿੱਥੇ ਸਰਸ੍ਵਤੀ ਨਦੀ ਦਾ ਗੁਪਤ ਸੰਗਮ ਮੰਨਿਆ ਜਾਂਦਾ ਹੈ। ਇਸ ਨੂੰ ਤ੍ਰਿਬੇਣੀ ਕਿਹਾ ਜਾਂਦਾ ਹੈ, ਭਾਵ,ਤਿੰਨ ਪ੍ਰਵਾਹਾਂ ਦਾ ਇਕੱਠ। ਹਿੰਦੂ ਮੱਤ ਅਨੁਸਾਰ ਤ੍ਰਿਬੇਣੀ ਦੇ ਇਸ਼ਨਾਨ ਦਾ ਬੜਾ ਮਹਾਤਮ ਹੈ, ਖ਼ਾਸ ਕਰਕੇ ਮਾਘ ਮਹੀਨੇ ਦੀ ਸੰਗ੍ਰਾਂਦ ਨੂੰ।

ਪੁਰਾਣਾਂ ਵਿਚ ਇਕ ਕਥਾ ਭੀ ਦਿਤੀ ਹੋਈ ਹੈ,ਜੋ ਪ੍ਰਯਾਗ ਦੀ ਮਹੱਤਤਾ



WWW.SIKHBOOKCLUB.COM 

ਨੂੰ ਹੋਰ ਵਧਾਂਦੀ ਹੈ। ਸੰਖ ਵਿਚੋਂ ਜੰਮਿਆ ਹੋਇਆ ਇਕ ਸੰਖਾਸੁਰ ਨਾਮੀ ਦੈਂਤ ਵੇਦਾਂ ਨੂੰ ਲੈ ਕੇ ਸਮੁੰਦਰ ਵਿਚ ਜਾ ਲੁਕਿਆ। ਵਿਸ਼ਨੂੰ ਨੇ ਮੱਛ ਅਵਤਾਰ ਧਾਰ ਕੇ ਸੰਖਾਸੁਰ ਨੂੰ ਮਾਰਿਆ ਅਤੇ ਵੇਦ ਵਾਪਸ ਲਿਆ ਕੇ ਬ੍ਰਹਮਾ ਨੂੰ ਦਿੱਤੇ। ਬ੍ਰਹਮਾ ਨੇ ਦਸ 'ਅਸ਼੍ਵਮੇਧ' ਯੱਗ ਇੱਥੇ ਕੀਤੇ, ਇਸ ਕਰਕੇ ਇਸ ਦਾ ਨਾਮ 'ਪ੍ਰਯਾਗ' ਪਰਸਿੱਧ ਹੋਇਆ।

ਦੀਵਾਲੀ ਦੇ ਮੌਕੇ ਉੱਤੇ ਗੁਰੂ ਨਾਨਕ ਦੇਵ ਜੀ ਅਯੁੱਧਿਆ ਵਿਚ ਸਨ। ਤਦੋਂ ੧੫੦੮ ਈਸਵੀ ਦੇ ਅਕਤੂਬਰ ਦੀ ਤਕਰੀਬਨ ੧੯ ਤਰੀਕ ਸੀ। ਮਾਘੀ ਦੇ ਮੌਕੇ ਉੱਤੇ ਤ੍ਰਿਬੇਣੀ ਦਾ ਇਸ਼ਨਾਨ ਹਿੰਦੂਆਂ ਵਾਸਤੇ ਬੜਾ ਮਹਾਤਮ ਰੱਖਦਾ ਹੈ। ਤਕਰੀਬਨ ੨੭ ਦਸੰਬਰ ਨੂੰ ਮਾਘੀ ਸੀ। ਸਵਾ ਦੋ ਕੁ ਮਹੀਨੇ ਰਹਿੰਦੇ ਸਨ। ਕਝ ਦਿਨ ਅਯੁੱਧਿਆ ਠਹਿਰ ਕੇ ਸਤਿਗੁਰੂ ਜੀ ਪ੍ਰਯਾਗ ਨੂੰ ਚੱਲ ਪਏ। ਹਿੰਦੂ ਜਨਤਾ ਨੂੰ ਤ੍ਰਿਬੇਣੀ ਦੇ ਇਸ਼ਨਾਨ ਦੀਆਂ ਤਾਂਘਾਂ ਲੱਗ ਰਹੀਆਂ ਸਨ। ਉਹ ਇਸ ਨੂੰ ਮਨੁੱਖਾ ਜੀਵਨ ਦਾ ਇਕ ਮਹਾਨ ਸ਼ੁਭ ਕੰਮ ਸਮਝ ਰਹੇ ਸਨ।

ਅਯੁੱਧਿਆ ਤੋਂ ਪ੍ਰਯਾਗ ਦੇ ਰਸਤੇ ਵਿਚ ਆਉਂਦੇ ਪਿੰਡਾਂ ਦੇ ਹਿੰਦੂਆਂ ਦੀ ਸੁਰਤ ਤ੍ਰਿਬੇਣੀ-ਇਸ਼ਨਾਨ ਵਲ ਵੇਖ ਕੇ ਸਤਿਗੁਰੂ ਜੀ ਨੇ ਕੀਰਤਨ ਦੇ ਰਾਹੀਂ ਹੀ ਉਨ੍ਹਾਂ ਲੋਕਾਂ ਨੂੰ ਇਹ ਸਮਝਾਣਾ ਸ਼ੁਰੂ ਕੀਤਾ ਕਿ ਪਰਮਾਤਮਾ ਦਾ ਨਾਮ ਹੀ ਸਭ ਤੋਂ ਉੱਤਮ ਤੀਰਥ-ਇਸ਼ਨਾਨ ਹੈ, ਸਤਿਗੁਰੂ ਦੇ ਸ਼ਬਦ ਦਾ ਵਿਚਾਰ ਤੀਰਥ ਦਾ ਇਸ਼ਨਾਨ ਹੈ, ਇਸ ਦੀ ਬਰਕਤ ਨਾਲ ਮਨੁੱਖ ਦਾ ਮਨ ਪਵਿੱਤਰ ਹੋ ਜਾਂਦਾ ਹੈ ਅਤੇ ਇਸ ਨੂੰ ਸਹੀ ਜੀਵਨ ਦੀ ਸੂਝ ਪੈਂਦੀ ਹੈ। ਸਤਸੰਗ ਵਿਚ ਮਿਤ੍ਰ ਪ੍ਰਭੂ ਦਾ ਮੇਲ ਹੁੰਦਾ ਹੈ, ਸਤਸੰਗ ਹੀ ਹੈ ਤ੍ਰਿਬੇਣੀ ਦਾ ਇਸ਼ਨਾਨ। ਇਹ ਇਕ ਐਸਾ ਇਸ਼ਨਾਨ ਹੈ ਜੋ ਸਦਾ ਹੀ ਤੇ ਹਰ ਥਾਂ ਹੋ ਸਕਦਾ ਹੈ।

ਤ੍ਰਿਬੇਣੀ ਦਾ ਇਸ਼ਨਾਨ ਕਰਨ ਲਈ ਮਾਘੀ ਦੇ ਮੌਕੇ ਉੱਤੇ ਦੂਰੋਂ ਦੂਰੋਂ ਅਨੇਕਾਂ ਹਿੰਦੂ ਪ੍ਰਯਾਗ ਆ ਇਕੱਠੇ ਹੋਏ।[1] ਗੁਰੂ ਨਾਨਕ ਦੇਵ ਜੀ ਨੇ ਉਨ੍ਹਾਂ ਨੂੰ ਭੀ ਅਸਲੀ ਸੁੱਚੇ ਅਤੇ ਸਦਾ ਹੀ ਹੋ ਸਕਣ ਵਾਲੇ ਤ੍ਰਿਬੇਣੀ-ਇਸ਼ਨਾਨ ਦੀ

੧. ਮਾਘੀ ਦਾ ਮੇਲਾ ਪ੍ਰਯਾਗ ਵਿਚ ਹਰ ਸਾਲ ਇਕ ਮਹੀਨਾ ਰਹਿੰਦਾ ਹੈ। ਪੋਹ ਦੀ ਪੂਰਨਮਾਸ਼ੀ ਇਸ਼ਨਾਨ ਦਾ ਪਹਿਲਾ ਦਿਨ ਹੁੰਦਾ ਹੈ। ਦੂਰ ਦੂਰ ਤੋਂ ਸ਼ਰਧਾਲੂ ਇਕ ਮਹੀਨਾ ਆਉਂਦੇ ਰਹਿੰਦੇ ਹਨ। ਹਰ ਬਾਰ੍ਹਾਂ ਸਾਲ ਪਿੱਛੋਂ ਪ੍ਰਯਾਗ ਵਿਚ ਕੁੰਭ ਦਾ ਮੇਲਾ ਭੀ ਆਉਂਦਾ ਹੈ।

ਕੁੰਭ ਬਾਰੇ ਸਕੰਧ ਪੁਰਾਣ ਵਿਚ ਕਥਾ ਹੈ ਕਿ ਦੇਵਤਿਆਂ ਤੇ ਦੈਂਤਾਂ ਨੇ ਰਲ ਕੇ ਖੀਰ ਸਮੁੰਦਰ ਨੂੰ ਰਿੜਕਿਆ। ਉਸ ਵਿਚੋਂ ੧੪ ਰਤਨ ਨਿਕਲੇ। ਇਨ੍ਹਾਂ ਰਤਨਾਂ ਵਿਚੋਂ ਇਕ ਸੀ ਅੰਮ੍ਰਿਤ ਦਾ ਕੁੰਭ (ਘੜਾ)। ਧਨੰਤਰ (ਧਨਵੰਤ੍ਰਿ) ਨੇ ਉਹ ਘੜਾ ਇੰਦਰ ਨੂੰ ਦੇ ਦਿੱਤਾ। ☛



WWW.SIKHBOOKCLUB.COM 

ਜਾਚ ਸਿਖਾਈ। ਪਾਂਡਿਆਂ ਦੀ 'ਅਖੈ-ਵਟ' ਵਾਲੀ ਮਿਥ ਵਲੋਂ ਭੀ ਭੋਲੇ ਸ਼ਰਧਾਲੂਆਂ ਨੂੰ ਸੁਚੇਤ ਕੀਤਾ।

ਇਹ ਜ਼ਿਕਰ ਹੈ ਸੰਨ ੧੫੦੯ ਦੇ ਦਸੰਬਰ ਦੇ ਅਖ਼ੀਰਲੇ ਦਿਨਾਂ ਦਾ।

**ਬਨਾਰਸ**

ਹਿੰਦੂਆਂ ਦਾ ਪਰਸਿੱਧ ਤੀਰਥ ਬਨਾਰਸ, ਜਿਸ ਦਾ ਦੂਜਾ ਨਾਮ ਕਾਸ਼ੀ ਹੈ, ਪ੍ਰਯਾਗ ਤੋਂ ਪੈਂਠ ਕੁ ਮੀਲ ਪੂਰਬ ਵਲ ਹੈ, ਗੰਗਾ ਦੇ ਖੱਬੇ ਕੰਢੇ ਉੱਤੇ (ਗੰਗਾ ਦੇ ਉੱਤਰ ਵਲ)। ਕਾਸ਼ੀ ਸ਼ਿਵ ਜੀ ਦੀ ਨਗਰੀ ਹੈ, ਹਿੰਦੂਆਂ ਦੀਆਂ ਸੱਤ ਪਵਿੱਤਰ ਪੁਰੀਆਂ ਵਿਚੋਂ ਇਕ ਪੁਰੀ।[1]

ਕਈ ਸਦੀਆਂ ਤੋਂ ਕਾਸ਼ੀ ਹੀ ਸੰਸਕ੍ਰਿਤ-ਵਿੱਦਿਆ ਦਾ ਕੇਂਦਰ ਚਲਿਆ

---

☛ ਇੰਦਰ ਨੇ ਆਪਣੇ ਪੁੱਤਰ ਜੈਯੰਤ ਨੂੰ ਦਿੱਤਾ ਕਿ ਇਸ ਨੂੰ ਸੁਰਗ ਵਿਚ ਲੈ ਜਾ। ਜੈਯੰਤ ਕੁੰਭ ਲੈ ਕੇ ਤੁਰ ਪਿਆ, ਪਰ ਦੈਂਤਾਂ ਦੇ ਗੁਰੂ ਸ਼ੁਕ੍ਰ ਨੇ ਦੈਂਤਾਂ ਨੂੰ ਉਹ ਘੜਾ ਖੋਹ ਲੈਣ ਦੀ ਆਗਿਆ ਕੀਤੀ। ਦੈਂਤਾਂ ਤੇ ਦੇਵਤਿਆਂ ਵਿਚ ੧੨ ਦਿਨ ਘੋਰ ਜੁੱਧ ਹੁੰਦਾ ਰਿਹਾ। ਇਸ ਖੋਹਾ-ਖੋਹੀ ਵਿਚ ਕੁੰਭ ਵਿਚੋਂ ਅੰਮ੍ਰਿਤ ਡੁੱਲ੍ਹ ਗਿਆ—ਹਰਿਦੁਆਰ, ਪ੍ਰਯਾਗ, ਨਾਸਿਕ ਅਤੇ ਉੱਜੈਨ—ਇਨ੍ਹਾਂ ਚਾਰ ਥਾਵਾਂ ਉੱਤੇ ਕੁੰਭ ਦਾ ਮੇਲਾ ਹੁੰਦਾ ਹੈ। ਦੇਵਤਿਆਂ ਦੇ ੧੨ ਦਿਨ ਮਨੁੱਖਾਂ ਦੇ ੧੨ ਸਾਲਾਂ ਦੇ ਬਰਾਬਰ ਹਨ। ਇਸ ਵਾਸਤੇ ਹਰ ੧੨ ਸਾਲਾਂ ਪਿੱਛੋਂ ਹਰੇਕ ਥਾਂ ਕੁੰਭ ਦਾ ਮੇਲਾ ਆਉਂਦਾ ਹੈ।

(ੳ) ਹਰਿਦੁਆਰ—ਤਦੋਂ ਸੂਰਜ ਮੇਖ ਰਾਸ਼ੀ ਵਿਚ ਹੁੰਦਾ ਹੈ (ਭਾਵ, ਚੇਤਰ ਦਾ ਮਹੀਨਾ), ਬ੍ਰਿਹਸਪਤਿ ਕੁੰਭ ਰਾਸ਼ੀ ਵਿਚ।

(ਅ) ਪ੍ਰਯਾਗ—ਸੂਰਜ ਮਕਰ ਰਾਸ਼ੀ ਵਿਚ (ਭਾਵ, ਪੋਹ ਦਾ ਮਹੀਨਾ), ਮੱਸਿਆ ਦਾ ਦਿਨ। ਚੰਦ ਮਕਰ ਰਾਸ਼ੀ ਵਿਚ, ਬ੍ਰਿਹਸਪਤਿ ਮੇਖ ਰਾਸ਼ੀ ਵਿਚ।

(ੲ) ਨਾਸਿਕ—ਸੂਰਜ ਕਰਕ ਰਾਸ਼ੀ ਵਿਚ (ਭਾਵ, ਹਾੜ ਦਾ ਮਹੀਨਾ), ਮੱਸਿਆ ਦਾ ਦਿਨ। ਚੰਦ ਤੇ ਬ੍ਰਿਹਸਪਤਿ ਭੀ ਕਰਕ ਰਾਸ਼ੀ ਵਿਚ।

(ਸ) ਉੱਜੈਨ—ਸੂਰਜ ਕੁੰਭ ਰਾਸ਼ੀ ਵਿਚ (ਭਾਵ, ਮਾਘ ਦਾ ਮਹੀਨਾ), ਮੱਸਿਆ ਦਾ ਦਿਨ। ਤਦੋਂ ਚੰਦ ਤੇ ਬ੍ਰਿਹਸਪਤਿ ਭੀ ਕੁੰਭ ਰਾਸ਼ੀ ਵਿਚ।

੧. ਸੱਤ ਪੁਰੀਆਂ ਇਹ ਹਨ—

(ੳ) ਕਾਸ਼ੀ ਸ਼ਿਵ ਜੀ ਦੀ ਪੁਰੀ ਗੰਗਾ ਦੇ ਖੱਬੇ ਪਾਸੇ ਆਬਾਦ ਹੈ। ਇਸ ਸ਼ਹਿਰ ਦੀ ਮਹਿਮਾ ਪੁਰਾਤਨ ਸਮੇਂ ਤੋਂ ਹੈ, ਤੇ ਵਿੱਦਿਆ ਦੀ ਟਕਸਾਲ ਮੰਨਿਆ ਜਾਂਦਾ ਹੈ। ਔਰੰਗਜ਼ੇਬ ਨੇ ਇਸਦਾ ਨਾਂ ਮੁਹੰਮਦਾਬਾਦ ਰੱਖ ਦਿੱਤਾ ਸੀ, ਪਰ ਚੱਲ ਨਹੀ ਸਕਿਆ। ਉਸ ਨੇ ਇੱਥੋਂ ਦੇ ਵਿਸ਼ਸ਼ੁਰਨਾਥ ਦੇ ਪਰਸਿੱਧ ਮੰਦਰ ਨੂੰ ਤੋੜ ਕੇ ਇਕ ਮਸੀਤ ਬਣਵਾ ਦਿਤੀ ਸੀ। ਇਹ ਉਹੀ ਮੰਦਰ ਸੀ, ਜਿਥੇ ਬ੍ਰਾਹਮਣਾਂ ਦੇ ਦੱਸੇ ਅਨੁਸਾਰ ਸ਼ਿਵ ਜੀ ਦਾ ਕਰਵਤ੍ਰ (ਆਰਾ) ਪਿਆ ਹੋਇਆ ਸੀ। ਜੋ ਮਨੁੱਖ ਬ੍ਰਾਹਮਣਾਂ ਨੂੰ ਆਪਣਾ ☛



SIKHBOOKCLUB.COM

ਆਉਂਦਾ ਹੈ। ਬ੍ਰਾਹਮਣਾਂ ਨੇ ਸੰਸਕ੍ਰਿਤ ਦੀ ਵਿੱਦਿਆ ਆਪਣੇ ਹੱਥ ਵਿਚ ਰੱਖੀ ਹੋਈ ਸੀ। ਸੰਸਕ੍ਰਿਤ ਪੜ੍ਹਨੀ-ਪੜ੍ਹਾਉਣੀ ਬ੍ਰਾਹਮਣਾਂ ਦਾ ਹੀ ਅਧਿਕਾਰ ਸੀ। ਇਸ ਦਾ ਕੁਦਰਤੀ ਨਤੀਜਾ ਇਹ ਸੀ ਕਿ ਵਿੱਦਿਆ ਦੇ ਗੁਣ ਦੇ ਕਾਰਨ ਬਾਕੀ ਵਰਣਾਂ ਦੇ ਲੋਕ ਬ੍ਰਾਹਮਣ ਦੀ ਪੂਜਾ-ਮਾਨਤਾ ਕਰਦੇ ਸਨ।

ਸ਼ਿਵ-ਉਪਾਸ਼ਕ ਸ਼ਿਵਰਾਤ੍ਰੀ ਨੂੰ ਸ਼ਿਵ ਦੀ ਯਾਦ ਵਿਚ ਸਭ ਤੋਂ ਵਧੀਕ ਪਵਿੱਤਰ ਮੰਨਦੇ ਹਨ। ਜੋਗੀ ਲੋਕ ਇਸ ਸਮੇਂ ਦੂਰੋਂ ਦੂਰੋਂ ਕਾਸ਼ੀ ਪਹੁੰਚ ਜਾਂਦੇ ਸਨ। ਸ਼ਿਵਰਾਤ੍ਰੀ ਹਰ ਸਾਲ ਫੱਗਣ ਵਦੀ ੧੪ ਨੂੰ ਆਉਂਦੀ ਹੈ। ਪੁਰਾਣਾਂ ਅਨੁਸਾਰ ਸ਼ਿਵ ਦੀ ਪਿਆਰੀ ਦੁਰਗਾ ਦੀ ਇਹ ਮੰਗਲ-ਮਈ ਰਾਤ ਹੈ। ਸ਼ਿਵ ਨੂੰ ਪ੍ਰਧਾਨ ਦੇਵਤਾ ਮੰਨਣ ਵਾਲੇ ਇਹ ਉਤਸਵ ਮਨਾਉਂਦੇ ਹਨ।

ਸੰਨ ੧੫੦੯ ਦੀ ਸ਼ਿਵਰਾਤ੍ਰੀ ਨੂੰ ਫ਼ਰਵਰੀ ਦੀ ਤਕਰੀਬਨ ੧੯ ਤਰੀਕ ਸੀ। ਜਨਵਰੀ ੧੫੦੯ ਦੇ ਸ਼ੁਰੂ ਵਿਚ ਪ੍ਰਯਾਗ ਤੋਂ ਚੱਲ ਕੇ ਗੁਰੂ ਨਾਨਕ ਦੇਵ ਜੀ ਬਨਾਰਸ ਉਸ ਸਮੇਂ ਪਹੁੰਚ ਗਏ ਜਦੋਂ ਸ਼ਿਵਰਾਤ੍ਰੀ ਮਨਾਉਣ ਦੀਆਂ ਤਿਆਰੀਆਂ ਹੋ ਰਹੀਆਂ ਸਨ। ਬਨਾਰਸ ਦੇ 'ਲਕਸਾ ਮਹਾਲ' ਵਿਚ ਜਾ ਡੇਰਾ ਕੀਤਾ। ਉਥੇ ਉਨ੍ਹਾਂ ਦੇ ਆਗਮਨ ਦੀ ਯਾਦ ਵਿਚ ਹੁਣ 'ਗੁਰੂ ਕਾ ਬਾਗ'

---

☛ ਸਭ ਕੁਝ ਦਾਨ ਕਰ ਕੇ ਇਸ ਆਰੇ ਨਾਲ ਆਪਣੇ ਆਪ ਨੂੰ ਚਿਰਾ ਲੈਂਦਾ ਸੀ, ਉਹ ਸ਼ਿਵਪੁਰੀ ਵਿਚ ਜਾ ਪਹੁੰਚਦਾ ਸੀ।

(ਅ) ਕਾਂਚੀ—ਇਸ ਦਾ ਪੁਰਾਣਾ ਨਾਮ ਕਾਂਚੀ ਸੀ। ਭਾਈ ਗੁਰਦਾਸ ਜੀ ਨੇ ਇਸ ਨੂੰ ਕਾਂਤੀ ਲਿਖਿਆ ਹੈ। ਅੱਜ ਕੱਲ੍ਹ ਇਸ ਦਾ ਨਾਮ ਕਾਂਜੀਵਰਮ ਹੈ, ਦੱਖਣ ਵਿਚ ਮਦਰਾਸ ਪ੍ਰਾਂਤ ਵਿਚ ਹੈ।

(ੲ) ਦਵਾਰਾਵਤੀ—ਕਾਠੀਆਵਾੜ ਵਿਚ ਸਮੁੰਦਰ ਦੇ ਕੰਢੇ। ਇਹ ਚਿਰ ਤਕ ਯਾਦਵਾਂ ਦੀ ਰਾਜਧਾਨੀ ਰਹੀ ਹੈ। ਬੜੌਦਾ ਦਵਾਰਾਵਤੀ ਸ਼ਹਿਰ ਤੋਂ ੨੭੦ ਮੀਲ ਪੱਛਮ ਪਾਸੇ ਹੈ। ਇੱਥੇ ਇਕ ਵੱਡਾ ਮੰਦਰ ਹੈ, ਜਿਸ ਵਿਚ ਸ੍ਰੀ ਕ੍ਰਿਸ਼ਨ ਜੀ ਦੀ 'ਰਣ ਛੋੜ' ਨਾਮ ਮੂਰਤੀ ਹੈ। ਇਸੇ ਪੁਰੀ ਵਿਚ ਸ੍ਰੀ ਕ੍ਰਿਸ਼ਨ ਜੀ ਦਾ ਦੇਹਾਂਤ ਹੋਇਆ ਸੀ।

(ਸ) ਮਾਇਆ—ਹਰਿਦੁਆਰ ਤੋਂ ਕਨਖਲ ਤਕ ਦੀ ਆਬਾਦੀ। ਹਰਿਦੁਆਰ ਦਾ ਨਾਮ ਮਾਇਆਪੁਰੀ ਭੀ ਹੈ।

(ਹ) ਮਥੁਰਾ—ਮਧੁਪੁਰੀ, ਮਧੂ ਦੈਤ ਦੀ ਨਗਰੀ। ਜਮਨਾ ਨਦੀ ਦੇ ਸੱਜੇ ਕੰਢੇ ਉੱਤੇ ਬ੍ਰਜ ਭੂਮੀ ਵਿਚ ਇਕ ਪਰਸਿੱਧ ਸ਼ਹਿਰ ਹੈ। ਸ੍ਰੀ ਕ੍ਰਿਸ਼ਨ ਜੀ ਨੇ ਇੱਥੇ ਹੀ ਜਨਮ ਲਿਆ ਸੀ।

(ਕ) ਅਵੰਤਿਕਾ—ਮੱਧ ਭਾਰਤ ਵਿਚ ਅਵੰਤੀ (ਸ਼ਿਪ੍ਰਾ) ਨਦੀ ਦੇ ਕੰਢੇ ਇਕ ਨਗਰੀ, ਜਿਸ ਦੇ ਨਾਮ ਵਿਸ਼ਾਲਾ ਅਤੇ ਉੱਜੈਨ ਭੀ ਹਨ।

(ਖ) ਅਜੁੱਧਿਆ—ਯੂ. ਪੀ. ਵਿਚ ਫ਼ੈਜ਼ਾਬਾਦ ਦੇ ਜ਼ਿਲੇ ਦੀ ਸਰਜੂ ਨਦੀ ਦੇ ਕੰਢੇ ਕੋਸ਼ਲ ਦੇਸ਼ ਦੀ ਪ੍ਰਧਾਨ ਪੁਰੀ। ਸੂਰਜਬੰਸੀ ਰਾਜਿਆਂ ਦੀ ਚਿਰ ਤਕ ਰਾਜਧਾਨੀ ਰਹੀ ਹੈ।



WWW.SIKHBOOKCLUB.COM 

ਗੁਰਦੁਆਰਾ ਹੈ।

ਕਾਸ਼ੀ ਵਿਚ ਮਰਨ ਵਾਲੇ ਨੂੰ ਮੁਕਤੀ ਮਿਲ ਜਾਂਦੀ ਹੈ, ਬ੍ਰਾਹਮਣਾਂ ਨੂੰ ਆਪਣਾ ਸਭ ਕੁਝ ਦਾਨ ਕਰ ਕੇ ਜੋ ਮਨੁੱਖ ਕਰਵਤ੍ਰ ਨਾਲ ਆਪਣੇ ਆਪ ਨੂੰ ਚਿਰਾਉਂਦਾ ਹੈ ਉਹ ਸ਼ਿਵ-ਲੋਕ ਪਹੁੰਚ ਜਾਂਦਾ ਹੈ। ਦੇਵ-ਬਾਣੀ, ਸੰਸਕ੍ਰਿਤ ਪੜ੍ਹਨ-ਪੜ੍ਹਾਉਣ ਵਾਲੇ ਬ੍ਰਾਹਮਣ ਸਭ ਤੋਂ ਸ੍ਰੇਸ਼ਟ ਹਨ, ਉਨ੍ਹਾਂ ਦੀ ਪੂਜਾ-ਮਾਨਤਾ ਸਭ ਤੋਂ ਸ੍ਰੇਸ਼ਟ ਧਰਮ-ਕਰਮ ਹੈ—ਇਸ ਕਿਸਮ ਦੇ ਧਰਮ-ਪਰਚਾਰ ਦੇ ਖਿੱਚੇ ਹੋਏ ਅਨੇਕਾਂ ਹਿੰਦੂ ਦੂਰ-ਨੇੜੇ ਦੇ ਪਿੰਡਾਂ ਤੋਂ ਸ਼ਿਵਰਾਤ੍ਰੀ ਦੇ ਮੌਕੇ ਉੱਤੇ ਬਨਾਰਸ ਪਹੁੰਚ ਜਾਂਦੇ ਸਨ। ਇਸ ਸਮੇਂ ਉਨ੍ਹਾਂ ਨੂੰ ਅਵਸਰ ਮਿਲਦਾ ਸੀ ਦੂਰੋਂ ਦੂਰੋਂ ਆਏ ਜੋਗੀਆਂ ਦੇ ਦਰਸ਼ਨਾਂ ਤੇ ਸੇਵਾ ਦਾ।

ਗੁਰੂ ਨਾਨਕ ਦੇਵ ਜੀ ਨੇ ਭੋਲੇ ਸ਼ਰਧਾਲੂਆਂ ਨੂੰ ਸਮਝਾਇਆ ਕਿ ਮਾਇਆ ਦੇ ਬੰਧਨਾਂ ਤੋਂ ਮੁਕਤੀ ਦਾ ਇੱਕੋ-ਇਕ ਸਾਧਨ ਹੈ—ਪਰਮਾਤਮਾ ਦੀ ਭਗਤੀ। ਕਰਵਤ੍ਰ ਦੇ ਨਿਰਦਈ ਢੌਂਗ ਤੋਂ ਭੀ ਲੋਕਾਂ ਨੂੰ ਸੁਚੇਤ ਕੀਤਾ ਅਤੇ ਸਿਵਰਾਤ੍ਰੀ ਦੀ ਅਸਲੀਅਤ ਭੀ ਸਮਝਾਈ।

ਬ੍ਰਾਹਮਣਾਂ ਨੇ ਆਪਣਾ ਪਾਜ ਉੱਘੜਦਾ ਵੇਖ ਕੇ ਚਰਚਾ ਆ ਛੇੜੀ। ਲੰਮੇ ਪੈਦਲ ਸਫ਼ਰਾਂ ਦੇ ਹਾਲਾਤ ਅਨੁਸਾਰ ਗੁਰੂ ਨਾਨਕ ਦੇਵ ਜੀ ਭਗਵੇ ਚੋਲੇ ਵਿਚ ਹੀ ਸਨ। ਇਹੀ ਬਾਣਾ ਸੰਤਾਂ-ਸਾਧਾਂ ਦਾ ਮੰਨਿਆ ਜਾਂਦਾ ਸੀ। ਬ੍ਰਾਹਮਣਾਂ ਨੇ ਆਖਣਾ ਸ਼ੁਰੂ ਕੀਤਾ ਕਿ (ਗੁਰੂ) ਨਾਨਕ ਨਕਲੀ ਸਾਧ ਹੈ, ਕਿਉਂਕਿ ਇਸ ਦੇ ਪਾਸ ਨਾ ਸਾਲਗ੍ਰਾਮ ਹੈ, ਨਾ ਤੁਲਸੀ ਦੀ ਮਾਲਾ ਅਤੇ ਨਾ ਹੀ ਇਸ ਨੇ ਤਿਲਕ ਲਾਇਆ ਹੋਇਆ ਹੈ। ਆਪਣੀ ਆਜੀਵਕਾ ਬਣਾਈ ਰੱਖਣ ਦੀ ਖ਼ਾਤਰ ਇਸ ਵਿਰੋਧੀ ਪਰਚਾਰ ਕਰਨ ਵਾਲੇ ਬ੍ਰਾਹਮਣਾ ਦੇ ਮੁਖੀ ਦਾ ਨਾਮ ਸਿੱਖ-ਇਤਿਹਾਸ ਨੇ ਪੰਡਿਤ ਚਤੁਰਦਾਸ ਲਿਖਿਆ ਹੈ। ਆਮ ਲੋਕ ਨਿਰੇ ਧਾਰਮਿਕ ਭੇਖ ਨੂੰ ਹੀ ਧਾਰਮਿਕ ਨਿਸ਼ਾਨਾ ਸਮਝਦੇ ਹਨ। ਬ੍ਰਾਹਮਣਾਂ ਨੂੰ ਇਹ ਆਸ ਸੀ ਕਿ ਗੁਰੂ ਨਾਨਕ ਦੇਵ ਜੀ ਦੀਆਂ ਧਰਮ-ਭੇਖ ਵਲੋਂ ਇਹ ਉਕਾਈਆਂ ਦੱਸ ਕੇ ਜਨਤਾ ਨੂੰ ਉਨ੍ਹਾਂ ਦੇ ਅਸਰ ਤੋਂ ਬਚਾ ਕੇ ਆਪਣੇ ਰਸੂਖ਼ ਵਿਚ ਟਿਕੇ ਰੱਖਣ ਲਈ ਪ੍ਰੇਰ ਸਕਾਂਗੇ।

ਗੁਰੂ ਨਾਨਕ ਦੇਵ ਜੀ ਨੇ ਸਾਲਗ੍ਰਾਮ ਅਤੇ ਤੁਲਸੀ ਬਾਰੇ ਪੁਰਾਣਾਂ ਵਿਚ ਦਿੱਤੀਆਂ ਸਾਖੀਆਂ ਦਾ ਵੇਰਵਾ ਲੋਕਾਂ ਦੇ ਸਾਹਮਣੇ ਰੱਖਿਆ। ਸਮਝਾਇਓ ਨੇ ਕਿ ਸਾਰੇ ਜਗਤ ਦੇ ਸਿਰਜਣਹਾਰ ਦਾ ਭਜਨ ਕਰੋ, ਆਚਰਨ ਉੱਚਾ ਬਣਾਓ,



WWW.SIKHBOOKCLUB.COM 

ਵਿਕਾਰਾਂ ਵਲੋਂ ਬਚੋ, ਵੈਰ ਵਿਰੋਧ ਛੱਡੋ—ਸਿਰਫ਼ ਇਹੀ ਹੈ ਸਹੀ ਰਸਤਾ ਮਨੁੱਖਾ ਜੀਵਨ ਦਾ, ਜੋ ਮਨੁੱਖ ਦੇ ਇਸ ਲੋਕ ਅਤੇ ਪਰਲੋਕ ਨੂੰ ਸੁਧਾਰ ਸਕਦਾ ਹੈ।

ਇਹ ਜ਼ਿਕਰ ਹੈ ਸੰਨ ੧੫੦੯ ਦਾ। ਫ਼ਰਵਰੀ ਦੀ ਤਕਰੀਬਨ ੧੯ ਤਰੀਕ ਸੀ।

## ਕਬੀਰ ਜੀ ਦੀ ਬਾਣੀ ਦਾ ਉਤਾਰਾ ਕੀਤਾ

ਯੂ. ਪੀ. ਵਿਚ ਜ਼ਿਲਾ ਬਸਤੀ ਦੀ ਤਸੀਲ ਖ਼ਲੀਲਾਬਾਦ ਦਾ ਇਕ ਨਗਰ ਹੈ ਮਗਹਰ। ਉਸ ਨਗਰ ਦੇ ਆਸ-ਪਾਸ ਦੀ ਧਰਤੀ ਨੂੰ ਮਗਹਰ ਹੀ ਆਖਦੇ ਹਨ। ਮਗਹਰ ਗੰਗਾ ਤੋਂ ਪਰਲੇ ਪਾਸੇ ਅਜੁੱਧਿਆ ਤੋਂ ਸੱਠ ਕੁ ਮੀਲ ਪੂਰਬ ਵੱਲ ਹੈ। ਕੁਝ ਹਿੰਦੂਆਂ ਦਾ ਨਿਸਚਾ ਹੈ ਕਿ ਜੋ ਮਨੁੱਖ ਮਗਹਰ ਵਿਚ ਮਰਦਾ ਹੈ ਉਹ ਖੋਤੇ ਦੀ ਜੂਨੇ ਪੈਂਦਾ ਹੈ, ਪਰ ਕਾਂਸ਼ੀ ਵਿਚ ਮਰਨ ਵਾਲਾ ਮੁਕਤ ਹੋ ਜਾਂਦਾ ਹੈ। ਕਾਂਸ਼ੀ ਸ਼ਿਵ ਦੀ ਨਗਰੀ ਹੈ, ਅਤੇ ਮਗਹਰ ਗਣੇਸ਼ ਦੀ। ਮਗਹਰ ਨੂੰ ਸ਼ਿਵ ਦਾ ਸਰਾਪ ਮਿਲਿਆ ਦੱਸਿਆ ਜਾਂਦਾ ਹੈ।

ਭਗਤ ਕਬੀਰ ਜੀ, ਜੋ ਅਜਿਹੇ ਧਰਮ-ਪਖੰਡਾਂ ਦਾ ਪਾਜ ਬੜੀ ਨਿਰਭੈਤਾ ਨਾਲ ਨਸ਼ਰ ਕਰਦੇ ਸਨ, ਕਾਂਸ਼ੀ ਵਿਚ ਪੈਦਾ ਹੋਏ ਸਨ। ਬ੍ਰਾਹਮਣ ਆਪਣੇ ਆਪ ਨੂੰ ਸਭ ਤੋਂ ਉੱਚੀ ਜਾਤ ਦਾ ਆਖਦੇ-ਅਖਵਾਂਦੇ ਹਨ। ਪਰ ਕਬੀਰ ਜੀ ਨੇ ਵੱਜ ਵਜਾ ਕੇ ਆਖ ਦਿੱਤਾ ਕਿ ਜੇ ਤੁਸੀ ਸੱਚ-ਮੁੱਚ ਬੜੀ ਉੱਚੀ ਜਾਤ ਵਿਚੋਂ ਹਹੁ, ਤਾਂ ਉਸੇ ਰਸਤੇ ਕਿਉਂ ਜੰਮਦੇ ਹੋ ਜਿਸ ਰਸਤੇ ਬਾਕੀ ਲੋਕ। ਕਾਂਸ਼ੀ ਦੀ ਉੱਚਤਾ ਬਾਰੇ ਭੀ ਆਖਿਓ ਨੇ ਕਿ ਵਿਕਾਰੀ ਬੰਦਾ ਕਾਂਸ਼ੀ ਵਿਚ ਮਰ ਕੇ ਨਰਕ ਤੋਂ ਨਹੀਂ ਬੱਚ ਸਕਦਾ। ਤੇ, ਜੇ ਪਰਮਾਤਮਾ ਦਾ ਕੋਈ ਪਿਆਰਾ ਮਗਹਰ ਵਿਚ ਪ੍ਰਾਣ ਤਿਆਗੇ ਤਾਂ ਉਹ ਸਗੋਂ ਉਥੋਂ ਦੇ ਹੋਰ ਅਨੇਕਾਂ ਬੰਦਿਆਂ ਨੂੰ ਵਿਕਾਰਾਂ ਤੋਂ ਬਚਾ ਲੈਂਦਾ ਹੈ। ਕਾਂਸੀ ਤੇ ਮਗਹਰ ਇਕੋ ਜਿਹੀਆਂ ਧਰਤੀਆਂ ਹਨ। ਨਿਬੇੜਾ ਹੁੰਦਾ ਹੈ ਮਨੁੱਖ ਦੇ ਆਪਣੇ ਕਰਮਾਂ ਤੇ। ਬ੍ਰਾਹਮਣਾਂ ਦਾ ਪਾਜ ਖੋਲ੍ਹਣ ਲਈ ਕਬੀਰ ਜੀ ਆਖ਼ਰੀ ਉਮਰੇ ਮਗਹਰ ਹੀ ਜਾ ਵੱਸੇ। ਕਾਂਸ਼ੀ ਦੇ ਲੋਕਾਂ ਬਥੇਰਾ ਵਰਜਿਆ, ਪਰ ਕਬੀਰ ਜੀ ਨੇ ਨਿਸਚੇ ਨਾਲ ਇਹ ਪਰਚਾਰ ਕੀਤਾ ਕਿ ਕਾਂਸ਼ੀ ਤੇ ਮਗਹਰ ਇਕੋ ਜਿਹੀਆਂ ਧਰਤੀਆਂ ਹਨ।

ਕਬੀਰ ਜੀ ਦਾ ਜਨਮ ਬਨਾਰਸ ਵਿਚ ਇਕ ਗ਼ਰੀਬ ਹਿੰਦੂ ਜੁਲਾਹੇ ਦੇ ਘਰ ਹੋਇਆ ਸੀ। ਬ੍ਰਾਹਮਣਾਂ ਦੇ ਧਰਮ-ਸ਼ਾਸਤ੍ਰ ਅਨੁਸਾਰ ਜੁਲਾਹੇ ਸ਼ੂਦਰ ਹਨ।



WWW.SIKHBOOKCLUB.COM 

ਗ਼ਰੀਬ ਹੁੰਦਿਆਂ ਭੀ ਕਬੀਰ ਜੀ ਆਪਣੀ ਰੌਸ਼ਨ-ਦਿਮਾਗ਼ੀ ਦੇ ਕਾਰਨ ਉੱਚ-ਕੋਟੀ ਦੇ ਵਿਦਵਾਨ ਬਣ ਗਏ। ਬ੍ਰਾਹਮਣਾਂ ਦੇ ਕਰਮ-ਕਾਂਡ ਨੂੰ ਉਹਨਾਂ ਖ਼ੂਬ ਚੰਗੀ ਤਰ੍ਹਾਂ ਸਮਝਿਆ ਅਤੇ ਭੋਲੇ-ਭਾਲੇ ਹਿੰਦੂਆਂ ਨੂੰ ਉਸ ਦੇ ਅਸਰ ਹੇਠੋਂ ਕੱਢਣ ਦੇ ਜਤਨ ਕੀਤੇ। ਇਸ ਉਪਦੇਸ਼ ਨਾਲ ਬ੍ਰਾਹਮਣਾਂ ਦੀ ਰੋਜ਼ੀ ਨੂੰ ਧੱਕਾ ਵੱਜਦਾ ਸੀ। ਕਬੀਰ ਜੀ ਦੀ ਹਯਾਤੀ ਵਿਚ ਤਾਂ ਉਹ ਲੋਕ ਇਹ ਆਖ ਆਖ ਕੇ ਕਬੀਰ ਜੀ ਦੇ ਪਰਚਾਰ ਦਾ ਅਸਰ ਘਟਾਣ ਦਾ ਜਤਨ ਕਰਦੇ ਰਹੇ ਕਿ ਆਖ਼ਰ ਹੈ ਤਾਂ ਉਹ ਸ਼ੂਦਰ ਹੀ, ਕੰਗਾਲ ਜੁਲਾਹੇ ਹੀ, ਇਹ ਕੀ ਸਮਝ ਸਕਦਾ ਹੈ ਸ਼ਾਸਤ੍ਰਾਂ ਦੇ ਉੱਚੇ ਸਿਧਾਂਤਾਂ ਨੂੰ। ਕਬੀਰ ਜੀ ਦੇ ਦੇਹਾਂਤ ਪਿੱਛੋਂ ਅਡੋਲ ਹੀ ਉਹਨਾਂ ਦਾ ਜੀਵਨ ਲਿਖਿਆ ਗਿਆ, ਤੇ ਉਸ ਵਿਚ ਇਹ ਦਰਜ ਕੀਤਾ ਗਿਆ ਕਿ ਕਬੀਰ ਵਿਧਵਾ ਬ੍ਰਾਹਮਣੀ ਦੇ ਪੇਟੋਂ ਜੰਮਿਆ ਸੀ। ਇਹ ਇਕ ਭਾਰੀ ਚਾਲ ਸੀ ਕਿ ਕਬੀਰ ਦਾ ਜਨਮ ਸ਼ੱਕੀ ਮਸ਼ਹੂਰ ਕਰ ਕੇ ਉਸ ਦੇ ਪਰਚਾਰ ਦੇ ਅਸਰ ਨੂੰ ਮਿਟਾਇਆ ਜਾਏ। ਭੋਲੇ ਲੋਕ ਇਹੀ ਮੰਨਣ ਲੱਗ ਪਏ ਕਿ ਕਬੀਰ ਵਿਧਵਾ ਬ੍ਰਾਹਮਣੀ ਦੇ ਪੇਟੋਂ ਜੰਮਿਆ ਸੀ। ਸਿੱਖ ਭੀ ਹੁਣ ਤਕ ਇਹੀ ਸੁਣਦੇ-ਸੁਣਾਂਦੇ ਆ ਰਹੇ ਹਨ। ਪਰ ਇਹ ਕਿਤਨੀ ਹੈਰਾਨੀ ਵਾਲੀ ਗੱਲ ਹੈ ਕਿ ਕਬੀਰ ਜੀ ਆਪਣੇ ਆਪ ਨੂੰ ਸਦਾ ਹਿੰਦੂ ਜੁਲਾਹਿਆਂ ਦੇ ਘਰ ਜੰਮਿਆ ਹੀ ਸਮਝਦੇ ਤੇ ਲਿਖਦੇ ਰਹੇ। ਉਹਨਾਂ ਨੂੰ ਸਾਰੀ ਉਮਰ ਆਪਣੇ ਬਾਰੇ ਅਸਲੀਅਤ ਦਾ ਪਤਾ ਹੀ ਨਾ ਲੱਗਾ। ਲਿਖਣ ਵਾਲਿਆਂ ਲਿਖ ਦਿਤਾ ਕਿ ਰਾਮਾਨੰਦ ਜੀ ਦੇ ਵਰ ਨਾਲ ਕਬੀਰ ਜੰਮਿਆ ਸੀ। ਖ਼ੂਬ! ਵਰ ਭੀ ਦਿਵਾਇਆ ਬ੍ਰਾਹਮਣ ਦੇਵਤੇ ਦਾ! ਪਰ ਰਾਮਾਨੰਦ ਜੀ ਨੇ ਕਬੀਰ ਜੀ ਦਾ ਗੁਰੂ ਹੁੰਦਿਆਂ ਕਦੇ ਭੀ ਇਹ ਗੱਲ ਕਬੀਰ ਜੀ ਨੂੰ ਨਾ ਦੱਸੀ। ਕਿਤਨੀ ਭਾਰੀ ਮਿਥ ਹੈ!

ਇਤਨੇ ਵੱਡੇ ਸ਼ੇਰ-ਮਰਦ ਦੀ ਕਦਰ ਗੁਰੂ ਨਾਨਕ ਦੇਵ ਜੀ ਦੇ ਹਿਰਦੇ ਵਿਚ ਕਿਵੇਂ ਨਾ ਹੁੰਦੀ? ਗੁਰੂ ਨਾਨਕ ਦੇਵ ਜੀ ਭੀ ਉਹੀ ਉੱਦਮ ਕਰਨ ਲਈ ਘਰ ਦੇ ਸੁਖ ਕੁਰਬਾਨ ਕਰ ਕੇ ਤੁਰੇ ਸਨ, ਜੋ ਉੱਦਮ ਕਬੀਰ ਜੀ ਸਾਰੀ ਉਮਰ ਕਰਦੇ ਰਹੇ।

ਕਬੀਰ ਜੀ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ। ਪੜ੍ਹ ਕੇ ਵੇਖੋ। ਕਿਤਨੇ ਤਿੱਖੇ ਹਮਲੇ ਹਨ ਬ੍ਰਾਹਮਣਾਂ ਦੇ ਭਰਮ-ਗੜ੍ਹ ਉਤੇ! ਸ਼ੇਰਾਂ ਵਾਂਗ ਸਿੱਧੀ ਟੱਕਰ ਲਈ ਹੋਈ ਹੈ। ਗੁਰੂ ਨਾਨਕ ਦੇਵ ਜੀ ਨੇ ਕਬੀਰ ਜੀ ਦੀ ਸਾਰੀ ਬਾਣੀ ਦਾ ਉਤਾਰਾ ਕਰ ਲਿਆ ਅਤੇ ਆਪਣੇ ਪਾਸ ਸਾਂਭ ਲਿਆ। ਇਹ ਕੁਦਰਤੀ ਗੱਲ ਸੀ ਕਿ ਆਪਣੇ ਹਮ-ਖ਼ਿਆਲ ਸ਼ੇਰ-ਮਰਦ ਦੀ ਗਰਜ

ਸ਼ੇਰ-ਮਰਦ ਨੂੰ ਪਿਆਰੀ ਲੱਗੇ।

## ਰਵਿਦਾਸ ਜੀ ਦੀ ਬਾਣੀ ਦਾ ਉਤਾਰਾ

ਭਗਤ ਰਵਿਦਾਸ ਜੀ ਭੀ ਬਨਾਰਸ ਦੇ ਹੀ ਰਹਿਣ ਵਾਲੇ ਸਨ। ਇਹਨਾਂ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ। ਰਵਿਦਾਸ ਜੀ ਜਾਤ ਦੇ ਚਮਾਰ ਸਨ, ਬ੍ਰਾਹਮਣਾਂ ਦੀਆਂ ਨਜ਼ਰਾਂ ਵਿਚ ਅੱਤ ਨੀਵੇਂ ਦਰਜੇ ਦੇ ਸ਼ੂਦਰ। ਸਦੀਆਂ ਤੋਂ ਉੱਚ-ਜਾਤੀਏ ਲੋਕਾਂ ਵਲੋਂ ਧਰਮ ਦੀ ਓਟ ਵਿਚ ਸ਼ੂਦਰਾਂ ਉਤੇ ਅੱਤਿਆਚਾਰ ਹੁੰਦੇ ਚਲੇ ਆ ਰਹੇ ਸਨ; ਜਿਨ੍ਹਾਂ ਤੋਂ ਤੰਗ ਆ ਕੇ ਭਾਰਤ ਦੇ ਕਰੋੜਾਂ ਸ਼ੂਦਰ ਮੁਸਲਮਾਨ ਬਣ ਗਏ ਸਨ। ਪਰ ਗ਼ਰੀਬ ਜਦ ਤਕ ਆਪਣੇ ਪੈਰਾਂ ਉਤੇ ਆਪ ਖਲੋਣ ਦਾ ਹੌਸਲਾ ਨਹੀਂ ਕਰਦੇ, ਤਦ ਤਕ ਉਹਨਾਂ ਨੂੰ ਹਰ ਥਾਂ ਹੀ ਧੱਕੇ ਪੈਂਦੇ ਹਨ। ਭਗਤ ਕਬੀਰ ਤੇ ਰਵਿਦਾਸ ਜੀ ਨੇ ਆਪਣੇ ਜਾਤ-ਭਰਾਵਾਂ ਨੂੰ ਮੁਸਲਮਾਨ ਹੋਣੋਂ ਵਰਜਿਆ, ਉੱਚ ਜਾਤੀਏ ਲੋਕਾਂ ਦੇ ਅੱਤਿਆਚਾਰਾਂ ਦਾ ਟਾਕਰਾ ਕਰਨ ਲਈ ਹੱਲਾ ਸ਼ੇਰੀ ਦਿੱਤੀ।

ਰਵਿਦਾਸ ਜੀ ਕਬੀਰ ਜੀ ਦੇ ਸਮਕਾਲੀ ਸਨ। ਜਿਵੇਂ ਕਬੀਰ ਜੀ ਨੇ ਬ੍ਰਾਹਮਣਾਂ ਨੂੰ ਵੰਗਾਰਿਆ ਸੀ ਕਿ ਤੁਸੀ ਕਿਵੇਂ ਬ੍ਰਾਹਮਣ ਹਉ, ਤੇ, ਅਸੀ ਕਿਵੇਂ ਸ਼ੂਦਰ ਹਾਂ। ਤਿਵੇਂ ਰਵਿਦਾਸ ਜੀ ਨੇ ਭੀ ਸ਼ੇਰਾਂ ਵਾਂਗ ਗੱਜ ਕੇ ਆਖਿਆ— ਤੁਸੀ ਮੈਨੂੰ ਚਮਾਰ ਚਮਾਰ ਸੱਦਦੇ ਹਉ, ਪਰ ਤੁਸੀ ਕੌਣ ਹਉ ? ਜਿਵੇਂ ਚਮਾਰ ਜੁੱਤੀ ਨੂੰ ਗੰਢਦਾ ਹੈ, ਤਿਵੇਂ ਤੁਸੀ ਲੱਬ ਲੋਭ ਦੇ ਅਧੀਨ ਹੋ ਕੇ ਸਦਾ ਇਸ ਸਰੀਰ-ਜੁੱਤੀ ਨੂੰ ਗਾਂਢੇ-ਤਰੋਪੇ ਲਾਂਦੇ ਰਹਿੰਦੇ ਹਉ। ਹਉ ਅਸਲ ਵਿਚ ਤੁਸੀ ਭੀ ਚਮਾਰ ਹੀ। ਮੇਰਾ ਤਾਂ ਜਨਮ ਚਮਾਰਾਂ ਦੇ ਘਰ ਹੈ ਪਰ ਤੁਹਾਡੇ ਕਰਮ ਚਮਾਰਾਂ ਵਾਲੇ ਹਨ।

ਰਵਿਦਾਸ ਜੀ ਉਸੇ ਧਾਰਮਿਕ ਅੱਤਿਆਚਾਰ ਦਾ ਟਾਕਰਾ ਕਰ ਰਹੇ ਸਨ ਜਿਸ ਦੇ ਦਬਾਉ ਹੇਠੋਂ ਭਾਰਤ-ਵਾਸੀਆਂ ਨੂੰ ਕੱਢਣ ਲਈ ਗੁਰੂ ਨਾਨਕ ਦੇਵ ਜੀ ਨੇ ਪੈਦਲ ਹਜ਼ਾਰਾਂ ਮੀਲਾਂ ਦਾ ਸਫ਼ਰ ਅਰੰਭਿਆ ਸੀ। ਸਤਿਗੁਰੂ ਜੀ ਦੇ ਦਿਲ ਵਿਚ ਰਵਿਦਾਸ ਜੀ ਦੇ ਬਚਨਾਂ ਲਈ ਕਦਰ ਪੈਦਾ ਹੋਣੀ ਇਕ ਕੁਦਰਤੀ ਗੱਲ ਸੀ। ਉਹਨਾਂ ਦੀ ਬਾਣੀ ਦਾ ਉਤਾਰਾ ਲਿਖ ਕੇ ਆਪਣੇ ਪਾਸ ਰੱਖ ਲਿਓ ਨੇ।



WWW.SIKHBOOKCLUB.COM 

## ਰਾਮਾਨੰਦ ਜੀ ਦੇ ਸ਼ਬਦ ਦਾ ਉਤਾਰਾ

ਰਵਿਦਾਸ ਜੀ ਨੇ ਰਾਮਾਨੰਦ ਜੀ ਤੋਂ ਦੀਖਿਆ ਲਈ ਸੀ। ਰਾਮਾਨੰਦ ਜੀ ਜਾਤ ਦੇ ਬ੍ਰਾਹਮਣ ਸਨ। ਇਹਨਾਂ ਦਾ ਜਨਮ ਪ੍ਰਯਾਗ ਸੰਮਤ ੧੪੨੩ ਵਿਚ ਹੋਇਆ ਸੀ। ਮਾਪਿਆਂ ਨੇ ਨਾਮ ਰਾਮਦੱਤ ਰਖਿਆ ਸੀ। ਸੁਆਮੀ ਰਾਮਾਨੁਜ ਦੀ ਸੰਪ੍ਰਦਾਇ ਦੇ ਪਰਸਿੱਧ ਪਰਚਾਰਕ ਰਾਘਵਾਨੰਦ ਦੇ ਇਹ ਚੇਲੇ ਬਣੇ ਸਨ, ਤੇ ਇਹਨਾਂ ਦਾ ਨਾਮ ਰਾਮਾਨੰਦ ਮਸ਼ਹੂਰ ਹੋ ਗਿਆ ਸੀ। ਕਾਂਸ਼ੀ ਵਿਚ ਗੰਗਾ ਦੇ ਪੰਚਾਂਗ ਘਾਟ ਤੇ ਰਹਿ ਕੇ ਰਾਮਾਨੰਦ ਜੀ ਨੇ ਬਹੁਤ ਧਰਮ-ਪਰਚਾਰ ਕੀਤਾ ਸੀ। ਕਾਂਸ਼ੀ ਵਿਚ ਹੀ ਇਹਨਾਂ ਦਾ ਦੇਹਾਂਤ ਸੰਮਤ ੧੫੨੪ ਵਿਚ ਹੋਇਆ ਸੀ। ਰਾਮਾਨੰਦ ਜੀ ਨੇ ਮੂਰਤੀ-ਪੂਜਾ ਦੇ ਵਿਰੁੱਧ ਜ਼ੋਰਦਾਰ ਅਵਾਜ਼ ਉਠਾਈ ਸੀ। ਪੱਥਰਾਂ (ਮੂਰਤੀਆਂ) ਅਤੇ ਪਾਣੀ (ਤੀਰਥ-ਜਲ) ਦੀ ਪੂਜਾ ਵਲੋਂ ਵਰਜ ਕੇ ਲੋਕਾਂ ਨੂੰ ਉਸ ਪਰਮਾਤਮਾ ਦੀ ਭਗਤੀ ਵੱਲ ਪ੍ਰੇਰਦੇ ਰਹੇ, ਜੋ ਸਭ ਦੇ ਅੰਦਰ ਵੱਸਦਾ ਹੈ। ਰਾਮਾਨੰਦ ਜੀ ਦਾ ਇਕ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ। ਇਹ ਸ਼ਬਦ ਗੁਰੂ ਨਾਨਕ ਦੇਵ ਜੀ ਨੇ ਬਨਾਰਸ ਤੋਂ ਲਿਆ ਸੀ।

## ਸੈਣ ਜੀ ਦਾ ਸ਼ਬਦ

ਕਬੀਰ ਅਤੇ ਰਵਿਦਾਸ ਵਾਂਗ ਭਗਤ ਸੈਣ ਨੇ ਭੀ ਰਾਮਾਨੰਦ ਜੀ ਤੋਂ ਸਿੱਖਿਆ ਲਈ ਸੀ। ਸੈਣ ਜੀ ਜਾਤ ਦੇ ਨਾਈ ਸਨ। ਰਿਆਸਤ ਰੀਵਾ ਦੇ ਰਾਜੇ 'ਰਾਜਾ ਰਾਮ' ਦੇ ਸੇਵਕ। ਰੀਵਾ ਬਨਾਰਸ ਤੋਂ ਸੌ ਕੁ ਮੀਲ ਦੀ ਵਿੱਥ 'ਤੇ ਦੱਖਣ-ਪੱਛਮ ਪਾਸੇ ਹੈ। ਸੈਣ ਜੀ ਦੀ ਕੁਲ ਦੇ ਲੋਕ ਹੁਣ ਭੀ ਰੀਵਾ ਵਿਚ ਵੱਸਦੇ ਹਨ। ਸੈਣ ਜੀ ਨੇ ਭੀ ਮੂਰਤੀ-ਪੂਜਾ ਦੇ ਵਿਰੁੱਧ ਪਰਚਾਰ ਕੀਤਾ ਸੀ। ਉਹਨਾਂ ਦਾ ਇਕ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ, ਜੋ ਗੁਰੂ ਨਾਨਕ ਦੇਵ ਜੀ ਨੇ ਬਨਾਰਸ ਤੋਂ ਲਿਆ ਹੋਵੇਗਾ।

## ਪੀਪਾ ਜੀ ਦਾ ਸ਼ਬਦ

ਭਗਤ-ਸ਼੍ਰੇਣੀ ਵਿਚ ਪੀਪਾ ਜੀ ਦਾ ਨਾਮ ਭੀ ਪਰਸਿੱਧ ਹੈ। ਪੀਪਾ ਰਾਜਪੂਤਾਨੇ (ਰਾਜਸਥਾਨ) ਦੇ ਇਕ ਨਿੱਕੇ ਜਿਹੇ ਰਜਵਾੜੇ ਗਾਗਰੌਨ ਦਾ ਸਰਦਾਰ ਜਾਂ ਰਾਜਾ ਸੀ। ਗਾਗਰੌਨ ਰਾਜਸਥਾਨ ਪ੍ਰਾਂਤ ਦੇ ਪਰਸਿੱਧ ਨਗਰ ਕੋਟਾ ਤੋਂ ੪੫ ਮੀਲ ਦੱਖਣ-ਪੂਰਬ ਪਾਸੇ ਹੈ। ਮੱਧ ਭਾਰਤ ਦੇ ਸ਼ਹਿਰ ਗਵਾਲੀਅਰ ਤੋਂ ਦੱਖਣ-ਪੱਛਮ ਪਾਸੇ ਰੇਲ ਦੀ ਇਕ ਛੋਟੀ ਲਾਈਨ ਸ਼ਿਵਪੁਰੀ ਤਕ ਆਉਂਦੀ



WWW.SIKHBOOKCLUB.COM 

ਹੈ। ਸ਼ਿਵਪੁਰੀ ਤੋਂ ਗਗਰੌਨ ਪੈਂਠ ਕੁ ਮੀਲ ਦੱਖਣ ਪਾਸੇ ਹੈ।

ਪੀਪਾ ਜੀ ਦਾ ਜਨਮ ਸੰਮਤ ੧੪੮੩ ਵਿਚ ਹੋਇਆ ਸੀ। ਪਹਿਲਾਂ ਇਹ ਦੁਰਗਾ ਦੇ ਭਗਤ ਸਨ। ਫਿਰ ਇਹਨਾਂ ਰਾਮਾਨੰਦ ਜੀ ਦਾ ਉਪਦੇਸ਼ ਧਾਰਨ ਕੀਤਾ। ਵੈਰਾਗ ਦਸ਼ਾ ਵਿਚ ਆਪਣੀ ਇਸਤ੍ਰੀ ਸੀਤਾ ਸਮੇਤ ਘਰ ਤਿਆਗ ਕੇ ਦੇਸ-ਰਟਨ ਅਤੇ ਧਰਮ-ਪਰਚਾਰ ਵਿਚ ਹੀ ਸਾਰੀ ਉਮਰ ਬਿਤਾਈਓ ਨੇ। ਇਹਨਾਂ ਦਾ ਭੀ ਇਕ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ, ਜੋ ਗੁਰੂ ਨਾਨਕ ਦੇਵ ਜੀ ਨੇ ਬਨਾਰਸ ਤੋਂ ਹਾਸਲ ਕੀਤਾ ਸੀ। ਪੀਪਾ ਜੀ ਮੂਰਤੀ-ਪੂਜਾ ਦੇ ਵਿਰੁੱਧ ਪਰਚਾਰ ਕਰਦੇ ਰਹੇ।

## ਗਇਆ

ਗਇਆ ਬਨਾਰਸ ਤੋਂ ਸਵਾ ਕੁ ਸੌ ਮੀਲ ਪੂਰਬ ਪਾਸੇ ਹੈ (ਰਤਾ ਕੁ ਦੱਖਣ ਦੇ ਰੁਖ਼)। ਬਨਾਰਸ ਤੋਂ ਪੰਝੀ ਕੁ ਮੀਲ ਪੂਰਬ ਵੱਲ ਜਾ ਕੇ ਉੱਤਰ ਪ੍ਰਦੇਸ਼ ਦੀ ਹੱਦ ਮੁੱਕ ਜਾਂਦੀ ਹੈ, ਅਗਾਂਹ ਬਿਹਾਰ ਪ੍ਰਾਂਤ ਸ਼ੁਰੂ ਹੋ ਜਾਂਦਾ ਹੈ। ਗਇਆ ਬਿਹਾਰ ਪ੍ਰਾਂਤ ਵਿਚ ਹੈ। ਇਹ ਨਗਰ ਹਿੰਦੂਆਂ ਦੀਆਂ ਸੱਤ ਪਵਿੱਤਰ ਪੁਰੀਆਂ ਵਿਚੋਂ ਇਕ ਪੁਰੀ ਹੈ, ਫਲਗੂ ਨਦੀ ਦੇ ਕੰਢੇ 'ਤੇ। ਇਥੇ ਪਿਤਰਾਂ ਦੀ ਗਤੀ ਲਈ ਹਿੰਦੂ ਸੱਜਣ ਪਿੰਡ ਦਾਨ ਕਰਦੇ ਹਨ। ਪਿੰਡ ਜਵਾਂ ਦੇ ਆਟੇ ਦੇ ਪੇੜੇ। ਜਿਸ ਬ੍ਰਾਹਮਣ ਦੀ ਖੇਚਲ ਤੇ ਮਿਹਨਤ ਨਾਲ ਇਹ ਪਿੰਡ ਪਿਤਰਾਂ ਤਕ ਪਹੁੰਚਦੇ ਹਨ, ਉਸ ਦੀ ਸੇਵਾ ਕਰਨੀ ਭੀ ਜ਼ਰੂਰੀ ਹੋ ਜਾਂਦੀ ਹੈ। ਸੋ, ਸ਼ਰਧਾਲੂਆਂ ਦੀ ਆਵਾਜਾਈ ਦਾ ਸਦਕਾ ਗਇਆ ਦੇ ਪਾਂਡਿਆਂ ਦੀ ਆਜੀਵਕਾ ਬਹੁਤ ਸੌਖੀ ਬਣੀ ਚਲੀ ਆ ਰਹੀ ਹੈ।

ਸ਼ਰਧਾਲੂਆਂ ਨੂੰ ਅਜਿਹੇ ਧਰਮ-ਕਰਮਾਂ ਵੱਲ ਪ੍ਰੇਰਨ ਲਈ ਵਿਦਵਾਨ ਬ੍ਰਾਹਮਣਾਂ ਦੇ ਬਣਾਏ ਹੋਏ ਪੁਰਾਣ[੧] ਆਦਿਕ ਧਰਮ-ਪੁਸਤਕ ਬੜੀ ਸਹਾਇਤਾ ਕਰਦੇ ਹਨ।

ਗੁਰੂ ਨਾਨਕ ਦੇਵ ਜੀ ਸ਼ਿਵਰਾਤ੍ਰੀ ਵਾਲੇ ਦਿਨ (ਫੱਗਣ ਵਦੀ ੧੪ ਨੂੰ)

---

੧. ਵਾਯੂ ਪੁਰਾਣ ਵਿਚ ਲਿਖਿਆ ਹੋਇਆ ਹੈ—ਗਇਆਸੁਰ ਰਾਖਸ਼ ਨੇ ਬੜਾ ਤਪ ਕੀਤਾ। ਬ੍ਰਹਮਾ ਵਿਸ਼ਨੂੰ ਉਸ ਨੂੰ ਵਰ ਦੇਣ ਲਈ ਤਿਆਰ ਹੋ ਪਏ। ਗਯ-ਅਸੁਰ ਨੇ ਵਰ ਮੰਗਿਆ ਕਿ ਜੋ ਮੇਰਾ ਦਰਸ਼ਨ ਕਰੇ ਉਹ ਬੈਕੁੰਠ ਦਾ ਅਧਿਕਾਰੀ ਹੋ ਜਾਏ। ਵਿਸ਼ਨੂੰ ਨੇ ਇਹ ਮੰਨ ਲਿਆ। ਲੋਕਾਂ ਦੀ ਭਲਾਈ ਵਾਸਤੇ ਗਇਆਸੁਰ ਦਿਨੇ ਰਾਤ ਸਾਰੀ ਪ੍ਰਿਥਵੀ ਤੇ ☛

ਬਨਾਰਸ ਸਨ, ਸੰਨ ੧੫੦੯ ਦੀ ੧੯ ਫ਼ਰਵਰੀ ਦੇ ਕਰੀਬ। ਵੈਸਾਖੀ ਨੇੜੇ ਆ ਰਹੀ ਸੀ। ਬਨਾਰਸ ਤੋਂ ਗਇਆ ਵੱਲ ਚੱਲ ਪਏ। ਗਇਆ ਤੋਂ ਸੌ ਕੁ ਮੀਲ ਪੱਛਮ ਤੋਂ ਬਿਹਾਰ ਪ੍ਰਾਂਤ ਸ਼ੁਰੂ ਹੋ ਜਾਂਦਾ ਹੈ। ਇਸ ਇਲਾਕੇ ਦੇ ਲੋਕਾਂ ਨੂੰ ਹਰਿਦੁਆਰ ਨਾਲੋਂ ਗਇਆ ਬਹੁਤ ਨੇੜੇ ਪੈਂਦਾ ਹੈ। ਵੈਸਾਖੀ ਦੇ ਮੌਕੇ ਤੇ ਗਇਆ ਪਹੁੰਚ ਕੇ ਦਾਨ-ਪੁੰਨ ਕਰਨ ਦੀ ਤਾਂਘ ਪਿੰਡ ਪਿੰਡ ਲੱਗ ਰਹੀ ਸੀ। ਗੁਰੂ ਨਾਨਕ ਦੇਵ ਜੀ ਨੇ ਬਨਾਰਸ ਤੋਂ ਚੱਲ ਕੇ ਢਾਈ ਤਿੰਨ ਮੀਲਾਂ ਦਾ ਪੜਾ ਕਰਨਾ ਸ਼ੁਰੂ ਕਰ ਦਿੱਤਾ। ਹਰੇਕ ਪਿੰਡ ਵਿਚ ਆਪਣੇ ਰੋਜ਼ਾਨਾ ਕੀਰਤਨ ਦੀ ਰਾਹੀਂ ਲੋਕਾਂ ਨੂੰ ਸਮਝਾਣਾ ਸ਼ੁਰੂ ਕੀਤਾ—ਪਰਮਾਤਮਾ ਦਾ ਨਾਮ ਹੀ ਅਸਲੀ ਦੀਵਾ ਹੈ, ਜੋ ਮਨੁੱਖਾ ਜ਼ਿੰਦਗੀ ਦੇ ਰਸਤੇ ਵਿਚ ਚਾਨਣ ਕਰਦਾ ਹੈ। ਦੁਨੀਆ ਵਾਲੇ ਦੁੱਖ-ਪਾਪ ਜੋ ਮਨੁੱਖ ਨੂੰ ਸਦਾ ਵਾਪਰਦੇ ਰਹਿੰਦੇ ਹਨ, ਨਾਮ ਦੀ ਬਰਕਤ ਨਾਲ ਹੀ ਨਸ਼ਟ ਹੁੰਦੇ ਹਨ। ਪਿਤਰਾਂ ਨਮਿਤ ਪਿੰਡ ਭਰਾਣੇ ਛੱਡੋ, ਪਿੱਛੋਂ ਭੇਜੀਆਂ ਰੋਟੀਆਂ ਕਿਸੇ ਨੂੰ ਨਹੀਂ ਪਹੁੰਚਦੀਆਂ। ਜੀਊਂਦੇ ਬਜ਼ੁਰਗਾਂ ਦੀ ਸੇਵਾ ਕਰਿਆ ਕਰੋ ਤੇ ਪਰਮਾਤਮਾ ਦਾ ਭਜਨ ਕਰਿਆ ਕਰੋ। ਇਸ ਲੋਕ ਤੇ ਪਰਲੋਕ ਵਿਚ ਨਾਮ ਹੀ ਮਨੁੱਖ ਦੀ ਜ਼ਿੰਦਗੀ ਦਾ ਸਹਾਰਾ ਹੈ। ਤੀਰਥਾਂ ਦੇ ਜਲ ਨਾਲ ਸਰੀਰ ਧੋਤਿਆਂ ਮਨ ਦੀ ਪਵਿੱਤ੍ਰਤਾ ਨਹੀਂ ਹੋ ਸਕਦੀ, ਪਰਮਾਤਮਾ ਦੀ ਸਿਫ਼ਤ-ਸਲਾਹ ਦੇ ਦਰਿਆ ਵਿਚ ਆਤਮਾ ਨੂੰ ਦਿਨ ਰਾਤ ਚੁੱਭੀ ਲਵਾਇਆ ਕਰੋ। ਵੇਖੋ, ਕਿਸ ਤਰ੍ਹਾਂ ਮਨ ਸਦਾ ਉੱਜਲ ਰਹਿੰਦਾ ਹੈ। ਸਾਲ ਪਿੱਛੋਂ ਤੁਹਾਡੇ ਜਵਾਂ ਦੇ ਇਹਨਾਂ ਚਾਰ ਪੋੜਿਆਂ ਨਾਲ ਪਿਤਰ ਕਿਤਨੇ ਕੁ ਦਿਨ ਗੁਜ਼ਾਰਾ ਕਰ ਸਕਣਗੇ? ਪਰਮਾਤਮਾ ਦੇ ਦਰ ਤੋਂ ਉਹਨਾਂ ਵਾਸਤੇ ਭੀ ਤੇ ਆਪਣੇ ਵਾਸਤੇ ਭੀ ਬਖ਼ਸ਼ਸ਼

---

☛ ਭੌਣ ਲੱਗ ਪਿਆ। ਉਸ ਦਾ ਸਰੀਰ ੧੨੫ ਜੋਜਨ ਲੰਮਾ ਅਤੇ ੬੦ ਜੋਜਨ ਚੌੜਾ ਸੀ। ਦੂਰੋਂ ਹੀ ਲੋਕ ਉਸ ਨੂੰ ਵੇਖ ਕੇ ਬੈਕੁੰਠ ਦੇ ਅਧਿਕਾਰੀ ਬਣਦੇ ਗਏ। ਨਰਕ-ਗਾਮੀ ਇਤਨੇ ਘਟ ਗਏ ਕਿ ਥੋੜੇ ਹੀ ਸਮੇਂ ਵਿਚ ਧਰਮ-ਰਾਜ ਦਾ ਦਫ਼ਤਰ ਬੰਦ ਹੋ ਗਿਆ। ਉਸ ਨੇ ਆਪਣੀ ਦੁਰਦਸ਼ਾ ਬ੍ਰਹਮਾ ਵਿਸ਼ਨੂੰ ਨੂੰ ਜਾ ਸੁਣਾਈ। ਬ੍ਰਹਮਾ ਦੀ ਸਿੱਖਿਆ ਤੇ ਦੇਵਤਿਆਂ ਨੇ ਗਯ ਤੋਂ ਦਾਨ ਮੰਗਿਆ ਕਿ ਆਪਣਾ ਸਰੀਰ ਸਾਨੂੰ ਦੇ ਦੇ। ਉਸ ਪਰਉਪਕਾਰੀ ਰਾਖਸ਼ ਨੇ ਬੜੀ ਉਦਾਰਤਾ ਨਾਲ ਦੇਵਤਿਆਂ ਦੀ ਇਹ ਮੰਗ ਪੂਰੀ ਕਰ ਦਿੱਤੀ। ਦੇਵਤਿਆਂ ਨੇ ਉਸ ਦਾ ਸਰੀਰ ਪੱਥਰ ਦੀ ਚਟਾਨ ਹੇਠ ਦੱਬ ਦਿੱਤਾ, ਪਰ ਇਹ ਵਰ ਦੇ ਦਿਤਾ ਕਿ ਜਿੱਥੇ ਤੇਰਾ ਸਰੀਰ ਦੱਬਿਆ ਹੈ, ਜੋ ਮਨੁੱਖ ਇਥੇ ਆ ਕੇ ਆਪਣੇ ਪਿਤਰਾਂ ਨਮਿੱਤ ਪਿੰਡ ਭਰਾਏਗਾ, ਉਹ ਪਿਤਰਾਂ ਸਮੇਤ ਆਪਣੇ ਆਪ ਨੂੰ ਬੈਕੁੰਠ ਦਾ ਅਧਿਕਾਰੀ ਬਣਾ ਲਏਗਾ। ਜਿਥੇ ਗਯ ਰਾਖਸ਼ ਨੂੰ ਦਬਿਆ ਗਿਆ, ਉਹ ਗਯਾ (ਗਇਆ) ਤੀਰਥ ਪਰਸਿੱਧ ਹੋ ਗਿਆ। ਹਿੰਦੂ ਲੋਕ ਜਿਵੇਂ ਹਰਿਦੁਆਰ ਤੀਰਥ ਉਤੇ ਵੈਸਾਖੀ ਵਾਲੇ ਦਿਨ ਪਿਤਰਾਂ ਨਮਿੱਤ ਦਾਨ-ਪੁੰਨ ਕਰਦੇ ਹਨ, ਤਿਵੇਂ ਗਇਆ ਤੀਰਥ ਉਤੇ ਭੀ ਵੈਸਾਖੀ ਨੂੰ ਪਿਤਰਾਂ ਲਈ ਪਿੰਡ ਭਰਾਂਦੇ ਹਨ।

ਦੀ ਦਾਤ ਮੰਗਿਆ ਕਰੋ, ਜੋ ਕਦੇ ਭੀ ਨਿਖੁੱਟਦੀ ਨਹੀਂ।

ਸੰਨ ੧੫੦੯ ਦੀ ਵੈਸਾਖੀ ੨੭ ਮਾਰਚ ਨੂੰ ਸੀ, ਦਿਨ ਮੰਗਲਵਾਰ। ਭਾਈ ਮਰਦਾਨਾ ਤੇ ਸਤਿਗੁਰੂ ਜੀ ਵੈਸਾਖੀ ਸਮੇ ਗਇਆ ਪਹੁੰਚ ਗਏ। ਦੂਰੋਂ ਦੂਰੋਂ ਚੁਫੇਰਿਓਂ ਅਨੇਕਾਂ ਹਿੰਦੂ ਅੱਪੜੇ ਹੋਏ ਸਨ। ਮਰਦਾਨੇ ਦੀ ਰਬਾਬ ਦੇ ਖਿੱਚੇ ਲੋਕ ਜਦੋਂ ਗੁਰੂ ਨਾਨਕ ਦੇਵ ਜੀ ਦੇ ਪਾਸ ਇਕੱਠੇ ਹੋਏ, ਤਾਂ ਉਹਨਾਂ ਉਥੇ ਭੀ ਸਭਨਾਂ ਨੂੰ ਕੀਰਤਨ ਦੀ ਰਾਹੀਂ ਮਨੁੱਖਾ ਸਰੀਰ ਦੀ ਅੰਤਮ ਕਿਰਿਆ ਬਾਰੇ ਸਹੀ ਰਸਤਾ ਸਮਝਾਇਆ।

## ਕਾਮ-ਰੂਪ ਦੇਸ ਨੂੰ

ਗਇਆ, ਬਿਹਾਰ ਵਿਚ ਹਿੰਦੂਆਂ ਦਾ ਅਖ਼ੀਰਲਾ ਤੀਰਥ ਸੀ। ਹੁਣ ਤਕ ਗੁਰੂ ਨਾਨਕ ਦੇਵ ਜੀ ਹੇਠ-ਲਿਖੇ ਪੰਜ ਪਰਸਿੱਧ ਤੀਰਥ ਵੇਖ ਚੁਕੇ ਸਨ—ਹਰਿਦੁਆਰ, ਅਜੁੱਧਿਆ, ਪ੍ਰਯਾਗ, ਬਨਾਰਸ ਅਤੇ ਗਇਆ। ਗਇਆ ਤੋਂ ਅਗਾਂਹ ਅਗਲਾ ਤੀਰਥ ਸੀ ਜਗਨਨਾਥ ਦਾ ਮੰਦਿਰ, ਉੜੀਸਾ ਪ੍ਰਾਂਤ ਵਿਚ ਸਮੁੰਦਰ ਦੇ ਕੰਢੇ ਪੁਰੀ ਨਗਰ ਵਿਚ।

ਪਰ ਸਿੱਧੇ ਜਗਨਨਾਥ ਪੁਰੀ ਵੱਲ ਜਾਣ ਦੇ ਥਾਂ ਸਤਿਗੁਰੂ ਜੀ ਨੇ ਕਾਮਰੂਪ ਦੇਸ ਦਾ ਰੁਖ਼ ਕੀਤਾ। ਕਾਮਰੂਪ ਨੂੰ ਅੱਜ-ਕੱਲ੍ਹ ਅਸੀ ਆਸਾਮ ਆਖਦੇ ਹਾਂ। ਆਸਾਮ ਵਿਚ ਭੂਟਾਨ ਦੀ ਸਰਹੱਦ ਉਤੇ ਕਾਮਰੂਪ ਇਕ ਜ਼ਿਲਾ ਹੈ, ਉਸ ਦੇ ਆਸ ਪਾਸ ਦੇ ਇਲਾਕੇ ਨੂੰ ਭੀ ਕਾਮਰੂਪ ਹੀ ਆਖੀਦਾ ਸੀ। ਇਸ ਦੇਸ ਵਿਚ ਕਾਮਾਖਯਾ ਦੇਵੀ ਦਾ ਅਸਥਾਨ ਹੈ। ਪੁਰਾਣੇ ਸਮੇ ਇਹ ਦੇਸ ਜੰਤ੍ਰ ਮੰਤ੍ਰ ਟੂਣੇ ਆਦਿਕਾਂ ਲਈ ਬੜਾ ਬਦਨਾਮ ਸੀ। ਇਸ ਦਾ ਪਰਧਾਨ ਨਗਰ[1] ਗੋਹਾਟੀ ਹੈ।

---

੧. ਵਿਸ਼ਨੂੰ ਪੁਰਾਣ ਵਿਚ ਇਕ ਕਥਾ ਹੈ ਕਿ ਜਦੋਂ ਵਿਸ਼ਨੂੰ ਨੇ ਵਰਾਹ (ਸੂਰ) ਦਾ ਰੂਪ ਧਾਰਿਆ, ਤਦ ਪ੍ਰਿਥਵੀ ਨੇ ਉਸ ਨਾਲ ਭੋਗ ਕਰ ਕੇ ਨਰਕਾਸੁਰ ਨਾਮਕ ਪੁੱਤਰ ਪੈਦਾ ਕੀਤਾ, ਉਸ ਦਾ ਦੂਜਾ ਨਾਮ ਭੌਮਾਸੁਰ ਸੀ, (ਭਾਵ, ਭੂਮੀ ਤੋਂ ਜੰਮਿਆ ਹੋਇਆ ਅਸੁਰ) ਭੌਮਾਸੁਰ ਗੋਹਾਟੀ ਦਾ ਰਾਜਾ ਬਣਿਆ, ਤਦੋਂ ਇਸ ਨਗਰ ਦਾ ਨਾਮ 'ਪ੍ਰਾਗਜਯੋਤਿਸ਼ਪੁਰ' ਸੀ। ਕ੍ਰਿਸ਼ਨ ਜੀ ਨੇ ਭੌਮਾਸੁਰ ਨੂੰ ਮਾਰ ਦਿੱਤਾ।

ਗੋਹਾਟੀ ਤੋਂ ਦੋ ਮੀਲ ਪੱਛਮ ਪਾਸੇ ਨੀਲਾਚਲਪੁਰ ਬ੍ਰਹਮਪੁਤ੍ਰ ਦਰਿਆ ਦੇ ਕੰਢੇ ਤੇ ਸਤੀ ਦੇਵੀ ਦਾ ਮੰਦਰ ਹੈ, ਜਿਸ ਵਿਚ ਸਤੀ ਦੀ ਯੋਨਿ (ਭਗ) ਪੂਜੀ ਜਾਂਦੀ ਹੈ। ਇਹੀ ਹੈ ਕਾਮਾਖਯਾ ਦੇਵੀ ਦਾ ਅਸਥਾਨ। ਕਾਮਾਖਯਾ ਦਾ ਅਰਥ ਹੈ ਇਸਤ੍ਰੀ ਦਾ ਗੁਪਤ ਅੰਗ। ☛



WWW.SIKHBOOKCLUB.COM 

ਆਸਾਮ ਵਿਚ ਪਰਬਤ-ਧਾਰਾ ਬਹੁਤ ਹਨ, ਜਿਥੇ ਵੱਖ ਵੱਖ ਕਬੀਲੇ ਵੱਸਦੇ ਹਨ। ਜ਼ਰ ਜੋਰੂ ਜ਼ਮੀਨ ਦੀ ਮਲਕੀਅਤ ਦੀ ਖ਼ਾਤਰ ਇਹਨਾਂ ਕਬੀਲਿਆਂ ਦੇ ਪਰਸਪਰ ਵੈਰ-ਵਿਰੋਧ ਬਹੁਤ ਸਨ। ਇਹੀ ਇਲਾਕਾ ਸੀ ਵਾਮ ਮਾਰਗ ਦਾ ਗੜ੍ਹ, ਤੇ ਇਥੇ ਹੀ ਸੀ ਗੁਆਂਢੀ ਕਬੀਲਿਆਂ ਦੇ ਬੰਦਿਆਂ ਦਾ ਸ਼ਿਕਾਰ ਖੇਡ

---

☛ ਗਰੁੜ ਪੁਰਾਣ ਵਿਚ ਜ਼ਿਕਰ ਆਉਂਦਾ ਹੈ ਕਿ ਬ੍ਰਹਮਾ ਦੇ ਸੱਜੇ ਅੰਗੂਠੇ ਵਿਚੋਂ ਪ੍ਰਜਾਪਤੀ ਦੇਵਤਾ ਦਖਸ਼ ਪੈਦਾ ਹੋਇਆ ਸੀ ਅਤੇ ਖੱਬੇ ਅੰਗੂਠੇ ਵਿਚੋਂ ਦਖਸ਼ ਦੀ ਇਸਤ੍ਰੀ ਜੰਮੀ ਸੀ। ਦਖਸ਼ ਸੰਸਾਰ-ਰਚਨਾ ਦਾ ਬੜਾ ਸਹਾਇਕ ਸੀ। ਇਸ ਨੇ ਬਹੁਤ ਕੁੜੀਆਂ ਪੈਦਾ ਕੀਤੀਆਂ, ਜਿਨ੍ਹਾਂ ਵਿਚੋਂ ਦਸ ਧਰਮਰਾਜ ਨੂੰ, ਤੇਰ੍ਹਾਂ ਕਸ਼ਯਪ ਨੂੰ, ਸਤਾਈ ਚੰਦਰਮਾ ਨੂੰ ਅਤੇ ਇਕ (ਸਤੀ) ਸ਼ਿਵ ਨੂੰ ਵਿਆਹੀ ਸੀ।

ਦੇਵੀ ਭਾਗਵਤ ਅਤੇ ਕਾਲਿਕਾ ਪੁਰਾਣ ਵਿਚ ਕਥਾ ਹੈ ਕਿ ਇਕ ਵਾਰੀ ਦਖਸ਼ ਨੇ ਇਕ ਜੱਗ ਕੀਤਾ, ਜਿਸ ਵਿਚ ਸਤੀ ਭੀ ਗਈ ਸੀ। ਦਖਸ਼ ਨੇ ਆਪਣੇ ਜਵਾਈ ਸ਼ਿਵ ਜੀ ਨੂੰ ਜੱਗ ਤੇ ਨਾ ਸੱਦਿਆ। ਸਤੀ ਨੇ ਪਿਤਾ ਦੇ ਜੱਗ ਵਿਚ ਆਪਣੇ ਪਤੀ ਮਹਾਂਦੇਵ ਦੀ ਨਿਰਾਦਰੀ ਵੇਖ ਕੇ ਜੱਗ-ਕੁੰਡ ਵਿਚ ਡਿੱਗ ਕੇ ਆਪਣੇ ਪ੍ਰਾਣ ਤਿਆਗ ਦਿੱਤੇ। ਸ਼ਿਵ ਜੀ ਨੇ ਆ ਕੇ ਦਖਸ਼ ਦਾ ਜੱਗ ਨਸ਼ਟ ਕਰ ਦਿਤਾ, ਅਤੇ ਮੋਹ ਦੇ ਵੱਸ ਹੋ ਕੇ ਸਤੀ ਦੀ ਲੋਥ ਨੂੰ ਅਗਨਿ ਕੁੰਡ ਵਿਚੋਂ ਕੱਢ ਕੇ ਮੋਢੇ ਉਤੇ ਰੱਖ ਲਿਆ। ਇਸ ਦਸ਼ਾ ਵਿਚ ਸ਼ਿਵ ਦਿਨ ਰਾਤ ਫਿਰਨ ਲੱਗ ਪਿਆ। ਵਿਸ਼ਨੂੰ ਨੇ ਸਤੀ ਦੀ ਲੋਥ ਦਾ ਇਹ ਹਾਲ ਵੇਖ ਕੇ ਸੁਦਰਸ਼ਨ ਚੱਕਰ ਨਾਲ ਲੋਥ ਦੇ ਅੰਗ ਟੋਟੇ-ਟੋਟੇ ਕਰ ਦਿੱਤੇ। ਜਿਸ ਜਿਸ ਥਾਂ ਸਤੀ ਦੇ ਅੰਗ ਡਿਗੇ, ਉਹ ਪਵਿੱਤਰ ਤੀਰਥ ਮੰਨੇ ਗਏ। ਜੀਭ ਵਾਲਾ ਅਸਥਾਨ ਜ੍ਵਾਲਾਮੁਖੀ ਬਣ ਗਿਆ, ਨੇਤਰਾਂ ਵਾਲਾ ਥਾਂ ਨੈਣਾਂ ਦੇਵੀ ਬਣਿਆ। ਤੰਤ੍ਰ ਚੂੜਾਮਣੀ ਵਿਚ ਲਿਖਿਆ ਹੋਇਆ ਹੈ ਕਿ ਸਤੀ ਦੇ ਅੰਗ ੫੧ ਥਾਵਾਂ ਤੇ ਡਿਗੇ ਸਨ। ਉਹ ਸਾਰੇ ਅਸਥਾਨ 'ਦੇਵੀ ਪੀਠ' ਕਹੇ ਜਾਂਦੇ ਹਨ। ਗੋਹਾਟੀ ਵਾਲਾ ਅਸਥਾਨ 'ਯੋਨਿਪੀਠ' ਅਖਵਾਉਂਦਾ ਹੈ, ਉਥੇ ਸਤੀ ਦੇ ਗੁਪਤ ਅੰਗ ਦੀ ਪੂਜਾ ਕੀਤੀ ਜਾਂਦੀ ਹੈ।

'ਯੋਨਿਪੀਠ' ਦੀ ਪੂਜਾ ਕਰਨ ਵਾਲੇ ਲੋਕ ਵਾਮ-ਮਾਰਗੀ ਅਖਵਾਂਦੇ ਹਨ। ਵਾਮ-ਮਾਰਗ ਤੰਤ੍ਰ ਸ਼ਾਸਤ੍ਰ ਦੀ ਰੀਤ ਅਨੁਸਾਰ ਸ਼ਿਵ-ਉਪਾਸ਼ਕ ਲੋਕਾਂ ਦਾ ਚਲਾਇਆ ਹੋਇਆ ਇਕ ਪੰਥ ਹੈ। ਇਸ ਵਿਚ ਮਦਿਰਾ, ਮਾਸ, ਮੈਥੁਨ, ਮਾਇਆ ਅਤੇ ਮੁਦ੍ਰਾ ਦਾ ਵਰਤਣਾ ਧਰਮ ਦਾ ਜ਼ਰੂਰੀ ਅੰਗ ਹੈ। (ਭੁੱਜੇ ਹੋਏ ਚਿੜਵੇ, ਛੋਲੇ ਅਤੇ ਕਣਕ ਦਾ ਬੇਰੜਾ 'ਮੁਦ੍ਰਾ' ਅਖਵਾਂਦਾ ਹੈ)।

ਤੰਤ੍ਰ ਸ਼ਾਸਤ੍ਰਾਂ ਵਿਚ ਸ਼ਿਵ ਦੀ ਇਕ ਅਜਿਹੀ ਮੂਰਤੀ ਮੰਨੀ ਗਈ ਹੈ ਜਿਸ ਦਾ ਸੱਜਾ (ਦਖਿਸ਼ਣ) ਪਾਸਾ ਨਰ ਦਾ ਹੈ ਅਤੇ ਖੱਬਾ (ਵਾਮ) ਪਾਸਾ ਨਾਰੀ ਦਾ ਹੈ। ਜੋ ਸੱਜੇ ਪਾਸੇ ਦੇ ਪੁਜਾਰੀ ਹਨ ਉਹ ਦਖਿਸ਼ਣ-ਮਾਰਗੀ ਹਨ, ਅਤੇ ਜੋ ਖੱਬੇ ਪਾਸੇ ਦੇ ਪੁਜਾਰੀ ਹਨ, ਉਹ ਵਾਮ-ਮਾਰਗੀ ਅਖਵਾਂਦੇ ਹਨ।

ਆਮ ਜਨਤਾ ਵਿਚ ਇਹਨਾਂ ਦੇ ਮਦਿਰਾ ਮੈਥੁਨ ਆਦਿਕ ਧਰਮ-ਅੰਗਾਂ ਨੂੰ ਘ੍ਰਿਣਾ ਦੀ ਨਜ਼ਰ ਨਾਲ ਵੇਖਿਆ ਜਾਣਾ ਇਕ ਕੁਦਰਤੀ ਗੱਲ ਹੈ। ਸੋ ਆਪਣੇ ਇਹਨਾਂ ਗਿਰੇ ਹੋਏ ਕਰਮਾਂ ਨੂੰ ਲੋਕਾਂ ਤੋਂ ਲੁਕਾਣ ਦੀ ਖ਼ਾਤਰ ਇਹਨਾਂ ਨੇ ਸੰਕੇਤ ਬਣਾ ਲਏ ਹੋਏ ਹਨ, ☛



WWW.SIKHBOOKCLUB.COM 

ਕੇ ਫ਼ਖ਼ਰ ਕਰਨ ਦਾ ਰਿਵਾਜ। ਇਸ ਅੱਤ ਦਰਜੇ ਦੀ ਨੀਵੀਂ ਮਨੁੱਖਤਾ ਵੱਲੋਂ ਸਤਿਗੁਰੂ ਨਾਨਕ ਦੇਵ ਜੀ ਬੇ-ਪਰਵਾਹੀ ਨਹੀਂ ਕਰ ਸਕਦੇ ਸਨ। ਗਿਰਾਵਟ ਦੇ ਅੱਤ ਡੂੰਘੇ ਟੋਏ ਵਿਚ ਪਏ ਉਹਨਾਂ ਲੋਕਾਂ ਨੂੰ ਮਨੁੱਖਾ ਜੀਵਨ ਦੀ ਕਦਰ ਸਿਖਾਣ ਲਈ ਸਤਿਗੁਰੂ ਜੀ ਨੇ ਗਇਆ ਤੋਂ ਗੋਹਾਟੀ ਦਾ ਰੁਖ ਕੀਤਾ। ਸੰਨ ੧੫੦੯ ਦਾ ਅਪ੍ਰੈਲ ਮਹੀਨਾ ਸੀ।

---

☛ ਜਿਵੇਂ ਕਿ:

ਮਾਸ ਦੇ ਥਾਂ ਸ਼ੁੱਧ, ਮਦਿਰਾ ਦੇ ਥਾਂ ਤੀਰਥ, ਸ਼ਰਾਬ ਦਾ ਪਿਆਲਾ ਦੇ ਥਾਂ ਪਦਮ, ਗੰਢਾ ਦੇ ਥਾਂ ਵਿਆਸ, ਲਸਣ ਦੇ ਥਾਂ ਸੁਕਦੇਵ, ਕਲਾਲ ਦੇ ਥਾਂ ਦੀਖਿਸ਼ਤ, ਵੇਸੁਆ-ਗਾਮੀ ਦੇ ਥਾਂ ਪ੍ਰਯਾਗਸੇਵੀ, ਵਿਭਚਾਰੀ ਦੇ ਥਾਂ ਜੋਗੀ ਇਤਿਆਦਿਕ।

ਇਹ ਲੋਕ ਆਪਣੇ ਸਾਥੀ-ਬਰਧਾਲੂਆਂ ਨੂੰ ਇਥੋਂ ਤਕ ਗ਼ਿਰਾਵਟ ਵੱਲ ਲੈ ਗਏ ਹਨ ਕਿ ਨਿਰਵਾਣ ਅਵਸਥਾ (ਮੁਕਤੀ) ਦੀ ਪ੍ਰਾਪਤੀ ਵਾਸਤੇ ਇਹਨਾਂ ਨੇ ਸ਼ਰਾਬ, ਮਾਸ, ਮੱਛੀ, ਮੁੱਦ੍ਰਾ ਅਤੇ ਮੈਥੁਨ ਇਹੀ ਪੰਜ ਸਾਧਨ ਦੱਸੇ ਹਨ। ਤੰਤ੍ਰ ਸ਼ਾਸਤ੍ਰ ਵਿਚ ਲਿਖਿਆ ਹੈ –

ਮਦ੍ਯੰ ਮਾਸੰ ਤਥਾ ਮਤ੍ਸ੍ਯੋ, ਮੁੱਦ੍ਰਾ ਮੈਥੁਨਮੇਵ ਚ ॥
ਪੰਚ ਤੱਤ੍ਵ ਮਿਦੰ ਪ੍ਰੋਕ੍ਤੰ, ਦੇਵਿ! ਨਿਰਵਾਣ ਹੇਤਵੇ ॥
मद्यं मासं तथा मत्स्यो; मुद्रा मैथुनमेव च ॥
पन्च तत्त्व मिदं प्रोक्तं, देवि! निर्वाण हेतवे ॥

ਵਾਮ-ਮਾਰਗੀਆਂ ਵਿਚ ਇਕ ਆਦਮੀ ਕੀਨਾਰਾਮ ਹੋਇਆ ਹੈ। ਕੀਨਾਰਾਮ ਨੇ ਅਗਾਂਹ ਇਕ ਹੋਰ ਪੰਥ ਚਲਾ ਦਿਤਾ, ਜੋ ਗਿਰਾਵਟ ਵਿਚ ਵਾਮ-ਮਾਰਗ ਨਾਲੋਂ ਭੀ ਦੂਰ ਅਗਾਂਹ ਲੰਘ ਗਿਆ। ਇਸ ਪੰਥ ਨੂੰ ਅਘੋਰੀ ਪੰਥ ਆਖਦੇ ਹਨ। ਇਹ ਲੋਕ ਮਦਿਰਾ ਮਾਸ ਤੋਂ ਇਲਾਵਾ ਮਲ-ਮੂਤ੍ਰ ਦਾ ਖਾਣਾ-ਪੀਣਾ ਭੀ ਧਰਮ ਦਾ ਅੰਗ ਮੰਨਦੇ ਹਨ। ਅਘੋਰੀ ਲੋਕ ਮੁਰਦੇ ਦੀ ਖੋਪਰੀ ਵਿਚ ਖਾਣ-ਪੀਣ ਨੂੰ ਬੜਾ ਪਵਿੱਤਰ ਖ਼ਿਆਲ ਕਰਦੇ ਹਨ।

ਧਰਮ ਦੀ ਓਟ ਲੈ ਕੇ ਮਨੁੱਖਤਾ ਗਿਰਾਵਟ ਦੇ ਧੁਰ ਹੇਠਲੇ ਪਾਤਾਲ ਵਿਚ ਅੱਪੜ ਗਈ। ਇਸ ਗਿਰਾਵਟ ਦਾ ਪਰਚਾਰ ਕਰਨ ਵਾਲਾ ਕੇਂਦਰੀ ਮੰਦਰ ਤਾਂ ਆਸਾਮ ਦੇ ਨਗਰ ਗੋਹਾਟੀ ਦੇ ਪਾਸ ਸੀ, ਪਰ ਇਸ ਦੇ ਪਰਚਾਰ ਦਾ ਅਸਰ ਆਸਾਮ ਤੋਂ ਬਾਹਰ ਭੀ ਬਿਹਾਰ, ਬੰਗਾਲ, ਉੜੀਸਾ ਪ੍ਰਾਂਤ ਵਿਚ ਪਹੁੰਚਿਆ ਹੋਇਆ ਸੀ। ਇਹਨਾਂ ਪ੍ਰਾਂਤਾਂ ਦੇ ਅਨੇਕਾਂ ਸ਼ਹਿਰਾਂ ਵਿਚ 'ਯੋਨਿਪੀਠ' ਮੰਦਰ ਬਣੇ ਹੋਏ ਸਨ, ਜਿਥੇ 'ਯੋਨਿ' ਦੀ ਪੂਜਾ ਖੁਲ੍ਹਮ-ਖੁਲ੍ਹਾ ਹੁੰਦੀ ਸੀ।

ਜਿਥੇ ਮਨੁੱਖ ਦਾ ਨਿੱਜੀ ਆਚਰਨ ਇਤਨਾ ਨੀਵਾਂ ਹੋ ਜਾਏ, ਅੱਤ ਨੀਵੇਂ ਕਰਮ ਭੀ ਧਰਮ ਦਾ ਅੰਗ ਹੀ ਸਮਝੇ ਜਾਣ, ਉਥੇ ਮਨੁੱਖ ਦੀ ਜ਼ਿੰਦਗੀ ਦੀ ਕੀਮਤ-ਕਦਰ ਭੀ ਮੁੱਕ ਜਾਂਦੀ ਹੈ। ਮਨੁੱਖ ਨੂੰ ਜਾਨੋਂ ਮਾਰਨਾ ਇਤਨਾ ਹੀ ਸਧਾਰਨ ਕੰਮ ਸਮਝਿਆ ਜਾਂਦਾ ਹੈ, ਜਿਤਨਾ ਇਕ ਕੀੜੀ ਨੂੰ ਪੈਰਾਂ ਹੇਠ ਲਤਾੜ ਦੇਣਾ। ਸਗੋਂ ਮਨੁੱਖ ਨੂੰ ਮਾਰਨ ਵਿਚ ਫ਼ਖ਼ਰ ਮੰਨਿਆ ਜਾਂਦਾ ਹੈ। ਪਹਾੜਾਂ ਦੇ ਪੈਰਾਂ ਹੇਠ ਨਿੱਕੇ ਨਿੱਕੇ ਰਜਵਾੜੇ ਹੁੰਦੇ ਸਨ। ਰਾਜਿਆਂ ਨੇ ਮਲਕੀਅਤਾਂ ਵਧਾਣ ਦੀ ਖ਼ਾਤਰ ਆਂਢ-ਗੁਆਂਢ ਵੈਰ-ਵਿਰੋਧ ਬਣਾਏ ਹੋਏ ਹੁੰਦੇ ਸਨ। ਪਰਜਾ ਵਿਚ ਭੀ ਉਸੇ ਵੈਰ-ਵਿਰੋਧ ਦਾ ਪਰਚਾਰ ਕੀਤਾ ਹੁੰਦਾ ਸੀ, ਕਿਉਂਕਿ ☛



WWW.SIKHBOOKCLUB.COM 

ਗਇਆ ਤੋਂ ਜਗਨਨਨਾਥ ਪੁਰੀ ਚਾਰ ਕੁ ਸੌ ਮੀਲ ਹੈ। ਗੋਹਾਟੀ ਵੱਲੋਂ ਦੀ ਆਉਣ ਨਾਲ ਅੱਠ ਸੌ ਮੀਲ ਦੇ ਕਰੀਬ ਪੈਂਡਾ ਵਧੀਕ ਹੋ ਗਿਆ। ਪੈਂਡਾ ਭੀ ਬਿਖੜਾ, ਲੋਕ ਭੀ ਕਈ ਥਾਈਂ ਨਿਰਦਈ, ਮਾਣਸਖਾਣੇ ਅਤੇ ਅੱਤ ਦਰਜੇ ਦੇ ਗਿਰੇ ਆਚਰਨ ਵਾਲੇ।

## ਬੋਲੀਆਂ ਦੇ ਵਖੇਵੇਂ

ਪਾਠਕ ਇਥੇ ਇਕ ਹੋਰ ਜ਼ਰੂਰੀ ਗੱਲ ਚੇਤੇ ਰੱਖਣ। ਗੁਰੂ ਨਾਨਕ ਦੇਵ ਜੀ ਨੇ ਪੰਜਾਬ ਤੋਂ ਚੱਲ ਕੇ ਭਾਰਤ ਦੇ ਧੁਰ ਦੱਖਣ ਤਕ ਸਫ਼ਰ ਕੀਤਾ। ਧਾਰਮਿਕ ਭੁਲੇਖਿਆਂ ਦੇ ਕਾਰਨ ਜਿਥੇ ਜਿਥੇ ਜੋ ਜੋ ਕੁਰੀਤੀਆਂ ਸਨ, ਲੋਕਾਂ ਨੂੰ ਉਹਨਾਂ ਤੋਂ ਵਰਜਿਆ। ਪਰ ਭਾਰਤ ਦੇ ਵੱਖ-ਵੱਖ ਪ੍ਰਾਂਤਾਂ ਦੀਆਂ ਵੱਖ-ਵੱਖ ਬੋਲੀਆਂ ਹਨ। ਗੁਰੂ ਨਾਨਕ ਦੇਵ ਜੀ ਬੰਗਾਲ, ਆਸਾਮ, ਮਦਰਾਸ, ਬੰਬਈ ਆਦਿਕ ਪ੍ਰਾਂਤਾਂ ਵਿਚ ਜਾ ਕੇ ਉਹਨਾਂ ਲੋਕਾਂ ਨੂੰ ਕਿਵੇਂ ਆਪਣੇ ਖ਼ਿਆਲ ਦੱਸਦੇ ਸਨ ?

ਇਹ ਕੋਈ ਵੱਡੀ ਗੁੰਝਲ ਨਹੀਂ ਹੈ। ਇੱਕ ਤਾਂ ਸਾਰੇ ਭਾਰਤ ਵਿਚ ਵੱਖ-ਵੱਖ ਬੋਲੀਆਂ ਹੁੰਦਿਆਂ ਭੀ 'ਸੰਤ-ਭਾਖਾ' ਇਕ ਐਸੀ ਭਾਖਾ ਸੀ ਜੋ ਹਰੇਕ ਪ੍ਰਾਂਤ ਵਿਚ ਮਾੜੀ ਮੋਟੀ ਸਮਝੀ ਜਾ ਸਕਦੀ ਸੀ। ਹਿਮਾਲਾ ਪਰਬਤ ਤੇ ਰਹਿਣ ਵਾਲੇ ਗੋਰਖ ਆਦਿ ਪੰਜਾਬੀ ਜੋਗੀ ਸਾਰੇ ਭਾਰਤ ਵਿਚ ਭੀ ਚੱਕਰ ਲਾਂਦੇ ਰਹਿੰਦੇ ਸਨ, ਤੇ ਲੋਕਾਂ ਨੂੰ ਆਪਣੇ ਮੱਤ ਦੀਆਂ ਗੱਲਾਂ ਦੱਸਦੇ ਸਨ। ਇਹ ਸੰਤ-ਭਾਖਾ ਹੀ ਵਸੀਲਾ ਸੀ। ਦੂਜਾ, ਗੁਰੂ ਨਾਨਕ ਦੇਵ ਜੀ ਦੀ ਪਹਿਲੀ ਉਦਾਸੀ ਹਿੰਦੂ ਤੀਰਥਾਂ ਵੱਲ ਸੀ। ਪੁਰਬਾਂ, ਧਾਰਮਿਕ ਮੇਲਿਆਂ ਸਮੇ ਤੀਰਥਾਂ ਤੇ ਪਹੁੰਚਦੇ ਸਨ। ਦੋ ਦੋ ਢਾਈ ਢਾਈ ਤਿੰਨ ਤਿੰਨ ਮੀਲ ਹੀ ਰੋਜ਼ਾਨਾ ਪੈਂਡਾ ਕਰਦੇ ਸਨ। ਰਸਤੇ ਵਿਚ ਤਕਰੀਬਨ ਹਰੇਕ ਪਿੰਡ ਵਿਚ ਉਹਨਾਂ ਇਕ ਇਕ ਦਿਨ ਬਿਸ੍ਰਾਮ ਕੀਤਾ। ਜਦੋਂ ਕੀਰਤਨ ਦੇ ਖਿੱਚੇ ਲੋਕ ਉਹਨਾਂ ਪਾਸ ਪਹੁੰਚਦੇ ਸਨ, ਤਾਂ ਕੀਰਤਨ ਦੀ ਸਮਾਪਤੀ

---

☛ ਲੜਾਈਆਂ ਜਿੱਤਣ ਤੇ ਮਲਕੀਅਤਾਂ ਵਧਾਣ ਲਈ ਪਰਜਾ ਵਿਚੋਂ ਹੀ ਫ਼ੌਜ ਭਰਤੀ ਕਰਨੀ ਹੁੰਦੀ ਸੀ। ਇਸ ਵੈਰ-ਵਿਰੋਧ ਨੂੰ ਪਰਜਾ ਦੀਆਂ ਨਜ਼ਰਾਂ ਵਿਚ ਇਕ ਧਾਰਮਿਕ ਕੰਮ ਦੱਸਣ ਲਈ ਚੰਡੀ ਆਦਿਕ ਦੇਵੀ ਦੀਆਂ ਪੱਥਰ ਦੀਆਂ ਮੂਰਤੀਆਂ ਅਗੇ ਗੁਆਂਢੀ ਰਜਵਾੜਿਆਂ ਦੇ ਕਿਸੇ ਸਖ਼ੱਸ਼ ਫੜੇ ਬੰਦੇ ਬਲੀਦਾਨ ਕੀਤੇ ਜਾਂਦੇ ਸਨ। ਰਾਜਿਆਂ ਸਰਦਾਰਾਂ ਤੋਂ ਉਤਰ ਕੇ ਨਿੱਕੇ ਨਿੱਕੇ ਕਬੀਲਿਆਂ ਦੇ ਬਜ਼ੁਰਗਾਂ ਨੇ ਭੀ ਇਹੀ ਸ਼ੁਗਲ ਬਣਾਏ ਹੋਏ ਸਨ। ਪਰਦੇਸੀ ਬੰਦਿਆਂ ਦੇ ਸਿਰਾਂ ਦੇ ਸ਼ਿਕਾਰ ਕੀਤੇ ਜਾਂਦੇ ਸਨ। ਇਹ ਸ਼ਿਕਾਰ ਬਹਾਦਰੀ ਦਾ ਚਿੰਨ੍ਹ ਸਮਝਿਆ ਜਾਂਦਾ ਸੀ।



WWW.SIKHBOOKCLUB.COM 

ਤੇ ਉਹਨਾਂ ਦੇ ਸ਼ੱਕਾਂ ਦੇ ਪ੍ਰਸ਼ਨਾਂ ਦੇ ਉੱਤਰ ਦੇ ਦੇ ਕੇ ਉਹਨਾਂ ਨੂੰ ਜੀਵਨ ਦਾ ਸਹੀ ਰਸਤਾ ਦੱਸਦੇ ਸਨ।

ਬੋਲੀ ਅਚਨਚੇਤ ਤਾਂ ਕਿਤੇ ਬਦਲ ਹੀ ਨਹੀਂ ਜਾਂਦੀ। ਸਹਿਜੇ ਸਹਿਜੇ ਨਵੇਂ ਨਵੇਂ ਲਫ਼ਜ਼ ਜਿਉਂ ਜਿਉਂ ਸੁਣਨ ਦਾ ਅਵਸਰ ਬਣਦਾ ਗਿਆ, ਗੁਰੂ ਨਾਨਕ ਦੇਵ ਜੀ ਨੂੰ ਨਵੀਂ ਬੋਲੀ ਸਮਝਣ ਤੇ ਬੋਲਣ ਦਾ ਅਭਿਆਸ ਹੁੰਦਾ ਗਿਆ।

## ਵਾਮ-ਮਾਰਗੀਆਂ ਦਾ ਪੁਰਬ

ਸਧਾਰਨ ਸਭਯ ਜਨਤਾ ਦੇ ਦ੍ਰਿਸ਼ਟੀ-ਕੋਣ ਤੋਂ ਵਾਮ-ਮਾਰਗੀ ਲੋਕ ਭਾਵੇਂ ਆਚਰਨ ਦੇ ਅੱਤ ਨੀਵੇਂ ਦਰਜੇ ਤੇ ਹਨ, ਪਰ ਉਹ ਭੀ ਜੋ ਕੁਝ ਕਰਦੇ ਹਨ, ਆਪਣੇ ਮਿਥੇ ਹੋਏ ਧਰਮ ਦੀ ਓਟ ਵਿਚ ਹੀ ਕਰਦੇ ਹਨ। ਵਾਮ-ਮਾਰਗ ਅਨੁਸਾਰ ਉਹਨਾਂ ਲੋਕਾਂ ਦਾ ਸਭ ਤੋਂ ਸ੍ਰੇਸ਼ਟ ਦਿਹਾੜਾ ਕੱਤਕ ਦੀ ਮੱਸਿਆ (ਦੀਵਾਲੀ) ਹੁੰਦਾ ਹੈ, ਜਿਸ ਮੌਕੇ ਤੇ ਇਕੱਠੇ ਹੋ ਕੇ ਉਹ ਬੜਾ ਉਤਸ਼ਾਹ ਕਰਦੇ ਹਨ। ਗੋਹਾਟੀ ਦਾ 'ਯੋਨਿਪੀਠ' ਮੰਦਰ ਵਾਮ-ਮਾਰਗੀਆਂ ਦਾ ਕੇਂਦਰੀ ਅਸਥਾਨ ਸੀ। ਉਥੋਂ ਦੀ ਮਹਾਨਤਾ ਕੁਦਰਤੀ ਤੌਰ ਤੇ ਉਹਨਾਂ ਦੀਆਂ ਨਜ਼ਰਾਂ ਵਿਚ ਵੱਧ ਤੋਂ ਵੱਧ ਸੀ।

ਗੁਰੂ ਨਾਨਕ ਦੇਵ ਜੀ ਨੇ ਗਇਆ ਤੋਂ ਚਲ ਕੇ ਗੋਹਾਟੀ, ਦੀਵਾਲੀ ਦੇ ਮੌਕੇ ਤੇ ਪਹੁੰਚਣਾ ਸੀ। (ਚੇਤ ਸੁਦੀ ੭ ਸੰਮਤ ੧੫੬੬, ਪਹਿਲੀ ਵੈਸਾਖ) ੨੭ ਮਾਰਚ ਸੰਨ ੧੫੦੯ ਨੂੰ ਸਤਿਗੁਰੂ ਜੀ ਗਇਆ ਸਨ। ਉਸ ਸਾਲ ਕੱਤਕ ਦੀ ਮਸਿਆ ਅਕਤੂਬਰ ਦੀ ਤਕਰੀਬਨ ੨੩ ਤਰੀਕ ਨੂੰ ਸੀ। ਗਇਆ ਤੋਂ ਗੋਹਾਟੀ ਦਾ ਪੈਦਲ ਸਫ਼ਰ ਤਕਰੀਬਨ ਪੰਜ ਸੌ ਮੀਲ ਹੈ। ਲੋੜ ਅਨੁਸਾਰ ਕਈ ਵਲੇ ਮਾਰਨ ਦਾ ਪੈਂਡਾ ਰਲਾ ਕੇ ਛੇ ਕੁ ਸੌ ਮੀਲ ਦਾ ਪੰਧ ਸਮਝ ਲਵੋ, ਜੋ ਸਤਿਗੁਰੂ ਜੀ ਨੇ ਦੋ ਸੌ ਦਿਨਾਂ ਵਿਚ ਮੁਕਾਣਾ ਸੀ। ਰੋਜ਼ਾਨਾ ਤਿੰਨ ਕੁ ਮੀਲ ਪੈਂਡਾ ਬਣਦਾ ਸੀ।

ਬਿਹਾਰ ਦੇ ਨਗਰ ਪਟਨਾ, ਹਾਜੀਪੁਰ, ਮੂੰਗੇਰ, ਭਾਗਲਪੁਰ ਆਦਿ ਉੱਘੇ ਨਗਰਾਂ ਵਿਚੋਂ ਲੰਘ ਕੇ ਬੰਗਾਲ ਦੇ ਉੱਤਰੀ ਹਿੱਸੇ ਦੇ ਪਰਬਤੀਪੁਰ, ਰੰਗਪੁਰ, ਲਾਲ ਮਨੀਰ ਹਟ ਆਦਿਕ ਨਗਰਾਂ ਵਿਚ ਠਹਿਰਦੇ ਹੋਏ ਗੁਰੂ ਨਾਨਕ ਦੇਵ ਜੀ ਆਸਾਮ ਦੀ ਪੂਰਬੀ ਸਰਹੱਦ ਦੇ ਧੋਬਰੀ ਨਗਰ ਜਾ ਪਹੁੰਚੇ। ਪਟਨੇ ਤੋਂ ਧੋਬਰੀ ਵੱਲ ਜਿਉਂ ਜਿਉਂ ਵਧਦੇ ਗਏ, ਤਿਉਂ ਤਿਉਂ 'ਯੋਨਿਪੀਠ' ਦੀ ਪੂਜਾ ਅਤੇ ਮਦਿਰਾ



WWW.SIKHBOOKCLUB.COM 

ਮਾਸ ਆਦਿਕ ਦਾ ਸੇਵਨ ਵਧੀਕ ਨਜ਼ਰੀਂ ਪੈਂਦਾ ਗਿਆ। ਧੋਬਰੀ ਤੋਂ ਗੋਹਾਟੀ ਠੀਕ ਪੂਰਬ ਪਾਸੇ ਸਿਰਫ਼ ਇੱਕ ਸੌ ਦਸ ਮੀਲਾਂ ਦੇ ਕਰੀਬ ਹੈ। ਧੋਬਰੀ ਬ੍ਰਹਮਪੁਤ੍ਰ ਦਰਿਆ ਦੇ ਸੱਜੇ ਕੰਢੇ 'ਤੇ ਹੈ, ਅਤੇ ਗੁਹਾਟੀ ਖੱਬੇ ਕੰਢੇ ਉੱਤੇ। ਧੋਬਰੀ ਤੇ ਪਹੁੰਚ ਕੇ ਹੀ ਬ੍ਰਹਮਪੁਤ੍ਰ ਦਾ ਵਹਿਣ ਦੱਖਣ ਨੂੰ ਪਰਤਦਾ ਹੈ।

## ਨੀਵੇਂ ਆਚਰਨ ਵਿਰੁੱਧ ਪਰਚਾਰ

ਪਾਠਕ ਹੁਣ ਤਕ ਇਹ ਦ੍ਰਿੜ੍ਹ ਕਰ ਚੁਕੇ ਹਨ ਕਿ ਰੋਜ਼ਾਨਾ ਕਈ ਘੰਟਿਆਂ ਦਾ ਕੀਰਤਨ ਗੁਰੂ ਨਾਨਕ ਦੇਵ ਜੀ ਦੀ ਜ਼ਰੂਰੀ ਆਤਮਕ ਖ਼ੁਰਾਕ ਸੀ। ਜਿਸ ਜਿਸ ਪਿੰਡ ਸਤਿਗੁਰੂ ਜੀ ਪਹੁੰਚੇ, ਹਰ ਥਾਂ ਕੀਰਤਨ ਦਾ ਆਹਾਰ ਜਾਰੀ ਰੱਖਿਓ ਨੇ। ਰਾਗ ਦੇ ਖਿੱਚੇ ਆਏ ਲੋਕਾਂ ਨੂੰ ਫਿਰ ਕੀਰਤਨ[1] ਦੀ ਰਾਹੀਂ ਹੀ ਜੀਵਨ ਦਾ ਸਹੀ ਰਸਤਾ ਸਮਝਾਂਦੇ ਰਹੇ। ਜਿਸ ਜਿਸ ਇਲਾਕੇ ਦੇ ਲੋਕ ਜਿਸ ਜਿਸ ਜੀਵਨ-ਭੁਲੇਖੇ ਵਿਚ ਫਸੇ ਸਨ, ਉਥੇ ਉਥੇ ਉਹੀ ਭੁਲੇਖਾ ਦੂਰ ਕਰਨ ਲਈ ਸਤਿਗੁਰੂ ਜੀ ਉਸੇ ਕਿਸਮ ਦੇ ਸ਼ਬਦ ਦਾ ਕੀਰਤਨ ਕਰਦੇ ਸਨ।

ਬਿਹਾਰ, ਬੰਗਾਲ, ਆਸਾਮ, ਉੜੀਸਾ ਦੇ ਵਾਮ-ਮਾਰਗੀ ਮੰਦਰਾਂ ਵਿਚ ਮਦਿਰਾ ਮਾਸ ਮੈਥੁਨ ਦਾ ਪਰਚਾਰ ਸੀ। ਗੁਰੂ ਨਾਨਕ ਦੇਵ ਜੀ ਨੇ ਇਹਨਾਂ ਪ੍ਰਾਂਤਾਂ ਵਿਚ ਸ਼ੁੱਧ ਆਚਰਨ ਉਤੇ ਜ਼ੋਰ ਦਿਤਾ, ਮਦਿਰਾ ਮਾਸ ਤੋਂ ਵਰਜਿਆ, 'ਖਾਓ ਪੀਓ ਮੌਜਾਂ ਲੁਟੋ' ਵਾਲੀ ਅੱਤ ਗਿਰਾਵਟ-ਭਰੀ ਰੁਚੀ ਦੀ ਨਿਖੇਧੀ ਕੀਤੀ।

ਧੋਬੜੀ ਤੋਂ ਦੱਖਣ ਪਾਸੇ ਗਾਰੋ ਪਹਾੜੀਆਂ ਹਨ ਅਤੇ ਗੋਹਾਟੀ ਦੇ ਦੱਖਣ ਵੱਲ ਖਾਸੀ ਪਹਾੜੀਆਂ। ਇਹਨਾਂ ਦੇ ਕਾਰਨ ਧੋਬੜੀ ਜਾਂ ਗੋਹਾਟੀ ਤੋਂ ਸਿੱਧਾ ਦੱਖਣ ਨੂੰ ਆਉਣਾ ਬਹੁਤ ਹੀ ਕਠਿਨ ਹੈ। ਗੁਰੂ ਨਾਨਕ ਦੇਵ ਜੀ ਗੋਹਾਟੀ ਤੋਂ ਸਿਧੇ ਪੂਰਬ ਪਾਸੇ ਮਨੀਪੁਰ ਕੋਹੀਮਾ ਆਦਿਕ ਨਗਰਾਂ ਵਿਚੋਂ ਦੀ ਹੁੰਦੇ ਹੋਏ ਦੱਖਣ ਵੱਲ ਇਮਫਲ ਤਕ ਪਹੁੰਚੇ। ਇਥੋਂ ਪੱਛਮ ਦਾ ਰੁਖ਼ ਕਰ ਕੇ ਸਿਲਚਰ ਕਰੀਮਗੰਜ ਆਦਿਕ ਤੋਂ ਲੰਘਦੇ ਹੋਏ ਸਿਲਹਟ ਅਪੜੇ। ਸਿਲਹਟ ਇਮਫਲ ਤੋਂ ਇਕ ਸੌ ਚਾਲੀ ਕੁ ਮੀਲ ਠੀਕ ਪੱਛਮ ਪਾਸੇ ਸੁਰਮਾ ਨਦੀ ਦੇ ਸੱਜੇ ਕੰਢੇ ਉਤੇ ਹੈ। ਗੁਰੂ ਨਾਨਕ ਦੇਵ ਜੀ ਦੇ ਆਗਮਨ ਦੀ ਯਾਦ ਵਿਚ ਉਥੇ ਗੁਰਦੁਆਰਾ ਮੌਜੂਦ ਹੈ।

---

੧. ਕੀਰਤਨ ਦੀ ਸਾਈਕਾਲੌਜੀ (ਮਨੋ-ਵਿਗਿਆਨ) ਨੂੰ ਸਮਝਣ ਲਈ ਮੇਰੀ ਕਿਤਾਬ *'ਬੁਰਾਈ ਦਾ ਟਾਕਰਾ'* ਵਿਚ 'ਕੀਰਤਨ' ਵਾਲਾ ਲੇਖ ਪੜ੍ਹੋ।

## ਬੰਗਾਲ ਪ੍ਰਾਂਤ ਵਿਚ

ਸ਼ਿਵ ਜੀ ਦੀ ਇਸਤ੍ਰੀ ਦੇ ਕਈ ਨਾਮ ਹਨ—ਉਮਾ, ਸ਼ਿਵਾ, ਪਾਰਬਤੀ, ਸਤੀ, ਦੁਰਗਾ, ਕਾਲੀ। ਵੱਖ ਵੱਖ ਗੁਣਾਂ ਦੇ ਅਧਾਰ ਤੇ ਇਹ ਵੱਖ ਵੱਖ ਨਾਮ ਹਨ। ਹਿਮਾਲਾ ਪਰਬਤ ਦੀ ਧੀ, ਪਾਰਬਤੀ। ਰੁਰੂ ਦੇ ਪੁੱਤਰ ਦੁਰਗ ਦੈਂਤ ਨੂੰ ਮਾਰਨ ਵਾਲੀ, ਦੁਰਗਾ ਇਤਿਆਦਿਕ।

ਬੰਗਾਲ ਵਿਚ ਵਾਮ-ਮਾਰਗੀਆਂ ਦਾ ਬਹੁਤਾ ਪ੍ਰਭਾਵ ਨਹੀਂ ਸੀ। ਇਸ ਪ੍ਰਾਂਤ ਵਿਚ ਲੋਕ ਜ਼ਿਆਦਾ-ਤਰ ਦੁਰਗਾ ਦੇ ਪੁਜਾਰੀ ਸਨ। ਦੁਰਗਾ-ਪੂਜਾ ਦਾ ਕੇਂਦਰੀ ਮੰਦਰ ਹੁਣ ਕਲਕੱਤੇ ਵਿਚ ਹੈ।

ਆਸਾਮ ਤੋਂ ਸਤਿਗੁਰੂ ਨਾਨਕ ਦੇਵ ਜੀ ਨੇ ਬੰਗਾਲ ਦਾ ਰੁਖ਼ ਕੀਤਾ। ਬੰਗਾਲ ਦੇ ਪੂਰਬੀ ਹਿੱਸੇ ਵਿਚ ਢਾਕਾ ਇਕ ਬੜਾ ਪਰਸਿੱਧ ਸ਼ਹਿਰ ਹੈ। ਅੰਗਰੇਜ਼ੀ ਰਾਜ ਤੋਂ ਪਹਿਲਾਂ ਢਾਕੇ ਦੀ ਮਲਮਲ ਅਤੇ ਹੋਰ ਬਰੀਕ ਕੱਪੜੇ ਬੜੇ ਮਸ਼ਹੂਰ ਸਨ। ਢਾਕਾ ਬੁੱਢੀ ਗੰਗਾ ਦੇ ਖੱਬੇ ਕੰਢੇ ਉਤੇ ਵੱਸਦਾ ਹੈ। ਇਹ ਸ਼ਹਿਰ ਸਿਲਹਟ ਤੋਂ ਸਵਾ ਕੁ ਸੌ ਮੀਲ ਦੱਖਣ-ਪੱਛਮ ਪਾਸੇ ਅਤੇ ਕਲਕੱਤੇ ਤੋਂ ਡੇਢ ਕੁ ਸੌ ਮੀਲ ਉੱਤਰ-ਪੂਰਬ ਵੱਲ ਹੈ। ਢਾਕੇ ਵਿਚ ਢਾਕੇਸ਼੍ਵਰੀ ਦੁਰਗਾ ਦਾ ਮੰਦਰ ਪਰਸਿੱਧ ਹੈ। ਢਾਕੇਸ਼੍ਵਰੀ ਦਾ ਅਰਥ ਹੈ ਢਾਕੇ ਦੀ ਰਾਖੀ ਕਰਨ ਵਾਲੀ। ਸਿਲਹਟ ਤੋਂ ਗੌਰੀਪੁਰ ਦੇ ਰਸਤੇ ਗੁਰੂ ਨਾਨਕ ਦੇਵ ਜੀ ਢਾਕੇ ਪਹੁੰਚੇ। ਉਥੇ ਉਹਨਾਂ ਦੇ ਆਗਮਨ ਦੀ ਯਾਦ ਕਰਾਂਦਾ ਗੁਰਦੁਆਰਾ 'ਚਰਨਪਾਦੁਕਾ' ਨਾਮ ਤੇ ਪਰਸਿੱਧ ਹੈ।

## ਭਗਤ ਜੈਦੇਵ ਜੀ

ਜੈਦੇਵ ਜੀ ਜਾਤ ਦੇ ਬ੍ਰਾਹਮਣ ਸਨ। ਇਹਨਾਂ ਦਾ ਪਿਤਾ ਭੋਜਦੇਵ ਕਨੌਜ ਦਾ ਰਹਿਣ ਵਾਲਾ ਸੀ। ਇਹ ਸ਼ਹਿਰ ਕਾਨ੍ਹਪੁਰ ਤੋਂ ਉੱਤਰ-ਪੱਛਮ ਪਾਸੇ ੪੫ ਕੁ ਮੀਲਾਂ ਦੀ ਵਿੱਥ 'ਤੇ ਛੋਟੀ ਲਾਈਨ ਦਾ ਸਟੇਸ਼ਨ ਹੈ। ਜੈਦੇਵ ਜੀ ਦਾ ਜਨਮ ਬੰਗਾਲ ਦੇ ਜ਼ਿਲਾ ਬੀਰਭੂਮ ਦੇ ਨਗਰ ਕੇਂਦੂਲੀ ਵਿਚ ਹੋਇਆ ਸੀ। ਇਹ ਪਹਿਲਾਂ ਕ੍ਰਿਸ਼ਨ ਜੀ ਦੇ ਉਪਾਸ਼ਕ ਸਨ, ਸੰਸਕ੍ਰਿਤ ਅਤੇ ਪ੍ਰਾਕ੍ਰਿਤ ਦੇ ਪਰਸਿੱਧ ਵਿਦਵਾਨ। ਇਹਨਾਂ ਦੀ ਰਚੀ ਹੋਈ ਪੁਸਤਕ 'ਗੀਤ ਗੋਬਿੰਦ' ਬੜੀ ਹੀ ਮਨੋਹਰ ਹੈ। ਜੈਦੇਵ ਜੀ ਰਾਗ ਵਿਦਿਆ ਦੇ ਭੀ ਬਹੁਤ ਪ੍ਰੇਮੀ ਸਨ। ਆਪਣੀ ਇਸਤ੍ਰੀ ਪਦਮਾਵਤੀ ਨਾਲ ਮਿਲ ਕੇ ਬੜੀ ਮਿੱਠੀ ਸੁਰ ਵਿਚ ਆਪਣੇ ਰਚੇ ਪਦੇ ਗਾਇਆ ਕਰਦੇ ਸਨ।



WWW.SIKHBOOKCLUB.COM 

ਤਤ੍ਵ-ਵੇਤਾ ਸਾਧੂਆਂ ਦੀ ਸੰਗਤ ਦੀ ਬਰਕਤ ਨਾਲ ਜੈਦੇਵ ਜੀ ਪਰਮਾਤਮਾ ਦੇ ਅਨੰਨ ਭਗਤ ਬਣ ਗਏ। ਫਿਰ ਇਹ ਸਾਰੀ ਉਮਰ ਇਹ ਪਰਚਾਰ ਕਰਦੇ ਰਹੇ ਕਿ ਜੋਗ, ਜੱਗ, ਦਾਨ, ਤਪ ਆਦਿਕ ਮਨੁੱਖਾ ਜਨਮ ਨੂੰ ਉੱਚਾ ਨਹੀਂ ਕਰ ਸਕਦੇ। ਇਕ ਪਰਮਾਤਮਾ ਦਾ ਭਜਨ ਹੀ ਹੈ ਜੋ ਮਨੁੱਖ ਨੂੰ ਵਿਕਾਰਾਂ ਤੋਂ ਬਚਾ ਸਕਦਾ ਹੈ। ਇਹ ਬੰਗਾਲ ਵਿਚ ਬੜੇ ਪਰਸਿੱਧ ਭਗਤ ਹੋਏ ਹਨ।

ਜੈਦੇਵ ਜੀ ਨੇ ਆਪਣੀ ਉਮਰ ਦਾ ਬਹੁਤਾ ਹਿੱਸਾ ਬੰਗਾਲ ਦੇ ਰਾਜੇ ਬੱਲਾਲ ਸੇਨ ਦੇ ਪੁੱਤਰ ਰਾਜਾ ਲਖਸ਼ਮਣ ਸੇਨ ਦੇ ਪਾਸ ਹੀ ਰਹਿ ਕੇ ਗੁਜ਼ਾਰਿਆ ਸੀ। ਲਖਸ਼ਮਣ ਸੇਨ ਦੀ ਰਾਜਧਾਨੀ ਨਦੀਆ ਸ਼ਹਿਰ ਸੀ। ਨਦੀਆ ਪੱਛਮ ਬੰਗਾਲ ਦਾ ਇਕ ਜ਼ਿਲਾ ਹੈ, ਇਸ ਦਾ ਕੁਝ ਹਿੱਸਾ ਪੂਰਬੀ ਬੰਗਾਲ ਵਿਚ ਚਲਾ ਗਿਆ ਹੈ। ਇਹ ਸ਼ਹਿਰ ਬਰਦਵਾਨ ਤੋਂ ਪੂਰਬ ਪਾਸੇ (ਰਤਾ ਕੁ ਉੱਤਰ ਰੁਖ਼) ੩੫ ਕੁ ਮੀਲਾਂ ਦੀ ਵਿੱਥ ਤੇ ਹੈ। ਢਾਕੇ ਤੋਂ ੧੩੦ ਕੁ ਮੀਲ ਪੱਛਮ ਵੱਲ।

ਜੈਦੇਵ ਜੀ ਦੇ ਦੋ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ, ਇਕ ਗੂਜਰੀ ਰਾਗ ਵਿਚ ਅਤੇ ਦੂਜਾ ਮਾਰੂ ਵਿਚ। ਇਹ ਦੋਵੇਂ ਸ਼ਬਦ ਹਿੰਦੀ ਅਤੇ ਪ੍ਰਾਕ੍ਰਿਤ ਦੇ ਮਿਲਵੇਂ ਹਨ।

ਢਾਕੇ ਤੋਂ ਗੁਰੂ ਨਾਨਕ ਦੇਵ ਜੀ ਨੇ ਫ਼ਰੀਦਪੁਰ ਨਦੀਆ ਆਦਿਕ ਦੇ ਰਸਤੇ ਜਗਨਨਾਥ ਪੁਰੀ ਦਾ ਰੁਖ ਕੀਤਾ। ਨਦੀਆ ਤੋਂ ਸਤਿਗੁਰੂ ਜੀ ਨੇ ਜੈਦੇਵ ਜੀ ਦੇ ਦੋਵੇਂ ਸ਼ਬਦ ਲੈ ਲਏ।

### ਬੰਗਾਲ ਵਿਚੋਂ ਦੀ

ਬੰਗਾਲ ਦੇ ਹਿੰਦੂਆਂ ਵਿਚ ਦੁਰਗਾ ਦੀ ਪੂਜਾ ਬਹੁਤ ਪਰਧਾਨ ਸੀ। ਹਿੰਦੂ ਲੋਕ ਦੁਰਗਾ ਨੂੰ ਮਹਿਖਾਸੁਰ ਦੈਂਤ ਦੇ ਮਾਰਨ ਵਾਲੀ ਮੰਨਦੇ ਹਨ। ਮਹਿਖ ਸੰਸਕ੍ਰਿਤ ਲਫ਼ਜ਼ ਹੈ, ਇਸ ਦਾ ਅਰਥ ਹੈ ਝੋਟਾ, ਮੰਝਾ। ਅਸੁਰ ਦਾ ਅਰਥ ਹੈ ਦੈਂਤ[੧]।

---

੧. ਪੁਰਾਣਾਂ ਦੀ ਕਥਾ ਅਨੁਸਾਰ ਮਹਿਖਾਸੁਰ ਰੰਭ ਦੈਂਤ ਦਾ ਪੁੱਤਰ ਸੀ, ਮਹਿਖੀ (ਮੱਝ) ਦੇ ਪੇਟੋਂ ਪੈਦਾ ਹੋਇਆ ਸੀ। ਇਸ ਨੂੰ ਦੁਰਗਾ ਨੇ ਮਾਰਿਆ ਸੀ। ਇਸ ਵਾਸਤੇ ਦੁਰਗਾ ਨੂੰ 'ਮਹਿਖਾਸੁਰ ਮਰਦਨਿ' ਆਖਿਆ ਜਾਂਦਾ ਹੈ। ਪਾਰਬਤੀ, ਉਮਾ, ਸ਼ਿਵਾ, ਕਾਲੀ ਆਦਿਕ ਦੁਰਗਾ ਦੇ ਹੀ ਨਾਮ ਹਨ। ਕਲਕੱਤੇ ਦੇ ਕੇਂਦਰੀ ਮੰਦਰ ਨੂੰ ਕਾਲੀ ਦਾ ਮੰਦਰ ਆਖਦੇ ਹਨ। ਉਥੇ ਝੋਟੇ (ਮਹਿਖ) ਦਾ ਬਲੀਦਾਨ ਦਿੱਤਾ ਜਾਂਦਾ ਹੈ। ਦੁਰਗਾ ਦੇ ਪੁਜਾਰੀ ਲੋਕਾਂ☚

ਗੁਰੂ ਨਾਨਕ ਦੇਵ ਜੀ ਆਪਣੇ ਮਿਥੇ ਪ੍ਰੋਗਰਾਮ ਅਨੁਸਾਰ ਪਿੰਡ ਪਿੰਡ ਵਿਚ ਠਹਿਰ ਕੇ ਉਹਨਾਂ ਲੋਕਾਂ ਨੂੰ ਦੁਰਗਾ ਦੀ ਪੂਜਾ, ਝੋਟੇ ਦੇ ਬਲੀਦਾਨ ਆਦਿਕ ਵਲੋਂ ਵਰਜ ਕੇ ਪਰਮਾਤਮਾ ਦੀ ਭਗਤੀ ਵੱਲ ਜੋੜਨ ਦੇ ਜਤਨ ਕਰਦੇ ਰਹੇ। ਜੈਦੇਵ ਜੀ ਭੀ ਇਸ ਦੇ ਵਿਰੁੱਧ ਪਰਚਾਰ ਕਰਦੇ ਰਹੇ ਸਨ।

ਬੰਗਾਲੀ ਲੋਕ ਦੁਰਗਾ-ਪੂਜਾ ਦਾ ਦਿਹਾੜਾ ਬੜਾ ਪਵਿੱਤਰ ਮੰਨਦੇ ਹਨ। ਇਹ ਤਿਉਹਾਰ ਚੇਤ ਸੁਦੀ ਅਸ਼ਟਮੀ ਤੇ ਨੌਮੀ ਨੂੰ ਮਨਾਇਆ ਜਾਂਦਾ ਹੈ। (ਅਪ੍ਰੈਲ ਸੰਨ ੧੫੧੦ ਸੀ ਤਦੋਂ)।

ਕੱਤਕ ਦੀ ਮੱਸਿਆ ਨੂੰ ਗੁਰੂ ਨਾਨਕ ਦੇਵ ਜੀ ਆਸਾਮ ਦੇ ਨਗਰ ਗੋਹਾਟੀ ਵਿਚ ਸਨ, ਜਿਥੇ ਵਾਮ-ਮਾਰਗੀਏ ਸਤੀ ਦੀ 'ਯੋਨਿਪੀਠ' ਦੀ ਪੂਜਾ ਕਰਦੇ ਸਨ। ਈਸਵੀ ਸੰਨ ਅਨੁਸਾਰ ਤਦੋਂ ਤਕਰੀਬਨ ੨੩ ਅਕਤੂਬਰ ੧੫੦੯ ਸੀ। ਉਥੋਂ ਕੋਹੀਮਾ, ਮਨੀਪੁਰ, ਇਮਫਲ, ਸਿਲਹਟ ਆਦਿਕ ਦੇ ਰਸਤੇ ਆਸਾਮ ਪਾਰ ਕਰ ਕੇ ਸਤਿਗੁਰੂ ਜੀ ਬੰਗਾਲ ਪ੍ਰਾਂਤ ਵਿਚ ਪਹੁੰਚੇ। ਸਾਢੇ ਚਾਰ ਕੁ ਸੌ ਮੀਲਾਂ ਦਾ ਪੈਂਡਾ ਸੀ। ਇਤਨੇ ਨੂੰ ਬੰਗਾਲੀਆਂ ਦਾ ਦੁਰਗਾ-ਪੂਜਾ ਦਾ ਤਿਉਹਾਰ ਨੇੜੇ ਆ ਰਿਹਾ ਸੀ। ਬੰਗਾਲ ਦੇ ਪਿੰਡਾਂ ਵਿਚੋਂ ਦੀ ਲੰਘਦੇ ਹੋਏ ਪਿੰਡ ਪਿੰਡ ਵਿਚ ਅਤੇ ਨਦੀਆ, ਬਰਦਵਾਨ, ਬਾਲੇਸ਼ੂਰ, ਮੇਦਿਨੀਪੁਰ ਆਦਿਕ ਸ਼ਹਿਰਾਂ ਵਿਚ ਸਤਿਗੁਰੂ ਜੀ ਨੇ ਲੋਕਾਂ ਨੂੰ ਦੁਰਗਾ ਪੂਜਾ, ਝੋਟੇ ਦਾ ਬਲੀਦਾਨ ਆਦਿਕ ਵਲੋਂ ਵਰਜ ਕੇ ਇਕ ਪਰਮਾਤਮਾ ਦੀ ਬੰਦਗੀ ਅਤੇ ਖ਼ਲਕਤ ਦੀ ਸੇਵਾ ਵੱਲ ਪ੍ਰੇਰਿਆ। ਮੇਦਿਨੀਪੁਰ ਵਿਚ ਗੁਰੂ ਨਾਨਕ ਦੇਵ ਜੀ ਦਾ ਗੁਰਦੁਆਰਾ ਮੌਜੂਦ ਹੈ। ਇਹ ਸ਼ਹਿਰ ਅੱਜ-ਕੱਲ੍ਹ ਰੇਲ ਦਾ ਸਟੇਸ਼ਨ ਹੈ, ਖੜਗਪੁਰ ਦੇ ਨੇੜੇ, ਕਲਕੱਤੇ ਤੋਂ ਪੰਜਾਹ ਕੁ ਮੀਲ ਪੱਛਮ ਪਾਸੇ। ਮੇਦਿਨੀਪੁਰ ਸ਼ਹਿਰ ਤੋਂ ਢਾਈ ਕੁ ਮੀਲਾਂ ਦੀ ਵਿੱਥ ਤੇ ਭੱਦਰਕਾਲੀ ਦਾ ਮੰਦਰ ਹੈ। ਮੇਦਿਨੀਪੁਰ ਤੋਂ ਜਗਨਨਨਾਥ ਪੁਰੀ ਦੱਖਣ ਪੱਛਮ ਪਾਸੇ ਦੋ ਕੁ ਸੌ ਮੀਲਾਂ ਤੇ ਹੈ।

---

☛ ਦਾ ਮੁਖ-ਧਰਮ ਇਹੀ ਹੈ ਕਿ ਝੋਟੇ ਦੀ ਬਲੀ ਦੇ ਕੇ ਦੁਰਗਾ ਨੂੰ ਪਰਸੰਨ ਕੀਤਾ ਜਾਏ। ਲਹੂ ਦੀ ਪਿਆਸੀ ਦੇਵੀ ਦੇ ਪੂਜਕ ਭੀ ਸੁਭਾਵਿਕ ਤੌਰ ਤੇ ਨਿਰਦਈ ਬਣ ਜਾਂਦੇ ਹਨ। ਕੋਈ ਦਾਨ, ਕੋਈ ਤਪ, ਕੋਈ ਜੱਗ ਨਿਰਦਇਤਾ ਨੂੰ ਦੂਰ ਨਹੀਂ ਕਰ ਸਕਦਾ। ਇਨਸਾਨ ਦੇ ਅੰਦਰ ਇਹ ਇਕ ਅੱਤ ਮਾੜਾ ਐਬ ਹੈ, ਜੋ ਇਸ ਨੂੰ ਦੁਖੀਆਂ ਦਾ ਦਰਦੀ ਬਣਨ ਨਹੀਂ ਦੇਂਦਾ।



WWW.SIKHBOOKCLUB.COM 

# ਜਗਨਨਾਥ ਪੁਰੀ

## (੧) ਆਰਤੀ

ਆਸਾਮ, ਬੰਗਾਲ, ਉੜੀਸਾ ਪ੍ਰਾਂਤ ਵਿਚੋਂ ਦੀ ਲੰਘ ਕੇ ਗੁਰੂ ਨਾਨਕ ਦੇਵ ਜੀ ਭਾਈ ਮਰਦਾਨੇ ਸਮੇਤ ਜੂਨ ਸੰਨ ੧੫੧੦ ਵਿਚ ਜਗਨਨਾਥ ਪੁਰੀ[1] ਪਹੁੰਚੇ।

---

੧. ਪੁਰੀ ਉੜੀਸਾ ਪ੍ਰਾਂਤ ਦੇ ਜ਼ਿਲਾ ਕਟਕ ਵਿਚ ਸਮੁੰਦਰ ਦੇ ਕੰਢੇ ਇਕ ਪੁਰਾਣਾ ਨਗਰ ਹੈ। ਹੁਣ ਇਹ ਬੰਗਾਲ-ਨਾਗਪੁਰ ਰੇਲਵੇ ਲਾਈਨ ਉਤੇ ਰੇਲ ਦਾ ਸਟੇਸ਼ਨ ਹੈ। ਕਲਕੱਤੇ ਤੋਂ ਖੜਗਪੁਰ ਦੇ ਰਸਤੇ ਜੋ ਲਾਈਨ ਸਮੁੰਦਰ ਦੇ ਕੰਢੇ ਕੰਢੇ ਮਦਰਾਸ ਵਲ ਜਾਂਦੀ ਹੈ, ਉਸ ਉਤੇ ਖੜਗਪੁਰ ਤੋਂ ਅਗਾਂਹ ਕਟਕ ਸਟੇਸ਼ਨ ਤੋਂ ੨੦ ਕੁ ਮੀਲ ਪਰੇ ਇਕ ਛੋਟਾ ਜਿਹਾ ਜੰਕਸ਼ਨ ਹੈ ਖੁਰਦਾ-ਰੋਡ। ਖੁਰਦਾ-ਰੋਡ ਤੋਂ ਚੜ੍ਹਦੇ ਪਾਸੇ ਸਮੁੰਦਰ ਦੇ ਕੰਢੇ ਵਲ ਪੁਰੀ ਤਕ ਵੀਹ ਕੁ ਮੀਲ ਲੰਮੀ ਇਕ ਉਚੇਚੀ ਲਾਈਨ ਜਾਂਦੀ ਹੈ। ਪੁਰੀ ਐਨ ਸਮੁੰਦਰ ਦੇ ਕੰਢੇ 'ਤੇ ਹੈ।

ਇਸ ਸ਼ਹਿਰ ਵਿਚ ਜਗਨਨਾਥ ਦੀ ਮੂਰਤੀ ਦੀ ਬੜੀ ਪੂਜਾ-ਮਾਨਤਾ ਹੁੰਦੀ ਹੈ। ਜਗਨਨਾਥ ਕ੍ਰਿਸ਼ਨ ਜੀ ਦੀ ਮੂਰਤੀ ਦਾ ਨਾਮ ਹੈ। ਹਰ ਸਾਲ ਹਾੜ ਸੁਦੀ ੨ ਨੂੰ ਇਸ ਮੂਰਤੀ ਦਾ ਰਥ ਕੱਢਿਆ ਜਾਂਦਾ ਹੈ, ਜਿਸ ਨੂੰ ਰਥ-ਯਾਤ੍ਰਾ ਕਹਿੰਦੇ ਹਨ। ਰਥ-ਯਾਤ੍ਰਾ ਸਮੇ ਅਨੇਕਾਂ ਹਿੰਦੂ ਯਾਤਰੂ ਬਾਹਰਲੇ ਪ੍ਰਾਂਤਾਂ ਤੋਂ ਉਥੇ ਪਹੁੰਚਦੇ ਹਨ। ਉਸ ਦਿਨ ਜਗਨਨਾਥ ਦੀ ਮੂਰਤੀ ਨੂੰ ਰਥ ਵਿਚ ਬਿਠਾਂਦੇ ਹਨ, ਜੋ ੪੫ ਫ਼ੁਟ ਉੱਚਾ ਹੈ ਅਤੇ ਜਿਸ ਨੂੰ ੧੬ ਪਹੀਏ ਲੱਗੇ ਹੋਏ ਹਨ। ਸ਼ਰਧਾਲੂ ਲੋਕ ਇਸ ਰਥ ਨੂੰ ਆਪ ਖਿੱਚਦੇ ਹਨ। ਇਸ ਰਥ ਦੇ ਨਾਲ ਦੋ ਹੋਰ ਰਥ ਹੁੰਦੇ ਹਨ, ਬਲਰਾਮ ਅਤੇ ਭਦ੍ਰ ਦਾ। ਬਲਰਾਮ ਦੇ ਰਥ ਦੇ ੧੪ ਪਹੀਏ ਹਨ ਅਤੇ ਉਹ ੪੪ ਫ਼ੁਟ ਉੱਚਾ ਹੈ। ਭੱਦ੍ਰ ਦਾ ਰਥ ੪੩ ਫ਼ੁਟ ਉੱਚਾ ਹੈ ਅਤੇ ਉਸ ਦੇ ੧੨ ਪਹੀਏ ਹਨ। ਪੁਰਾਣੇ ਸਮੇ ਵਿਚ ਲੋਕ ਇਹ ਮੰਨਦੇ ਸਨ ਕਿ ਜੇ ਜਗਨਨਾਥ ਜੀ ਦੇ ਰਥ ਦੇ ਪਹੀਏ ਹੇਠ ਆ ਕੇ ਸਰੀਰ ਤਿਆਗ ਦਿੱਤਾ ਜਾਏ, ਤਾਂ ਮੁਕਤੀ ਮਿਲਦੀ ਹੈ। ਕਈ ਭੋਲੇ ਬੰਦੇ ਇਹ ਕੰਮ ਕਰ ਭੀ ਦੇਂਦੇ ਸਨ।

ਹੋਰ ਤੀਰਥਾਂ ਵਾਂਗ ਇਥੋਂ ਦੀ ਮੂਰਤੀ ਬਾਰੇ ਭੀ ਇਕ ਅਨੋਖੀ ਕਹਾਣੀ ਚੱਲੀ ਹੋਈ ਹੈ, ਜਿਸ ਕਰਕੇ ਸ਼ਰਧਾਲੂ ਲੋਕ ਉਥੇ ਦਾਨ ਪੁੰਨ ਕਰਨ ਵਿਚ ਬੜੀ ਸੁਭਾਗਤਾ ਸਮਝਦੇ ਹਨ। ਸਕੰਦ ਪੁਰਾਣ ਵਿਚ ਲਿਖਿਆ ਹੋਇਆ ਹੈ ਕਿ ਜਦੋਂ ਸ਼ਿਕਾਰੀ 'ਜਰ' ਨੇ ਕ੍ਰਿਸ਼ਨ ਜੀ ਨੂੰ ਬਾਣ ਨਾਲ ਮਾਰ ਦਿੱਤਾ, ਤਾਂ ਉਹਨਾਂ ਦਾ ਸਰੀਰ ਉਥੇ ਹੀ ਇਕ ਰੁੱਖ ਹੇਠ ਪਿਆ ਪਿਆ ਗਲ ਸੜ ਗਿਆ। ਕੁਝ ਸਮੇ ਪਿੱਛੋਂ ਕਿਸੇ ਸੱਜਣ ਨੇ ਉਹ ਹੱਡੀਆਂ (ਅਸਥੀਆਂ) ਇਕ ਸੰਦੂਕ ਵਿਚ ਸਾਂਭ ਦਿੱਤੀਆਂ। ਉੜੀਸਾ ਦੇ ਰਾਜੇ ਇੰਦਰ ਦਿਉਮਨ ਨੂੰ ਵਿਸ਼ਨੂੰ ਵਲੋਂ ਆਗਿਆ ਹੋਈ ਕਿ ਜਗਨਨਾਥ ਦੀ ਇਕ ਮੂਰਤੀ ਬਣਵਾ ਕੇ ਉਹ ਅਸਥੀਆਂ ਉਸ ਵਿਚ ਅਸਥਾਪਨ ਕਰੇ। ਰਾਜੇ ਨੇ ਦੇਵਤਿਆਂ ਦੇ ਮਿਸਤਰੀ ਵਿਸ਼੍ਵਕਰਮਾ ਨੂੰ ਮੂਰਤੀ ਤਿਆਰ ਕਰਨ ਲਈ ਮਨਾਇਆ, ਪਰ ਵਿਸ਼੍ਵਕਰਮਾ ਨੇ ਰਾਜੇ ਤੋਂ ਇਹ ਇਕਰਾਰ ਲੈ ਲਿਆ ਕਿ ਜਦ ਤਕ ਮੂਰਤੀ ਮੁਕੰਮਲ ਨਾ ਹੋ ਜਾਏ, ਕੋਈ ਧਿਰ ਮੇਰੇ ਕੋਲ ਨਾ ਆਵੇ। ਜੇ ਅਧੂਰੀ ਮੂਰਤੀ ਨੂੰ ☛



WWW.SIKHBOOKCLUB.COM 

ਗੁਰੂ ਨਾਨਕ ਦੇਵ ਜੀ ਸੰਮਤ ੧੫੬੭ ਵਿਚ ਹਾੜ ਸੁਦੀ ਦੂਜ ਦੀ ਰਥ-ਯਾਤ੍ਰਾ ਸਮੇ ਪੁਰੀ ਪਹੁੰਚੇ, ਜਦੋਂ ਦੂਰੋਂ ਦੂਰੋਂ ਅਨੇਕਾਂ ਹਿੰਦੂ ਉਥੇ ਇਕੱਠੇ ਹੋ ਰਹੇ ਸਨ। ਈਸਵੀ ਸੰਨ ੧੫੧੦ ਸੀ, ਮਹੀਨਾ ਜੂਨ ਦੀ ਤਕਰੀਬਨ ੭ ਤਰੀਕ ਸੀ। ਜਿਸ ਮੂਰਤੀ ਬਾਰੇ ਇਹ ਕਥਾ ਚਲ ਪਏ ਕਿ ਉਸ ਨੂੰ ਦੇਵਤਿਆਂ ਦੇ ਮਿਸਤ੍ਰੀ ਨੇ ਬਣਾਇਆ ਸੀ ਅਤੇ ਬ੍ਰਹਮਾ ਨੇ ਮੁਕੰਮਲ ਕਰ ਕੇ ਆਪਣੇ ਹੱਥੀਂ ਅਸਥਾਪਨ ਕੀਤਾ ਸੀ, ਉਸ ਨੂੰ ਸ਼ਰਧਾਲੂ ਲੋਕਾਂ ਨੇ ਜਗਤ ਦਾ ਨਾਥ ਮੰਨ ਹੀ ਲੈਣਾ ਹੋਇਆ।

ਮੂਰਤੀ-ਪੂਜਕ ਲੋਕ ਸ਼ਾਮ ਵੇਲੇ ਮੂਰਤੀ ਦੀ ਆਰਤੀ ਕਰਦੇ ਹਨ। ਆਰਤੀ ਦਾ ਅਰਥ ਹੈ ਦੀਵੇ ਘੁਮਾ ਕੇ ਪੂਜਾ ਕਰਨੀ। ਹਿੰਦੂ ਮਰਯਾਦਾ ਅਨੁਸਾਰ ਸੁਗੰਧੀਆਂ ਸਮੇਤ ਜਗਦੇ ਦੀਵੇ ਚਾਰ ਵਾਰੀ ਮੂਰਤੀ ਦੇ ਚਰਨਾਂ ਤੋਂ ਘੁਮਾਈਦੇ ਹਨ, ਦੋ ਵਾਰੀ ਨਾਭੀ ਤੋਂ, ਇਕ ਵਾਰੀ ਮੂੰਹ ਤੋਂ ਅਤੇ ਸੱਤ ਵਾਰੀ ਸਾਰੇ ਸਰੀਰ ਤੋਂ ਘੁਮਾਈਦੇ ਹਨ। ਦੀਵਿਆਂ ਦੀ ਗਿਣਤੀ ਇਕ ਤੋਂ ਲੈ ਕੇ ਸੌ ਤਕ ਹੁੰਦੀ ਹੈ। ਹਰੇਕ ਹਿੰਦੂ-ਮੰਦਰ ਵਿਚ ਆਰਤੀ ਦੀ ਮਰਯਾਦਾ ਕੀਤੀ ਜਾਂਦੀ ਹੈ। ਜਿਤਨੀ ਜਿਤਨੀ ਕਿਸੇ ਮੂਰਤੀ ਦੀ ਮਹਾਨਤਾ, ਉਤਨੀ ਉਤਨੀ ਹੀ ਸ਼ਾਨ ਨਾਲ ਉਸ ਦੀ ਆਰਤੀ। ਜਗਨਨਾਥ ਦੀ ਮੂਰਤੀ ਬਾਰੇ ਤਾਂ ਸ਼ਰਧਾ ਹੀ ਇਹ ਹੈ ਕਿ ਉਸ ਦਾ ਘੜਨਹਾਰ ਦੇਵਤਿਆਂ ਦਾ ਮਿਸਤ੍ਰੀ ਸੀ ਅਤੇ ਅਸਥਾਪਨ ਕਰਨ ਵਾਲਾ ਬ੍ਰਹਮਾ ਆਪ ਸੀ। ਜਦੋਂ ਸਤਿਗੁਰੂ ਨਾਨਕ ਦੇਵ ਜੀ ਪੁਰੀ ਪਹੁੰਚੇ, ਤਦੋਂ ਉਸ ਮੂਰਤੀ ਦਾ ਅਸਥਾਪਨ-ਦਿਹਾੜਾ ਸੀ। ਦੂਰ ਦੂਰ ਦੇਸਾਂ ਤੋਂ ਅਨੇਕਾਂ ਹਿੰਦੂ ਇਕੱਠੇ ਹੋਏ ਹੋਏ ਸਨ। ਸ਼ਾਮ ਵੇਲੇ ਬੜੀ ਸ਼ਾਨ ਨਾਲ ਉਸ ਆਰਤੀ ਦੀ ਤਿਆਰੀ ਸ਼ੁਰੂ ਹੋਈ। ਸਤਿਗੁਰੂ ਜੀ ਨੂੰ ਸੁਲਤਾਨਪੁਰੋਂ ਚੱਲਿਆਂ ਪੌਣੇ ਤਿੰਨ ਸਾਲ

SIKHBOOKCLUB.COM

---

☛ ਕੋਈ ਵੇਖ ਲਏਗਾ, ਤਾਂ ਮੈਂ ਉਥੇ ਹੀ ਕੰਮ ਛੱਡ ਦਿਆਂਗਾ। ਪੰਦਰ੍ਹਾਂ ਦਿਨ ਹੀ ਲੰਘੇ ਸਨ ਕਿ ਰਾਜਾ ਉਤਾਵਲਾ ਪੈ ਕੇ ਉਥੇ ਪਹੁੰਚ ਗਿਆ, ਮੂਰਤੀ ਦੇ ਹੱਥ ਤੇ ਪੈਰ ਅਜੇ ਬਣੇ ਨਹੀਂ ਸਨ। ਵਿਸ਼ਕਰਮਾ ਨੇ ਕੰਮ ਉਥੇ ਹੀ ਛਡ ਦਿਤਾ। ਰਾਜੇ ਨੇ ਬ੍ਰਹਮਾ ਅਗੇ ਪ੍ਰਾਰਥਨਾ ਕੀਤੀ। ਬ੍ਰਹਮਾ ਨੇ ਮੂਰਤੀ ਨੂੰ ਮੁਕੰਮਲ ਕੀਤਾ ਅਤੇ ਆਪਣੇ ਹੱਥੀਂ ਉਥੇ ਅਸਥਾਪਨ ਕੀਤਾ।

ਇਤਿਹਾਸ ਅਨੁਸਾਰ ਜਗਨਨਾਥ ਜੀ ਦਾ ਮੰਦਰ ਸੰਨ ੧੦੭੬ ਤੋਂ ੧੧੪੭ ਦੇ ਵਿਚਲੇ ਸਮੇਂ ਵਿਚ ਬਣਿਆ ਸੀ। ਮੰਦਰ ਦਾ ਬਾਹਰਲਾ ਇਹਾਤਾ ਬਹੁਤ ਖੁਲ੍ਹਾ ਹੈ, ਕਲਸ ਤਕ ਇਸ ਦੀ ਉਚਾਈ ਭੀ ੧੯੨ ਫੁਟ ਦੇ ਕਰੀਬ ਹੈ। ਪਰ ਇਸ ਵਿਚ ਜਗਨਨਾਥ ਦੀ ਮੂਰਤੀ ਤੋਂ ਇਲਾਵਾ ਹੋਰ ਭੀ ਬਹੁਤ ਮੂਰਤੀਆਂ ਹਨ, ਜੋ ਵਾਮ-ਮਾਰਗ ਦਾ ਨਮੂਨਾ ਹਨ। ਵਿਦਵਾਨਾਂ ਦਾ ਖਿਆਲ ਹੈ ਕਿ ਪਹਿਲਾਂ ਇਹ ਅਸਥਾਨ ਵਾਮ-ਮਾਰਗੀਆਂ ਦਾ ਸੀ, ਕਿਸੇ ਵੇਲੇ ਜ਼ੋਰ ਪੈਣ ਤੇ ਫਿਰ ਵੈਸ਼ਨਵਾਂ ਨੇ ਮਾਂਗ ਲਿਆ।

ਹੋ ਚੁਕੇ ਸਨ, ਸਭ ਹਿੰਦੂ-ਤੀਰਥਾਂ ਤੇ ਪੁਰਬਾਂ ਸਮੇਂ ਪਹੁੰਚ ਪਹੁੰਚ ਕੇ ਲੋਕਾਂ ਨੂੰ ਭਰਮਾਂ-ਵਹਿਮਾਂ ਦੇ ਗ਼ਲਤ ਰਾਹ ਤੋਂ ਹਟਾਂਦੇ ਤੁਰੇ ਆ ਰਹੇ ਸਨ। ਇਹ ਖ਼ਬਰਾਂ ਉਹਨਾਂ ਦੇ ਆਪ ਅੱਪੜਨ ਤੋਂ ਪਹਿਲਾਂ ਹੀ ਤੀਰਥਾਂ ਉਤੇ ਜਾ ਪਹੁੰਚਦੀਆਂ ਸਨ। ਤੀਰਥਾਂ ਦੇ ਪੁਰਬਾਂ ਦੀ ਰਾਹੀਂ ਉਹਨਾਂ ਦੇ ਪਰਚਾਰੇ ਖ਼ਿਆਲਾਂ ਦੀ ਚਰਚਾ ਬਹੁਤ ਚੱਲ ਚੁੱਕੀ ਸੀ। ਜਦੋਂ ਉਹ ਪੁਰੀ ਅੱਪੜੇ ਤਾਂ ਪਾਂਡਿਆਂ ਨੇ ਉਹਨਾਂ ਨੂੰ ਜਗਨਨਾਥ ਦੀ ਆਰਤੀ ਵਿਚ ਸ਼ਾਮਲ ਹੋਣ ਲਈ ਉਚੇਚੀ ਪ੍ਰੇਰਨਾ ਕੀਤੀ। ਲੋਕਾਂ ਉਤੇ ਅਜਿਹੀਆਂ ਰੀਤਾਂ ਦਾ ਪ੍ਰਭਾਵ ਪਾਉਣ ਲਈ ਅਸਲ ਵਿਚ ਕਈ ਢੰਗਾਂ ਦੀ ਸਹਾਇਤਾ ਲਈ ਜਾਂਦੀ ਹੈ। ਸ਼ਾਮ ਦੇ ਵੇਲੇ ਫ਼ਾਨੂਸਾਂ ਦੀ ਜਗਮਗ, ਸੰਗਮਰਮਰੀ ਕੰਧਾਂ ਤੇ ਫ਼ਰਸ਼ਾਂ ਦੀ ਝਿਲਮਿਲ, ਸਾਰੇ ਕਮਰੇ ਵਿਚ ਕਈ ਤਰ੍ਹਾਂ ਦੀਆਂ ਸੁਗੰਧੀਆਂ ਦਾ ਖਿਲਾਰ, ਮਨੋਹਰ ਸੁਰ-ਲੈ ਵਿਚ ਨਰ-ਨਾਰੀਆਂ ਦੀ ਮਿਲਵੀਂ ਸੁਰ ਦਾ ਗੀਤ, ਲੱਖਾਂ ਰੁਪਇਆਂ ਦੇ ਹੀਰੇ ਜਵਾਹਰਾਂ ਨਾਲ ਜੜੇ ਹੋਏ ਸੋਨੇ ਦੇ ਥਾਲਾਂ ਆਦਿਕ ਦਾ ਦਿਖਾਵਾ—ਸਧਾਰਨ ਮਨੁੱਖ ਉਤੇ (ਜਿਸ ਨੇ ਸਾਰੀ ਉਮਰ ਲੱਖਛਮੀ ਦਾ ਅਜਿਹਾ ਮਿਲਵਾਂ ਲਿਸ਼ਕਾਰਾ ਕਦੇ ਭੀ ਵੇਖਿਆ ਨਹੀਂ ਹੁੰਦਾ) ਇਉਂ ਪਰਭਾਵ ਪੈਂਦਾ ਹੈ ਜਿਵੇਂ ਉਹ ਮਾਤ-ਲੋਕ ਵਿਚੋਂ ਉੱਠ ਕੇ ਕਿਤੇ ਦੇਵ-ਲੋਕ ਵਿਚ ਪਹੁੰਚ ਗਿਆ ਹੈ। ਭੋਲੇ ਲੋਕ ਲੱਖਛਮੀ ਦੇ ਲਿਸ਼ਕਾਰੇ ਨੂੰ ਬੈਕੁੰਠ ਦੇ ਝਲਕਾਰੇ ਸਮਝ ਕੇ ਪਾਂਡਿਆਂ ਦੀ ਬੇਅੰਤ ਆਮਦਨ ਦਾ ਕਾਰਨ ਬਣ ਜਾਂਦੇ ਹਨ। ਸਤਿਗੁਰੂ ਜੀ ਨੇ ਉਸ ਭਰੇ ਇਕੱਠ ਵਿਚ ਲੋਕਾਂ ਨੂੰ ਇਹ ਸਾਰਾ ਭੇਤ ਦੱਸਿਆ ਅਤੇ ਸਮਝਾਇਆ ਕਿ ਇਹ ਮੂਰਤੀਆਂ ਮਨੁੱਖ ਦੇ ਆਪਣੇ ਹੱਥਾਂ ਦੀਆਂ ਬਣੀਆਂ ਹੋਈਆਂ ਹਨ, ਇਹ ਜਗਤ ਦਾ ਨਾਥ ਨਹੀਂ ਹੋ ਸਕਦੀਆਂ। ਜਗਤ ਦਾ ਨਾਥ ਇਕੋ ਹੀ ਹੈ, ਜਿਸ ਨੇ ਇਸ ਜਗਤ ਨੂੰ ਪੈਦਾ ਕੀਤਾ ਹੈ। ਉਸ ਦੀ ਸਿਫ਼ਤ-ਸਲਾਹ, ਉਸ ਦੀ ਆਰਤੀ, ਸਾਰੀ ਕੁਦਰਤ ਵਿਚ ਹੋ ਰਹੀ ਹੈ। ਮੂਰਤੀਆਂ ਅੱਗੇ ਨੱਕ ਰਗੜਨੇ ਛੱਡ ਕੇ ਉਸ ਸਿਰਜਣਹਾਰ ਦੀ ਯਾਦ ਵਿਚ ਜੁੜਿਆ ਕਰੋ।

## (੨) ਇਕ ਪੰਡਿਤ ਦੀ ਸਮਾਧੀ

ਅਜਿਹੇ ਅਸਥਾਨਾਂ ਤੇ ਸ਼ਖ਼ਸੀ ਧਰਮ-ਦੁਕਾਨਾਂ ਦਾ ਖੁਲ੍ਹਣਾ ਭੀ ਕੋਈ ਵੱਡੀ ਗੱਲ ਨਹੀਂ ਹੁੰਦੀ। ਦੂਰੋਂ ਦੂਰੋਂ ਆਏ ਹੋਏ ਸ਼ਰਧਾਵਾਨ ਯਾਤਰੂ ਕੁਝ ਨਾ ਕੁਝ ਹੱਥ ਝਾੜ ਦੇਂਦੇ ਹਨ, ਜਿਸ ਕਰਕੇ ਪਖੰਡੀਆਂ ਦੀ ਆਜੀਵਕਾ ਤੁਰੀ ਰਹਿੰਦੀ ਹੈ। ਸਿੱਖ-ਇਤਿਹਾਸ ਲਿਖਦਾ ਹੈ ਕਿ ਇਕ ਪੰਡਾ ਸਮਾਧੀ ਲਾਈ ਬੈਠਾ ਸੀ, ਅਨੇਕਾਂ ਯਾਤਰੂ ਸ਼ਰਧਾ-ਭਾਵਨਾ ਨਾਲ ਉਸ ਦੇ ਚੁਗਿਰਦੇ ਬੈਠੇ ਹੋਏ ਸਨ। ਗੁਰੂ



WWW.SIKHBOOKCLUB.COM 

ਨਾਨਕ ਦੇਵ ਜੀ ਭੀ ਉਥੇ ਜਾ ਪਹੁੰਚੇ। ਯਾਤਰੂ ਲੋਕ ਬੜੇ ਆਦਰ-ਸਤਿਕਾਰ ਨਾਲ ਇਕ ਕਰਵੇ ਵਿਚ ਭੇਟਾ ਵਜੋਂ ਮਾਇਆ ਪਾਈ ਜਾ ਰਹੇ ਸਨ, ਜੋ ਉਸ ਪੰਡੇ ਨੇ ਆਪਣੇ ਅੱਗੇ ਰਖਿਆ ਹੋਇਆ ਸੀ। ਇਹੀ ਤਾਂ ਮਨੋਰਥ ਸੀ, ਜਿਸ ਖ਼ਾਤਰ ਉਸ ਦੀ ਸਮਾਧੀ ਲੱਗੀ ਹੋਈ ਸੀ। ਸਿੱਖ-ਇਤਿਹਾਸ ਨੇ ਉਸ ਪੰਡੇ ਦਾ ਨਾਮ ਕਲਿਜੁਗ ਲਿਖਿਆ ਹੈ। ਕਲਿਜੁਗ ਕਦੇ ਕਦੇ ਅੱਖਾਂ ਭੀ ਖੋਲ੍ਹਦਾ ਸੀ, ਤੇ ਧੌਣ ਉੱਚੀ ਕਰ ਕੇ ਆਕਾਸ਼ ਵੱਲ ਤਕ ਕੇ ਇਹ ਕਹਿ ਉੱਠਦਾ ਸੀ ਕਿ ਬੈਕੁੰਠ ਵਿਚ ਬੈਠੇ ਵਿਸ਼ਨੂੰ ਭਗਵਾਨ ਦੇ ਦਰਸ਼ਨ ਹੋ ਰਹੇ ਹਨ। ਭੋਲੇ ਸ਼ਰਧਾਲੂ ਇਹ ਸੁਣ ਕੇ ਸ਼ਰਧਾ ਵਿਚ ਝੂਮ ਉਠਦੇ ਸਨ। ਇਕ ਵਾਰੀ ਜਦੋਂ ਕਲਿਜੁਗ ਮੁੜ ਸਮਾਧੀ ਵਿਚ ਟਿਕ ਗਿਆ, ਤਾਂ ਗੁਰੂ ਨਾਨਕ ਦੇਵ ਜੀ ਮਲਕੜੇ ਜਿਹੇ ਉੱਠੇ, ਪੋਲੇ ਪੈਰੀਂ ਉਸ ਤਕ ਪਹੁੰਚ ਕੇ ਉਸ ਦਾ ਕਰਵਾ ਚੁੱਕ ਕੇ ਉਸ ਦੇ ਪਿਛਲੇ ਪਾਸੇ ਰੱਖ ਆਏ। ਕਲਿਜੁਗ ਦੀਆਂ ਫਿਰ ਅੱਖਾਂ ਖੁਲ੍ਹੀਆਂ, ਪਰ ਕਰਵਾ ਗ਼ੈਬ ਸੀ। ਅਸਲ ਵਿਚ ਉਹ ਅੱਖਾਂ ਮੁੜ ਮੁੜ ਖੁਲ੍ਹਦੀਆਂ ਹੀ ਕਰਵੇ ਦੀ ਖ਼ਾਤਰ ਸਨ। ਪੰਡਾ ਘਬਰਾ ਗਿਆ, ਸ਼ਰਧਾਲੂਆਂ ਨੇ ਉਸ ਦੀ ਘਬਰਾਹਟ ਪਰਤੱਖ ਵੇਖ ਲਈ। ਜਿਹੜਾ ਪੰਡਾ ਬੈਕੁੰਠ ਵਿਚ ਬੈਠੇ ਵਿਸ਼ਨੂੰ ਭਗਵਾਨ ਨੂੰ ਵੇਖਣ ਦੀ ਸਮਰੱਥਾ ਦਾ ਵਿਖਾਵਾ ਕਰ ਰਿਹਾ ਸੀ, ਉਸਨੂੰ ਆਪਣੇ ਪਿਛਲੇ ਪਾਸੇ ਪਿਆ ਕਰਵਾ ਨਹੀਂ ਸੀ ਦਿੱਸਦਾ। ਸਭ ਲੋਕਾਂ ਵਿਚ ਬੜਾ ਹਾਸਾ ਮੱਚਿਆ। ਉਹ ਵੇਲਾ ਸੀ ਜਦੋਂ ਪਖੰਡ ਉਤੇ ਕਾਰੀ ਚੋਟ ਵੱਜ ਸਕਦੀ ਸੀ। ਸਤਿਗੁਰੂ ਜੀ ਨੇ ਸਭ ਯਾਤਰੂਆਂ ਨੂੰ ਸੰਬੋਧਨ ਕਰ ਕੇ ਸਮਝਾਇਆ ਕਿ ਜਿਹੜੇ ਬੰਦੇ ਅੱਖਾਂ, ਕੰਨ, ਨੱਕ ਬੰਦ ਕਰ ਕੇ ਤੁਹਾਨੂੰ ਸਮਾਧੀਆਂ ਲਾ ਲਾ ਕੇ ਵਿਖਾਂਦੇ ਹਨ, ਉਹਨਾਂ ਦਾ ਰਤਾ ਭਰ ਇਤਬਾਰ ਨਾ ਕਰੋ। ਵੇਖ ਲਵੋ, ਇਹ ਪੰਡਾ ਹੁਣੇ ਕਹਿ ਰਿਹਾ ਸੀ ਕਿ ਮੈਨੂੰ ਤ੍ਰੈਲੋਕੀ ਹੀ ਦਿੱਸ ਰਹੀ ਹੈ, ਪਰ ਇਸ ਨੂੰ ਆਪਣੇ ਪਿੱਠ ਪਿੱਛੇ ਪਿਆ ਆਪਣਾ ਕਰਵਾ ਨਹੀਂ ਦਿਸ ਸਕਿਆ। ਇਹ ਸਾਰੇ ਪਖੰਡ ਭੋਲੇ ਸ਼ਰਧਾਲੂਆਂ ਤੋਂ ਮਾਇਆ ਠੱਗਣ ਵਾਸਤੇ ਹਨ। ਆਚਰਨ ਨੂੰ ਉੱਚਾ ਕਰਨ ਲਈ ਇਹ ਰਸਤਾ ਨਹੀਂ ਹੈ। ਮਨੁੱਖਾ ਜਨਮ ਇਹਨਾਂ ਪਖੰਡਾਂ ਵਿਚ ਜ਼ਾਇਆ ਕਰਨ ਲਈ ਨਹੀਂ ਮਿਲਿਆ। ਅੰਞਾਣ ਲੋਕਾਂ ਨੂੰ ਠੱਗਣ ਲਈ ਇਹ ਪਖੰਡੀ ਲੋਕ ਮੁਸਲਮਾਨਾਂ ਨੂੰ ਤਾਂ ਮਲੇਛ ਮਲੇਛ ਆਖ ਕੇ ਨਫ਼ਰਤ ਕਰਦੇ ਹਨ, ਪਰ ਇਹਨਾਂ ਦੇ ਆਪਣੇ ਅੰਦਰ ਧਰਮ ਦਾ ਕਿਤੇ ਨਾਮ-ਨਿਸ਼ਾਨ ਨਹੀਂ ਹੈ। ਬਚੋ ਇਹਨਾਂ ਪਖੰਡੀਆਂ ਤੋਂ, ਤੇ ਇਹਨਾਂ ਦੇ ਖਿਲਾਰੇ ਭਰਮ-ਜਾਲ ਤੋਂ। ਪਰਮਾਤਮਾ ਦੀ ਯਾਦ ਹੀ ਜ਼ਿੰਦਗੀ ਦਾ ਸਹੀ ਰਸਤਾ ਹੈ, ਕਿਉਂਕਿ ਸਿਮਰਨ ਦੀ ਬਰਕਤ ਨਾਲ ਮਨੁੱਖ ਨੂੰ ਮਾਇਆ ਦੇ ਮੋਹ ਤੋਂ ਖ਼ਲਾਸੀ ਮਿਲਦੀ ਹੈ।

ਪਖੰਡ ਦੀ ਕਲੀ ਖੁਲ੍ਹਦੀ ਆਪਣੀ ਅੱਖੀਂ ਵੇਖ ਕੇ ਅਨੇਕਾਂ ਬੰਦਿਆਂ ਨੂੰ ਗੁਰੂ ਨਾਨਕ ਦੇਵ ਜੀ ਦੀ ਸੱਚਾਈ ਜਚ ਗਈ। ਕਲਿਜੁਗ ਦਾ ਮਨ ਭੀ ਮੰਨ ਗਿਆ, ਤੇ ਉਹ ਸਤਿਗੁਰੂ ਜੀ ਦਾ ਨਾਮ-ਲੇਵਾ ਬਣ ਗਿਆ।

ਮੰਦਰ ਦੇ ਸਾਹਮਣੇ ਜਿਥੇ ਸਤਿਗੁਰੂ ਜੀ ਟਿਕੇ ਸਨ, ਉਥੇ ਉਹਨਾਂ ਦੇ ਆਗਮਨ ਦੀ ਯਾਦ ਵਿਚ ਅਸਥਾਨ ਬਣਿਆ ਹੋਇਆ ਹੈ, ਜਿਸ ਦਾ ਨਾਮ 'ਮੰਗੂ-ਮਠ' ਹੈ। ਸਮੁੰਦਰ ਦੇ ਕੰਢੇ ਇਕ ਖੂਹੀ ਭੀ ਹੈ, ਜਿਥੋਂ ਉਹ ਪੀਣ ਲਈ ਪਾਣੀ ਵਰਤਦੇ ਰਹੇ। ਉਸ ਦਾ ਪਾਣੀ ਬੜਾ ਮਿੱਠਾ ਤੇ ਸੁਆਦਲਾ ਹੈ।

ਜਗਨਨਾਥ ਪੁਰੀ ਵਿਚ ਹੀ ਸ਼ੰਕਰਾਚਾਰਯ[੧] ਦੇ ਚਾਰ ਮਠਾਂ ਵਿਚੋਂ ਇੱਕ ਮਠ ਹੈ।

ਪੁਰੀ ਤੋਂ ਗੁਰੂ ਨਾਨਕ ਦੇਵ ਜੀ ਸਮੁੰਦਰ ਦੇ ਪੂਰਬੀ ਕੰਢੇ ਦੇ ਨਾਲ ਨਾਲ ਭਾਰਤ ਦੇ ਧੁਰ ਦੱਖਣ ਵੱਲ ਚੱਲ ਪਏ। ਸੰਨ ੧੫੧੦ ਦਾ ਮਹੀਨਾ ਜੂਨ ਸੀ।

## ਪੁਰੀ ਤੋਂ ਕੁੜਾਪੇ ਨੂੰ

ਸਾਖੀਕਾਰ ਲਿਖਦਾ ਹੈ—"ਤਬ ਗੁਰੂ ਬਾਬਾ ਨਾਨਕ ਜੀ ਤਿਨਿ ਬਰਸ ਪੂਰਬ ਕੀ ਧਰਤੀ ਸਭ ਦੇਖੀ। ਫਿਰ ਪੂਰਬ ਕੀ ਧਰਤੀ ਤੇ ਦੱਖਣ ਕੀ ਧਰਤੀ

---

੧. ਸ਼ੰਕਰ ਨੂੰ ਹਿੰਦੂ ਲੋਕ ਸ਼ਿਵ ਜੀ ਦਾ ਅਵਤਾਰ ਮੰਨਦੇ ਹਨ। ਇਸ ਦਾ ਜਨਮ ਕੋਚੀਨ ਦੇ ਇਲਾਕੇ ਇਕ ਪਿੰਡ ਕਲਦੀ (ਕਾਲਪੀ) ਵਿਚ ਇਕ ਬ੍ਰਾਹਮਣ ਦੇ ਘਰ ਸੰਨ ੭੮੮ ਵਿਚ ਹੋਇਆ ਸੀ। ਸ਼ੰਕਰ ਨੇ ਛੇ-ਸ਼ਾਸਤ੍ਰ, ਵੇਦ ਵੇਦਾਂਗ ਚੰਗੀ ਤਰ੍ਹਾਂ ਪੜ੍ਹ ਕੇ ਗੋਬਿੰਦ ਸੁਆਮੀ ਤੋਂ ਸੰਨਿਆਸ ਧਾਰਨ ਕੀਤਾ ਸੀ। ਫਿਰ ਕਾਂਸ਼ੀ ਵਿਚ ਟਿਕ ਕੇ ਅਦ੍ਵੈਤ ਦਾ ਪਰਚਾਰ ਕੀਤਾ। ਸ਼ੰਕਰ ਨੇ ਕਈ ਥਾਈਂ ਅਨੇਕਾਂ ਵਿਦਵਾਨਾਂ ਨੂੰ ਸ਼ਾਸਤ੍ਰਾਰਥ ਵਿਚ ਜਿੱਤਿਆ ਅਤੇ ਬੜੀ ਪ੍ਰਸਿਧਤਾ ਹਾਸਲ ਕੀਤੀ।

ਸ਼ੰਕਰਾਚਾਰਯ ਨੇ ਕਈ ਮਠ (ਆਸ਼੍ਰਮ) ਬਣਾਏ। ਸਭ ਤੋਂ ਪਰਸਿੱਧ ਸ਼੍ਰਿੰਗੇਰੀ ਮਠ ਹੈ, ਮੈਸੂਰ ਰਾਜ ਦੇ ਜ਼ਿਲਾ ਕਦੂਰ ਵਿਚ ਤੁੰਗਭੱਦ੍ਰਾ ਦੇ ਕੰਢੇ। ਇਥੇ ਸ਼ੰਕਰਾਚਾਰਯ ਨੇ ਆਪਣੇ ਲਾਇਕ ਚੇਲੇ ਮੰਡਨ ਨੂੰ ਮਹੰਤ ਅਸਥਾਪਨ ਕੀਤਾ। ਸ਼ੰਕਰਾਚਾਰਯ ਦੀ ਗੱਦੀ ਇਸੇ ਥਾਂ ਹੈ।

ਬਾਕੀ ਦੇ ਤਿੰਨ ਮਠ ਇਹ ਹਨ—ਹਰਿਦੁਆਰ, ਜਗਨਨਾਥ ਅਤੇ ਬਦਰੀਨਾਥ। ਸ਼ੰਕਰਾਚਾਰਯ ਨੇ ਵੇਦਾਂਤ ਸੂਤ੍ਰ, ਉਪਨਿਸ਼ਦਾਂ ਅਤੇ ਗੀਤਾ ਉਤੇ ਬੜੇ ਵਧੀਆ ਭਾਸ਼ ਲਿਖੇ ਹਨ।

ਸ਼ੰਕਰ ਜੀ ਆਸਾਮ ਦੇਸ ਦੀ ਯਾਤ੍ਰਾ ਵਿਚ ਬੀਮਾਰ ਹੋ ਗਏ ਅਤੇ ੩੨ ਸਾਲਾਂ ਦੀ ਹੀ ਉਮਰ ਵਿਚ ਕੇਦਾਰਨਾਥ ਕੋਲ ਸੰਨ ੮੨੦ ਵਿਚ ਸੰਸਾਰ ਤਿਆਗ ਗਏ।



WWW.SIKHBOOKCLUB.COM 

ਕਉ ਗਏ। ........ਸੇਤਬੰਧ ਰਮੇਸਰ ਪਹੁੰਚੇ। ਵੇਖ ਕੇ ਹੈਰਾਨ ਕਿ ਕਿਧਰ ਗਏ ਰਾਮ ਤੇ ਲੰਕੇਸ਼।"

ਪੁਰੀ ਤੋਂ ਪੰਦਰ੍ਹਾਂ ਕੁ ਮੀਲ ਪੱਛਮ ਵੱਲ ਗਿਆਂ ਚਿਲਕਾ ਝੀਲ ਸ਼ੁਰੂ ਹੋ ਜਾਂਦੀ ਹੈ,ਜੋ ਸਮੁੰਦਰ ਦੇ ਨਾਲ ਨਾਲ ਪੈਂਤੀ ਕੁ ਮੀਲ ਚਲੀ ਜਾਂਦੀ ਹੈ। ਗੁਰੂ ਨਾਨਕ ਦੇਵ ਜੀ ਸੰਨ ੧੫੧੦ ਦੇ ਜੂਨ ਵਿਚ ਪੁਰੀ ਤੋਂ ਚਿਲਕਾ ਝੀਲ ਦੇ ਉੱਤਰੀ ਕੰਢੇ ਦੇ ਨਾਲ ਨਾਲ ਚੱਲ ਪਏ। ਛੋਟਾ ਨਾਗਪੁਰ ਦੀਆਂ ਪਹਾੜੀਆਂ ਦਾ ਹੇਠਲਾ ਜੰਗਲੀ ਇਲਾਕਾ ਸੀ।

ਉੜੀਸਾ ਤੋਂ ਲੈ ਕੇ ਰਾਮੇਸ਼੍ਵਰ ਤਕ ਪੂਰਬੀ ਸਮੁੰਦਰ ਦੇ ਨਾਲ ਦੇ ਇਲਾਕੇ ਨੂੰ ਦ੍ਰਾਵਿੜ ਜਾਂ ਦ੍ਰਾਵਿੜ[1] ਆਖਦੇ ਸਨ। ਇਸ ਇਲਾਕੇ ਦੇ ਲੋਕ ਬੜੇ ਮਨ-ਚਲੇ ਅਤੇ ਲੜਾਕੇ ਹੁੰਦੇ ਸਨ, ਤੀਰ ਕਮਾਨ ਦੇ ਬੜੇ ਉਸਤਾਦ। ਦ੍ਰਾਵਿੜ ਭਾਸ਼ਾ ਵਿਚ ਕਮਾਨ ਨੂੰ 'ਭੀਲ' ਆਖਦੇ ਹਨ, ਇਸ ਤੋਂ ਤੀਰ ਕਮਾਨ ਵਰਤਣ ਵਾਲੇ ਲੋਕਾਂ ਦਾ ਨਾਮ ਭੀ 'ਭੀਲ' ਪਰਸਿੱਧ ਹੋਇਆ।

ਪੁਰੀ ਤੋਂ ਅਗਾਂਹ ਰਾਮੇਸ਼੍ਵਰ ਤਕ ਸਤਿਗੁਰੂ ਨਾਨਕ ਦੇਵ ਜੀ ਨੂੰ ਅਜਿਹੇ ਅਨੇਕਾਂ ਬੰਦਿਆਂ ਨਾਲ ਵਾਹ ਪੈਣਾ ਸੀ, ਜਿਥੇ ਹਮਦਰਦੀ ਤੇ ਪਿਆਰ ਦੇ ਵੱਟੇ ਵਿਚ ਆਪਣੀ ਹੀ ਜਿੰਦ ਉਤੇ ਉਹਨਾਂ ਕਈ ਕਿਸਮ ਦੇ ਖ਼ਤਰੇ ਸਹੇੜਨੇ ਸਨ।

ਉੱਚ-ਜਾਤੀਏ ਲੋਕ ਅਤੇ ਉਹ ਲੋਕ, ਜਿਨ੍ਹਾਂ ਦੇ ਹੱਥ ਵਿਚ ਤਾਕਤ ਹੁੰਦੀ ਹੈ, ਪੈਰਾਂ ਹੇਠ ਦਬਾਏ ਲੋਕਾਂ ਨੂੰ ਹੋਰ ਦਬਾਈ ਰੱਖਣ ਵਾਸਤੇ ਅਜਿਹਾ ਪਰਚਾਰ

---

੧. ਜਦੋਂ ਆਰੀਆ ਲੋਕ ਭਾਰਤ ਵਿਚ ਆਏ; ਉਹਨਾਂ ਨੇ ਭਾਰਤ ਦੇ ਮੁੱਢ ਦੇ ਵਸਨੀਕਾਂ ਨੂੰ ਅੰਨ-ਉਪਜਾਊ ਇਲਾਕਿਆਂ ਵਿਚੋਂ ਕੱਢ ਕੇ ਜੰਗਲਾਂ ਪਹਾੜਾਂ ਵੱਲ ਧੱਕ ਦਿੱਤਾ। ਜਿਨ੍ਹਾਂ ਨੇ ਈਨ ਮੰਨੀ, ਉਹਨਾਂ ਨੂੰ ਆਪਣੇ ਨੀਵੇਂ ਕੰਮ ਕਰਨ ਤੇ ਰਖ ਲਿਆ ਤੇ ਸ਼ੂਦਰ ਪਦਵੀ ਦਿੱਤੀ। ਇਹ 'ਭੀਲ' ਲੋਕ ਉਹੀ ਸਨ ਜਿਨ੍ਹਾਂ ਨੂੰ ਅਣਖ ਦੀ ਖ਼ਾਤਰ ਆਪਣੇ ਵਤਨ ਤੋਂ ਬੇ-ਦਖ਼ਲ ਹੋਣਾ ਪਿਆ ਸੀ। ਕੁਦਰਤੀ ਗੱਲ ਸੀ ਕਿ ਉਹਨਾਂ ਲੋਕਾਂ ਦੇ ਦਿਲਾਂ ਵਿਚ ਆਰੀਆ ਲੋਕਾਂ ਵਾਸਤੇ ਪਿਆਰ-ਹਮਦਰਦੀ ਨਾ ਹੋਵੇ; ਸਗੋਂ ਕੁਝ ਵੈਰ-ਵਿਰੋਧ ਦੀ ਅੱਗ ਹੋਵੇ। ਅੰਨ-ਉਪਜਾਊ ਦੇਸ ਵਿਚੋਂ ਨਿਕਲੇ ਹੋਏ ਤੇ ਜੰਗਲਾਂ ਪਰਬਤਾਂ ਵਿਚ ਵੱਸਣ ਤੇ ਮਜਬੂਰ ਹੋਏ ਲੋਕਾਂ ਵਿਚੋਂ ਕਈ ਮਨਚਲੇ ਬੰਦੇ ਡਾਕੇ ਮਾਰਨ ਜਾਂ ਆਦਮ-ਖ਼ੋਰੀ ਤੇ ਭੀ ਉਤਰ ਆਉਂਦੇ ਹਨ। ਅਜਿਹੇ ਨਿਰਦਈ ਕੰਮ ਕਰਨ ਵਾਲੇ ਬੰਦੇ ਆਮ ਤੌਰ ਤੇ ਡਰਾਉਣੇ ਤੇ ਰੱਤ-ਪੀਣੇ ਦੇਵੀ ਦੇਵਤਿਆਂ ਦੇ ਪੁਜਾਰੀ ਹੋ ਜਾਂਦੇ ਹਨ; ਉਹਨਾਂ ਅਗੇ ਇਹੋ ਜਿਹੀ ਭੇਟਾ ਲਿਆ ਕੇ ਤੇ ਆਪਣੇ ਵਲੋਂ ਉਹਨਾਂ ਨੂੰ ਪਰਸੰਨ ਕਰ ਕੇ ਉਹ ਲੋਕ ਕੀਤੇ ਜ਼ੋਰ-ਜ਼ੁਲਮਾਂ ਤੋਂ ਆਪਣੇ ਆਪ ਨੂੰ ਬਰੀ ਸਮਝ ਲੈਂਦੇ ਹਨ।



WWW.SIKHBOOKCLUB.COM

ਭੀ ਕਰ ਲੈਂਦੇ ਹਨ ਜਿਸ ਕਰਕੇ ਆਮ ਜਨਤਾ ਵਿਚ ਉਹਨਾ ਬਾਰੇ [1]ਨੀਵੀਂ ਰਾਇ ਬਣੀ ਰਹੇ।

ਗੁਰੂ ਨਾਨਕ ਦੇਵ ਜੀ ਇਹਨਾਂ [2]ਭੀਲਾਂ ਤੇ ਨਿਸ਼ਾਦਾਂ ਵਿਚੋਂ ਦੀ ਲੰਘ ਤੁਰੇ, ਆਪਣੇ ਪਿਛਲੇ ਪ੍ਰੋਗਰਾਮ ਅਨੁਸਾਰ ਢਾਈ ਤਿੰਨ ਮੀਲ ਰੋਜ਼ਾਨਾ ਪੈਂਡਾ ਕਰ ਕੇ ਹਰੇਕ ਬਸਤੀ ਵਿਚ ਅਟਕਦੇ ਤੇ ਉਹਨਾਂ ਗਰੀਬਾਂ ਨਾਲ ਸਾਂਝ

---

੧. ਇਸ ਦੱਖਣੀ ਇਲਾਕੇ ਵਿਚ ਵੱਸਣ ਤੇ ਮਜਬੂਰ ਹੋਏ ਲੋਕਾਂ ਸੰਬੰਧੀ ਮਹਾਂਭਾਰਤ ਵਿਚ ਇਉਂ ਕਥਾ ਦਰਜ ਹੈ—ਰਾਜਾ ਬਲਿ ਦੀ ਇਸਤ੍ਰੀ ਸੁਦੇਸ਼ਣ ਦੇ ਉਦਰ ਤੋਂ ਰਿਖੀ ਦੀਰਘਤਮਾ ਦੇ ਪੰਜ ਪੁੱਤਰ ਹੋਏ : ਅੰਗ, ਵੰਗ, ਕਲਿਗਾ, ਪੁੰਡ੍ਰ ਅਤੇ ਸੁਖ। ਸਮਾਂ ਪਾ ਕੇ ਇਹ ਪੰਜੇ ਆਪੋ ਆਪਣੇ ਇਲਾਕਿਆਂ ਦੇ ਰਾਜੇ ਬਣ ਗਏ। ਰਾਜਾ ਅੰਗ ਦੇ ਘਰ ਇਕ ਪੁੱਤਰ ਜੰਮਿਆ, ਜਿਸ ਦਾ ਨਾਮ ਵੇਣ ਰੱਖਿਆ ਗਿਆ। ਪਿਉ ਦੇ ਮਰਨ ਪਿਛੋਂ ਜਦੋਂ ਵੇਣ ਰਾਜਾ ਬਣਿਆ ਤਾਂ ਉਸ ਨੇ ਆਪਣੇ ਰਾਜ ਵਿਚ ਢੰਡੋਰਾ ਫਿਰਾ ਦਿੱਤਾ ਕਿ "ਕੋਈ ਆਦਮੀ ਅਹੂਤੀ ਬਲੀਦਾਨ ਆਦਿਕ ਦੇਵਤਿਆਂ ਨੂੰ ਕੁਝ ਨਾ ਦੇਵੇ, ਕੇਵਲ ਮੈਂ ਹੀ ਪੂਜਾ ਭੇਟਾ ਦਾ ਅਧਿਕਾਰੀ ਦੇਵਤਾ ਹਾਂ।" ਰਿਖੀਆਂ ਨੇ ਵੱਡੀ ਅਧੀਨਗੀ ਨਾਲ ਬੇਨਤੀ ਕੀਤੀ ਕਿ ਇਉਂ ਨਾ ਕਰੋ। ਪਰ ਵੇਣ ਨੇ ਇਕ ਨਾ ਮੰਨੀ! ਆਖ਼ਰ ਰਿਖੀਆਂ ਨੇ ਉਸ ਨੂੰ ਮੰਤ੍ਰਾਂ ਦੇ ਜ਼ੋਰ ਕੁਸ਼ਾ ਦੇ ਤੀਲਿਆਂ ਦੇ ਨਾਲ ਹੀ ਮਾਰ ਦਿੱਤਾ। ਵੇਣ ਦੇ ਘਰ ਕੋਈ ਪੁੱਤਰ ਨਹੀਂ ਸੀ। ਉਸ ਦਾ ਰਾਜ ਕੌਣ ਸਾਂਭੇ ? ਰਿਖੀਆਂ ਨੇ ਆਪੋ ਵਿਚ ਸਲਾਹ ਕੀਤੀ। ਮਿਰਤਕ ਵੇਣ ਦੇ ਪੱਟ ਨੂੰ ਮਲਿਓ ਨੇ। ਉਸ ਵਿਚੋਂ ਕਾਲਾ ਅਤੇ ਚੌੜੇ ਮੂੰਹ ਵਾਲਾ ਨਿੱਕਾ ਜਿਹਾ ਬਾਲ ਪੈਦਾ ਹੋਇਆ। ਰਿਖੀਆਂ ਨੇ ਉਸ ਨੂੰ ਆਖਿਆ—'ਨਿਸ਼ੀਦ' (ਭਾਵ, ਬੈਠ ਜਾ)। ਇਸ ਤੋਂ ਉਸ ਬਾਲਕ ਦਾ ਨਾਮ 'ਨਿਸ਼ਾਦ' ਪੈ ਗਿਆ। ਉਸ ਨਿਸ਼ਾਦ ਤੋਂ ਅਨੇਕਾਂ ਨਿਸ਼ਾਦ ਪੈਦਾ ਹੋਏ, ਜਿਹੜੇ ਦੱਖਣੀ ਪਰਬਤਾਂ ਵਿਚ ਰਹਿੰਦੇ ਹਨ। ਇਹ ਲੋਕ ਆਮ ਤੌਰ ਤੇ ਬਾਂਸ ਅਤੇ ਕਾਨਿਆਂ ਦਾ ਸਾਮਾਨ ਬਣਾ ਕੇ ਗੁਜ਼ਾਰਾ ਕਰਦੇ ਹਨ।

੨. ਦੱਖਣੀ ਭਾਰਤ ਦੇ ਇਹ ਜੰਗਲੀ ਭੀਲ ਨਿਸ਼ਾਦ ਕਿਰਾਤ ਲੋਕ ਆਮ ਤੌਰ ਤੇ ਛਨਿੱਛਰ, ਨਰਸਿੰਘ, ਕਾਰਤਿਕੇਯ, ਗਣੇਸ਼ ਅਤੇ ਮਹਾਂਦੇਵ ਦੀ ਪੂਜਾ ਕਰਦੇ ਹਨ। ਪਾਠਕਾਂ ਦੀ ਵਾਕਫ਼ੀਅਤ ਵਾਸਤੇ ਇਹਨਾਂ ਦੇਵਤਿਆਂ ਦਾ ਕੁਝ ਕੁ ਸਮਾਚਾਰ ਦੇਣਾ ਜ਼ਰੂਰੀ ਜਾਪਦਾ ਹੈ—

**ਛਨਿੱਛਰ ਦੇਵਤਾ**—ਸੂਰਜ ਨਾਮੀ ਰਾਜੇ ਦੇ ਅੱਠ ਪੁੱਤਰ ਸਨ। ਸਭ ਤੋਂ ਛੋਟਾ ਪੁੱਤਰ ਛਨਿੱਛਰ ਦੂਜੀ ਰਾਣੀ ਵਿਚੋਂ ਸੀ। ਉਹ ਬੜਾ ਕਾਲਾ, ਬਦ-ਸ਼ਕਲ ਤੇ ਮਹਾਂ ਦਰਿੱਦ੍ਰੀ ਸੀ। ਉਸ ਜ਼ਮਾਨੇ ਵਿਚ ਰਾਜਕੁਮਾਰਾਂ ਤੇ ਰਾਜਕੁਮਾਰੀਆਂ ਦੇ ਵਿਆਹ ਸੁਵੰਬਰ ਦੀ ਰੀਤ ਨਾਲ ਹੋਇਆ ਕਰਦੇ ਸਨ। ਰਾਜੇ ਸੂਰਜ ਦੇ ਵੱਡੇ ਸੱਤੇ ਪੁੱਤਰ ਵਿਆਹੇ ਗਏ, ਛਨਿੱਛਰ ਨੂੰ ਕਿਸੇ ਨੇ ਪਸੰਦ ਨਾ ਕੀਤਾ। ਉਸ ਦੀ ਮਾਂ ਨੇ ਉਸ ਦਾ ਰੰਗ ਵਿਖਾਣ ਲਈ ਉਸ ਦੇ ਪਿੰਡੇ ਉਤੇ ਸੰਧੂਰ ਮਲ ਦਿੱਤਾ, ਫਿਰ ਭੀ ਕਿਸੇ ਕੁੜੀ ਨੇ ਉਸ ਨੂੰ ਨਾ ਵਰ੍ਹਿਆ। ਰਾਜਾ ਸੂਰਜ ਦੇ ਮਰਨ ਤੇ ਛਨਿੱਛਰ ਦੀ ਮਾਂ ਸਤੀ ਹੋ ਗਈ। ਦਰਿੱਦ੍ਰੀ ਛਨਿੱਛਰ ਕਮਾਊ ਭੀ ਨਹੀਂ ਸੀ। ਉਸ ਦੇ ਵੱਡੇ ਸੱਤੇ ਭਰਾ ਜਿਹਾ ਜਿਹਾ ਅੰਨ ਇਕੱਠਾ ਕਰ ਕੇ ਉਸ ਨੂੰ ਦੇ ਦੇਂਦੇ ਸਨ, ਉਸ ਉਤੇ ਉਹ ਗੁਜ਼ਾਰਾ ☛

ਬਣਾਂਦੇ ਗਏ।

ਗੁਰੂ ਨਾਨਕ ਦੇਵ ਜੀ ਦਾ ਨਿਸ਼ਾਨਾ ਇਹ ਸੀ ਕਿ ਮਨੁੱਖਤਾ ਦੀ ਨੀਵੀਂ ਤੋਂ ਨੀਵੀਂ ਪੱਧਰ ਤੇ ਪਹੁੰਚੇ ਹੋਏ ਲੋਕਾਂ ਤਕ ਭੀ ਅੱਪੜਨਾ ਹੈ, ਤੇ ਉਹਨਾਂ ਨੂੰ ਜ਼ਿੰਦਗੀ ਦਾ ਸਹੀ ਰਸਤਾ ਵਿਖਾਣਾ ਹੈ।

---

☛ ਕਰ ਲੈਂਦਾ ਸੀ। ਭਰਜਾਈਆਂ ਨੇ ਉਸ ਦਾ ਨਾਮ 'ਸਤਨਾਜਾ ਖਾਣਾ' ਪਾ ਦਿੱਤਾ। ਘਿਉ ਦੇ ਥਾਂ ਉਸ ਨੂੰ ਤੇਲ ਮਿਲਦਾ ਸੀ, ਸੋਨੇ ਚਾਂਦੀ ਦੇ ਥਾਂ ਲੋਹੇ ਦੇ ਗਹਿਣੇ, ਪਹਿਨਣ ਨੂੰ ਪਾਟੇ ਪੁਰਾਣੇ ਕਪੜੇ, ਪਿੰਡੇ ਮਲਣ ਨੂੰ ਸੰਧੂਰ—ਬਸ! ਇਹੀ ਸੀ ਉਸ ਦਾ ਜੀਵਨ-ਨਿਰਬਾਹ।

ਪਰ ਛਨਿੱਛਰ ਬੜਾ ਸੰਤੋਖੀ ਸੀ। ਉਹ ਇਸੇ ਵਿਚ ਮਸਤ ਰਹਿ ਕੇ ਪਰਮੇਸ਼ਰ ਦਾ ਭਜਨ ਕਰਨ ਲੱਗ ਪਿਆ। ਉਸ ਦੇ ਬਚਨ ਸੱਤ ਹੋਣ ਲੱਗ ਪਏ। ਉਸ ਦੀ ਪੂਜਾ-ਮਾਨਤਾ ਸ਼ੁਰੂ ਹੋ ਗਈ। ਛਨਿੱਛਰ ਦੇ ਮਰਨ ਤੇ ਭੀ ਉਸ ਦੀ ਮੂਰਤੀ ਅਗੇ ਉਹੀ ਭੇਟਾ ਚੜ੍ਹਦੀ ਚਲੀ ਆ ਰਹੀ ਹੈ।

ਸੂਰਜ ਦੇਵਤੇ ਦੀ ਵਹੁਟੀ ਛਾਯਾ ਤੋਂ ਜਨਮ ਹੋਣ ਕਰਕੇ ਇਸ ਦਾ ਨਾਮ ਛਨਿੱਛਰ ਪਰਸਿੱਧ ਹੋਇਆ ਮੰਨਿਆ ਜਾਂਦਾ ਹੈ।

ਹਿੰਦੂ ਲੋਕ ੯ ਗ੍ਰਹਿਆਂ ਦੀ ਪੂਜਾ ਕਰਦੇ ਹਨ। ਉਹਨਾਂ ਵਿਚੋਂ ਇਕ ਗ੍ਰਹਿ ਛਨਿੱਛਰ ਹੈ। ਸੰਸਕ੍ਰਿਤ ਲਫ਼ਜ਼ ਹੈ 'ਸਨੈਚ-ਚਰ' (शनैः चर), ਭਾਵ, ਸਹਿਜੇ ਸਹਿਜੇ ਤੁਰਨ ਵਾਲਾ। ਇਕ ਰਾਸ਼ੀ ਵਿਚ ਢਾਈ ਸਾਲ ਰਹਿਣ ਕਰਕੇ, ਇਸ ਨੂੰ 'ਸ਼ਨੈਸਚਰ' (ਛਨਿੱਛਰ) ਆਖਿਆ ਜਾਂਦਾ ਹੈ। ਸੰਸਕ੍ਰਿਤ ਲਫ਼ਜ਼ 'ਗ੍ਰਹਿ' ਦਾ ਅਰਥ ਹੈ 'ਫੜ ਰੱਖਣਾ', ਭਾਵ, ਉਹ ਪਿੰਡ ਜਿਨ੍ਹਾਂ ਵਿਚ ਕਿਸੇ ਨੂੰ ਫੜ ਰੱਖਣ ਦੀ ਸ਼ਕਤੀ ਹੈ। ਆਮ ਤੌਰ ਤੇ ਇਹਨਾਂ ਦੀ ਗਿਣਤੀ ੯ ਮੰਨੀ ਜਾਂਦੀ ਹੈ—ਸੂਰਜ (Sun), ਚੰਦ੍ਰਮਾ (Moon), ਮੰਗਲ (Mars), ਬੁਧ (Mercury), ਬ੍ਰਿਹਸਪਤਿ (Jupiter), ਸ਼ੁੱਕ੍ਰ (Venus), ਸਨੈਚ-ਚਰ (Saturn), ਰਾਹੂ (Seizar) ਅਤੇ ਕੇਤੂ (Dragon's tail)।

ਪੁਰਾਣਾਂ ਵਿਚ ਹਿੰਦੂ-ਦੇਵਤਿਆਂ ਦੀਆਂ ਵੱਖ ਵੱਖ ਸਵਾਰੀਆਂ (ਵਾਹਨ), ਦੱਸੀਆਂ ਹੋਈਆਂ ਹਨ—

ਛਨਿੱਛਰ ਅਤੇ ਰਾਹੂ ਦੀ ਸਵਾਰੀ ਗਿਰਝ, ਸੂਰਜ ਦੀ ਸਵਾਰੀ ਸੱਤ ਘੋੜਿਆਂ ਵਾਲਾ ਰਥ, ਚੰਦ੍ਰਮਾ ਦੀ ਸਵਾਰੀ ਦਸ ਘੋੜਿਆਂ ਵਾਲਾ ਰਥ, ਮੰਗਲ ਅਤੇ ਅਗਨੀ ਦੀ ਸਵਾਰੀ ਮੇਢਾ, ਬੁਧ ਅਤੇ ਦੁਰਗਾ ਦੀ ਸਵਾਰੀ ਸ਼ੇਰ, ਬ੍ਰਹਮਾ ਅਤੇ ਸਰਸ੍ਵਤੀ ਦੀ ਸਵਾਰੀ ਹੰਸ, ਵਿਸ਼ਨੂੰ ਦੀ ਸਵਾਰੀ ਗਰੁੜ, ਸ਼ਿਵ ਦੀ ਸਵਾਰੀ ਬੈਲ (ਚਿੱਟਾ), ਗਣੇਸ਼ ਦੀ ਸਵਾਰੀ ਚੂਹਾ, ਇੰਦਰ ਦੀ ਸਵਾਰੀ ਹਾਥੀ ਅਤੇ ਘੋੜਾ, ਜਮ ਰਾਜ ਦੀ ਸਵਾਰੀ ਝੋਟਾ, ਕਾਰਤਿਕੇਯ ਦੀ ਸਵਾਰੀ ਮੋਰ, ਕਾਮਦੇਵ ਦੀ ਸਵਾਰੀ ਤੋਤਾ, ਕੁਬੇਰ ਦੀ ਸਵਾਰੀ ਨਰ, ਭੈਰਵ ਦੀ ਸਵਾਰੀ ਕੁੱਤਾ, ਸੀਤਲਾ ਦੀ ਸਵਾਰੀ ਖੋਤਾ, ਮਨਸ਼ਾ ਦੇਵੀ ਦੀ ਸਵਾਰੀ ਸੱਪ, ਲੱਛਮੀ ਦੀ ਸਵਾਰੀ ਕੰਨ ਖਜੂਰਾ ਇਤਿਆਦਿਕ।

**ਨਰਸਿੰਘ**—(ਵਿਸ਼ਨੂੰ ਦਾ ਚੌਥਾ ਅਵਤਾਰ)—ਇਸ ਦਾ ਅੱਧਾ ਸਰੀਰ ਨਰ (ਮਨੁੱਖ) ਦਾ ਅਤੇ ਅੱਧਾ ਸਿੰਘ (ਸ਼ੇਰ) ਦਾ ਸੀ। ਸਤਿਜੁਗ ਵਿਚ ਹਿਰੰਣ ਕਸ਼ਿਪ ਨੇ ਤਪ ਕਰ ਕੇ ਬ੍ਰਹਮਾ ਤੋਂ ਵਰ ☛

## ਪੰਨੇ ਵਿਚ ਨਰਸਿੰਘ ਦਾ ਮੰਦਰ

ਜਗਨਨਾਥ ਪੁਰੀ ਤੋਂ ਸਤਿਗੁਰੂ ਜੀ ਦ੍ਰਾਵਿੜ ਦੇਸ ਵਿਚੋਂ ਦੀ ਲੰਘ ਤੁਰੇ।

ਆਪਣੇ ਪ੍ਰੋਗਰਾਮ ਅਨੁਸਾਰ ਪਿੰਡ ਪਿੰਡ ਠਹਿਰਦੇ ਹੋਏ ਸਤਿਗੁਰੂ ਜੀ ਬੇਜ਼ਵਾੜੇ ਪਹੁੰਚੇ। ਬੇਜ਼ਵਾੜਾ ਪੁਰੀ ਤੋਂ ੪੦੦ ਮੀਲ ਦੇ ਕਰੀਬ ਹੈ। ਅੱਜ-ਕੱਲ੍ਹ

---

☛ ਲੈ ਲਿਆ ਕਿ ਮੈਨੂੰ ਦੇਵਤੇ, ਦੈਂਤ, ਗੰਧਰਬ, ਨਾਗ, ਮਨੁੱਖ ਆਦਿਕ ਕੋਈ ਨਾ ਮਾਰ ਸਕੇ, ਕੋਈ ਸ਼ਸਤ੍ਰ-ਅਸਤ੍ਰ ਭੀ ਮੇਰਾ ਘਾਤ ਨਾ ਕਰ ਸਕੇ, ਮੇਰੀ ਮੌਤ ਨਾ ਦਿਨੇ ਆਵੇ ਨਾ ਰਾਤ ਨੂੰ ਇਹ ਵਰ ਲੈ ਕੇ ਹਿਰੱਣ ਕਸ਼ਿਪ ਬੜਾ ਨਿਡਰ ਹੋ ਗਿਆ। ਦੇਵਤਿਆਂ ਨੂੰ ਦੁਖਾਣਾ ਸ਼ੁਰੂ ਕਰ ਦਿੱਤੋਸੁ। ਭਾਗਵਤ ਵਿਚ ਲਿਖਿਆ ਹੈ ਕਿ ਉਸ ਨੇ ਆਪਣੇ ਪੁੱਤਰ ਪ੍ਰਹਿਲਾਦ ਨੂੰ ਭੀ ਬੜਾ ਦੁੱਖ ਦੇਣਾ ਸ਼ੁਰੂ ਕਰ ਦਿੱਤਾ। ਪ੍ਰਹਿਲਾਦ ਵਿਸ਼ਨੂੰ ਦਾ ਭਗਤ ਸੀ। ਆਖ਼ਰ ਵਿਸ਼ਨੂੰ ਨੇ ਦੇਵਤਿਆਂ ਅਤੇ ਪ੍ਰਹਿਲਾਦ ਦੀ ਰੱਖਿਆ ਲਈ ਨਰਸਿੰਘ ਦਾ ਰੂਪ ਧਾਰਿਆ। ਹਿਰੱਣ ਕਸ਼ਿਪ ਨੂੰ ਆਪਣੇ ਨਹੁੰਆਂ ਨਾਲ ਮਾਰਿਓਸੁ, ਵੇਲਾ ਭੀ ਸੀ ਸੰਧਿਆ ਦਾ, ਜਦੋਂ ਨਾ ਦਿਨ ਸੀ ਨਾ ਰਾਤ।

**ਕਾਰਿਤੇਕਯ**—ਇਹ ਸ਼ਿਵ ਦਾ ਪੁੱਤਰ ਸੀ, ਇਸ ਦੇ ਛੇ ਮੂੰਹ ਸਨ। ਇਸ ਦੀ ਪਾਲਣਾ ਚੰਦ੍ਰਮਾ ਦੀ ਇਸਤ੍ਰੀ ਕ੍ਰਿੱਤਿਕਾ ਨੇ ਆਪਣੇ ਦੁੱਧ ਨਾਲ ਕੀਤੀ ਸੀ। ਇਸ ਲਈ ਇਸ ਦਾ ਨਾਮ ਕਾਰਤਿਕੇਯ ਪਰਸਿੱਧ ਹੋਇਆ। ਛੇ ਮੂੰਹਾਂ ਕਰਕੇ ਇਸ ਦਾ ਨਾਮ 'ਖੜਾਨਨ' ਭੀ ਹੈ। (ਖਟ-ਆਨਨ। ਖਟ—ਛੇ। ਆਨਨ—ਮੂੰਹ)। ਕਾਰਤਿਕੇਯ ਦੇਵਤਿਆਂ ਦਾ ਸੈਨਾਪਤੀ ਮੰਨਿਆ ਜਾਂਦਾ ਹੈ। ਤਾਰਕ ਨਾਮੀ ਇਕ ਦੈਂਤ ਨੂੰ ਮਾਰਨੇ ਲਈ ਇਸ ਦਾ ਜਨਮ ਹੋਇਆ ਸੀ।

**ਗਣੇਸ਼**—ਸਕੰਧ ਪੁਰਾਣ ਵਿਚ ਲਿਖਿਆ ਹੈ ਕਿ 'ਗਣ' ਇਕ ਦੈਂਤ ਸੀ, ਜੋ ਇਕ ਬ੍ਰਾਹਮਣ ਅਭਿਜਿਤ ਦੀ ਵਹੁਟੀ ਦੇ ਪੇਟੋਂ ਬ੍ਰਹਮਾ ਦੇ ਕਾਰਨ ਜੰਮਿਆ ਸੀ। ਇਸ ਦੈਂਤ ਨੂੰ ਗਣੇਸ਼ ਨੇ ਮਾਰਿਆ ਸੀ। 'ਗਣ' ਦੈਂਤ ਨੂੰ ਮਾਰਨ ਕਰਕੇ ਹੀ 'ਗਣੇਸ਼' ਨਾਮ ਪਰਸਿੱਧ ਹੋਇਆ ਸੀ। ਇਸ ਨੂੰ ਦੇਵਗਣਾਂ ਦਾ ਸੁਆਮੀ ਭੀ ਮੰਨਿਆ ਜਾਂਦਾ ਹੈ।

ਗਣੇਸ਼ ਦੇ ਜਨਮ ਬਾਰੇ ਬ੍ਰਹਮ ਵੈਵਰਤ ਪੁਰਾਣ ਵਿਚ ਲਿਖਿਆ ਹੈ ਕਿ ਵਿਸ਼ਨੂੰ ਦੇ ਵਰ ਨਾਲ ਪਾਰਬਤੀ ਦੇ ਘਰ ਪੁੱਤਰ ਜੰਮਿਆ। ਸਾਰੇ ਦੇਵਤੇ ਬਾਲਕ ਨੂੰ ਵੇਖਣ ਆਏ। ਜਦੋਂ ਸਾਰੇ ਦੇਵਤੇ ਬਾਲਕ ਨੂੰ ਵੇਖ ਕੇ ਪਰਸੰਨ ਹੋਏ ਤਾਂ ਪਾਰਬਤੀ ਨੇ ਛਨਿੱਛਰ ਨੂੰ ਵੀ ਬਾਲਕ ਵੇਖਣ ਲਈ ਆਖਿਆ। ਪਰ ਛਨਿੱਛਰ ਦੀ ਨਿਗਾਹ ਪੈਂਦਿਆਂ ਹੀ ਬਾਲਕ ਦਾ ਸਿਰ ਉੱਡ ਗਿਆ। ਪਾਰਬਤੀ ਰੋਣ ਲੱਗ ਪਈ। ਵਿਸ਼ਨੂੰ ਨੇ ਇਕ ਹਾਥੀ ਦਾ ਸਿਰ ਵੱਢ ਕੇ ਬਾਲਕ ਦੇ ਧੜ ਨਾਲ ਜੋੜ ਦਿੱਤਾ, ਉਸ ਬਾਲਕ ਦਾ ਨਾਮ ਗਣੇਸ਼ ਰੱਖ ਕੇ ਆਖਿਆ ਕਿ ਸਭ ਕਾਰਜਾਂ ਦੇ ਅਰੰਭ ਵਿਚ ਇਸ ਦੀ ਪੂਜਾ ਹੋਇਆ ਕਰੇਗੀ।

ਇਕ ਇਹ ਪ੍ਰਸੰਗ ਭੀ ਹੈ ਕਿ ਪਾਰਬਤੀ ਨੇ ਆਪਣੇ ਪਿੰਡੇ ਦੀ ਮੈਲ ਦਾ ਇਕ ਬਾਲਕ ਬਣਾ ਕੇ ਦਰਵਾਜ਼ੇ ਉਤੇ ਪਹਿਰੇ ਲਈ ਬਿਠਾ ਦਿੱਤਾ। ਜਦੋਂ ਸ਼ਿਵ ਜੀ ਆਏ ਤਾਂ ਉਸ ਬਾਲਕ ਨੇ ਅੰਦਰ ਲੰਘਣੋਂ ਰੋਕ ਦਿੱਤਾ। ਸ਼ਿਵ ਨੇ ਬਾਲਕ ਦਾ ਸਿਰ ਵੱਢ ਦਿੱਤਾ। ☛



WWW.SIKHBOOKCLUB.COM 

ਬੇਜ਼ਵਾੜਾ ਰੇਲ ਦਾ ਜੰਕਸ਼ਨ ਹੈ, ਕਲਕੱਤੇ ਤੋਂ ਮਦਰਾਸ ਨੂੰ ਜਾਣ ਵਾਲੀ ਲਾਈਨ ਉਤੇ। ਇਥੋਂ ਇਕ ਲਾਈਨ ਉੱਤਰੀ ਭਾਰਤ ਵੱਲ ਨਾਗਪੁਰ ਨੂੰ ਆਉਂਦੀ ਹੈ।

ਬੇਜ਼ਵਾੜੇ ਤੋਂ ਗੰਤੂਰ ਨੂੰ ਜਾਂਦੇ ਹੋਏ ਰਸਤੇ ਵਿਚ ਪੰਨੇ ਨਰਸਿੰਘ ਦੇ ਮੰਦਰ ਅੱਪੜੇ। ਉਸ ਮੰਦਰ ਵਿਚ ਆਦਮੀ ਦੇ ਕੱਦ ਜੇਡੀ, ਆਦਮੀ ਦੇ ਮੂੰਹ ਵਾਲੀ ਪੰਨੇ ਨਰਸਿੰਘ ਦੀ ਮੂਰਤੀ[1] ਬਣੀ ਹੋਈ ਹੈ। ਬੈਰਾਗੀ ਸਾਧ ਉਥੋਂ ਦੇ ਪੁਜਾਰੀ ਹਨ।

## ਕੁੜਾਪਾ

ਇਹਨਾਂ ਲੋਕਾਂ ਨੂੰ ਪਰਮਾਤਮਾ ਦੇ ਭਜਨ ਅਤੇ ਖ਼ਲਕਤ ਦੀ ਸੇਵਾ ਦਾ ਰਾਹ ਦੱਸ ਕੇ ਅਗਾਂਹ ਗੰਤੂਰ ਪਹੁੰਚੇ। ਗੰਤੂਰ ਬੇਜ਼ਵਾੜੇ ਤੋਂ ਤੀਹ ਕੁ ਮੀਲ ਦੱਖਣ-ਪੱਛਮ ਵਲ ਹੈ। ਗੰਤੂਰ ਤੋਂ ਲੰਘ ਕੇ ਕੁੜਾਪੇ ਪਹੁੰਚੇ, ਜੋ ਉਥੋਂ ੧੭੦ ਕੁ ਮੀਲਾਂ ਦੀ ਵਿੱਥ ਤੇ ਹੈ। ਕੁੜਾਪਾ ਪਨਾਰ ਨਦੀ ਦੇ ਸੱਜੇ ਪਾਸੇ ਹੈ ਅਤੇ ਪੂਨੇ ਤੋਂ ਮਦਰਾਸ ਨੂੰ ਜਾਣ ਵਾਲੀ ਰੇਲ ਦੀ ਲਾਈਨ ਉਤੇ ਸਟੇਸ਼ਨ ਹੈ। ਰਸਤੇ

---

☛ ਪਾਰਬਤੀ ਦਾ ਵਿਰਲਾਪ ਸੁਣ ਕੇ ਸ਼ਿਵ ਨੇ ਹਾਥੀ ਦਾ ਸਿਰ ਉਸ ਦੇ ਧੜ ਨਾਲ ਜੋੜ ਦਿਤਾ, ਤੇ ਨਾਮ ਗਣੇਸ਼ ਰਖ ਦਿਤਾ।

ਗਣੇਸ਼ ਦਾ ਇਕ ਵਾਰੀ ਇਕ ਦੈਂਤ ਗਜਮੁਖ ਨਾਲ ਜੁੱਧ ਹੋ ਪਿਆ। ਗਣੇਸ਼ ਨੇ ਗਜਮੁਖ ਨੂੰ ਤੀਰ ਨਾਲ ਵਿੰਨ੍ਹ ਕੇ ਚੂਹਾ ਬਣਾ ਲਿਆ ਅਤੇ ਆਪਣੀ ਸਵਾਰੀ ਹੇਠ ਰਖਿਆ।

ਗਣੇਸ਼ ਦਾ ਜਨਮ ਭਾਦਰੋਂ ਸੁਦੀ ੪ ਨੂੰ ਹੋਣਾ ਲਿਖਿਆ ਹੈ, ਤਾਹੀਏਂ ਭਾਦਰੋਂ ਸੁਦੀ ੪ ਨੂੰ ਗਣੇਸ਼ ਚਤੁਰਥੀ ਕਿਹਾ ਜਾਂਦਾ ਹੈ। ਮਾਘ ਸੁਦੀ ੪ ਵੀ ਗਣੇਸ਼-ਚਤੁਰਥੀ ਅਖਵਾਂਦੀ ਹੈ। ਗਣੇਸ਼ ਦੀਆਂ ਚਾਰ ਬਾਹਾਂ ਹਨ, ਜਿਨ੍ਹਾਂ ਵਿਚ ਗਣੇਸ਼, ਸੰਖ, ਚੱਕ੍ਰ, ਅੰਕੁਸ਼ ਅਤੇ ਪਦਮ (ਇਕ ਕਿਸਮ ਦਾ ਸ਼ਸਤ੍ਰ) ਰੱਖਦਾ ਹੈ। ਗਣੇਸ਼ ਦੀ ਪੂਜਾ ਦੱਖਣ ਵਿਚ ਸਭ ਦੇਸਾਂ ਤੋਂ ਵਧੀਕ ਹੈ।

੧. ਉਸ ਮੂਰਤੀ ਬਾਰੇ ਉਹ ਇਉਂ ਕਥਾ ਦੱਸਦੇ ਹਨ—ਇਕ ਆਦਮੀ ਪੰਨਾ, ਨਰਸਿੰਘ ਦਾ ਉਪਾਸ਼ਕ ਸੀ। ਇਕ ਵਾਰੀ ਭੀਲ ਉਸ ਨੂੰ ਫੜ ਕੇ ਜਾਨੋਂ ਮਾਰਨ ਲੱਗੇ। ਨਰਸਿੰਘ ਨੇ ਪਰਗਟ ਹੋ ਕੇ ਆਪਣੇ ਭਗਤ ਨੂੰ ਬਚਾ ਲਿਆ ਤੇ ਭੀਲ ਮਾਰ ਦਿੱਤੇ। ਫਿਰ ਉਸ ਨੇ ਪੰਨੇ ਤੋਂ ਪਾਣੀ ਪੀਣ ਲਈ ਮੰਗਿਆ। ਪੰਨੇ ਦੀ ਮਾਂ ਸ਼ਰਬਤ ਲੈ ਆਈ। ਨਰਸਿੰਘ ਨੇ ਅੱਧਾ ਪੀ ਕੇ ਬਾਕੀ ਦਾ ਛੱਡ ਦਿੱਤਾ, ਜੋ ਪੰਨੇ ਨੇ ਸਾਰੇ ਪਰਵਾਰ ਸਮੇਤ ਪੀਤਾ, ਤੇ ਸਭ ਨੂੰ ਦਿੱਬ-ਦ੍ਰਿਸ਼ਟੀ ਹੋ ਗਈ। ਉਸੇ ਵਕਤ ਦੇ ਉਹ ਸਾਰੇ ਪੱਥਰ ਬਣੇ ਹੋਏ ਹੁਣ ਤਕ ਖੜੇ ਹਨ। ਲੋਕ ਉਥੇ ਸ਼ਰਬਤ ਮੁੱਖਦੇ ਹਨ।



WWW.SIKHBOOKCLUB.COM 

ਵਿਚ ਸਤਿਗੁਰੂ ਜੀ ਨੂੰ ਅਨੇਕਾਂ ਐਸੇ ਲੋਕ ਮਿਲੇ, ਜਿਨ੍ਹਾਂ ਦੇ ਗਲਾਂ ਵਿਚ ਪੱਥਰ ਦੀਆਂ ਜੁੱਤੀਆਂ ਲਟਕਾਈਆਂ ਹੋਈਆਂ ਸਨ; ਮੱਥੇ ਉੱਤੇ, ਬਾਂਹਾਂ ਉਤੇ, ਛਾਤੀ ਉਤੇ ਚੰਦਨ ਨਾਲ ਜੁੱਤੀਆਂ ਦੇ ਨਿਸ਼ਾਨ ਬਣਾਏ ਹੋਏ ਸਨ। ਉਹ ਲੋਕ ਇਸ ਨੂੰ ਸ੍ਰੀ ਰਾਮਚੰਦਰ ਜੀ ਦੀ ਜੁੱਤੀ ਮੰਨਦੇ ਸਨ। ਉਹਨਾਂ ਦਾ ਇਹ ਵਿਸ਼ਵਾਸ ਸੀ ਕਿ ਜਿਸ ਮਨੁੱਖ ਦੇ ਪਾਸ ਇਹ ਜੁੱਤੀ ਹੈ, ਜਮ ਉਸ ਦੇ ਨੇੜੇ ਨਹੀਂ ਢੁਕ ਸਕਦਾ। ਗੁਰੂ ਨਾਨਕ ਦੇਵ ਜੀ ਨੇ ਉਹਨਾਂ ਨੂੰ ਇਸ ਵਹਿਮ-ਭਰਮ ਵਲੋਂ ਹਟਾ ਕੇ ਪਰਮਾਤਮਾ ਦੇ ਸਿਮਰਨ ਵਲ ਪ੍ਰੇਰਿਆ। ਅਨੇਕਾਂ ਬੰਦੇ ਗਣੇਸ਼ ਦੇ ਉਪਾਸ਼ਕ ਭੀ ਵੇਖਿਓ ਨੇ, ਜੋ ਉਸ ਦੀ ਮੂਰਤੀ ਨੂੰ ਛਾਤੀ ਉਤੇ ਲਟਕਾਈ ਫਿਰਦੇ ਸਨ। ਉਹ ਲੋਕ ਗਣੇਸ਼ ਨੂੰ ਧਨ, ਪੁੱਤਰ ਆਦਿਕ ਸਭ ਕੁਝ ਦੇਣ ਵਾਲਾ ਮੰਨਦੇ ਸਨ। ਸਤਿਗੁਰੂ ਜੀ ਨੇ ਉਹਨਾਂ ਨੂੰ ਭੀ ਇਕ ਕਰਤਾਰ ਵੱਲ ਪ੍ਰੇਰਿਆ।

ਹਾੜ ਸੁਦੀ ੨ ਨੂੰ ਸਤਿਗੁਰੂ ਜੀ ਜਗਨਨਾਥ ਪੁਰੀ ਸਨ, ਉਥੋਂ ਦੀਵਾਲੀ ਦੇ ਮੌਕੇ ਤੇ ਕੁੜਾਪੇ ਅੱਪੜੇ। ਰਸਤੇ ਵਿਚ ਚਾਰ ਕੁ ਮਹੀਨੇ ਲੱਗੇ। ਛੇ ਕੁ ਸੌ ਮੀਲਾਂ ਦਾ ਪੈਂਡਾ ਸੀ। ਚਾਰ ਸਾਢੇ ਚਾਰ ਮੀਲ ਰੋਜ਼ਾਨਾ ਸਫ਼ਰ ਦੀ ਔਸਤ ਬਣੀ। ਇਹ ਦੀਵਾਲੀ ਸੰਨ ੧੫੧੦ ਦੀ ਸੀ। ਅਕਤੂਬਰ ਦੀ ਤਕਰੀਬਨ ੧੦ ਤਰੀਕ। ਸੰਨ ੧੫੦੯ ਦੀ ਦੀਵਾਲੀ ਨੂੰ ਸਤਿਗੁਰੂ ਜੀ ਆਸਾਮ ਦੇਸ ਦੇ ਨਗਰ ਗੋਹਾਟੀ ਵਿਚ ਸਨ। ਗੋਹਾਟੀ ਤੋਂ ਕੁੜਾਪੇ ਤਕ ਡੇਢ ਕੁ ਹਜ਼ਾਰ ਮੀਲ ਪੈਂਡਾ ਹੈ। ਕੁੜਾਪੇ ਵਿਚ ਗੁਰੂ ਨਾਨਕ ਦੇਵ ਜੀ ਦੀ ਧਰਮਸਾਲਾ ਮੌਜੂਦ ਹੈ।

### ਕੌਡਾ—ਭੀਲ

ਸਿੱਖ ਕੌਮ ਦਾ ਬੱਚਾ ਬੱਚਾ ਕੌਡੇ ਦਾ ਨਾਮ ਜਾਣਦਾ ਹੈ। ਪਰ ਅਸੀ ਇਸ ਨੂੰ ਰਾਖਸ਼ ਆਖ ਕੇ ਅਨਭੋਲ ਜਿਹੇ ਉਹੀ ਗ਼ਲਤੀ ਕਰ ਰਹੇ ਹਾਂ, ਜੋ ਅੱਜ ਤੋਂ ਸਦੀਆਂ ਪਹਿਲਾਂ ਆਰੀਆ ਲੋਕ ਜਾਣ-ਬੁੱਝ ਕੇ ਕਰ ਰਹੇ ਸਨ। ਸਾਰੀ ਖ਼ਲਕਤ ਵਿਚ ਇੱਕ ਕਰਤਾਰ ਨੂੰ ਵੇਖਣ ਵਾਲੇ ਅਤੇ ਨੀਵੇਂ ਤੋਂ ਨੀਵਾਂ ਜੀਵਨ ਬਤੀਤ ਕਰਨ ਉਤੇ ਮਜਬੂਰ ਕੀਤੇ ਹੋਏ ਬੰਦਿਆਂ ਨਾਲ ਵੀ ਪਿਆਰ ਕਰਨ ਵਾਲੇ ਗੁਰੂ ਨਾਨਕ ਪਾਤਿਸ਼ਾਹ ਦੇ ਨਾਮ-ਲੇਵਾ ਸਿੱਖ ਨੂੰ ਇਹ ਨਹੀਂ ਸੋਭਦਾ ਕਿ ਉਹ ਭੀ ਭੀਲਾਂ ਨੂੰ ਰਾਖਸ਼ ਆਖੇ। ਕਿਸ ਦਾ ਜੀਅ ਕਰਦਾ ਹੈ ਭੁੱਖ ਨਾਲ ਮਰਨ ਤੇ ? ਭੀਲ ਕਿਰਾਤ ਦ੍ਰਾਵਿੜੀ ਭੀ ਸਾਡੇ ਵਰਗੇ ਮਨੁੱਖ ਹਨ। ਜਦੋਂ ਉਹਨਾਂ ਨੂੰ ਅੰਨ-ਉਪਜਾਊ ਧਰਤੀ ਤੋਂ ਨਿਕਲਣ ਤੇ ਮਜਬੂਰ ਕੀਤਾ ਗਿਆ, ਤੇ ਇਸ ਤਰ੍ਹਾਂ ਭੁੱਖ ਤੇ ਮੌਤ ਦਾ ਟਾਕਰਾ ਕਰਨਾ ਪਿਆ, ਤਾਂ ਉਹ ਇਸ ਤੋਂ ਛੁਟ ਹੋਰ

ਕੀ ਕਹਦੇ ਕਿ ਜਦੋਂ ਕਦੇ ਆਰੀਆ ਲੋਕਾਂ ਵਿਚੋਂ ਕੋਈ ਬੰਦਾ ਉਹਨਾਂ ਦੇ ਢਹੇ ਚੜ੍ਹ ਜਾਏ, ਤਾਂ ਉਸ ਦੇ ਮਾਸ ਨਾਲ ਹੀ ਆਪਣੇ ਭੁੱਖੇ ਢਿੱਡ ਨੂੰ ਝੁਲਕਾ ਦੇ ਲੈਣ ?

ਪਰ ਵੇਖੋ ਦਲੇਰੀ ਤੇ ਮਨੁੱਖੀ ਪਿਆਰ ਗੁਰੂ ਨਾਨਕ ਪਾਤਿਸ਼ਾਹ ਦਾ। ਇਹ ਦੋ ਪਿਆਰ ਭਰੇ ਦਿਲ ਵਾਲੇ ਜੀਊੜੇ ਮਾਣਸ-ਖਾਣੇ ਬੰਦਿਆਂ ਨਾਲ ਪਿਆਰ ਕਰਨ ਲਈ, ਉਹਨਾਂ ਦੇ ਸੈਂਕੜੇ ਮੀਲਾਂ ਦੇ ਜੰਗਲੀ ਪਹਾੜੀ ਬੰਜਰ ਦੇਸ ਵਿਚੋਂ ਦੀ ਲੰਘਦੇ ਹਨ। ਜਿਵੇਂ ਐਮਨਾਬਾਦ ਤੋਂ ਤੁਰ ਕੇ, ਪਿੰਡ ਪਿੰਡ ਅਟਕ ਕੇ ਸਹੀ ਮਨੁੱਖਤਾ ਦਾ ਪਰਚਾਰ ਕਰਦੇ ਆ ਰਹੇ ਸਨ, ਤਿਵੇਂ ਭੀਲਾਂ ਦੇ ਹਰੇਕ ਪਿੰਡ ਵਿਚ ਭੀ ਭਾਈ ਮਰਦਾਨੇ ਦੀ ਵੱਜਦੀ ਰਬਾਬ ਨਾਲ ਆਪਣੀ ਮਿੱਠੀ ਸੁਰ ਜੋੜ ਕੇ ਗੁਰੂ ਨਾਨਕ ਪਾਤਿਸ਼ਾਹ ਨੇ ਕੀਰਤਨ ਦੀ ਰਾਹੀਂ ਉਹਨਾਂ ਲੋਕਾਂ ਦੀ ਸੁਰਤ ਉੱਚੀ ਕੀਤੀ।

ਕਈ ਥਾਈਂ ਜਿੰਦ ਉਤੇ ਵਾਰ ਕਰਨ ਲਈ ਭੀਲਾਂ ਦਾ ਆਉਣਾ ਕੁਦਰਤੀ ਸੀ। ਪਰ ਸੂਰਮੇ ਮਰਦ ਦੇ ਚਿਹਰੇ ਉਤੇ ਰੱਬੀ ਨੂਰ ਤੇ ਖ਼ਲਕਤ ਦੇ ਪਿਆਰ ਦੀ ਝਲਕ ਵੇਖ ਕੇ ਉਹਨਾਂ ਲੋਕਾਂ ਦੇ ਸਿਰ ਨਿਊਂ ਜਾਣੇ ਭੀ ਕੁਦਰਤੀ ਗੱਲ ਸੀ। ਅਨੇਕਾਂ ਭੀਲ ਆਏ, ਦਰਸ਼ਨ ਕਰ ਕੇ ਤੇ ਰੱਬੀ ਸੁਨੇਹਾ ਸੁਣ ਕੇ ਸੁਭਾਗੇ ਬਣਦੇ ਗਏ। ਪਰ ਸਭ ਤੋਂ ਵੱਡੀ ਸੁਭਾਗਤਾ ਕੌਡੇ ਦੇ ਹਿੱਸੇ ਆਉਣੀ ਸੀ, ਜਿਸ ਦਾ ਨਾਮ ਗੁਰੂ ਨਾਨਕ ਪਾਤਿਸ਼ਾਹ ਦੇ ਚਰਨਾਂ ਦੀ ਬਰਕਤ ਨਾਲ ਸਦਾ ਲਈ ਅਟੱਲ ਹੋ ਗਿਆ।

ਸਿੱਖ-ਇਤਿਹਾਸ ਲਿਖਦਾ ਹੈ ਕਿ ਜਦੋਂ ਗੁਰੂ ਨਾਨਕ ਦੇਵ ਜੀ ਭੀਲਾਂ ਦੇ ਇਲਾਕੇ ਵਿਚੋਂ ਦੀ ਲੰਘਦੇ ਹੋਏ ਕਿਤੇ ਉਜਾੜ ਜਿਹੀ ਵਿਚ ਪਹੁੰਚੇ, ਮਰਦਾਨਾ ਕਿਸੇ ਕਾਰਨ ਸਤਿਗੁਰੂ ਜੀ ਤੋਂ ਰਤਾ ਲਾਂਭੇ ਦੁਰੇਡਾ ਚਲਾ ਗਿਆ, ਤਾਂ ਕੌਡੇ ਨੇ ਉਸ ਨੂੰ ਫੜ ਲਿਆ। ਮਰਦਾਨੇ ਦੇ ਕੁਝ ਚਿਰ ਨਾ ਪਹੁੰਚਣ ਤੇ ਗੁਰੂ ਨਾਨਕ ਦੇਵ ਜੀ ਨੇ ਉਸ ਦੀ ਭਾਲ ਕੀਤੀ। ਉਹ ਇਸ ਇਲਾਕੇ ਦੇ ਸਾਰੇ ਖ਼ਤਰਿਆਂ ਨੂੰ ਜਾਣਦੇ ਸਨ। ਭਾਲ ਕਰਦਿਆਂ ਸਤਿਗੁਰੂ ਜੀ ਨੇ ਮਰਦਾਨੇ ਨੂੰ ਕੌਡੇ ਦੇ ਕਬਜ਼ੇ ਵਿਚ ਜਾ ਲੱਭਾ। ਕੌਡਾ ਮਨੁੱਖਤਾ ਦੀ ਅੱਤ ਨੀਵੀਂ ਪੱਧਰ ਤੇ ਅੱਪੜ ਚੁੱਕਾ ਹੋਇਆ ਸੀ, 'ਸਾਊ' ਸਮਾਜ ਦਾ ਜੇ ਕੋਈ ਭੁੱਲਿਆ-ਭਟਕਿਆ ਬੰਦਾ ਉਸ ਦੇ ਤ੍ਰੇਟੇ ਚੜ੍ਹਦਾ ਸੀ, ਤਾਂ ਉਸ ਨੂੰ ਮਾਰ ਕੇ ਖਾਣੋਂ ਭੀ ਫ਼ਰਕ ਨਹੀਂ ਸੀ ਕਰਦਾ। ਪਰ ਗੁਰੂ ਨਾਨਕ ਦੇਵ ਜੀ ਦੇ ਚਿਹਰੇ ਦਾ ਜਲਾਲ ਤੱਕ ਕੇ ਉਸ ਦੇ ਦਿਲ ਦੀ ਕਠੋਰਤਾ ਦੂਰ ਹੋ ਗਈ। ਸਤਿਗੁਰੂ ਜੀ ਨੇ ਉਸ ਨੂੰ 'ਸਾਊ' ਸਮਾਜ

ਦੇ ਅੱਨਿਆਇ-ਭਰੇ ਸਲੂਕ ਦਾ ਮਰਦਾਂ ਵਾਂਗ ਟਾਕਰਾ ਕਰਨ ਦੇ ਰਾਹੇ ਪਾਇਆ, ਤੇ ਆਦਮ-ਖ਼ੋਰੀ ਦੇ ਘੋਰ ਕੁਕਰਮ ਵਲੋਂ ਹਟਾਇਆ।

**ਪਾਠਕ ਸੱਜਣ**—ਕੌਡੇ ਭੀਲ ਦੀ ਸਾਖੀ ਸਿੱਖ-ਇਤਿਹਾਸ ਵਿਚ ਇਕ ਅਦੁੱਤੀ ਚਾਨਣ-ਮੁਨਾਰਾ ਹੈ। ਜੰਗਲੀ ਪਹਾੜੀ ਖ਼ਤਰੇ-ਭਰਿਆ ਇਲਾਕਾ, ਆਪਣੇ ਵਤਨ ਤੋਂ ਹਜ਼ਾਰਾਂ ਮੀਲਾਂ ਦੀ ਵਿੱਥ, ਓਪਰੇ ਲੋਕ, ਨਾ ਕਿਸੇ ਨਾਲ ਜਾਣ ਨਾ ਪਛਾਣ, ਆਦਮ-ਖ਼ੋਰ ਡਾਕੂਆਂ ਤੋਂ ਹਰ ਵੇਲੇ ਜਿੰਦ ਉਤੇ ਵਾਰ ਹੋਣ ਦੀ ਸੰਭਾਵਨਾ, ਸਾਥੀ ਦਾ ਉਹਨਾਂ ਦੇ ਕਾਬੂ ਆ ਜਾਣਾ, ਜਿਨ੍ਹਾਂ ਅਜਿਹੇ ਘੋਰ ਨਿਰਦਈ ਡਾਕੂਆਂ ਨੂੰ ਫੜਨ ਲਈ ਦੇਸਾਂ ਦੀਆਂ ਸਰਕਾਰਾਂ, ਪੁਲਸ ਤੇ ਫ਼ੌਜ ਦੇ ਜਥੇ ਭੇਜ ਕੇ ਸਫ਼ਲਤਾ ਦੀ ਆਸ ਨਾ ਰੱਖਣ, ਉਹਨਾਂ ਦੇ ਕਬਜ਼ੇ ਵਿਚੋਂ ਮਰਦਾਨੇ ਨੂੰ ਲੱਭਣ ਲਈ ਸੂਰਮੇ ਮਰਦ ਗੁਰੂ ਨਾਨਕ ਪਾਤਿਸ਼ਾਹ ਦਾ ਇਕੱਲੇ ਹੀ ਬੇ-ਹਥਿਆਰੇ ਉਹਨਾਂ ਦੇ ਖ਼ਤਰਨਾਕ ਗੜ੍ਹ ਵਲ ਤੁਰ ਪੈਣਾ—ਇਹ ਇਕ ਐਸੀ ਬੇ-ਮਿਸਾਲ ਨਿਰਭੈਤਾ ਤੇ ਸੂਰਮਤਾ ਹੈ ਜਿਸ ਦਾ ਗੁਰੂ ਨਾਨਕ ਪਾਤਿਸ਼ਾਹ ਦੇ ਹਰੇਕ ਨਾਮ-ਲੇਵਾ ਸਿੱਖ ਨੂੰ ਸਦਾ ਫ਼ਖ਼ਰ ਰਹਿਣਾ ਚਾਹੀਦਾ ਹੈ। ਉਹ ਕਿਹੜਾ ਹਥਿਆਰ ਸੀ ਜਿਸ ਦਾ ਸਦਕਾ ਸਤਿਗੁਰੂ ਜੀ ਇਕ ਅੱਤ ਭਿਆਨਕ ਖ਼ਤਰੇ ਦਾ ਟਾਕਰਾ ਕਰਨ ਤੁਰ ਪਏ ਸਨ? ਵੈਰ ਨੂੰ ਵੈਰ ਨਹੀਂ ਕੱਟ ਸਕਦਾ। ਨਿਰਦਇਤਾ ਨੂੰ ਨਿਰਦਇਤਾ ਨਹੀਂ ਜਿੱਤ ਸਕਦੀ। ਗੁਰੂ ਨਾਨਕ ਪਾਤਿਸ਼ਾਹ ਪਾਸ ਸਰਬ-ਵਿਆਪੀ ਖ਼ਾਲਕ ਦੀ ਯਾਦ ਅਤੇ ਉਸ ਦੀ ਖ਼ਲਕਤ ਨਾਲ ਪਿਆਰ ਹਮਦਰਦੀ ਦੀ ਢਾਲ ਸੀ।

## ਕੁੜਾਪੇ ਤੋਂ ਰਾਮੇਸ਼੍ਵਰ ਤਕ

ਕੁੜਾਪੇ ਤੋਂ ਰਾਮੇਸ਼੍ਵਰ ਤਕਰੀਬਨ ਸਵਾ ਚਾਰ ਸੌ ਮੀਲ ਹੈ। ਗੁਰੂ ਨਾਨਕ ਦੇਵ ਜੀ ਨੇ ਸੰਨ ੧੫੧੦ ਦੀ ਦੀਵਾਲੀ ਤੋਂ ਪਿੱਛੋਂ ਰਾਮੇਸ਼੍ਵਰ ਦਾ ਰੁਖ਼ ਕੀਤਾ। ਰਾਮੇਸ਼੍ਵਰ ਤਕ ਪੂਰਬੀ ਸਮੁੰਦਰ ਦੇ ਕੰਢੇ ਕੰਢੇ ਭੀਲ ਨਿਸ਼ਾਦ ਲੋਕ ਹੀ ਵੱਸਦੇ ਸਨ। ਇਹਨਾਂ ਲੋਕਾਂ ਵਿਚ ਭੀ ਕਿਤੇ ਕਿਤੇ ਜੋਗੀਆਂ ਨੇ ਆਪਣੇ ਮਠ ਬਣਾਏ ਹੋਏ ਸਨ। ਰਮਤੇ ਜੋਗੀ ਹਿਮਾਲਾ ਪਰਬਤ ਤੋਂ ਲੈ ਕੇ ਰਾਮੇਸ਼੍ਵਰ ਤਕ ਚੱਕਰ ਲਾ ਆਉਂਦੇ ਸਨ। ਹਰ ਥਾਂ ਉਸ ਭੇਖ ਦੀ ਪੂਜਾ-ਮਾਨਤਾ ਹੁੰਦੀ ਸੀ।

ਕੁੜਾਪੇ ਤੋਂ ਅਗਾਂਹ ਪਾਲੀਪੁਰ (Palipore) ਜੋਗੀਆਂ ਦਾ ਮਠ ਸੀ। ਉਥੇ ਟਿਕੇ ਹੋਏ ਕਈ ਜੋਗੀ ਅੱਗੇ ਭੀ ਗੁਰੂ ਨਾਨਕ ਦੇਵ ਜੀ ਨੂੰ ਤਲਵੰਡੀ



WWW.SIKHBOOKCLUB.COM 

ਦੀ ਬਾਰ ਵਿਚ ਤੇ ਗੋਰਖਮਤੇ ਆਦਿਕ ਅਸਥਾਨਾਂ ਤੇ ਮਿਲ ਚੁਕੇ ਹੋਏ ਸਨ। ਜਿਥੇ ਕਿਤੇ ਭੀ ਜੋਗੀ ਸਤਿਗੁਰੂ ਜੀ ਨੂੰ ਮਿਲਦੇ ਸਨ, ਤੁਰਤ ਚਰਚਾ ਛੇੜ ਦੇਂਦੇ ਸਨ, ਜਾਂ ਕੋਈ ਅੜਾਉਣੀ ਪੇਸ਼ ਕਰ ਦੇਂਦੇ ਸਨ। ਉਹਨਾਂ ਦਾ ਭਾਵ ਸਦਾ ਇਹ ਹੁੰਦਾ ਸੀ ਕਿ ਆਪਣੇ ਸੇਵਕਾਂ ਸ਼ਰਧਾਲੂਆਂ ਦੇ ਸਾਮ੍ਹਣੇ ਕਿਸੇ ਤਰ੍ਹਾਂ ਅਸੀ ਗੁਰੂ ਨਾਨਕ ਦੇਵ ਜੀ ਦੀ ਹੇਠੀ ਵਿਖਾ ਸਕੀਏ, ਤਾਕਿ ਸਾਡੇ ਸੇਵਕਾਂ ਦੇ ਮਨਾਂ ਵਿਚ ਸਾਡੇ ਵਾਸਤੇ ਹੋਰ ਉੱਚੀ ਥਾਂ ਬਣ ਸਕੇ।

ਸਿੱਖ-ਇਤਿਹਾਸ ਲਿਖਦਾ ਹੈ ਕਿ ਪਾਲੀਪੁਰ ਦੇ ਜੋਗੀਆਂ ਨੇ ਸਤਿਗੁਰੂ ਜੀ ਨੂੰ ਤਿਲਾਂ ਦਾ ਇਕ ਦਾਨਾ ਭੇਟ ਕੀਤਾ। ਮਨ ਵਿਚ ਧਾਰਿਓ ਨੇ ਕਿ ਵੇਖੀਏ ਇਹ ਇੱਕ ਦਾਣਾ ਸਭਨਾਂ ਵਿਚ ਕਿਵੇਂ ਵਰਤਾਂਦੇ ਹਨ। ਗੁਰੂ ਨਾਨਕ ਦੇਵ ਜੀ ਨੇ ਤਿਲਾਂ ਦਾ ਉਹ ਦਾਣਾ ਪਾਣੀ ਵਿਚ ਘੁਟਵਾ ਕੇ ਸਭ ਨੂੰ ਵੰਡ ਦਿਤਾ। ਉਥੇ ਹੁਣ ਸਤਿਗੁਰੂ ਜੀ ਦਾ 'ਤਿਲਗੰਜੀ' ਨਾਮਕ ਅਸਥਾਨ ਬਣਿਆ ਹੋਇਆ ਹੈ।

ਪਾਲੀਪੁਰ ਤੋਂ ਤਿਰੂਪਤੀ, ਕਾਂਜੀ ਵਰਮ[1], ਪਾਂਡੀਚਰੀ, ਕੁੰਭਕੋਨਮ, ਤੰਜੋਰ, ਤ੍ਰਿਚਨਾਪਲੀ[2], ਪਾਲਮ-ਕੋਟਾ ਆਦਿਕ ਨਗਰਾਂ ਤੋਂ ਹੁੰਦੇ ਹੋਏ ਸਤਿਗੁਰੂ ਜੀ ਮਦੂਰੇ ਪਹੁੰਚੇ। ਪਾਲਮ-ਕੋਟੇ ਗਣੇਸ਼ ਦਾ ਜਨਮ ਹੋਇਆ ਮੰਨਿਆ ਜਾਂਦਾ ਹੈ। ਮਦੂਰੇ ਵਿਚ ਮੀਨਾਖੀ ਦੇਵੀ ਦਾ ਬੜਾ ਪਰਸਿੱਧ ਮੰਦਰ ਹੈ।

ਤੰਜੋਰ ਪਾਂਡੀਚਰੀ ਤੋਂ ਸੌ ਕੁ ਮੀਲ ਦੱਖਣ-ਪੱਛਮ ਪਾਸੇ ਹੈ। ਇਥੋਂ ਦੇ ਲੋਕ ਵਿਸ਼ਨੂੰ ਦੀ ਮੂਰਤੀ 'ਪਦਮਨਾਭਿ' ਦੀ ਪੂਜਾ ਕਰਦੇ ਸਨ। ਇਕ ਮੰਦਰ ਬਣਿਆ ਹੋਇਆ ਸੀ, ਜਿਸ ਵਿਚ ਪਦਮਨਾਭਿ ਦੀ ੧੮ ਗਜ਼ ਲੰਮੀ ਮੂਰਤੀ ਬਣੀ ਹੋਈ ਸੀ। ਗੁਰੂ ਨਾਨਕ ਦੇਵ ਜੀ ਨੇ ਲੋਕਾਂ ਨੂੰ ਮੂਰਤੀ-ਪੂਜਾ ਵਲੋਂ ਹਟਾ ਕੇ ਇਕ ਪਰਮਾਤਮਾ ਦੀ ਭਗਤੀ ਵੱਲ ਪ੍ਰੇਰਿਆ, ਜੋ ਸਭ ਜੀਵਾਂ ਵਿਚ

---

੧. ਕਾਂਜੀ ਵਰਮ ਦਾ ਪੁਰਾਣਾ ਨਾਮ ਕਾਂਚੀ ਸੀ। ਕਾਂਚੀ ਹਿੰਦੂਆਂ ਦੀਆਂ ਸੱਤ ਪਵਿੱਤਰ ਪੁਰੀਆਂ ਵਿਚੋਂ ਇਕ ਪੁਰੀ ਹੈ। ਭਾਈ ਗੁਰਦਾਸ ਜੀ ਨੇ ਇਸ ਨੂੰ ਕਾਂਤੀ ਲਿਖਿਆ ਹੈ।

੨. ਤ੍ਰਿਚਨਾਪਲੀ ਤੰਜੋਰ ਤੋਂ ੩੪ ਮੀਲ ਪੱਛਮ ਵਲ ਹੈ। ਇਸ ਇਲਾਕੇ ਦੇ ਲੋਕ ਭੀ ਵਿਸ਼ਨੂੰ ਦੀ ਮੂਰਤੀ ਦੇ ਉਪਾਸ਼ਕ ਸਨ। ਤ੍ਰਿਚਨਾਪਲੀ ਤੋਂ ਦੋ ਮੀਲ ਉੱਤਰ ਦੇ ਰੁਖ਼ ਕਾਵੇਰੀ ਨਦੀ ਦੇ ਦ੍ਵੀਪ ਵਿਚ ਇਕ ਬਸਤੀ ਹੈ, ਜਿਸ ਵਿਚ ਵਿਸ਼ਨੂੰ ਦਾ ਮੰਦਰ ਹੈ, ਉਸ ਨੂੰ 'ਸ੍ਰੀ ਰੰਗ' ਦਾ ਮੰਦਰ ਆਖਦੇ ਹਨ। ਇਸ ਮੰਦਰ ਦੀਆਂ ਸੱਤ ਕੰਧਾਂ ਹਨ। ਬਾਹਰ ਦੀ ਕੰਧ ੧੦੨੪ ਗਜ਼ ਲੰਮੀ ਅਤੇ ੮੪੦ ਗਜ਼ ਚੌੜੀ ਹੈ। ਸਾਰੇ ਭਾਰਤ ਦੇ ਹਿੰਦੂ-ਮੰਦਰਾਂ ਨਾਲੋਂ ਇਸ ਮੰਦਰ ਦੇ ਗਹਿਣੇ ਅਤੇ ਰਤਨ ਵਧੀਕ ਕੀਮਤੀ ਹਨ।



WWW.SIKHBOOKCLUB.COM 

ਵਿਆਪਕ ਹੈ।

ਤੰਜੌਰ ਵਿਚ ਗੁਰੂ ਨਾਨਕ ਸਾਹਿਬ ਜੀ ਦੀ ਧਰਮਸਾਲ ਬਣੀ ਹੋਈ ਹੈ।

## ਰਾਮੇਸ਼੍ਵਰ

ਮਦੂਰੇ ਤੋਂ ਰਾਮੇਸ਼੍ਵਰ ਇਕ ਸੌ ਮੀਲ ਦੇ ਕਰੀਬ ਦੱਖਣ-ਪੂਰਬ ਪਾਸੇ ਪਾਮਬਨ ਦ੍ਵੀਪ ਵਿਚ ਇਕ ਪਰਸਿੱਧ ਹਿੰਦੂ-ਮੰਦਰ ਹੈ, ਜ਼ਿਲਾ ਰਾਮਾਨਾਦ। ਹਿੰਦੂਆਂ ਦਾ ਨਿਸ਼ਚਾ ਹੈ ਕਿ ਇਥੇ ਸ੍ਰੀ ਰਾਮਚੰਦਰ ਜੀ ਨੇ ਪੁਲ ਬੰਨ੍ਹਣ ਸਮੇਂ ਸ਼ਿਵਲਿੰਗ ਅਸਥਾਪਨ ਕੀਤਾ ਸੀ। ਉਸ ਮੰਦਰ ਦੇ ਨਾਮ ਦੇ ਇਲਾਕੇ ਦੀ ਵ੍ਯਾਤੀ ਦਾ ਨਾਮ ਭੀ ਰਾਮੇਸ਼੍ਵਰ ਹੀ ਹੈ। ਮੰਦਰ ੧੦੦ ਫ਼ੁਟ ਉੱਚਾ ਹੈ ਅਤੇ ਸ਼ਿਵਲਿੰਗ[1] ੧੬ ਉਂਗਲ ਉੱਚਾ ਕਾਲੇ ਪੱਥਰ ਦਾ।

---

੧. ੧੨ ਪਰਸਿੱਧ ਅਸਥਾਨ ਹਨ, ਜਿਥੇ ਸ਼ਿਵਲਿੰਗ ਅਸਥਾਪਨ ਕੀਤਾ ਹੋਇਆ ਹੈ—੧. ਲੰਕਾ ਦੇ ਪੁਲ (ਸੇਤੁਬੰਧ) ਕੋਲ 'ਰਾਮੇਸ਼੍ਵਰ'। ੨. ਕਾਸ਼ੀ ਵਿਚ 'ਵਿਸ਼ੇਸ਼੍ਵਰ'। ੩. ਗੋਦਾਵਰੀ ਦੇ ਕੰਢੇ ਪੰਜਵਟੀ ਕੋਲ 'ਤ੍ਰਯੰਬਕ'। ਇਹ ਮੰਦਰ ਬੰਬਈ ਪ੍ਰਾਂਤ ਦੇ ਜ਼ਿਲਾ ਨਾਸਿਕ ਵਿਚ ਹੈ। ਇਸੇ ਹੀ ਨਾਮ ਦਾ ਨਗਰ ਹੈ, ਜੋ ਨਾਸਿਕ ਤੋਂ ੨੦ ਮੀਲ ਦੱਖਣ-ਪੱਛਮ ਪਾਸੇ ਹੈ। ਇਥੇ ਬਾਰ੍ਹਾਂ ਵਰ੍ਹਿਆਂ ਪਿਛੋਂ ਭਾਰਾ ਕੁੰਭ-ਮੇਲਾ ਹੁੰਦਾ ਹੈ। ੪. ਗਇਆ ਦੇ ਪਾਸ ਦੇਵਗੜ੍ਹ ਵਿਚ 'ਵੈਦਜਨਾਥ'। ੫. ਹਿਮਾਲਾ ਪਰਬਤ ਵਿਚ ਬਦਰੀ ਨਾਰਾਇਣ ਦੇ ਕੋਲ 'ਕੇਦਾਰਨਾਥ'। ੬. ਪੂਨੇ ਪਾਸ ਸਾਕਿਨੀ ਨਦੀ ਦੇ ਕੰਢੇ 'ਭੀਮਸ਼ੰਕਰ'। ੭. ਦੱਖਣ ਵਿਚ ਔਰੰਗਾਬਾਦ ਦੇ ਕੋਲ 'ਪ੍ਰਿਸ਼ਨੇਸ਼੍ਵਰ'। ੮. ਦੁਆਰਕਾ ਤੋਂ ਤਿੰਨ ਕੋਹਾਂ ਤੇ 'ਨਾਗੇਸ਼ਰ'। ੯. ਦੁਆਰਕਾ ਤੋਂ ਸੱਠ ਕੋਹ ਪੂਰਬ ਪਾਸੇ ਪਰਭਾਸ-ਖੇਤ੍ਰ ਵਿਚ 'ਸੋਮਨਾਥ'। ੧੦. 'ਮੱਲਿਕਾਰਜੁਨ' ਮਦਰਾਸ ਪ੍ਰਾਂਤ ਦੇ ਸ਼ਹਿਰ ਬਲਾਰੀ ਤੋਂ ੬੦ ਮੀਲ ਉੱਤਰ ਪਾਸੇ ਇਕ ਨਿੱਕਾ ਜਿਹਾ ਨਗਰ ਕਿਸ਼ਕਿੰਧਾ ਹੈ। ਇਸ ਨਗਰ ਦੇ ਪਾਸ ਸ਼੍ਰੀਸ਼ੈਲ ਨਾਮਕ ਪਹਾੜ ਉਤੇ ਇਹ ਮੰਦਰ ਹੈ। ੧੧. ਨਰਬਦਾ ਦੇ ਕੰਢੇ ਅਮਰੇਸ਼੍ਵਰ ਵਿਚ 'ਓਅੰਕਾਰ'। ੧੨. ਉੱਜੈਨ ਵਿਚ 'ਮਹਾਂਕਾਲ'। ਸੰਨ ੧੨੩੧ ਵਿਚ ਅਲਤਮਸ਼ ਇਸ ਲਿੰਗ ਨੂੰ ਪੁੱਟ ਕੇ ਦਿੱਲੀ ਲੈ ਗਿਆ ਸੀ। ਉਥੇ ਇਸ ਲਿੰਗ ਨੂੰ ਟੋਟੇ ਟੋਟੇ ਕਰ ਦਿੱਤਾ ਗਿਆ ਸੀ।

ਇਹ ਸ਼ਿਵਲਿੰਗ ਇਹਨਾਂ ੧੨ ਥਾਵਾਂ ਤੇ ਕਿਵੇਂ ਅਸਥਾਪਿਤ ਹੋਏ—ਇਸ ਬਾਰੇ ਸਕੰਧ ਪੁਰਾਣ ਵਿਚ ਇਕ ਬੜੀ ਕੁਹਜੀ ਤੇ ਨਿਲੱਜ ਜਿਹੀ ਕਹਾਣੀ ਦਿੱਤੀ ਹੋਈ ਹੈ। ਰਿਖੀਆਂ ਦੇ ਸਰਾਪ ਨਾਲ ਫਿਰ ਸ਼ਿਵ ਦੇ ਜਨਨ-ਇੰਦ੍ਰੀ ਦੇ ੧੨ ਟੋਟੇ ਹੋ ਗਏ ਤੇ ਪੂਜਣ-ਜੋਗ ਹੋ ਗਏ। ਉਪਾਸ਼ਕ ਇਹਨਾਂ ਨੂੰ 'ਜੋਤੀ ਲਿੰਗ' ਆਖਦੇ ਹਨ।

ਰਾਮੇਸ਼੍ਵਰ ਮੰਦਰ ਦਾ ਘੇਰਾ ਬਹੁਤ ਵੱਡਾ ਹੈ। ਮੰਦਰ ਦੀਆਂ ਸੱਤ ਪਰਕਰਮਾਂ ਹਨ, ਤਿੰਨ ਵੱਡੀਆਂ ਤੇ ਚਾਰ ਛੋਟੀਆਂ। ਚੌਹਾਂ ਦਰਵਾਜ਼ਿਆਂ ਅੱਗੇ ਚਾਰ ਤਲਾਬ ਹਨ। ਸਭਨਾਂ ਪਰਕਰਮਾਂ ਵਿਚ ਅਨੇਕਾਂ ਦੇਵਤਿਆਂ ਦੇ ਮੰਦਰ, ਮੂਰਤੀਆਂ ਤੇ ਸ਼ਿਵਲਿੰਗ ਹਨ। ☛



WWW.SIKHBOOKCLUB.COM 

ਰਾਮੇਸ਼੍ਵਰ ਦੀ ਪਹਿਲੀ ਯਾਤਰਾ ਚੇਤ ਸੁਦੀ ਪੰਚਮੀ ਨੂੰ ਸੀ, ਈਸਵੀ ਸੰਨ ੧੫੧੧ ਵਿਚ ਇਹ ਦਿਨ ਮਾਰਚ ਦੀ ਤਕਰੀਬਨ ੫ ਤਰੀਕ ਨੂੰ ਸੀ। ਗੁਰੂ ਨਾਨਕ ਦੇਵ ਜੀ ੫ ਮਾਰਚ ਸੰਨ ੧੫੧੧ ਨੂੰ ਰਾਮੇਸ਼੍ਵਰ ਸਨ।

## ਸਿੰਘਲਾਦੀਪ ਨੂੰ

ਉਥੋਂ ਆਪ ਸਿੰਘਲਾਦੀਪ ਨੂੰ ਚੱਲ ਪਏ। ਸਿੰਘਲਾਦੀਪ ਨੂੰ ਸੀਲੋਨ ਜਾਂ ਲੰਕਾ ਭੀ ਆਖਦੇ ਹਨ। ਇਹ ਇਕ ਟਾਪੂ ਹੈ,ਜੋ ਰਾਮੇਸ਼੍ਵਰ ਤੋਂ ਸਿਰਫ਼ ੧੪ ਕੁ ਮੀਲਾਂ ਦੀ ਵਿੱਥ ਤੇ ਹੀ ਹੈ। ਇਹ ਚੌਦਾਂ ਮੀਲਾਂ ਦਾ ਸਫ਼ਰ ਜਹਾਜ਼ ਤੇ ਕਰਨਾ ਪੈਂਦਾ ਹੈ।

ਸਿੰਘਲਾਦੀਪ ਦੇ ਮੱਧ ਪ੍ਰਾਂਤ ਵਿਚ ਪਹਾੜ ਹਨ, ਦੁਆਲੇ ਦਾ ਸਮੁੰਦਰੀ ਕੰਢਾ ਮੈਦਾਨ ਹੈ। ਇਹ ਟਾਪੂ ੨੬੭ ਮੀਲ ਲੰਮਾ ਹੈ ਤੇ ੧੩੭ ਮੀਲ ਚੌੜਾ

---

☛ ਪੂਰਬੀ ਦਰਵਾਜ਼ੇ ਅੱਗੇ ਹਨੂਮਾਨ ਦੀ ਮੂਰਤੀ ਹੈ, ਪੱਛਮ ਵਲ ਗਣੇਸ਼ ਦੀ ਅਤੇ ਦੱਖਣ ਪਾਸੇ ਸੁਆਮੀ ਕਾਰਤਿਕੇਯ ਦੀ। ਇਹ ਮੂਰਤੀਆਂ ਬਹੁਤ ਵੱਡੀਆਂ ਹਨ।

ਰਾਮੇਸ਼੍ਵਰ ਮੰਦਰ ਦੀ ਵੱਡੀ ਯਾਤ੍ਰਾ ਸਾਲ ਵਿਚ ਦੋ ਵਾਰੀ ਹੁੰਦੀ ਹੈ—ਚੇਤਰ ਸੁਦੀ ਪੰਚਮੀ ਅਤੇ ਸਾਵਣ ਸੁਦੀ ਤੀਜ। ਦੋਹਾਂ ਮੌਕਿਆਂ ਤੇ ਬੜੀਆਂ ਭਿਆਨਕ ਰਸਮਾਂ ਕੀਤੀਆਂ ਜਾਂਦੀਆ ਹਨ, ਜਿਨ੍ਹਾਂ ਦਾ ਇਨਸਾਨੀ ਜੀਵਨ ਦੀ ਉੱਨਤੀ ਨਾਲ ਕੋਈ ਰਤਾ ਭਰ ਭੀ ਸੰਬੰਧ ਨਹੀਂ।

**ਚਾਰ ਧਾਮ—**

ਹਿੰਦੂਆਂ ਦੇ ਚਾਰ ਧਾਮ ਹਨ, ਚਾਰ ਪਵਿੱਤਰ ਅਸਥਾਨ ਹਨ, ਉਹਨਾਂ ਵਿਚੋਂ ਇਕ ਰਾਮੇਸ਼੍ਵਰ ਹੈ। ਉਹ ਚਾਰ ਧਾਮ ਇਹ ਹਨ:

੧. ਬਦਰੀ ਨਾਥ, ੨. ਰਾਮੇਸ਼੍ਵਰ, ੩. ਦੁਆਰਕਾ, ੪. ਪ੍ਰਯਾਗ।

੧. ਬਦਰੀ ਨਾਥ—ਇਸ ਨੂੰ ਬਦਰਿਕਾਸ਼੍ਰਮ ਜਾਂ ਬਦਰੀ ਨਾਰਾਇਣ ਭੀ ਆਖਦੇ ਹਨ। ਇਹ ਇਕ ਵੈਸ਼ਨਵ ਮੰਦਰ ਹੈ, ਜ਼ਿਲਾ ਗੜ੍ਹਵਾਲ ਦੇ ਇਲਾਕੇ ਵਿਚ ਅਲਕਨੰਦਾ ਨਦੀ ਦੇ ਕੰਢੇ ਉਤੇ। ਨਰਨਾਰਾਇਣ ਅਵਤਾਰ ਨੇ ਇਥੇ ਤਪ ਕੀਤਾ। ਪਦਮ ਪੁਰਾਣ ਵਿਚ ਹੋਰ ਸਾਰੇ ਤੀਰਥਾਂ ਨਾਲੋਂ ਇਸ ਦੀ ਵਿਸ਼ੇਸ਼ਤਾ ਵਧੀਕ ਦੱਸੀ ਗਈ ਹੈ। ਇਥੇ ਇਕ ਬਦਰੀ (—ਬੇਰੀ) ਦਾ ਰੁੱਖ ਸੀ, ਜਿਸ ਕਰਕੇ ਆਸ਼੍ਰਮ ਦਾ ਨਾਮ ਬਦਰਿਕਾਸ਼੍ਰਮ ਪੈ ਗਿਆ। ਇਸ ਮੰਦਰ ਦੇ ਵੱਡੇ ਪੁਜਾਰੀ ਨੂੰ 'ਰਾਵਲ' ਆਖਦੇ ਹਨ।

੨. ਦੁਆਰਕਾ—ਇਥੇ ਸ੍ਰੀ ਕ੍ਰਿਸ਼ਨ ਜੀ ਦੀ 'ਰਣਛੋੜ' ਮੂਰਤੀ ਹੈ। ਇਹ ਅਸਥਾਨ ਭੀ ਚਾਰ ਧਾਮਾਂ ਵਿਚੋਂ ਇਕ ਹੈ (ਵੇਖੋ ਅਗਾਂਹ 'ਦੁਆਰਕਾ' 'ਸੋਮਨਾਥ' ਦਾ ਜ਼ਿਕਰ)।

੩. ਪ੍ਰਯਾਗ—ਚਾਰ ਧਾਮਾਂ ਵਿਚੋਂ ਇਕ, ਜਿਸ ਦਾ ਹਾਲ ਪਹਿਲਾਂ ਦਿਤਾ ਜਾ ਚੁੱਕਾ ਹੈ।

੪. ਰਾਮੇਸ਼੍ਵਰ।



WWW.SIKHBOOKCLUB.COM 

ਹੈ। ਅਰਬ ਆਦਿਕ ਦੇਸਾਂ ਦਾ ਬਰਮਾ ਚੀਨ ਆਦਿਕ ਦੇਸਾਂ ਨਾਲ ਸਮੁੰਦਰੀ ਵਪਾਰ ਲੰਕਾ ਦੇ ਰਸਤੇ ਹੀ ਹੁੰਦਾ ਆਇਆ ਹੈ। [1]ਪੁਰਾਣੇ ਸਮਿਆਂ ਤੋਂ ਹੀ ਲੰਕਾ ਦਾ ਕੋਲੰਬੋ ਸ਼ਹਿਰ ਬੜੀ ਪਰਸਿੱਧ ਬੰਦਰਗਾਹ (ਸਮੁੰਦਰੀ ਅੱਡਾ) ਰਿਹਾ ਹੈ।

---

੧. ਬਿਕ੍ਰਮਾਜੀਤ ਤੋਂ ਤਿੰਨ ਸੋ ਸਾਲ ਪਹਿਲਾਂ ਦਾ ਜ਼ਿਕਰ ਹੈ ਕਿ ਕਾਂਸ਼ੀ ਦਾ ਇਕ ਰਾਜਾ ਰਣਜਿੱਤ ਸਿੰਘ ਰਾਮੇਸ਼੍ਵਰ ਦੀ ਯਾਤਰਾ ਕਰਨ ਗਿਆ ਸੀ। ਉਸ ਦੇ ੯ ਪੁੱਤਰ ਸਨ। ਵੱਡੇ ਨੂੰ ਤਾਂ ਉਹ ਕਾਂਸ਼ੀ ਦਾ ਰਾਜ ਸੌਂਪ ਆਇਆ, ਬਾਕੀ ਦੇ ਅੱਠ ਉਸ ਦੇ ਨਾਲ ਸਨ। ਜਦੋਂ ਰਣਜਿੱਤ ਸਿੰਘ ਵਾਪਸ ਮੁੜਿਆ, ਤਦੋਂ ਮਦੂਰਾ ਦਾ ਰਾਜਾ ਬੇ-ਔਲਾਦ ਮਰ ਗਿਆ, ਤੇ ਰਾਜ ਸੰਬੰਧੀ ਉਸ ਦੇ ਵਜ਼ੀਰਾਂ ਵਿਚ ਝਗੜਾ ਪੈ ਗਿਆ। ਕੁਝ ਵਜ਼ੀਰ ਰਣਜਿੱਤ ਸਿੰਘ ਨੂੰ ਆ ਮਿਲੇ, ਉਹਨਾਂ ਦੀ ਸਹਾਇਤਾ ਨਾਲ ਉਸ ਨੇ ਮਦੂਰਾ ਦਾ ਰਾਜ ਸਾਂਭ ਲਿਆ। ਹੁਣ ਉਸ ਦੀ ਲਾਲਸਾ ਹੋਰ ਵਧੀ। ਮਦੂਰਾ ਦਾ ਪਰਬੰਧ ਪੱਕਾ ਕਰ ਕੇ ਉਸ ਨੇ ਇੱਕ ਪੁੱਤਰ ਨੂੰ ਉਥੋਂ ਦਾ ਰਾਜ ਸੌਂਪਿਆ, ਤੇ ਬਾਕੀ ਸੱਤ ਪੁੱਤਰਾਂ ਸਮੇਤ ਉਹ ਸਿੰਘਲਾਦੀਪ ਫ਼ਤਹ ਕਰਨ ਲਈ ਚੜ੍ਹ ਪਿਆ। ਕੁਝ ਫ਼ੌਜੀ ਤਾਂ ਉਹ ਕਾਂਸ਼ੀ ਤੋਂ ਹੀ ਲੈ ਕੇ ਚਲਿਆ ਸੀ, ਲੋੜ ਅਨੁਸਾਰ ਮਦੂਰਾ ਤੋਂ ਉਸ ਨੇ ਭੀਲਾਂ ਦੀ ਫ਼ੌਜ ਤਿਆਰ ਕਰ ਲਈ। ਸਿੰਘਲਾਦੀਪ ਤੇ ਕਬਜ਼ਾ ਕਰ ਕੇ ਰਣਜਿੱਤ ਸਿੰਘ ਨੇ ਸਾਰੇ ਟਾਪੂ ਨੂੰ ਸੱਤ ਹਿੱਸਿਆਂ ਵਿਚ ਵੰਡ ਕੇ ਇਕ ਇਕ ਹਿੱਸਾ ਹਰੇਕ ਪੁੱਤਰ ਦੇ ਹਵਾਲੇ ਕਰ ਦਿੱਤਾ। ਮੱਧ ਪ੍ਰਾਂਤ ਵਿਚ ਇਕ ਪੁੱਤਰ ਪਾਸ ਉਹ ਆਪ ਟਿਕ ਗਿਆ, ਕਿਉਂਕਿ ਸਿਹਤ ਦੇ ਦ੍ਰਿਸ਼ਟੀ-ਕੋਣ ਤੋਂ ਉਹੀ ਇਲਾਕਾ ਸਭ ਤੋਂ ਚੰਗਾ ਸੀ। ਪਿਉ ਦੀ ਮੌਜੂਦਗੀ ਦੇ ਕਾਰਨ ਇਸ ਨੂੰ ਬਾਕੀ ਦੇ ਭਰਾ ਆਪਣਾ ਸਰਦਾਰ ਮੰਨਣ ਲਗ ਪਏ। ਕਾਂਸ਼ੀ ਤੋਂ ਰਣਜਿੱਤ ਸਿੰਘ ਦੇ ਨਾਲ ਆਏ ਨੌਕਰਾਂ-ਚਾਕਰਾਂ ਅਤੇ ਫ਼ੌਜੀਆਂ ਨੇ ਸਿੰਘਲਾਦੀਪ ਵਿਚ ਰਿਹਾਇਸ਼ ਕਰ ਲਈ, ਮਦੂਰਾ ਤੋਂ ਆਏ ਭੀਲ ਭੀ ਉਥੇ ਹੀ ਆਬਾਦ ਹੋ ਗਏ।

ਰਾਜਾ ਰਣਜਿੱਤ ਸਿੰਘ ਸ਼ਿਵ-ਉਪਾਸ਼ਕ ਸੀ, ਤਾਹੀਏਂ ਉਹ ਇਤਨੇ ਲੰਮੇ ਬਿਖੜੇ ਪੈਂਡੇ ਕਰ ਕੇ ਰਾਮੇਸ਼੍ਵਰ ਦੀ ਯਾਤਰਾ ਲਈ ਆਇਆ ਸੀ। ਪਰਸਿੱਧ ੧੨ ਸ਼ਿਵ-ਲਿੰਗ-ਮੰਦਰਾਂ ਵਿਚੋਂ ਕਾਂਸ਼ੀ ਵਿਚ ਭੀ ਇਕ ਵਿਸ਼ੇਸ਼੍ਵਰ ਮੰਦਰ ਸੀ। ਭੀਲ ਲੋਕ ਸੁਆਮੀ ਕਾਰਤਿਕੇਯ ਦੇ ਉਪਾਸ਼ਕ ਸਨ, ਕਾਰਤਿਕੇਯ ਸ਼ਿਵ ਜੀ ਦਾ ਪੁੱਤਰ ਸੀ ਅਤੇ ਦੇਵਤਿਆਂ ਦਾ ਸੈਨਾਪਤੀ। ਇਹਨਾ ਨਵੇਂ ਆਏ ਲੋਕਾਂ ਦੀ ਰਾਹੀਂ ਸਿੰਘਲਾਦੀਪ ਵਿਚ ਸ਼ਿਵ ਅਤੇ ਕਾਰਤਿਕੇਯ ਦੀ ਪੂਜਾ ਚੱਲ ਪਈ। ਸ਼ਿਵ ਨਾਲੋਂ ਕਾਰਤਿਕੇਯ ਦੀ ਪੂਜਾ ਵਧੀਕ ਜ਼ੋਰ ਫੜ ਗਈ, ਕਿਉਂਕਿ ਲੜਾਕੇ ਲੋਕਾਂ ਨੂੰ ਸੈਨਾਪਤੀ ਦੇਵਤਾ ਹੀ ਠੀਕ ਜਚ ਸਕਦਾ ਹੈ। ਨਵੇਂ ਆਏ ਲੋਕਾਂ ਦੀ ਬੋਲੀ ਦਾ ਭੀ ਉਥੇ ਪ੍ਰਭਾਵ ਪੈਣਾ ਕੁਦਰਤੀ ਗੱਲ ਸੀ। ਅਸ਼ੋਕ ਦੇ ਰਾਜ ਸਮੇਂ ਸਿੰਘਲਾਦੀਪ ਵਿਚ ਬੁੱਧ-ਮੱਤ ਦਾ ਪਰਚਾਰ ਹੋਇਆ। ਪਰ ਜਿਵੇਂ ਹਿੰਦੂ-ਮਤ ਨੇ ਭਾਰਤ ਵਿਚ ਬੁੱਧ-ਧਰਮ ਨੂੰ ਆਪਣੇ ਵਿਚ ਸਹਿਜੇ ਸਹਿਜੇ ਸਮੇਟ ਲਿਆ, ਸਿੰਘਲਾਦੀਪ ਵਿਚ ਭੀ ਬੋਧੀਆਂ ਉਤੇ ਕਾਰਤਿਕੇਯ ਦੀ ਪੂਜਾ ਦਾ ਅਸਰ-ਰਸੂਖ਼ ਟਿਕਿਆ ਹੀ ਰਿਹਾ। ਕਾਰਤਿਕੇਯ ਦੇ ਉਪਾਸ਼ਕਾਂ ਦਾ ਨਿਸਚਾ ਸੀ ਕਿ ਕਾਰਤਿਕੇਯ ਨੇ ਸਿੰਘਲਾਦੀਪ ਵਿਚ ਭੀਲਾਂ ਦੇ ਘਰ ਦੋ ਵਿਆਹ ਕੀਤੇ ਸਨ, ਇਕ ਦਾ ਨਾਮ ਸੀ 'ਦਿਵਾਨੀ ਅੰਮਾ', ਤੇ ਦੂਜੀ ਦਾ 'ਵਲੀ ਅੰਮਾ'। ☛

ਗੁਰੂ ਨਾਨਕ ਦੇਵ ਜੀ ਚੇਤ ਸੁਦੀ ਪੰਚਮੀ (ਚੇਤਰ ਦੀ ਤਕਰੀਬਨ ੭ ਤਰੀਕ) ਤੋਂ ਪਿੱਛੋਂ ਰਾਮੇਸ਼੍ਵਰ ਤੋਂ ਚਲ ਕੇ ਸਿੰਘਲਾਦੀਪ ਵਿਚ ਪਹੁੰਚੇ। ਪੱਛਮੀ ਤੇ ਉੱਤਰੀ ਇਲਾਕੇ ਤੋਂ ਹੁੰਦੇ ਹੋਏ ਪੂਰਬ ਪਾਸੇ ਸ਼ਹਿਰ ਤ੍ਰਿਣਕੋਮਾਲੀ ਅੱਪੜੇ। ਇਥੋਂ ਮੱਧ ਪ੍ਰਾਂਤ ਦੇ ਸ਼ਹਿਰ ਮਟੀਆ-ਕਲਮ ਗਏ। ਇਹ ਸ਼ਹਿਰ ਤ੍ਰਿਣਕੋਮਾਲੀ ਤੋਂ ਦੱਖਣ-ਪੱਛਮ ਪਾਸੇ ਇਕ ਸੌ ਮੀਲ ਦੇ ਕਰੀਬ ਹੈ। ਅੱਜ-ਕੱਲ੍ਹ ਇਸ ਦਾ ਨਾਮ ਮਟਾਲੇ ਹੈ। ਇਹ ਸੀ ਰਾਜਾ ਸ਼ਿਵਨਾਭਿ ਦੀ ਰਾਜਧਾਨੀ। ਉਸ ਵੇਲੇ ਤਕ

☚ ਸਿੰਘਲਾਦੀਪ ਦੇ ਮੱਧ ਪ੍ਰਾਂਤ ਦੇ ਸ਼ਹਿਰ ਖੰਡੀ (ਕੈਂਡੀ) ਵਿਚ ਸਿੰਘਲਾਦੀਪ ਦੇ ਕੇਂਦਰੀ ਧਰਮ-ਮੰਦਰ ਹਨ—ਵਿਸ਼ਨੂੰ ਦਾ, ਸ਼ਿਵ ਦਾ, ਗਣੇਸ਼ ਦਾ, ਵਲੀ ਅੰਮਾ ਦਾ, ਦਿਵਾਨੀ ਅੰਮਾ ਦਾ, ਬੁੱਧ ਦਾ ਅਤੇ ਕਾਰਤਿਕੇਯ ਦਾ। ਪਰ ਸੁਆਮੀ ਕਾਰਤਿਕੇਯ ਦੀ ਮਾਨਤਾ-ਪੂਜਾ ਬਾਕੀ ਸਭਨਾਂ ਨਾਲੋਂ ਬਹੁਤ ਵਧੀਕ ਹੋ ਗਈ। ਰਾਜਾ ਰਣਜਿੱਤ ਸਿੰਘ ਕਾਂਸ਼ੀ ਤੋਂ ਆਇਆ ਸੀ, ਸ਼ਿਵ-ਉਪਾਸ਼ਕ ਹੋਣ ਤੋਂ ਛੁਟ ਉਸ ਉਤੇ ਗੰਗਾ ਦੀ ਮਹਾਨਤਾ ਦਾ ਪ੍ਰਭਾਵ ਭੀ ਕੁਦਰਤੀ ਗੱਲ ਸੀ। ਸਿੰਘਲਾਦੀਪ ਦੀ ਸਭ ਤੋਂ ਵੱਡੀ ਨਦੀ ਕੈਂਡੀ ਸ਼ਹਿਰ ਦੇ ਪਾਸੋਂ ਦੀ ਲੰਘਦੀ ਸੀ, ਰਣਜਿੱਤ ਸਿੰਘ ਨੇ ਗੰਗਾ-ਪੂਜਾ ਦੀ ਭੁੱਖ ਦੀ ਤ੍ਰਿਪਤੀ ਵਾਸਤੇ ਉਸੇ ਨਦੀ ਦਾ ਨਾਮ ਮਾਣਕ ਗੰਗਾ ਰੱਖ ਦਿੱਤਾ, ਜੋ ਹੁਣ ਤਕ ਚਲਿਆ ਆਉਂਦਾ ਹੈ। ਸੋ, ਧਾਰਮਿਕ ਰਸਮਾਂ ਰੀਤਾਂ, ਦੇਵ-ਪੂਜਾ, ਬੋਲੀ, ਸ਼ਹਿਰਾਂ, ਨਦੀਆਂ ਦੇ ਨਾਮ, ਬੱਚਿਆਂ ਦੇ ਨਾਮ—ਅਜਿਹੇ ਕਈ ਤਰੀਕਿਆਂ ਨਾਲ ਹਿੰਦੂ-ਸੰਸਕ੍ਰਿਤੀ ਦਾ ਪ੍ਰਭਾਵ ਸਿੰਘਲਾਦੀਪ ਵਿਚ ਪੈ ਗਿਆ। ਰਣਜਿੱਤ ਸਿੰਘ ਦਾ ਜਿਹੜਾ ਲੜਕਾ ਸਿੰਘਲਾਦੀਪ ਦੇ ਮੱਧ ਪ੍ਰਾਂਤ ਵਿਚ ਰਾਜ ਕਰਦਾ ਸੀ, ਉਸੇ ਦੀ ਸੰਤਾਨ ਵਿਚ ਕਈ ਪੀੜ੍ਹੀਆਂ ਪਿਛੋਂ ਰਾਜਾ ਸ਼ਿਵਨਾਭਿ ਹੋਇਆ ਸੀ। ਸ਼ਿਵਨਾਭਿ ਦੀ ਸਤਵੀਂ ਪੀੜ੍ਹੀ ਦਾ ਰਾਜਾ ਧਰਮਨਾਭਿ ਸੀ, ਜਿਸ ਤੋਂ ਅੰਗਰੇਜ਼ਾਂ ਨੇ ਉਹ ਇਲਾਕਾ ਖੋਹਿਆ ਸੀ। ਇਹ ਸ਼ਿਵਨਾਭਿ ਧਰਮਨਾਭਿ ਆਦਿਕ ਨਾਮ ਭੀ ਕਾਂਸ਼ੀ ਦਾ ਹੀ ਸਦੀਆਂ ਪਹਿਲਾਂ ਦਾ ਪ੍ਰਭਾਵ ਸੀ।

ਖੰਡੀ ਸ਼ਹਿਰ ਮਾਣਕ ਗੰਗਾ ਦੇ ਕੰਢੇ 'ਤੇ ਹੈ। ਇਥੇ ਦੇਵਤਿਆਂ ਦੇ ਸੈਨਾਪਤੀ ਸੁਆਮੀ ਕਾਰਤਿਕੇਯ ਦਾ ਮੰਦਰ ਕਰੋੜਾਂ ਰੁਪਇਆਂ ਦੀ ਲਾਗਤ ਦਾ ਬਣਿਆ ਹੋਇਆ ਹੈ। ਹਰ ਸਾਲ ਸਾਵਣ ਦੀ ਪਹਿਲੀ ਤਰੀਕ ਨੂੰ ਖੜਾ ਭਾਰੀ ਮੇਲਾ ਲੱਗਦਾ ਹੈ। ਕਾਰਤਿਕੇਯ ਦੇ ਸੋਨੇ ਦੇ ਬਣੇ ਹੋਏ ਜੜਾਊ ਮੁਕਟ ਦਾ ਭੂਰੇ ਹਾਥੀ ਉਤੇ ਜਲੂਸ ਨਿਕਲਦਾ ਹੈ। ਬਾਕੀ ਵਿਸ਼ਨੂੰ ਸ਼ਿਵ ਆਦਿਕ ਦੇ ਮੰਦਰ ਭੀ ਮਾਣਕ ਗੰਗਾ ਦੇ ਕੰਢੇ 'ਤੇ ਇਕੋ ਪਾਲ ਵਿਚ ਬਣੇ ਹੋਏ ਹਨ। ਜਦੋਂ ਹਾਥੀ ਦੀ ਸਵਾਰੀ ਨਿਕਲਦੀ ਹੈ, ਬਾਕੀ ਮੰਦਰਾਂ ਦੇ ਪੁਜਾਰੀ ਭੀ ਆਪੋ ਆਪਣੇ ਮੰਦਰ ਤੋਂ ਨਾਲ ਸ਼ਾਮਲ ਹੁੰਦੇ ਜਾਂਦੇ ਹਨ। ਉਹ ਭੀ ਆਪੋ ਆਪਣੇ ਦੇਵਤੇ ਦੇ ਮੁਕਟ ਦਾ ਹਾਥੀ ਉਤੇ ਹੀ ਜਲੂਸ ਕੱਢਦੇ ਹਨ। ਕਰੋੜਾਂ ਰੁਪਇਆਂ ਦੇ ਹੀਰੇ ਮੋਤੀ ਜਵਾਹਰਾਤ ਦਾ ਵਿਖਾਵਾ ਹੁੰਦਾ ਹੈ, ਜਿਵੇਂ ਪੁਰੀ ਵਿਚ ਜਗਨਨਾਥ ਦੇ ਮੰਦਰ। ਸਾਰੇ ਸ਼ਹਿਰ ਦੀ ਪਰਕਰਮਾ ਕਰ ਕੇ ਯਾਤਰੂ ਮਾਣਕ ਗੰਗਾ ਵਿਚ ਇਸ਼ਨਾਨ ਕਰਦੇ ਹਨ ਤੇ ਫਿਰ ਉਸੇ ਪਹਿਲੀ ਤਰਤੀਬ ਵਿਚ ਜਿਥੋਂ ਜਲੂਸ ਸ਼ੁਰੂ ਹੁੰਦਾ ਹੈ, ਉਥੋਂ ਹੀ ਸਮਾਪਤੀ ਹੁੰਦੀ ਜਾਂਦੀ ਹੈ। ਇਹ ਮੇਲਾ ਇਕ ਮਹੀਨੇ ਦੇ ਕਰੀਬ ਰਹਿੰਦਾ ਹੈ।

ਸਿੰਘਲਾਦੀਪ ੭ ਦੇ ਥਾਂ ੧੯ ਰਜਵਾੜਿਆਂ ਵਿਚ ਵੰਡਿਆ ਜਾ ਚੁਕਿਆ ਸੀ। ਆਪੋ ਵਿਚ ਇਹਨਾਂ ਦੀ ਖਿੱਚੋਤਾਣ ਭੀ ਰਹਿੰਦੀ ਸੀ, ਜਿਸ ਕਰਕੇ ਗ਼ਰੀਬ ਪਰਜਾ ਨੂੰ ਕਈ ਤਕਲੀਫ਼ਾਂ ਦਾ ਸਾਹਮਣਾ ਕਰਨਾ ਪੈਂਦਾ ਸੀ। ਮਟੀਆ-ਕਲਮ ਤੋਂ ੨੦ ਕੁ ਮੀਲ ਦੱਖਣ ਪਾਸੇ ਕੈਂਡੀ (ਖੰਡੀ) ਸ਼ਹਿਰ ਹੈ।

ਪਾਠਕਾਂ ਨੂੰ ਚੇਤਾ ਹੋਵੇਗਾ ਕਿ ਲਾਹੌਰ-ਨਿਵਾਸੀ ਮਨਸੁਖ ਇਹਨਾਂ ਸ਼ਹਿਰਾਂ ਵਿਚ ਹੀ ਵਪਾਰ ਕਰਨ ਲਈ ਆਇਆ ਕਰਦਾ ਸੀ। ਸੰਨ ੧੫੦੫ ਵਿਚ ਉਸ ਨੇ ਸੁਲਤਾਨਪੁਰ ਪਹੁੰਚ ਕੇ ਗੁਰੂ ਨਾਨਕ ਦੇਵ ਜੀ ਤੋਂ ਜੀਵਨ ਦਾ ਸੁਚੱਜਾ ਰਾਹ ਸਿੱਖਿਆ ਤੇ ਉਸ ਤੋਂ ਪਿੱਛੋਂ ਫਿਰ ਵਪਾਰ ਕਰਨ ਵਾਸਤੇ ਸਿੰਘਲਾਦੀਪ ਗਿਆ। ਉਸ ਦੇ ਜਾਣੂ-ਪਛਾਣੂ ਬੰਦਿਆਂ ਨੇ ਉਸ ਦੀ ਜੀਵਨ-ਜੁਗਤ ਵਿਚ ਬੜਾ ਫ਼ਰਕ ਦੇਖਿਆ। ਹਿੰਦੂ-ਸੰਸਕ੍ਰਿਤੀ ਦੇ ਅਸਰ ਹੇਠ ਉਹ ਲੋਕ ਏਕਾਦਸ਼ੀ ਆਦਿਕ ਦੇ ਵਰਤ ਰੱਖਦੇ ਸਨ, ਪਰ ਭਾਈ ਮਨਸੁਖ ਇਹ ਗੱਲਾਂ ਛੱਡ ਚੁੱਕਾ ਹੋਇਆ ਸੀ। ਦੂਰੋਂ ਦੂਰੋਂ ਆਏ ਸੌਦਾਗਰਾਂ ਦੀ ਸਾਂਝ ਅਸਥਾਨੀ ਰਾਜਿਆਂ ਨਾਲ ਬਣ ਹੀ ਜਾਂਦੀ ਹੈ, ਕਿਉਂਕਿ ਉਹ ਆਪਣੇ ਵਤਨ ਦੀਆਂ ਅਨੋਖੀਆਂ ਸ਼ੈਆਂ ਰਾਜਿਆਂ ਨੂੰ ਭੇਟਾ ਕਰ ਕੇ ਆਪਣੇ ਵਪਾਰ ਲਈ ਸਹੂਲਤਾਂ ਹਾਸਲ ਕਰਦੇ ਹਨ। ਰਾਜਾ ਸ਼ਿਵਨਾਭਿ ਨੂੰ ਇਸ ਤਰ੍ਹਾਂ ਭਾਈ ਮਨਸੁਖ ਪਾਸੋਂ ਗੁਰੂ ਨਾਨਕ ਦੇਵ ਜੀ ਦੇ ਮਤ ਦੀ ਸੂਝ ਪਈ। ਮਨਸੁਖ ਨੇ ਹੀ ਉਸ ਨੂੰ ਦੱਸਿਆ ਕਿ ਸਤਿਗੁਰੂ ਜੀ ਦੱਖਣ ਵਲ ਆ ਰਹੇ ਹਨ। ਸ਼ਿਵਨਾਭਿ ਦੇ ਅੰਦਰ ਸਤਿਗੁਰੂ ਜੀ ਦੇ ਦੀਦਾਰ ਦੀ ਤਾਂਘ ਦਿਨੋ ਦਿਨ ਵਧਦੀ ਗਈ। ਕਈ ਸੁਆਰਥੀ ਸਾਧੂ ਰਾਜੇ ਦੀ ਲਗਨ ਤੋਂ ਲਾਭ ਉਠਾਣ ਲਈ ਆਪਣੇ ਆਪ ਨੂੰ ਗੁਰੂ ਨਾਨਕ ਪਰਗਟ ਕਰਦੇ, ਪਰ ਜਦੋਂ ਉਹ ਸੁੰਦਰ ਇਸਤ੍ਰੀਆਂ ਭੇਜ ਕੇ ਉਹਨਾਂ ਦੀ ਪਰਖ ਕਰਦਾ, ਤਾਂ ਪਾਜ ਉੱਘੜ ਜਾਂਦਾ।

ਮਾਰਚ ਸੰਨ ੧੫੧੧ ਵਿਚ ਰਾਮੇਸ਼੍ਵਰ ਤੋਂ ਚੱਲ ਕੇ ਗੁਰੂ ਨਾਨਕ ਦੇਵ ਜੀ ਮਈ ਵਿਚ ਮਟੀਆ-ਕਲਮ ਪਹੁੰਚੇ। ਰਾਜਾ ਸ਼ਿਵਨਾਭਿ ਨੂੰ ਉਹਨਾਂ ਦੇ ਆਉਣ ਦਾ ਪਤਾ ਲੱਗਾ। ਕਈ ਸਾਧੂਆਂ ਦੀ ਠੱਗੀ ਤੋਂ ਡਰੇ ਹੋਏ ਨੇ ਸਤਿਗੁਰੂ ਜੀ ਦੀ ਪਰਖ ਵਾਸਤੇ ਭੀ ਕਈ ਮੋਹਨੀਆਂ ਇਸਤ੍ਰੀਆਂ ਭੇਜੀਆਂ, ਪਰ ਉਹ ਕਿਸੇ ਤਰ੍ਹਾਂ ਭੀ ਉਹਨਾਂ ਉਤੇ ਆਪਣਾ ਅਸਰ ਨਾ ਪਾ ਸਕੀਆਂ। ਰਾਜੇ ਨੂੰ ਨਿਸ਼ਚਾ ਬੱਝ ਗਿਆ। ਆ ਕੇ ਦਰਸ਼ਨ ਕੀਤੋਸੁ। ਗੁਰੂ ਨਾਨਕ ਦੇਵ ਜੀ ਕੁਝ ਦਿਨ ਮਟੀਆ-ਕਲਮ ਠਹਿਰੇ। ਇਤਨੇ ਨੂੰ ਸੁਆਮੀ ਕਾਰਤਿਕੇਯ ਦੀ ਯਾਤਰਾ ਵਾਲਾ ਦਿਹਾੜਾ ਆ ਪਹੁੰਚਿਆ। ਸਿੰਘਲਾਦੀਪ-ਨਿਵਾਸੀਆਂ ਤੋਂ ਛੁੱਟ ੧੯



WWW.SIKHBOOKCLUB.COM 

ਰਜਵਾੜਿਆਂ ਦੇ ਰਾਜੇ ਭੀ ਆਇਆ ਕਰਦੇ ਸਨ। ਸਤਿਗੁਰੂ ਜੀ ਭੀ ਕੈਂਡੀ ਪਹੁੰਚੇ। ਜਦੋਂ ਕੀਰਤਨ ਦੇ ਖਿੱਚੇ ਲੋਕ ਉਹਨਾਂ ਪਾਸ ਪਹੁੰਚੇ, ਤਾਂ ਉਹਨਾਂ ਨੇ ਸਭਨਾਂ ਨੂੰ ਇਕ ਪਰਮਾਤਮਾ ਦੀ ਭਗਤੀ ਵੱਲ ਪ੍ਰੇਰਿਆ ਅਤੇ ਸਾਰੀ ਖ਼ਲਕਤ ਨਾਲ ਪਿਆਰ ਕਰਨ ਦਾ ਉਪਦੇਸ਼ ਦਿੱਤਾ। ਇਸ ਦਾ ਨਤੀਜਾ ਇਹ ਨਿਕਲਿਆ ਕਿ ਰਾਜਿਆਂ ਨੇ ਪਰਸਪਰ ਵਿਰੋਧ ਛੱਡ ਦਿੱਤਾ ਅਤੇ ਉਹ ਮੁੜ ਕੇਂਦਰੀ ਰਾਜ-ਗੱਦੀ ਦਾ ਆਦਰ-ਸਤਿਕਾਰ ਕਰਨ ਲੱਗ ਪਏ। ਰਾਜੇ ਸ਼ਿਵਨਾਭਿ ਨੂੰ ਉਹਨਾਂ ਮੁੜ ਆਪਣਾ ਸਰਦਾਰ ਮੰਨ ਲਿਆ।

ਕਾਰਤਿਕੇਯ ਦੇ ਮੇਲੇ ਤੋਂ ਪਿੱਛੋਂ ਗੁਰੂ ਨਾਨਕ ਦੇਵ ਜੀ ਬਾਕੀ ਦੇ ਰਜਵਾੜਿਆਂ ਵਿਚ ਭੀ ਗਏ। ਇਕ ਸਾਲ ਦੇ ਕਰੀਬ ਸਤਿਗੁਰੂ ਜੀ ਸਿੰਘਲਾਦੀਪ ਵਿਚ ਠਹਿਰੇ। ਅਪ੍ਰੈਲ ਸੰਨ ੧੫੧੨ ਵਿਚ ਉਥੋਂ ਵਾਪਸ ਆਏ।

## ਬੰਬਈ ਪ੍ਰਾਂਤ ਵੱਲ

### ਪਾਂਧਰਪੁਰ, ਬਾਰਸੀ ਰਸਤੇ ਉੱਜੈਨ ਨੂੰ

ਸਾਰੇ ਦੱਖਣ ਵਿਚ ਸ਼ਿਵ ਦੀ ਪੂਜਾ[1] ਦਾ ਬਹੁਤ ਜ਼ੋਰ ਸੀ। ਉੱਚੀ ਨੀਵੀਂ ਜਾਤ ਦਾ ਵਿਤਕਰਾ ਭੀ ਬਹੁਤ ਸੀ। ਭਾਵੇਂ ਦ੍ਰਾਵਿੜ ਦੇਸ ਵਿਚੋਂ ਭੀਲ ਕਿਰਾਤ ਆਦਿਕ ਲੋਕਾਂ ਨੂੰ ਧੱਕ ਕੇ ਕੱਢਿਆ ਹੋਇਆ ਸੀ, ਪਰ ਸਹਿਜੇ ਸਹਿਜੇ ਉਹਨਾਂ ਵਿਚ ਭੀ ਬ੍ਰਾਹਮਣਾਂ ਨੇ ਆਪਣਾ ਅਸਰ-ਰਸੂਖ਼ ਬਣਾ ਲਿਆ ਹੋਇਆ ਸੀ; ਜਿਸ ਕਰਕੇ ਉਥੇ ਭੀ ਜਾਤ-ਪਾਤ ਦਾ ਵਿਤਕਰਾ ਪਰਚਲਤ ਹੋ ਚੁੱਕਾ ਸੀ।

---

੧. ਇਹੀ ਗੱਲ ਦੱਖਣ ਦੇਸ ਦੇ ਪੱਛਮੀ ਪਾਸੇ ਸੀ। ੧੨ ਸ਼ਿਵਲਿੰਗ-ਮੰਦਰਾਂ ਵਿਚੋਂ ਰਾਮੇਸ਼੍ਵਰ ਸਮੇਤ ਛੇ ਮੰਦਰ ਤਾਂ ਸਿਰਫ਼ ਦੱਖਣ ਵਿਚ ਹਨ—੧. ਮੱਲਿਕਾਰਜੁਨ—ਮਦਰਾਸ ਦੇ ਸ਼ਹਿਰ ਬਲਾਰੀ ਤੋਂ ੬੦ ਮੀਲ ਉੱਤਰ ਪਾਸੇ। ੨. ਭੀਮਸ਼ੰਕਰ—ਪੂਨੇ ਦੇ ਕੋਲ। ੩. ਤ੍ਰਯੰਬਕ—ਨਾਸਿਕ ਤੋਂ ੨੦ ਮੀਲ ਦੱਖਣ-ਪੱਛਮ ਪਾਸੇ। ੪. ਘ੍ਰਿਸ਼ਣੇਸ਼੍ਵਰ—ਔਰੰਗਾਬਾਦ ਦੇ ਨੇੜੇ। ੫. ਓਅੰਕਾਰ—ਨਰਬਦਾ ਦੇ ਕੰਢੇ 'ਤੇ।

ਇਹਨਾਂ ਤੋਂ ਇਲਾਵਾ ਜਨਾਰਦਨ ਭੈਰਉ ਆਦਿਕ ਰੂਪਾਂ ਵਿਚ ਭੀ ਸ਼ਿਵ ਦੀ ਉਪਾਸ਼ਨਾ ਹੀ ਸੀ। ਸ਼ਿਵ ਦੀ ਇਸਤ੍ਰੀ ਦੀ ਪੂਜਾ ਭਵਾਨੀ ਮਹਾ ਮਾਈ ਆਦਿਕ ਨਾਵਾਂ ਹੇਠ ਬਹੁਤ ਸੀ। ਕਈ ਇਲਾਕਿਆਂ ਵਿਚ ਵਿਸ਼ਨੂੰ ਦੀ ਪੂਜਾ ਵਾਸਤੇ 'ਸ੍ਰੀ ਰੰਗ' ਆਦਿਕ ਨਾਵਾਂ ਦੇ ਮੰਦਰ ਹਨ। ਕ੍ਰਿਸ਼ਨ ਜੀ ਦੀ ਬੀਠਲ-ਮੂਰਤੀ ਦੀ ਪੂਜਾ ਕਈ ਇਲਾਕਿਆਂ ਵਿਚ ਕੀਤੀ ਜਾ ਰਹੀ ਸੀ ਅਤੇ ਕਈ ਥਾਵਾਂ ਦੇ ਲੋਕ ਸਾਲਗ੍ਰਾਮ ਆਪਣੇ ਗਲਾਂ ਵਿਚ ਲਟਕਾਈ ਫਿਰਦੇ ਸਨ।



WWW.SIKHBOOKCLUB.COM 

ਸਿੰਘਲਾਦੀਪ ਤੋਂ ਜਹਾਜ਼ ਦੀ ਰਾਹੀਂ ਗੁਰੂ ਨਾਨਕ ਦੇਵ ਜੀ ਦੱਖਣ ਦੇ ਪੱਛਮੀ ਕੰਢੇ 'ਤੇ ਕੋਚੀਨ ਪਹੁੰਚੇ। ਉਧਰ ਦੇ ਲੋਕ ਮਾਲਗ੍ਰਾਮ ਗਲ ਵਿਚ ਲਟਕਾਈ ਰੱਖਦੇ ਸਨ। ਕੋਚੀਨ ਵਿਚ ਸਤਿਗੁਰੂ ਜੀ ਦਾ ਗੁਰਦੁਆਰਾ ਹੈ, ਜਿੱਥੇ ਉਦਾਸੀ ਮਹੰਤ ਸੇਵਾ ਕਰਦਾ ਹੈ। ਕੋਚੀਨ ਤੋਂ ੬੦ ਕੁ ਮੀਲ ਉੱਤਰ ਪਾਸੇ ਪਾਲਘਾਟ ਪਹੁੰਚੇ, ਜਿਥੇ ਸ਼ਿਵ ਜੀ ਦਾ ਜਨਾਰਦਨ ਮੰਦਰ ਹੈ। ਪਾਲਘਾਟ ਤੋਂ ਸਤਿਗੁਰੂ ਜੀ ੩੫ ਕੁ ਮੀਲ ਉੱਤਰ ਦੇ ਰੁਖ਼ ਨੀਲਗਿਰੀ ਪਰਬਤ ਦੇ ਇਲਾਕੇ ਵਿਚ ਗਏ। ਉਥੇ ਪਹਾੜੀ ਲੋਕਾਂ ਵਿਚ ਇਹ ਰਿਵਾਜ ਸੀ ਕਿ ਜਦੋਂ ਕੋਈ ਇਸਤ੍ਰੀ ਮਰਦ, ਮਰਦਾ ਸੀ ਤਾਂ ਪਰਲੋਕ ਵਿਚ ਉਸ ਦੀ ਖ਼ੁਰਾਕ ਵਾਸਤੇ ਮਹੀਆਂ ਮਾਰਦੇ ਸਨ। ਉਥੋਂ ੭੦ ਕੁ ਮੀਲ ਉੱਤਰ ਪਾਸੇ ਸ਼ਹਿਰ ਸ੍ਰੀ ਰੰਗਾਪਟਮ ਹੈ। ਤ੍ਰਿਚਨਾਪਲੀ ਵਾਂਗ ਇਥੇ ਭੀ ਵਿਸ਼ਨੂੰ ਦੀ ਸ੍ਰੀਰੰਗ ਨਾਮ ਦੀ ਬੜੀ ਕੀਮਤੀ ਮੂਰਤੀ ਬਣੀ ਹੋਈ ਹੈ। ਇਹ ਸ਼ਹਿਰ ਮੈਸੂਰ ਤੋਂ ਪੰਜ ਸੱਤ ਮੀਲ ਉੱਤਰ ਪਾਸੇ ਹੈ। ਇਧਰ ਦੇ ਸਭ ਲੋਕਾਂ ਨੂੰ ਇਕ ਪਰਮਾਤਮਾ ਦੀ ਭਗਤੀ ਵੱਲ ਪ੍ਰੇਰਦੇ ਹੋਏ, ਰਸਤੇ ਵਿਚ ਸਤਿਨਾਮ ਦਾ ਉਪਦੇਸ਼ ਕਰਦੇ ਗੁਰੂ ਨਾਨਕ ਦੇਵ ਜੀ ਨੇ ਮੱਲਿਕਾਰਜੁਨ ਮੰਦਰ ਦਾ ਰੁਖ਼ ਕੀਤਾ। ਸ਼ਿਵ-ਲਿੰਗ ਦਾ ਇਹ ਮੰਦਰ ਮਦਰਾਸ ਦੇ ਸ਼ਹਿਰ ਬਲਾਰੀ ਤੋਂ ੬੦ ਮੀਲ ਉੱਤਰ ਵੱਲ ਤੁੰਗਭੱਦ੍ਰਾ ਨਦੀ ਦੇ ਦੱਖਣੀ ਕੰਢੇ 'ਤੇ ਹੈ, ਸ੍ਰੀ ਰੰਗਾ-ਪਟਮ ਤੋਂ ਢਾਈ ਕੁ ਸੌ ਮੀਲ ਉੱਤਰ ਪਾਸੇ। ਇਥੋਂ ਪੌਣੇ ਦੋ ਕੁ ਸੌ ਮੀਲ ਉੱਤਰ-ਪੱਛਮ ਰੁਖ਼ ਤੇ ਨਗਰ ਪਾਂਧਰਪੁਰ ਹੈ, ਸ਼ੋਲਾਪੁਰ ਤੋਂ ੩੪ ਮੀਲ ਸਿੱਧਾ ਪੱਛਮ ਪਾਸੇ। ਇਹ ਉਹ ਨਗਰ ਹੈ ਜਿਥੇ ਭਗਤ ਨਾਮਦੇਵ ਜੀ ਨੇ ਆਪਣੀ ਉਮਰ ਦਾ ਬਹੁਤ ਸਾਰਾ ਹਿੱਸਾ ਗੁਜ਼ਾਰਿਆ ਸੀ, ਤੇ ਇਥੇ ਹੀ ਉਹਨਾਂ ਦਾ ਦੇਹਾਂਤ ਸੰਮਤ ੧੪੦੮ (ਸੰਨ ੧੩੫੧) ਵਿਚ ਹੋਇਆ ਸੀ। ਨਾਮਦੇਵ ਜੀ ਦਾ ਜਨਮ ਸੰਮਤ ੧੩੨੮ ਵਿਚ ਜ਼ਿਲਾ ਸਤਾਰਾ ਦੇ ਪਿੰਡ 'ਨਰਸੀ ਬਾਮਨੀ' ਵਿਚ ਹੋਇਆ ਸੀ, ਜੋ ਪਾਂਧਰਪੁਰ ਤੋਂ ਪੰਦਰ੍ਹਾਂ ਕੁ ਮੀਲ ਪੱਛਮ ਪਾਸੇ ਹੈ। ਨਾਮਦੇਵ ਜੀ ਜਾਤ ਦੇ ਛੀਂਬੇ ਸਨ। ਉੱਚ-ਜਾਤੀਏ ਲੋਕਾਂ ਦੀਆਂ ਨਜ਼ਰਾਂ ਵਿਚ ਛੀਂਬੇ ਸ਼ੂਦਰ ਹਨ। ਭਗਤ ਜੀ ਸਾਰੀ ਉਮਰ ਬੜੀ ਨਿਰਭੈਤਾ ਨਾਲ ਉੱਚੀ-ਨੀਵੀਂ ਜਾਤ ਦੇ ਵਿਤਕਰੇ ਦਾ ਟਾਕਰਾ ਕਰਦੇ ਰਹੇ, ਤੇ ਸ਼ਿਵ ਦੁਰਗਾ ਸ੍ਰੀ-ਰੰਗ ਭੈਰਉ ਸੀਤਲਾ ਆਦਿਕ ਦੇਵੀ-ਦੇਵਤਿਆਂ ਦੀ ਪੂਜਾ ਵੱਲੋਂ ਲੋਕਾਂ ਨੂੰ ਵਰਜਦੇ ਰਹੇ। ਇਹਨਾਂ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਭੀ ਦਰਜ ਹੈ, ਜੋ ਗੁਰੂ ਨਾਨਕ ਦੇਵ ਪਾਂਧਰਪੁਰ ਤੋਂ ਲਿਆਏ ਸਨ।

ਪਾਂਧਰਪੁਰ ਤੋਂ ਚੱਲ ਕੇ ਸਤਿਗੁਰੂ ਜੀ ਬਾਰਸੀ ਪਹੁੰਚੇ, ਜੋ ਪਾਂਧਰਪੁਰ ਤੋਂ



WWW.SIKHBOOKCLUB.COM 

੪੫ ਕੁ ਮੀਲ ਉੱਤਰ-ਪੂਰਬ ਵਲ ਹੈ। ਭਗਤ ਤ੍ਰਿਲੋਚਨ ਜੀ ਬਾਰਸੀ ਦੇ ਰਹਿਣ ਵਾਲੇ ਸਨ, ਇਹਨਾਂ ਦਾ ਜਨਮ ਸੰਮਤ ੧੩੨੫ ਵਿਚ ਹੋਇਆ ਸੀ। ਇਹ ਨਾਮਦੇਵ ਜੀ ਦੇ ਸਮਕਾਲੀ ਅਤੇ ਪਰਮ ਮਿੱਤਰ ਸਨ। ਤ੍ਰਿਲੋਚਨ ਜੀ ਦੇ ਜੋ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ, ਉਹ ਗੁਰੂ ਨਾਨਕ ਦੇਵ ਜੀ ਨੇ ਬਾਰਸੀ ਤੋਂ ਹੀ ਲਏ ਸਨ।

ਬਾਰਸੀ ਤੋਂ ਪੂਨਾ ੧੨੦ ਮੀਲ ਦੇ ਕਰੀਬ ਪੱਛਮ ਵੱਲ ਹੈ, ਰਤਾ ਕੁ ਉੱਤਰ ਦੇ ਰੁਖ਼। ਇਥੇ ਸਾਕਿਨੀ ਨਦੀ ਦੇ ਕੰਢੇ 'ਤੇ 'ਭੀਮਸ਼ੰਕਰ' ਪਰਸਿੱਧ ਜੋਤੀ ਲਿੰਗ ਮੰਦਰ ਹੈ। ਲੋਕਾਂ ਨੂੰ ਸ਼ਿਵ-ਪੂਜਾ ਵਲੋਂ ਵਰਜ ਕੇ ਪਰਮਾਤਮਾ ਦੀ ਭਗਤੀ ਵੱਲ ਜੋੜਦੇ ਹੋਏ ਗੁਰੂ ਨਾਨਕ ਦੇਵ ਜੀ ਪੂਨੇ ਤੋਂ ਅਮਰਨਾਥ ਦੇ ਰਸਤੇ ਨਾਸਿਕ ਵਲ ਰਵਾਨਾ ਹੋਏ। ਅਮਰਨਾਥ ਜਿਲਾ ਥਾਨਾ ਵਿਚ ਇਕ ਪਿੰਡ ਹੈ, ਜਿਥੇ ਸ਼ਿਵ ਦਾ ਪਰਸਿੱਧ ਮੰਦਰ ਹੈ। ਇਹ ਮੰਦਰ ਸੰਨ ੧੫੦੧ ਵਿਚ ਬਣਿਆ ਸੀ। ਇਥੇ ਹਰ ਸਾਲ ਸ਼ਿਵਰਾਤ੍ਰੀ ਦਾ ਭਾਰਾ ਮੇਲਾ ਲੱਗਦਾ ਹੈ, ਫੱਗਣ ਵਦੀ ੧੪ ਨੂੰ। ਸੰਨ ੧੫੧੪ ਵਿਚ ਇਹ ਮੇਲਾ ਤਕਰੀਬਨ ੨੫ ਫ਼ਰਵਰੀ ਨੂੰ ਸੀ। ਇਥੋਂ ਨਾਸਿਕ ੬੦ ਮੀਲ ਹੈ। ਵੈਸਾਖੀ ਦੇ ਮੇਲੇ ਤੇ ੨੯ ਮਾਰਚ ਸੰਨ ੧੫੧੪ ਨੂੰ ਸਤਿਗੁਰੂ ਜੀ ਨਾਸਿਕ ਪਹੁੰਚੇ। ਨਾਸਿਕ ਪੂਨੇ ਤੋਂ ੧੦੦ ਮੀਲ ਉੱਤਰ ਵੱਲ ਅਤੇ ਸਮੁੰਦਰ ਤੋਂ ੬੭ ਕੁ ਮੀਲ ਪੂਰਬ ਪਾਸੇ ਹੈ। ਨਾਸਿਕ ਦੇ ਜ਼ਿਲੇ ਵਿਚ ਗੋਦਾਵਰੀ ਦੇ ਕੰਢੇ 'ਤੇ ਪੰਚਬਟੀ[1] ਦੇ ਪਾਸ ੧੨ ਸ਼ਿਵ-ਲਿੰਗ-ਮੰਦਰਾਂ ਵਿਚੋਂ 'ਤ੍ਰਯੰਬਕ' ਦਾ ਮੰਦਰ ਹੈ। ਮੰਦਰ ਦੇ ਨਾਮ ਤੇ ਹੀ ਨਗਰ ਦਾ ਨਾਮ ਭੀ ਤ੍ਰਯੰਬਕ ਹੈ, ਜੋ ਨਾਸਿਕ ਤੋਂ ੨੦੦ ਮੀਲ ਦੱਖਣ-ਪੱਛਮ ਪਾਸੇ ਹੈ। ਹਰ ਬਾਰ੍ਹਾਂ ਸਾਲ ਪਿੱਛੋਂ ਇਥੇ ਕੁੰਭ[2] ਦਾ ਮੇਲਾ ਲੱਗਦਾ ਹੈ।

---

੧. ਪੰਚਬਟੀ ਗੋਦਾਵਰੀ ਨਦੀ ਦੇ ਕੰਢੇ ਨਾਸਿਕ ਸ਼ਹਿਰ ਦੇ ਕੋਲ ਦੰਡਕ ਬਨ ਵਿਚ ਇਕ ਥਾਂ ਹੈ, ਜਿਥੇ ਸ੍ਰੀ ਰਾਮਚੰਦਰ ਜੀ ਸੀਤਾ ਲਛਮਣ ਸਮੇਤ ਬਨਬਾਸ ਸਮੇਂ ਰਹੇ ਸਨ। ਪਿੱਪਲ, ਬਿਲ੍ਹ, ਬੋਹੜ, ਆਉਲਾ ਅਤੇ ਅਸ਼ੋਕ ਇਹ ਪੰਜ ਰੁੱਖ ਹੋਣ ਕਰਕੇ ਉਸਦਾ ਨਾਮ ਪੰਚਵਟੀ ਪੈ ਗਿਆ। ਰਮਾਇਣ ਅਨੁਸਾਰ ਸ਼ਿਵ ਵਟ, ਸਿੱਧ ਵਟ, ਸਨਤ ਕੁਮਾਰ ਵਟ, ਬ੍ਰਹਮ ਵਟ ਅਤੇ ਰਿਸ਼ੀ ਵਟ ਇਹ ਪੰਜ ਵਟ (ਬੋਹੜ) ਉਥੇ ਹੋਣ ਦੇ ਕਾਰਨ ਉਸ ਦਾ ਨਾਮ ਪੰਚਵਟੀ ਪਰਸਿੱਧ ਹੋਇਆ ਸੀ।

੨. ਕੁੰਭ ਹਿੰਦੂਆਂ ਦਾ ਇਕ ਬੜਾ ਪਰਸਿੱਧ ਪਰਬ ਹੈ। ਸਕੰਧ ਪੁਰਾਣ ਵਿਚ ਇਸ ਦੀ ਕਥਾ ਇਉਂ ਦਿਤੀ ਹੋਈ ਹੈ—ਦੇਵਤਿਆਂ ਤੇ ਦੈਂਤਾਂ ਨੇ ਮਿਲ ਕੇ ਖੀਰ ਸਮੁੰਦਰ ਰਿੜਕਿਆ, ਤਾਂ ਚੌਦਾਂ ਰਤਨ ਨਿਕਲੇ। ਉਹਨਾਂ ਵਿਚ ਧਨੰਤਰ ਵੈਦ ਭੀ ਸੀ, ਜਿਸ ਦੇ ਕੋਲ ਅੰਮ੍ਰਿਤ ਦਾ ਕੁੰਭ (ਘੜਾ) ਸੀ। ਧਨੰਤਰ ਨੇ ਅੰਮ੍ਰਿਤ ਦਾ ਘੜਾ ਇੰਦਰ ਦੇਵਤੇ ਨੂੰ ਦਿਤਾ। ਇੰਦਰ ਨੇ ☛



WWW.SIKHBOOKCLUB.COM 

ਸਤਿਗੁਰੂ ਜੀ ਨੇ ਉਹਨਾਂ ਲੋਕਾਂ ਨੂੰ ਇਕ ਪਰਮਾਤਮਾ ਦੀ ਭਗਤੀ ਵੱਲ ਪ੍ਰੇਰਦੇ ਹੋਇਆਂ ਸਮਝਾਇਆ ਕਿ ਪਰਮਾਤਮਾ ਦਾ ਨਾਮ ਹੀ ਅੰਮ੍ਰਿਤ ਹੈ, ਜੋ ਮਨੁੱਖ ਨੂੰ ਵਿਕਾਰਾਂ ਵਿਚ ਆਤਮਕ ਮੌਤੇ ਮਰਨ ਤੋਂ ਬਚਾਂਦਾ ਹੈ ਤੇ ਜੀਵਨ ਨੂੰ ਪਵਿੱਤਰ ਕਰਦਾ ਹੈ।

ਨਾਸਿਕ ਤੋਂ ੧੦੦ ਮੀਲ ਪੂਰਬ ਪਾਸੇ ਸ਼ਹਿਰ ਔਰੰਗਾਬਾਦ ਹੈ, ਜਿਥੇ ੧੨ ਸ਼ਿਵਲਿੰਗ-ਮੰਦਰਾਂ ਵਿਚੋਂ 'ਘ੍ਰਿਸ਼ਣੇਸ਼੍ਵਰ' ਦਾ ਮੰਦਰ ਹੈ। ਨਾਸਿਕ ਤੋਂ ਸਤਿਗੁਰੂ ਜੀ ਔਰੰਗਾਬਾਦ ਨੂੰ ਪਰਤੇ। ਇਧਰ ਦੇ ਲੋਕਾਂ ਨੂੰ ਸ਼ਿਵ-ਲਿੰਗ ਦੀ ਪੂਜਾ ਤੋਂ ਹਟਾ ਕੇ ਪਰਮਾਤਮਾ ਦੀ ਭਗਤੀ ਵੱਲ ਪ੍ਰੇਰਿਆ। ਉਥੋਂ ਉੱਜੈਨ ਦਾ ਰੁਖ਼ ਕੀਤੋ ਨੇ। ਉੱਜੈਨ ਵਿਚ ਭੀ ੧੨ ਸ਼ਿਵਲਿੰਗ-ਮੰਦਰਾਂ ਵਿਚੋਂ 'ਮਹਾਕਾਲ' ਦਾ ਮੰਦਰ ਹੈ। ਉੱਜੈਨ ਦੇ ਰਸਤੇ ਵਿਚ ਨਰਬਦਾ ਨਦੀ ਦੇ ਕੰਢੇ 'ਤੇ ਅਮਰੇਸ਼੍ਵਰ ਸ਼ਹਿਰ ਵਿਚ ਭੀ ੧੨ ਸ਼ਿਵਲਿੰਗ-ਮੰਦਰਾਂ ਵਿਚੋਂ ਪਰਸਿੱਧ 'ਓਅੰਕਾਰ' ਦਾ ਮੰਦਰ ਹੈ। ਔਰੰਗਾਬਾਦ ਤੋਂ ਬੁਰਹਾਨਪੁਰ ਦੇ ਰਸਤੇ ਗੁਰੂ ਨਾਨਕ ਦੇਵ ਜੀ 'ਓਅੰਕਾਰ' ਦੇ ਮੰਦਰ ਪਹੁੰਚੇ। ਔਰੰਗਾਬਾਦ ਤੋਂ ਬੁਰਹਾਨਪੁਰ ੮੦ ਮੀਲ ਉੱਤਰ-ਪੂਰਬ ਵਲ ਹੈ ਅਤੇ ਉਥੋਂ 'ਓਅੰਕਾਰ-ਮੰਦਰ' ੪੦ ਮੀਲ ਉੱਤਰ ਪਾਸੇ ਹੈ। ਉਧਰ ਦੇ ਲੋਕ ਉਸ ਸ਼ਿਵਲਿੰਗ ਨੂੰ ਹੀ ਓਅੰਕਾਰ-ਪਰਮਾਤਮਾ ਦੀ ਤੁਲਤਾ ਦੇ ਕੇ ਪੂਜਦੇ ਸਨ। ਉਸ ਮੰਦਰ ਵਿਚ ਸੰਸਕ੍ਰਿਤ ਵਿੱਦਿਆ ਪੜ੍ਹਾਣ ਦਾ ਭੀ ਚੰਗਾ ਪਰਬੰਧ ਸੀ, ਪਰ ਲੋਕ ਸੰਸਕ੍ਰਿਤ ਨੂੰ ਦੇਵਤਿਆਂ ਦੀ ਬੋਲੀ ਮਿਥ ਕੇ ਸੰਸਕ੍ਰਿਤ-ਵਿੱਦਿਆ ਪੜ੍ਹਨ ਨੂੰ ਭੀ ਇਕ ਧਾਰਮਿਕ ਕੰਮ ਸਮਝਦੇ ਸਨ। ਸਤਿਗੁਰੂ ਜੀ ਨੇ ਉਹਨਾਂ ਨੂੰ ਪਰਮਾਤਮਾ ਦੀ ਭਗਤੀ ਦ੍ਰਿੜ੍ਹਾਈ ਅਤੇ ਇਹ ਭੀ ਸਮਝਾਇਆ ਕਿ ਦੁਨੀਆ ਦੇ ਲੇਖੇ-ਪੜ੍ਹੇ, ਚਾਹੇ ਕਿਸੇ ਭੀ ਬੋਲੀ ਵਿਚ ਹੋਣ, ਦੁਨੀਆ ਦੇ ਹੀ ਲੇਖੇ ਹਨ। ਵਿੱਦਿਆ ਮਨੁੱਖ ਦੇ ਜੀਵਨ ਦਾ ਸ਼ਿੰਗਾਰ ਹੈ, ਪਰ ਆਤਮਕ ਵਿੱਦਿਆ ਇਸ ਤੋਂ ਭੀ ਬਹੁਤ ਉੱਚੀ ਵਸਤ ਹੈ। 'ਓਅੰਕਾਰ' ਦੇ ਪਾਂਡਿਆਂ ਨੂੰ ਗੁਰੂ ਨਾਨਕ ਦੇਵ ਜੀ ਨੇ ਜੋ ਉਪਦੇਸ਼ ਕੀਤਾ ਸੀ, ਉਹ ਉਨ੍ਹਾਂ ਆਪਣੀ ਬਾਣੀ 'ਓਅੰਕਾਰ' ਵਿਚ ਦਰਜ ਕੀਤਾ

☛ ਉਹ ਘੜਾ ਆਪਣੇ ਪੁੱਤਰ ਜਯੰਤ ਨੂੰ ਦੇ ਕੇ ਆਖਿਆ ਕਿ ਇਸ ਨੂੰ ਸਵਰਗ ਵਿਚ ਲੈ ਜਾਓ। ਜਦੋਂ ਜਯੰਤ ਘੜਾ (ਕੁੰਭ) ਲੈ ਕੇ ਚੱਲਿਆ, ਤਾਂ ਦੈਂਤਾ ਦੇ ਗੁਰੂ ਸ਼ੁਕ੍ਰ ਨੇ ਦੈਂਤਾਂ ਨੂੰ ਕੁੰਭ ਖੋਹ ਲੈਣ ਦਾ ਹੁਕਮ ਦਿਤਾ। ਦੇਵਤਿਆਂ ਤੇ ਦੈਂਤਾਂ ਦੀ ਬਾਰ੍ਹਾਂ ਦਿਨ ਲੜਾਈ ਹੁੰਦੀ ਰਹੀ। ਖੋਹਾ-ਖੋਹੀ ਵਿਚ ਚਾਰ ਥਾਵਾਂ ਤੇ (ਹਰਿਦੁਆਰ, ਪ੍ਰਯਾਗ, ਨਾਸਿਕ, ਉੱਜੈਨ) ਕੁੰਭ ਵਿਚੋਂ ਅੰਮ੍ਰਿਤ ਡਿੱਗਾ। ਇਹਨਾਂ ਚਾਰੇ ਥਾਵਾਂ 'ਤੇ ਕੁੰਭ ਦਾ ਮੇਲਾ ਲੱਗਦਾ ਹੈ। ਦੇਵਤਿਆ ਦੇ ੧੨ ਦਿਨ ਮਨੁੱਖਾਂ ਦੇ ੧੨ ਸਾਲਾਂ ਦੇ ਬਰਾਬਰ ਹਨ, ਤਾਹੀਏਂ ਹਰੇਕ ਥਾਂ ਬਾਰ੍ਹੀਂ ਵਰ੍ਹੀਂ ਕੁੰਭ ਆਉਂਦਾ ਹੈ।



WWW.SIKHBOOKCLUB.COM 

ਹੋਇਆ ਹੈ। ਬਾਣੀ 'ਓਅੰਕਾਰ' ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਮਕਲੀ ਰਾਗ ਵਿਚ ਹੈ (ਰਾਮਕਲੀ ਦੱਖਣੀ ਵਿਚ)।

'ਓਅੰਕਾਰ-ਮੰਦਰ' ਤੋਂ ੭੦ ਮੀਲ ਉੱਤਰ ਪਾਸੇ ਸ਼ਹਿਰ ਉਜੈਨ ਹੈ। ਇੰਦੌਰ ਸ਼ਹਿਰ ਤੋਂ ਹੁੰਦੇ ਹੋਏ ਗੁਰੂ ਨਾਨਕ ਦੇਵ ਜੀ ਉਜੈਨ ਪਹੁੰਚੇ। ਰਸਤੇ ਵਿਚ ਸਭ ਥਾਈਂ ਲੋਕਾਂ ਨੂੰ ਸ਼ਿਵਲਿੰਗ ਦੀ ਉਪਾਸ਼ਨਾ ਵਲੋਂ ਵਰਜ ਕੇ ਪਰਮਾਤਮਾ ਦੀ ਭਗਤੀ ਵਲ ਪ੍ਰੇਰਦੇ ਰਹੇ। ਪਰਸਿੱਧ ਰਾਜਾ ਬਿਕ੍ਰਮਾਜੀਤ ਉਜੈਨ ਸ਼ਹਿਰ ਦਾ ਹੀ ਰਹਿਣ ਵਾਲਾ ਸੀ। ਕੁੰਭ ਦੇ ਚਾਰ ਪਰਸਿੱਧ ਮੇਲਿਆਂ ਵਿਚੋਂ ਇਕ ਮੇਲਾ ਇਥੇ ਲਗਦਾ ਹੈ। ਉਜੈਨ ਸ਼ਿਪ੍ਰਾ ਨਦੀ ਦੇ ਦੱਖਣੀ ਕੰਢੇ 'ਤੇ ਹੈ। ਸੰਸਕ੍ਰਿਤ ਪੁਸਤਕਾਂ ਵਿਚ ਇਸ ਦਾ ਨਾਮ 'ਅਵੰਤੀ' ਭੀ ਲਿਖਿਆ ਹੈ।

## ਉਜੈਨ ਤੋਂ ਦੁਆਰਕਾ ਨੂੰ

ਗੁਜਰਾਤ-ਕਾਠੀਆਵਾੜ ਦੇ ਸਮੁੰਦਰੀ ਕੰਢੇ ਉਤੇ ਸੋਮਨਾਥ ਅਤੇ ਦੁਆਰਕਾ ਹਿੰਦੂਆਂ ਦੇ ਦੋ ਬੜੇ ਪਰਸਿੱਧ ਤੀਰਥ ਹਨ। ੧੨ ਸ਼ਿਵਲਿੰਗ-ਮੰਦਰਾਂ ਵਿਚੋਂ ਦੋ ਮੰਦਰ ਇਹਨੀਂ ਦੋਹੀਂ ਥਾਈਂ ਭੀ ਹਨ। ਕਾਠੀਆਵਾੜ ਦੇਸ ਉਜੈਨ ਸ਼ਹਿਰ ਤੋਂ ਪੱਛਮ ਪਾਸੇ ਹੈ। ਗੁਰੂ ਨਾਨਕ ਦੇਵ ਜੀ ਉਜੈਨ ਤੋਂ ਸੋਮਨਾਥ ਦੇ ਮੰਦਰ ਵਲ ਚੱਲ ਪਏ। ਪਹਿਲਾਂ ਬੜੌਦੇ ਪਹੁੰਚੇ। ਉਜੈਨ ਤੋਂ ਬੜੌਦਾ ਡੇਢ ਕੁ ਸੌ ਮੀਲ ਪੱਛਮ ਵਲ ਹੈ, ਰਤਾ ਕੁ ਦੱਖਣ ਦੇ ਰੁਖ਼। ਅਗਾਂਹ ੭੦ ਕੁ ਮੀਲਾਂ ਦੀ ਵਿੱਥ 'ਤੇ ਖਾੜੀ ਕੈਂਬੇ ਦੇ ਕੰਢੇ ਭਾਵ-ਨਗਰ ਹੈ, ਉਥੋਂ ਲੰਘ ਕੇ ਸਤਿਗੁਰੂ ਜੀ ਪਾਲੀਟਾਣੇ ਗਏ। ਪਾਲੀਟਾਣਾ ਭੀ ਕੈਂਬੇ ਖਾੜੀ ਦੇ ਕੰਢੇ 'ਤੇ ਭਾਵ ਨਗਰ ਤੋਂ ੩੫ ਕੁ ਮੀਲ ਦੱਖਣ ਪਾਸੇ ਹੈ।

## ਜੈਨ-ਮੰਦਰ

ਪਾਲੀਟਾਣੇ ਵਿਚ ਜੈਨ-ਮਤ[1] ਦਾ ਬੜਾ ਕੀਮਤੀ ਮੰਦਰ ਹੈ। ਇਹ ਮਤ ਬੁਧ-ਮਤ ਨਾਲੋਂ ਪਹਿਲਾਂ ਦਾ ਹੈ। ਹਿੰਦੂ-ਮਤ ਵਾਂਗ ਜੈਨ-ਮਤ ਵਿਚ ਭੀ ੨੪ ਅਵਤਾਰ (ਤੀਰਥੰਕਰ) ਮੰਨੇ ਗਏ ਹਨ। ਸਭ ਤੋਂ ਅਖ਼ੀਰਲਾ ਤੀਰਥੰਕਰ

---

੧. ਜੈਨ-ਮਤ ਵਿਚ ਪੰਜ ਮੁੱਖ ਬ੍ਰਤ ਹਨ -ਅਹਿੰਸਾ, ਸੱਚ ਬੋਲਣਾ, ਚੋਰੀ ਨਾ ਕਰਨੀ, ਬ੍ਰਹਮ-ਚਰਜ, ਮੋਹ ਦਾ ਤਿਆਗ। ਜੈਨੀ ਪਰਮਾਤਮਾ ਦੇ ਥਾਂ ਮੁਕਤ-ਆਤਮਾ ਨੂੰ ਹੀ ਈਸ਼੍ਵਰ ਆਖਦੇ ਹਨ।

ਜੈਨ ਧਰਮ ਦਾ ਪਰਚਾਰ ਕਰਨ ਵਾਲੇ ਸਾਧੂਆਂ ਨੂੰ ਸਰੇਵੜੇ ਭੀ ਆਖਦੇ ਹਨ, ☛



WWW.SIKHBOOKCLUB.COM 

ਮਹਾਂਵੀਰ ਸੀ। ਇਸ ਦਾ ਪਹਿਲਾ ਨਾਮ ਵਰਧਮਾਨ ਸੀ। ਵਰਧਮਾਨ ਦਾ ਜਨਮ ਈਸਵੀ ਸੰਨ ਤੋਂ ੪੩੭ ਸਾਲ ਪਹਿਲਾਂ ਵੈਸ਼ਾਲੀ ਦੇ ਰਾਜ-ਘਰਾਣੇ (ਬਿਹਾਰ ਪ੍ਰਾਂਤ) ਵਿਚ ਅਤੇ ਦੇਹਾਂਤ ਪਾਵਾ (ਜ਼ਿਲਾ ਪਟਨਾ) ਵਿਚ ਹੋਇਆ ਸੀ। ੨੯ ਸਾਲਾਂ ਦੀ ਉਮਰੇ ਵਰਧਮਾਨ ਦਾ ਪਿਤਾ ਗੁਜ਼ਰਿਆ, ਉਸ ਤੋਂ ਪਿੱਛੋਂ ਦੋ ਸਾਲ ਇਸ ਨੇ ਰਾਜ ਕੀਤਾ। ਫਿਰ ਰਾਜ ਛੱਡ ਕੇ ਤਪ ਕਰਨ ਚਲਾ ਗਿਆ। ਇਸ ਦੀ ਕੁਲ ਉਮਰ ੭੨ ਸਾਲ ਸੀ।

☛ ਇਹਨਾਂ ਦੇ ਦੋ ਫ਼ਿਰਕੇ ਹਨ—ਸ੍ਵੇਤਾਂਬਰ ਅਤੇ ਦਿਗੰਬਰ। ਸ੍ਵੇਤਾਂਬਰ (ਸ੍ਵੇਤ + ਅੰਬਰ) ਉਹ ਸਾਧੂ ਜੋ ਚਿੱਟੇ ਬਸਤਰ ਪਹਿਨਦੇ ਹਨ। ਦਿਗੰਬਰ (ਦਿਗ + ਅੰਬਰ) ਉਹ ਸਾਧੂ ਜੋ ਨੰਗੇ ਰਹਿੰਦੇ ਹਨ। ਸ੍ਵੇਤਾਂਬਰ ਸਾਧੂਆਂ ਨੂੰ ਢੂੰਡੀਏ ਭੀ ਆਖਦੇ ਹਨ। ਰਾਜਪੂਤਾਨੇ ਦੀ ਡਿਗਲ ਭਾਸ਼ਾ ਵਿਚ ਢੂੰਡ ਨਾਮ ਪਹਾੜੀ ਟਿੱਬੇ ਦਾ ਹੈ, ਉਸ ਉਤੇ ਜੈਨੀ ਸਾਧੂ ਨਗਰ ਤਿਆਗ ਕੇ ਨਿਵਾਸ ਕਰਦੇ ਸਨ, ਇਸ ਲਈ ਇਹਨਾਂ ਦਾ ਨਾਮ ਢੂੰਡੀਏ ਪੈ ਗਿਆ।

ਜੈਨ-ਮਤ ਦਾ ਬਾਈਵਾਂ ਤੀਰਥੰਕਰ ਨੇਮੀਨਾਥ ਸੀ, ਜੋ ਦੁਆਰਕਾ ਦੀ ਜਾਦਵ-ਕੁਲ ਦੇ ਰਾਜ-ਘਰਾਣੇ ਵਿਚ ਪੈਦਾ ਹੋਇਆ ਸੀ। ਸ਼ਰੀਕ ਬਰਾਦਰੀ ਵਿਚੋਂ ਇਹ ਸ੍ਰੀ ਕ੍ਰਿਸ਼ਨ ਜੀ ਦਾ ਭਰਾ ਸੀ। ਜਦੋਂ ਨੇਮੀਨਾਥ ਦਾ ਵਿਆਹ ਰਾਜਾ ਉਗ੍ਰਸੈਨ ਦੀ ਲੜਕੀ ਰਾਜਮਤੀ ਨਾਲ ਹੋਣ ਲੱਗਾ, ਜੰਞ ਦਾ ਢੁਕਾ ਹੋ ਚੁਕਿਆ, ਨੇਮੀਨਾਥ ਨੇ ਵੇਖਿਆ ਕਿ ਜਾਂਞੀਆਂ ਦੀ ਸੇਵਾ ਲਈ ਕਈ ਬੱਕਰੇ ਇਕੱਠੇ ਕੀਤੇ ਹੋਏ ਸਨ। ਰਾਜਕੁਮਾਰ ਨੂੰ ਇਹ ਵੇਖ ਕੇ ਬੜੀ ਸੱਟ ਵੱਜੀ, ਇਸ ਦੇ ਅੰਦਰ ਇਤਨਾ ਵੈਰਾਗ ਉਪਜਿਆ ਕਿ ਵਿਆਹ ਭੀ ਨਾ ਕਰਾਇਆ ਤੇ ਰਾਜ-ਭਾਗ ਛੱਡ ਕੇ ਜੰਗਲ ਵਿਚ ਜਾ ਕੇ ਤਪ ਕਰਨ ਲੱਗ ਪਿਆ। ਕਾਠੀਆਵਾੜ ਦੀ ਰਿਆਸਤ ਜੂਨਾਗੜ੍ਹ ਵਿਚ ਗਿਰਨਾਰ ਪਹਾੜੀ ਉਤੇ ਤਪ ਕਰਦਿਆਂ ਨੇਮੀਨਾਥ ਨੂੰ ਨਿਰਵਾਣ ਪ੍ਰਾਪਤ ਹੋਇਆ।

ਜੈਨੀ ਸਾਧੂ ਅਹਿੰਸਾ ਦਾ ਇਤਨਾ ਖ਼ਿਆਲ ਰਖਦੇ ਸਨ ਕਿ ਹਰ ਵੇਲੇ ਮੂੰਹ ਅੱਗੇ ਕਪੜਾ ਰੱਖਦੇ ਹਨ। ਸੂਤ ਦਾ ਝਾੜੂ (ਰਜੋ-ਹਰਾ) ਹਰੇਕ ਦੇ ਪਾਸ ਹੋਣਾ ਜ਼ਰੂਰੀ ਹੈ, ਬੈਠਣ ਵੇਲੇ ਉਸ ਨਾਲ ਜ਼ਮੀਨ ਸਾਫ਼ ਕਰ ਲੈਂਦੇ ਹਨ, ਤਾਕਿ ਕੋਈ ਜੀਵ ਹੇਠ ਆ ਕੇ ਮਰ ਨਾ ਜਾਏ। ਇਕੋ ਕਤਾਰ ਵਿਚ ਅੱਗੇ ਪਿੱਛੇ ਤੁਰਦੇ ਹਨ, ਮੁੱਢਲਾ ਸਾਧੂ ਇਸ ਗੱਲ ਦਾ ਖ਼ਿਆਲ ਰੱਖਦਾ ਹੈ ਕਿ ਰਸਤੇ ਵਿਚ ਕੋਈ ਕੀਟ ਆਦਿਕ ਜੀਵ ਨਾ ਹੋਵੇ। ਜੀਵ-ਹਿੰਸਾ ਤੋਂ ਬਚਣ ਲਈ ਹੀ ਜੈਨੀ ਸਾਧੂ ਠੰਢਾ ਭੋਜਨ ਖਾਂਦੇ ਅਤੇ ਉਬਲਿਆ ਹੋਇਆ ਪਾਣੀ ਪੀਂਦੇ ਹਨ। ਨਿਰਮਲ ਜਲ ਨਾਲ ਨ੍ਹਾਉਣਾ ਇਹਨਾਂ ਲਈ ਵਰਜਿਤ ਹੈ। ਇਸ ਤਰ੍ਹਾਂ ਕਈ ਜੀਵ ਮਰਦੇ ਹਨ। ਇਸੇ ਕਰਕੇ ਇਹ ਲੋਕ ਕਈ ਦਿਨ ਇਸ਼ਨਾਨ ਨਹੀਂ ਕਰਦੇ। ਪਾਖ਼ਾਨੇ ਬੈਠ ਕੇ ਉਸ ਨੂੰ ਲੱਕੜੀ ਨਾਲ ਫੋਲ ਦੇਂਦੇ ਹਨ, ਤਾਕਿ ਉਸ ਵਿਚ ਕੋਈ ਜੀਵ ਪੈਦਾ ਨਾ ਹੋ ਜਾਏ। ਜੀਵ-ਹਿੰਸਾ ਦੇ ਹਊਏ ਨੇ ਇਹਨਾਂ ਦਾ ਜੀਵਨ ਬਹੁਤ ਕੁਚੀਲ ਬਣਾ ਦਿਤਾ ਹੈ।

ਹੋਰ ਵਰਤਾਂ ਤੋਂ ਇਲਾਵਾ ਜੈਨੀ ਸਾਧੂਆਂ ਦੇ ਅੱਠ ਵਰਤ ਬੜੇ ਸ਼ਿਰੋਮਣੀ ਹਨ। ਭਾਦਰੋਂ ਵਦੀ ੧੨ ਤੋਂ ਲੈ ਕੇ ਭਾਦਰੋਂ ਸੁਦੀ ੪ ਤਕ। ਅਖ਼ੀਰਲੇ ਦਿਨ ਦਾ ਨਾਮ 'ਛਮਛਰੀ' ਹੈ, ਜੋ ਸਭ ਤੋਂ ਪਵਿੱਤਰ ਹੈ। 'ਛਮਛਰੀ' ਸੰਸਕ੍ਰਿਤ ਦਾ ਲਫ਼ਜ਼ 'ਸੰਵਤ-ਸਰੀ' ਹੈ, ਭਾਵ, ਪੰਜ-ਸਾਲੇ ਦਾ ਪਹਿਲਾ ਦਿਨ (ਸੰਵਤ ਸਾਲ)।



WWW.SIKHBOOKCLUB.COM 

ਗੁਰੂ ਨਾਨਕ ਦੇਵ ਜੀ ਪਾਲੀਟਾਣੇ ਪਹੁੰਚੇ, ਜਦੋਂ ਜੈਨੀ ਸਾਧੂਆਂ ਦਾ ਇਹ ਪਵਿੱਤਰ ਦਿਹਾੜਾ ਨੇੜੇ ਆ ਰਿਹਾ ਸੀ। ਸਿੱਖ-ਇਤਿਹਾਸ ਨੇ ਇਕ ਸਾਧੂ ਦਾ ਨਾਮ ਅਨਭੀ ਲਿਖਿਆ ਹੈ, ਜਿਸ ਨਾਲ ਸਤਿਗੁਰੂ ਜੀ ਦੀ ਚਰਚਾ-ਵਿਚਾਰ ਹੋਈ ਸੀ। ਇਹ ਜ਼ਿਕਰ ਹੈ ਸੰਨ ੧੫੧੪ ਦੇ ਅਗਸਤ ਮਹੀਨੇ ਦਾ। ਸਿੰਘਲਾਦੀਪ ਤੋਂ ਪਾਲੀਟਾਣੇ ਤਕ ਸਤਿਗੁਰੂ ਜੀ ਨੇ ਸੋਲ੍ਹਾਂ ਸੌ ਮੀਲ ਦੇ ਕਰੀਬ ਪੈਂਡਾ ਕੀਤਾ। ਉਥੋਂ ਅਪ੍ਰੈਲ ਸੰਨ ੧੫੧੨ ਵਿਚ ਤੁਰੇ ਸਨ। ਪਾਲੀਟਾਣੇ ਤਕ ਪਹੁੰਚਦਿਆਂ ੨੭ ਕੁ ਮਹੀਨੇ ਲੱਗ ਗਏ। ਇਸ ਤਰ੍ਹਾਂ ਰੋਜ਼ਾਨਾ ਸਫ਼ਰ ਦੋ ਸਵਾ ਦੋ ਮੀਲ ਬਣਿਆ।

ਜੈਨੀ ਸਾਧੂਆਂ ਨੂੰ ਸਤਿਗੁਰੂ ਜੀ ਨੇ ਇਸ ਇਸ਼ਨਾਨ-ਹੀਣ ਕੁਚੀਲ ਜੀਵਨ ਵੱਲੋਂ ਵਰਜਿਆ, ਤੇ ਸਮਝਾਇਆ ਕਿ ਜੀਵ-ਹਿੰਸਾ ਦੇ ਵਹਿਮ ਵਿਚ ਪੈ ਕੇ ਪਾਣੀ ਪਾਸੋਂ ਇਤਨਾ ਸੰਗਣਾ ਜੀਵਨ ਦਾ ਗ਼ਲਤ ਰਸਤਾ ਹੈ।

**ਸੋਮਨਾਥ**

ਪਾਲੀਟਾਣੇ ਤੋਂ ੧੦੦ ਕੁ ਮੀਲ ਦੱਖਣ-ਪੱਛਮ ਪਾਸੇ ਸਮੁੰਦਰ ਦੇ ਕੰਢੇ 'ਤੇ ਸੋਮਨਾਥ ਦਾ ਮੰਦਰ ਹੈ, ਪਰਭਾਸ-ਛੇਤਰ ਵਿਚ। ਇਹ ਉਹ ਅਸਥਾਨ ਹੈ ਜਿਥੇ ਸ੍ਰੀ ਕ੍ਰਿਸ਼ਨ ਜੀ ਸਮੇਤ ਜਾਦਵ-ਕੁਲ ਦਾ ਨਾਸ ਹੋਇਆ ਸੀ। ਸੋਮਨਾਥ ਰਿਆਸਤ ਜੂਨਾਗੜ੍ਹ ਵਿਚ ਇਕ ਨਗਰ ਤੇ ਪੱਤਣ ਭੀ ਹੈ। ਇਸ ਥਾਂ ਇਕ ਮਸ਼ਹੂਰ ਸ਼ਿਵਲਿੰਗ ਸੋਮਨਾਥ ਨਾਮ ਦਾ ਹੈ। ਸੋਮਨਾਥ ਦੇ ਮੰਦਰ ਵਿਚ ਇਕ ਪੰਜ ਗਜ਼ ਉੱਚੀ ਸ਼ਿਵ ਦੀ ਮੂਰਤੀ ਭੀ ਸੀ, ਜਿਸ ਨੂੰ ਮਹਿਮੂਦ ਗ਼ਜ਼ਨਵੀ ਨੇ ਸੰਨ ੧੦੨੪ ਵਿਚ ਤੋੜ ਕੇ ਚਾਰ ਟੋਟੇ ਕਰ ਦਿੱਤੇ ਸਨ। ਦੋ ਟੋਟੇ ਉਸ ਨੇ ਗ਼ਜ਼ਨੀ ਭੇਜ ਦਿੱਤੇ ਅਤੇ ਦੋ ਟੁਕੜੇ ਮੱਕੇ ਅਤੇ ਮਦੀਨੇ ਭੇਜ ਦਿੱਤੇ। ਸੋਮਨਾਥ ਦਾ ਮੰਦਰ ਭਾਰਤ ਵਿਚ ਅਦੁੱਤੀ ਸੀ। ਰਤਨਾਂ ਨਾਲ ਜੜੇ ਹੋਏ ਇਸ ਦੇ ੫੬ ਥੰਮ੍ਹ ਸਨ ਅਤੇ ਦੋ ਸੌ ਮਣ ਦਾ ਸੋਨੇ ਦਾ ਜ਼ੰਜੀਰ ਛੱਤ ਨਾਲ ਲਟਕਦਾ ਸੀ, ਜਿਸ ਨਾਲ ਇਕ ਟੱਲ ਬੱਧਾ ਹੋਇਆ ਸੀ। ਜਿਨ੍ਹਾਂ ਗ਼ਰੀਬ ਯਾਤਰੂਆਂ ਨੇ ਇਤਨੇ ਧਨ-ਪਦਾਰਥ ਦਾ ਦਿਖਾਵਾ ਕਦੇ ਜੰਮ ਕੇ ਭੀ ਸੁਣਿਆ-ਵੇਖਿਆ ਨਹੀਂ ਸੀ, ਉਹਨਾਂ ਦੇ ਭਾ ਦਾ ਇਹੀ ਸੁਰਗ ਪੁਰੀ ਸੀ। ਗ਼ਰੀਬਾਂ ਉੱਤੇ ਇਸ ਦਾ ਇਤਨਾ ਪ੍ਰਭਾਵ ਪੈਂਦਾ ਸੀ ਕਿ ਉਹ ਦਾਨ-ਪੁੰਨ ਕਰ ਕੇ ਇਸ ਐਸ਼੍ਵਰਜ ਨੂੰ ਹੋਰ ਹੋਰ ਵਧਾਣ ਦਾ ਕਾਰਨ ਨਿੱਤ ਬਣਦੇ ਰਹਿੰਦੇ ਸਨ, ਤੇ ਪਾਂਡਿਆਂ ਪਾਸੋਂ ਪਰਲੋਕ ਦੇ ਸੁਖਾਂ ਦੀਆਂ ਅਸੀਸਾਂ ਦੇ ਪਾਤਰ ਬਣਦੇ ਸਨ।



WWW.SIKHBOOKCLUB.COM 

## ਜੂਨਾਗੜ੍ਹ

ਸੋਮਨਾਥ ਤੋਂ ਜੂਨਾਗੜ੍ਹ ਦੇ ਰਸਤੇ ਸਤਿਗੁਰੂ ਜੀ ਸੁਦਾਮਾ-ਪੁਰੀ ਦੁਆਰਕਾ ਨੂੰ ਰਵਾਨਾ ਹੋਏ। ਜੂਨਾਗੜ੍ਹ ਤੋਂ ਨੇੜੇ ਹੀ ਪੂਰਬ ਪਾਸੇ ਗਿਰਿਨਾਰ ਪਰਬਤ ਉਤੇ ਜੈਨੀਆਂ ਦੇ ਮੰਦਰ ਹਨ, ਅਤੇ ਦੁਰਗਾ, ਗੋਰਖ, ਕਾਲਿਕਾ ਅਤੇ ਦੱਤਾ ਤ੍ਰੇਯ[1] ਦੇ ਅਸਥਾਨ ਭੀ ਹਨ। ਗੁਰੂ ਨਾਨਕ ਦੇਵ ਜੀ ਜੂਨਾਗੜ੍ਹ ਅਤੇ ਗਿਰਿਨਾਰ ਪਰਬਤ ਤੇ ਪਹੁੰਚੇ। ਹੁਣ ਉਥੇ ਉਹਨਾਂ ਦਾ ਗੁਰਦੁਆਰਾ 'ਚਰਨ ਪਾਦੁਕਾ' ਪਵਿੱਤਰ ਅਸਥਾਨ ਹੈ।

## ਸੁਦਾਮਾ-ਪੁਰੀ

ਸੋਮਨਾਥ ਤੋਂ ੧੦੦ ਕੁ ਮੀਲ ਉੱਤਰ-ਪੱਛਮ ਵੱਲ ਸਮੁੰਦਰ ਦੇ ਕੰਢੇ 'ਤੇ ਪੋਰਬੰਦਰ ਹੈ। ਸੁਦਾਮੇ ਦੇ ਨਾਮ ਤੇ ਇਹ ਥਾਂ ਸੁਦਾਮਾ-ਪੁਰੀ ਮਸ਼ਹੂਰ ਹੋ ਗਿਆ ਹੈ। ਸੁਦਾਮਾ ਸ੍ਰੀ ਕ੍ਰਿਸ਼ਨ ਜੀ ਦਾ ਭਗਤ ਸੀ। ਇਥੋਂ ਹੀ ਸੁਦਾਮਾ ਦੁਆਰਕਾ ਗਿਆ ਸੀ, ਜਦੋਂ ਉਸ ਦੀ ਵਹੁਟੀ ਨੇ ਪ੍ਰੇਰ ਕੇ ਭੇਜਿਆ ਸੀ ਕਿ ਸ੍ਰੀ ਕ੍ਰਿਸ਼ਨ ਜੀ ਦੀ ਸ਼ਰਨ ਪਉ, ਤਾਕਿ ਸਾਡੀ ਗ਼ਰੀਬੀ ਦੂਰ ਹੋਵੇ। ਸੁਦਾਮਾ-ਪੁਰੀ ਤੋਂ ਦੁਆਰਕਾ ੬੦ ਮੀਲ ਉੱਤਰ-ਪੱਛਮ ਪਾਸੇ ਸਮੁੰਦਰ ਦੇ ਕੰਢੇ 'ਤੇ ਹੈ।

SIKHBOOKCLUB.COM

## ਦੁਆਰਕਾ

ਗੁਰੂ ਨਾਨਕ ਦੇਵ ਜੀ ਪਾਲੀਟਾਣੇ ਤੋਂ ਸੋਮਨਾਥ ਤੇ ਸੁਦਾਮਾ ਪੁਰੀ ਦੇ ਰਸਤੇ ਦੁਆਰਕਾ ਪਹੁੰਚੇ। ਇਸ ਨੂੰ ਦ੍ਵਾਰਾਵਤੀ ਭੀ ਆਖਦੇ ਹਨ। ਇਸ ਦੀ ਗਿਣਤੀ ਹਿੰਦੂਆਂ ਦੀਆਂ ਸੱਤ ਪਵਿੱਤਰ ਪੁਰੀਆਂ ਵਿਚ ਹੈ। ਹਿੰਦੂਆਂ ਦੇ ਚਾਰ ਧਾਮਾਂ, ਚਾਰ ਪਵਿੱਤਰ ਅਸਥਾਨਾਂ ਵਿਚੋਂ ਦੁਆਰਕਾ ਭੀ ਇਕ ਧਾਮ ਹੈ। ਦੁਆਰਕਾ ਚਿਰ ਤੀਕ ਜਾਦਵਾਂ ਦੀ ਰਾਜਧਾਨੀ ਰਹੀ ਹੈ। ਕਹਿੰਦੇ ਹਨ ਕਿ ਸ੍ਰੀ ਕ੍ਰਿਸ਼ਨ ਜੀ ਦੇ ਦੇਹਾਂਤ ਪਿੱਛੋਂ ਸੱਤਵੇਂ ਦਿਨ ਦ੍ਵਾਰਾਵਤੀ ਨੂੰ ਸਮੁੰਦਰ ਰੋੜ੍ਹ ਕੇ ਲੈ ਗਿਆ ਸੀ। ਜਿਹੜੀ ਵੱਸੋਂ ਹੁਣ ਵੇਖੀਦੀ ਹੈ, ਇਹ ਪਿੱਛੋਂ ਬਣੀ ਸੀ।

---

੧. ਦੱਤਾਤ੍ਰੇਯ—ਅੱਤ੍ਰਿ ਰਿਸ਼ੀ ਦਾ ਪੁੱਤਰ ਸੀ। ੨੪ ਅਵਤਾਰਾਂ ਵਿਚੋਂ ਇਕ ਅਵਤਾਰ ਦੱਤਾਤ੍ਰੇਯ ਮੰਨਿਆ ਜਾਂਦਾ ਹੈ। ਇਸ ਨੇ ੨੪ ਗੁਰੂ ਧਾਰਨ ਕੀਤੇ ਸਨ, ਜਿਨ੍ਹਾਂ ਤੋਂ ਕੋਈ ਨ ਕੋਈ ਗੁਣ ਗ੍ਰਹਿਣ ਕੀਤਾ ਸੀ। ਦੱਤਾਤ੍ਰੇਯ ਦੀ ਮਾਂ ਦੇ ਵਰ ਮੰਗਣ ਤੇ ਇਸ ਦੇ ਪੇਟੋਂ ਬ੍ਰਹਮਾ 'ਸੋਮ' ਰੂਪ ਹੋ ਕੇ, ਵਿਸ਼ਨੂੰ 'ਦੱਤ' ਰੂਪ ਹੋ ਕੇ ਅਤੇ ਸ਼ਿਵ 'ਦੁਰਵਾਸਾ' ਰੂਪ ਹੋ ਕੇ ਜੰਮਿਆ ਸੀ।



WWW.SIKHBOOKCLUB.COM 

ਦੁਆਰਕਾ ਤੋਂ ੩ ਕੋਹਾਂ ਤੇ 'ਨਾਗੇਸ਼੍ਵਰ' ਦਾ ਮੰਦਰ ਹੈ, ਜੋ ੧੨ ਸ਼ਿਵਲਿੰਗ-ਮੰਦਰਾਂ ਵਿਚੋਂ ਇਕ ਹੈ। ਦੁਆਰਕਾ ਵਿਚ ਸ੍ਰੀ ਕ੍ਰਿਸ਼ਨ ਜੀ ਦੀ ਭੀ ਇਕ ਮੂਰਤੀ ਹੈ, ਜਿਸ ਦਾ ਨਾਮ 'ਰਣਛੋੜ' ਹੈ। ਰਣਛੋੜ ਦਾ ਅਰਥ ਹੈ 'ਜੁਧ ਤੋਂ ਭਗੌੜਾ ਹੋ ਜਾਣ ਵਾਲਾ'। ਰਾਜਾ ਜਰਾਸੰਧ ਤੇ ਕਾਲਯਮਨ ਦੇ ਭਜਾਏ ਹੋਏ ਕ੍ਰਿਸ਼ਨ ਜੀ ਇਥੇ ਹੀ ਆ ਲੁਕੇ ਸਨ। ਜਰਾਸੰਧ ਕੰਸ ਦਾ ਸਹੁਰਾ ਸੀ। ਇਸੇ ਦੀ ਸਹਾਇਤਾ ਨਾਲ ਕੰਸ ਨੇ ਆਪਣੇ ਪਿਉ ਉਗ੍ਰਸੈਨ ਨੂੰ ਗੱਦੀ ਤੋਂ ਲਾਹ ਕੇ ਆਪ ਰਾਜ ਸਾਂਭਿਆ ਸੀ। ਜਦੋਂ ਕ੍ਰਿਸ਼ਨ ਜੀ ਨੇ ਕੰਸ ਨੂੰ ਮਾਰ ਕੇ ਉਗ੍ਰਸੈਨ ਨੂੰ ਮੁੜ ਮਥਰਾ ਦਾ ਰਾਜਾ ਥਾਪਿਆ, ਤਾਂ ਜਰਾਸੰਧ ਨੂੰ ਬੜਾ ਕ੍ਰੋਧ ਆਇਆ। ਉਸ ਨੇ ਆਪਣੇ ਮਿੱਤਰ ਕਾਲਯਮਨ ਨੂੰ ਲੈ ਕੇ ਮਥਰਾ ਉਤੇ ਚੜ੍ਹਾਈ ਕਰ ਦਿੱਤੀ, ਜਿਸ ਦਾ ਨਤੀਜਾ ਇਹ ਨਿਕਲਿਆ ਕਿ ਜਾਦਵਾਂ ਨੇ ਸਦਾ ਲਈ ਮਥਰਾ ਛੱਡ ਦਿਤੀ।

ਸਤਿਗੁਰੂ ਜੀ ਨੇ ਉਧਰ ਦੇ ਲੋਕਾਂ ਨੂੰ ਸ਼ਿਵਲਿੰਗ ਪੂਜਾ ਅਤੇ ਮੂਰਤੀ ਪੂਜਾ ਵਲੋਂ ਵਰਜ ਕੇ ਇਕ ਪਰਮਾਤਮਾ ਦੀ ਭਗਤੀ ਵਲ ਪ੍ਰੇਰਿਆ। ਬੇਟ-ਦੁਆਰਕਾ ਵਿਚ ਸੰਤ-ਤਲਾਈ ਦੇ ਕੰਢੇ 'ਤੇ ਗੁਰੂ ਨਾਨਕ ਦੇਵ ਜੀ ਦਾ ਗੁਰਦੁਆਰਾ ਹੈ। ਦੁਆਰਕਾ ਬੜੋਦੇ ਸ਼ਹਿਰ ਤੋਂ ਸਿੱਧਾ ਪੱਛਮ ਪਾਸੇ ੨੭੦ ਮੀਲਾਂ ਤੇ ਹੈ।

SIKHBOOKCLUB.COM

## ਦੁਆਰਕਾ ਤੋਂ ਪੰਜਾਬ ਨੂੰ ਵਾਪਸੀ

### ਕੱਛ—ਵਾਮ-ਮਾਰਗੀਏ

ਕਾਠੀਆਵਾੜ ਤੋਂ ਉੱਤਰ ਪਾਸੇ ਕੱਛ ਰਿਆਸਤ ਹੈ। ਦੋਹਾਂ ਨੂੰ ਕੱਛ ਦੀ ਖਾੜੀ ਦਾ ਪਾਣੀ ਵੱਖ ਕਰਦਾ ਹੈ। ਗੁਰੂ ਨਾਨਕ ਦੇਵ ਜੀ ਦੁਆਰਕਾ ਤੋਂ ਉੱਤਰ ਵਲ ੧੫ ਮੀਲਾਂ ਤੇ ਓਖਾ ਬੰਦਰ ਤੋਂ ਜਹਾਜ਼ ਤੇ ਚੜ੍ਹ ਕੇ ਰਿਆਸਤ ਕੱਛ ਦੇ ਮਾਂਡਵੀ ਬੰਦਰ ਤੇ ਜਾ ਉਤਰੇ। ਓਖਾ ਬੰਦਰ ਤੋਂ ਮਾਂਡਵੀ ਬੰਦਰ ਪੰਜੀ ਕੁ ਮੀਲ ਹੈ। ਰਿਆਸਤ ਕੱਛ ਵਿਚ ਵਾਮ-ਮਾਰਗੀਆਂ ਦਾ ਪਰਚਾਰ ਬਹੁਤ ਸੀ। ਗੁਰੂ ਨਾਨਕ ਦੇਵ ਜੀ ਉਥੋਂ ਦੇ ਪਰਸਿੱਧ ਨਗਰ ਭੁਜ ਅਤੇ ਅੰਜਾਰ ਵਿਚ ਗਏ। ਅੰਜਾਰ ਵਿਚ ਕਾਪੜੀਆ ਪੰਥ ਦੇ ਵਾਮ-ਮਾਰਗੀ ਸਾਧ ਰਹਿੰਦੇ ਸਨ। ਦੋਹਾਂ ਨਗਰਾਂ ਦੇ ਲੋਕ ਬਾਲਾ ਸੁੰਦਰੀ (ਚਾਰ ਬਾਹਾਂ ਵਾਲੀ ਵੈਸ਼ਨਵ ਦੇਵੀ) ਅਤੇ ਭੈਰਵੀ ਦੇਵੀ ਨੂੰ ਪੂਜਦੇ ਸਨ। ਪੂਜਾ ਦੇ ਵੇਲੇ ਇਕੱਠੇ ਹੋਏ ਉਪਾਸ਼ਕਾਂ

ਦੇ ਇਕੱਠ ਨੂੰ 'ਭੈਰਵੀ ਚੱਕ੍ਰ' ਆਖਦੇ ਹਨ। ਉਸ 'ਚੱਕ੍ਰ' ਵਿਚ ਬੈਠਣ ਵਾਲਿਆਂ ਦਾ ਜਾਤਿ-ਵਰਨ ਭੇਦ ਸਭ ਮਿਟ ਜਾਂਦਾ ਹੈ। ਸਾਰੇ ਇਕੋ ਭਾਂਡੇ ਵਿਚ ਮਾਸ ਖਾਂਦੇ ਅਤੇ ਸ਼ਰਾਬ ਪੀਂਦੇ ਹਨ। ਚੱਕ੍ਰ ਤੋਂ ਬਾਹਰ ਜਾ ਕੇ ਸਭਨਾਂ ਦਾ ਜਾਤਿ-ਵਰਨ ਮੁੜ ਉਹੀ ਵੱਖ-ਵੱਖ ਮੰਨਿਆ ਜਾਂਦਾ ਹੈ। ਤੰਤ੍ਰ ਸ਼ਾਸਤ੍ਰ ਵਿਚ ਇਸ ਬਾਰੇ ਇਉਂ ਲਿਖਿਆ ਹੈ—

> **ਪ੍ਰਵਰਿੱਤੇ ਭੈਰਵੀਚੱਕ੍ਰੇ, ਸਰਵੇ ਵਰਣਾਦ-ਵਿਜਾਤਯ:।**
> **ਨਿਵਰਿੱਤੇ ਭੈਰਵੀਚੱਕ੍ਰੇ, ਸਰਵੇ ਵਰਣਾ: ਪ੍ਰਿਥਕ ਪ੍ਰਿਥਕ।**

ਸਤਿਗੁਰੂ ਜੀ ਨੇ ਉਹਨਾਂ ਨੂੰ ਉਸ ਵਿਕਾਰੀ ਜੀਵਨ ਵੱਲੋਂ ਹਟਾ ਕੇ ਪਰਮਾਤਮਾ ਦੀ ਭਗਤੀ ਅਤੇ ਖ਼ਲਕਤ ਦੀ ਭਲਾਈ ਵਲ ਪ੍ਰੇਰਿਆ। ਇਹ ਜ਼ਿਕਰ ਹੈ ਕੱਤਕ ਦੀ ਮੱਸਿਆ ਦਾ (ਸੰਨ ੧੫੧੪), ਜਦੋਂ ਸਾਰੇ ਭਾਰਤ ਵਿਚ ਦੀਵਾਲੀ ਦਾ ਤਿਉਹਾਰ ਮਨਾਇਆ ਜਾਂਦਾ ਹੈ। ਦੀਵਾਲੀ ਨੂੰ ਵਾਮ-ਮਾਰਗੀਏ ਆਪਣਾ ਸਭ ਤੋਂ ਵੱਡਾ ਪੁਰਬ ਮੰਨਦੇ ਹਨ। ਭੁਜ ਨਗਰ ਪਾਲੀਟਾਣੇ ਤੋਂ ੩੩੦ ਮੀਲਾਂ ਦੇ ਕਰੀਬ ਹੈ। ਭਾਦਰੋਂ ਸੁਦੀ ੪ ਨੂੰ ਸਤਿਗੁਰੂ ਜੀ ਪਾਲੀਟਾਣੇ ਸਨ।

## ਬੀਸ ਨਗਰ

SIKHBOOKCLUB.COM

ਅੰਜਾਰ ਤੋਂ ਡੇਢ ਕੁ ਸੌ ਮੀਲ ਪੂਰਬ ਵਲ (ਰਤਾ ਕੁ ਉੱਤਰ ਦੇ ਰੁਖ਼) ਬੀਸ ਨਗਰ ਹੈ, ਜਿਥੇ ਮਾਨਸਰ ਅਤੇ ਭੀਮ ਉੜਿਆਰ ਤੀਰਥ ਹਨ। ਜਿਵੇਂ ਉੱਤਰੀ ਅਤੇ ਪੂਰਬੀ ਭਾਰਤ ਦੇ ਹਿੰਦੂ ਗਇਆ ਤੀਰਥ ਤੇ ਜਾ ਕੇ ਪਿਤਰਾਂ ਨਮਿੱਤ ਪਿੰਡ ਭਰਾਂਦੇ ਹਨ, ਤਿਵੇਂ ਪੱਛਮੀ ਭਾਰਤ ਦੇ ਹਿੰਦੂ ਇਹਨਾਂ ਤੀਰਥਾਂ ਤੇ ਪਿੰਡ ਭਰਾਂਦੇ ਹਨ। ਵੈਸ਼ਨਵ ਸਾਧੂ ਇਥੋਂ ਦੀ ਛਾਪ ਦਾ ਦਾਗ਼ ਆਪਣੀ ਛਾਤੀ ਉਤੇ ਲਵਾਂਦੇ ਹਨ ਅਤੇ ਇਸ ਨੂੰ ਬੈਕੁੰਠ ਪਹੁੰਚਣ ਲਈ ਰਾਹਦਾਰੀ ਸਮਝਦੇ ਹਨ। ਸਤਿਗੁਰੂ ਜੀ ਨੇ ਬੀਸ ਨਗਰ ਪਹੁੰਚ ਕੇ ਉਹਨਾਂ ਲੋਕਾਂ ਨੂੰ ਇਹਨਾਂ ਕਰਮਾਂ ਦੀ ਨਿਸ਼ਫਲਤਾ ਸਮਝਾ ਕੇ ਪਰਮਾਤਮਾ ਦੇ ਸਿਮਰਨ, ਮਾਪਿਆਂ ਦੀ ਸੇਵਾ ਅਤੇ ਖ਼ਲਕਤ ਦੀ ਭਲਾਈ ਦਾ ਉਪਦੇਸ਼ ਕੀਤਾ।

## ਆਬੂ ਪਰਬਤ—ਜੈਨੀ-ਸਾਧ

ਬੀਸ ਨਗਰ ਤੋਂ ੬੦ ਕੁ ਮੀਲ ਉੱਤਰ ਪਾਸੇ ਆਬੂ ਪਰਬਤ ਹੈ, ਜਿਥੇ ਜੈਨੀ ਸਾਧੂਆਂ (ਢੂੰਡੀਏ ਸੰਤਾਂ) ਦੇ ਮੰਦਰ ਹਨ। ਜੀਵ-ਹਿੰਸਾ ਦੇ ਬਹੁਤੇ ਵਹਿਣ

ਵਿਚ ਪੈ ਕੇ ਇਹ ਲੋਕ ਸਰੀਰ ਨੂੰ ਸੁਅੱਛ ਰੱਖਣ ਵਾਲੀ ਇਸ਼ਨਾਨ ਆਦਿਕ ਕਿਰਿਆ ਤੋਂ ਬਹੁਤ ਪਰਹੇਜ਼ ਕਰਦੇ ਹਨ ਅਤੇ ਬੜਾ ਕੁਚੀਲ[1] ਜਿਹਾ ਜੀਵਨ ਬਿਤਾਂਦੇ ਹਨ। ਗੁਰੂ ਨਾਨਕ ਦੇਵ ਜੀ ਨੇ ਉਹਨਾਂ ਸਾਧਾਂ ਨੂੰ ਕੁਚੀਲ ਜੀਵਨ ਵੱਲੋਂ ਵਰਜਿਆ ਤੇ ਪਰਮਾਤਮਾ ਦੀ ਭਗਤੀ ਦ੍ਰਿੜ੍ਹ ਕਰਾਈ।

### ਨਾਥ-ਦੁਆਰਾ

ਆਬੂ ਪਰਬਤ ਤੋਂ ਚੱਲ ਕੇ ਉਦੈਪੁਰ ਦੇ ਰਸਤੇ ਗੁਰੂ ਨਾਨਕ ਦੇਵ ਜੀ ਨਾਥ-ਦੁਆਰਾ[2] ਪਹੁੰਚੇ। ਉਦੈਪੁਰ ਆਬੂ ਤੋਂ ੬੦ ਕੁ ਮੀਲ ਪੂਰਬ ਵਲ ਹੈ ਅਤੇ ਨਾਥ-ਦੁਆਰਾ ਉਦੈਪੁਰ ਤੋਂ ੨੫ ਕੁ ਮੀਲ ਉੱਤਰ-ਪੂਰਬ ਵਲ। ਕੱਛ ਰਿਆਸਤ ਦੇ ਸ਼ਹਿਰ ਅੰਜਾਰ ਤੋਂ ਨਾਥ-ਦੁਆਰਾ ੩੦੦ ਮੀਲ ਦੇ ਕਰੀਬ ਹੈ। ਸਤਿਗੁਰੂ ਜੀ ਸੰਨ ੧੫੧੪ ਦੀ ਦੀਵਾਲੀ (ਕੱਤਕ ਦੀ ਮੱਸਿਆ) ਸਮੇ ਰਿਆਸਤ ਕੱਛ ਵਿਚ ਸਨ। ਨਾਥ-ਦੁਆਰੇ[?] ਸੰਨ ੧੫੧੫ ਦੀਆਂ ਹੋਲੀਆਂ ਦੇ ਮੌਕੇ ਤੇ ਪਹੁੰਚੇ। ਹੋਲੀ ਫੱਗਣ ਸੁਦੀ ੧੫ ਦਾ ਤਿਉਹਾਰ ਹੈ। ਸਾਢੇ ਚਾਰ ਕੁ ਮਹੀਨੇ ਇਸ ਸਫ਼ਰ ਵਿਚ ਲੱਗੇ।

ਗੁਰੂ ਨਾਨਕ ਦੇਵ ਜੀ ਨੇ ਲੋਕਾਂ ਨੂੰ ਸਾਰੇ ਜਗਤ ਦੇ ਕਰਤਾਰ ਤੇ ਸਾਰੀ ਸ੍ਰਿਸ਼ਟੀ ਨੂੰ ਸਹਾਰਾ ਦੇਣ ਵਾਲੇ ਪਰਮਾਤਮਾ ਦੀ ਭਗਤੀ ਵੱਲ ਪ੍ਰੇਰਿਆ ਅਤੇ ਖ਼ਲਕਤ ਦੀ ਸੇਵਾ ਕਰਨ ਦਾ ਉਪਦੇਸ਼ ਦਿੱਤਾ।

---

੧. ਇਹਨਾਂ ਦਾ ਵਿਸਥਾਰ-ਸਹਿਤ ਜ਼ਿਕਰ ਪਾਲੀਟਾਣੇ ਦੀ ਸਾਖੀ ਵਿਚ ਦਿੱਤਾ ਗਿਆ ਹੈ।

੨. ਨਾਥ-ਦੁਆਰੇ ਸ੍ਰੀ ਕ੍ਰਿਸ਼ਨ ਜੀ ਦਾ ਮੰਦਰ ਹੈ, ਜਿਸ ਵਿਚ ਕ੍ਰਿਸ਼ਨ ਜੀ ਦੀ ਉਹ ਮੂਰਤੀ ਹੈ ਜਿਸ ਨੇ ਗੋਵਰਧਨ ਪਹਾੜ ਚੁੱਕਿਆ ਹੋਇਆ ਹੈ। ਗੋਕਲ ਦੇ ਬੈਰਾਗੀ ਸੰਤ ਇਸ ਮੰਦਰ ਦੇ ਮਹੰਤ ਹਨ। ਗੋਵਰਧਨ ਪਹਾੜ ਯੂ. ਪੀ. ਜ਼ਿਲਾ ਮਥੁਰਾ ਵਿਚ ਬਿੰਦ੍ਰਾਬਨ ਤੋਂ ੧੮ ਮੀਲਾਂ ਤੇ ਹੈ। ਜਦੋਂ ਕ੍ਰਿਸ਼ਨ ਜੀ ਗੋਕਲ ਵਿਚ ਰਹਿੰਦੇ ਸਨ, ਤਾਂ ਗੁਆਲਿਆਂ ਨਾਲ ਰਲ ਕੇ ਗੋਵਰਧਨ ਉਤੇ ਗਾਈਆਂ ਚਰਾਇਆ ਕਰਦੇ ਸਨ। ਗੋਕਲ ਦੇ ਗੁਆਲੇ ਕ੍ਰਿਸ਼ਨ ਜੀ ਦੇ ਪਿਆਰ ਵਿਚ ਇੰਦਰ ਦੇਵਤੇ ਨੂੰ ਭੁਲਾ ਬੈਠੇ, ਉਸ ਦੀ ਪੂਜਾ ਕਰਨੀ ਛੱਡ ਦਿੱਤੀਓ ਨੇ। ਇੰਦਰ ਨੇ ਬ੍ਰਿਜ-ਭੂਮੀ ਨੂੰ ਡੋਬਣ ਦੀ ਨੀਤ ਨਾਲ ਬੜੀ ਵਰਖਾ ਸ਼ੁਰੂ ਕਰ ਦਿਤੀ। ਪਰ ਕ੍ਰਿਸ਼ਨ ਜੀ ਨੇ ਗੋਵਰਧਨ ਨੂੰ ਤਲੀ ਉਤੇ ਇਉਂ ਚੁੱਕ ਲਿਆ ਜਿਵੇਂ ਛੱਤਰੀ ਫੜੀਦੀ ਹੈ, ਤੇ ਇਸ ਤਰ੍ਹਾਂ ਗਵਾਲਿਆਂ ਅਤੇ ਉਹਨਾਂ ਦੀਆਂ ਗਊਆਂ ਨੂੰ ਡੁੱਬਣੋਂ ਬਚਾ ਲਿਆ।

ਨਾਥ-ਦੁਆਰੇ ਦੀ 'ਗੋਵਰਧਨ-ਧਾਰੀ ਮੂਰਤੀ' ਦੀ ਪੂਜਾ ਇਉਂ ਕੀਤੀ ਜਾਂਦੀ ਹੈ, ਜਿਵੇਂ ਕਿਸੇ ਸਾਖਿਆਤ ਜੀਊਂਦੇ ਮਹਾਂ ਪੁਰਖ ਦੀ। ਹਰ ਰੋਜ਼ ਚਾਰ ਵਾਰੀ ਬੜੇ ਵਧੀਆ ਤੇ ਕੀਮਤੀ ਖਾਣਿਆਂ ਤੇ ਮੇਵਿਆਂ ਦੇ ਭੋਗ ਲਾਏ ਜਾਂਦੇ ਹਨ। ਗਰਮੀ ਦੀ ਬਹਾਰੇ ਰੇਤ ਤੇ ਜਲ ਆਦਿਕ ਨਾਲ ਮੰਦਰ ਨੂੰ ਠੰਢਾ ਰਖਦੇ ਹਨ, ਤਾਕਿ ਠਾਕੁਰ ਜੀ ਨੂੰ ਗਰਮੀ ਨਾ ਲੱਗੇ। ਸਰਦੀ ਦੀ ☛



WWW.SIKHBOOKCLUB.COM 

## ਚਤੌੜ

ਨਾਥ-ਦੁਆਰੇ ਤੋਂ ੪੦ ਮੀਲ ਪੂਰਬ ਪਾਸੇ ਰਾਜਪੂਤਾਨੇ ਦਾ ਪਰਸਿੱਧ ਕਿਲ੍ਹਾ ਚਤੌੜ ਹੈ। ਪੁਰਾਣੇ ਸਮੇ ਇਹ ਮੇਵਾੜ ਦੀ ਰਾਜਧਾਨੀ ਸੀ। ਚਤੌੜ ਵਿਚ ਕਈ ਮੰਦਰ ਅਤੇ ਪੁਰਾਣੇ ਸਮੇ ਦੀਆਂ ਹੋਰ ਕਈ ਯਾਦਗਾਰਾਂ ਹਨ। ਜਦੋਂ ਅਕਬਰ ਨੇ ਸੰਨ ੧੫੬੭ ਵਿਚ ਚਤੌੜ ਤੇ ਹਮਲਾ ਕੀਤਾ ਅਤੇ ਰਾਣਾ ਉਦੈ ਸਿੰਘ ਜ਼ਖ਼ਮੀ ਹੋ ਕੇ ਭੱਜ ਗਿਆ, ਤਦੋਂ ਜੈਮਲ ਤੇ ਫੱਤਾ ਬੜੀ ਬਹਾਦਰੀ ਨਾਲ ਲੜ ਕੇ ਸ਼ਹੀਦ ਹੋਏ ਸਨ। ਉਹਨਾਂ ਦੀ ਯਾਦਗਾਰ ਭੀ ਬਣੀ ਹੈ।

ਜੈਨ-ਮਤ ਦੇ ੨੪ ਤੀਰਥੰਕਰਾਂ (ਅਵਤਾਰਾਂ) ਵਿਚੋਂ ਸਭ ਤੋਂ ਪਹਿਲੇ ਤੀਰਥੰਕਰ 'ਆਦਿ ਨਾਥ' ਦਾ ਥੰਮ੍ਹ ਭੀ ਕਿਲ੍ਹੇ ਵਿਚ ਬਣਿਆ ਹੋਇਆ ਹੈ, ਜੋ ੮੦ ਫ਼ੁਟ ਉੱਚਾ ਹੈ।

## ਅਜਮੇਰ

ਚਤੌੜ ਤੋਂ ਹੁੰਦੇ ਹੋਏ ਗੁਰੂ ਨਾਨਕ ਦੇਵ ਜੀ ਅਜਮੇਰ ਨੂੰ ਚੱਲ ਪਏ, ਜੋ ਚਤੌੜ ਤੋਂ ੧੦੦ ਮੀਲ ਠੀਕ ਉੱਤਰ ਪਾਸੇ ਹੈ। ਇਹ ਸ਼ਹਿਰ ਚੌਹਾਨ ਖ਼ਾਨਦਾਨ ਦੇ ਰਾਜੇ ਅਜੈਪਾਲ ਨੇ ਵਸਾਇਆ ਸੀ। ਇਥੇ ਮੁਸਲਮਾਨਾਂ ਦੇ ਪਰਸਿੱਧ ਪੀਰ 'ਖ਼ਵਾਜਾ ਮੁਈਨੁੱਦੀਨ ਚਿਸ਼ਤੀ' ਦਾ ਰੌਜ਼ਾ ਹੈ, ਜਿਸ ਦਾ ਦੇਹਾਂਤ ਸੰਨ ੧੨੩੫ ਵਿਚ ਹੋਇਆ ਸੀ। ਪੀਰ ਦੀ ਖ਼ਾਨਕਾਹ ਤੇ ਮਕਬਰੇ ਨੂੰ 'ਖ਼ਵਾਜਾ ਸਾਹਿਬ ਦੀ ਦਰਗਾਹ' ਆਖਦੇ ਹਨ। ਇਹ ਪੀਰ ਸੰਨ ੧੧੪੨ ਵਿਚ ਮੱਧ ਏਸ਼ੀਆ ਵਿਚ ਪੈਦਾ ਹੋਇਆ ਸੀ। ਸੰਨ ੧੧੬੬ ਵਿਚ ਇਹ ਅਜਮੇਰ ਪਹੁੰਚਿਆ ਸੀ ਅਤੇ ਇਥੇ ੭੦ ਸਾਲ ਇਸ ਨੇ ਇਸਲਾਮ ਦਾ ਪਰਚਾਰ ਕੀਤਾ ਸੀ।

ਖ਼ਵਾਜਾ ਸਾਹਿਬ ਦੀ ਦਰਗਾਹ ਤੇ ਹਰ ਸਾਲ ਮੇਲਾ ਲੱਗਦਾ ਹੈ, ਚੇਤ ਸੁਦੀ ੧੪ ਨੂੰ। ਉਸ ਨੂੰ ਚਕਰੀਆਂ ਦਾ ਮੇਲਾ ਆਖਦੇ ਹਨ। ਦੂਰੋਂ ਦੂਰੋਂ ਮੁਰੀਦ

---

☛ ਰੁੱਤੇ ਠਾਕੁਰ ਜੀ ਵਾਸਤੇ ਰੂਈ ਦੇ ਪਰਦੇ ਬਣਾਏ ਜਾਂਦੇ ਹਨ ਅਤੇ ਅੰਗੀਠੀਆਂ ਦਾ ਪਰਬੰਧ ਕੀਤਾ ਜਾਂਦਾ ਹੈ, ਜਿਨ੍ਹਾਂ ਵਿਚ ਕਸਤੂਰੀ ਆਦਿਕ ਸੁਗੰਧੀਆਂ ਭੀ ਬਾਲੀਆਂ ਜਾਂਦੀਆਂ ਹਨ। ਵਧੀਆ ਕੀਮਤੀ ਕਪੜਿਆਂ ਦੇ ਪੁਸ਼ਾਕੇ ਹਰ ਰੋਜ਼ ਬਦਲਾਏ ਜਾਂਦੇ ਹਨ। ਬੱਸ! ਇਹੀ ਹੈ ਉਹਨਾਂ ਲੋਕਾਂ ਦਾ ਉੱਚੇ ਤੋਂ ਉੱਚਾ ਧਰਮ-ਕਰਮ। ਹੋਲੀਆਂ ਦਾ ਤਿਉਹਾਰ ਸਹਿਜੇ ਸਹਿਜੇ ਕ੍ਰਿਸ਼ਨ ਜੀ ਦੇ ਨਾਲ ਜੋੜ ਦਿੱਤਾ ਗਿਆ ਹੈ। ਉਸ ਸਮੇ ਠਾਕੁਰ ਜੀ ਦੀ ਪੂਜਾ-ਮਾਨਤਾ ਉਥੇ ਹੋਰ ਭੀ ਵਧੀਕ ਸ਼ਾਨ ਤੇ ਸਜ-ਧਜ ਨਾਲ ਕੀਤੀ ਜਾਂਦੀ ਹੈ।



WWW.SIKHBOOKCLUB.COM 

ਪਹੁੰਚਦੇ ਹਨ। ਗੁਰੂ ਨਾਨਕ ਦੇਵ ਜੀ ਉਸ ਮੇਲੇ ਸਮੇ ਅਜਮੇਰ ਅੱਪੜੇ। ਸਤਿਗੁਰੂ ਜੀ ਨੇ ਮੁਰੀਦਾਂ ਨੂੰ ਅਤੇ ਮੁਜਾਵਰਾਂ ਨੂੰ ਰੌਜ਼ੇ ਮਕਬਰੇ ਪੂਜਣ ਤੋਂ ਵਰਜਿਆ ਅਤੇ ਇਕ ਖ਼ੁਦਾ ਦੀ ਬੰਦਗੀ ਵੱਲ ਪ੍ਰੇਰਿਆ।

## ਪੁਸ਼ਕਰ ਤੀਰਥ

ਅਜਮੇਰ ਤੋਂ ੭ ਮੀਲ ਉੱਤਰ ਪਾਸੇ ਪੁਸ਼ਕਰ ਨਾਮ ਦੀ ਇਕ ਕੁਦਰਤੀ ਝੀਲ ਹੈ, ਜੋ ਹਿੰਦੂਆਂ ਦਾ ਪਰਸਿੱਧ ਤੀਰਥ ਹੈ। ਪੁਰਾਣਿਕ ਕਥਾ ਹੈ ਕਿ ਇਥੇ ਬ੍ਰਹਮਾ ਨੇ ਜੱਗ ਕੀਤਾ ਸੀ। ਝੀਲ ਦੇ ਕੰਢੇ ਉਤੇ ਬ੍ਰਹਮਾ ਦਾ ਮੰਦਰ ਬਣਿਆ ਹੋਇਆ ਹੈ। ਝੀਲ ਚਾਰ ਕੋਹ ਲੰਮੀ ਅਤੇ ਡੇਢ ਕੋਹ ਚੌੜੀ ਹੈ। ਪਾਣੀ ਬਹੁਤ ਡੂੰਘਾ ਹੈ। ਲੋਕ ਤੀਰਥ ਦੇ ਕੰਢੇ 'ਤੇ ਹੀ ਖਲੋ ਕੇ ਇਸ਼ਨਾਨ ਕਰਦੇ ਹਨ, ਕਿਉਂਕਿ ਝੀਲ ਵਿਚ ਮਗਰ-ਮੱਛ ਬਹੁਤ ਹਨ।

ਵੈਸਾਖੀ ਦੇ ਮੌਕੇ ਤੇ ਮੇਲਾ ਲੱਗਦਾ ਹੈ। ਗੁਰੂ ਨਾਨਕ ਦੇਵ ਜੀ ਵੈਸਾਖੀ ਦੇ ਮੇਲੇ ਸਮੇ ਪੁਸ਼ਕਰ ਪਹੁੰਚੇ। ਸੰਨ ੧੫੧੫ ਦੀ ਵੈਸਾਖੀ ਚੇਤ ਸੁਦੀ ੧੪ ਨੂੰ ਸੀ। ਫੱਗਣ ਸੁਦੀ ੧੫ ਨੂੰ ਸਤਿਗੁਰੂ ਜੀ ਨਾਥ-ਦੁਆਰੇ ਸਨ, ਜੋ ਪੁਸ਼ਕਰ ਤੋਂ ੧੪੦ ਮੀਲ ਦੇ ਕਰੀਬ ਹੈ।

SIKHBOOKCLUB.COM

ਪੁਸ਼ਕਰ ਤੀਰਥ ਦੇ ਪਾਂਡਿਆਂ ਦੇ ਕਥਨ ਅਨੁਸਾਰ ਪੁਸ਼ਕਰ ਦੇ ਇਸ਼ਨਾਨ ਤੋਂ ਬਿਨਾ ਕਿਸੇ ਦੀ ਭੀ ਤੀਰਥ-ਯਾਤ੍ਰਾ ਸਫਲ ਨਹੀਂ ਹੁੰਦੀ। ਸਤਿਗੁਰੂ ਜੀ ਨੇ ਉਥੇ ਇਕੱਠੇ ਹੋਏ ਸ਼ਰਧਾਲੂਆਂ ਨੂੰ ਸਮਝਾਇਆ ਕਿ ਸਿਰਫ਼ ਜਲ ਨਾਲ ਸਰੀਰ ਨੂੰ ਧੋਤਿਆਂ ਮਨ ਸਾਫ਼ ਨਹੀਂ ਹੋ ਸਕਦਾ, ਤੀਰਥ ਦੀ ਮਹਾਨਤਾ ਚਾਹੇ ਕਿਤਨੀ ਹੀ ਦੱਸੀ ਜਾਏ। ਤੀਰਥ-ਯਾਤ੍ਰਾ ਸਫ਼ਲ ਹੋਈ ਹੈ ਜਾਂ ਨਹੀਂ—ਇਸ ਦਾ ਨਿਬੇੜਾ ਤੇ ਨਿਰਣਾ ਕਿਤੇ ਅਗਾਂਹ ਜਾ ਕੇ ਨਹੀਂ ਹੋਣਾ, ਹਰੇਕ ਮਨੁੱਖ ਆਪਣੇ ਅੰਦਰ ਝਾਤੀ ਮਾਰ ਕੇ ਆਪ ਵੇਖ ਸਕਦਾ ਹੈ ਕਿ ਤੀਰਥ ਦੇ ਜਲ ਨਾਲ ਸਰੀਰ ਨੂੰ ਧੋਤਿਆਂ ਮਨ ਵਿਚੋਂ ਨਿੰਦਿਆ, ਈਰਖਾ, ਧਨ-ਲਾਲਸਾ, ਕਾਮ ਕ੍ਰੋਧ ਆਦਿਕ ਕਿਤਨੇ ਕੁ ਘਟ ਗਏ ਹਨ।

## ਗੋਕਲ ਮਥੁਰਾ ਬਿੰਦ੍ਰਾਬਨ

ਪੁਸ਼ਕਰ ਤੋਂ ਆਗਰੇ ਹੁੰਦੇ ਹੋਏ ਗੁਰੂ ਨਾਨਕ ਦੇਵ ਜੀ ਗੋਕਲ ਮਥੁਰਾ ਬਿੰਦ੍ਰਾਬਨ ਪਹੁੰਚੇ। ਇਹ ਸਾਰਾ ਪੰਧ ੨੩੫ ਮੀਲਾਂ ਦੇ ਕਰੀਬ ਸੀ। ਸੰਨ ੧੫੧੫



WWW.SIKHBOOKCLUB.COM 

ਦੀ ਚੇਤ ਸੁਦੀ ੧੪ (ਵੈਸਾਖੀ) ਦੇ ਮੌਕੇ ਤੇ ਪੁਸ਼ਕਰ ਸਨ। ਭਾਦਰੋਂ ਵਦੀ ੮ ਨੂੰ ਸ੍ਰੀ ਕ੍ਰਿਸ਼ਨ ਜੀ ਦਾ ਜਨਮ-ਦਿਹਾੜਾ ਹੈ। ਇਹਨਾਂ ਚਾਰ ਮਹੀਨਿਆਂ ਵਿਚ ੨੩੫ ਮੀਲ ਦਾ ਪੈਂਡਾ ਕਰ ਕੇ ਜਦੋਂ ਸਤਿਗੁਰੂ ਜੀ ਗੋਕਲ ਮਥੁਰਾ[੧] ਅੱਪੜੇ ਤਾਂ ਸ੍ਰੀ ਕ੍ਰਿਸ਼ਨ ਜੀ ਦਾ ਜਨਮ-ਉਤਸਵ ਮਨਾਉਣ ਦੀਆਂ ਤਿਆਰੀਆਂ ਹੋ ਰਹੀਆਂ ਸਨ। ਰੋਜ਼ਾਨਾ ਪੈਂਡੇ ਦੀ ਔਸਤ ਦੋ ਕੁ ਮੀਲ ਸੀ।

ਅੱਠ ਸਾਲਾਂ ਤੋਂ ਭਾਈ ਮਰਦਾਨੇ ਨੇ ਸਤਿਗੁਰੂ ਜੀ ਦੇ ਨਾਲ ਰਹਿ ਕੇ ਕਈ ਹਿੰਦੂ ਤੀਰਥ ਵੇਖੇ ਸਨ, ਪਰ ਮਥੁਰਾ-ਵਾਸੀ ਲੋਕਾਂ ਦਾ ਆਚਰਨ ਉਸ ਨੂੰ ਬਹੁਤ ਹੌਲਾ ਜਾਪਿਆ। ਹੈਰਾਨ ਹੋ ਕੇ ਸਤਿਗੁਰੂ ਜੀ ਨੂੰ ਪੁਛਿਓਸੁ ਕਿ ਕੀ

---

੧. ਗੋਕਲ, ਮਥੁਰਾ ਦੇ ਚੜ੍ਹਦੇ ਪਾਸੇ, ਜਮਨਾ ਨਦੀ ਦੇ ਪਾਰਲੇ ਕੰਢੇ ਇਕ ਛੋਟਾ ਜਿਹਾ ਪਿੰਡ ਹੈ। ਕ੍ਰਿਸ਼ਨ ਜੀ ਇਸੇ ਪਿੰਡ ਗੁਆਲਿਆਂ ਦੇ ਪੈਂਚ ਨੰਦ ਦੇ ਘਰ ਪਲੇ ਸਨ। ਹੁਣ ਕਈ ਲੋਕ ਇਸ ਪਿੰਡ ਨੂੰ 'ਮਹਾਬਲ' ਸੱਦਦੇ ਹਨ। ਕ੍ਰਿਸ਼ਨ ਜੀ ਦਾ ਜਨਮ ਤਾਂ ਮਥੁਰਾ ਦੀ ਜੇਲ੍ਹ ਵਿਚ ਹੋਇਆ ਸੀ ਪਰ ਇਹਨਾਂ ਦੀ ਪਰਵਰਿਸ਼ ਗੋਕਲ ਦੇ ਗੋਪੇ ਨੰਦ ਦੀ ਵਹੁਟੀ ਜਸੋਧਾਂ ਨੇ ਕੀਤੀ ਸੀ।

ਬਿੰਦ੍ਰਾਬਨ, ਮਥੁਰਾ ਦੇ ਜ਼ਿਲੇ ਵਿਚ, ਜਮੁਨਾ ਨਦੀ ਤੋਂ ਪਾਰਲੇ ਪਾਸੇ ਗੋਕਲ ਦੇ ਕੋਲ ਇਕ ਜੰਗਲ ਸੀ। ਲਫ਼ਜ਼ 'ਬਿੰਦ੍ਰਾ' ਸੰਸਕ੍ਰਿਤ ਦਾ ਲਫ਼ਜ਼ 'ਬ੍ਰਿੰਦਾ' ਹੈ, ਜਿਸ ਦਾ ਅਰਥ ਹੈ, 'ਤੁਲਸੀ ਦਾ ਬੂਟਾ'। ਤੁਲਸੀ ਦੋ ਕਿਸਮਾਂ ਦੀ ਹੈ—ਬਾਗੀ ਤੁਲਸੀ ਅਤੇ ਜੰਗਲੀ ਤੁਲਸੀ। ਲਫ਼ਜ਼ ਬਿੰਦ੍ਰਾਬਨ ਦਾ ਅਰਥ ਹੈ ਤੁਲਸੀ ਦਾ ਜੰਗਲ। ਇਸ ਜੰਗਲ ਵਿਚ ਗੋਕਲ ਦੇ ਗੁਆਲੇ ਆਪਣੀਆਂ ਗਾਈਆਂ ਚਾਰਿਆ ਕਰਦੇ ਸਨ। ਕ੍ਰਿਸ਼ਨ ਜੀ ਗੁਆਲੇ ਦੇ ਘਰ ਪਲੇ। ਜਦੋਂ ਸਿਆਣੀ ਉਮਰ ਦੇ ਹੋਏ, ਇਹ ਭੀ ਸਾਕੀ ਦੇ ਗੋਪੇ-ਮੁੰਡਿਆਂ ਨਾਲ ਰਲ ਕੇ ਬਿੰਦ੍ਰਾਬਨ ਵਿਚ ਆਪਣੇ ਧਰਮ-ਪਿਤਾ ਨੰਦ ਦੀਆਂ ਗਾਈਆਂ ਚਾਰਦੇ ਸਨ।

ਮਥੁਰਾ, ਦਿੱਲੀ ਤੋਂ ਦੱਖਣ ਪਾਸੇ ਸੌ ਕੁ ਮੀਲ ਦੀ ਵਿੱਥ ਤੇ ਇਕ ਪੁਰਾਣਾ ਪਰਸਿੱਧ ਸ਼ਹਿਰ ਹੈ। ਜਮਨਾ ਨਦੀ ਇਸ ਦੇ ਚੜ੍ਹਦੇ ਪਾਸੇ ਤੋਂ ਲੰਘਦੀ ਹੈ। ਮਥੁਰਾ ਦੇ ਦੁਆਲੇ ਦਾ ੮੪ ਕੋਹਾਂ ਦਾ ਇਲਾਕਾ ਬ੍ਰਜਭੂਮੀ ਅਖਵਾਂਦਾ ਹੈ। ਲਫ਼ਜ਼ 'ਬ੍ਰਜ' ਦਾ ਅਰਥ ਹੈ 'ਗਾਈਆਂ ਦੀ ਰਿਹਾਇਸ਼ ਦਾ ਥਾਂ'। ਹਿੰਦੂਆਂ ਦੀਆਂ ਸੱਤ ਪਵਿੱਤਰ-ਨਗਰੀਆਂ ਵਿਚੋਂ ਇਕ ਨਗਰੀ ਮਥੁਰਾ ਹੈ। ਕ੍ਰਿਸ਼ਨ ਜੀ ਦਾ ਜਨਮ ਇਸੇ ਸ਼ਹਿਰ ਹੋਇਆ ਸੀ। ਇਸ ਦਾ ਪੁਰਾਣਾ ਨਾਮ ਮਧੁਪੁਰ ਸੀ, ਇਕ ਦੈਂਤ ਮਧੁ ਦੇ ਨਾਮ ਤੇ, ਜੋ ਇਥੇ ਰਾਜ ਕਰਦਾ ਸੀ। ਵਿਸ਼ਨੂੰ ਪੁਰਾਣ ਵਿਚ ਲਿਖਿਆ ਹੈ ਕਿ ਜਦੋਂ ਮਧੁ ਦੇ ਪੁੱਤਰ ਲਵਣ ਨੂੰ ਸ੍ਰੀ ਰਾਮਚੰਦਰ ਜੀ ਦੇ ਭਰਾ ਸ਼ਤ੍ਰੂਘਨ ਨੇ ਮਾਰ ਦਿੱਤਾ, ਤਾਂ ਉਸ ਨੇ ਇਸ ਸ਼ਹਿਰ ਦਾ ਨਾਮ 'ਮਧੁਰਾ' ਰੱਖ ਦਿੱਤਾ, ਜਿਸ ਤੋਂ ਮਥੁਰਾ ਬਣ ਗਿਆ।

ਮਥੁਰਾ ਵਿਚ ਕ੍ਰਿਸ਼ਨ ਜੀ ਦਾ ਇਕ ਪਰਸਿੱਧ ਮੰਦਰ ਕੇਸ਼ਵਦੇਵ ਸੀ, ਜਿਸ ਨੂੰ ਔਰੰਗਜ਼ੇਬ ਨੇ ਸੰਨ ੧੬੬੯ ਵਿਚ ਢਹਾ ਕੇ ਉਥੇ ਮਸਜਿਦ ਚਿਣਵਾ ਦਿੱਤੀ। ਕੇਸ਼ਵ ਦਾ ਅਰਥ ਹੈ 'ਕੇਸ਼ੀ' ਨੂੰ ਮਾਰਨ ਵਾਲਾ। ਕੇਸ਼ੀ ਇਕ ਦੈਂਤ ਸੀ, ਜੋ ਕੰਸ ਦੀ ਆਗਿਆ ਨਾਲ ਘੋੜੇ ਦੀ ☛



WWW.SIKHBOOKCLUB.COM 

ਕਾਰਨ ਹੈ, ਇਥੋਂ ਦੇ ਲੋਕ "ਲੁੱਚੇ-ਲਵਾਰ, ਚੋਰ-ਯਾਰ ਬਹੁਤ ਹਨ, ਤੀਰਥ ਉਤੇ ਇਹੋ ਜਿਹੇ ਤਾਂ ਨਹੀਂ ਹੋਣੇ ਚਾਹੀਦੇ।"

*(ਤਵਾਰੀਖ਼ ਗੁਰੂ ਖ਼ਾਲਸਾ, ਹਿੱਸਾ ੧, ਨੰਬਰ ੧, ਪੰਨਾ ੨੧੫)*

ਜਦੋਂ ਕੋਈ ਮੰਦ-ਕਰਮੀ ਮਨੁੱਖ ਆਪਣੇ ਭੈੜ ਦੀ ਜ਼ਿਮੇਵਾਰੀ ਕਿਸੇ ਹੋਰ

---

☛ ਸ਼ਕਲ ਧਾਰ ਕੇ ਕ੍ਰਿਸ਼ਨ ਜੀ ਨੂੰ ਮਾਰਨ ਗਿਆ ਸੀ। ਕ੍ਰਿਸ਼ਨ ਜੀ ਨੇ ਆਪਣੀ ਬਾਂਹ ਉਸ ਦੇ ਮੂੰਹ ਵਿਚ ਪਾ ਕੇ ਉਸ ਨੂੰ ਜਾਨੋਂ ਮਾਰ ਦਿੱਤਾ ਸੀ।

ਮਥੁਰਾ ਦੇ ਪਾਂਡੇ ਚੌਬੇ ਜਾਤ ਦੇ ਬ੍ਰਾਹਮਣ ਹਨ। ਲਫ਼ਜ਼ 'ਚੌਬੇ' ਦਾ ਅਰਥ ਹੈ 'ਚਾਰ ਵੇਦਾਂ ਦਾ ਗਿਆਤਾ'। ਪੁਰਾਣੇ ਸਮੇਂ ਤੀਰਥਾਂ ਦੇ ਪੁਜਾਰੀ ਬ੍ਰਾਹਮਣ ਚਾਰ ਵੇਦਾਂ ਦੇ ਪੰਡਿਤ ਹੋਇਆ ਕਰਦੇ ਸਨ।

ਮਥੁਰਾ ਬਿੰਦ੍ਰਾਬਨ ਦੀਆਂ ਹੋਲੀਆਂ ਬਹੁਤ ਮਸ਼ਹੂਰ ਹਨ। ਹੋਲੀ ਫੱਗਣ ਦੀ ਪੂਰਨਮਾਸ਼ੀ ਦਾ ਹਿੰਦੂ ਤਿਉਹਾਰ ਹੈ। ਹੋਲੀ ਜਾਂ ਹੋਲਿਕਾ ਹਰਣਾਖਸ਼ ਦੀ ਭੈਣ ਦਾ ਨਾਮ ਸੀ। ਹੋਲਿਕਾ ਨੂੰ ਸ਼ਿਵ ਜੀ ਵਲੋਂ ਵਰ ਮਿਲਿਆ ਹੋਇਆ ਸੀ ਕਿ ਉਹ ਕਦੇ ਅੱਗ ਵਿਚ ਨਹੀਂ ਸੜੇਗੀ। ਜਦੋਂ ਹਰਣਾਖਸ਼ ਨੇ ਦੇਵਤਿਆਂ ਪਾਸੋਂ ਸੁਰਗਪੁਰੀ ਖੋਹ ਲਈ, ਤੇ ਆਪਣਾ ਨਾਮ ਜਪਾਣ ਲੱਗਾ ਤਾਂ ਉਸ ਦੇ ਬਾਲ-ਉਮਰ ਪੁੱਤਰ ਪ੍ਰਹਿਲਾਦ ਨੇ ਪਿਉ ਦਾ ਹੁਕਮ ਨਾ ਮੰਨਿਆ। ਉਸ ਨੂੰ ਕਈ ਡਰਾਵੇ ਦਿੱਤੇ ਗਏ, ਪਰ ਉਹ ਨਾ ਡਰਿਆ। ਆਖ਼ਰ ਪ੍ਰਹਿਲਾਦ ਨੂੰ ਅੱਗ ਵਿਚ ਸਾੜਨ ਦੀ ਵਿਉਂਤ ਕੀਤੀ ਗਈ। ਉਸ ਦੀ ਭੂਆ ਹੋਲਿਕਾ ਉਸ ਨੂੰ ਝੋਲੀ ਵਿਚ ਲੈ ਕੇ ਚਿਖਾ ਵਿਚ ਬੈਠ ਗਈ। ਪਰ ਪਰਮਾਤਮਾ ਦੀ ਕਿਰਪਾ ਨਾਲ ਪ੍ਰਹਿਲਾਦ ਨੌ-ਬਰ-ਨੌ ਰਿਹਾ, ਤੇ ਹੋਲਿਕਾ ਸੜ ਕੇ ਸੁਆਹ ਹੋ ਗਈ। ਉਹ ਦਿਹਾੜਾ ਫੱਗਣ ਸੁਦੀ ੧੫ ਦਾ ਸੀ। ਹਿੰਦੂ ਹੋਲੀਆਂ ਵਿਚ ਪ੍ਰਹਿਲਾਦ ਦੀ ਜਿੱਤ ਦੀ ਯਾਦ ਮਨਾਂਦੇ ਹੋਏ ਸੜ-ਮਰੀ ਹੋਲਿਕਾ ਦੀ ਸੁਆਹ ਉਡਾਂਦੇ ਹਨ। ਪਰ ਸਾਰੇ ਭਾਰਤ ਵਿਚੋਂ ਮਥੁਰਾ ਬਿੰਦ੍ਰਾਬਨ ਵਿਚ ਹੀ ਸਭ ਤੋਂ ਵਧੀਕ ਜੋਸ਼ ਨਾਲ ਹੋਲੀ ਦਾ ਤਿਉਹਾਰ ਮਨਾਇਆ ਜਾਂਦਾ ਹੈ। ਕਈ ਦਿਨ ਰਾਸਾਂ ਪੈਂਦੀਆਂ ਹਨ, ਜਿਨ੍ਹਾਂ ਵਿਚ ਸ੍ਰੀ ਕ੍ਰਿਸ਼ਨ ਜੀ ਦਾ ਸਾਂਗ ਬਣਾਇਆ ਜਾਂਦਾ ਹੈ। ਕ੍ਰਿਸ਼ਨ ਜੀ ਦੇ ਸ਼ਰਧਾਲੂ ਇਹ ਮੰਨਦੇ ਹਨ ਕਿ ਇਕ ਗੋਪੀ ਰਾਧਿਕਾ ਉਹਨਾਂ ਦੀ ਪ੍ਰੇਮਿਕਾ ਸੀ। ਰਾਸਾਂ ਵਿਚ ਸ੍ਰੀ ਕ੍ਰਿਸ਼ਨ ਜੀ ਅਤੇ ਰਾਧਿਕਾ ਨੂੰ ਨਚਾਇਆ ਜਾਂਦਾ ਹੈ, ਉਹਨਾਂ ਪਾਸੋਂ ਕਾਮ-ਉਪਜਾਊ ਕਈ ਕਿਸਮ ਦੇ ਹਾਵ-ਭਾਵ ਦਰਸ਼ਕਾਂ ਦੇ ਸਾਹਮਣੇ ਕਰਾਏ ਜਾਂਦੇ ਹਨ। ਇਸ ਦਾ ਕੁਦਰਤੀ ਨਤੀਜਾ ਇਹ ਨਿਕਲਦਾ ਹੈ ਕਿ ਜਿਹੜੇ ਮੰਦਰ ਧਰਮ-ਪਰਚਾਰ ਦੀ ਖ਼ਾਤਰ ਬਣੇ ਸਨ, ਉਹਨਾਂ ਤੋਂ ਕਾਮ-ਵਾਸ਼ਨਾ ਨੂੰ ਭੜਕਾਣ ਵਾਲੇ ਪਰਚਾਰ ਹੋਣ ਲੱਗ ਪੈਂਦੇ ਹਨ। ਅਜਿਹੀ ਪ੍ਰੇਰਨਾ ਹੇਠ ਕਾਮ-ਅਧੀਨ ਹੋ ਕੇ ਪਰ-ਇਸਤ੍ਰੀ-ਗਮਨ ਆਦਿਕ ਵਿਕਾਰ ਕਰ ਕੇ ਭੀ ਸ਼ਰਧਾਲੂ ਆਪਣੇ ਆਪ ਨੂੰ ਧਰਮੀ ਹੀ ਸਮਝਦੇ ਹਨ, ਕਿਉਂਕਿ ਰਾਸਾਂ ਦੀ ਰਾਹੀਂ ਉਹ ਆਪਣੇ ਇਸ਼ਟ ਸ੍ਰੀ ਕ੍ਰਿਸ਼ਨ ਜੀ ਨੂੰ ਭੀ ਇਸੇ ਰੰਗ ਵਿਚ ਹੀ ਵੇਖਦੇ ਹਨ। ਰਾਧਿਕਾ ਬ੍ਰਿਖਭਾਨ ਦੀ ਲੜਕੀ ਸੀ ਅਤੇ ਅਯਨਘੋਸ਼ ਨਾਲ ਵਿਆਹੀ ਹੋਈ ਸੀ।

ਜਦੋਂ ਤੋਂ ਜਗਤ ਬਣਿਆ ਹੈ, ਭੈੜਿਆਂ ਅਤੇ ਭਲਿਆਂ ਦੀ ਪਰਸਪਰ ਵਿਰੋਧਤਾ ਦੀਆਂ ਕਹਾਣੀਆਂ ਤੁਰੀਆਂ ਹੀ ਆ ਰਹੀਆਂ ਹਨ। ਭਲਾਈ ਦੀ ਆਖ਼ਰ ਨੂੰ ਜਿੱਤ ਹੁੰਦੀ ਹੈ। ☛

ਉੱਤੇ ਸੁੱਟਣ ਲੱਗ ਪੈਂਦਾ ਹੈ, ਤਾਂ ਸਮਝੋ ਕਿ ਉਹ ਨੀਚਤਾ ਦੇ ਬਹੁਤ ਡੂੰਘੇ ਟੋਏ ਵਿਚ ਜਾ ਡਿੱਗਾ ਹੈ। ਕਿਸੇ ਕੁਕਰਮੀ ਦੇ ਸੁਧਰਨ ਦੀ ਤਾਂ ਬੜੀ ਆਸ ਹੋ ਸਕਦੀ ਹੈ, ਪਰ ਜਿਹੜਾ ਬੰਦਾ ਆਪਣੀ ਗਿਰਾਵਟ ਦਾ ਦੋਸ਼ ਕਿਸੇ ਹੋਰ ਤੇ ਸਿਰ ਥੱਪੇ, ਉਸ ਨੂੰ ਸਤਸੰਗ ਭੀ ਬੜੀ ਘੱਟ ਕਾਟ ਕਰਦਾ ਹੈ। ਜਿਸ ਕੌਮ ਵਿਚ ਅਜਿਹੇ ਬੰਦਿਆਂ ਦੀ ਬਹੁਲਤਾ ਹੋ ਜਾਏ, ਉਹ ਕੌਮ ਅਚਾਨਕ ਤਬਾਹੀ ਦੇ ਰਾਹੇ ਪੈ ਗਈ ਜਾਣੋ।

---

☛ ਉਹ ਜਿੱਤ ਦੀ ਕਹਾਣੀ ਲੋਕਾਂ ਨੂੰ ਸੁਣਾਈ ਜਾਂਦੀ ਹੈ, ਤਾਕਿ ਲੋਕ ਭਲੇ ਪਾਸੇ ਪਰਤਣ। ਹੋਲੀ ਉਸ ਘਟਨਾ ਦੀ ਯਾਦਗਾਰ ਹੈ ਜਦੋਂ ਭਲਾਈ ਅਤੇ ਬੁਰਾਈ ਦੀ ਟੱਕਰ ਵਿਚ ਭਗਤ ਪ੍ਰਹਿਲਾਦ ਜਿੱਤਿਆ ਹੈ। ਇਹ ਸਾਰੀ ਘਟਨਾ ਮੁਲਤਾਨ ਸ਼ਹਿਰ ਵਿਚ ਹੋਈ ਸੀ। ਸਾਲ ਦੇ ਸਾਲ ਫੱਗਣ ਸੁਦੀ ਦੇ ਦੂਜੇ ਹਫ਼ਤੇ ਵਿਚ ਯਾਦਗਾਰ ਦੇ ਤੌਰ ਤੇ ਹਰਣਾਖਸ਼ ਦੀ ਭੈਣ ਹੋਲਿਕਾ ਦੀ ਸੁਆਹ ਉਡਾਈ ਜਾਂਦੀ ਹੈ। ਇਸ ਦਾ ਨਤੀਜਾ ਇਹ ਨਿਕਲਦਾ ਹੈ ਕਿ ਪ੍ਰਹਿਲਾਦ ਭਗਤ ਦੀ ਉੱਚਤਾ ਅਤੇ ਨਿਰਭੈਤਾ ਸ਼ਰਧਾਲੂਆਂ ਪਾਸੋਂ ਉਸ ਦੀ ਉੱਡਦੀ ਸੁਆਹ ਦੇ ਉਹਲੇ ਹੀ ਲੁਕੀ ਰਹਿ ਜਾਂਦੀ ਹੈ। ਇਕ ਦੂਜੇ ਉਤੇ ਸੁਆਹ ਪਾਉਣੀ, ਰੰਗ ਸੁਟਣੇ, ਕਾਮ ਅਤੇ ਕ੍ਰੋਧ ਨੂੰ ਮੌਕਾ ਮਿਲ ਜਾਣ ਤੇ ਵਿਕਾਰ ਅਤੇ ਦੰਗੇ, ਸ਼ਰਾਬ ਲਈ ਗੁੰਜਾਇਸ਼—ਇਕ ਪਵਿੱਤਰ ਯਾਦਗਾਰ ਦੇ ਥਾਂ ਅਨੇਕਾਂ ਅਜਿਹੇ ਮੰਦ-ਕਰਮਾਂ ਨੂੰ ਮਨੁੱਖੀ-ਮਨਾਂ ਉੱਤੇ ਪਰਭਾਵ ਪਾਉਣ ਦਾ ਅਵਸਰ ਮਿਲ ਜਾਂਦਾ ਹੈ।

ਸ੍ਰੀ ਕ੍ਰਿਸ਼ਨ ਜੀ ਉੱਚੀ ਚੰਦ੍ਰਬੰਸੀ ਕੁਲ ਵਿਚ ਪੈਦਾ ਹੋਏ, ਰਾਜਕੁਲ ਵਿਚੋਂ ਭੀ ਸਨ, ਪਰ ਉਹਨਾਂ ਦੇ ਮਾਮੇ ਕੰਸ ਦੀ ਮੂਰਖਤਾ ਦੇ ਕਾਰਨ ਉਹਨਾਂ ਦੀ ਪਰਵਰਿਸ਼ ਦਾ ਪਰਬੰਧ ਗੋਕਲ ਦੇ ਗੁਆਲਿਆ ਦੀ ਘਰੀਂ ਹੋਇਆ। ਹਿੰਦੂ ਸ਼ਾਸਤਰਾਂ ਅਨੁਸਾਰ ਗੁਆਲੇ ਲੋਕ ਸ਼ੂਦਰ ਸ਼੍ਰੇਣੀ ਵਿਚੋਂ ਹਨ। ਕਈ ਸਾਲ ਸ੍ਰੀ ਕ੍ਰਿਸ਼ਨ ਜੀ ਨੇ ਇਹਨਾਂ ਸ਼ੂਦਰਾਂ ਵਿਚ ਗੁਜ਼ਾਰੇ। ਇਹ ਕੁਦਰਤੀ ਗੱਲ ਸੀ ਕਿ ਇਤਨੀ ਨੇੜਤਾ ਦੇ ਕਾਰਨ ਸ਼ੂਦਰਾਂ ਬਾਰੇ ਉਹਨਾਂ ਦੇ ਖ਼ਿਆਲ ਧਰਮ ਸ਼ਾਸਤਰਾਂ ਦੇ ਉਲਟ ਬਣਨ। ਜਦੋਂ ਮੌਕਾ ਬਣਿਆ, ਉਹਨਾਂ ਖੁਲ੍ਹਮ-ਖੁਲ੍ਹਾ ਕਹਿ ਦਿੱਤਾ ਕਿ ਵਿਦਵਾਨ ਬ੍ਰਾਹਮਣ, ਸ਼ੂਦਰ, ਗਾਂ, ਕੁੱਤਾ, ਮਾਸਹਾਰੀ ਆਦਿਕ ਸਭਨਾਂ ਵਿਚ ਇਕੋ ਹੀ ਰੱਬੀ ਜੋਤਿ ਹੈ। ਇਹ ਪਰਚਾਰ ਉਹਨਾਂ ਲੋਕਾਂ ਵਾਸਤੇ ਬੜਾ ਖ਼ਤਰਨਾਕ ਸੀ ਜੋ ਬ੍ਰਹਮਾ ਦੇ ਮੂੰਹ ਵਿਚੋਂ ਜੰਮੇ ਮੰਨੇ ਜਾਂਦੇ ਸਨ। ਸਹਿਜੇ ਸਹਿਜੇ ਐਸੀ ਵਿਉਂਤ ਬਣਦੀ ਗਈ ਕਿ ਹੋਲੀਆਂ ਦੇ ਤਿਉਹਾਰ ਦਾ ਕੇਂਦਰ ਆਪਣੇ ਅਸਲੀ ਟਿਕਾਣੇ ਤੋਂ ਉੱਠ ਕੇ ਮਥਰਾ ਬਿੰਦ੍ਰਾਬਨ ਵਿਚ ਪਹੁੰਚ ਗਿਆ। ਹੋਲਿਕਾ ਦੀ ਰਾਖ ਉਡਾਣ ਦੀ ਓਟ ਵਿਚ ਬਿੰਦ੍ਰਾਬਨ ਮਥੁਰਾ ਦੇ ਪਰਮ-ਅਸਥਾਨ ਸ੍ਰੀ ਕ੍ਰਿਸ਼ਨ ਜੀ ਵਰਗੇ ਉੱਚੇ ਮਹਾਂ ਪੁਰਖ ਦੀਆਂ ਉਹਨਾ ਰੰਗ-ਰਲੀਆ ਦੇ ਅਖਾੜੇ ਬਣ ਗਏ, ਜਿਨ੍ਹਾਂ ਦੀ ਉਸ ਪਾਸੋਂ ਕਦੇ ਦੂਰ ਦੀ ਆਸ ਭੀ ਨਹੀਂ ਕੀਤੀ ਜਾ ਸਕਦੀ ਸੀ। ਇਤਨੇ ਉੱਚੇ ਮਹਾਂ ਪੁਰਖ ਦੇ ਨਾਮ ਨਾਲ ਸੰਬੰਧ ਰਖਣ ਵਾਲਾ ਕੇਸ਼ਵ ਦੇਵ ਮੰਦਰ ਨੀਵੇਂ ਮਨੋ-ਵੇਗਾਂ ਦਾ ਪ੍ਰੇਰਕ ਬਣ ਗਿਆ। ਹੋਲਿਕਾ ਦੀ ਰਾਖ ਉਡਾਣ ਦੇ ਆਹਰਾਂ ਵਿਚ ਨਾ ਰਿਹਾ ਪਰਚਾਰ ਪ੍ਰਹਿਲਾਦ ਭਗਤ ਦੀ ਅਦੁਤੀ ਨਿਰਭੈਤਾ ਦਾ ਅਤੇ ਨਾ ਰਿਹਾ ਸ੍ਰੀ ਕ੍ਰਿਸ਼ਨ ਜੀ ਦਾ ਆਦਰਸ਼ ਮਨੁੱਖਤਾ ਦੀ ਬਰਾਬਰੀ ਵਾਲਾ।



WWW.SIKHBOOKCLUB.COM 

ਜਦੋਂ ਭਾਈ ਮਰਦਾਨੇ ਨੇ ਮਥੁਰਾ ਦੇ ਲੋਕਾਂ ਦੀ ਆਚਰਨਕ ਗਿਰਾਵਟ ਉੱਤੇ ਸਤਿਗੁਰੂ ਜੀ ਦੇ ਸਾਮ੍ਹਣੇ ਹੈਰਾਨੀ ਪਰਗਟ ਕੀਤੀ, ਤਾਂ ਕੋਲੋਂ ਸੁਣਨ ਵਾਲਿਆਂ ਕੁਝ ਚੌਬੇ-ਪੰਡਿਤਾਂ ਨੇ ਮਰਦਾਨੇ ਨੂੰ ਆਖਿਆ ਕਿ ਹੁਣ ਕਲਿਜੁਗ ਆ ਗਿਆ ਹੈ, ਉਸ ਨੇ ਤੀਰਥਾਂ, ਦੇਵ-ਮੰਦਰਾਂ, ਪੁਰੀਆਂ ਵਿਚ ਨਿਵਾਸ ਕਰ ਕੇ ਲੋਕਾਂ ਦੇ ਮਨ ਭ੍ਰਸ਼ਟ ਕਰ ਦਿੱਤੇ ਹਨ।

ਇਹ ਇਕ ਖੜੀ ਭਾਰੀ ਚਤੁਰਤਾ ਸੀ ਕਿ ਧਰਮ ਦੀ ਓਟ ਵਿਚ ਰੰਗ-ਰਲੀਆਂ ਮਾਣੀਆਂ ਜਾਣ, ਆਪਣੇ ਇਸ਼ਟ ਮਹਾਂ ਪੁਰਖ ਨੂੰ ਭੀ ਲੋਕਾਂ ਦੇ ਸਾਮ੍ਹਣੇ ਉਸ ਨੀਵੀਂ ਪੱਧਰ ਉੱਤੇ ਵਿਖਾਇਆ ਜਾਏ, ਪਰ ਜੇ ਕੋਈ ਸੂਝ ਵਾਲਾ ਮਨੁੱਖ ਇਸ ਦੁਰਾਚਾਰ ਤੇ ਰੋਸ ਪਰਗਟ ਕਰੇ, ਤਾਂ ਤੁਰਤ ਕਲਿਜੁਗ ਦਾ ਪਹਿਰਾ ਆਖ ਕੇ ਆਪਣੇ ਆਪ ਨੂੰ ਮਸੂਮ ਬੇ-ਦੋਸ਼ ਬਣਾਇਆ ਜਾਏ। ਭੋਲੇ ਲੋਕਾਂ ਵਾਸਤੇ ਇਹ ਇਕ ਬੜਾ ਖ਼ਤਰਨਾਕ ਜਾਲ ਹੈ, ਜਿਸ ਵਿਚ ਉਹ ਆਪਣੇ ਆਪ ਨੂੰ ਬੇ-ਬੱਸ ਸਮਝ ਕੇ ਸਹਿਜੇ ਹੀ ਫਸਣ ਲਈ ਪੇਸ਼ ਕਰ ਦਿੰਦੇ ਹਨ। ਤੇ ਫਿਰ, ਗੁਰੂ ਜਿਨ੍ਹਾਂ ਦੇ ਟੱਪਣੇ, ਚੇਲੇ ਜਾਣ ਛੜੱਪ।

ਸਤਿਗੁਰੂ ਜੀ ਨੇ ਮਰਦਾਨੇ ਦੀ ਵੱਜਦੀ ਰਬਾਬ ਨਾਲ ਸ਼ਬਦ ਗਾਂਵਿਆਂ, ਜਿਸ ਨੇ ਉਹਨਾਂ ਦੇ ਸੁੱਤੇ ਮਨਾਂ ਨੂੰ ਟੁੰਬ ਕੇ ਇਉਂ ਸਮਝਾਇਆ—"ਤੁਸੀਂ ਆਖਦੇ ਹੋ ਕਿ ਹੁਣ ਕਲਿਜੁਗ ਦਾ ਪਹਿਰਾ ਹੈ; ਤੇ ਉਹ ਇਥੇ ਤੀਰਥ ਉਤੇ ਬੈਠਾ ਹੋਇਆ ਹੈ। ਦੱਸੋ, ਕਿਥੇ ਹੈ ਉਸ ਦਾ ਟਿਕਾਣਾ—ਅੱਜ ਭੀ ਸੂਰਜ, ਚੰਦ੍ਰਮਾ, ਤਾਰੇ, ਧਰਤੀ ਸਭ ਉਹੀ ਹਨ ਜੋ ਸਤਿਜੁਗ ਦੇ ਸਮੇ ਸਨ। ਪਉਣ-ਪਾਣੀ ਭੀ ਉਹੀ ਹਨ। ਕਲਿਜੁਗ[੧] ਕਿਤੋਂ ਬਾਹਰ ਨਹੀਂ ਆਉਂਦਾ। ਵਿਕਾਰੀ ਮਨੁੱਖ ਦਾ ਆਪਣਾ ਮਨ ਹੀ ਕਲਿਜੁਗ ਹੈ।"

---

੧. ਪਰ ਮਨ ਬੜਾ ਚਤੁਰ ਹੈ। ਦੂਜਿਆਂ ਦੀਆਂ ਹੋਲੀਆਂ ਤੇ ਦੂਜਿਆਂ ਦੇ ਮਿਥੇ ਕਲਿਜੁਗ ਨੂੰ ਨਸ਼ਰ ਕਰਦੇ ਸਿੱਖ ਆਪ ਹੀ ਕਲਿਜੁਗ ਦੇ ਹੱਥਾ ਤੇ ਚੜ੍ਹੇ ਹੋਏ ਵੇਖੇ ਜਾ ਰਹੇ ਹਨ। ਮਥੁਰਾ ਦੇ ਪਾਂਡਿਆਂ ਦੇ ਜਿਸ ਕਲਿਜੁਗ ਦਾ ਸਤਿਗੁਰੂ ਨਾਨਕ ਦੇਵ ਜੀ ਨੇ ਸਹੀ ਨਿਤਾਰਾ ਕੀਤਾ ਸੀ, ਉਸੇ ਹੀ ਕਲਿਜੁਗ ਦੀ ਹੋਂਦ ਨੂੰ ਅਸਾਂ ਆਪ ਹੀ ਮੰਨਣਾ ਸ਼ੁਰੂ ਕਰ ਦਿਤਾ ਹੈ। ਸਤਿਗੁਰੂ ਜੀ ਨੇ ਤਾਂ ਪਾਂਡਿਆਂ ਨੂੰ ਇਹ ਸਮਝਾਇਆ ਸੀ ਕਿ ਮਨੁੱਖ ਦਾ ਆਪਣਾ ਹੀ ਵਿਗਾੜਿਆ ਹੋਇਆ ਮਨ ਕਲਿਜੁਗ ਹੈ, ਪਰ ਅਸਾਂ ਇਹ ਸਾਖੀ ਘੜ ਲਈ ਕਿ ਗੁਰੂ ਨਾਨਕ ਦੇਵ ਜੀ ਨੂੰ ਕਲਿਜੁਗ ਮਿਲਿਆ ਸੀ ਅਤੇ ਉਸ ਨੇ ਉਹਨਾਂ ਪਾਸੋਂ ਇਹ ਆਗਿਆ ਲੈ ਲਈ ਸੀ ਕਿ ਜਿਸ ਵੇਲੇ ਗੁਰਦੁਆਰੇ ਵਿਚ ਕੜਾਹ ਪ੍ਰਸ਼ਾਦ ਵਰਤਣ ਲੱਗੇ, ਉਸ ਵੇਲੇ ਉਸ ਨੂੰ ਗੁਰਦੁਆਰੇ ਅੰਦਰ ਆਉਣ ਦੀ ਖੁਲ੍ਹ ਹੈ। ਸਤਸੰਗ ਵਿਚ ਘੰਟਾ ਦੋ ਘੰਟੇ ਸਿਫ਼ਤ-ਸਲਾਹ ਦਾ ਕੀਰਤਨ ਸੁਣ ਕੇ ਜੋ ਸੰਤੋਖ ਤੇ ਸ਼ਾਂਤ-ਰਸ ਮਿਲਦਾ ਹੈ, ਕਈ ☛



WWW.SIKHBOOKCLUB.COM 

ਸਤਿਗੁਰੂ ਜੀ ਜਮਨਾ ਦੇ ਕੰਢੇ ਬਿਸਰਾਂਤ ਘਾਟ ਤੇ ਠਹਿਰੇ ਸਨ। ਤਦੋਂ ਸੰਨ ੧੫੧੫ ਦੇ ਅਗਸਤ ਮਹੀਨੇ ਦੀ ਤਕਰੀਬਨ ੯ ਤਰੀਕ ਸੀ। ਉਥੇ ਹੁਣ ਹਰ ਸਾਲ ਕੱਤਕ ਦੀ ਪੂਰਨਮਾਸ਼ੀ ਨੂੰ ਮੇਲਾ ਲੱਗਦਾ ਹੈ।

ਸ੍ਰੀ ਕ੍ਰਿਸ਼ਨ ਜੀ ਦੇ ਜਨਮ-ਦਿਨ (ਭਾਦਰੋਂ ਵਦੀ ੮) ਤੇ ਉਹਨਾਂ ਦੀ ਮੂਰਤੀ ਨੂੰ (ਜਿਸ ਨੂੰ 'ਠਾਕੁਰ' ਆਖਦੇ ਹਨ) ਪੰਘੂੜੇ ਵਿਚ ਰੱਖ ਕੇ ਝੂਟੇ ਦਿੱਤੇ ਜਾਂਦੇ ਹਨ, ਜਿਵੇਂ ਘਰਾਂ ਵਿਚ ਛੋਟੇ ਬਾਲ ਨੂੰ ਦੇਈਦੇ ਹਨ। ਸ਼ਰਧਾਲੂ ਲੋਕ ਪਕਵਾਨ ਤੇ ਧਨ ਆਦਿਕ ਦੀ ਭੇਟਾ ਮੰਦਰ ਵਿਚ ਲੈ ਜਾਂਦੇ ਹਨ, ਤੇ ਠਾਕੁਰ ਜੀ ਦੇ ਪੰਘੂੜੇ ਨੂੰ ਹਿਲਾਉਂਦੇ ਹਨ। ਬੱਸ! ਇਸੇ ਕੰਮ ਨੂੰ ਇਸ ਤਿਉਹਾਰ ਦਾ ਸਭ ਤੋਂ ਵੱਡਾ ਧਰਮ-ਕਰਮ ਸਮਝਿਆ ਜਾਂਦਾ ਹੈ। ਗੋਕਲ ਮਥੁਰਾ ਵਿਚ ਭੀ ਗੁਰੂ ਨਾਨਕ ਦੇਵ ਜੀ ਨੇ ਇਹੀ ਧਰਮ-ਕਰਮ ਵੇਖਿਆ। ਉਨ੍ਹਾਂ ਨੇ ਲੋਕਾਂ ਨੂੰ ਸਭ ਦੇ ਸਿਰਜਣਹਾਰ ਪਾਲਣਹਾਰ ਠਾਕੁਰ ਦੀ ਬੰਦਗੀ ਵਲ ਪ੍ਰੇਰਿਆ ਅਤੇ ਮੂਰਤੀਆਂ ਦੀ ਪੂਜਾ ਵਲੋਂ ਵਰਜਿਆ।

## ਕੁਰਖੇਤਰ

ਗੁਰੂ ਨਾਨਕ ਦੇਵ ਜੀ ਅਗਸਤ ਸੰਨ ੧੫੦੭ ਵਿਚ ਪਹਿਲੀ 'ਉਦਾਸੀ' ਵਾਸਤੇ ਸੁਲਤਾਨਪੁਰੋਂ ਤੁਰੇ ਸਨ। ਮਥੁਰਾ ੭ ਅਗਸਤ ੧੫੧੫ ਨੂੰ ਪਹੁੰਚੇ। ਪੂਰੇ ਅੱਠ ਸਾਲ ਬੀਤ ਗਏ। ਇਤਨੇ ਸਮੇਂ ਵਿਚ ਉਹਨਾਂ ਭਾਰਤ ਦੇ ਤਕਰੀਬਨ ਸਾਰੇ ਪਰਸਿੱਧ ਹਿੰਦੂ-ਤੀਰਥ ਅਤੇ ਮੰਦਰ ਵੇਖ ਲਏ। ਇਕ ਕੁਰਖੇਤਰ ਬਾਕੀ ਰਹਿ ਗਿਆ ਸੀ।

ਮਥੁਰਾ ਤੋਂ ਦਿੱਲੀ ਦੇ ਰਮਤੇ ਸਤਿਗੁਰੂ ਜੀ ਕੁਰਖੇਤਰ ਵੱਲ ਚੱਲ ਪਏ।

---

☛ ਮਰਦ-ਇਸਤ੍ਰੀਆਂ ਦਾ ਉਹ ਆਨੰਦ ਉਥੇ ਹੀ ਨਿੱਖੜ ਜਾਂਦਾ ਹੈ ਜਦੋਂ ਉਹ ਕੜਾਹ ਪ੍ਰਸ਼ਾਦ ਵਰਤਣ ਵੇਲੇ ਬੇ-ਸਬਰ ਹੋਏ ਵੇਖੀਦੇ ਹਨ। ਇਉਂ ਪਿਆ ਦਿੱਸਦਾ ਹੈ ਕਿ ਜਿਵੇਂ ਰਤਾ ਕੁ ਸੱਭਿਅਤਾ ਵਾਲੀ ਹੋਲੀ ਪੋੜੀ ਜਾ ਰਹੀ ਹੈ। ਸਿਆਣੇ ਪੈਂਚਾਂ ਦੀ ਬੇ-ਬਸੀ ਭੀ ਪਰਤੱਖ ਦਿਸਣ ਲੱਗ ਪੈਂਦੀ ਹੈ, ਜਦੋਂ ਉਹ ਕੁਝ ਹਾਸੇ ਵਿਚ ਕਹਿੰਦੇ ਸੁਣੀਦੇ ਹਨ ਕਿ ਹੁਣ ਕਲਿਜੁਗ ਅੰਦਰ ਆ ਗਿਆ ਹੈ। ਅਸਲ ਵਿਚ ਉਹਨਾਂ ਪੈਂਚਾਂ ਨੂੰ ਹੌਸਲਾ ਨਹੀ ਪੈਂਦਾ ਕਿ ਇਸ ਕੁਰੀਤੀ ਨੂੰ ਕਰੜਾਈ ਨਾਲ ਰੋਕਣ। ਓਹਨਾਂ ਨੂੰ ਆਪਣਾ ਡਰ ਖਾਂਦਾ ਹੈ ਕਿ ਕਿਤੇ ਸਾਡੀ ਹਰ-ਦਿਲ-ਅਜ਼ੀਜ਼ੀ ਖ਼ਤਰੇ ਵਿਚ ਨਾ ਪੈ ਜਾਏ। ਜਿਹੜੇ ਲੋਕ ਗੁਰਦੁਆਰੇ ਦੇ ਅੰਦਰ ਹੀ ਸਬਰ-ਸੰਤੋਖ ਦੀ ਮਿੱਟੀ ਪਲੀਤ ਹੁੰਦੀ ਹੱਸ ਕੇ ਸਹਾਰ ਲੈਂਦੇ ਹਨ, ਬਾਹਰ ਰੋਜ਼ਾਨਾ ਕਿਰਤ-ਕਾਰ ਵਿਚ ਉਹ ਈਮਾਨਦਾਰੀ ਦਾ ਕਿਤਨਾ ਕੁ ਮੁੱਲ ਪਾਂਦੇ ਹੋਣਗੇ।



WWW.SIKHBOOKCLUB.COM

ਮਥੁਰਾ ਤੋਂ ਦਿੱਲੀ ਉੱਤਰ ਪਾਸੇ ੧੦੦ ਮੀਲ ਦੇ ਫ਼ਾਸਲੇ ਤੇ ਹੈ। ਤਦੋਂ ਸਿਕੰਦਰ ਲੋਦੀ ਦਾ ਰਾਜ ਸੀ। ਸਿਕੰਦਰ ਨੇ ਦਿੱਲੀ ਦੇ ਥਾਂ ਆਗਰੇ ਨੂੰ ਹਿੰਦੁਸਤਾਨ ਦੀ ਰਾਜਧਾਨੀ ਬਣਾ ਲਿਆ ਹੋਇਆ ਸੀ। ਆਗਰੇ ਵਿਚ ਭੀ ਉਹ ਬਹੁਤ ਸਮਾ ਨਹੀਂ ਠਹਿਰਿਆ, ਉਸ ਦਾ ਬਹੁਤਾ ਵਕਤ ਬਿਹਾਰ ਨੂੰ ਫ਼ਤਹ ਕਰਨ ਵਿਚ ਹੀ ਲੱਗ ਗਿਆ ਸੀ।

ਦਿੱਲੀ ਦੇ ਉੱਤਰ ਪਾਸੇ ਕਸ਼ਮੀਰੀ ਦਰਵਾਜ਼ੇ ਤੋਂ ਬਾਹਰ ਇਕ ਪਿੰਡ ਚੰਦਰਾਵਲ ਹੈ। ਉਸ ਪਿੰਡ ਦੇ ਕੋਲ ਜਮਨਾ ਨਦੀ ਦੇ ਕੰਢੇ 'ਤੇ ਮਜਨੂੰ ਦਾ ਟਿੱਲਾ ਇਕ ਪਰਸਿੱਧ ਥਾਂ ਹੈ। ਗੁਰੂ ਨਾਨਕ ਦੇਵ ਜੀ ਉਥੇ ਆ ਕੇ ਠਹਿਰੇ। ਸਤਿਗੁਰੂ ਜੀ ਦੀ ਯਾਦ ਵਿਚ ਹੁਣ ਉਥੇ ਇਕ ਗੁਰਦੁਆਰਾ ਹੈ। ਇਹ ਥਾਂ ਚਾਂਦਨੀ ਚੌਕ ਤੋਂ ੩ ਮੀਲਾਂ ਤੇ ਹੈ।

ਦਿੱਲੀ ਤੋਂ ਉੱਤਰ ਵਲ ਕੁਰਖੇਤਰ ਤਕਰੀਬਨ ੮੯ ਮੀਲਾਂ ਦੀ ਵਿੱਥ ਤੇ ਹੈ। ਰਸਤੇ ਵਿਚ ਪਾਨੀਪਤ ਨਗਰ ਹੈ, ਜੋ ਦਿੱਲੀ ਤੋਂ ੫੦ ਕੁ ਮੀਲ ਉੱਤਰ ਪਾਸੇ ਹੈ। ਇਹ ਉਹੀ ਨਗਰ ਹੈ ਜਿਸ ਦੇ ਮੈਦਾਨ ਵਿਚ ਬਾਬਰ ਨੇ ਇਬਰਾਹੀਮ ਲੋਦੀ ਨੂੰ ਸੰਨ ੧੫੨੬ ਵਿਚ ਜਿੱਤ ਕੇ ਦਿੱਲੀ ਦਾ ਤਖ਼ਤ ਮੱਲਿਆ ਸੀ। ਇਸ ਨਗਰ ਦੇ ਆਸ ਪਾਸ ਦੀ ਧਰਤੀ ਬਿਦੇਸ਼ੀ ਅਤੇ ਭਾਰਤ ਦੇ ਪਰਸਿੱਧ ਰਾਜਿਆਂ ਦੀ ਜੰਗ-ਭੂਮੀ ਰਹੀ ਹੈ। ਇਥੇ ਹੀ ਸੰਨ ੧੭੬੧ ਵਿਚ ਅਹਿਮਦ ਸ਼ਾਹ ਅਬਦਾਲੀ ਨੇ ਮਰਹੱਟਿਆਂ ਦੀ ਰਾਜਸੀ ਤਾਕਤ ਦਾ ਨਾਸ ਕੀਤਾ ਸੀ।

ਗੁਰੂ ਨਾਨਕ ਦੇਵ ਜੀ ਦਿੱਲੀ ਤੋਂ ਚੱਲ ਕੇ ਪਾਨੀਪਤ ਪਹੁੰਚੇ। ਇਥੇ [1]ਸ਼ੇਖ਼

---

੧. ਕਹਿਣ ਨੂੰ ਤਾਂ ਮੁਸਲਮਾਨ ਹਿੰਦੂਆਂ ਨੂੰ ਬੁਤ-ਪ੍ਰਸਤ ਆਖਦੇ ਹਨ, ਪਰ ਸਹਿਜੇ ਸਹਿਜੇ ਉਹ ਆਪ ਭੀ ਇਸੇ ਹੀ ਊਣਤਾਈ ਵਿਚ ਫਸਦੇ ਗਏ। ਹਿੰਦੂ ਆਪਣੇ ਅਵਤਾਰਾਂ ਦੀਆਂ ਮੂਰਤੀਆਂ ਬਣਾ ਕੇ ਉਹਨਾਂ ਅੱਗੇ ਸਿਰ ਨਿਵਾਉਂਦੇ ਹਨ, ਰੁੱਤਾਂ ਅਨੁਸਾਰ ਉਹਨਾਂ ਦੀ ਇਉਂ ਸੇਵਾ ਕਰਦੇ ਹਨ ਜਿਵੇਂ ਜੀਊਂਦੇ ਪ੍ਰਾਣੀ ਦੀ ਕੀਤੀ ਜਾਂਦੀ ਹੈ। ਫਲ-ਫੁੱਲ,ਦੁੱਧ-ਖੀਰ ਆਦਿਕ ਉਹਨਾਂ ਮੂਰਤੀਆਂ ਅੱਗੇ ਭੇਟ ਧਰਦੇ ਹਨ। ਮੁਸਲਮਾਨ ਆਪਣੇ ਪੀਰਾਂ ਦੀਆਂ ਕਬਰਾਂ, ਖ਼ਾਨਕਾਹਾਂ, ਮਕਬਰਿਆਂ ਅੱਗੇ ਸਿਰ ਨਿਵਾਉਂਦੇ ਹਨ। ਹਰ ਜੁਮੇਰਾਤ (ਵੀਰਵਾਰ) ਨੂੰ ਚਰਾਗ਼ ਬਾਲਦੇ ਹਨ ਅਤੇ ਸ਼ਰੀਣੀਆਂ ਭੇਟ ਰੱਖਦੇ ਹਨ। ਜਿਥੇ ਕਿਤੇ ਭੀ ਕਿਸੇ ਮੁਸਲਮਾਨ ਬਜ਼ੁਰਗ ਨੇ ਬੰਦਗੀ ਕੀਤੀ ਤੇ ਆਪਣੇ ਧਰਮ ਦਾ ਪਰਚਾਰ ਕੀਤਾ, ਉਥੇ ਉਸ ਦੇ ਮਰਨ ਪਿੱਛੋਂ ਕਬਰਪ੍ਰਸਤੀ ਸ਼ੁਰੂ ਹੋ ਗਈ। ਹਿੰਦੂ ਕਰਮ-ਕਾਂਡੀ ਜਨੇਊ ਤਿਲਕ ਆਦਿਕ ਉਤੇ ਜ਼ੋਰ ਦੇਂਦੇ ਹਨ, ਮੁਸਲਮਾਨ ਫ਼ਕੀਰ ਭੀ ਤਸਬੀ ਆਦਿਕ ਤੇ ਜ਼ੋਰ ਪਾਂਦੇ ਹਨ। ਪਾਨੀਪਤ ਵਿਚ ਭੀ ਸ਼ੇਖ਼ ਸ਼ਰਫ਼ ਦੇ ਜਾ-ਨਸ਼ੀਨ ਇਹੀ ਕੁਝ ਕਰ ਕਰਾ ਰਹੇ ਸਨ।



WWW.SIKHBOOKCLUB.COM 

ਤਾਹਰ ਨਾਲ ਉਹਨਾਂ ਦੀ ਚਰਚਾ ਹੋਈ ਸੀ। ਜਨਮ-ਸਾਖੀ ਵਾਲਿਆਂ ਨੇ ਇਸ ਦਾ ਨਾਮ ਟਟੀਹਰੀ ਸ਼ੇਖ਼ ਲਿਖਿਆ ਹੈ। ਸ਼ੇਖ਼ ਤਾਹਰ ਅਬੂ ਅਲੀ ਕਲੰਦਰ ਦੀ ਸੰਪ੍ਰਦਾਇ ਵਿਚੋਂ ਸੀ। ਇਸ ਦਾ ਪਰਸਿੱਧ ਨਾਮ ਸ਼ੇਖ਼ ਸ਼ਰਫ਼ ਸੀ। ਸ਼ੇਖ਼ ਸ਼ਰਫ਼ ਈਰਾਨ ਵਿਚ ਪੈਦਾ ਹੋਇਆ ਸੀ ਅਤੇ ਇਸ ਨੇ ਪਾਨੀਪਤ ਵਿਚ ਆ ਨਿਵਾਸ ਕੀਤਾ ਸੀ। ਇਥੇ ੩੦ ਅਗਸਤ ਸੰਨ ੧੩੩੨ ਨੂੰ ਇਸ ਦਾ ਦੇਹਾਂਤ ਹੋਇਆ ਸੀ। ਇਸ ਦਾ ਮਕਬਰਾ ਪਾਨੀਪਤ ਵਿਚ ਇਕ ਪਰਸਿੱਧ ਅਸਥਾਨ ਹੈ।

ਪਰਸਿੱਧ ਪੀਰਾਂ ਦੇ ਚੇਲੇ ਅਤੇ ਜਾ-ਨਸ਼ੀਨ ਆਪਣੇ ਮੁਰਸ਼ਿਦਾਂ ਦੇ ਨਾਮ ਤੇ ਬੁਲਾਏ ਜਾਂਦੇ ਹਨ। ਇਸ ਵਾਸਤੇ ਸਾਖੀਕਾਰਾਂ ਨੇ ਸ਼ੇਖ਼ ਸ਼ਰਫ਼ ਦੇ ਮੁਰੀਦ ਸ਼ੇਖ਼ ਤਾਹਰ ਨੂੰ ਸ਼ੇਖ਼ ਸ਼ਰਫ਼ ਹੀ ਲਿਖਿਆ ਹੈ।

ਸਤਿਗੁਰੂ ਨਾਨਕ ਦੇਵ ਜੀ ਨੇ ਸ਼ੇਖ਼ ਤਾਹਰ ਨੂੰ, ਉਸ ਦੇ ਮੁਰੀਦਾਂ ਨੂੰ ਅਤੇ ਜ਼ਿਆਰਤ ਆਏ ਹੋਰ ਲੋਕਾਂ ਨੂੰ, ਉਹਨਾਂ ਦੀ ਇਹ ਉਕਾਈ ਚੇਤੇ ਕਰਾਈ।

ਨੋਟ—ਸਤਿਗੁਰੂ ਜੀ ੭ ਅਗਸਤ ਨੂੰ ਮਥੁਰਾ ਸਨ। ਮਥੁਰਾ ਤੋਂ ਪਾਨੀਪਤ ੧੫੦ ਮੀਲ ਦੇ ਫ਼ਾਸਲੇ ਤੇ ਹੈ। ਮਕਬਰਿਆਂ ਉਤੇ ਮੇਲੇ ਪੀਰਾਂ ਦੇ ਦੇਹਾਂਤ-ਦਿਹਾੜੇ ਤੇ ਲੱਗਦੇ ਹਨ। ਪੀਰ ਸ਼ੇਖ਼ ਸ਼ਰਫ਼ ਦਾ ਦੇਹਾਂਤ ੩੦ ਅਗਸਤ ਨੂੰ ਹੋਇਆ ਸੀ। ਗੁਰੂ ਨਾਨਕ ਦੇਵ ਜੀ ੩੦ ਅਗਸਤ ਸੰਨ ੧੫੧੫ ਨੂੰ ਪਾਨੀਪਤ ਸਨ। ਪਾਨੀਪਤ ਤੋਂ ਕੁਰਖੇਤਰ ੪੦ ਮੀਲ ਦੇ ਕਰੀਬ ਹੈ। ਦੋਹਾਂ ਦੇ ਅੱਧ ਵਿਚ ਕਰਨਾਲ ਸ਼ਹਿਰ ਹੈ। ਉਥੇ ਅਟਕਣ ਦੀ ਯਾਦ ਵਿਚ ਕਰਨਾਲ ਦੇ ਮਹੱਲਾ ਠਠੇਰਾਂ ਵਿਚ ਗੁਰਦੁਆਰਾ ਹੈ।

ਸਤਿਗੁਰੂ ਜੀ ਦਿੱਲੀ ਤੋਂ ਪਾਨੀਪਤ ਹੁੰਦੇ ਹੋਏ ਪਹੋਏ ਕੁਰਖੇਤਰ ਪਹੁੰਚੇ। ਕੁਰਖੇਤਰ ਅੱਜ-ਕੱਲ੍ਹ ਰੇਲ ਦਾ ਜੰਕਸ਼ਨ ਸਟੇਸ਼ਨ ਹੈ, ਅੰਬਾਲੇ ਤੋਂ ਦਿੱਲੀ ਨੂੰ ਜਾਣ ਵਾਲੀ ਲਾਈਨ ਉਤੇ। ਇਥੋਂ ਇਕ ਲਾਈਨ ਪੱਛਮ ਪਾਸੇ ਕੈਂਥਲ ਵੱਲ ਜਾਂਦੀ ਹੈ, ਉਸ ਉਤੇ ਕੁਰਖੇਤਰ ਤੋਂ ਅਗਲਾ ਸਟੇਸ਼ਨ ਥਾਨੇਸਰ ਹੈ। ਇਹ ਇਕ ਬੜਾ ਪੁਰਾਣਾ ਸ਼ਹਿਰ ਹੈ। ਥਾਨੇਸਰ ਤੋਂ ਇਕ ਪੱਕੀ ਸੜਕ ਭੀ ਪੱਛਮ ਵੱਲ ਜਾਂਦੀ ਹੈ। ਉਸ ਸੜਕ ਉਤੇ ਥਾਨੇਸਰ ਤੋਂ ੧੬ ਮੀਲਾਂ ਦੀ ਵਿੱਥ ਤੇ ਪਹੋਆ ਤੀਰਥ ਹੈ। ਇਥੇ ਮੱਸਿਆ ਤੋਂ ਇਕ ਦਿਨ ਪਹਿਲਾਂ ਬੜਾ ਮੇਲਾ ਲੱਗਦਾ ਹੈ। ਇਸ ਤੀਰਥ ਉਤੇ ਹਿੰਦੂ ਲੋਕ ਆਪਣੇ ਪਿਤਰਾਂ ਨਮਿਤ ਪਿੰਡ ਭਰਾਂਦੇ ਹਨ। ਜਦੋਂ ਪ੍ਰਾਣੀ ਮਰਨ ਲੱਗਦਾ ਹੈ, ਤਾਂ ਉਸ ਦੇ ਹੱਥ ਉਤੇ ਦੀਵਾ ਰੱਖਣਾ ਬਹੁਤ ਜ਼ਰੂਰੀ ਹੁੰਦਾ ਹੈ। ਜੇ ਕਿਸੇ ਕਾਰਨ ਦੀਵੇ ਵੱਲੋਂ ਉਕਾਈ ਹੋ ਜਾਏ, ਤਾਂ ਉਸ



WWW.SIKHBOOKCLUB.COM 

ਪ੍ਰਾਣੀ ਦੀ 'ਕਿਰਿਆ' ਭੀ [1]ਪਹੋਏ ਪਹੁੰਚ ਕੇ ਹੀ ਕਰਾਣੀ ਪੈਂਦੀ ਹੈ, ਕਿਉਂਕਿ ਦੀਵਾ ਨਾ ਹੋਣ ਕਰਕੇ ਉਹ 'ਅਖਿਗਤਾ' ਸਮਝਿਆ ਜਾਂਦਾ ਹੈ।

ਸੰਨ ੧੫੧੫ ਸੀ, ਜਦੋਂ ਗੁਰੂ ਨਾਨਕ ਦੇਵ ਜੀ ਪਹੋਏ ਪਹੁੰਚੇ ਸਨ। ਸਤੰਬਰ ਦੀ ਤਕਰੀਬਨ ੧੩ ਤਰੀਕ ਸੀ। ਅੱਸੂ ਦੀ ਚੌਦਸ। ਜਿਸ ਤੀਰਥ ਉੱਤੇ ਜਨਤਾ ਨੇ ਦਾਨ ਪੁੰਨ ਕਰਨਾ ਹੁੰਦਾ ਹੈ, ਉਥੋਂ ਦੀ ਬਾਬਤ ਕਹਾਣੀਆਂ ਭੀ ਅਜਿਹੀਆਂ ਹੀ ਪਰਚੱਲਤ ਹੋ ਜਾਂਦੀਆਂ ਹਨ, ਜੋ ਲੋਕਾਂ ਨੂੰ ਵਧੀਕ ਤੋਂ ਵਧੀਕ ਦਾਨ-ਪੁੰਨ ਕਰਨ ਵੱਲ ਪ੍ਰੇਰਨ। ਆਖ਼ਰ ਇਸੇ ਵਿਓਂਤ ਵਿਚ ਹੀ ਅਸਥਾਨਕ ਪੁਜਾਰੀਆਂ ਦੀ ਆਰਥਕ ਭਲਾਈ ਹੁੰਦੀ ਹੈ। ਪਹੋਏ ਤੀਰਥ ਉਤੇ ਕੀਤੇ 'ਦਾਨ-ਪੁੰਨ' ਦੇ ਮਹਾਤਮ ਬਾਰੇ ਇਹ ਕਹਾਣੀ ਪਰਸਿੱਧ ਹੈ ਕਿ ਇਕ ਵਾਰੀ ਇਕ ਯਾਤਰੂ-ਇਸਤ੍ਰੀ ਦੇ ਕੰਨ ਦਾ 'ਵਾਲਾ' ਤੀਰਥ ਦੇ ਜਲ ਵਿਚ ਡਿੱਗ ਪਿਆ। ਅਗਲੇ ਦਿਨ ਲੱਭਾ। ਪਰ ਇਕੋ ਹੀ ਦਿਨ ਵਿਚ ਉਹ 'ਵਾਲਾ' ਰਥ ਦੇ ਪਹੀਏ ਜੇਡਾ ਹੋ ਗਿਆ ਸੀ।

ਸਤਿਗੁਰੂ ਜੀ ਨੇ ਧਰਮ ਦੀ ਓਟ ਵਿਚ ਹੋ ਰਹੇ ਇਸ ਅਧਰਮ ਤੋਂ ਯਾਤਰੂਆਂ ਨੂੰ ਸੁਚੇਤ ਕੀਤਾ। ਪਾਂਡਿਆਂ ਨੂੰ ਭੀ ਸਮਝਾਇਆ ਕਿ ਜੇ ਦਾਨ-ਪੁੰਨ ਇਤਨਾ ਛੇਤੀ ਵੱਧਦਾ ਹੈ, ਤਾਂ ਤੁਹਾਡੀ ਠੱਗੀ, ਬੇ-ਈਮਾਨੀ ਭੀ ਇਸੇ ਹਿਸਾਬ ਵਧ ਰਹੀ ਹੈ, ਜੋ ਤੁਹਾਨੂੰ ਲੈ ਡੁੱਬੇਗੀ।

ਅਗਲੇ ਦਿਨ ਮੱਸਿਆ ਸੀ, ਤੇ ਸੂਰਜ ਨੂੰ ਗ੍ਰਹਿਣ ਲੱਗਣਾ ਸੀ।

---

੧. ਪਹੋਏ ਦਾ ਪੁਰਾਤਨ ਸੰਸਕ੍ਰਿਤ ਨਾਮ ਪ੍ਰਿਥੂਦਕ ਸੀ (ਭਾਵ, ਪ੍ਰਿਥੂ ਦਾ ਉਦਕ)। ਇਹ ਤੀਰਥ ਸਰਸ੍ਵਤੀ ਨਦੀ ਦੇ ਸੱਜੇ ਪਾਸੇ ਹੈ। ਪੁਰਾਣਾਂ ਦੀ ਕਥਾ ਹੈ ਕਿ ਧਰਤੀ ਦਾ ਸਭ ਤੋਂ ਪਹਿਲਾ ਰਾਜਾ ਪ੍ਰਿਥੂ ਸੀ, ਇਸ ਦੇ ਨਾਮ ਤੋਂ ਧਰਤੀ ਨੂੰ ਪ੍ਰਿਥਵੀ ਆਖਿਆ ਜਾਂਦਾ ਹੈ। ਵਿਸ਼ਨੂੰ ਪੁਰਾਣ ਵਿਚ ਲਿਖਿਆ ਹੈ ਕਿ ਰਿਸ਼ੀਆਂ ਨੇ ਵੇਣ ਨੂੰ ਧਰਤੀ ਦਾ ਰਾਜਾ ਬਣਾਇਆ, ਪਰ ਉਹ ਵੱਡਾ ਅਧਰਮੀ ਨਿਕਲਿਆ। ਉਸ ਨੇ ਪੂਜਾ ਹਵਨ ਆਦਿਕ ਬੰਦ ਕਰ ਦਿੱਤੇ। ਪਵਿੱਤਰ ਰਿਸ਼ੀਆਂ ਨੇ ਕੁਸ਼ਾ ਦੇ ਤੀਲੇ ਮਾਰ ਮਾਰ ਕੇ ਵੇਣ ਨੂੰ ਮਾਰ ਦਿੱਤਾ। ਜਦੋਂ ਕੋਈ ਰਾਜਾ ਨਾ ਰਿਹਾ, ਤਾਂ ਲੁੱਟ-ਮਾਰ ਹੋਣ ਲੱਗੀ। ਰਿਸ਼ੀਆਂ ਨੇ ਇਕੱਠੇ ਹੋ ਕੇ ਵੇਣ ਦਾ ਸੱਜਾ ਪੱਟ ਮਲਣਾ ਸ਼ੁਰੂ ਕੀਤਾ। ਉਸ ਵਿਚੋਂ ਪ੍ਰਿਥੂ ਜਨਮਿਆ। ਇਹ ਬਾਲਕ ਅੱਗ ਵਾਂਗ ਚਮਕਦਾ ਸੀ। ਇਸ ਦੇ ਜੰਮਣ ਤੇ ਸਭ ਪਰਸੰਨ ਹੋਏ। ਵੇਣ ਭੀ ਨਰਕ ਵਿਚੋਂ ਨਿਕਲ ਕੇ ਸਵਰਗ ਵਿਚ ਅੱਪੜ ਗਿਆ। ਪ੍ਰਿਥੂ ਨੇ ਆਪਣੇ ਪਿਤਾ ਵੇਣ ਦੀ ਅੰਤਮ ਕਿਰਿਆ ਕਰਾਈ ਅਤੇ ੧੨ ਦਿਨ ਅੱਭਿਆਗਤਾਂ ਨੂੰ ਉਦਕ (ਜਲ) ਪਿਆਇਆ। ਜਿਸ ਥਾਂ ਇਹ ਕਿਰਿਆ ਕਰਾਈ ਗਈ, ਉਸ ਦਾ ਨਾਮ ਪ੍ਰਿਥੂਦਕ (ਪਹੋਆ) ਪਰਸਿੱਧ ਹੋ ਗਿਆ।



WWW.SIKHBOOKCLUB.COM 

ਸੂਰਜ-ਗ੍ਰਹਿਣ ਸਮੇ ਲੱਖਾਂ ਹਿੰਦੂ ਕੁਰਖੇਤਰ ਤੀਰਥ ਤੇ ਇਕੱਠੇ ਹੁੰਦੇ ਹਨ। ਕੁਰਖੇਤਰ ਇਕ ਬੜਾ [1]ਪਵਿੱਤਰ ਤੀਰਥ ਮੰਨਿਆ ਜਾਂਦਾ ਹੈ।

ਹਿੰਦੂ ਜਨਤਾ ਵਿਚ ਅਨੇਕਾਂ ਦੇਵਤਿਆਂ ਦੀ ਪੂਜਾ ਪਰਚੱਲਤ ਹੈ। ਉਹਨਾਂ ਵਿਚੋਂ ਸੂਰਜ ਦੇਵਤਾ ਮੁਖੀ ਹੈ, ਕਿਉਂਕਿ ਇਸ ਨਾਲ ਮਨੁੱਖ ਨੂੰ ਹਰ ਰੋਜ਼ ਵਾਹ ਪੈਂਦਾ ਹੈ। ਸੰਗਰਾਂਦ ਦੀ ਮਹੱਤਤਾ ਸੂਰਜ ਦੀ ਪੂਜਾ ਦੇ ਸੰਬੰਧ ਵਿਚ ਹੀ ਹੈ। ਸੰਗਰਾਂਦ ਉਹ ਦਿਹਾੜਾ ਹੁੰਦਾ ਹੈ, ਜਦੋਂ ਸੂਰਜ ਇਕ ਮਹੀਨੇ ਵਿਚ ਇਕ 'ਰਾਸਿ' ਨੂੰ ਲੰਘ ਕੇ ਦੂਜੀ 'ਰਾਸਿ' ਤੇ ਅੱਪੜਦਾ ਹੈ। ਰਾਸਿ ਦਾ ਅਰਥ ਹੈ ਨਛੱਤਰਾਂ ਦਾ ਝੁੰਡ[2]। ਹਿੰਦੂ ਸੱਜਣ ਸੂਰਜ ਦੇਵਤੇ ਨੂੰ ਪ੍ਰਸੰਨ ਕਰਨ ਲਈ ਸੰਗਰਾਂਦ ਵਾਲੇ ਦਿਨ ਬ੍ਰਾਹਮਣਾਂ ਨੂੰ ਦਾਨ-ਪੁੰਨ ਕਰਦੇ ਹਨ, ਕਿਉਂਕਿ ਸ਼ਾਸਤਰਾਂ ਦੀ ਮਰਯਾਦਾ ਅਨੁਸਾਰ ਉਹੀ ਦਾਨ[3] ਫਲਦਾ ਹੈ ਜੋ ਬ੍ਰਾਹਮਣ ਨੂੰ ਦਿੱਤਾ ਜਾਏ।

ਹਿੰਦੂ ਜਨਤਾ ਵਿਚ ਸੰਗਰਾਂਦ ਨਾਲੋਂ ਭੀ ਵਧੀਕ ਮਹੱਤਤਾ ਹੈ ਉਸ ਦਿਨ ਦੀ, ਜਦੋਂ ਸੂਰਜ ਨੂੰ ਗ੍ਰਹਿਣ ਲੱਗਦਾ ਹੈ। ਦਿਨ-ਦਿਹਾਰ ਸਮੇ ਦਾਨ-ਪੁੰਨ ਕਰਨਾ ਬਹੁਤ ਜ਼ਰੂਰੀ ਹੁੰਦਾ ਹੈ, ਦਾਨ ਭੀ ਫਲਦਾ ਹੈ ਉਹੀ, ਜੋ ਬ੍ਰਾਹਮਣ ਨੂੰ ਦਿੱਤਾ ਜਾਏ। ਬ੍ਰਾਹਮਣ ਦੇ ਹੱਥ ਵਿਚ ਹੀ ਵਿੱਦਿਆ ਸੀ। ਸੋ, ਸ਼ਾਸਤਰਾਂ ਦੀ ਮਰਯਾਦਾ ਅਨੁਸਾਰ ਸੂਰਜ-ਗ੍ਰਹਿਣ ਸਮੇ ਹਰੇਕ ਹਿੰਦੂ ਵਾਸਤੇ ਇਹ ਅੱਤ ਜ਼ਰੂਰੀ ਹੈ ਕਿ ਜਿਤਨਾ ਚਿਰ ਸੂਰਜ ਨੂੰ ਗ੍ਰਹਿਣ ਲੱਗਾ ਰਹੇ, ਉਤਨਾ ਚਿਰ ਉਹ ਇਸ਼ਨਾਨ

---

੧. ਇਸ ਦੀ ਪਵਿੱਤਰਤਾ ਬਾਰੇ ਕੁਝ ਕਹਾਣੀਆ ਪਰਸਿੱਧ ਹਨ। ਮਹਾਂਭਾਰਤ ਵਿਚ ਲਿਖਿਆ ਹੋਇਆ ਹੈ ਕਿ ਰਾਜ ਰਿਖੀ ਕੁਰ ਨੇ ਇਥੇ ਹਲ ਵਾਹਿਆ ਸੀ। ਜੱਗ ਵਾਸਤੇ ਜ਼ਮੀਨ ਸਾਫ਼ ਕਰਨ ਲਈ ਰਾਜੇ ਆਪ ਹਲ ਵਾਹਿਆ ਕਰਦੇ ਸਨ।

ਕੌਰਵਾਂ ਪਾਂਡਵਾਂ ਦਾ ਜੁੱਧ ਭੀ ਇਥੇ ਹੀ ਹੋਇਆ ਸੀ। ਕੁਰਖੇਤਰ ਦੇ ਰਹਿਣ ਵਾਲੇ ਇਹ ਕਹਾਣੀ ਭੀ ਸੁਣਾਂਦੇ ਹਨ ਕਿ ਜਦੋਂ ਵਿਸ਼ਨੂੰ ਭਗਵਾਨ ਨੇ ਮਧ ਤੇ ਕੈਟਭ ਦੈਂਤ ਮਾਰੇ ਤਾਂ ਉਹਨਾਂ ਦੀ ਮਿਝ ਸਾਰੇ ਹੀ ਜਲ ਉੱਤੇ ਖਿੱਲਰ ਗਈ। ਪਰ ਵਿਸ਼ਨੂੰ ਦੀ ਚੌਕੜੀ ਇਥੇ ੪੮ ਕੋਹਾਂ ਵਿਚ ਲੱਗੀ ਹੋਈ ਸੀ। ਇਸ ਥਾ ਉਹ ਮਿੱਝ ਨਾ ਆ ਸਕੀ। ਇਸ ਵਾਸਤੇ ਇਹ ਧਰਤੀ ਬੜੀ ਪਵਿੱਤਰ ਹੈ।

੨. ਇਹ ਝੁੰਡ (ਬੁਰਜ) ਗਿਣਤੀ ਵਿਚ ੧੨ ਹਨ ਮੇਖ, ਬ੍ਰਿਖ, ਮਿਥਨ, ਕਰਕ, ਸਿੰਘ, ਕੰਨਿਆ, ਤੁਲਾ, ਬ੍ਰਿਸ਼ਚਕ, ਧਨ, ਮਕਰ, ਕੁੰਭ ਅਤੇ ਮੀਨ।

੩. ਅੰਞਾਣਪੁਣੇ ਵਿਚ ਸਿੱਖ ਭੀ ਸੰਗਰਾਂਦ ਦੀ ਮਹਾਨਤਾ ਮੰਨ ਬੈਠੇ ਹਨ। ਧਾਰਮਿਕ ਆਗੂ ਸ਼ਾਇਦ ਗੁਰਦੁਆਰਿਆਂ ਦੀ ਚੜ੍ਹਤ ਵਧਾਣ ਲਈ ਇਸ ਨੂੰ ਵਧੀਕ ਵਧੀਕ ਪਰਚਾਰ ਰਹੇ ਹਨ। ਕਿਹਾ ਚੰਗਾ ਹੁੰਦਾ ਜੇ ਇਹ ਜ਼ਿੰਮੇਵਾਰ ਲੋਕ ਸੂਰਜ ਦੇ ਦਿਹਾੜੇ ਦਾ ਪਿਆਰ ਵਧਾਣ ਦੀ ਥਾਂ ਸਿੱਖਾਂ ਦੇ ਹਿਰਦੇ ਵਿਚ ਗੁਰਪੁਰਬਾਂ ਦਾ ਪਿਆਰ ਪੈਦਾ ਕਰਦੇ।



WWW.SIKHBOOKCLUB.COM 

ਕਰੇ, ਪਾਠ ਕਰੇ ਅਤੇ ਅੰਨ-ਧਨ ਦਾਨ ਕਰੇ। ਅਜਿਹੇ ਮੌਕੇ ਤੇ ਜੋ ਮਨੁੱਖ ਤੀਰਥ ਉਤੇ ਪਹੁੰਚ ਸਕੇ, ਉਹ ਤਾਂ ਬੜਾ ਭਾਗਾਂ ਵਾਲਾ ਮੰਨਿਆ ਜਾਂਦਾ ਹੈ। ਤੀਰਥਾਂ ਵਿਚੋਂ ਭੀ ਕੁਰਖੇਤਰ ਤੀਰਥ ਸੂਰਜ-ਗ੍ਰਹਿਣ ਦੇ ਸੰਬੰਧ ਵਿਚ ਅਤੀ ਉੱਤਮ ਹੈ।

ਦਾਨ ਪੁੰਨ ਵਲ ਪ੍ਰੇਰਨ ਲਈ ਕਥਾ[1] ਭੀ ਚੱਲ ਪੈਂਦੀਆਂ ਹਨ।

ਗੁਰੂ ਨਾਨਕ ਦੇਵ ਜੀ ਪਹੋਏ ਤੀਰਥ ਤੇ ਪਹੁੰਚੇ ਹੋਏ ਭੋਲੇ-ਭਾਲੇ ਸ਼ਰਧਾਲੂਆਂ ਨੂੰ ਜੀਵਨ ਦਾ ਸਹੀ ਰਾਹ ਦੱਸ ਕੇ ਮਰਦਾਨੇ ਸਮੇਤ ਕੁਰਖੇਤਰ ਅੱਪੜੇ। ਇਥੇ ਉਸ ਤੋਂ ਭੀ ਵਧੀਕ ਭਰਮ-ਜਾਲ ਸੀ। ਸਦੀਆਂ ਤੋਂ ਬਣੇ ਹੋਏ ਪੱਕੇ ਭਰਮ-ਗੜ੍ਹ ਤੋੜਨੇ ਭੀ ਕੋਈ ਸੌਖੀ ਖੇਡ ਨਹੀਂ ਹੁੰਦੀ। ਦੇਵਤਿਆਂ ਉਤੇ ਆਈ ਬਿਪਤਾ ਵੇਲੇ ਜੇ ਕੋਈ ਸ਼ੈ ਖਾ ਪੀ ਲਈ, ਤਾਂ ਖ਼ਬਰੇ ਸਾਡੇ ਉਤੇ ਕਿਹੜੀ ਮੁਸੀਬਤ ਆ ਪਏਗੀ—ਇਹ ਇਕ ਐਸਾ ਸਹਿਮ ਸੀ, ਜਿਸ ਉਤੇ ਕੋਈ ਕਾਰੀ ਚੋਟ ਮਾਰਨ ਦੀ ਲੋੜ ਸੀ। ਸਿੱਖ-ਇਤਿਹਾਸ ਲਿਖਦਾ ਹੈ ਕਿ ਸਬੱਬ ਨਾਲ ਹੀ

---

੧. ਗ੍ਰਹਿਣ ਬਾਰੇ ਪੁਰਾਣਾਂ ਦੀ ਕਥਾ ਇਉਂ ਹੈ: ਜਦੋਂ ਧਰਤੀ ਉਤੇ ਦੈਂਤਾਂ ਦਾ ਜ਼ੋਰ ਵਧ ਗਿਆ ਤਾਂ ਦੇਵਤਿਆਂ ਦੀ ਰੱਖਿਆ ਵਾਸਤੇ ਵਿਸ਼ਨੂੰ ਨੇ ਮੋਹਣੀ ਅਵਤਾਰ ਧਾਰਿਆ। ਇਸ ਦੀ ਅਗਵਾਈ ਵਿਚ ਦੇਵਤਿਆਂ ਨੇ ਸਮੁੰਦਰ ਰਿੜਕਿਆ ਤੇ ਉਸ ਵਿਚੋਂ ੧੪ ਰਤਨ ਕੱਢੇ। ਇਕ ਰਤਨ ਸੀ 'ਅੰਮ੍ਰਿਤ'। ਦੇਵਤਿਆਂ ਨੂੰ ਅਮਰ ਕਰਨ ਲਈ ਉਨ੍ਹਾਂ ਵਿਚ ਅੰਮ੍ਰਿਤ ਵੰਡਿਆ ਗਿਆ। ਪਰ ਉਸ ਵੇਲੇ ਰਾਹੂ ਦੈਂਤ ਭੀ ਰੂਪ ਵਟਾ ਕੇ ਦੇਵਤਿਆਂ ਦੀ ਪੰਗਤ ਵਿਚ ਜਾ ਬੈਠਾ ਅਤੇ ਅੰਮ੍ਰਿਤ ਪੀ ਗਿਆ। ਸੂਰਜ ਅਤੇ ਚੰਦਰਮਾ ਨੇ ਇਸ ਨੂੰ ਪਛਾਣ ਕੇ ਵਿਸ਼ਨੂੰ ਨੂੰ ਖ਼ਬਰ ਦੇ ਦਿੱਤੀ। ਰਾਹੂ ਦੀਆਂ ਚਾਰ ਬਾਹਾਂ ਸਨ ਅਤੇ ਹੇਠਲਾ ਧੜ ਮੱਛ ਦੀ ਪੂਛ ਵਰਗਾ ਸੀ। ਵਿਸ਼ਨੂੰ ਨੇ ਉਸ ਦਾ ਸਿਰ ਅਤੇ ਦੋ ਬਾਹਾਂ ਵੱਢ ਦਿੱਤੀਆਂ। ਪਰ ਉਹ ਅੰਮ੍ਰਿਤ ਪੀ ਕੇ ਅਮਰ ਹੋ ਚੁਕਿਆ ਸੀ, ਉਸ ਦੇ ਦੋ ਸਰੀਰ ਬਣ ਗਏ, ਧੜੋਂ ਬਗ਼ੈਰ ਹੀ। ਪੁਰਾਣਾ ਵੈਰ ਚੇਤੇ ਕਰ ਕੇ ਇਹ ਕਦੇ ਕਦੇ ਸੂਰਜ ਤੇ ਚੰਦਰਮਾ ਨੂੰ ਗ੍ਰਸ ਲੈਂਦੇ ਹਨ, ਮੂੰਹ ਵਿਚ ਪਾ ਲੈਂਦੇ ਹਨ, ਜਿਸ ਤੋਂ ਇਹਨਾਂ ਨੂੰ ਗ੍ਰਹਿਣ ਲਗ ਜਾਂਦਾ ਹੈ। ਪਰ ਇਹ ਸਦਾ ਲਈ ਗ੍ਰਸੇ ਨਹੀਂ ਜਾ ਸਕਦੇ, ਕਿਉਂਕਿ ਦੈਂਤਾਂ ਦੇ ਸਿਰਫ਼ ਸਿਰ ਹੀ ਹਨ, ਧੜ ਨਹੀਂ। ਮੂੰਹ ਰਸਤੇ ਗ੍ਰਸੇ ਹੋਏ ਸੂਰਜ ਤੇ ਚੰਦਰਮਾ ਉਹਨਾਂ ਦੇ ਵੱਢੇ ਹੋਏ ਗਲ ਰਾਹੀਂ ਬਾਹਰ ਆ ਜਾਂਦੇ ਹਨ। ਜਿਤਨਾ ਚਿਰ ਇਹ ਦੇਵਤੇ ਗ੍ਰਸੇ ਰਹਿੰਦੇ ਹਨ, ਉਤਨਾ ਚਿਰ ਸ਼ਾਸਤਰ-ਮਰਯਾਦਾ ਅਨੁਸਾਰ ਹਰੇਕ ਹਿੰਦੂ-ਮਾਤ੍ਰ ਦਾ ਧਾਰਮਿਕ ਫ਼ਰਜ਼ ਹੈ ਕਿ ਇਹਨਾਂ ਦੀ ਖ਼ਲਾਸੀ ਵਾਸਤੇ ਇਸ਼ਨਾਨ ਕਰੇ, ਪਾਠ ਕਰੇ ਅਤੇ ਬ੍ਰਾਹਮਣ ਨੂੰ ਦਾਨ-ਪੁੰਨ ਕਰੇ, ਜੇ ਹੋ ਸਕੇ ਤਾਂ ਕੁਰਖੇਤਰ ਤੀਰਥ ਉੱਤੇ ਪਹੁੰਚ ਕੇ ਇਹ ਸਾਧਨ ਸਾਧਨ ਕਰੇ। ਬਿਪਤਾ ਸਮੇਂ ਮਨੁੱਖ ਨੂੰ ਖਾਣਾ-ਪੀਣਾ ਕਿੱਥੇ ਸੁੱਝਦਾ ਹੈ? ਦੇਵਤਿਆਂ ਉਤੇ ਗ੍ਰਹਿਣ ਦੀ ਬਿਪਤਾ ਆਇਆਂ ਭੀ ਹਰੇਕ ਹਿੰਦੂ ਵਾਸਤੇ ਖਾਣਾ-ਪੀਣਾ ਉਤਨਾ ਚਿਰ ਮਨ੍ਹਾ ਹੈ ਜਿਤਨਾ ਚਿਰ ਦੇਵਤਿਆਂ ਉਤੇ ਗ੍ਰਹਿਣ ਦੀ ਬਿਪਤਾ ਹੈ।



WWW.SIKHBOOKCLUB.COM 

ਇਕ ਰਾਜਾ ਸ਼ਿਕਾਰ ਵਿਚ ਇਕ ਹਰਨ ਮਾਰ ਲਿਆਇਆ ਸੀ, ਜੋ ਉਸ ਨੇ ਸਤਿਗੁਰੂ ਜੀ ਅੱਗੇ ਭੇਟਾ ਲਿਆ ਧਰਿਆ। ਸਤਿਗੁਰੂ ਜੀ ਨੇ ਸੂਰਜ-ਗ੍ਰਹਿਣ ਦੇ ਸਮੇਂ ਹੀ ਮਾਸ ਰਿੰਨ੍ਹਣਾ ਰਖਾ ਦਿੱਤਾ। ਜਿਵੇਂ ਜਦੋਂ ਹਰਿਦੁਆਰ ਗੰਗਾ ਦਾ ਪਾਣੀ ਚੜ੍ਹਦੇ ਪਾਸੇ ਪਿਤਰਾਂ ਨੂੰ ਦੇਣ ਦੇ ਥਾਂ ਸਤਿਗੁਰੂ ਜੀ ਨੇ ਲਹਿੰਦੇ ਵੱਲ ਦੇਣਾ ਸ਼ੁਰੂ ਕੀਤਾ ਸੀ ਤਾਂ ਅਨੇਕਾਂ ਹਿੰਦੂ ਉਹਨਾਂ ਦੇ ਪਾਸ ਆ ਇਕੱਠੇ ਹੋਏ ਸਨ, ਤਿਵੇਂ ਹੀ ਸੂਰਜ-ਗ੍ਰਹਿਣ ਸਮੇਂ ਕੁਝ ਰਿੱਝਦਾ ਪੱਕਦਾ ਵੇਖ ਕੇ ਭੀ ਅਨੇਕਾਂ ਬੰਦੇ ਇਕੱਠੇ ਹੋ ਗਏ। ਗੁਰੂ ਨਾਨਕ ਦੇਵ ਜੀ ਨੇ ਉਹਨਾਂ ਨੂੰ ਸਮਝਾਇਆ ਕਿ ਭਰਮਾਂ ਵਹਿਮਾਂ ਵਿਚ ਫਸ ਕੇ ਭਟਕਣ ਦੀ ਥਾਂ ਪਰਮਾਤਮਾ ਦੀ ਭਗਤੀ ਅਤੇ ਖ਼ਲਕਤ ਦੀ ਸੇਵਾ ਕਰਨ ਦਾ ਰਸਤਾ ਫੜੋ। ਗ੍ਰਹਿਣ ਇਕ ਸਧਾਰਨ ਜਿਹੀ ਕੁਦਰਤੀ ਘਟਨਾ ਹੈ। ਇਥੇ ਕਿਸੇ ਮਿਥੇ ਹੋਏ ਦੇਵਤੇ ਦੇ ਭਾ ਦੀ ਕੋਈ ਬਿਪਤਾ ਨਹੀਂ ਆ ਬਣੀ, ਜੋ ਤੁਹਾਡੇ ਦਾਨ ਦਿੱਤਿਆਂ ਦੂਰ ਹੋਵੇਗੀ।

ਮਥੁਰਾ ਤੋਂ ਕੁਰਖੇਤਰ ੧੮੮ ਮੀਲਾਂ ਦੇ ਕਰੀਬ ਹੈ। ਇਹ ਪੈਂਡਾ ਸਤਿਗੁਰੂ ਜੀ ਨੇ ਤਕਰੀਬਨ ੩੬ ਦਿਨਾਂ ਵਿਚ ਕੀਤਾ। ਰੋਜ਼ਾਨਾ ੫ ਮੀਲਾਂ ਦੇ ਕਰੀਬ ਸਫ਼ਰ ਬਣਿਆ।

### ਸਰਸਾ

SIKHBOOKCLUB.COM

੩੦ ਅਗਸਤ ਸੰਨ ੧੫੧੫ ਨੂੰ ਗੁਰੂ ਨਾਨਕ ਦੇਵ ਜੀ ਪਾਨੀਪਤ ਸਨ। ਉਥੋਂ ਕਰਨਾਲ ਹੁੰਦੇ ਹੋਏ ੧੨-੧੩ ਸਤੰਬਰ ਨੂੰ ਪਹੋਏ ਕੁਰਖੇਤਰ ਪਹੁੰਚੇ।

ਪਾਨੀਪਤ ਤੋਂ ੧੨੦ ਕੁ ਮੀਲ ਪੱਛਮ ਪਾਸੇ ਨਗਰ ਸਰਸਾ ਹੈ। ਇਥੋਂ ਦੇ ਪੀਰ ਭੀ ਬੜੇ ਪਰਸਿੱਧ ਸਨ। ਪਾਨੀਪਤ ਅਤੇ ਸਰਸੇ ਦੇ ਪੀਰਾਂ ਦੇ ਅਸਰ-ਰਸੂਖ ਹੇਠ ਉਸ ਇਲਾਕੇ ਦੇ ਅਨੇਕਾਂ ਹਿੰਦੂਆਂ ਨੇ ਇਸਲਾਮ ਮਤ ਕਬੂਲ ਕਰ ਲਿਆ ਹੋਇਆ ਸੀ, ਪਰ ਮਨੁੱਖ ਦਾ ਸੁਭਾਉ ਹੀ ਕੁਝ ਐਸਾ ਹੈ ਕਿ ਕਰਣੀ ਦਾ ਖ਼ਿਆਲ ਛੱਡ ਕੇ ਸਹਿਜੇ ਸਹਿਜੇ ਇਹ ਸਿਰਫ਼ ਬਾਹਰਲੀਆਂ ਰਹੁ-ਰੀਤਾਂ ਵਿਚ ਰੁੱਝ ਜਾਂਦਾ ਹੈ। ਜਿਵੇਂ ਪਾਨੀਪਤ ਦੇ ਮੁਜਾਵਰਾਂ ਨੇ ਕਬਰ-ਪ੍ਰਸਤੀ ਸ਼ੁਰੂ ਕਰਾ ਦਿੱਤੀ ਸੀ, ਤਿਵੇਂ ਸਰਸੇ ਦੀ ਗੱਦੀ ਦੇ ਫ਼ਕੀਰ ਜ਼ਿਆਦਾ-ਤਰ ਵਰਤ-ਰੋਜ਼ੇ ਉੱਪਰ ਜ਼ੋਰ ਦੇ ਰਹੇ ਸਨ ਅਤੇ ਰੋਜ਼ਿਆਂ ਦੀ ਰਾਹੀਂ ਸ਼ਰਧਾਲੂਆਂ ਨੂੰ ਬਹਿਸ਼ਤ ਵਿਚ ਅੱਪੜਨ ਦੀਆਂ ਆਸਾਂ ਦਿਵਾ ਰਹੇ ਸਨ।

ਮੁਸਲਮਾਨ ਹਿਜਰੀ ਸਾਲ ਦੇ ਨੌਵੇਂ ਮਹੀਨੇ ਰਮਜ਼ਾਨ ਵਿਚ ਰੋਜ਼ੇ ਰੱਖਦੇ

ਹਨ। ਰੋਜ਼ਿਆਂ[1] ਬਾਰੇ ਇਸਲਾਮ ਦੀ ਇਕ ਪਰਸਿੱਧ ਕਿਤਾਬ ਮਿਸਕਾਤ ਵਿਚ ਬਹੁਤ ਹਦਾਇਤਾਂ ਕੀਤੀਆਂ ਹੋਈਆਂ ਹਨ। ਜਿਵੇਂ ਹਿੰਦੂਆਂ ਵਾਸਤੇ ਮਨੂ-ਸਿਮ੍ਰਿਤੀ ਹੈ ਤਿਵੇਂ ਮੁਸਲਮਾਨ 'ਮਿਸਕਾਤ' ਦਾ ਸਤਿਕਾਰ ਕਰਦੇ ਹਨ। ਇਹ ਕਿਤਾਬ ਸ਼ੇਖ਼ ਹੁਸੈਨ ਅਲੀ ਬਗ਼ਾਵੀ ਨੇ ਲਿਖੀ ਸੀ। ਅਕਬਰ ਦੇ ਰਾਜ ਸਮੇਂ ਇਸ ਦਾ ਤਰਜਮਾ ਫ਼ਾਰਸੀ ਵਿਚ ਕੀਤਾ ਗਿਆ।

ਸੰਨ ੧੫੧੫ ਵਿਚ ਰਮਜ਼ਾਨ ਦਾ ਮਹੀਨਾ ਅਕਤੂਬਰ ਦੇ ਅੱਧ ਵਿਚ ਚੜ੍ਹਿਆ ਸੀ। ਗੁਰੂ ਨਾਨਕ ਦੇਵ ਜੀ ੧੩ ਸਤੰਬਰ ਨੂੰ ਕੁਰਖੇਤਰ ਸਨ। ਇੱਥੋਂ ਜੀਂਦ ਦੇ ਰਸਤੇ ਸਰਸੇ ਨੂੰ ਚੱਲ ਪਏ। ਕੁਰਖੇਤਰ ਤੋਂ ਜੀਂਦ ੫੦ ਕੁ ਮੀਲ ਦੱਖਣ-ਪੱਛਮ ਪਾਸੇ ਹੈ ਅਤੇ ਜੀਂਦ ਤੋਂ ਸਰਸਾ ੭੦ ਕੁ ਮੀਲ ਦੱਖਣ-ਪੱਛਮ ਪਾਸੇ ਹੈ।

---

੧. ਇਸਲਾਮ ਵਿਚ ਮੰਨਿਆ ਗਿਆ ਹੈ ਕਿ ਰੋਜ਼ੇ ਰੱਖਿਆਂ ਮਨੁੱਖ ਦੇ ਗੁਨਾਹ ਖ਼ਤਮ ਹੋ ਜਾਂਦੇ ਹਨ। ਹੇਠ ਲਿਖੇ ਰੋਜ਼ੇ ਰੱਖਣ ਦੀ ਹਦਾਇਤ ਹੈ:

(ੳ) ਰਮਜ਼ਾਨ ਦਾ ਸਾਰਾ ਮਹੀਨਾ।

(ਅ) ਮੁਹੱਰਮ ਦਾ ਦਸਵਾਂ ਦਿਨ, ਜਿਸ ਦਾ ਨਾਮ 'ਆਸ਼ੂਰਾ'। ਮੁਹੱਰਮ ਹਿਜਰੀ ਸਾਲ ਦਾ ਪਹਿਲਾ ਮਹੀਨਾ ਹੈ। 'ਮਿਸਕਾਤ' ਵਿਚ ਲਿਖਿਆ ਹੈ ਕਿ ਆਸ਼ੂਰੇ ਦਾ ਰੋਜ਼ਾ ਆਉਣ ਵਾਲੇ ਸਾਰੇ ਸਾਲ ਦੇ ਪਾਪ ਦੂਰ ਕਰਦਾ ਹੈ।

(ੲ) ਈਦੁਲ ਫ਼ਿਤਰ (ਰੋਜ਼ਿਆਂ ਦੇ ਅਖ਼ੀਰ ਦੀ ਈਦ) ਪਿੱਛੋਂ ਛੇ ਦਿਨ ਵਰਤ ਰੱਖਣਾ ਪੁੰਨ ਕਰਮ ਹੈ।

(ਸ) ਹਰੇਕ ਹਫ਼ਤੇ ਦੇ ਸੋਮ ਅਤੇ ਵੀਰਵਾਰ ਨੂੰ।

(ਹ) ਸ਼ਅਬਾਨ ਦਾ ਸਾਰਾ ਮਹੀਨਾ। ਹਿਜਰੀ ਸਾਲ ਦਾ ਇਹ ਅੱਠਵਾਂ ਮਹੀਨਾ ਹੈ। ਮਿਸਕਾਤ ਵਿਚ ਲਿਖਿਆ ਹੈ ਕਿ ਹਜ਼ਰਤ ਮੁਹੰਮਦ ਸਾਹਿਬ ਕਦੇ ਇਹ ਸਾਰਾ ਮਹੀਨਾ ਤੇ ਕਦੇ ਕੁਝ ਹਿੱਸਾ ਰੋਜ਼ਾ ਰੱਖਦੇ ਸਨ।

(ਕ) ਹਰੇਕ ਮਹੀਨੇ ਦੀ ੧੩, ੧੪ ਅਤੇ ੧੫ ਤਰੀਕ ਨੂੰ। ਇਹਨਾਂ ਦਿਨਾਂ ਦਾ ਨਾਮ 'ਅੱਯਾਮੁਲਬੀਜ਼' ਹੈ, ਭਾਵ, ਰੌਸ਼ਨ ਦਿਨ।

(ਖ) ਇਕ ਦਿਨ ਖਾਣਾ, ਦੂਜੇ ਦਿਨ ਰੋਜ਼ਾ।

*ਨੋਟ*—ਰੋਜ਼ੇ ਸਮੇਂ ਝਗੜਨਾ, ਲੜਨਾ, ਨਿੰਦਿਆ ਆਦਿਕ ਕੰਮ ਵਰਜਿਤ ਹਨ।

ਮਿਸਕਾਤ ਵਿਚ ਲਿਖਿਆ ਹੈ ਕਿ ਹਜ਼ਰਤ ਮੁਹੰਮਦ ਸਾਹਿਬ ਦਾ ਬਚਨ ਹੈ ਕਿ—"ਰਮਜ਼ਾਨ ਵਿਚ ਬਹਿਸ਼ਤ ਦੇ ਦਰਵਾਜ਼ੇ ਖੁਲ੍ਹੇ ਅਤੇ ਦੋਜ਼ਕ ਦੇ ਬੰਦ ਰਹਿੰਦੇ ਹਨ। ਇਸ ਮਹੀਨੇ ਸ਼ੈਤਾਨ ਦੇ ਪੈਰਾਂ ਵਿਚ ਬੇੜੀਆਂ ਪਾ ਕੇ ਉਸ ਨੂੰ ਕੈਦ ਰੱਖਿਆ ਜਾਂਦਾ ਹੈ। ਰਮਜ਼ਾਨ ਵਿਚ ਰੋਜ਼ਾ ਰੱਖਣ ਵਾਲੇ ਦੇ ਪਾਪ ਬਖ਼ਸ਼ੇ ਜਾਂਦੇ ਹਨ।"

ਪਹੁ ਫੁੱਟਣ ਦੇ ਸਮੇਂ ਤੋਂ ਲੈ ਕੇ ਸੂਰਜ ਡੁੱਬਣ ਤੀਕ ਰਮਜ਼ਾਨ ਦੇ ਦਿਨਾਂ ਵਿਚ ਅੰਨ-ਪਾਣੀ ਦਾ ਤਿਆਗ ਕੀਤਾ ਜਾਂਦਾ ਹੈ। ਦਸਵੇਂ ਮਹੀਨੇ ਸ਼ਵਾਲ ਦਾ ਚੰਦ ਵੇਖ ਕੇ ਰੋਜ਼ੇ ਖ਼ਤਮ ਕੀਤੇ ਜਾਂਦੇ ਹਨ।



WWW.SIKHBOOKCLUB.COM 

ਜੀਂਦ ਵਿਚ ਸਤਿਗੁਰੂ ਜੀ ਦੀ ਯਾਦਗਾਰ ਵਿਚ ਇਕ ਗੁਰਦੁਆਰਾ ਮੌਜੂਦ ਹੈ। ਦਿੱਲੀ ਤੋਂ ਬਠਿੰਡੇ ਨੂੰ ਜਾਣ ਵਾਲੀ ਰੇਲਵੇ ਲਾਈਨ ਉਤੇ ਜੀਂਦ ਸਟੇਸ਼ਨ ਹੈ। ਇਹ ਜੰਕਸ਼ਨ ਭੀ ਹੈ। ਇਥੋਂ ਇਕ ਲਾਈਨ ਪਾਨੀਪਤ ਨੂੰ ਜਾਂਦੀ ਹੈ। ਸਰਸਾ ਛੋਟੀ ਰੇਲ ਦਾ ਇਕ ਸਟੇਸ਼ਨ ਹੈ। ਉਹ ਲਾਈਨ ਬਠਿੰਡੇ ਤੋਂ ਦੱਖਣ ਪਾਸੇ ਹਿਸਾਰ ਵਲ ਆਉਂਦੀ ਹੈ।

ਸਤੰਬਰ ਦੇ ਅੱਧ ਤੋਂ ਪਿੱਛੋਂ ਕੁਰਖੇਤਰ ਤੋਂ ਚੱਲ ਕੇ ਗੁਰੂ ਨਾਨਕ ਦੇਵ ਜੀ ਰੋਜ਼ਿਆਂ ਵਿਚ ਸਰਸੇ ਪਹੁੰਚੇ। ਸਰਸੇ ਦੇ ਪੀਰਾਂ ਨੇ ਰੋਜ਼ਿਆਂ ਦੀ ਰਾਹੀਂ ਮੁਰੀਦਾਂ ਉਤੇ ਬੜਾ ਅਸਰ ਪਾਇਆ ਹੋਇਆ ਸੀ। ਅਗਾਂਹ ਦਾ ਬਹਿਸ਼ਤ ਤਾਂ ਕੋਈ ਜਾ ਕੇ ਹੀ ਵੇਖੇਗਾ, ਪਰ ਸਾਦਾ ਦਿਲ ਮੁਰੀਦਾਂ ਦੀ ਕਾਰ-ਭੇਟ ਨੇ ਪੀਰਾਂ ਵਾਸਤੇ ਇਥੇ ਹੀ ਬਹਿਸ਼ਤ ਬਣਾਇਆ ਹੋਇਆ ਸੀ।

ਗੁਰੂ ਨਾਨਕ ਦੇਵ ਜੀ ਕੁਝ ਦਿਨ ਸਰਸੇ ਠਹਿਰੇ। ਪੀਰਾਂ ਨੂੰ ਵਰਜਿਓ ਨੇ ਕਿ ਮੁਰੀਦਾਂ ਦੀ ਸ਼ਰਧਾ ਤੋਂ ਇਉਂ ਧਨ ਕਮਾਉਣਾ ਨੇਕ ਕੰਮ ਨਹੀਂ ਹੈ। ਆਏ ਮੁਰੀਦਾਂ ਨੂੰ ਭੀ ਸਮਝਾਇਓ ਨੇ ਕਿ ਨੇਕ ਕਮਾਈ, ਰੱਬ ਦੀ ਬੰਦਗੀ ਅਤੇ ਖ਼ਲਕਤ ਦੀ ਸੇਵਾ-ਭਲਾਈ ਨਾਲ ਆਪਣੇ ਵਾਸਤੇ ਇਥੇ ਹੀ ਬਹਿਸ਼ਤ ਪੈਦਾ ਕਰੋ।

ਇਹ ਜ਼ਿਕਰ ਹੈ ਅਕਤੂਬਰ ਸੰਨ ੧੫੧੫ ਦਾ।

SIKHBOOKCLUB.COM

**ਸੁਲਤਾਨਪੁਰ**

ਸਰਸੇ ਤੋਂ ੧੩੫ ਮੀਲ ਦੇ ਕਰੀਬ ਉੱਤਰ ਪਾਸੇ (ਰਤਾ ਪੂਰਬ) ਦੇ ਰੁਖ਼ ਸੁਲਤਾਨਪੁਰ ਹੈ। ਸਰਸੇ ਤੋਂ ਸਤਿਗੁਰੂ ਜੀ ਰੋਜ਼ਾਨਾ ਰਫ਼ਤਾਰ ਅਨੁਸਾਰ ਚੱਲ ਕੇ ਨਵੰਬਰ ਦੇ ਅਖ਼ੀਰ ਵਿਚ ਸੁਲਤਾਨਪੁਰ ਪਹੁੰਚ ਗਏ। ਕਿਤਨੀ ਕੁ ਖ਼ੁਸ਼ੀ ਹੋਈ ਬੇਬੇ ਨਾਨਕੀ ਜੀ ਨੂੰ, ਭਾਈ ਜੈਰਾਮ ਜੀ ਨੂੰ, ਨਵਾਬ ਦੌਲਤ ਖ਼ਾਂ ਨੂੰ, ਸੁਲਤਾਨਪੁਰ ਦੇ ਪੁਰਾਣੇ ਸਤਸੰਗੀਆਂ ਨੂੰ ਅਤੇ ਸੁਲਤਾਨਪੁਰ-ਵਾਸੀਆਂ ਨੂੰ—ਇਹ ਦੱਸਣਾ, ਕਲਮ ਦੀ ਤਾਕਤ ਤੋਂ ਪਰੇ ਹੈ।

**ਕੁਲ-ਸਫ਼ਰ**

ਗੁਰੂ ਨਾਨਕ ਦੇਵ ਜੀ ਸੰਨ ੧੫੦੭ ਦੇ ਅਗਸਤ ਦੀ ਤਕਰੀਬਨ ੩੦ ਤਰੀਕ ਨੂੰ ਸੁਲਤਾਨਪੁਰ ਤੋਂ 'ਪਹਿਲੀ ਉਦਾਸੀ' ਤੇ ਚੱਲੇ ਸਨ ਅਤੇ ਸੰਨ ੧੫੧੫ ਦੇ ਨਵੰਬਰ ਦੇ ਅਖ਼ੀਰ ਤੇ ਸਾਰੇ ਭਾਰਤ ਤੇ ਸਿੰਘਲਾਦੀਪ ਦਾ ਚੱਕਰ

ਲਾ ਕੇ ਵਾਪਸ ਸੁਲਤਾਨਪੁਰ ਪਹੁੰਚੇ ਸਨ। 'ਪਹਿਲੀ ਉਦਾਸੀ' ਸਵਾ ਅੱਠ ਸਾਲਾਂ ਦੀ ਸੀ।

ਸਿੱਖ-ਇਤਿਹਾਸ ਦਾ ਅੰਦਾਜ਼ਾ ਹੈ ਕਿ ਸਿੰਘਲਾਦੀਪ ਵਿਚ ਸਤਿਗੁਰੂ ਜੀ ਇਕ ਸਾਲ ਰਹੇ ਸਨ। ਜੇ ਉਥੋਂ ਦੇ ਸਫ਼ਰ ਤੇ ਸਮੇਂ ਨੂੰ ਵੱਖ ਕਰ ਲਈਏ, ਤਾਂ ਭਾਰਤ ਦੇ ਸਫ਼ਰ ਵਿਚ ਉਹਨਾਂ ਨੇ ਸਵਾ ਸੱਤ ਸਾਲ ਖ਼ਰਚ ਕੀਤੇ।

ਸਾਰੇ ਪੈਂਡੇ ਦਾ ਅੰਦਾਜ਼ਾ ਇਉਂ ਲੱਗ ਸਕਦਾ ਹੈ:

| | |
|---|---|
| ਸੁਲਤਾਨਪੁਰ ਤੋਂ ਲਾਹੌਰ | ੬੦ ਮੀਲ |
| ਲਾਹੌਰ ਤੋਂ ਤਲਵੰਡੀ | ੪੦ ,, |
| ਤਲਵੰਡੀ ਤੋਂ ਸੈਦਪੁਰ | ੫੦ ,, |
| ਸੈਦਪੁਰ ਤੋਂ ਹਰਿਦੁਆਰ | ੪੦੦ ,, |
| ਹਰਿਦੁਆਰ ਤੋਂ ਅਲਮੋੜਾ | ੯੦ ,, |
| ਅਲਮੋੜੇ ਤੋਂ ਗੋਰਖ-ਮਤਾ | ੭੦ ,, |
| ਗੋਰਖਮਤੇ ਤੋਂ ਅਜੁੱਧਿਆ | ੧੯੦ ,, |
| ਅਜੁੱਧਿਆ ਤੋਂ ਪ੍ਰਯਾਗ | ੯੫ ,, |
| ਪ੍ਰਯਾਗ ਤੋਂ ਬਨਾਰਸ | ੬੫ ,, |
| ਬਨਾਰਸ ਤੋਂ ਗਇਆ | ੧੨੫ ,, |
| ਗਇਆ ਤੋਂ ਗੋਹਾਟੀ | ੬੦੦ ,, |
| ਗੋਹਾਟੀ ਤੋਂ ਮਨੀਪੁਰ ਦੇ ਰਸਤੇ ਸਿਲਹਟ | ੨੯੦ ,, |
| ਸਿਲਹਟ ਤੋਂ ਢਾਕਾ | ੧੨੫ ,, |
| ਢਾਕੇ ਤੋਂ ਨਦੀਆ | ੧੩੦ ,, |
| ਨਦੀਏ ਤੋਂ ਮੇਦਨੀਪੁਰ | ੬੦ ,, |
| ਮੇਦਨੀਪੁਰ ਤੋਂ ਪੁਰੀ | ੨੦੦ ,, |
| ਪੁਰੀ ਤੋਂ ਬੇਜ਼ਵਾੜਾ | ੪੦੦ ,, |
| ਬੇਜ਼ਵਾੜੇ ਤੋਂ ਗੰਤੂਰ | ੩੦ ,, |
| ਗੰਤੂਰ ਤੋਂ ਕੁੜਾਪਾ | ੧੭੦ ,, |
| ਕੁੜਾਪੇ ਤੋਂ ਰਾਮੇਸ਼੍ਵਰ | ੪੨੫ ,, |
| ਜੋੜ | ੩੫੭੫ ਮੀਲ |



WWW.SIKHBOOKCLUB.COM 

(ਸਿੰਘਲਾਦੀਪ ਦਾ ਇੱਕ ਸਾਲ ਦਾ ਸਫ਼ਰ ਛੱਡ ਕੇ ਕੋਚੀਨ ਤਕ ਜਹਾਜ਼ ਦੀ ਰਾਹੀ)

| | |
|---|---|
| ਕੋਚੀਨ ਤੋਂ ਪਾਲਘਾਟ | ੬੦ ਮੀਲ |
| ਪਾਲਘਾਟ ਤੋਂ ਨੀਲਗਿਰੀ | ੩੫ ,, |
| ਨੀਲਗਿਰੀ ਤੋਂ ਸ੍ਰੀ ਰੰਗਾਪਟਮ | ੭੦ ,, |
| ਸ੍ਰੀ ਰੰਗਾਪਟਮ ਤੋਂ ਮੱਲਿਕਾਰਜੁਨ ਮੰਦਰ | ੨੫੦ ,, |
| ਮੱਲਿਕਾਰਜੁਨ ਤੋਂ ਪਾਂਧਰਪੁਰ | ੧੭੫ ,, |
| ਪਾਂਧਰਪੁਰ ਤੋਂ ਬਾਰਸੀ | ੪੫ ,, |
| ਬਾਰਸੀ ਤੋਂ ਪੂਨਾ | ੧੨੦ ,, |
| ਪੂਨੇ ਤੋਂ ਨਾਸਿਕ | ੧੦੦ ,, |
| ਨਾਸਿਕ ਤੋਂ ਔਰੰਗਾਬਾਦ | ੧੦੦ ,, |
| ਔਰੰਗਾਬਾਦ ਤੋਂ ਓਅੰਕਾਰ ਮੰਦਰ | ੧੨੦ ,, |
| ਓਅੰਕਾਰ ਤੋਂ ਉਜੈਨ | ੭੦ ,, |
| ਉਜੈਨ ਤੋਂ ਬੜੋਦਾ | ੧੫੦ ,, |
| ਬੜੋਦੇ ਤੋਂ ਭਾਵ ਨਗਰ | ੭੦ ,, |
| ਭਾਵ ਨਗਰ ਤੋਂ ਪਾਲੀਟਾਣਾ | ੩੫ ,, |
| ਪਾਲੀਟਾਣੇ ਤੋਂ ਸੋਮਨਾਥ | ੧੦੦ ,, |
| ਸੋਮਨਾਥ ਤੋਂ ਦੁਆਰਕਾ | ੧੬੦ ,, |
| ਦੁਆਰਕਾ ਤੋਂ ਓਖਾ ਬੰਦਰ | ੧੫ ,, |
| ਫਿਰ ਜਹਾਜ਼ ਤੇ ਮਾਂਡਵੀ ਬੰਦਰ | ੨੫ ,, |
| ਮਾਂਡਵੀ ਬੰਦਰ ਤੋਂ ਭੁਜ | ੩੫ ,, |
| ਭੁਜ ਤੋਂ ਅੰਜਾਰ | ੩੦ ,, |
| ਅੰਜਾਰ ਤੋਂ ਬੀਸ ਨਗਰ | ੧੫੦ ,, |
| ਬੀਸ ਨਗਰ ਤੋਂ ਆਬੂ | ੬੦ ,, |
| ਆਬੂ ਤੋਂ ਨਾਥ-ਦੁਆਰਾ | ੮੫ ,, |
| ਨਾਥ-ਦੁਆਰੇ ਤੋਂ ਚਤੌੜ | ੪੦ ,, |
| ਚਤੌੜ ਤੋਂ ਅਜਮੇਰ | ੧੦੦ ,, |
| ਅਜਮੇਰ ਤੋਂ ਪੁਸ਼ਕਰ | ੭ ,, |
| ਪੁਸ਼ਕਰ ਤੋਂ ਮਥੁਰਾ | ੨੩੫ ,, |
| ਮਥੁਰਾ ਤੋਂ ਦਿੱਲੀ | ੧੦੦ ਮੀਲ |



SIKHBOOKCLUB.COM

| | |
|---|---|
| ਦਿੱਲੀ ਤੋਂ ਪਾਨੀਪਤ | ੫੦ ,, |
| ਪਾਨੀਪਤ ਤੋਂ ਕੁਰਖੇਤਰ | ੪੦ ,, |
| ਕੁਰਖੇਤਰ ਤੋਂ ਜੀਂਦ | ੫੦ ,, |
| ਜੀਂਦ ਤੋਂ ਸਰਸਾ | ੭੦ ,, |
| ਸਰਸੇ ਤੋਂ ਸੁਲਤਾਨਪੁਰ | ੧੩੫ ,, |
| ਜੋੜ | ੬੪੬੨ ਮੀਲ |

ਇਹ ਸਾਰਾ ਸਫ਼ਰ ਸਵਾ ਸੱਤ ਸਾਲਾਂ ਵਿਚ ਮੁੱਕਿਆ ਸੀ। ਸਵਾ ਸੱਤ ਸਾਲਾਂ ਦੇ ਕੁੱਲ ਦਿਨ--ਤਕਰੀਬਨ ੨੬੫੦। ਰੋਜ਼ਾਨਾ ਸਫ਼ਰ ਢਾਈ ਤਿੰਨ ਮੀਲਾਂ ਦਾ ਬਣਦਾ ਹੈ।

ਜੇ ਸਿੰਘਲਾਦੀਪ ਵਿਚ ਇਕ ਸਾਲ ਦਾ ਪੈਂਡਾ ੪੦੦ ਮੀਲ ਮਿਥ ਲਿਆ ਜਾਏ, ਤਾਂ ਸਤਿਗੁਰੂ ਨਾਨਕ ਦੇਵ ਜੀ ਨੇ 'ਪਹਿਲੀ ਉਦਾਸੀ' ਵਿਚ ੬੮੬੨ ਮੀਲ ਦੇ ਕਰੀਬ ਸਫ਼ਰ ਕੀਤਾ। 'ਪਹਿਲੀ ਉਦਾਸੀ' ਸਵਾ ਅੱਠ ਸਾਲਾਂ ਦੀ ਸੀ, ੩੦੧੫ ਦਿਨਾਂ ਦੀ।

## ਸੁਲਤਾਨਪੁਰ ਤੋਂ ਤਲਵੰਡੀ

ਪਾਠਕ ਸ਼ੁਰੂ ਵਿਚ ਪੜ੍ਹ ਚੁਕੇ ਹਨ ਕਿ ਬਾਬਾ ਕਾਲੂ ਜੀ ਦਾ ਜਨਮ ਸੰਨ ੧੪੪੦ ਵਿਚ ਹੋਇਆ ਸੀ। ਸੰਨ ੧੫੦੭ ਵਿਚ ਜਦੋਂ ਉਹਨਾਂ ਦੇ ਇੱਕੋ-ਇੱਕ ਪੁੱਤਰ ਗੁਰੂ ਨਾਨਕ ਦੇਵ ਜੀ ਨੇ ਲੰਮੇ ਸਫ਼ਰ ਵਿਚ ਜਾਣ ਦਾ ਫ਼ੈਸਲਾ ਕੀਤਾ, ਤਦੋਂ ਬਾਬਾ ਕਾਲੂ ਜੀ ਦੀ ਉਮਰ ੬੭ ਸਾਲ ਹੋ ਚੁੱਕੀ ਸੀ। ਉਹਨਾਂ ਸਮਿਆਂ ਵਿਚ ਡਾਕਖ਼ਾਨਿਆਂ ਦਾ ਕੋਈ ਪਰਬੰਧ ਨਹੀਂ ਸੀ ਕਿ ਪਰਦੇਸ ਗਏ ਸੱਜਣ-ਪਿਆਰੇ ਦੀ ਸੁਖ-ਸਾਂਦ ਦੀ ਖ਼ਬਰ ਆਉਂਦੀ ਰਹੇ, ਤੇ ਪਤਾ ਲੱਗਦਾ ਰਹੇ ਕਿ ਉਸ ਨੇ ਕਦੋਂ ਘਰ ਨੂੰ ਪਰਤਣਾ ਹੈ। ਜਿਉਂ ਜਿਉਂ ਬਾਬਾ ਕਾਲੂ ਜੀ ਦੀ ਉਮਰ ਵਡੇਰੀ ਹੁੰਦੀ ਜਾ ਰਹੀ ਸੀ, ਕਿਤਨੀ ਕੁ ਤਾਂਘ ਤੇ ਘਬਰਾਹਟ ਉਹਨਾਂ ਦੇ ਦਿਲ ਵਿਚ ਵਧਦੀ ਜਾ ਰਹੀ ਹੋਵੇਗੀ ਕਿ ਪਤਾ ਨਹੀਂ ਅੰਤ ਸਮੇਂ ਤਕ ਪੁੱਤਰ ਦਾ ਮਿਲਾਪ ਭੀ ਹੋਣਾ ਹੈ ਜਾਂ ਨਹੀਂ। ਸਵਾ ਅੱਠ ਸਾਲ ਹੋ ਗਏ ਉਡੀਕਦਿਆਂ ਤੇ ਰਾਹ ਤੱਕਦਿਆਂ। ਉਹਨਾਂ ਦੀ ਉਮਰ ੭੫ ਸਾਲਾਂ ਤੋਂ ਭੀ ਟੱਪ ਗਈ ਸੀ।

ਕੁਝ ਦਿਨ ਬੇਬੇ ਨਾਨਕੀ ਜੀ ਦੇ ਪਾਸ ਠਹਿਰ ਕੇ ਸਤਿਗੁਰੂ ਜੀ ਮਾਪਿਆਂ



SIKHBOOKCLUB.COM

ਨੂੰ ਮਿਲਣ ਲਈ ਤਲਵੰਡੀ ਨੂੰ ਚੱਲ ਪਏ। ਸੰਨ ੧੫੧੫ ਦਾ ਦਸੰਬਰ ਦਾ ਮਹੀਨਾ ਸੀ। ਉਹ ਖ਼ੁਸ਼ੀ, ਜੋ ਇਤਨੇ ਲੰਮੇ ਵਿਛੋੜੇ ਪਿਛੋਂ ਇਕੋ-ਇਕ ਪੁੱਤਰ ਨੂੰ ਮਿਲ ਕੇ ਬਿਰਧ ਮਾਪਿਆਂ ਨੂੰ ਹੋਈ ਹੋਵੇਗੀ, ਬਿਆਨ ਕਰਨੀ ਕਲਮ ਦੀ ਸਮਰੱਥਾ ਤੋਂ ਦੂਰ ਪਰੇ ਹੈ। ਗੁਰੂ ਨਾਨਕ ਦੇਵ ਜੀ ਦੀ ਉਮਰ ਉਸ ਵੇਲੇ ਪੌਣੇ ਸੰਤਾਲੀ ਸਾਲ ਦੇ ਕਰੀਬ ਸੀ।

ਭਾਈ ਮਰਦਾਨਾ ਭੀ ਆਪਣੇ ਪਰਵਾਰ ਨੂੰ ਜਾ ਮਿਲਿਆ।

## ਪੱਖੋਕੇ

ਜਦੋਂ ਸਵਾ ਅੱਠ ਸਾਲਾਂ ਪਿਛੋਂ ਆ ਕੇ ਗੁਰੂ ਨਾਨਕ ਦੇਵ ਜੀ ਆਪਣੇ ਮਾਤਾ ਪਿਤਾ ਨੂੰ ਤਲਵੰਡੀ ਮਿਲੇ, ਤਦੋਂ ਉਹਨਾਂ ਦੀ ਇਸਤ੍ਰੀ ਤੇ ਬੱਚੇ ਪੱਖੋਕੇ ਰੰਧਾਵੇ ਸਨ। ਸਤਿਗੁਰੂ ਜੀ ਦੇ ਸਹੁਰੇ ਬਾਬਾ ਮੂਲ ਚੰਦ ਜੀ ਉਸ ਇਲਾਕੇ ਦੇ ਪਟਵਾਰੀ ਸਨ। ਮਾਤਾ ਪਿਤਾ ਪਾਸ ਕੁਝ ਦਿਨ ਠਹਿਰ ਕੇ ਫਿਰ ਉਹਨਾਂ ਨੇ ਆਪਣੇ ਪਰਵਾਰ ਨੂੰ ਮਿਲਣ ਦੀ ਆਗਿਆ ਲਈ ਅਤੇ ਭਾਈ ਮਰਦਾਨੇ ਨੂੰ ਨਾਲ ਲੈ ਕੇ ਚੱਲ ਪਏ। ਰੋਜ਼ਾਨਾ ਕੀਰਤਨ ਦੀ ਆਤਮਕ ਖ਼ੁਰਾਕ ਦੇ ਕਾਰਨ ਮਰਦਾਨੇ ਨਾਲ ਸਦਾ ਦਾ ਸਾਥ ਬਣ ਚੁਕਿਆ ਹੋਇਆ ਸੀ। ਮਰਦਾਨਾ ਭੀ ਸਤਿਗੁਰੂ ਜੀ ਤੋਂ ਬਿਨਾ ਨਹੀਂ ਰਹਿ ਸਕਦਾ ਸੀ। ਪਿਆਰ ਦੁ-ਵੱਲੀ ਸੀ।

ਤਲਵੰਡੀ ਤੋਂ ਲਾਹੌਰ ਦੇ ਰਸਤੇ ਪੱਖੋਕੇ ੧੧੦ ਮੀਲ ਦੇ ਕਰੀਬ ਹੈ। ਇਸ ਪਿੰਡ ਦੀ ਜ਼ਮੀਨ ਦੇ ਮਾਲਕ ਰੰਧਾਵਾ ਗੋਤ ਦੇ ਜੱਟ ਸਨ। ਇਸੇ ਕਰਕੇ ਇਸ ਨੂੰ ਰੰਧਾਵਿਆਂ ਦਾ ਪੱਖੋਕੇ ਜਾਂ ਪੱਖੋਕੇ ਰੰਧਾਵਾ ਕਿਹਾ ਜਾਂਦਾ ਸੀ। ਰੰਧਾਵਿਆਂ ਦੇ ਚੌਧਰੀ ਦਾ ਨਾਮ ਅਜਿੱਤਾ ਸੀ। ਪਿੰਡੋਂ ਬਾਹਰ ਨੇੜੇ ਹੀ ਇਸ ਦਾ ਖੂਹ ਸੀ। ਉਸ ਵਗਦੇ ਖੂਹ ਉਤੇ ਗੁਰੂ ਨਾਨਕ ਦੇਵ ਜੀ ਮਰਦਾਨੇ ਸਮੇਤ ਘੜੀ ਆਰਾਮ ਕਰਨ ਲਈ ਜਾ ਬੈਠੇ।

ਅਜਿੱਤੇ ਨੇ ਸਤਿਗੁਰੂ ਜੀ ਦਾ ਨਾਮ ਤਾਂ ਅੱਗੇ ਚੰਗੀ ਤਰ੍ਹਾਂ ਸੁਣਿਆ ਹੋਇਆ ਸੀ। ਉਸ ਦੇ ਪਿੰਡ ਵਿਚ ਉਹਨਾਂ ਦੇ ਪਰਵਾਰ ਦੀ ਰਿਹਾਇਸ਼ ਸੀ। ਦਰਸ਼ਨ ਕਰਨ ਦਾ ਅਵਸਰ ਅੱਜ ਉਸ ਨੂੰ ਪਹਿਲੀ ਵਾਰੀ ਮਿਲਿਆ। ਅਜਿੱਤਾ ਤਨੋਂ ਮਨੋਂ ਸਦਕੇ ਹੋ ਗਿਆ। ਗੁਰੂ ਨਾਨਕ ਪਾਤਿਸ਼ਾਹ ਦਾ ਪਿਆਰ ਉਸ ਦੇ ਦਿਲ ਦੀਆਂ ਡੂੰਘਾਈਆਂ ਵਿਚ ਜਾ ਟਿਕਿਆ।

ਇਤਨੇ ਨੂੰ ਬਾਬਾ ਮੂਲ ਚੰਦ ਜੀ ਦੇ ਘਰ ਜਾ ਖ਼ਬਰ ਹੋਈ। ਸਵਾ ਅੱਠ



WWW.SIKHBOOKCLUB.COM 

ਸਾਲਾਂ ਦਾ ਵਿਛੋੜਾ ਕੋਈ ਨਿੱਕੀ ਜਿਹੀ ਗੱਲ ਨਹੀਂ ਸੀ। ਬੱਚੇ ਇਸਤ੍ਰੀ ਸੱਸ ਸਹੁਰਾ—ਸੱਭੇ ਪ੍ਰੇਮ ਦੇ ਬੱਝੇ ਹੋਏ ਖੂਹ ਉਤੇ ਹੀ ਆ ਪਹੁੰਚੇ। ਮਰਯਾਦਾ ਅਨੁਸਾਰ ਸਤਿਗੁਰੂ ਜੀ ਸਭ ਨੂੰ ਮਿਲੇ ਤੇ ਉਹਨਾਂ ਦੇ ਨਾਲ ਘਰ ਗਏ।

ਪੱਖੋਕੇ ਵਿਚ ਰਹਿੰਦਿਆਂ ਭੀ ਗੁਰੂ ਨਾਨਕ ਦੇਵ ਜੀ ਨੇ ਕੀਰਤਨ ਸਤਸੰਗ ਵਾਲਾ ਆਹਰ ਜਾਰੀ ਰੱਖਿਆ, ਜਿਸ ਦਾ ਸਦਕਾ ਚੌਧਰੀ ਅਜਿੱਤੇ ਨੇ ਤਾਂ ਚਰਨਾਂ ਦਾ ਭੌਰਾ ਬਣਨਾ ਹੀ ਸੀ, ਪਿੰਡ ਦੇ ਬਾਕੀ ਲੋਕ ਭੀ ਬੜੇ ਸ਼ਰਧਾਲੂ ਬਣ ਗਏ।

## ਕੇਂਦਰੀ ਪਰਚਾਰ-ਅਸਥਾਨ

ਸਾਰੇ ਭਾਰਤ ਵਿਚ ਸਵਾ ਅੱਠ ਸਾਲਾਂ ਦੇ ਅੰਦਰ ਸਾਢੇ ਛੇ ਹਜ਼ਾਰ ਮੀਲਾਂ ਦਾ ਪੰਧ ਕਰ ਕੇ ਗੁਰੂ ਨਾਨਕ ਦੇਵ ਜੀ ਪਿੰਡ ਪਿੰਡ ਵਿਚ ਲੋਕਾਂ ਨੂੰ ਕਲਪਿਤ ਦੇਵੀ-ਦੇਵਤਿਆਂ ਦੀ ਪੂਜਾ ਵਲੋਂ ਹਟਾ ਕੇ ਇਕ ਪਰਮਾਤਮਾ ਦੇ ਸਿਮਰਨ ਵਲ ਪ੍ਰੇਰ ਆਏ ਸਨ। ਜਿਨ੍ਹਾਂ ਗ਼ਰੀਬਾਂ ਨੂੰ ਬ੍ਰਾਹਮਣ ਦੀਆਂ ਸਿਮ੍ਰਿਤੀਆਂ ਨੇ ਸ਼ੂਦਰ ਥਾਪ ਕੇ ਪੈਰਾਂ ਹੇਠ ਸਦੀਆਂ ਤੋਂ ਲਤਾੜਿਆ ਹੋਇਆ ਸੀ, ਉਹਨਾਂ ਦੇ ਅੰਦਰ ਭੀ ਮਨੁੱਖਤਾ ਦਾ ਅਹਿਸਾਸ ਪੈਦਾ ਕਰ ਆਏ ਸਨ। ਤੇ ਜੋ ਲੋਕ ਬਿਦੇਸ਼ੀ ਪਠਾਣ ਹਾਕਮਾਂ ਦੇ ਅੱਤਿਆਚਾਰਾਂ ਹੇਠ ਦੁਖੀ ਹੋ ਰਹੇ ਸਨ ਉਹਨਾਂ ਨੂੰ ਭੀ ਸੁਚੇਤ ਕਰ ਆਏ ਸਨ ਕਿ ਇਹਨਾਂ ਦੁੱਖਾਂ ਤੋਂ ਛੁਟਕਾਰਾ ਹਾਸਲ ਕਰਨ ਲਈ ਜਥੇਬੰਦ ਹੋ ਕੇ ਆਪਣੇ ਪੈਰਾਂ ਉਤੇ ਆਪ ਖਲੋਣ ਦੀ ਜਾਚ ਸਿੱਖਣੀ ਪਵੇਗੀ।

ਹੁਣ ਉਹਨਾਂ ਇਸ ਗੱਲ ਦੀ ਲੋੜ ਮਹਿਸੂਸ ਕੀਤੀ ਕਿ ਇਸ ਸਾਰੀ ਤਾਲੀਮ ਦਾ ਪਰਚਾਰ ਪੱਕੇ ਪੈਰਾਂ ਉੱਤੇ ਕਰਨ ਹਿਤ ਕੋਈ ਕੇਂਦਰੀ ਅਸਥਾਨ ਹੋਣਾ ਚਾਹੀਦਾ ਹੈ। ਸਦੀਆਂ ਦੀ ਧਾਰਮਿਕ ਤੇ ਰਾਜਸੀ ਗ਼ੁਲਾਮੀ ਦੀਆਂ ਜੜ੍ਹਾਂ ਕੱਟਣ ਲਈ ਬੜੀ ਮਿਹਨਤ ਕਰਨੀ ਪੈਣੀ ਸੀ। ਗੁਰੂ ਨਾਨਕ ਦੇਵ ਜੀ ਦਾ ਆਪਣਾ ਜਨਮ-ਪਿੰਡ ਮੌਜੂਦ ਸੀ, ਪਰ ਉਹ ਫਬਵਾਂ ਕੇਂਦਰ ਨਹੀਂ ਬਣ ਸਕਦਾ ਸੀ। ਚਨਾਬ ਤੋਂ ਪਾਰ ਘੱਟ-ਵੱਧ ਹੀ ਕੋਈ ਸ਼ੂਦਰ-ਘਰਾਣਾ ਹਿੰਦੂ ਧਰਮ ਵਿਚ ਹੀ ਰਹਿ ਗਿਆ ਸੀ। ਜ਼ਮੀਨਾਂ ਦੇ ਰਾਹਕ ਜੱਟ ਭੀ ਮੁਸਲਮਾਨ ਬਣ ਚੁਕੇ ਸਨ। ਚਨਾਬ ਤੇ ਰਾਵੀ ਦੇ ਵਿਚਕਾਰਲੇ ਇਲਾਕੇ ਵਿਚ ਸ਼ੂਦਰ ਅਖਵਾਂਦੇ ਲੋਕ ਤਾਂ ਤਕਰੀਬਨ ਸਾਰੇ ਹੀ ਹਿੰਦੂ-ਧਰਮ ਛੱਡ ਚੁਕੇ ਹੋਏ ਸਨ, ਪਰ ਜੱਟ ਅੱਧ-ਪਚੱਧੇ ਹਿੰਦੂ ਰਹਿ ਗਏ ਸਨ। ਲਗਪਗ ਸਭਨਾਂ ਪਿੰਡਾਂ ਦਾ ਇਹੀ ਹਾਲ ਸੀ ਕਿ ਅੱਧੇ ਘਰ ਹਿੰਦੂ ਜੱਟਾਂ ਦੇ ਤੇ ਅੱਧੇ ਮੁਸਲਮਾਨ ਜੱਟਾਂ ਦੇ ਹੋ ਚੁਕੇ ਸਨ। ਤਲਵੰਡੀ



WWW.SIKHBOOKCLUB.COM 

ਦਾ ਇਲਾਕਾ ਸਾਰਾ ਹੀ ਮੁਸਲਮਾਨੀ ਮਜ਼ਹਬ ਵਿਚ ਆ ਚੁਕਿਆ ਸੀ। ਤਲਵੰਡੀ ਨੂੰ ਪਰਚਾਰ-ਕੇਂਦਰ ਬਣਾਉਣ ਦਾ ਕੋਈ ਲਾਭ ਨਹੀਂ ਸੀ। ਮੁਸਲਮਾਨ ਬਣ ਚੁਕੇ ਲੋਕ ਵਾਪਸ ਨਹੀਂ ਆ ਸਕਦੇ ਸਨ। ਚਨਾਬ ਤੇ ਰਾਵੀ ਦੇ ਵਿਚਕਾਰ ਜ਼ਿਲਾ ਸਿਆਲਕੋਟ ਦਾ ਇਹ ਹਾਲ ਸੀ ਕਿ ਜਿਹੜੇ ਅੱਧ-ਪਚੱਧੇ ਘਰ ਅਜੇ ਹਿੰਦੂ-ਧਰਮ ਵਿਚ ਟਿਕੇ ਹੋਏ ਸਨ, ਉਹ ਭੀ ਮੁਸਲਮਾਨ ਪੀਰਾਂ ਦੀਆਂ ਨਿਆਜ਼ਾਂ ਦੇਣ ਲੱਗ ਪਏ ਸਨ।

ਸਤਿਗੁਰੂ ਜੋ ਮਨੁੱਖਤਾ ਦੇ ਧਰਮ ਦਾ ਪਰਚਾਰ ਕਰ ਰਹੇ ਸਨ ਤੇ ਉਨ੍ਹਾਂ ਨੇ ਵਧ ਤੋਂ ਵਧ ਧਰਮਾਂ ਦੇ ਲੋਕਾਂ ਦੇ ਸਾਮ੍ਹਣੇ ਨਵੇਂ ਖ਼ਿਆਲ ਰੱਖਣੇ ਸਨ। ਤਲਵੰਡੀ ਖਿਲਕੁਲ ਮੁਸਲਮਾਨੀ ਪਿੰਡ ਹੋਣ ਤੋਂ ਇਲਾਵਾ ਇਕਲਵਾਂਜੇ ਭੀ ਸੀ। ਉਥੋਂ ਪਰਚਾਰ ਠੀਕ ਨਹੀਂ ਸੀ ਹੋ ਸਕਦਾ। ਸਤਿਗੁਰੂ ਜੀ ਵਧ ਤੋਂ ਵਧ ਲੋਕਾਂ ਤਕ ਆਪਣੇ ਨਵੇਂ ਧਰਮ ਦੇ ਖ਼ਿਆਲ ਪਹੁੰਚਾਣਾ ਚਾਹੁੰਦੇ ਸਨ, ਇਸ ਲਈ ਪੱਖੋਕੇ ਦੇ ਇਲਾਕੇ ਨੂੰ ਆਪਣਾ ਕੇਂਦਰ ਬਣਾਇਆ। ਇਸ ਇਲਾਕੇ ਦੇ ਲੋਕ ਮਿਲਵੇਂ-ਜੁਲਵੇਂ ਸਨ—ਮੁਸਲਮਾਨ, ਹਿੰਦੂ ਅਤੇ ਹੋਰ ਜਾਤੀਆਂ ਦੇ, ਨਾਲੇ ਆਵਾਜਾਈ ਦੇ ਸਾਧਨ ਵੀ ਇਥੇ ਚੰਗੇ ਸਨ।

ਅਜਿਹੇ ਕਈ ਜ਼ਰੂਰੀ ਵਿਚਾਰ ਸਾਮ੍ਹਣੇ ਰੱਖ ਕੇ ਗੁਰੂ ਨਾਨਕ ਦੇਵ ਜੀ ਨੇ ਰਾਵੀ ਦਾ ਪਾਰਲਾ ਕੰਢਾ ਚੁਣਿਆ। ਉਥੋਂ ਸਿਆਲਕੋਟ ਤੋਂ ਪਰੇ ਚਨਾਬ ਤਕ ਦੇ ਇਲਾਕੇ ਵਿਚ ਭੀ ਪਰਚਾਰ ਹੋ ਸਕਦਾ ਸੀ ਅਤੇ ਰਾਵੀ ਤੋਂ ਉਰਾਰ ਮਾਝੇ ਵਿਚ ਭੀ। ਮਾਝੇ ਵਿਚ ਅਜੇ ਲੋਕ ਮੁਸਲਮਾਨ ਤਾਂ ਘੱਟ ਹੀ ਬਣੇ ਸਨ, ਪਰ ਪੀਰਾਂ-ਫ਼ਕੀਰਾਂ ਦਾ ਅਸਰ ਸ਼ੁਰੂ ਹੋ ਚੁੱਕਾ ਸੀ। ਜਿੱਥੇ ਹੁਣ ਨਗਰ ਤਰਨ ਤਾਰਨ ਹੈ, ਇਥੋਂ ਪੰਜ ਕੁ ਮੀਲਾਂ ਤੇ ਕਸਬਾ ਬੰਡਾਲਾ ਹੈ। ਬੰਡਾਲੇ ਤੋਂ ਡੇਢ ਮੀਲ ਦੀ ਵਿੱਥ ਤੇ ਪਿੰਡ ਪੱਖੋਕੇ ਹੈ, ਪੱਖੋਕੇ ਦੇ ਨਾਲ ਹੀ ਸਖੀ ਸਰਵਰ ਦੀ ਗੱਦੀ ਬਣ ਚੁਕੀ ਹੋਈ ਸੀ ਤੇ ਬੜੀ ਮਸ਼ਹੂਰ ਸੀ।

## ਕਰਤਾਰਪੁਰ ਵਸਾਇਆ

ਗੁਰੂ ਨਾਨਕ ਦੇਵ ਜੀ ਨੇ ਰਾਵੀ ਦੇ ਕੰਢੇ ਪੱਖੋਕੇ ਰੰਧਾਵੇ ਪਾਸ ਕੇਂਦਰੀ ਅਸਥਾਨ ਬਣਾਉਣ ਦਾ ਖ਼ਿਆਲ ਚੌਧਰੀ ਅਜਿੱਤੇ ਅੱਗੇ ਪਰਗਟ ਕੀਤਾ। ਉਹ ਬੜਾ ਪਰਸੰਨ ਹੋਇਆ। ਪਿੰਡ ਦੇ ਬਾਕੀ ਜੱਟਾਂ ਨੇ ਭੀ ਇਹ ਅਸਥਾਨ ਬਣਨ ਦੀ ਖ਼ੁਸ਼ੀ ਪਰਗਟ ਕੀਤੀ। ਸਭ ਨੇ ਮਿਲ ਕੇ ਜ਼ਮੀਨ ਦਿੱਤੀ, ਜਿਸ ਵਿਚ ਨਵਾਂ ਪਿੰਡ ਵਸਾਇਆ ਜਾਣਾ ਸੀ। ਸਤਿਗੁਰੂ ਜੀ ਨੇ ੧੩ ਮਾਘ ਸੰਮਤ ੧੫੭੨



WWW.SIKHBOOKCLUB.COM 

ਨੂੰ ਮੋੜ੍ਹੀ ਗੱਡ ਦਿਤੀ ਤੇ ਪਿੰਡ ਦਾ ਨਾਮ ਕਰਤਾਰਪੁਰ ਰਖਿਆ। ਈਸਵੀ ਸੰਨ ਅਨੁਸਾਰ ਤਕਰੀਬਨ ੯ ਜਨਵਰੀ ੧੫੧੬ ਦਾ ਦਿਨ ਸੀ।

## ਕਰੋੜੀ ਮਲ ਦਾ ਵਿਰੋਧ

ਲਾਹੌਰ ਦਾ ਰਹਿਣ ਵਾਲਾ ਦੁਨੀ ਚੰਦ ਖੱਤਰੀ ਕਲਾਨੌਰ ਦੇ ਪਰਗਣੇ ਦਾ ਹਾਕਮ ਸੀ। ਆਮ ਤੌਰ ਉੱਤੇ ਇਸ ਦਾ ਨਾਮ ਕਰੋੜੀ ਮਲ ਪਰਸਿੱਧ ਸੀ। ਕਲਾਨੌਰ ਪੱਖੋਕੇ ਰੰਧਾਵੇ ਤੋਂ ਛੇ ਸੱਤ ਮੀਲਾਂ ਦੀ ਵਿਥ ਉੱਤੇ ਹੈ। ਪੱਖੋਕੇ ਰਾਵੀ ਤੋਂ ਪਾਰ ਅਤੇ ਕਲਾਨੌਰ ਉਰਾਰ। ਪੱਖੋਕੇ ਇਸ ਦੇ ਹਲਕੇ ਵਿਚ ਸੀ। ਕਰੋੜੀ ਮਲ ਦੇ ਦਿਲ ਵਿਚ ਗੁਰੂ ਨਾਨਕ ਦੇਵ ਜੀ ਦੇ ਵਿਰੁੱਧ ਨਫ਼ਰਤ ਜਿਹੀ ਤਦੋਂ ਤੋਂ ਹੀ ਬਣ ਚੁੱਕੀ ਸੀ ਜਦੋਂ ਉਸ ਨੂੰ ਪਤਾ ਲੱਗਾ ਸੀ ਕਿ ਉਹ ਘਰ-ਘਾਟ ਛੱਡ ਕੇ ਦੇਸ-ਦੇਸਾਂਤਰਾਂ ਦਾ ਰਟਨ ਕਰਨ ਚਲੇ ਗਏ ਹਨ ਅਤੇ ਉਹਨਾਂ ਦੀ ਇਸਤ੍ਰੀ ਤੇ ਬੱਚੇ ਪੱਖੋਕੇ ਰਹਿੰਦੇ ਹਨ। ਉੱਚੀ ਕੁਲ ਦੇ ਖੱਤਰੀ ਨਾਲ ਇਕ ਮੁਸਲਮਾਨ ਮਿਰਾਸੀ ਦੀ ਹਰ ਵੇਲੇ ਦੀ ਬੈਠਕ, ਇਸ ਗੱਲੋਂ ਭੀ ਕਰੋੜੀ ਮਲ ਸਦਾ ਨੱਕ ਵੱਟਦਾ ਸੀ। ਸਹਿਜੇ ਸਹਿਜੇ ਹਰਿਦੁਆਰ ਆਦਿਕ ਤੀਰਥਾਂ ਤੋਂ ਵਾਪਸ ਆਏ ਯਾਤਰੂਆਂ ਦੀ ਜ਼ਬਾਨੀ ਜਿਉਂ ਜਿਉਂ ਕਰੋੜੀ ਮਲ ਨੂੰ ਪਤਾ ਲੱਗਦਾ ਰਿਹਾ ਕਿ ਗੁਰੂ ਨਾਨਕ ਦੇਵ ਜੀ ਧਰਮ-ਸ਼ਾਸਤ੍ਰਾਂ ਦੀਆਂ ਮੁੱਢ-ਕਦੀਮਾਂ ਦੀਆਂ ਰੀਤਾਂ-ਰਸਮਾਂ ਦੀ ਨਿਖੇਧੀ ਕਰ ਰਹੇ ਹਨ, ਤਾਂ ਉਸ ਦੇ ਅੰਦਰ ਨਫ਼ਰਤ ਦੀ ਅੱਗ ਵਧਦੀ ਗਈ।

ਜਦੋਂ ਕਰੋੜੀ ਮਲ ਨੂੰ ਪਤਾ ਲੱਗਾ ਕਿ ਗੁਰੂ ਨਾਨਕ ਦੇਵ ਜੀ ਕਲਾਨੌਰ ਦੇ ਪਰਗਣੇ ਵਿਚ ਹੀ ਆਪਣੀ ਪੱਕੀ ਰਿਹਾਇਸ਼ ਦਾ ਪਰਬੰਧ ਕਰਨ ਲੱਗੇ ਹਨ, ਤਾਂ ਇਹ ਗੱਲ ਉਸ ਨੂੰ ਬੜੀ ਚੁੱਭੀ। ਉਸ ਨੂੰ ਇਹ ਨਹੀਂ ਸੀ ਭਾਉਂਦਾ ਕਿ ਉਸ ਦੇ ਆਪਣੇ ਹੀ ਹਲਕੇ ਵਿਚ ਧਰਮ-ਸ਼ਾਸਤਰਾਂ ਦੇ ਵਿਰੁੱਧ ਕਿਸੇ ਕਿਸਮ ਦਾ ਪਰਚਾਰ ਸ਼ੁਰੂ ਹੋ ਜਾਏ, ਜਿਸ ਕਰਕੇ ਸ਼ੂਦਰ ਲੋਕ ਬ੍ਰਾਹਮਣ ਖੱਤਰੀ ਆਦਿਕ ਸਾਊ ਲੋਕਾਂ ਦੀ ਬਰਾਬਰੀ ਕਰਨ ਦੀ ਦਲੇਰੀ ਕਰਨ ਲੱਗ ਪੈਣ।

ਕਰੋੜੀ ਮਲ ਨੇ ਜਤਨ ਸ਼ੁਰੂ ਕੀਤੇ ਕਿ ਕਿਸੇ ਤਰ੍ਹਾਂ ਇਹ ਨਵਾਂ ਪਿੰਡ ਵੱਸਣ ਦਾ ਪਰਬੰਧ ਸਿਰੇ ਨਾ ਚੜ੍ਹੇ। ਜਿਨ੍ਹਾਂ ਜ਼ਿਮੀਦਾਰਾਂ ਨੇ ਭੋਇਂ ਦਿੱਤੀ ਸੀ ਉਹਨਾਂ ਨੂੰ ਭੀ ਵਰਜਿਆ, ਪਰ ਲੋਕਾਂ ਨੇ ਉਸ ਨੂੰ ਦੱਸਿਆ ਕਿ ਗੁਰੂ ਨਾਨਕ ਦੇਵ ਜੀ ਪੂਰਨ ਸੰਤ ਹਨ, ਅਜਿਹੇ ਮਹਾਂ ਪੁਰਖਾਂ ਦੇ ਇੱਥੇ ਟਿਕਣ ਨਾਲ ਇਸ



WWW.SIKHBOOKCLUB.COM 

ਧਰਤੀ ਦੇ ਭਾਗ ਜਾਗ ਪੈਣਗੇ। ਆਖ਼ਰ ਕਰੋੜੀ ਮਲ ਨੇ ਆ ਕੇ ਖ਼ੁਦ ਦਰਸ਼ਨ ਕੀਤੇ। ਉਸ ਨੂੰ ਭਰੋਸਾ ਬੱਝ ਗਿਆ। ਸਤਿਗੁਰੂ ਜੀ ਤੋਂ ਉਸ ਨੇ ਆਪਣੀ ਮੰਦ-ਚਿਤਵਨੀ ਦੀ ਭੁੱਲ ਬਖ਼ਸ਼ਾਈ ਅਤੇ ਪਿੰਡ ਵਸਾਣ ਦੀ ਕੋਸ਼ਿਸ਼ ਸ਼ੁਰੂ ਕੀਤੀ। ਪਿੰਡ ਦਾ ਪੱਟਾ ਲਿਖਾ ਕੇ ਉਸ ਨੇ ਆਪ ਸੂਬੇ ਤੋਂ ਤਸਦੀਕ ਕਰਾ ਲਿਆਂਦਾ ਅਤੇ ਛੇਤੀ ਵੱਸੋਂ ਕਰਾਉਣ ਲਈ ਜੋ ਕੁਝ ਉਹ ਕਰ ਸਕਦਾ ਸੀ, ਕਰਨ ਲੱਗ ਪਿਆ।

## ਬਾਬਾ ਕਾਲੂ ਜੀ ਕਰਤਾਰਪੁਰੇ

ਜਦੋਂ ਕਰਤਾਰਪੁਰ ਵਿਚ ਕੋਠੇ ਤਿਆਰ ਹੋ ਗਏ, ਧਰਮਸਾਲ ਬਣ ਗਈ, ਤਾਂ ਸਤਿਗੁਰੂ ਜੀ ਨੇ ਆਪਣੇ ਮਾਤਾ ਪਿਤਾ ਨੂੰ ਇੱਥੇ ਲਿਆਉਣ ਦਾ ਪਰਬੰਧ ਕੀਤਾ। ਭਾਈ ਮਰਦਾਨਾ ਭੀ ਆਪਣੇ ਸਾਰੇ ਪਰਵਾਰ ਨੂੰ ਕਰਤਾਰਪੁਰ ਲੈ ਆਇਆ।

ਦੋਵੇਂ ਵੇਲੇ ਕੀਰਤਨ ਸਤਸੰਗ ਦਾ ਪਰਚਾ ਬਣ ਗਿਆ। ਜ਼ਮੀਨ ਦੀ ਵਾਹੀ ਸਤਿਗੁਰੂ ਜੀ ਆਪ ਕਰਾਣ ਲੱਗ ਪਏ, ਜਿਸ ਨਾਲ ਆਏ ਸਤਸੰਗੀਆਂ ਤੇ ਹੋਰ ਰਾਹੀ ਮੁਸਾਫ਼ਰਾਂ ਦੀ ਸੇਵਾ ਦਾ ਕੰਮ ਜਾਰੀ ਹੋ ਗਿਆ।

SIKHBOOKCLUB.COM

## ਪਹਿਲੀ ਉਦਾਸੀ ਸਮੇ ਦੇ ਸਫ਼ਰ ਦਾ ਤਰੀਕ-ਵਾਰ ਬਿਉਰਾ

ਮੁਲਤਾਨਪੁਰੋਂ ਚੱਲੇ—੧ ਅੱਸੂ ਸੰਮਤ ੧੫੬੪ (੩੦ ਅਗਸਤ ੧੫੦੭), ਤਦੋਂ ਸਰਾਧ ਉਤਰੇ ਹੀ ਸਨ।

ਤਲਵੰਡੀ— ਤਕਰੀਬਨ ੭ ਅੱਸੂ ਸੰਮਤ ੧੫੬੪ (੫ ਸਤੰਬਰ ੧੫੦੭), ਸਰਾਧਾਂ ਵਿਚ ਹੀ।

ਸੈਦਪੁਰ— ਤਕਰੀਬਨ ੧੨ ਅੱਸੂ ਸੰਮਤ ੧੫੬੪ (੧੦ ਸਤੰਬਰ ੧੫੦੭),ਅਜੇ ਸਰਾਧਾਂ ਦੇ ਦਿਨ ਹੀ ਸਨ।

ਹਰਿਦੁਆਰ— ਵੈਸਾਖੀ ਸੰਮਤ ੧੫੬੫ (ਤਕਰੀਬਨ ੨੮ ਮਾਰਚ ੧੫੦੮)।

ਨਾਨਕਮਤਾ— ਹਾੜ-ਸਾਵਣ ਸੰਮਤ ੧੫੬੫ (ਜੂਨ-ਜੁਲਾਈ ੧੫੦੮) (ਰੇਠਿਆਂ ਨੂੰ ਫਲ ਪਏ ਹੋਏ ਸਨ)।

ਅਜੁੱਧਿਆ— ਦੀਵਾਲੀ, ਕੱਤਕ ਦੀ ਮੱਸਿਆ, ਸੰਮਤ ੧੫੬੫ (੧੯ ਅਕਤੂਬਰ ੧੫੦੮)।

ਪ੍ਰਯਾਗ— ੧ ਮਾਘ ਸੰਮਤ ੧੫੬੫ (ਤਕਰੀਬਨ ੨੭ ਦਸੰਬਰ ੧੫੦੮)।

ਬਨਾਰਸ— ਸ਼ਿਵਰਾਤ੍ਰੀ ਸਮੇ, ਫੱਗਣ ਵਦੀ ੧੪, ਸੰਮਤ ੧੫੬੫ (ਤਕਰੀਬਨ ੧੯ ਫ਼ਰਵਰੀ ੧੫੦੯)।

ਗਇਆ— ੧ ਵੈਸਾਖ, ਚੇਤ ਸੁਦੀ ੭, ਸੰਮਤ ੧੫੬੬ (੨੭ ਮਾਰਚ ੧੫੦੯ ਮੰਗਲਵਾਰ)।

ਗੋਹਾਟੀ— ਦੀਵਾਲੀ, ਕੱਤਕ ਦੀ ਮੱਸਿਆ, ਸੰਮਤ ੧੫੬੬ (੨੩ ਅਕਤੂਬਰ ੧੫੦੯)।

ਮੇਦਨੀਪੁਰ (ਬੰਗਾਲ)—ਦੁਰਗਾ ਅਸ਼ਟਮੀ ਸਮੇ, ਸੰਮਤ ੧੫੬੭।

ਜਗਨਨਾਥ ਪੁਰੀ— ਹਾੜ ਸੁਦੀ ਦੂਜ, ਸੰਮਤ ੧੫੬੭ (ਤਕਰੀਬਨ ੭ ਜੂਨ ੧੫੧੦)।

ਕੁੜਾਪਾ— ਦੀਵਾਲੀ, ਕੱਤਕ ਦੀ ਮੱਸਿਆ, ਸੰਮਤ ੧੫੬੭ (੧੦ ਅਕਤੂਬਰ ੧੫੧੦)।

ਰਾਮੇਸ਼੍ਵਰ— ਚੇਤ ਸੁਦੀ ੫, ੭ ਚੇਤ, ਸੰਮਤ ੧੫੬੮ (੫ ਮਾਰਚ ੧੫੧੧)।

ਸਿੰਘਲਾਦੀਪ ਵਿਚ—ਮਾਰਚ ਸੰਨ ੧੫੧੧ ਤੋਂ ਅਪ੍ਰੈਲ ੧੫੧੨ ਤਕ (ਦੋ ਵੈਸਾਖੀਆਂ ਇੱਥੇ)। ਉਥੋਂ ਜਹਾਜ਼ ਤੇ ਸਮੁੰਦਰ ਦੇ ਪੱਛਮੀ ਕੰਢੇ ਉਤੇ, ਕੋਚੀਨ।

ਮੰਦਰ ਅਮਰਨਾਥ ਜ਼ਿਲਾ ਥਾਨਾ—ਸ਼ਿਵਰਾਤ੍ਰੀ, ਫੱਗਣ ਵਦੀ ੧੪, ਸੰਮਤ ੧੫੭੦ (੨੫ ਫ਼ਰਵਰੀ ੧੫੧੪)।

ਨਾਸਿਕ— ਵੈਸਾਖੀ, ਸੰਮਤ ੧੫੭੧ (੨੮ ਮਾਰਚ ੧੫੧੪)।

ਪਾਲੀਟਾਣਾ— ਭਾਦਰੋਂ ਵਦੀ ੧੨ ਤੋਂ ਭਾਦਰੋਂ ਸੁਦੀ ੪ ਤਕ, ਸੰਮਤ ੧੫੭੧ (ਅਗਸਤ ੧੫੧੪)।



WWW.SIKHBOOKCLUB.COM 

ਰਿਆਸਤ ਕੱਛ— ਦੀਵਾਲੀ, ਕੱਤਕ ਦੀ ਮੱਸਿਆ, ਸੰਮਤ ੧੫੭੧।

ਨਾਥ-ਦੁਆਰਾ— ਫੱਗਣ ਸੁਦੀ ੧੫, ਹੋਲੀ, ਸੰਮਤ ੧੫੭੧ (ਫ਼ਰਵਰੀ ੧੫੧੫)।

ਅਜਮੇਰ— ਚੇਤ ਸੁਦੀ ੧੨, ਸੰਮਤ ੧੫੭੨ (ਮਾਰਚ-ਅਪ੍ਰੈਲ ੧੫੧੫)।

ਪੁਸ਼ਕਰ— ਵੈਸਾਖੀ, ਚੇਤ ਸੁਦੀ ੧੪, ਸੰਮਤ ੧੫੭੨ (ਮਾਰਚ-ਅਪ੍ਰੈਲ ੧੫੧੫)।

ਗੋਕਲ ਮਥੁਰਾ— ਭਾਦਰੋਂ ਵਦੀ ੮, ਸੰਮਤ ੧੫੭੨ ਜਨਮ ਅਸ਼ਟਮੀ (੬ ਅਗਸਤ ੧੫੧੫)।

ਪਾਨੀਪਤ— ੩੦ ਅਗਸਤ ੧੫੧੫।

ਪਹੋਆ ਕੁਰਖੇਤਰ— ਅੱਸੂ ਵਦੀ ੧੪, ਸੰਮਤ ੧੫੭੨ (੧੩ ਸਤੰਬਰ ੧੫੧੫)।

ਸਰਸਾ— ਰੋਜ਼ਿਆਂ ਵਿਚ (ਅਕਤੂਬਰ-ਨਵੰਬਰ ੧੫੧੫)।

ਸੁਲਤਾਨਪੁਰ— ਨਵੰਬਰ ੧੫੧੫ ਦੇ ਅਖ਼ੀਰ ਵਿਚ।

SIKHBOOKCLUB.COM

ਤਲਵੰਡੀ— ਦਸੰਬਰ ੧੫੧੫।

ਪੱਖੋਕੇ ਰੰਧਾਵੇ— ਦਸੰਬਰ ੧੫੧੫ ਦੇ ਅਖ਼ੀਰ ਵਿਚ।



WWW.SIKHBOOKCLUB.COM 

੪

# ਦੂਜੀ ਉਦਾਸੀ

### ਕਰਤਾਰਪੁਰੇ

ਪਿੰਡ ਕਰਤਾਰਪੁਰ ਦਰਿਆ ਰਾਵੀ ਦੇ ਉੱਤਰੀ ਪਾਸੇ ਵਸਾਇਆ ਗਿਆ ਸੀ। ਦਰਿਆਵਾਂ ਦੇ ਦੋਹੀਂ ਪਾਸੀਂ ਕਾਹੀ ਪਿਲਛੀ ਕਾਨਿਆਂ ਦਾ ਖੇਲਾ ਆਮ ਤੌਰ ਤੇ ਦੋ ਦੋ ਤਿੰਨ ਤਿੰਨ ਮੀਲ ਚੌੜਾ ਦਰਿਆ ਦੇ ਨਾਲ ਨਾਲ ਹੋਇਆ ਕਰਦਾ ਹੈ। ਪਿੰਡ ਵਸਾਣ ਤੋਂ ਪਹਿਲਾਂ ਇਹ ਬੇਲਾ ਸਾਫ਼ ਕਰਾਣਾ, ਜ਼ਮੀਨ ਦੇ ਪਟੇ ਦੀ ਸਰਕਾਰੀ ਪਰਵਾਨਗੀ ਲੈਣੀ, ਕੋਠਿਆਂ ਵਾਸਤੇ, ਦਰਵਾਜ਼ੇ ਬਾਰੀਆਂ ਛੱਤਾਂ ਲਈ ਵਰਤੀ ਜਾਣ ਵਾਲੀ ਲੱਕੜੀ ਦਾ ਪਰਬੰਧ ਕਰਨਾ, ਫਿਰ ਉਸ ਲੱਕੜੀ ਤੋਂ ਦਰਵਾਜ਼ੇ ਬਾਰੀਆਂ ਤਿਆਰ ਕਰਾਣੇ, ਘਰਾਂ ਦੀ ਉਸਾਰੀ ਆਦਿਕ—ਇਨ੍ਹਾਂ ਸਾਰੇ ਕੰਮਾਂ ਦੇ ਕਰਨ ਵਿਚ ਕਈ ਮਹੀਨੇ ਲੱਗ ਜਾਣੇ ਕੁਦਰਤੀ ਗੱਲ ਹੈ।

ਮਾਘ ਸੰਮਤ ੧੫੭੨ ਦੇ ਅੱਧ (ਜਨਵਰੀ ਸੰਨ ੧੫੧੬) ਵਿਚ ਇਹ ਕੰਮ ਸ਼ੁਰੂ ਕੀਤਾ ਗਿਆ ਸੀ। ਜੂਨ ਦੇ ਅੱਧ ਵਿਚ ਵਰਖਾ ਰੁੱਤ ਸ਼ੁਰੂ ਹੋ ਜਾਂਦੀ ਹੈ। ਉਨ੍ਹਾਂ ਦਿਨਾਂ ਤੋਂ ਪਹਿਲਾਂ ਪਹਿਲਾਂ ਹੀ ਮਕਾਨਾਂ ਦੀ ਉਸਾਰੀ ਆਦਿਕ ਦਾ ਕੰਮ ਠੀਕ ਤਰ੍ਹਾਂ ਸਿਰੇ ਚੜ੍ਹਦਾ ਹੈ। ਦਰਿਆਵਾਂ ਦੇ ਕੰਢੇ ਤਾਂ ਵਰਖਾ ਰੁੱਤੇ ਹੜ੍ਹ ਭੀ ਆ ਜਾਂਦੇ ਹਨ, ਜੋ ਇਸ ਕੰਮ ਵਿਚ ਬਹੁਤ ਰੋਕ ਪਾ ਦੇਂਦੇ ਹਨ। ਸਾਵਣ ਭਾਦਰੋਂ ਦੇ ਦੋ ਮਹੀਨੇ ਇਹ ਕੰਮ ਬੰਦ ਹੀ ਕਰਨੇ ਪੈਂਦੇ ਹਨ।

ਅਸੀ ਗੁਰੂ ਨਾਨਕ ਦੇਵ ਜੀ ਦੀ ਪਹਿਲੀ 'ਉਦਾਸੀ' ਦਾ ਹਾਲ ਲਿਖਦੇ-ਪੜ੍ਹਦੇ ਇਹ ਵੇਖ ਆਏ ਹਾਂ ਕਿ ਸਤਿਗੁਰੂ ਜੀ ਪਰਸਿੱਧ ਨਗਰਾਂ ਸ਼ਹਿਰਾਂ ਵਿਚ ਪੁਰਬਾਂ ਦੇ ਮੌਕੇ ਤੇ ਪਹੁੰਚਦੇ ਸਨ, ਜਦੋਂ ਸ਼ਰਧਾਲੂ ਲੋਕ ਤੀਰਥਾਂ ਤੇ ਜਾ ਕੇ ਆਪਣੀ ਸ਼ਰਧਾ ਅਨੁਸਾਰ ਦਾਨ-ਪੁੰਨ ਆਦਿਕ ਧਾਰਮਿਕ ਕਰਮ ਕਰਦੇ ਹਨ।



WWW.SIKHBOOKCLUB.COM 

ਭਾਦਰੋਂ ਸੁਦੀ ੧੫ ਨੂੰ ਸਰਾਧ ਸ਼ੁਰੂ ਹੁੰਦੇ ਹਨ। ਪੰਦਰ੍ਹਾਂ ਦਿਨ ਸਰਾਧ ਰਹਿੰਦੇ ਹਨ। ਫਿਰ ਨਰਾਤੇ ਸ਼ੁਰੂ ਹੋ ਜਾਂਦੇ ਹਨ। ਗੁਰੂ ਨਾਨਕ ਦੇਵ ਜੀ ਨੇ ਵੇਖਿਆ ਕਿ ਉਸ ਇਲਾਕੇ ਦੇ ਹਿੰਦੂ ਲੋਕ ਨਰਾਤਿਆਂ[1] ਦੇ ਦਿਨੀਂ ਭਾਰੀ ਗਿਣਤੀ ਵਿਚ ਵੈਸ਼ਨੋ ਦੇਵੀ ਦੇ ਮੰਦਰ ਦਾ ਦਰਸ਼ਨ ਕਰਨ ਚੱਲ ਪੈਂਦੇ ਹਨ।

ਵੈਸ਼ਨੋ ਦੇਵੀ ਦਾ ਮੰਦਰ ਜੰਮੂ ਤੋਂ ਪਰੇ ਹੈ। ਜੰਮੂ ਤੋਂ ਉੱਤਰ ਪੂਰਬ ਪਾਸੇ ਵੀਹ ਕੁ ਮੀਲਾਂ ਦੀ ਵਿੱਥ ਤੇ ਇਕ ਨਗਰ ਹੈ 'ਕਟੜਾ'। ਕਟੜਾ ਤੋਂ ਅਗਾਂਹ ਪਹਾੜ ਦੀ ਚੜ੍ਹਾਈ ਸ਼ੁਰੂ ਹੋ ਜਾਂਦੀ ਹੈ। ਇਹ ਚੜ੍ਹਾਈ ਪੰਜ ਮੀਲ ਹੈ। ਇਸ ਤੋਂ ਅਗਾਂਹ ਦੋ ਮੀਲ ਦੀ ਉਤਰਾਈ ਹੈ। ਤੇ ਉਥੇ ਮੰਦਰ ਹੈ ਵੈਸ਼ਨੋ ਦੇਵੀ ਦਾ।

ਜ਼ਿਲਾ ਸਿਆਲਕੋਟ ਗੁਰਦਾਸਪੁਰ ਦੇ ਅਤੇ ਰਿਆਸਤ ਜੰਮੂ ਦੇ ਬਹੁਤ ਹਿੰਦੂ-ਲੋਕ ਵੈਸ਼ਨੋ ਦੇਵੀ (ਵੈਸ਼ਨਵੀ ਦੇਵੀ) ਦੇ ਉਪਾਸ਼ਕ ਸਨ।

ਜਦੋਂ ਸੰਨ ੧੫੧੬ ਦੇ ਅੱਸੂ ਦੇ ਨਰਾਤੇ ਆਏ ਤਦੋਂ ਗੁਰੂ ਨਾਨਕ ਦੇਵ ਜੀ ਅਜੇ ਕਰਤਾਰਪੁਰ ਵਸਾਣ ਅਤੇ ਆਪਣੇ ਮਾਪਿਆਂ ਨੂੰ ਤਲਵੰਡੀ ਤੋਂ ਕਰਤਾਰਪੁਰ ਲਿਆਉਣ ਦੇ ਆਹਰੇ ਰੁੱਝੇ ਹੋਏ ਸਨ।

## ਉਦਾਸੀ ਸ਼ੁਰੂ

SIKHBOOKCLUB.COM

ਸੰਮਤ ੧੫੭੪ (ਸੰਨ ੧੫੧੭) ਦੇ ਸਰਾਧ (ਭਾਦਰੋਂ ਸੁਦੀ ੧੫) ੬ ਸਤੰਬਰ ਨੂੰ ਸ਼ੁਰੂ ਹੋਏ ਅਤੇ ੨੧ ਸਤੰਬਰ ਨੂੰ ਖ਼ਤਮ ਹੋਏ (ਅੱਸੂ ਦੀ ਮੱਸਿਆ ਨੂੰ)। ਇਸ ਤੋਂ ਅਗਲੇ ਦਿਨ (ਅੱਸੂ ਸੁਦੀ ਪਹਿਲੀ ਨੂੰ) ਨਰਾਤੇ ਸ਼ੁਰੂ ਹੋਏ, ਜਦੋਂ ਵੈਸ਼ਨੋ ਦੇਵੀ ਦੇ ਉਪਾਸ਼ਕ ਦੇਵੀ ਦੇ ਦਰਸ਼ਨ ਨੂੰ ਜਾਣਾ ਸ਼ੁਰੂ ਕਰਦੇ ਹਨ।

ਜਿਵੇਂ ਪਹਿਲੀ 'ਉਦਾਸੀ' ਸਮੇਂ ਗੁਰੂ ਨਾਨਕ ਦੇਵ ਜੀ ਪੁਰਬਾਂ ਸਮੇਂ ਹਿੰਦੂ ਤੀਰਥਾਂ ਉੱਤੇ ਇਕੱਠੇ ਹੋਏ ਯਾਤਰੂਆਂ ਨੂੰ ਪਰਮਾਤਮਾ ਦੀ ਭਗਤੀ ਵਲ ਪ੍ਰੇਰ ਕੇ ਆਤਮਕ ਜੀਵਨ ਦਾ ਸਹੀ ਰਸਤਾ ਵਿਖਾਣ ਦੇ ਯਤਨ ਕਰਦੇ ਰਹੇ ਸਨ, ਤਿਵੇਂ ਉਨ੍ਹਾਂ ਫ਼ੈਸਲਾ ਕੀਤਾ ਕਿ ਵੈਸ਼ਨੋ ਦੇਵੀ ਦੇ ਦਰਸ਼ਨ ਨੂੰ ਜਾ ਰਹੇ ਸ਼ਰਧਾਲੂਆਂ

੧. ਨਰਾਤੇ (ਨੌ-ਰਾਤੇ) ਸਾਲ ਵਿਚ ਦੋ ਵਾਰੀ ਆਉਂਦੇ ਹਨ—ਚੇਤ ਸੁਦੀ ੧ ਤੋਂ ਚੇਤ ਸੁਦੀ ੯ ਤਕ, ਫਿਰ ਅੱਸੂ ਸੁਦੀ ੧ ਤੋਂ ਅੱਸੂ ਸੁਦੀ ੯ ਤਕ। ਦੁਰਗਾ ਦੇ ਉਪਾਸ਼ਕ ਇਨ੍ਹਾਂ ਨਰਾਤਿਆਂ ਵਿਚ ਦੁਰਗਾ ਦੀ ਪੂਜਾ ਕਰਦੇ ਹਨ। ਅਖ਼ੀਰਲੇ ਨਰਾਤੇ ੯ ਕੁਆਰੀਆਂ ਕੁੜੀਆਂ ਨੂੰ ਆਪਣੇ ਘਰ ਸੱਦ ਕੇ ਉਨ੍ਹਾਂ ਨੂੰ ਭੋਜਨ ਕਰਾਂਦੇ ਹਨ। ਵੈਸ਼ਨੋ ਦੇਵੀ ਦੇ ਉਪਾਸ਼ਕ ਅੱਸੂ ਦੇ ਨਰਾਤਿਆਂ ਵਿਚ ਦੇਵੀ ਦੇ ਦਰਸ਼ਨ ਕਰਨ ਜਾਂਦੇ ਹਨ।

ਨੂੰ ਭੀ ਪਰਮਾਤਮਾ ਦੀ ਭਗਤੀ ਦੇ ਰਾਹ ਉੱਤੇ ਤੋਰਨ ਦਾ ਯਤਨ ਕਰਨਾ ਹੈ। ਸਤਿਗੁਰੂ ਜੀ ਭੀ ਭਾਈ ਮਰਦਾਨੇ ਨੂੰ ਨਾਲ ਲੈ ਕੇ ਵੈਸ਼ਨੋ ਦੇਵੀ ਦੇ ਪਹਾੜ ਵਲ ਚੱਲ ਪਏ। ੨੨ ਸਤੰਬਰ ੧੫੧੭ ਦੇ ਨੇੜੇ ਤੇੜੇ ਦਾ ਦਿਨ ਸੀ। (ਤਕਰੀਬਨ ੨੬ ਅੱਸੂ, ਸੰਮਤ ੧੫੭੪)।

## ਸਿਆਲਕੋਟ

ਸ਼ਹਿਰ ਸਿਆਲਕੋਟ ਕਰਤਾਰਪੁਰ ਤੋਂ ੫੦ ਮੀਲ ਉੱਤਰ ਪਾਸੇ ਹੈ। ਪਹਾੜੀ ਨਦੀ ਐਕ ਇਸ ਸ਼ਹਿਰ ਦੇ ਦੱਖਣ ਪਾਸੇ ਦੇ ਨਾਲ ਨਾਲ ਲੰਘਦੀ ਹੈ।

ਗੁਰੂ ਨਾਨਕ ਦੇਵ ਜੀ ਭਾਈ ਮਰਦਾਨੇ ਸਮੇਤ ਇਸ ਐਕ ਨਦੀ ਤੋਂ ਉਰੇ ਹੀ ਦੱਖਣ ਵਲ ਅੱਧ ਕੁ ਮੀਲ ਤੇ ਇਕ ਬੇਰੀ ਦੇ ਰੁੱਖ ਪਾਸ ਠਹਿਰ ਗਏ। ਉਹਨੀਂ ਦਿਨੀਂ ਸਿਆਲਕੋਟ ਸ਼ਹਿਰ ਦੇ ਵਸਨੀਕ ਇਕ ਅਜੀਬ ਘਬਰਾਹਟ ਵਿਚ ਫਸੇ ਹੋਏ ਸਨ। ਦੁਖੀਆਂ ਦਾ ਦਰਦ ਵੰਡਣ ਆਇਆ ਗੁਰੂ ਨਾਨਕ ਪਾਤਿਸ਼ਾਹ ਸਿਆਲਕੋਟ ਨਿਵਾਸੀਆਂ ਦੀ ਇਹ ਘਬਰਾਹਟ ਦੂਰ ਕਰਨ ਤੋਂ ਬਿਨਾ ਅਗਾਂਹ ਨਹੀਂ ਜਾ ਸਕਦਾ ਸੀ।

ਜਦੋਂ ਹਿੰਦੁਸਤਾਨ ਵਿਚ ਪਠਾਣ ਮੁਸਲਮਾਨਾਂ ਨੇ ਆਪਣਾ ਰਾਜ ਕਾਇਮ ਕਰ ਲਿਆ, ਤਾਂ ਅਰਬ ਈਰਾਨ ਵਲ ਦੇ ਕਈ ਮੁਸਲਮਾਨ ਪੀਰ ਫ਼ਕੀਰ ਇਸਲਾਮ ਦਾ ਪਰਚਾਰ ਕਰਨ ਵਾਸਤੇ ਹਿੰਦੁਸਤਾਨ ਵਿਚ ਆ ਗਏ। ਹਿੰਦੁਸਤਾਨ ਦੇ ਵੱਖ ਵੱਖ ਪਰਸਿੱਧ ਸ਼ਹਿਰਾਂ ਵਿਚ ਉਨ੍ਹਾਂ ਪੀਰਾਂ ਨੇ ਆਪਣੇ ਟਿਕਾਣੇ ਬਣਾ ਲਏ। ਸਿਆਲਕੋਟ ਸ਼ਹਿਰ ਵਿਚ ਇਕ ਪੀਰ ਹਮਜ਼ਾ ਗੌਂਸ ਨੇ ਆ ਡੇਰਾ ਲਾਇਆ। ਸ਼ਹਿਰ ਤੋਂ ਉਰੇ ਦੱਖਣ ਵਲ ਨਦੀ ਐਕ ਤੋਂ ਉਰਲੇ ਦੱਖਣ ਪਾਸੇ ਪੌਣੇ ਕੁ ਮੀਲ 'ਤੇ। ਸਹਿਜੇ ਸਹਿਜੇ ਇਸ ਦੀ ਮਾਨਤਾ ਬਹੁਤ ਵਧ ਗਈ।

ਸਿੱਖ-ਇਤਿਹਾਸ ਵਿਚ ਜ਼ਿਕਰ ਆਉਂਦਾ ਹੈ ਕਿ ਇਕ ਹਿੰਦੂ ਦੇ ਘਰ ਕੋਈ ਸੰਤਾਨ ਨਹੀਂ ਸੀ। ਉਸ ਨੇ-ਪੀਰ ਹਮਜ਼ਾ ਗੌਂਸ ਪਾਸ ਅਰਜ਼ ਕੀਤੀ ਕਿ ਤੁਹਾਡੀ ਦੁਆ ਨਾਲ ਜੇ ਮੇਰੀ ਕੁਲ ਚੱਲ ਪਏ ਤਾਂ ਮੈਂ ਆਪਣਾ ਪਹਿਲਾ ਪੁੱਤਰ ਤੁਹਾਡੇ ਦਰ ਤੇ ਹਾਜ਼ਰ ਕਰਾਂਗਾ। ਕੁਦਰਤ ਪਰਮਾਤਮਾ ਦੀ! ਉਸ ਹਿੰਦੂ ਦੇ ਘਰ ਪੁੱਤਰ ਜੰਮ ਪਿਆ। ਪਰ ਪੁੱਤਰ ਦਾ ਮੋਹ ਬੜਾ ਡਾਢਾ ਹੈ। ਉਹ ਮਨੁੱਖ ਪੀਰ ਨਾਲ ਕੀਤਾ ਇਕਰਾਰ ਪੂਰਾ ਕਰਨ ਤੋਂ ਖਿਸਕਣ ਲੱਗ ਪਿਆ। ਪੀਰ ਨੂੰ ਬੜਾ ਗੁੱਸਾ ਆਇਆ। ਉਸ ਗੁੱਸੇ ਵਿਚ ਉਸ ਦਾ ਇਹ ਖ਼ਿਆਲ ਬਣ

ਗਿਆ ਕਿ ਇਹ ਸਾਰਾ ਹੀ ਸ਼ਹਿਰ ਝੂਠਿਆਂ ਦਾ ਹੈ, ਤੇ ਇਸ ਸਾਰੇ ਹੀ ਸ਼ਹਿਰ ਨੂੰ ਗ਼ਰਕ ਕਰ ਦੇਣਾ ਚਾਹੀਦਾ ਹੈ। ਹਮਜ਼ਾ ਗੌਂਸ ਨੇ ਇਕ ਗੁੰਬਜ਼ ਤਿਆਰ ਕਰਾਇਆ। ਸਾਰੇ ਸਿਆਲਕੋਟ ਸ਼ਹਿਰ ਨੂੰ ਗ਼ਰਕ ਕਰਨ ਲਈ ਚਾਲੀ ਦਿਨ ਵਰਤ ਰੱਖਣ ਵਾਸਤੇ ਉਹ ਉਸ ਗੁੰਬਜ਼ ਵਿਚ ਬੈਠ ਗਿਆ। ਸਾਰੇ ਸ਼ਹਿਰ ਵਿਚ ਘਬਰਾਹਟ-ਭਰੀ ਖ਼ਬਰ ਤੁਰਤ ਖਿੱਲਰ ਗਈ। ਕੋਈ ਆਦਮੀ ਉਸ ਗੁੰਬਜ਼ ਤਕ ਅੱਪੜਨ ਦੀ ਦਲੇਰੀ ਨਹੀਂ ਸੀ ਕਰ ਸਕਦਾ। ਪੀਰ ਦੇ ਮੁਰੀਦ ਭੀ ਕਿਸੇ ਨੂੰ ਨੇੜੇ ਢੁੱਕਣ ਦੀ ਆਗਿਆ ਨਹੀਂ ਦੇਂਦੇ ਸਨ।

ਇਹ ਦਿਨ ਸਨ, ਜਦੋਂ ਗੁਰੂ ਨਾਨਕ ਦੇਵ ਜੀ ਭਾਈ ਮਰਦਾਨੇ ਸਮੇਤ ਉਸ ਗੁੰਬਜ਼ ਦੇ ਨੇੜੇ ਇਕ ਬੇਰੀ ਦੇ ਰੁੱਖ ਹੇਠ ਆ ਉਤਰੇ। ਲੋਕਾਂ ਦੀ ਹਾਹਾਕਾਰ ਸੁਣ ਕੇ ਸਤਿਗੁਰੂ ਜੀ ਉਸ ਗੁੰਬਜ਼ ਦੇ ਕੋਲ ਗਏ। ਭਾਈ ਮਰਦਾਨਾ ਭੀ ਨਾਲ ਹੀ। ਮੁਰੀਦਾਂ ਨੂੰ ਇਹ ਹਿੰਮਤ ਨਾ ਪਈ ਕਿ ਉਸ ਨਿਡਰ ਮਹਾਂ ਪੁਰਖ ਨੂੰ ਗੁੰਬਜ਼ ਦੇ ਨੇੜੇ ਆਉਣ ਤੋਂ ਰੋਕਣ। ਭਾਈ ਮਰਦਾਨੇ ਦੀ ਵੱਜਦੀ ਰਬਾਬ ਨਾਲ ਜਦੋਂ ਗੁਰੂ ਨਾਨਕ ਦੇਵ ਜੀ ਨੇ ਰੱਬੀ ਸਿਫ਼ਤ-ਸਲਾਹ ਵਿਚ ਸ਼ਬਦ ਗਾਣਾ ਸ਼ੁਰੂ ਕੀਤਾ, ਤਾਂ ਪੀਰ ਹਮਜ਼ਾ ਗੌਂਸ ਦਾ ਆਸਣ ਡੋਲ ਗਿਆ। ਅੱਭੜਵਾਹੇ ਗੁੰਬਜ਼ ਵਿਚੋਂ ਬਾਹਰ ਨਿਕਲਿਆ। ਕ੍ਰੋਧ ਨਾਲ ਪੱਥਰ ਹੋਇਆ ਉਸ ਦਾ ਦਿਲ ਕੀਰਤਨ ਦੀ ਬਰਕਤ ਨਾਲ ਨਰਮ ਹੋਣਾ ਸ਼ੁਰੂ ਹੋਇਆ। ਸਤਿਗੁਰੂ ਜੀ ਨੇ ਉਸ ਨੂੰ ਸਮਝਾਇਆ ਕਿ ਕਿਸੇ ਇੱਕ ਦੀ ਕਿਸੇ ਗ਼ਲਤੀ ਦੇ ਇਵਜ਼ ਪ੍ਰਭੂ ਪਿਤਾ ਦੇ ਅਨੇਕਾਂ ਬੱਚਿਆਂ ਦੀ ਤਬਾਹੀ ਕੀਤਿਆਂ ਪਿਤਾ ਖ਼ੁਸ਼ ਨਹੀਂ ਹੋ ਸਕਦਾ।

ਸਿੱਖ-ਇਤਿਹਾਸ ਲਿਖਦਾ ਹੈ ਕਿ ਪੀਰ ਹਮਜ਼ਾ ਗੌਂਸ ਦੀ ਇਹ ਤਸੱਲੀ ਕਰਨ ਲਈ ਕਿ ਸਾਰਾ ਸ਼ਹਿਰ ਝੂਠਿਆਂ ਦਾ ਨਹੀਂ ਹੈ, ਸਤਿਗੁਰੂ ਜੀ ਨੇ ਭਾਈ ਮਰਦਾਨੇ ਨੂੰ ਦੋ ਪੈਸੇ ਦੇ ਕੇ ਭੇਜਿਆ ਕਿ ਸ਼ਹਿਰ ਵਿਚੋਂ ਇਕ ਪੈਸੇ ਦਾ ਸੱਚ ਅਤੇ ਇਕ ਪੈਸੇ ਦਾ ਝੂਠ ਖ਼ਰੀਦ ਲਿਆਵੇ। ਕਈ ਦੁਕਾਨਾਂ ਤੋਂ ਪੁੱਛਦਾ ਭਾਈ ਮਰਦਾਨਾ ਇਕ ਮੂਲਾ ਨਾਮੀ ਦੁਕਾਨਦਾਰ ਕੋਲ ਪਹੁੰਚਿਆ। ਮੂਲੇ ਨੇ ਭਾਈ ਮਰਦਾਨੇ ਨੂੰ ਇਕ ਕਾਗ਼ਜ਼ ਉੱਤੇ ਲਿਖ ਦਿਤਾ—ਮਰਨਾ ਸੱਚ, ਜੀਊਣਾ ਝੂਠ।

ਸਤਿਗੁਰੂ ਜੀ ਦੀ ਸਿਖਿਆ ਦੀ ਬਰਕਤ ਨਾਲ ਪੀਰ ਹਮਜ਼ਾ ਗੌਂਸ ਦੀ ਅਕਲ ਟਿਕਾਣੇ ਆਈ, ਤੇ ਉਸ ਨੇ ਸ਼ਹਿਰ ਨੂੰ ਗ਼ਰਕ ਕਰਨੇ ਵਾਲਾ ਉਹ ਕਹਿਰ ਕਰਨ ਤੋਂ ਤੌਬਾ ਕੀਤੀ।

ਜਿਸ ਬੇਰੀ ਦੇ ਹੇਠ ਗੁਰੂ ਨਾਨਕ ਦੇਵ ਜੀ ਜਾ ਕੇ ਬੈਠੇ ਸਨ, ਉਥੇ ਇਕ



WWW.SIKHBOOKCLUB.COM 

ਸੁੰਦਰ ਗੁਰਦੁਆਰਾ ਬਣਿਆ ਹੋਇਆ ਹੈ। ਸ਼ਹਿਰ ਸਿਆਲਕੋਟ ਦੇ ਧਾਰੋਵਾਲ ਮਹੱਲੇ ਦੇ ਵਸਨੀਕ ਸਰਦਾਰ ਨੱਥਾ ਸਿੰਘ ਨੇ ਇਹ ਗੁਰਦੁਆਰਾ ਬਣਵਾਇਆ ਸੀ। ਸਰਦਾਰ ਨੱਥਾ ਸਿੰਘ ਸ਼ਹੀਦਾਂ ਦੀ ਮਿਸਲ ਦੇ ਸਿਰਕੱਢ ਆਗੂਆਂ ਵਿਚੋਂ ਸੀ।

ਮੂਲਾ ਗੁਰੂ ਨਾਨਕ ਦੇਵ ਜੀ ਦਾ ਸ਼ਰਧਾਲੂ ਬਣਿਆ। ਉਸ ਦੇ ਘਰ ਵਿਚ ਭੀ ਸਤਿਗੁਰੂ ਜੀ ਦੀ ਯਾਦ ਅੰਦਰ ਗੁਰਦੁਆਰਾ ਹੈ 'ਬਾਉਲੀ ਸਾਹਿਬ'।

## ਜੰਮੂ ਨੂੰ

ਪੀਰ ਹਮਜ਼ਾ ਗੌਸ ਦੇ ਮਨ ਵਿਚ ਗੁਰੂ ਨਾਨਕ ਦੇਵ ਜੀ ਦੀ ਕਿਰਪਾ ਨਾਲ ਸ਼ਾਂਤੀ ਵਰਤੀ। ਸ਼ਹਿਰ-ਨਿਵਾਸੀਆਂ ਨੂੰ ਸੁਖ ਦਾ ਸਾਹ ਆਇਆ।

ਜ਼ਿਲਾ ਸਿਆਲਕੋਟ ਅਤੇ ਗੁਰਦਾਸਪੁਰ ਦੇ ਇਲਾਕੇ ਦੇ ਹਿੰਦੂ-ਲੋਕ ਵੈਸ਼ਨੋ ਦੇਵੀ ਦੇ ਦਰਸ਼ਨ ਵਾਸਤੇ 'ਸੰਗ' ਬਣਾ ਕੇ ਅਜੇ ਜਾ ਰਹੇ ਸਨ। ਗੁਰੂ ਨਾਨਕ ਦੇਵ ਜੀ ਭਾਈ ਮਰਦਾਨੇ ਨਾਲ ਸਿਆਲਕੋਟ ਸ਼ਹਿਰ ਤੋਂ ਅਗਾਂਹ ਜੰਮੂ ਨੂੰ ਚੱਲ ਪਏ। ਜੰਮੂ ਸਿਆਲਕੋਟ ਤੋਂ ੨੫ ਮੀਲ ਉੱਤਰ ਪਾਸੇ ਹੈ। ਇਸ ਸ਼ਹਿਰ ਦੇ ਚੜ੍ਹਦੇ ਦੱਖਣ ਅਤੇ ਲਹਿੰਦੇ ਦੀ ਬਾਹੀ ਦੇ ਨਾਲ ਨਾਲ ਇਕ ਪਹਾੜੀ ਨਦੀ ਵਗਦੀ ਹੈ, ਜਿਸ ਦਾ ਪਰਸਿੱਧ ਨਾਮ 'ਤਵੀ' ਹੈ। ਵਰਖਾ ਰੁੱਤੇ ਤਾਂ ਇਸ ਦਾ ਪਾਣੀ ਬਹੁਤ ਠਾਠਾਂ ਮਾਰਦਾ ਹੈ, ਪਰ ਵਰਖਾ ਰੁੱਤ ਲੰਘ ਜਾਣ ਤੇ ਜਦੋਂ ਅੱਸੂ ਦੇ ਨਰਾਤਿਆਂ ਦੇ ਦਿਨ ਆ ਜਾਂਦੇ ਹਨ, ਤਦੋਂ ਨਦੀ ਦਾ ਪਾਣੀ ਬਹੁਤ ਘਟ ਜਾਂਦਾ ਹੈ, ਲੋਕ ਬੜੇ ਸੌਖ ਨਾਲ ਨਦੀ ਵਿਚੋਂ ਦੀ ਲੰਘ ਕੇ ਨਦੀ ਪਾਰ ਕਰ ਲੈਂਦੇ ਹਨ।

ਜੰਮੂ ਸ਼ਹਿਰ ਸਾਰੇ ਦਾ ਸਾਰਾ ਇਕ ਉੱਚੀ ਪਹਾੜੀ ਉਤੇ ਬਣਿਆ ਹੋਇਆ ਹੈ। ਸਿਆਲਕੋਟ ਵਾਲੇ ਪਾਸੇ ਤੋਂ ਆਉਂਦਿਆਂ 'ਤਵੀ' ਲੰਘ ਕੇ ਪਹਾੜੀ ਸ਼ੁਰੂ ਹੋ ਜਾਂਦੀ ਹੈ। ਪਹਿਲਾਂ ਸਾਮ੍ਹਣੇ ਹੀ ਆਉਂਦਾ ਹੈ 'ਗੁਮਟ ਦਰਵਾਜ਼ਾ'। ਇਸ ਦਰਵਾਜ਼ੇ ਤੋਂ ਲੰਘ ਕੇ ਦੋ ਕੁ ਫ਼ਰਲਾਂਗਾਂ ਤੇ ਹੈ ਇਸ ਸ਼ਹਿਰ ਦਾ ਮਸ਼ਹੂਰ 'ਰਘੁਨਾਥ ਮੰਦਰ'। ਇਸ ਵਿਚ ਸ੍ਰੀ ਰਾਮਚੰਦਰ ਜੀ ਦੀ ਮੂਰਤੀ ਹੈ। ਹੋਰ ਭੀ ਅਨੇਕਾਂ ਮੂਰਤੀਆਂ ਹਨ। ਮੰਦਰ ਦਾ ਚੁਫੇਰਾ ਬਹੁਤ ਖੁਲ੍ਹਾ ਹੈ। ਵੈਸ਼ਨੋ ਦੇਵੀ ਦੇ ਦਰਸ਼ਨ ਨੂੰ ਜਾਣ ਵਾਲੇ ਯਾਤਰੂਆਂ ਦੀ ਰਿਹਾਇਸ਼ ਵਾਸਤੇ ਬਹੁਤ ਪਰਬੰਧ ਹੈ। ਯਾਤਰੂ ਲੋਕ ਇਸ ਮੰਦਰ ਵਿਚ ਹੀ ਆ ਕੇ ਉਤਰਦੇ ਹਨ। ਜੰਮੂ ਸ਼ਹਿਰ ਵਿਚ ਮੰਦਰ ਬਹੁਤ ਹਨ। ਸਭ ਤੋਂ ਵਧੀਕ ਪਰਸਿੱਧਤਾ 'ਰਘੁਨਾਥ ਮੰਦਰ' ਨੂੰ ਹੀ ਹਾਸਲ ਹੈ।



WWW.SIKHBOOKCLUB.COM 

ਪਰ ਗੁਰੂ ਨਾਨਕ ਦੇਵ ਜੀ ਦੇ ਇਥੇ ਆਉਣ ਦੀ ਯਾਦ ਵਿਚ ਕੋਈ ਗੁਰਦੁਆਰਾ ਬਣਾਉਣ ਦਾ ਉਪਰਾਲਾ ਕਿਸੇ ਨਹੀਂ ਕੀਤਾ।

## ਮੰਦਰ ਵੈਸ਼ਨੋ ਦੇਵੀ

ਸਤਿਗੁਰੂ ਜੀ ਯਾਤਰੂਆਂ ਨੂੰ ਮੂਰਤੀ-ਪੂਜਾ ਛੱਡ ਕੇ ਸਿਰਫ਼ ਪਰਮਾਤਮਾ ਦੀ ਭਗਤੀ ਕਰਨ ਦਾ ਉਪਦੇਸ਼ ਕਰਦੇ ਹੋਏ, ਜੰਮੂ ਤੋਂ ਅਗਾਂਹ ਵੈਸ਼ਨੋ ਦੇਵੀ ਦੇ ਭਵਨ ਵਲ ਚਲ ਪਏ, ਜਿਥੇ ਯਾਤਰੂਆਂ ਦੇ 'ਸੰਗ' ਜਾ ਰਹੇ ਸਨ।

ਨਿੱਤਰੀ ਹੋਈ ਰਾਤ ਦੇ ਪਿਛਲੇ ਪਹਿਰ ਸੂਰਜ ਦਾ ਚਾਨਣ ਹੋਣ ਤੋਂ ਪਹਿਲਾਂ ਜੇ ਰਾਵੀ ਦੇ ਕੋਲ ਦੇ ਇਲਾਕੇ ਵਿਚੋਂ ਦੀ ਉੱਤਰ ਪਾਸੇ ਪਹਾੜਾਂ ਨੂੰ ਰਤਾ ਧਿਆਨ ਨਾਲ ਵੇਖੀਏ, ਤਾਂ ਪਹਾੜ ਦੀ ਧਾਰਾ ਵਿਚ ਉੱਚੇ ਉੱਚੇ ਤਿੰਨ ਕਿੰਗਰੇ ਪਰਤੱਖ ਪਏ ਦਿੱਸਦੇ ਹਨ। ਇਨ੍ਹਾਂ ਵਿਚੋਂ ਵਿਚਕਾਰਲਾ ਕਿੰਗਰਾ ਹੈ ਜਿਸ ਦੇ ਹੇਠਲੇ ਪਹਾੜ ਵਿਚ ਵੈਸ਼ਨੋ ਦੇਵੀ ਦਾ ਮੰਦਰ ਹੈ।

ਦੇਵੀ ਦਾ ਮੰਦਰ ਪਹਾੜ ਦੀ ਗੁਫਾ ਵਿਚ ਹੈ, ਜਿਸ ਦਾ ਮੂੰਹ ਬਹੁਤ ਭੀੜਾ ਹੈ। ਗੁਫਾ ਵਿਚੋਂ ਦੀ ਪਹਾੜ ਦਾ ਪਾਣੀ ਆ ਰਿਹਾ ਹੈ। ਗੁਫਾ ਦੇ ਬਾਹਰਲੇ ਪਾਸੇ ਇਕ ਖੁੱਲ੍ਹੇ ਮੂੰਹ ਵਾਲਾ ਨਲ ਲਾਇਆ ਹੋਇਆ ਹੈ, ਜਿਸ ਦੇ ਵਿਚੋਂ ਦੀ ਉਹੀ ਪਾਣੀ ਨਿਕਲਦਾ ਹੈ। ਯਾਤਰੂ ਪਹਿਲਾਂ ਉਸ ਨਲ ਦੇ ਹੇਠਾਂ ਖਲੋ ਕੇ ਦੇਵੀ ਦੇ ਚਰਨਾਂ ਵਿਚੋਂ ਦੀ ਆ ਰਹੇ ਉਸ ਪਾਣੀ ਵਿਚ ਇਸ਼ਨਾਨ ਕਰਦਾ ਹੈ। ਉਨ੍ਹਾਂ ਗਿੱਲੇ ਕੱਪੜਿਆਂ ਸਮੇਤ ਹੀ ਫਿਰ ਉਹ ਗੁਫਾ ਦੇ ਭੀੜੇ ਮੂੰਹ ਵਿਚੋਂ ਦੀ ਲੰਘ ਕੇ ਦੇਵੀ ਦੇ ਦਰਸ਼ਨ ਨੂੰ ਜਾਂਦਾ ਹੈ। ਸਿੱਧਾ ਖਲੋ ਕੇ ਉਸ ਗੁਫਾ ਵਿਚੋਂ ਦੀ ਤੁਰਿਆ ਨਹੀਂ ਜਾ ਸਕਦਾ। ਖੱਬੇ ਹੱਥ ਪੱਧਰਾ ਜਿਹਾ ਲੰਮਾ ਪੱਥਰ ਹੈ, ਜਿਸ ਨੂੰ ਸ਼ਰਧਾਲੂ ਲੋਕ ਭੈਰੋਂ ਦਾ ਧੜ ਆਖਦੇ ਹਨ। ਇਸ ਪੱਥਰ ਦੇ ਨਾਲ ਨਾਲ ਲਿਫ਼ ਕੇ ਅਗਾਂਹ ਮੰਦਰ ਵਿਚ ਅਪੜੀਦਾ ਹੈ। ਵੈਸ਼ਨੋ ਦੇਵੀ ਨੇ ਇਥੇ ਅੱਪੜੇ ਭੈਰੋਂ ਦਾ ਸਿਰ ਕੱਟ ਦਿੱਤਾ ਸੀ। ਧੜ ਇਥੇ ਡਿੱਗ ਪਿਆ, ਤੇ, ਸਿਰ ਇਥੋਂ ਦੋ ਮੀਲਾਂ 'ਤੇ ਉਥੇ ਜਾ ਪਿਆ ਜਿਥੋਂ ਦੋ ਮੀਲ ਦੀ ਉਤਰਾਈ ਸ਼ੁਰੂ ਹੁੰਦੀ ਹੈ।

ਮੰਦਰ ਵਿਚ ਹਰ ਵੇਲੇ ਜੋਤਾਂ ਜਗਦੀਆਂ ਰਹਿੰਦੀਆਂ ਹਨ। ਦੇਵੀ ਦੀ ਮੂਰਤੀ ਅੱਗੇ ਆਪਣੇ ਵਿਤ ਅਨੁਸਾਰ ਮਾਇਆ ਦੀ ਭੇਟ ਰੱਖ ਕੇ ਮੱਥਾ ਟੇਕ ਕੇ ਯਾਤਰੂ ਉਸੇ ਰਸਤੇ ਵਾਪਸ ਬਾਹਰ ਆ ਜਾਂਦਾ ਹੈ।



WWW.SIKHBOOKCLUB.COM 

**ਅਮਰਨਾਥ**

ਵੈਸ਼ਨੋ ਦੇਵੀ ਦੇ ਦਰਸ਼ਨ ਨੂੰ ਜਾ ਰਹੇ ਯਾਤਰੂਆਂ ਨੂੰ ਇੱਕ ਪਰਮਾਤਮਾ ਦੀ ਭਗਤੀ ਵਲ ਪ੍ਰੇਰ ਕੇ ਗੁਰੂ ਨਾਨਕ ਦੇਵ ਜੀ ਭਾਈ ਮਰਦਾਨੇ ਸਮੇਤ ਉਥੋਂ ਅਗਾਂਹ ਵਲ ਚੱਲ ਪਏ। ਕੋਈ ਕੋਈ ਯਾਤਰੂ ਵੈਸ਼ਨੋ ਦੇਵੀ ਦੇ ਦਰਸ਼ਨ ਕਰ ਕੇ ਅਗਾਂਹ ਅਮਰਨਾਥ ਮੰਦਰ ਦੇ ਦਰਸ਼ਨ ਨੂੰ ਭੀ ਜਾਂਦੇ ਹਨ। ਰਸਤੇ ਵਿਚ ਵੈਰੀ ਨਾਗ, ਕੁੱਕੜ ਨਾਗ, ਅਨੰਤ ਨਾਗ ਆਦਿਕ ਚਸ਼ਮੇ ਆਉਂਦੇ ਹਨ। ਅਨੰਤ ਨਾਗ ਤੋਂ ਉੱਤਰ ਪਾਸੇ ਕਸ਼ਮੀਰ ਦੇ ਪਰਸਿੱਧ ਨਗਰ ਪਹਿਲਗਾਮ ਪਹੁੰਚ ਕੇ ਇਥੋਂ ਪੂਰਬ ਪਾਸੇ ਅਮਰਨਾਥ ਮੰਦਰ ਨੂੰ ਜਾਈਦਾ ਹੈ। ਇਹ ਸ਼ਿਵ ਜੀ ਦਾ ਅਸਥਾਨ ਹੈ। ਇਸ ਥਾਂ ਦੀ ਉਚਾਈ ਚੌਦਾਂ ਹਜ਼ਾਰ ਫੁੱਟ ਦੇ ਕਰੀਬ ਹੈ। ਹਿਮਾਲਾ ਪਰਬਤ ਦੀ ਧਾਰਾ ਵਿਚ ਇਥੇ ਇਕ ਗੁਫ਼ਾ ਹੈ, ਜਿਸ ਦੇ ਦੂਰ ਉਪਰਵਾਰ ਪਹਾੜ ਵਿਚ ਕੋਈ ਛੇਕ ਹੈ। ਛੇਕ ਦੇ ਰਸਤੇ ਜਿਹੜਾ ਪਾਣੀ ਉਤੋਂ ਪਹਾੜ ਵਿਚੋਂ ਦੀ ਤ੍ਰਿਪਦਾ ਰਹਿੰਦਾ ਹੈ, ਉਹ ਠੰਢ ਦੇ ਕਾਰਨ ਬਰਫ਼ ਦਾ ਢੇਲਾ ਬਣਦਾ ਜਾਂਦਾ ਹੈ, ਲਿੰਗ ਦੀ ਸ਼ਕਲ ਦਾ। ਇਸ ਨੂੰ ਸ਼ਰਧਾਲੂ ਲੋਕ ਸ਼ਿਵਲਿੰਗ ਜਾਣ ਕੇ ਇਸ ਦੀ ਪੂਜਾ ਕਰਦੇ ਹਨ। ਸ਼ਿਵ ਜੀ ਦੇ ਪਰਸਿੱਧ ਉਪਾਸ਼ਕ ਜੋਗੀ ਸਿੱਧ ਲੋਕ ਸਨ, ਜੋ ਸੁਮੇਰ ਪਰਬਤ ਤੇ ਬਹੁਤ ਸਮਾ ਰਿਹਾ ਕਰਦੇ ਸਨ।

SIKHBOOKCLUB.COM

ਕੀਰਤਨ ਦੀ ਬਰਕਤ ਨਾਲ ਯਾਤਰੂਆਂ ਨੂੰ ਆਪਣੇ ਵਲ ਖਿੱਚ ਕੇ ਗੁਰੂ ਨਾਨਕ ਦੇਵ ਜੀ ਅਜਿਹੀਆਂ ਕਲਪਿਤ ਮੂਰਤੀਆਂ ਦੀ ਪੂਜਾ ਵਲੋਂ ਹਟਾ ਕੇ, ਪਰਮਾਤਮਾ ਦੀ ਭਗਤੀ ਲਈ ਪ੍ਰੇਰਨਾ ਦਿੰਦੇ ਰਹੇ।

ਅਮਰਨਾਥ ਮੰਦਰ ਦਾ ਭਰਵਾਂ ਮੇਲਾ ਸਾਵਣ ਸੁਦੀ ੧੫ (ਰੱਖੜੀ) ਨੂੰ ਹੁੰਦਾ ਹੈ। ਉਸ ਤੋਂ ਪਿਛੋਂ ਸਹਿਜੇ ਸਹਿਜੇ ਯਾਤਰੂਆਂ ਦੀ ਗਿਣਤੀ ਘਟਣ ਲਗ ਪੈਂਦੀ ਹੈ। ਜਦੋਂ ਸਰਦੀ ਬਹੁਤ ਵਧ ਜਾਣ ਦੇ ਕਾਰਨ ਬਰਫ਼ਾਂ ਪੈ ਕੇ ਰਸਤੇ ਬੰਦ ਹੋ ਜਾਂਦੇ ਹਨ, ਤਦੋਂ ਇਧਰ ਯਾਤਰੂਆਂ ਦੀ ਆਵਾ-ਜਾਈ ਮੁੱਕ ਜਾਂਦੀ ਹੈ। ਪਹਾੜ ਦਾ ਉਪਰਲਾ ਛੇਕ ਵੀ ਬਰਫ਼ ਨਾਲ ਮੁੰਦਿਆ ਜਾਂਦਾ ਹੈ।

ਇਹ ਮੰਦਰ ਸ੍ਰੀ ਨਗਰ ਤੋਂ ਚੜ੍ਹਦੇ ਪਾਸੇ ੯੦ ਮੀਲਾਂ ਦੀ ਵਿੱਥ 'ਤੇ ਹੈ। ਸ੍ਰੀ ਨਗਰ ਤੋਂ ਪਹਿਲਗਾਮ ੬੦ ਮੀਲ, ਪਹਿਲਗਾਮ ਤੋਂ ਅਮਰਨਾਥ ੩੦ ਮੀਲ। ਗੁਫਾ ੫੦ ਗਜ਼ ਚੌੜੀ ਅਤੇ ੩੦ ਗਜ਼ ਉੱਚੀ ਹੈ।

ਸਤਿਗੁਰੂ ਜੀ ਦੇ ਇਸ ਪਾਸੇ ਆਉਣ ਦੀ ਯਾਦ ਵਿਚ ਅਮਰਨਾਥ ਮੰਦਰ

ਤੋਂ ਕੁਝ ਮੀਲ ਉਰੇ ਇਕ ਗੁਰਦੁਆਰਾ ਬਣਿਆ ਹੋਇਆ ਹੈ, ਜਿਸ ਦਾ ਨਾਮ ਮਟਨ ਸਾਹਿਬ ਹੈ। ਇਸੇ ਹੀ ਇਲਾਕੇ ਵਿਚ ਸਤਿਗੁਰੂ ਜੀ ਨੇ ਇਕ ਬ੍ਰਾਹਮਣ ਪੰਡਿਤ ਬ੍ਰਹਮਦਾਸ ਨੂੰ ਪਰਮਾਤਮਾ ਦੀ ਭਗਤੀ ਵਲ ਪ੍ਰੇਰਿਆ ਸੀ। ਬ੍ਰਹਮਦਾਸ ਗੁਰੂ ਨਾਨਕ ਦੇਵ ਜੀ ਦਾ ਸਿੱਖ ਬਣਿਆ। ਸਤਿਗੁਰੂ ਜੀ ਨੇ ਉਸ ਨੂੰ ਸਿੱਖ-ਧਰਮ ਦੀ ਸਿਖਿਆ ਦ੍ਰਿੜ੍ਹ ਕਰਾ ਕੇ ਉਸ ਇਲਾਕੇ ਵਿਚ ਪਰਚਾਰਕ ਬਣਾ ਦਿੱਤਾ।

## ਸਿੱਧ ਮੰਡਲੀ ਸੁਮੇਰ ਪਰਬਤ ਉਤੇ

ਅਮਰਨਾਥ ਮੰਦਰ ਦੀ ਪਰਬਤ-ਧਾਰਾ ਤੋਂ ਅਗਲੀ ਉੱਚੀ ਧਾਰਾ ਨੂੰ ਸੁਮੇਰ ਪਰਬਤ ਆਖਦੇ ਹਨ। 'ਸੁਮੇਰ' ਦਾ ਅਰਥ ਹੈ 'ਪਹਾੜਾਂ ਵਿਚੋਂ ਉੱਚਾ ਪਹਾੜ'।

ਸੁਮੇਰ ਪਰਬਤ ਤੋਂ ਗੰਗਾ ਨਿਕਲਦੀ ਹੈ। ਗੰਗਾ ਦੀ ਬਾਬਤ ਇਕ ਪੁਰਾਣਿਕ ਕਥਾ ਹੈ। ਭ੍ਰਿਗੂ ਦੀ ਕੁਲ ਵਿਚ ਜੰਮੇ ਰਾਜਾ ਭਗੀਰਥ ਨੇ ਆਪਣੇ ਇਕ ਵਡੇਰੇ ਸਗਰ ਦੇ ਪੁੱਤਰਾਂ ਦੀ ਗਤੀ ਵਾਸਤੇ ਹਿਮਾਲੇ ਉੱਤੇ ਤਪ ਕੀਤਾ। ਕਪਿਲ ਰਿਸ਼ੀ ਦੇ ਸਰਾਪ ਨਾਲ ਉਹ ਸੁਆਹ ਹੋ ਗਏ ਸਨ। ਬ੍ਰਹਮਾ ਨੇ ਉਸ ਦੇ ਤਪ ਉਤੇ ਪ੍ਰਸੰਨ ਹੋ ਕੇ ਸੁਰਗ ਤੋਂ ਗੰਗਾ ਨੂੰ ਧਰਤੀ ਉੱਤੇ ਭੇਜਣ ਦਾ ਇਕਰਾਰ ਕੀਤਾ। ਪਰ ਔਕੜ ਇਹ ਆ ਪਈ ਕਿ ਅਕਾਸ਼ ਤੋਂ ਆ ਰਹੀ ਗੰਗਾ ਨੂੰ ਸ਼ਿਵ ਜੀ ਤੋਂ ਬਿਨਾ ਹੋਰ ਕੋਈ ਝੱਲ ਨਹੀਂ ਸੀ ਸਕਦਾ। ਭਗੀਰਥ ਨੇ ਫਿਰ ਸ਼ਿਵ ਜੀ ਦੀ ਅਰਾਧਨਾ ਕੀਤੀ। ਸ਼ਿਵ ਜੀ ਨੇ ਗੰਗਾ ਨੂੰ ਝੱਲਣ ਦਾ ਬਚਨ ਦੇ ਦਿੱਤਾ। ਬ੍ਰਹਮਾ ਨੇ ਗੰਗਾ ਅਕਾਸ਼ ਤੋਂ ਭੇਜੀ। ਸ਼ਿਵ ਜੀ ਨੇ ਉਸ ਨੂੰ ਆਪਣੀਆਂ ਜਟਾਂ ਵਿਚ ਸੰਭਾਲ ਲਿਆ। ਇਕ ਹਜ਼ਾਰ ਸਾਲ ਗੰਗਾ ਸ਼ਿਵ ਜੀ ਦੀਆਂ ਜਟਾਂ ਵਿਚ ਹੀ ਚੱਕਰ ਲਾਂਦੀ ਰਹੀ। ਭਗੀਰਥ ਦੀ ਪ੍ਰਾਰਥਨਾ ਤੇ ਸ਼ਿਵ ਜੀ ਨੇ ਜਟਾਂ ਵਿਚੋਂ ਗੰਗਾ ਕੱਢੀ। ਉਸ ਦੇ ਸੱਤ ਪ੍ਰਵਾਹ ਬਣ ਗਏ। ਤਿੰਨ ਪ੍ਰਵਾਹ ਪੂਰਬ ਵਲ ਚੱਲੇ, ਤਿੰਨ ਪ੍ਰਵਾਹ ਪੱਛਮ ਵਲ ਅਤੇ ਇਕ ਪ੍ਰਵਾਹ ਭਗੀਰਥ ਦੇ ਰਥ ਦੇ ਪਿੱਛੇ ਪਿੱਛੇ ਚੱਲਿਆ। ਇਹ ਸੀ ਗੰਗਾ। ਭਗੀਰਥ ਦੇ ਜਤਨ ਨਾਲ ਇਸ ਦੇ ਧਰਤੀ ਉਤੇ ਆਉਣ ਦੇ ਕਾਰਨ ਇਸ ਦਾ ਨਾਮ 'ਭਗੀਰਥੀ' ਭੀ ਹੈ।

ਇਸ ਪੁਰਾਣਿਕ ਕਥਾ ਅਨੁਸਾਰ ਪਵਿੱਤਰ ਨਦੀ ਗੰਗਾ ਦੇ ਧਰਤੀ ਉਤੇ ਆਉਣ ਦਾ ਸੰਬੰਧ ਸ਼ਿਵ ਜੀ ਨਾਲ ਭੀ ਪੈਂਦਾ ਹੈ। ਜੋਗੀ ਲੋਕ ਸ਼ਿਵ ਜੀ ਦੇ ਉਪਾਸ਼ਕ ਹਨ। ਜਿਸ ਪਹਾੜ ਵਿਚੋਂ ਗੰਗਾ ਨਿਕਲਦੀ ਹੈ, ਸਿੱਧ ਜੋਗੀ ਲੋਕ ਉਥੇ ਅਪੜਨਾ ਬੜਾ ਧਾਰਮਿਕ ਕੰਮ ਮੰਨਦੇ ਹਨ।



WWW.SIKHBOOKCLUB.COM 

ਸੁਮੇਰ ਪਰਬਤ ਦੇ ਹੀ ਇਕ ਹਿੱਸੇ ਦਾ ਨਾਮ ਕੈਲਾਸ਼ ਪਰਬਤ ਹੈ। ਕੈਲਾਸ਼ ਤਿੱਬਤ ਦੇ ਪੱਛਮ ਪਾਸੇ ਹੈ ਅਤੇ ਮਾਨਸਰੋਵਰ ਦੇ ਉੱਤਰ ਪਾਸੇ। ਚੀਨੀ ਲੋਕ ਇਸ ਪਹਾੜ ਨੂੰ 'ਕਿਯੁਨਲੁਟ' ਆਖਦੇ ਹਨ। ਪੁਰਾਣਾਂ ਅਨੁਸਾਰ ਇਹ ਹੈ ਪਰਬਤ ਜਿੱਥੇ ਸ਼ਿਵ ਜੀ ਦੀ ਰਿਹਾਇਸ਼ ਮੰਨੀ ਜਾਂਦੀ ਹੈ। ਚੀਨ, ਤਿੱਬਤ ਅਤੇ ਹਿੰਦੁਸਤਾਨ ਤੋਂ ਹਜ਼ਾਰਾਂ ਯਾਤਰੂ ਆ ਕੇ ਇਸ ਪਰਬਤ ਦੀ ਪਰਦੱਖਣਾ ਕਰਦੇ ਹਨ।

ਜਦੋਂ ਗੁਰੂ ਨਾਨਕ ਦੇਵ ਜੀ ਅਮਰਨਾਥ ਮੰਦਿਰ ਤੋਂ ਹੁੰਦੇ ਹੋਏ ਸੁਮੇਰ ਪਰਬਤ ਤੇ ਅੱਪੜੇ ਤਦੋਂ ਸਿੱਧਾਂ ਦੀ ਇਕ ਮੰਡਲੀ ਨਾਲ ਉਨ੍ਹਾਂ ਦਾ ਉਥੇ ਮੇਲ ਹੋਇਆ।

ਆਮ ਤੌਰ ਤੇ ਪਹਾੜਾਂ ਦੇ ਦਾਮਨ ਵਿਚ, ਪੈਰਾਂ ਵਿਚ ਕਈ ਥਾਈਂ ਕੰਦ੍ਹਾਂ ਹੁੰਦੀਆਂ ਹਨ। ਕਈ ਕੰਦ੍ਹਾਂ ਤਾਂ ਐਸੀਆਂ ਹੁੰਦੀਆਂ ਹਨ ਜਿਨ੍ਹਾਂ ਵਿਚੋਂ ਦੀ ਪਹਾੜ ਦੇ ਅੰਦਰ ਅੰਦਰ ਆਇਆ ਹੋਇਆ ਜਲ ਚਸ਼ਮੇ ਵਾਂਗ ਵਗਦਾ ਰਹਿੰਦਾ ਹੈ, ਜਿਵੇਂ ਕਿ ਵੈਸ਼ਨੋ ਦੇਵੀ ਦੇ ਮੰਦਰ ਵਾਲੀ ਗੁਫਾ ਹੈ। ਪਰ ਕਈ ਕੰਦ੍ਹਾਂ ਸੁੱਕੀਆਂ ਹੀ ਹੁੰਦੀਆਂ ਹਨ। ਅਜਿਹੀਆਂ ਕੰਦ੍ਹਾਂ-ਗੁਫਾ ਸਾਧੂ ਲੋਕ ਜਾਂ ਪਹਾੜਾਂ ਦੇ ਨੇੜੇ ਜੰਗਲਾਂ ਵਿਚ ਰਹਿਣ ਵਾਲੇ ਲੋਕ ਲੋੜ ਅਨੁਸਾਰ ਰਿਹਾਇਸ਼ ਵਾਸਤੇ ਭੀ ਵਰਤ ਲੈਂਦੇ ਹਨ। ਬਾਹਰ ਖੁਲ੍ਹੇ ਥਾਂ ਭਾਵੇਂ ਕਿਤਨੀ ਹੀ ਸਰਦੀ ਹੋਵੇ, ਗੁਫਾਂ ਵਿਚ ਨਿੱਘ ਹੁੰਦਾ ਹੈ। ਕੈਲਾਸ ਪਰਬਤ ਨਾਲ ਸ਼ਿਵ ਜੀ ਦਾ ਸੰਬੰਧ ਪੈਣ ਕਰਕੇ ਜਿਹੜੇ ਜੋਗੀ ਸਿਧ ਲੋਕ ਇਸ ਪਰਬਤ ਉਤੇ ਪਹੁੰਚਦੇ ਸਨ, ਉਹ ਅਜਿਹੀਆਂ ਗੁਫਾਂ ਵਿਚ ਹੀ ਰਹਿੰਦੇ ਸਨ। ਪਰ ਅੱਪੜਦੇ ਸਨ ਕੋਈ ਵਿਰਲੇ ਹੀ, ਤੇ ਅੱਪੜਦੇ ਭੀ ਸਨ ਟੋਲੀ ਬਣ ਕੇ। ਇਕੱਲੇ-ਦੁਕੱਲੇ ਨੂੰ ਜੰਗਲੀ ਤੇ ਪਹਾੜੀ ਰਸਤਿਆਂ ਵਿਚ ਅਨੇਕਾਂ ਜਾਨੀ ਖ਼ਤਰੇ ਹੋਣੇ ਹੀ ਹੋਏ।

ਹਰੇਕ ਇਨਸਾਨ ਜਾਣਦਾ ਹੈ ਕਿ ਪਾਣੀ ਤੋਂ ਬਿਨਾ ਮਨੁੱਖ ਨਹੀਂ ਰਹਿ ਸਕਦਾ। ਪੀਣ ਲਈ ਪਾਣੀ, ਸਰੀਰ ਨੂੰ ਸਾਫ਼-ਸੁਥਰਾ ਰੱਖਣ ਲਈ ਪਾਣੀ, ਹਰੇਕ ਸਰੀਰਕ ਕਿਰਿਆ ਸਾਧਣ ਲਈ ਪਾਣੀ। ਕੋਈ ਹੋਰ ਚੀਜ਼ ਪਾਣੀ ਦੀ ਥਾਂ ਨਹੀਂ ਮੱਲ ਸਕਦੀ। ਰੋਟੀ ਦੀ ਥਾਂ ਫਲਾਂ ਆਦਿਕ ਨਾਲ ਮਾੜਾ-ਮੋਟਾ ਗੁਜ਼ਾਰਾ ਹੋ ਸਕਦਾ ਹੈ, ਪਰ ਪਾਣੀ ਤੋਂ ਬਿਨਾ ਨਹੀਂ। ਸੋ, ਜਿਹੜੇ ਜੋਗੀ ਲੋਕ ਕਦੇ ਕੈਲਾਸ਼ ਪਰਬਤ ਪਹੁੰਚਦੇ ਸਨ, ਉਹ ਆਪਣੀ ਰਿਹਾਇਸ਼ ਕਿਸੇ ਐਸੀ ਗੁਫਾ ਵਿਚ ਬਣਾਂਦੇ ਸਨ ਜਿਸ ਦੇ ਨੇੜੇ ਪਾਣੀ ਦਾ ਭੀ ਕੋਈ ਚਸ਼ਮਾ ਚੱਲ ਰਿਹਾ ਹੋਵੇ। ਨੇੜੇ-ਤੇੜੇ ਦੇ ਪਿੰਡਾਂ ਦੇ ਲੋਕ ਆਏ-ਜੋਗੀਆਂ ਦੀ ਭੋਜਨ ਆਦਿਕ ਨਾਲ ਸੇਵਾ ਕਰਨ



WWW.SIKHBOOKCLUB.COM 

ਵਾਸਤੇ ਪਹੁੰਚਣੋ ਤਾਂ ਕੁਦਰਤੀ ਗੱਲ ਸੀ। ਪਹਾੜਾਂ ਦੀਆਂ ਚੋਟੀਆਂ ਉੱਤੇ ਤਾਂ ਹਰ ਵੇਲੇ ਬਰਫ਼ ਰਹਿਣੀ ਹੋਈ। ਪਹਾੜ ਦੇ ਪੈਰਾਂ ਵਿਚ ਹੀ ਚਸ਼ਮੇ ਹਰ ਵੇਲੇ ਚੱਲ ਸਕਦੇ ਹਨ ਤੇ ਚੱਲਦੇ ਹਨ।

## ਸਿੱਧਾਂ ਨਾਲ ਗੁਰੂ ਨਾਨਕ ਦੇਵ ਜੀ ਦੀ ਗੱਲ-ਬਾਤ

ਇਤਨੇ ਬਿਖੜੇ ਪੈਂਡੇ, ਕਦਮ ਕਦਮ ਤੇ ਜੰਗਲੀ ਜਾਨਵਰਾਂ ਤੇ ਨਾਗਾਂ ਤੋਂ ਖ਼ਤਰਾ, ਕਹਿਰ ਦੀ ਸਰਦੀ—ਜਾਨ ਹੂਲ ਕੇ ਹੀ ਪਹਾੜ ਤਕ ਪਹੁੰਚਿਆ ਜਾ ਸਕਦਾ ਸੀ। ਤੇ, ਪਹੁੰਚਣ ਵਾਲੀਆਂ ਸਿਰਫ਼ ਦੋ ਜਿੰਦਾਂ—ਨਿਰਭਉ ਗੁਰੂ ਨਾਨਕ ਪਾਤਿਸ਼ਾਹ ਅਤੇ ਉਹਨਾਂ ਦਾ ਹਰ ਵੇਲੇ ਦਾ ਸਾਥੀ ਭਾਈ ਮਰਦਾਨਾ। ਸਿੱਧ ਉਹਨਾਂ ਦੀ ਇਹ ਨਿਰਭੈਤਾ ਵੇਖ ਕੇ ਦੰਗ ਹੋ ਗਏ।

ਸਿੱਧਾਂ ਦੇ ਮਨ ਵਿਚ ਲਾਲਚ ਆਇਆ ਕਿ ਕਿਵੇਂ ਗੁਰੂ ਨਾਨਕ ਉਨ੍ਹਾਂ ਦਾ ਭੇਖ ਧਾਰਨ ਕਰ ਲਏ। ਇਸ ਤਰ੍ਹਾਂ ਉਨ੍ਹਾਂ ਦਾ ਪੰਥ ਬੜਾ ਰੌਸ਼ਨ ਹੋ ਜਾਏਗਾ। ਸਿੱਧਾਂ ਨੂੰ ਫ਼ਖ਼ਰ ਸੀ ਕਿ ਅਸੀ ਦੁਨੀਆ ਦੀ ਮਾਇਆ ਤਿਆਗ ਕੇ ਆਏ ਹਾਂ, ਅਸੀ ਤਿਆਗੀ ਹਾਂ। ਪਰ ਉਨ੍ਹਾਂ ਦੇ ਇਸ ਤਿਆਗ ਦਾ ਗੁਰੂ ਨਾਨਕ ਸਾਹਿਬ ਉੱਤੇ ਪ੍ਰਭਾਵ ਨਾ ਪਿਆ। ਸਿੱਧਾਂ ਨੂੰ ਸਮਝਾਇਓ ਨੇ ਕਿ ਜਗਤ-ਅਖਾੜੇ ਵਿਚ ਨਿਰਲੇਪ ਟਿਕੇ ਰਹਿ ਕੇ ਕੁਰਾਹੇ ਜਾ ਰਹੇ ਬੰਦਿਆਂ ਦੀ ਅਗਵਾਈ ਕਰਨੀ ਸਹੀ ਰਸਤਾ ਸੀ। ਸੋ, ਭੇਖ ਦਾ ਦਬਾਉ ਸਤਿਗੁਰੂ ਜੀ ਉੱਤੇ ਨਾ ਪਿਆ।

ਸਿੱਧਾਂ ਕੋਲ ਅਸਲ ਹਥਿਆਰ ਸੀ ਰਿੱਧੀਆਂ-ਸਿੱਧੀਆਂ। ਹੁਣ ਉਨ੍ਹਾਂ ਇਹ ਹਥਿਆਰ ਵਰਤਿਆ। ਸਤਿਗੁਰੂ ਜੀ ਨੂੰ ਗੁਆਂਢ ਦੇ ਚਸ਼ਮੇ ਤੋਂ ਪਾਣੀ ਲਿਆਉਣ ਲਈ ਭੇਜਿਓ ਨੇ। ਜੋਗੀਆਂ ਦਾ ਖੱਪਰ ਲੈ ਕੇ ਗੁਰੂ ਨਾਨਕ ਦੇਵ ਜੀ ਪਾਣੀ ਲੈਣ ਗਏ। ਸਿੱਧਾਂ ਨੇ, ਉਨ੍ਹਾਂ ਦੇ ਚਸ਼ਮੇ ਤੇ ਅੱਪੜਨ ਤੋਂ ਪਹਿਲਾਂ ਹੀ, ਆਪਣੀ ਮਾਨਸਕ ਤਾਕਤ ਨਾਲ ਪਾਣੀ ਦੇ ਥਾਂ ਉਥੇ ਹੀਰੇ ਲਾਲ ਰਤਨ ਜਵਾਹਰ ਬਣਾ ਦਿੱਤੇ। ਗੁਰੂ ਨਾਨਕ ਦੇਵ ਜੀ ਚਸ਼ਮੇ ਤੇ ਅੱਪੜੇ। ਪਾਣੀ ਉਥੇ ਰਿਹਾ ਨਾ। ਸਿੱਧਾਂ ਦੇ ਹੀਰੇ ਲਾਲਾਂ ਵਲ ਸਤਿਗੁਰੂ ਜੀ ਨੇ ਤੱਕਿਆ ਭੀ ਨਾ। ਖੱਪਰ ਖ਼ਾਲੀ ਲੈ ਕੇ ਵਾਪਸ ਆ ਗਏ ਤੇ ਕਹਿਓ ਨੇ ਕਿ ਉਥੇ ਪਾਣੀ ਨਹੀਂ ਹੈ। ਇਹ ਉੱਤਰ ਰਿੱਧੀਆਂ-ਸਿੱਧੀਆਂ ਦੇ ਅਹੰਕਾਰ ਉੱਤੇ ਤਕੜੀ ਚਪੇੜ ਸੀ। ਸਿਧ ਠਿੱਠ ਜਿਹੇ ਹੋ ਗਏ।

ਫਿਰ ਸਿੱਧਾਂ ਨੇ ਕੁਝ ਕੁ ਸ਼ਾਸਤ੍ਰਾਰਥ ਕੀਤਾ। ਪਰ ਇਸ ਵਿਚ ਭੀ ਉਹ



WWW.SIKHBOOKCLUB.COM 

ਨਿਰੁੱਤਰ ਹੀ ਹੋਏ।

ਅੱਚਲ ਵਟਾਲੇ ਸ਼ਿਵਰਾਤ੍ਰੀ ਦਾ ਮੇਲਾ ਆਉਣ ਵਾਲਾ ਸੀ। ਸਿੱਧਾਂ ਨੇ ਉਧਰ ਨੂੰ ਜਾਣ ਦੀ ਤਿਆਰੀ ਕੀਤੀ। ਸਤਿਗੁਰੂ ਜੀ ਕਸ਼ਮੀਰ ਦੇ ਇਲਾਕੇ ਵਿਚ ਲੋਕਾਂ ਨੂੰ ਪਰਮਾਤਮਾ ਦੀ ਭਗਤੀ ਵਲ ਪ੍ਰੇਰਨਾ ਕਰਨ ਲਈ ਚੱਲ ਪਏ।

ਸਿੱਧਾਂ ਨਾਲ ਹੋਈ ਇਹ ਸਾਰੀ ਵਾਰਤਾ ਭਾਈ ਗੁਰਦਾਸ ਜੀ ਨੇ ਇਉਂ ਬਿਆਨ ਕੀਤੀ ਹੈ:

*ਸਿੱਧਾਂ ਦੀ ਹੈਰਾਨਗੀ*

**ਬਾਬੇ ਡਿਠੀ ਪਿਰਥਮੀ, ਨਵੈ ਖੰਡ ਜਿਥਹੁ ਤਕ ਆਹੀ॥**
**ਫਿਰ ਜਾ ਚੜ੍ਹੇ ਸੁਮੇਰ ਪਰਿ, ਸਿੱਧ ਮੰਡਲੀ ਦ੍ਰਿਸ਼ਟੀ ਆਈ॥**
**ਚੌਰਾਸੀਹ ਸਿੱਧ ਗੋਰਖਾਦਿ, ਮਨ ਅੰਦਰਿ ਗਣਤੀ ਵਰਤਾਈ॥**
**ਸਿੱਧ ਪੁਛਨਿ, ਸੁਣਿ ਬਾਲਿਆ, ਕਉਣ ਸ਼ਕਤਿ ਤੁਹਿ ਏਥੈ ਲਿਆਈ॥**
**ਹਉ ਜਪਿਆ ਪਰਮੇਸਰੋ, ਭਾਉ ਭਗਤਿ ਸੰਗਿ ਤਾੜੀ ਲਾਈ॥**
**ਆਖਨਿ ਸਿੱਧ, ਸੁਣਿ ਬਾਲਿਆ, ਆਪਣਾ ਨਾਉ ਤੁਮ ਦੇਹੁ ਬਤਾਈ॥**
**ਬਾਬਾ ਆਖੈ, ਨਾਥ ਜੀ! 'ਨਾਨਕ', ਨਾਮੁ ਜਪੇ ਗਤਿ ਪਾਈ॥**
**ਨੀਚੁ ਕਹਾਇ ਊਚ ਘਰਿ ਆਈ॥੨੮॥ (੧)**

*ਸਿੱਧਾਂ ਨੂੰ ਤਾੜਨਾ*

**ਫਿਰ ਪੁੱਛਨਿ ਸਿੱਧ, ਨਾਨਕਾ! ਮਾਤ ਲੋਕ ਵਿਚ ਕਿਆ ਵਰਤਾਰਾ॥**
**ਸਭਿ ਸਿੱਧੀਂ ਇਹੁ ਬੁਝਿਆ, ਕਲਿ ਤਾਰਨ ਨਾਨਕੁ ਅਵਤਾਰਾ॥**
**ਬਾਬੈ ਕਹਿਆ, ਨਾਥ ਜੀ! ਸੱਚੁ ਚੰਦ੍ਰਮਾ, ਕੂੜ ਅੰਧਾਰਾ॥**
**ਕੂੜੁ ਅਮਾਵਸਿ ਵਰਤਿਆ, ਹਉ ਭਾਲਣ ਚੜ੍ਹਿਆ ਸੰਸਾਰਾ॥**
**ਪਾਪ ਗਿਰਾਸੀ ਪਿਰਥਮੀ, ਧੌਲੁ ਖੜਾ ਧਰ ਹੇਠਿ ਪੁਕਾਰਾ॥**
**ਸਿੱਧ ਛਪਿ ਬੈਠੇ ਪਰਬਤੀਂ, ਕਉਣੁ ਜਗਤ ਕਉ ਪਾਰਿ ਉਤਾਰਾ॥**
**ਜੋਗੀ ਗਿਆਨ-ਵਿਹੂਣਿਆ, ਨਿਸਦਿਨ ਅੰਗ ਲਗਾਇਨਿ ਛਾਰਾ॥**
**ਬਾਝੁ ਗੁਰੂ ਡੁਬਾ ਸੰਸਾਰਾ॥੨੯॥ (੧)**

**ਕਲਿ ਆਈ ਕੁੱਤੇ-ਮੁਹੀ, ਖਾਜੁ ਹੋਆ ਮੁਰਦਾਰੁ ਗੁਸਾਈਂ॥**
**ਰਾਜੇ ਪਾਪ ਕਮਾਵਦੇ, ਉਲਟੀ ਵਾੜ ਖੇਤ ਕਉ ਖਾਈ॥**
**ਪਰਜਾ ਅੰਧੀ ਗਿਆਨ ਬਿਨੁ, ਕੂੜ ਕੁਸਤੁ ਮੁਖਹੁ ਆਲਾਈ॥**



WWW.SIKHBOOKCLUB.COM 

ਚੇਲੇ ਸਾਜ ਵਜਾਇੰਦੇ, ਨੱਚਨਿ ਗੁਰੂ ਬਹੁਤੁ ਬਿਧਿ ਭਾਈ॥
ਸੇਵਕ ਬੈਠਨਿ ਘਰਾਂ ਵਿਚਿ, ਗੁਰੂ ਉਠਿ ਘਰੀਂ ਤਿਨਾੜੇ ਜਾਈ॥
ਕਾਜ਼ੀ ਹੋਏ ਰਿਸ਼ਵਤੀ, ਵਢੀ ਲੈ ਕੇ ਹੱਕੁ ਗਵਾਈ॥
ਇਸਤ੍ਰੀ ਪੁਰਖੈ ਦਾਮ ਹਿਤੁ, ਭਾਵੈਂ ਆਇ ਕਿਥਾਊਂ ਜਾਈ॥
ਵਰਤਿਆ ਪਾਪੁ ਸਭਸ ਜਗ ਮਾਹੀ॥੩੦॥(੧)

*ਸਿੱਧਾਂ ਦਾ ਜਤਨ ਤੇ ਅਸਫਲਤਾ*

ਸਿੱਧੀਂ ਮਨੇ ਬਿਚਾਰਿਆ, ਕਿਵੈਂ ਦਰਸਨੁ ਇਹੁ ਲੇਵੈ ਬਾਲਾ॥
ਐਸਾ ਜੋਗੀ ਕਲੀ ਮਾਹਿ, ਹਮਰੇ ਪੰਥਿ ਕਰੈ ਉਜਿਆਲਾ॥
ਖੱਪਰੁ ਦਿੱਤਾ ਨਾਥ ਜੀ, ਪਾਣੀ ਭਰਿ ਲੈਵਣ ਉਠਿ ਚਾਲਾ॥
ਬਾਬਾ ਆਇਆ ਪਾਣੀਐ, ਡਿੱਠੇ ਰਤਨ ਜਵਾਹਰ ਲਾਲਾ॥
ਸਤਿਗੁਰੁ ਅਗਮੁ ਅਗਾਧਿ ਪੁਰਖੁ, ਕੇਹੜਾ ਝੱਲੈ ਗੁਰ ਦੀ ਝਾਲਾ॥
ਫਿਰਿ ਆਇਆ ਗੁਰੁ, ਨਾਥ ਜੀ ! ਪਾਣੀ ਠਉਰ ਨਹੀਂ ਉਸੁ ਤਾਲਾ॥
ਸਬਦਿ ਜਿੱਤੀ ਸਿੱਧ-ਮੰਡਲੀ, ਕੀਤੋਸੁ ਆਪਣਾ ਪੰਥੁ ਨਿਰਾਲਾ॥
ਕਲਿਜੁਗਿ ਨਾਨਕ, ਨਾਮੁ ਸੁਖਾਲਾ॥੩੧॥(੧)

SIKHBOOKCLUB.COM

## ਕਸ਼ਮੀਰ ਦੇ ਵਿਚੋਂ ਦੀ ਵਾਪਸੀ

ਕਸ਼ਮੀਰ ਦੀ ਧਰਤੀ ਪਹਾੜੀ ਇਲਾਕਾ ਹੈ। ਪਹਾੜੀ ਇਲਾਕਿਆਂ ਵਿਚ ਮਨੁੱਖ ਨੂੰ ਬੁੱਤ-ਪੂਜਾ,ਮੂਰਤੀ-ਪੂਜਾ ਵਲ ਬੜੀ ਛੇਤੀ ਪ੍ਰੇਰਨਾ ਹੁੰਦੀ ਹੈ। ਆਪਣੇ ਪਿਆਰਿਆਂ ਦੀ ਯਾਦ ਕਾਇਮ ਰੱਖਣ ਵਾਸਤੇ ਮਨੁੱਖ ਢੇਰ ਪੁਰਾਣੇਂ ਸਮਿਆਂ ਤੋਂ ਹੀ ਇਹੀ ਉੱਦਮ ਕਰਦਾ ਆ ਰਿਹਾ ਹੈ ਕਿ ਉਨ੍ਹਾਂ ਦੀ ਮੂਰਤੀ ਉਨ੍ਹਾਂ ਦਾ ਬੁੱਤ ਬਣਾ ਕੇ ਆਪਣੇ ਕੋਲ ਸਾਂਭ ਰੱਖੇ। ਆਪਣੇ ਬਜ਼ੁਰਗ ਦੀ ਮੂਰਤੀ ਅੱਗੇ ਫੁੱਲ ਆਦਿਕਾਂ ਦੀ ਭੇਟ ਬਜ਼ੁਰਗ ਦੇ ਸਤਿਕਾਰ ਵਾਸਤੇ ਭੀ ਇਕ ਸਧਾਰਨ ਜਿਹਾ ਸੁਭਾਵਿਕ ਉੱਦਮ ਹੈ। ਇਸੇ ਤਰ੍ਹਾਂ ਮਨੁੱਖ ਆਪਣੇ ਇਸ਼ਟ ਦੀ ਮੂਰਤੀ ਬਣਾਂਦੇ ਆ ਰਹੇ ਹਨ। ਤੇ, ਸਹਿਜੇ ਸਹਿਜੇ ਧੂਪ ਦੀਪ ਫੁੱਲਾਂ ਆਦਿਕ ਨਾਲ ਉਸ ਦੀ ਆਰਤੀ ਉਤਾਰਨੀ ਤੇ ਉਸ ਦੀ ਪੂਜਾ ਕਰਨ ਦੀ ਰੀਤ ਚੱਲ ਪੈਂਦੀ ਹੈ। ਪਹਾੜੀ ਇਲਾਕਿਆਂ ਤੋਂ ਫਿਰ ਇਹ ਮੂਰਤੀ-ਪੂਜਾ ਮੈਦਾਨੀ ਇਲਾਕਿਆਂ ਵਿਚ ਭੀ ਪਹੁੰਚ ਜਾਣੀ ਹੋਈ, ਸੋ ਕਸ਼ਮੀਰ ਵਿਚ ਇਹ ਥਾਂ ਥਾਂ ਪਰਚੱਲਤ ਸੀ।

ਕਸ਼ਮੀਰ ਦੇ ਉੱਤਰ ਪਾਸੇ ਕੈਲਾਸ਼ ਪਰਬਤ ਹੈ। ਕੈਲਾਸ਼ ਸ਼ਿਵ ਜੀ ਦਾ

ਅਸਥਾਨ ਮੰਨਿਆ ਜਾਂਦਾ ਹੈ। ਸਿੱਧ ਜੋਗੀ ਕੈਲਾਸ਼ ਪਰਬਤ ਦੀ ਯਾਤਰਾ ਬੜਾ ਧਾਰਮਿਕ ਕਰਮ ਮੰਨਦੇ ਹਨ। ਸਿੱਧਾਂ ਜੋਗੀਆਂ ਨਾਲ ਵਾਹ ਪੈਣ ਤੇ ਲੋਕਾਂ ਵਿਚ ਸ਼ਿਵਲਿੰਗ ਦੀ ਪੂਜਾ ਚੱਲ ਪਈ। ਸੋ, ਕਸ਼ਮੀਰ ਵਿਚ ਭੀ ਹੋਰ ਕਈ ਇਲਾਕਿਆਂ ਵਾਂਗ ਸ਼ਿਵਲਿੰਗ ਦੀ ਪੂਜਾ ਦਾ ਬਥੇਰਾ ਪ੍ਰਭਾਵ ਸੀ।

ਕਸ਼ਮੀਰ[੧] ਢੇਰ ਪੁਰਾਣੇ ਸਮਿਆਂ ਤੋਂ ਵਿਦਵਾਨ ਪੰਡਿਤਾਂ ਦੀ ਰਿਹਾਇਸ਼ ਦਾ ਕੇਂਦਰੀ ਥਾਂ ਚਲਿਆ ਆ ਰਿਹਾ ਹੈ। ਕੁਦਰਤੀ ਨਜ਼ਾਰਿਆਂ ਨੇ ਵਿਦਵਾਨਾਂ ਨੂੰ ਆਪਣੇ ਵਲ ਖਿੱਚਣਾ ਹੀ ਹੋਇਆ। ਵਿਦਵਾਨ ਪੰਡਿਤ ਹੀ ਧਰਮ-ਗ੍ਰੰਥਾਂ ਦੀ ਸੂਝ ਬੂਝ ਦੇ ਮਾਲਕ ਹੋਣੇ ਹੋਏ। ਇਹ ਕੁਦਰਤੀ ਗੱਲ ਸੀ ਕਿ ਜਿਹੜਾ ਕਸ਼ਮੀਰ ਪੰਡਿਤ ਲੋਕਾਂ ਦਾ ਕਦੇ ਗੜ੍ਹ ਸੀ, ਉਥੇ ਕਰਮ-ਕਾਂਡ ਅਤੇ ਵਰਨ-ਵੰਡ ਦੇ ਕਾਰਨ ਸ਼ੂਦਰ ਅਖਵਾਂਦੇ ਲੋਕ ਔਖਾ ਜੀਵਨ ਬਤੀਤ ਕਰ ਰਹੇ ਹੋਣ। ਸੋ, ਕਸ਼ਮੀਰ ਵਿਚ ਚੱਕਰ ਲਾਂਦਿਆਂ ਗੁਰੂ ਨਾਨਕ ਦੇਵ ਜੀ ਨੇ ਇਹਨਾਂ ਚਾਰ ਜੀਵਨ-ਠੇਡਿਆਂ ਵਲੋਂ ਲੋਕਾਂ ਨੂੰ ਸੁਚੇਤ ਕਰਨ ਲਈ ਪ੍ਰੇਰਨਾ ਕਰਨੀ ਸੀ—ਮੂਰਤੀ ਪੂਜਾ, ਸ਼ਿਵ-ਲਿੰਗ ਪੂਜਾ, ਕਰਮ-ਕਾਂਡ ਤੇ ਸ਼ੂਦਰ ਅਖਵਾਂਦੇ ਲੋਕਾਂ ਉਤੇ ਵਧੀਕੀ। ਪਰਮਾਤਮਾ ਦੀ ਯਾਦ ਵਿਚ ਜੁੜਨ ਦਾ ਹੀ ਇਕੋ-ਇਕ ਸਹੀ ਜੀਵਨ-ਰਾਹ ਦਸਣਾ ਸੀ।

ਪਹਾੜੀ ਇਲਾਕਿਆਂ ਦੇ ਪਿੰਡ ਤਾਂ ਬਹੁਤ ਹੀ ਛੋਟੇ ਛੋਟੇ ਹੁੰਦੇ ਹਨ। ਸਤਿਗੁਰੂ ਜੀ ਨੇ ਭਾਈ ਮਰਦਾਨੇ ਸਮੇਤ ਕਸ਼ਮੀਰ ਦੇ ਬਹੁਤ ਸਾਰੇ ਨਗਾਰਾਂ ਸ਼ਹਿਰਾਂ ਦਾ ਰਟਨ ਕੀਤਾ, ਖ਼ਾਸ ਤੌਰ ਤੇ ਉਨ੍ਹਾਂ ਸ਼ਹਿਰਾਂ ਦਾ, ਜਿਥੇ ਵਿਦਵਾਨ ਪੰਡਿਤਾਂ ਦਾ ਵਧੀਕ ਤੇਜ-ਪ੍ਰਤਾਪ ਸੀ।

ਪਰ ਤਦੋਂ ਦੇ ਲੋਕਾਂ ਨੇ ਇਸ ਪਾਸੇ ਧਿਆਨ ਨਾ ਦਿੱਤਾ ਕਿ ਗੁਰੂ ਨਾਨਕ ਦੇਵ ਜੀ ਦੇ ਆਗਮਨ ਦੀ ਕੋਈ ਯਾਦ ਕਾਇਮ ਕਰ ਦੇਂਦੇ। ਸਿੱਖ-ਇਤਿਹਾਸ ਹੇਠ-ਲਿਖੇ ਚਾਰ ਅਸਥਾਨ ਹੀ ਦੱਸ ਸਕਿਆ ਹੈ:

੧. ਸ੍ਰੀ ਨਗਰ, ਸਤਿਗੁਰੂ ਜੀ ਸ਼ੰਕਰਾਚਾਰਯ ਵਾਲੀ ਪਹਾੜੀ ਉਤੇ ਆ ਕੇ ਟਿਕੇ ਸਨ।

---

੧ ਇਕ ਕਸ਼ਮੀਰੀ ਪੰਡਿਤ ਕਲਣ ਨੇ ਸੰਨ ੧੧੪੯ ਵਿਚ ਕਸ਼ਮੀਰ ਦਾ ਰਾਜ-ਇਤਿਹਾਸ ਹੀ ਸੰਸਕ੍ਰਿਤ ਵਿਚ ਲਿਖ ਦਿੱਤਾ। ਉਸ ਪੁਸਤਕ ਦਾ ਨਾਮ ਹੈ *'ਰਾਜ ਤਰੰਗਿਣੀ'*। ਇਹ ਪੁਸਤਕ ਸੰਸਕ੍ਰਿਤ ਸਲੋਕਾਂ ਵਿਚ ਹੈ। ਇਸ ਵਿਚ ਸੱਤਵੀਂ ਈਸਵੀ ਸਦੀ ਤੋਂ ਕਸ਼ਮੀਰ ਦੀ ਰਾਜ ਕਥਾ ਦਿੱਤੀ ਹੋਈ ਹੈ।



WWW.SIKHBOOKCLUB.COM 

੨. ਗੁਲਮਰਗ ਤੋਂ ਉੱਤਰ ਪਾਸੇ ਇਕ ਪਹਾੜੀ ਉਤੇ।

੩. ਹਰਮੁਖ ਗੰਗਾ; ਸ੍ਰੀ ਨਗਰ ਤੋਂ ਬ਼ਾਰਾਮੂਲੇ ਦੇ ਵਿਚਕਾਰ, ਦਰਿਆ ਜਿਹਲਮ ਤੋਂ ਪਾਰ।

੪. ਕਲਿਆਣ ਸਰ; ਕਸ਼ਮੀਰ ਦੀ ਪੱਕੀ ਸੜਕ ਦੇ ੩੯ਵੇਂ ਮੀਲ ਤੋਂ ਸੱਜੇ ਪਾਸੇ ਸੱਤ ਮੀਲਾਂ ਦੀ ਵਿੱਥ 'ਤੇ। ਇਸ ਥਾਂ ਸਾਫ਼ ਪਾਣੀ ਦਾ ਇਕ ਚਸ਼ਮਾ ਹੈ।

ਭਾਵੇਂ ਗੁਰੂ ਨਾਨਕ ਦੇਵ ਜੀ ਦੀ ਇਹ ਜੋਗੀ ਵਾਲੀ ਫੇਰੀ ਹੀ ਸੀ, ਫਿਰ ਭੀ ਸਿੱਖ ਧਰਮ ਦਾ ਜਿਹੜਾ ਬੂਟਾ ਸਤਿਗੁਰੂ ਜੀ ਨੇ ਲਾ ਦਿੱਤਾ, ਉਹ ਸਹਿਜੇ ਸਹਿਜੇ ਵੱਧਣਾ-ਫੁਲਣਾ ਸ਼ੁਰੂ ਹੋ ਗਿਆ। ਪੰਡਿਤ ਬ੍ਰਹਮਦਾਸ ਅਤੇ ਪੰਡਿਤ ਚਤੁਰਦਾਸ—ਇਹ ਦੋ ਕਸ਼ਮੀਰੀ ਬ੍ਰਾਹਮਣ ਸਾਲਗ੍ਰਾਮ ਆਦਿਕ ਦੀ ਪੂਜਾ ਛੱਡ ਕੇ ਪਰਮਾਤਮਾ ਦੀ ਭਗਤੀ ਵਿਚ ਲੱਗੇ। ਆਪਣੀ ਬਾਕੀ ਦੀ ਸਾਰੀ ਉਮਰ ਇਨ੍ਹਾਂ ਸੁਭਾਗ ਪੰਡਿਤਾਂ ਨੇ ਹੋਰ ਲੋਕਾਂ ਵਿਚ ਭੀ ਇਹੀ ਪਰਚਾਰ ਕਰਨ ਹਿੱਤ ਅਰਪਣ ਕਰ ਦਿੱਤੀ। ਗੁਰੂ ਹਰਿਗੋਬਿੰਦ ਸਾਹਿਬ ਦੇ ਵਕਤ ਤਕ ਕਸ਼ਮੀਰ ਵਿਚ ਅਨੇਕਾਂ ਹੀ ਵਡਭਾਗੀ ਪ੍ਰਾਣੀ ਗੁਰੂ ਨਾਨਕ ਪਾਤਿਸ਼ਾਹ ਦੇ ਚਰਨਾਂ ਦੇ ਭੌਰੇ ਬਣ ਚੁਕੇ ਸਨ।

SIKHBOOKCLUB.COM

ਗੁਰੂ ਨਾਨਕ ਦੇਵ ਜੀ ਕਸ਼ਮੀਰ ਦੇ ਨਗਰਾਂ ਸ਼ਹਿਰਾਂ ਵਿਚ ਹੁੰਦੇ ਹੋਏ ਵਾਪਸ ਕਰਤਾਰਪੁਰ ਆਏ। ਇਹ ਜ਼ਿਕਰ ਹੈ ਸੰਨ ੧੫੧੯ ਦੇ ਅੱਧ ਦਾ।



WWW.SIKHBOOKCLUB.COM 

੫

# ਤੀਜੀ ਉਦਾਸੀ

## ਹੱਜ ਦੇ ਸਮੇ ਮੱਕੇ ਨੂੰ

ਉੱਤਰ ਖੰਡ ਸੁਮੇਰ ਪਰਬਤ ਵਾਲੇ ਪਾਸੇ ਦੀ 'ਦੂਜੀ ਉਦਾਸੀ' ਤੋਂ ਵਾਪਸ ਆਇਆਂ ਥੋੜਾ ਹੀ ਸਮਾ ਹੋਇਆ ਸੀ ਕਿ ਗੁਰੂ ਨਾਨਕ ਦੇਵ ਜੀ ਭਾਈ ਮਰਦਾਨੇ ਨੂੰ ਨਾਲ ਲੈ ਕੇ ਕਰਤਾਰਪੁਰ ਤੋਂ 'ਤੀਜੀ ਉਦਾਸੀ' ਤੇ ਚੱਲ ਪਏ। ਸੁਮੇਰ ਪਰਬਤ ਤੋਂ ਜੋਗੀ ਸਿੱਧ ਲੋਕ ਸ਼ਿਵਰਾਤ੍ਰੀ ਤੋਂ ਪਹਿਲਾਂ ਉਤਰ ਆਉਂਦੇ ਸਨ। ਸ਼ਿਵਰਾਤ੍ਰੀ ਫੱਗਣ ਵਦੀ ੧੪ ਨੂੰ ਆਉਂਦੀ ਹੈ। ਬਟਾਲੇ ਤੋਂ ਦੱਖਣ ਪਾਸੇ ਤਿੰਨ ਕੁ ਮੀਲਾਂ ਦੀ ਵਿੱਥ ਤੇ 'ਅੱਚਲ' ਜੋਗੀਆਂ ਦਾ ਇਕ ਮੰਦਰ ਹੈ, ਸ਼ਿਵ-ਮੰਦਰ। ਉੱਥੇ ਹਰ ਸਾਲ ਸ਼ਿਵਰਾਤ੍ਰੀ ਦੇ ਮੌਕੇ ਤੇ ਮੇਲਾ ਲਗਦਾ ਸੀ। ਜੋਗੀ ਸੁਮੇਰ ਪਰਬਤ ਤੋਂ ਸਿੱਧੇ ਇਸ ਮੇਲੇ ਤੇ ਪਹੁੰਚਦੇ ਸਨ। ਚੁਗਿਰਦੇ ਦੀ ਲੁਕਾਈ ਉਨ੍ਹਾਂ ਦੀ ਬੜੀ ਸੇਵਾ-ਮਾਨਤਾ ਕਰਿਆ ਕਰਦੀ ਸੀ। ਇਹ ਮੇਲਾ ਫੱਗਣ ਵਿਚ ਆਉਂਦਾ ਹੈ, ਈਸਵੀ ਸਾਲ ਦੇ ਫ਼ਰਵਰੀ ਮਾਰਚ ਵਿਚ। ਜਦੋਂ ਸਤਿਗੁਰੂ ਜੀ ਸਿੱਧਾਂ ਨੂੰ ਸੁਮੇਰ ਤੇ ਮਿਲੇ ਸਨ, ਉਸ ਤੋਂ ਥੋੜਾ ਹੀ ਸਮਾ ਪਿੱਛੋਂ ਸ਼ਿਵਰਾਤ੍ਰੀ ਦਾ ਮੇਲਾ ਆਉਣ ਵਾਲਾ ਸੀ। ਜੋਗੀ ਤੇ ਸਿੱਧ ਤਾਂ ਅੱਚਲ ਬਟਾਲੇ ਗਏ, ਗੁਰੂ ਨਾਨਕ ਦੇਵ ਜੀ ਭਾਈ ਮਰਦਾਨੇ ਸਮੇਤ ਕਸ਼ਮੀਰ ਦੇ ਨਗਰਾਂ ਸ਼ਹਿਰਾਂ ਵਿਚ ਹੁੰਦੇ ਹੋਏ ਸਹਿਜੇ ਸਹਿਜੇ ਕਰਤਾਰਪੁਰ ਆ ਗਏ। ਇਹ ਜ਼ਿਕਰ ਹੈ ਸੰਨ ੧੫੧੯ ਦੇ ਅੱਧ ਦਾ।

'ਤੀਜੀ ਉਦਾਸੀ' ਮੱਕੇ ਵਲ ਦੀ ਸੀ। ਅਨੇਕਾਂ ਸਰਦੇ-ਪੁਜਦੇ ਮੁਸਲਮਾਨ ਸਾਰੇ ਮੁਸਲਮਾਨੀ ਦੇਸਾਂ ਤੋਂ ਹੱਜ ਦੇ ਮੌਕੇ ਤੇ ਮੱਕੇ ਜਾਂਦੇ ਹਨ। ਸੰਨ ੧੫੧੯ ਵਿਚ ਹੱਜ ਦਾ ਦਿਹਾੜਾ ਈਸਵੀ ਸਾਲ ਦੇ ਦਸੰਬਰ ਮਹੀਨੇ ਵਿਚ ਆਇਆ ਸੀ।[੧]

---

੧. ਹਿਜਰੀ ਸਾਲ—ਪਾਠਕਾਂ ਲਈ ਇੱਥੇ ਅਰਬ ਦੇਸ ਵਿਚ ਵਰਤੇ ਜਾਣ ਵਾਲੇ ਸਾਲ ਅਤੇ ਮਹੀਨਿਆਂ ਦੀ ਵਾਕਫ਼ੀ ਦਿਲਚਸਪ ਹੋਵੇਗੀ। ਅਰਬ ਵਿਚ ਹਿਜਰੀ ਸਾਲ ਵਰਤਿਆ ☛



WWW.SIKHBOOKCLUB.COM 

## ਪਾਕਪਟਨ

ਵਰਖਾ ਰੁੱਤ ਲੰਘ ਚੁੱਕੀ ਸੀ। ਗੁਰੂ ਨਾਨਕ ਦੇਵ ਜੀ ਭਾਈ ਮਰਦਾਨੇ ਨੂੰ ਨਾਲ ਲੈ ਕੇ ਮਾਝੇ ਵਿਚ ਦੀ ਹੁੰਦੇ ਹੋਏ ਕਸੂਰ ਦੇ ਰਸਤੇ ਪਾਕਪਟਨ ਪਹੁੰਚੇ। ਪਾਕਪਟਨ ਅੱਜ-ਕੱਲ੍ਹ ਰੇਲ ਦਾ ਸਟੇਸ਼ਨ ਹੈ। ਕਸੂਰ ਤੋਂ ਜਿਹੜੀ ਸੜਕ ਮੈਲਸੀ-ਲੋਧਰਾਂ ਨੂੰ ਜਾਂਦੀ ਹੈ, ਉਸ ਉੱਤੇ ਕਸੂਰ ਤੋਂ ਤਕਰੀਬਨ ਇਕ ਸੌ ਮੀਲ। ਪਾਕਪਟਨ ਦਾ ਪਹਿਲਾ ਨਾਮ ਅਜੋਧਨ ਸੀ। ਇਥੇ ਬਾਬਾ ਫ਼ਰੀਦ ਜੀ ਦੀ ਬੜੀ ਪਰਸਿੱਧ ਗੱਦੀ ਹੈ। ਜਦੋਂ ਗੁਰੂ ਨਾਨਕ ਦੇਵ ਜੀ ਅਜੋਧਨ (ਪਾਕਪਟਨ) ਗਏ ਸੀ, ਤਦੋਂ ਫ਼ਰੀਦ ਜੀ ਦੀ ਗੱਦੀ ਉੱਤੇ ਇਨ੍ਹਾਂ ਦੇ ਖ਼ਾਨਦਾਨ ਵਿਚੋਂ ਯਾਰ੍ਹਵੇਂ

---

☛ ਜਾਂਦਾ ਹੈ। ਲਫ਼ਜ਼ 'ਹਿਜਰ' ਦਾ ਅਰਥ ਹੈ 'ਵਿਛੋੜਾ'। ਹਿਜਰੀ ਸਾਲ ਉਹ ਹੈ ਜਦੋਂ ਹਜ਼ਰਤ ਮੁਹੰਮਦ ਸਾਹਿਬ ਦਾ ਮੱਕੇ ਤੋਂ 'ਹਿਜਰ' (ਵਿਛੋੜਾ) ਹੋਇਆ ਸੀ। ਉਸ ਦਿਨ ਈਸਵੀ ਸੰਨ ੬੨੨ ਦੇ ਜੁਲਾਈ ਮਹੀਨੇ ਦੀ ੧੫ ਤਰੀਕ ਸੀ।

ਹਿਜਰੀ ਸਾਲ ਦੇ ੧੨ ਮਹੀਨੇ ਇਹ ਹਨ:

੧. ਮੁਹੱਰਮ, ੨. ਸਫ਼ਰ, ੩. ਰਬੀ-ਉਲ-ਅੱਵਲ, ੪. ਰਬੀ-ਉਲ-ਸਾਨੀ, ੫ ਜਮਾਦੀ-ਉਲ-ਅੱਵਲ, ੬. ਜਮਾਦੀ-ਉਲ-ਸਾਨੀ, ੭. ਰਜਬ, ੮. ਸ਼ੁਅਬਾਨ, ੯. ਰਮਜ਼ਾਨ, ੧੦. ਸ਼ਵਾਲ, ੧੧. ਜ਼ੁਲ ਕਾਅਦ, ੧੨. ਜ਼ੁਲ ਹਿਜਹ।

ਇਨ੍ਹਾਂ ਮਹੀਨਿਆਂ ਦੇ ਦਿਨਾਂ ਦੀ ਗਿਣਤੀ ਚੰਦ ਦੇ ਹਿਸਾਬ ਹੁੰਦੀ ਹੈ। ਮੱਸਿਆ ਤੋਂ ਪਿਛੋਂ ਜਿਸ ਦਿਨ ਚੰਦ ਦਿੱਸ ਪਏ,ਉਸ ਤੋਂ ਅਗਲੇ ਦਿਨ ਨਵਾਂ ਮਹੀਨਾ ਸ਼ੁਰੂ ਹੁੰਦਾ ਹੈ। (ਨੋਟ—ਪਾਠਕ ਇਥੇ ਇਹ ਭੀ ਚੇਤੇ ਰੱਖਣ ਕਿ ਭਾਰਤ ਵਿਚ ਭੀ ਚੰਦਰਮਾ ਦੇ ਹਿਸਾਬ ਹੀ ਮਹੀਨੇ ਹਨ) ਉਨ੍ਹਾਂ ਦੇ ਨਾਮ ਉਹੀ ਹਨ ਜੋ ਸੂਰਜੀ (ਪਰਵਿਸ਼ਟਾ) ਮਹੀਨਿਆਂ ਦੇ। ਮੁਸਲਮਾਨੀ ਮਹੀਨਾ ਤਦੋਂ ਸ਼ੁਰੂ ਹੁੰਦਾ ਹੈ ਜਦੋਂ ਮੱਸਿਆ ਤੋਂ ਪਿੱਛੋਂ ਚੰਦ ਚੜ੍ਹੇ। ਭਾਰਤੀ ਮਹੀਨਾ ਪੂਰਨਮਾਸ਼ੀ ਤੋਂ ਅਗਲੇ ਦਿਨ ਸ਼ੁਰੂ ਹੁੰਦਾ ਹੈ। (ਪੂਰਨਮਾਸ਼ੀ ਜਦੋਂ ਮਾਸ—ਮਹੀਨਾ, ਪੂਰਨ—ਮੁਕੰਮਲ, ਹੁੰਦਾ ਹੈ।) ਇਸ ਦੇ ਦੋ ਹਿੱਸੇ ਹਨ—ਵਦੀ ਅਤੇ ਸੁਦੀ। ਪੂਰਨਮਾਸ਼ੀ ਤੋਂ ਪਿੱਛੋਂ ਮਸਿਆ ਤਕ 'ਵਦੀ' ਹੈ, ਮੱਸਿਆ ਤੋਂ ਪਿੱਛੋਂ ਪੂਰਨਮਾਸ਼ੀ ਤਕ 'ਸੁਦੀ' ਹੈ।

ਦੋਵੇਂ ਈਦਾਂ—ਮੁਸਲਮਾਨੀ ਨੌਵਾਂ ਮਹੀਨਾ 'ਰਮਜ਼ਾਨ' ਰੋਜ਼ਿਆਂ ਦਾ ਮਹੀਨਾ ਹੈ। ਉਹਨੀਂ ਦਿਨੀਂ ਮੁਸਲਮਾਨ ਸੂਰਜ ਚੜ੍ਹਨ ਤੋਂ ਡੁੱਬਣ ਤਕ ਦੇ ਸਮੇਂ ਵਿਚ ਕੁਝ ਭੀ ਖਾਂਦੇ ਪੀਂਦੇ ਨਹੀਂ। ਰਮਜ਼ਾਨ ਤੋਂ ਅਗਲਾ ਮਹੀਨਾ ਹੈ 'ਸ਼ਵਾਲ'। ਪਹਿਲੀ ਸ਼ਵਾਲ ਨੂੰ ਰੋਜ਼ਿਆਂ ਤੋਂ ਪਿੱਛੋਂ ਈਦ ਹੁੰਦੀ ਹੈ। ਇਸ ਦਾ ਨਾਮ ਹੈ 'ਈਦੁਲ ਫ਼ਿਤਰ'। 'ਹੱਜ' (ਮੱਕੇ ਵਿਚ ਕਾਬਾ-ਮੰਦਿਰ ਦਾ ਦੀਦਾਰ) ਹਿਜਰੀ ਸਾਲ ਦੇ ਅਖ਼ੀਰਲੇ ਮਹੀਨੇ ਜ਼ੁਲ-ਹਿਜਹ ਵਿਚ ਹੁੰਦਾ ਹੈ। ਜ਼ੁਲ-ਹਿਜਹ ਦੀ ਦਸਵੀਂ ਤਰੀਕ ਨੂੰ। ਉਸ ਦਿਨ 'ਈਦੁਲ ਜ਼ੁਹਾ' ਹੁੰਦੀ ਹੈ। ਜਿਨ੍ਹਾਂ ਮੁਸਲਮਾਨਾਂ ਨੇ ਹੱਜ ਤੇ ਜਾਣਾ ਹੁੰਦਾ ਹੈ, ਉਹ ਰੋਜ਼ਿਆਂ ਤੋਂ ਪਿੱਛੋਂ 'ਈਦੁਲ ਫ਼ਿਤਰ' ਮਨਾ ਕੇ ਮੱਕੇ ਨੂੰ ਤੁਰ ਪੈਂਦੇ ਹਨ। ਸੰਨ ੧੫੧੯ ਵਿਚ 'ਈਦੁਲ ਫ਼ਿਤਰ' ੧੦ ਅਕਤੂਬਰ ਨੂੰ ਸੀ। ੨੦ ਦਸੰਬਰ ਨੂੰ ਸੀ ਈਦੁਲ ਜ਼ੁਹਾ, ਹੱਜ ਦਾ ਦਿਹਾੜਾ। ਮੱਕੇ ਜ਼ੁਲ ਹਿਜਹ ਦੀ ਪਹਿਲੀ ਤਰੀਕ ਨੂੰ ਪਹੁੰਚਣਾ ਜ਼ਰੂਰੀ ਹੁੰਦਾ ਹੈ।



WWW.SIKHBOOKCLUB.COM 

ਥਾਂ ਸ਼ੇਖ਼ ਬ੍ਰਹਮ ਬੈਠਾ ਹੋਇਆ ਸੀ।

## ਬਾਬਾ ਫ਼ਰੀਦ ਜੀ

ਬਾਰ੍ਹਵੀਂ ਸਦੀ ਈਸਵੀ ਵਿਚ ਕਾਬਲ ਦਾ ਬਾਦਸ਼ਾਹ ਫ਼ੱਰੁਖ਼ਸ਼ਾਹ ਸੀ। ਗ਼ਜ਼ਨੀ ਤੇ ਹੋਰ ਨੇੜੇ ਦੇ ਇਲਾਕਿਆਂ ਦੇ ਬਾਦਸ਼ਾਹ ਇਸ ਦੀ ਈਨ ਮੰਨਦੇ ਸਨ। ਉਸ ਦਾ ਪੁੱਤਰ ਆਪਣੇ ਪਿਉ ਵਾਂਗ ਤੇਜ-ਪ੍ਰਤਾਪ ਵਾਲਾ ਸਾਬਤ ਨਾ ਹੋਇਆ ਤੇ ਗ਼ਜ਼ਨੀ ਦੇ ਬਾਦਸ਼ਾਹ ਨੇ ਕਾਬਲ 'ਤੇ ਕਬਜ਼ਾ ਕਰ ਲਿਆ। ਪਰ ਆਖ਼ਰ ਉਸ ਨੇ ਆਪਣੀ ਲੜਕੀ ਦੀ ਸ਼ਾਦੀ ਫ਼ੱਰੁਖ਼ਸ਼ਾਹ ਦੇ ਪੁੱਤਰ ਨਾਲ ਕਰ ਕੇ ਉਸ ਨੂੰ ਕਾਬਲ ਦੀ ਬਾਦਸ਼ਾਹੀ ਮੋੜ ਦਿੱਤੀ।

ਜਦੋਂ ਗ਼ਜ਼ਨੀ ਤੇ ਕਾਬਲ ਦੇ ਆਪੋ ਵਿਚ ਇਸ ਤਰ੍ਹਾਂ ਦੇ ਲੜਾਈ-ਝਗੜੇ ਹੋ ਰਹੇ ਸਨ, ਤਾਂ ਗ਼ਜ਼ਨੀ ਦੇ ਬਾਦਸ਼ਾਹ ਦਾ ਇਕ ਭਰਾ ਸ਼ੇਖ਼ ਸ਼ਈਬ (੫੧੯ ਹਿਜਰੀ) ਸੰਨ ਈਸਵੀ ੧੧੨੫ ਵਿਚ ਆਪਣਾ ਵਤਨ ਛੱਡ ਕੇ ਆਪਣੇ ਕੁਝ ਰਿਸ਼ਤੇਦਾਰਾਂ ਤੇ ਤਿੰਨ ਪੁੱਤਰਾਂ ਸਮੇਤ ਕਸੂਰ ਆ ਵੱਸਿਆ। ਕੁਝ ਚਿਰ ਪਿੱਛੋਂ ਕਸੂਰ ਤੋਂ ਇਹ ਮੁਲਤਾਨ ਚਲੇ ਗਏ, ਤੇ ਫਿਰ ਦੀਪਾਲਪੁਰ ਦੇ ਨੇੜੇ ਇਕ ਨਗਰ ਕੋਠੀਵਾਲ ਜਾ ਵੱਸੇ, ਜਿਸ ਦਾ ਨਾਮ ਐਸ ਵੇਲੇ 'ਚਾਉਲੀ ਮੁਸ਼ੈਖ਼ਾਂ' ਹੈ। ਸ਼ੇਖ਼ ਸ਼ਈਬ ਦੇ ਵੱਡੇ ਪੁੱਤਰ ਦਾ ਨਾਮ ਜਮਾਲੁੱਦੀਨ ਸੁਲੇਮਾਨ ਸੀ।

ਗ਼ਜ਼ਨੀ ਤੇ ਕਾਬਲ ਦੇ ਸ਼ਾਹੀ ਝਗੜਿਆਂ ਦੇ ਦਿਨੀਂ ਕਾਬਲ ਦਾ ਰਹਿਣ ਵਾਲਾ ਇਕ ਮੌਲਵੀ ਵਜੀਹ-ਉੱਦੀਨ ਭੀ ਕਾਬਲ ਤੋਂ ਮੁਲਤਾਨ ਦੇ ਜ਼ਿਲੇ ਵਿਚ ਨਗਰ ਕਰੋਰ ਵਿਚ ਆ ਵੱਸਿਆ। ਇਹ ਮੌਲਵੀ ਹਜ਼ਰਤ ਮੁਹੰਮਦ ਸਾਹਿਬ ਦੇ ਚਾਚਾ ਹਜ਼ਰਤ ਅੱਬਾਸ ਦੇ ਖ਼ਾਨਦਾਨ ਵਿੱਚੋਂ ਸੀ। ਇਸ ਮੌਲਵੀ ਨੇ ਹਜ਼ਰਤ ਅਲੀ ਦੇ ਖ਼ਾਨਦਾਨ ਦੇ ਇਕ ਸੱਯਦ ਮੁਹੰਮਦ ਅਬਦੁੱਲਾ ਸ਼ਾਹ ਦੀ ਲੜਕੀ ਬੀਬੀ ਮਰੀਅਮ ਨੂੰ ਆਪਣੀ ਲੜਕੀ ਬਣਾ ਕੇ ਪਾਲਿਆ ਹੋਇਆ ਸੀ। ਕਾਬਲ ਤੋਂ ਚੱਲਣ ਵੇਲੇ ਇਸ ਲੜਕੀ ਨੂੰ ਭੀ ਇਹ ਮੌਲਵੀ ਆਪਣੇ ਨਾਲ ਲੈ ਆਇਆ।

ਜਦੋਂ ਬੀਬੀ ਮਰੀਅਮ ਜਵਾਨ ਹੋਈ ਤਾਂ ਮੌਲਵੀ ਵਜੀਹ-ਉੱਦੀਨ ਨੇ ਇਸ ਦੀ ਸ਼ਾਦੀ ਸ਼ੇਖ਼ ਸ਼ਈਬ ਦੇ ਵੱਡੇ ਪੁੱਤਰ ਜਮਾਲੁੱਦੀਨ ਨਾਲ ਕਰ ਦਿੱਤੀ। ਇਨ੍ਹਾਂ ਦੇ ਘਰ ਤਿੰਨ ਲੜਕੇ ਪੈਦਾ ਹੋਏ ਤੇ ਇਕ ਲੜਕੀ। ਦੂਜੇ ਪੁੱਤਰ ਦਾ ਨਾਮ ਫ਼ਰੀਦੁੱਦੀਨ ਮਸਊਦ ਸੀ। ਇਹ ਹਿਜਰੀ ੫੬੯ ਦੇ ਮਹੀਨਾ ਰਮਜ਼ਾਨ ਦੀ ਪਹਿਲੀ ਤਰੀਕ ਨੂੰ ਪੈਦਾ ਹੋਏ। ਤਦੋਂ ਸੰਨ ਈਸਵੀ ੧੧੭੩ ਸੀ।



WWW.SIKHBOOKCLUB.COM 

੧੬ ਸਾਲ ਦੀ ਉਮਰ ਵਿਚ ਫ਼ਰੀਦ ਜੀ ਮਾਪਿਆਂ ਦੇ ਨਾਲ ਹੱਜ ਕਰਨ ਲਈ ਮੱਕੇ ਸ਼ਰੀਫ ਗਏ। ਵਾਪਸ ਆ ਕੇ ਇਸਲਾਮੀ ਤਾਲੀਮ ਹਾਸਲ ਕਰਨ ਲਈ ਕਾਬਲ ਭੇਜੇ ਗਏ। ਤਾਲੀਮ ਪੂਰੀ ਕਰ ਕੇ ਜਦੋਂ ਇਹ ਮੁਲਤਾਨ ਵਾਪਸ ਆਏ, ਤਾਂ ਇੱਥੇ ਇਨ੍ਹਾਂ ਨੂੰ ਦਿੱਲੀ ਵਾਲੇ ਖ਼ਵਾਜਾ ਕੁਤਬੁੱਦੀਨ ਬਖ਼ਤੀਆਰ ਉਸ਼ੀ ਦੇ ਦਰਸ਼ਨ ਹੋਏ। ਫ਼ਰੀਦ ਜੀ ਖ਼ਵਾਜਾ ਜੀ ਦੇ ਮੁਰੀਦ ਬਣ ਗਏ। ਮੁਰਸ਼ਿਦ ਦੇ ਹੁਕਮ ਅਨੁਸਾਰ ਕੁਝ ਚਿਰ ਫ਼ਰੀਦ ਜੀ ਹਾਂਸੀ ਤੇ ਸਰਸੇ ਭੀ ਇਸਲਾਮੀ ਵਿੱਦਿਆ ਪੜ੍ਹਦੇ ਰਹੇ। ਜਦੋਂ ਖ਼ਵਾਜਾ ਕੁਤਬੁੱਦੀਨ ਜੀ ਚੜ੍ਹਾਈ ਕਰ ਗਏ, ਤਾਂ ਫ਼ਰੀਦ ਜੀ ਅਜੋਧਨ ਆ ਟਿਕੇ, ਜਿਸ ਨੂੰ ਹੁਣ ਪਾਕਪਟਨ ਆਖਦੇ ਹਨ। ਇਸ ਵਕਤ ਤਕ ਫ਼ਰੀਦ ਜੀ ਦੀ ਸ਼ਾਦੀ ਹੋ ਚੁੱਕੀ ਸੀ। ਫ਼ਰੀਦ ਜੀ ਦੇ ਛੇ ਲੜਕੇ ਤੇ ਦੋ ਲੜਕੀਆਂ ਸਨ। ਵੱਡੇ ਪੁੱਤਰ ਦਾ ਨਾਮ ਸ਼ੇਖ਼ ਬਦਰੁੱਦੀਨ ਸੁਲੇਮਾਨ ਸੀ। ਬਾਬਾ ਫ਼ਰੀਦ ਜੀ ਦੇ ਪਿੱਛੋਂ ਇਹੀ ਉਨ੍ਹਾਂ ਦੀ ਗੱਦੀ ਤੇ ਬੈਠੇ।

ਬਾਬਾ ਫ਼ਰੀਦ ਜੀ ਨੇ ਹਿਜਰੀ ੬੪੪ ਦੇ ਮਹੀਨਾ ਮੁਹੱਰਮ ਦੀ ੫ ਤਰੀਕ ਨੂੰ (ਸੰਨ ਈਸਵੀ ੧੨੬੬) ੯੩ ਸਾਲ ਦੀ ਉਮਰ ਵਿਚ ਆਪਣੇ ਪਿੰਡ ਅਜੋਧਨ (ਪਾਕਪਟਨ) ਵਿਚ ਚਲਾਣਾ ਕੀਤਾ।

ਸ਼ੇਖ਼ ਬ੍ਰਹਮ, ਜਿਸ ਨੂੰ ਗੁਰੂ ਨਾਨਕ ਦੇਵ ਜੀ 'ਤੀਸਰੀ ਉਦਾਸੀ' ਸਮੇ ਪਾਕਪਟਨ ਮਿਲੇ ਸਨ, ਬਾਬਾ ਫ਼ਰੀਦ ਜੀ ਦੇ ਖ਼ਾਨਦਾਨ ਵਿਚ ਯਾਰ੍ਹਵੇਂ ਥਾਂ ਸੀ। ਜਦੋਂ ਅਮੀਰ ਤੈਮੂਰ ਆਪਣੇ ਹਮਲੇ ਸਮੇ ਸੰਨ ੧੩੯੮ ਵਿਚ ਅਜੋਧਨ ਆਇਆ ਸੀ ਤਦੋਂ ਬਾਬਾ ਫ਼ਰੀਦ ਜੀ ਦਾ ਪੋਤਰਾ ਹਜ਼ਰਤ ਅਲਾਉੱਦੀਨ ਮੌਜਦਰੀਆ ਗੱਦੀ ਤੇ ਸੀ।

ਸ਼ੇਖ਼ ਬ੍ਰਹਮ ਬਾਬਾ ਫ਼ਰੀਦ ਜੀ ਦੀ ਗੱਦੀ ਤੇ ਸੰਨ ੧੫੧੦ ਵਿਚ ਬੈਠੇ ਸਨ ਤੇ ੪੨ ਸਾਲ ਰਹਿ ਕੇ ਸੰਨ ੧੫੫੨ ਵਿਚ ਇਨ੍ਹਾਂ ਚੜ੍ਹਾਈ ਕੀਤੀ। ਸਰਹੰਦ ਵਿਚ ਇਨ੍ਹਾਂ ਦਾ ਮਕਬਰਾ ਹੈ। ਗੁਰੂ ਨਾਨਕ ਦੇਵ ਜੀ ਨੇ ਸ਼ੇਖ਼ ਬ੍ਰਹਮ ਪਾਸੋਂ ਹੀ ਬਾਬਾ ਫ਼ਰੀਦ ਜੀ ਦੀ ਸਾਰੀ ਬਾਣੀ ਹਾਸਲ ਕੀਤੀ ਸੀ।

## ਬਾਬਾ ਜੀ ਗੰਜ ਸ਼ਕਰ

ਬਾਬਾ ਫ਼ਰੀਦ ਜੀ ਦੇ ਨਾਮ ਨਾਲ ਉਨ੍ਹਾਂ ਦੇ ਨਾਮ-ਲੇਵਾ ਲਫ਼ਜ਼ 'ਗੰਜ ਸ਼ਕਰ' ਵਰਤਦੇ ਹਨ। ਬਾਬਾ ਜੀ ਦੇ ਜੀਵਨ ਵਿਚ ਇਤਨੀ ਖਿੱਚ ਤੇ ਮਿਠਾਸ ਸੀ ਕਿ ਉਨ੍ਹਾਂ ਦੇ ਕੋਲ ਬੈਠਣ ਵਾਲਿਆਂ ਨੂੰ ਠੰਢ ਪੈਂਦੀ ਸੀ। ਉਨ੍ਹਾਂ ਦੇ ਜੀਵਨ



WWW.SIKHBOOKCLUB.COM 

ਦੀ ਛੁਹ ਨਾਲ ਲੱਖਾਂ ਬੰਦਿਆਂ ਨੂੰ ਜ਼ਿੰਦਗੀ ਦਾ ਸਹੀ ਰਾਹ ਲੱਭਾ। ਨਿਮ੍ਰਤਾ ਤੇ ਮਿਠਾਸ ਇਕ ਐਸਾ ਗੁਣ ਹੈ ਜੋ ਹੋਰ ਸਾਰੇ ਇਨਸਾਨੀ ਗੁਣਾਂ ਦਾ ਸੋਮਾ ਹੈ, ਹੋਰ ਸਾਰੀਆਂ ਚੰਗਿਆਈਆਂ ਦਾ ਤੱਤ ਹੈ।

## ਬਾਬਾ ਫ਼ਰੀਦ ਜੀ ਦੀ ਬਾਣੀ

ਗੁਰੂ ਨਾਨਕ ਦੇਵ ਜੀ ਨੇ ਸ਼ੇਖ਼ ਬ੍ਰਹਮ ਪਾਸੋਂ ਬਾਬਾ ਫ਼ਰੀਦ ਜੀ ਦੀ ਜਿਹੜੀ ਬਾਣੀ ਲਈ ਸੀ ਉਸ ਦਾ ਵੇਰਵਾ ਇਉਂ ਹੈ—

*(੧) ੧੧੨ ਸਲੋਕ*

ਗੁਰੂ ਗ੍ਰੰਥ ਸਾਹਿਬ ਵਿਚ ਦਰਜ ਇਨ੍ਹਾਂ ਸਲੋਕਾਂ ਦੇ ਨਾਲ ੧੮ ਸਲੋਕ ਗੁਰੂ ਨਾਨਕ ਦੇਵ, ਗੁਰੂ ਅਮਰਦਾਸ, ਗੁਰੂ ਰਾਮਦਾਸ ਅਤੇ ਗੁਰੂ ਅਰਜਨ ਸਾਹਿਬ ਦੇ ਹਨ।

| | |
|---|---|
| ਸਲੋਕ ਨੰ: ੧੩ ਗੁਰੂ ਅਮਰਦਾਸ ਜੀ— | ੧ |
| ਸਲੋਕ ਨੰ: ੩੨ ਗੁਰੂ ਨਾਨਕ ਦੇਵ ਜੀ— | ੧ |
| ਸਲੋਕ ਨੰ: ੫੨ ਗੁਰੂ ਅਮਰਦਾਸ ਜੀ— | ੧ |
| ਸਲੋਕ ਨੰ: ੧੨੧ ਗੁਰੂ ਰਾਮਦਾਸ ਜੀ— | ੧ |
| ਸਲੋਕ ਨੰ: ੭੫, ੮੨, ੮੩ ਗੁਰੂ ਅਰਜਨ ਸਾਹਿਬ ਜੀ— | ੩ |
| ਸਲੋਕ ਨੰ: ੧੧੩, ੧੨੦, ੧੨੪ ਗੁਰੂ ਨਾਨਕ ਦੇਵ ਜੀ— | ੩ |
| ਸਲੋਕ ਨੰ: ੧੦੪, ੧੨੨, ੧੨੩ ਗੁਰੂ ਅਮਰਦਾਸ ਜੀ— | ੩ |
| ਸਲੋਕ ਨੰ: ੧੦੫, ੧੦੮, ੧੦੯, ੧੧੦, ੧੧੧ ਗੁਰੂ ਅਰਜਨ ਸਾਹਿਬ ਜੀ— | ੫ |
| ਜੋੜ | ੧੮ |

੧੮+੧੧੨=੧੩੦, ਕੁੱਲ ਜੋੜ ਸਲੋਕਾਂ ਦਾ।

*(੨) ਸ਼ਬਦ*—ਰਾਗ ਆਸਾ ਵਿਚ ਦੋ ਸ਼ਬਦ, ਰਾਗ ਸੂਹੀ ਵਿਚ ਦੋ ਸ਼ਬਦ। ਕੁਲ ੪ ਸ਼ਬਦ।

## ਪਾਕਪਟਨ ਤੋਂ ਕੁਲੰਭੇ

ਲਾਹੌਰ ਤੋਂ ਜਰਨੈਲੀ ਸੜਕ ਸਿੱਧੀ ਮੁਲਤਾਨ ਨੂੰ ਜਾਂਦੀ ਹੈ। ਉਸ



WWW.SIKHBOOKCLUB.COM

ਜਰਨੈਲੀ ਸੜਕ ਉੱਤੇ ਲਾਹੌਰ ਤੋਂ ਦੋ ਕੁ ਸੌ ਮੀਲਾਂ ਦੀ ਵਿੱਥ ਤੇ ਤੁਲੰਭਾ ਇਕ ਬੜਾ ਪੁਰਾਣਾ ਸ਼ਹਿਰ ਹੈ। ਪਾਕਪਟਨ ਤੋਂ ਸਤਿਗੁਰੂ ਜੀ ਨੇ ਭਾਈ ਮਰਦਾਨੇ ਸਮੇਤ ਤੁਲੰਭੇ ਵਲ ਦਾ ਰੁਖ਼ ਕੀਤਾ।

ਹੁਣ ਤੁਲੰਭੇ ਨੂੰ ਦੋ ਰੇਲ ਦੇ ਸਟੇਸ਼ਨ ਲੱਗਦੇ ਹਨ। ਮੀਆਂ ਚੰਨੂੰ ਅਤੇ ਅਬਦੁਲ-ਹਕੀਮ। ਮੀਆਂ ਚੰਨੂੰ ਤੋਂ ਤੁਲੰਭਾ ੧੨ ਮੀਲ ਹੈ ਅਤੇ ਅਬਦੁਲ-ਹਕੀਮ ਤੋਂ ੭ ਮੀਲ। ਸਟੇਸ਼ਨ ਮੀਆਂ ਚੰਨੂੰ ਉਸ ਲਾਈਨ ਤੇ ਹੈ ਜੋ ਲਾਹੌਰ ਤੋਂ ਖ਼ਾਨੇਵਾਲ ਨੂੰ ਜਾਂਦੀ ਹੈ, ਅਬਦੁਲ-ਹਕੀਮ ਉਸ ਲਾਈਨ ਉੱਤੇ, ਜੋ ਲਾਇਲਪੁਰ-ਸ਼ੋਰਕੋਟ ਵਲੋਂ ਖ਼ਾਨੇਵਾਲ ਨੂੰ। ਤੁਲੰਭਾ ਇਨ੍ਹਾਂ ਦੋਹਾਂ ਲਾਈਨਾਂ ਦੇ ਵਿਚਕਾਰ ਜਿਹੇ ਹੈ। ਲਾਹੌਰ ਤੋਂ ਜਾਂਦਿਆਂ ਪਹਿਲਾਂ ਤੁਲੰਭਾ ਆਉਂਦਾ ਹੈ। ਇਸ ਤੋਂ ਅਗਾਂਹ ੧੦ ਕੁ ਮੀਲ ਦੀ ਵਿੱਥ ਤੇ ਮਖ਼ਦੂਮਪੁਰਾ ਹੈ। ਮਖ਼ਦੂਮਪੁਰੇ ਤੋਂ ਮੀਲ ਕੁ ਦੀ ਵਿੱਥ ਤੇ ਚੜ੍ਹਦੇ ਪਾਸੇ ਵਲ ਜੰਗਲ ਵਿਚ ਸੱਜਣ ਨਗਰੀ ਹੈ। ਇਹ ਨਗਰੀ ਤੁਲੰਭੇ ਤੋਂ ੯ ਮੀਲਾਂ ਦੀ ਵਿੱਥ ਤੇ ਹੈ।

ਸ਼ਾਹੀ ਸੜਕ ਉੱਤੇ ਰਾਹੀ-ਮੁਸਾਫ਼ਰਾਂ ਦੀ ਆਮ ਆਵਾ-ਜਾਈ ਤਾਂ ਹੋਣੀ ਹੀ ਹੋਈ। ਸੜਕ ਉੱਤੇ ਵੱਸਦੇ ਨਗਰਾਂ ਦੇ ਕਈ ਸਰਦੇ-ਪੁੱਜਦੇ ਤੇ ਖ਼ੁਦਾ-ਤਰਸ ਬੰਦੇ ਰਾਹੀਆਂ ਦੇ ਸੁਖ-ਅਰਾਮ ਵਾਸਤੇ ਨਗਰ ਦੇ ਨੇੜੇ ਜਾਂ ਕੁੱਝ ਹਟਵੇਂ ਮੁਸਾਫ਼ਰਖ਼ਾਨੇ ਬਣਾ ਦਿਆ ਕਰਦੇ ਹਨ, ਜਿੱਥੇ ਮੁਸਾਫ਼ਰ ਲੋੜ ਅਨੁਸਾਰ ਅਰਾਮ ਕਰ ਸਕਣ। ਤੁਲੰਭੇ ਭੀ ਇਕ ਸੱਜਣ ਨਾਮ ਮਨੁੱਖ ਨੇ ਜੰਗਲ ਵਿਚ ਮਖ਼ਦੂਮਪੁਰੇ ਤੋਂ ਹਟਵਾਂ ਇਕ ਮੁਸਾਫ਼ਰਖ਼ਾਨਾ ਬਣਵਾਇਆ ਹੋਇਆ ਸੀ। ਸੱਜਣ ਇਕ ਪਰਹੇਜ਼ਗਾਰ ਬੰਦਾ ਸੀ, ਖ਼ਲਕਤ ਦੀ ਖ਼ਿਦਮਤ ਕਰਨ ਵਿਚ ਦਿਲਚਸਪੀ ਲੈਂਦਾ ਸੀ, ਇਸ ਵਾਸਤੇ ਨਗਰ ਦੇ ਲੋਕ ਉਸ ਦੀ ਇੱਜ਼ਤ ਕਰਦੇ ਸਨ ਅਤੇ ਉਸ ਨੂੰ 'ਸ਼ੇਖ਼ ਜੀ, ਸ਼ੇਖ਼ ਜੀ' ਆਖ ਕੇ ਬੁਲਾਂਦੇ ਸਨ।

ਪਰ ਦੁਨੀਆ ਵਿਚ ਬੜੀ ਤਿਲ੍ਹਕਣ-ਬਾਜ਼ੀ ਹੈ। ਪਤਾ ਹੀ ਨਹੀਂ ਲੱਗਦਾ ਕਿ ਮਨੁੱਖ ਕਿਹੜੇ ਵੇਲੇ ਰਾਹੋਂ ਕੁਰਾਹੇ ਜਾ ਪੈਂਦਾ ਹੈ। ਖ਼ਲਕਤ ਦੀ ਖ਼ਿਦਮਤ ਕਰਦੇ ਕਰਦੇ ਬੰਦੇ ਬੇ-ਮਲੂਮੇ ਜਿਹੇ ਹੀ ਕਿਸੇ ਲਾਲਚ ਦੇ ਅੱੜੇ ਚੜ੍ਹ ਕੇ ਖ਼ਲਕਤ ਦਾ ਲਹੂ ਪੀਣ ਵਾਲੇ ਰਾਹੇ ਪੈ ਜਾਂਦੇ ਹਨ। ਇਹੀ ਹਾਲ ਹੋਇਆ ਸੱਜਣ ਦਾ। ਸੱਜਣ ਦਾ ਮੁਸਾਫ਼ਰਖ਼ਾਨਾ ਨਗਰ ਤੋਂ ਵਿੱਥ ਤੇ ਸੀ, ਰਤਾ ਲੁੱਗਾ ਜਿਹਾ ਹੀ। ਕਈ ਸਾਥੀ ਭੀ ਭੈੜੇ ਮਿਲ ਗਏ। ਉਨ੍ਹਾਂ ਨਾਲ ਰਲ ਕੇ ਇਕੱਲੇ-ਦੁਕੱਲੇ ਰਾਹੀ ਦੀ ਪੱਲੇ-ਝਾੜ ਕਰਨ ਲਈ ਰਾਹੀਆਂ ਨੂੰ ਜਾਨੋਂ ਮਾਰਨਾ ਸ਼ੁਰੂ ਕਰ ਦਿੱਤੋਸੁ।



WWW.SIKHBOOKCLUB.COM 

ਨਗਰੋਂ ਦੁਰੇਡੇ ਹੋਣ ਕਰਕੇ ਖ਼ਬਰ ਕਿਤੇ ਬਾਹਰ ਨਾ ਨਿਕਲਦੀ ਰਹੀ। ਨਗਰ ਵਿਚ ਸੱਜਣ ਭਲਾ ਮਨੁੱਖ ਹੀ ਸਮਝਿਆ ਜਾਂਦਾ ਰਿਹਾ।

ਸਤਿਗੁਰੂ ਨਾਨਕ ਦੇਵ ਜੀ ਭਾਈ ਮਰਦਾਨੇ ਸਮੇਤ ਉਸ ਮੁਸਾਫ਼ਰਖ਼ਾਨੇ ਵਿਚ ਰਾਤ ਕੱਟਣ ਲਈ ਪਹੁੰਚ ਗਏ। ਪਰ ਉਥੋਂ ਦੇ ਸੇਵਕਾਂ ਦੇ ਚਿਹਰੇ ਤੋਂ ਉਨ੍ਹਾਂ ਨੇ ਤਾੜ ਲਿਆ ਕਿ ਸੱਜਣ ਅਤੇ ਉਸ ਦੇ ਸਾਥੀ ਮਨੁੱਖਤਾ ਦੇ ਰਸਤੇ ਤੋਂ ਦੂਰ ਜਾ ਪਏ ਹੋਏ ਸਨ। ਉਹ ਭੀ ਗੁਰੂ ਨਾਨਕ ਦੇਵ ਜੀ ਦੇ ਚਿਹਰੇ ਉੱਤੇ ਨੂਰ ਵੇਖ ਕੇ ਇਹ ਸਮਝ ਬੈਠੇ ਕਿ ਇਨ੍ਹਾਂ ਦੇ ਪੱਲੇ ਕਾਫ਼ੀ ਪੈਸਾ ਹੈ, ਜਿਸ ਕਰਕੇ ਚਿਹਰਾ ਚਮਕ ਰਿਹਾ ਹੈ।

ਇਹ ਸਾਖੀ ਸਿੱਖ-ਇਤਿਹਾਸ ਵਿਚ ਬੜੀ ਪਰਸਿੱਧ ਹੈ। ਵੇਖਣ ਨੂੰ ਭਗਤ ਦਿੱਸਦੇ ਬੰਦੇ ਦੇ ਖੋਟੇ ਜੀਵਨ ਨੂੰ ਵੇਖ ਕੇ ਲੋਕ ਉਸ ਨੂੰ ਸੱਜਣ ਠੱਗ ਆਖਣ ਲੱਗ ਪਏ ਸਨ। ਸ਼ੇਖ਼ ਸੱਜਣ ਦਾ ਖੋਟ ਤਾੜ ਕੇ ਸਤਿਗੁਰੂ ਜੀ ਨੇ ਉਸ ਨੂੰ ਰਾਹੀਂ ਰਾਹੀਂ ਸਮਝਾਨਾ ਸ਼ੁਰੂ ਕੀਤਾ। ਕੋਹ ਸਿੰਬਲ ਆਦਿਕ ਦ੍ਰਿਸ਼ਟਾਂਤ ਦੇ ਕੇ ਉਸ ਦਾ ਅੰਦਰਲਾ ਖੋਟ ਉਸ ਦੇ ਸਾਮ੍ਹਣੇ ਲਿਆਂਦੋ ਨੇ। ਜਦੋਂ ਭਾਈ ਮਰਦਾਨੇ ਦੀ ਵੱਜਦੀ ਰਬਾਬ ਨਾਲ ਸਤਿਗੁਰੂ ਜੀ ਨੇ ਸ਼ਬਦ ਗਾਇਆ ਤਾਂ ਸੱਜਣ ਦੇ ਭਾਗ ਜਾਗ ਪਏ, ਉਸ ਨੂੰ ਹੋਸ਼ ਆ ਗਈ। ਸੱਜਣ ਸਤਿਗੁਰੂ ਜੀ ਦੇ ਪੈਰਾਂ ਤੇ ਡਿੱਗ ਪਿਆ, ਪਿਛਲੇ ਕੀਤੇ ਗੁਨਾਹਾਂ ਦੀ ਮਾਫ਼ੀ ਮੰਗ ਕੇ ਅਗਾਂਹ ਨੂੰ ਜੀਵਨ ਸੁਧਾਰਨ ਦਾ ਇਕਰਾਰ ਕਰਨ ਲੱਗਾ।

ਪਰ ਗੁਰੂ ਨਾਨਕ ਪਾਤਿਸ਼ਾਹ ਸੀ ਪੂਰਾ ਵੈਦ। ਰਿਸ਼ਵਤ, ਬੇਈਮਾਨੀ ਆਦਿਕ ਕਈ ਖੋਟੇ ਤਰੀਕੇ ਵਰਤ ਕੇ ਮਨੁੱਖ ਕਾਫ਼ੀ ਧਨ ਜੋੜ ਲੈਂਦਾ ਹੈ। ਰੋਜ਼ੀ ਵਲੋਂ ਬੇ-ਫ਼ਿਕਰੀ ਹੋ ਜਾਣ ਤੇ ਫਿਰ ਉਹ ਆਪਣੇ ਵਲੋਂ ਸੁਧਰਨ ਦੇ ਰਾਹੇ ਪੈਂਦਾ ਹੈ, ਭਜਨ-ਬੰਦਗੀ ਸ਼ੁਰੂ ਕਰ ਦੇਂਦਾ ਹੈ, ਦਾਨ-ਪੁੰਨ ਕਰਦਾ ਹੈ, ਖ਼ਲਕਤ ਦੀ ਸੇਵਾ ਭੀ ਕਰਦਾ ਹੈ। ਲੋਕ ਖ਼ਿਆਲ ਕਰਨ ਲੱਗ ਪੈਂਦੇ ਹਨ ਕਿ ਉਹ ਹੁਣ ਸੁਧਰ ਗਿਆ ਹੈ। ਉਹ ਭੀ ਸਮਝਦਾ ਹੈ ਕਿ ਮੈਂ ਹੁਣ ਸੁਧਰ ਗਿਆ ਹਾਂ। ਪਰ ਇਹ ਨਹੀਂ ਹੈ ਸੁਧਾਰ। ਅਸਲ ਵਿਚ ਜਾਂ ਇਹ ਅਜੇ ਭੀ ਠੱਗੀ ਹੈ, ਜਾਂ ਪੁੱਜ ਕੇ ਬੁੱਧੂਪੁਣਾ। ਜਦ ਤਕ ਲੋਕਾਂ ਦੇ ਲਹੂ ਤੋਂ ਹੀ ਇਕੱਠਾ ਕੀਤਾ ਹੋਇਆ ਧਨ ਰੋਜ਼ੀ ਦਾ ਵਸੀਲਾ ਹੈ, ਤਦ ਤਕ ਖ਼ਲਕਤ ਦਾ ਖ਼ੂਨ ਪੀਣ ਵਾਲੇ ਸੰਸਕਾਰ ਮਨ ਵਿਚ ਤਾਜ਼ਾ ਰਹਿੰਦੇ ਹਨ। ਇਕੋ ਮਨ ਵਿਚ ਖ਼ਲਕਤ ਦੀ ਸੇਵਾ ਅਤੇ ਖ਼ਲਕਤ ਦਾ ਲਹੂ ਪੀਣ ਦੇ ਸੰਸਕਾਰਾਂ ਦਾ ਮੇਲ ਕਿਵੇਂ ਹੋਵੇ ?



WWW.SIKHBOOKCLUB.COM 

ਜਿਹੜੇ ਬੰਦੇ ਸੱਜਣ ਅਤੇ ਉਸ ਦੇ ਸਾਥੀਆਂ ਦੇ ਹੱਥੋਂ ਜਾਨ ਗਵਾ ਬੈਠੇ ਸਨ, ਉਹ ਤਾਂ ਮੁੜ ਆ ਹੀ ਨਹੀਂ ਸਕਦੇ ਸਨ। ਸਤਿਗੁਰੂ ਜੀ ਨੇ ਸੱਜਣ ਨੂੰ ਸਮਝਾਇਆ ਕਿ ਜੇ ਕੁਰਾਹੋਂ ਹਟਣ ਦੇ ਭਾਗ ਜਾਗੇ ਹਨ, ਤਾਂ ਮੁੜ ਉਸੇ ਟਿਕਾਣੇ ਤੋਂ ਤੁਰਨਾ ਪਏਗਾ ਜਿਥੇ ਰਸਤਾ ਖੁੰਝ ਗਿਆ ਸੀ।

ਸੱਜਣ ਨੇ ਉਹ ਸਾਰਾ ਹੀ ਧਨ ਵੰਡ-ਵੰਡਾ ਦਿੱਤਾ, ਖੁਲ੍ਹਮ-ਖੁਲ੍ਹਾ ਆਪਣੇ ਕੀਤੇ ਗੁਨਾਹਾਂ ਦਾ ਇਕਬਾਲ ਕੀਤੋਸੁ, ਅਤੇ ਅਗਾਂਹ ਨੂੰ ਦਸਾਂ ਨਹੁੰਆਂ ਦੀ ਕਮਾਈ ਸ਼ੁਰੂ ਕੀਤੀਓਸੁ। ਸਤਿਗੁਰੂ ਜੀ ਦੀ ਆਗਿਆ ਪਾ ਕੇ ਸੱਜਣ ਨੇ ਨਗਰ ਤੁਲੰਭੇ ਵਿਚ ਆਪਣਾ ਨਿਵਾਸ ਬਣਾਇਆ ਅਤੇ ਨੇਕ ਕਮਾਈ ਕਰਦਿਆਂ ਹੋਇਆਂ ਧਰਮ ਦਾ ਪਰਚਾਰ ਸ਼ੁਰੂ ਕੀਤਾ। ਉਸ ਇਲਾਕੇ ਦੇ ਨੇੜੇ-ਤੇੜੇ ਤੁਲੰਭਾ ਹੀ ਇਕ ਵੱਡਾ ਤੇ ਪਰਸਿੱਧ ਨਗਰ ਸੀ, ਜਿੱਥੇ ਸੱਜਣ ਸੇਵਾ-ਪਰਚਾਰ ਦਾ ਕੰਮ ਫਬਵੇਂ ਤਰੀਕੇ ਨਾਲ ਕਰ ਸਕਦਾ ਸੀ।

### ਹਾਜੀਆਂ ਨਾਲ

ਮੱਕੇ ਜਾਣ ਵਾਸਤੇ ਇਹ ਜ਼ਰੂਰੀ ਸੀ ਕਿ ਸਤਿਗੁਰੂ ਜੀ ਹਾਜੀਆਂ ਦੇ ਕਿਸੇ ਕਾਫ਼ਲੇ ਦੇ ਨਾਲ ਸ਼ਾਮਲ ਹੋਣ। ਜਿਵੇਂ ਹਰਿਦੁਆਰ ਆਦਿਕ ਹਿੰਦੂ ਤੀਰਥਾਂ ਉੱਤੇ ਅੱਪੜ ਕੇ ਹੀ ਸ਼ਰਧਾਲੂ ਯਾਤ੍ਰੀਆਂ ਨੂੰ ਉਨ੍ਹਾਂ ਦੀ ਉਕਾਈ ਦੱਸੀ ਜਾ ਸਕਦੀ ਸੀ, ਇਸੇ ਤਰ੍ਹਾਂ ਮੱਕੇ ਜਾ ਕੇ ਹੀ ਹਾਜੀਆਂ ਨੂੰ ਇਹ ਨਿਸ਼ਚਾ ਕਰਾਇਆ ਜਾ ਸਕਦਾ ਸੀ ਕਿ ਰੱਬ ਦਾ ਘਰ ਨਿਰਾ ਕਾਅਬਾ ਹੀ ਨਹੀਂ ਹੈ। ਜਿਵੇਂ ਪਹਿਲੀ 'ਉਦਾਸੀ' ਸਮੇ ਸਾਦਾ ਤੋਂ ਸਾਦਾ ਲਿਬਾਸ ਰੱਖਿਆ ਜਾ ਸਕਦਾ ਸੀ ਤਿਵੇਂ ਹੀ ਇਸ ਲੰਮੇ ਪੈਂਡੇ ਵਿਚ ਭੀ।

ਹਾਜੀਆਂ ਦੇ ਕਾਫ਼ਲੇ ਨਾਲ ਰਲ ਕੇ ਗੁਰੂ ਨਾਨਕ ਦੇਵ ਜੀ ਭਾਈ ਮਰਦਾਨੇ ਸਮੇਤ ਮੁਲਤਾਨ, ਬਹਾਵਲਪੁਰ; ਸੱਖਰ, ਸ਼ਿਕਾਰਪੁਰ ਦੇ ਰਸਤੇ ਲਾਸਾ-ਬੇਲਾ ਅਤੇ ਮੇਕਰਾਨ ਦੇ ਇਲਾਕਿਆਂ ਵਿਚੋਂ ਦੀ ਲੰਘੇ। ਇਹ ਦੋਵੇਂ ਇਲਾਕੇ ਬਲੋਚਿਸਤਾਨ ਅਤੇ ਉਸ ਦੇ ਨਾਲ ਲੱਗਦੇ ਮੁਲਕ ਈਰਾਨ ਦੇ ਦੱਖਣ ਵੱਲ ਸਮੁੰਦਰੀ ਕੰਢੇ ਦੇ ਨਾਲ ਨਾਲ ਹਨ।

ਪੰਦਰ੍ਹਵੀਂ ਸੋਲ੍ਹਵੀਂ ਸਦੀ ਵਿਚ ਭੀ ਸਮੁੰਦਰਾਂ ਵਿਚ ਜਹਾਜ਼ ਚੱਲਦੇ ਸਨ। ਅਰਬ ਦੇਸ ਦੇ ਜਹਾਜ਼ੀ ਲੋਕ ਚੀਨ ਤਕ ਤਜਾਰਤ-ਵਪਾਰ ਜਹਾਜ਼ਾਂ ਦੀ ਰਾਹੀਂ ਹੀ ਕਰਦੇ ਸਨ। ਫਿਰ ਭੀ ਸਮੁੰਦਰੀ ਸਫ਼ਰ ਵਿਚ ਖ਼ਤਰੇ ਭੀ ਹੁੰਦੇ ਹਨ।



WWW.SIKHBOOKCLUB.COM 

ਹਿੰਦੁਸਤਾਨ ਦੇ ਹਾਜੀ ਲੋਕ ਲਾਸਾ-ਬੇਲਾ ਤੇ ਮੇਕਰਾਨ ਵਿਚੋਂ ਦੀ ਲੰਘ ਕੇ ਘੱਟ ਤੋਂ ਘੱਟ ਸਮੁੰਦਰੀ ਸਫ਼ਰ ਕਰਿਆ ਕਰਦੇ ਸਨ। ਮੇਕਰਾਨ ਦੱਖਣ ਵਿਚ ਪਰਸਿੱਧ ਸ਼ਹਿਰ ਠੱਟਾ ਸੀ। ਉਥੋਂ ਹੋਰ ਦੱਖਣ ਪਾਸੇ ਹਿੰਗਲਾਜ। ਹਿੰਗਲਾਜ[1] ਤੋਂ ਦੱਖਣ ਵਲ ਸਮੁੰਦਰ ਨੇੜੇ ਹੀ ਹੈ। ਮੱਕੇ ਨੂੰ ਜਾਣ ਵਾਲੇ ਹਾਜੀ ਇਥੋਂ ਜਹਾਜ਼ ਤੇ ਚੜ੍ਹਿਆ ਕਰਦੇ ਸਨ।

**ਕਾਅਬਾ (ਕਾਬਾ)**

ਅਰਬ ਦੇਸ ਦੇ ਮੱਕੇ ਸ਼ਹਿਰ ਵਿਚ ਕਾਅਬਾ ਮੁਸਲਮਾਨਾਂ ਦਾ ਧਰਮ-ਮੰਦਰ ਹੈ। ਇਸਲਾਮੀ ਕਿਤਾਬਾਂ ਅਨੁਸਾਰ ਪਹਿਲਾਂ ਪਹਿਲ ਇਸ ਮੰਦਰ ਨੂੰ ਹਜ਼ਰਤ ਆਦਮ ਨੇ ਬਣਾਇਆ ਸੀ। ਜਦੋਂ ਹਜ਼ਰਤ ਨੂਹ ਦੇ ਵੇਲੇ ਭਾਰੀ ਤੂਫ਼ਾਨ ਆਇਆ ਸੀ, ਤਦੋਂ ਇਸ ਪਰਲੋ ਵਿਚ ਇਹ ਮੰਦਰ ਭੀ ਢਹਿ ਗਿਆ ਸੀ। ਮੁੜ ਇਸ ਨੂੰ ਹਜ਼ਰਤ ਇਬਰਾਹੀਮ ਨੇ ਬਣਾਇਆ। ਉਸ ਤੋਂ ਪਿੱਛੋਂ ਇਹ ਕਈ ਵਾਰੀ ਡਿੱਗਿਆ ਤੇ ਕਈ ਵਾਰੀ ਬਣਿਆ। ਇਕ ਵਾਰੀ ਹਜ਼ਰਤ ਮੁਹੰਮਦ ਸਾਹਿਬ ਨੇ ਭੀ ਇਸ ਦੀ ਨੀਂਹ ਰੱਖੀ ਸੀ। ਪਹਿਲਾਂ ਇਸ ਮੰਦਰ ਵਿਚ ਅਨੇਕਾਂ ਬੁੱਤਾਂ ਦੀ ਪੂਜਾ ਹੁੰਦੀ ਸੀ। ਹਜ਼ਰਤ ਮੁਹੰਮਦ ਸਾਹਿਬ ਨੇ ਉਹ ਸਾਰੇ ਬੁੱਤ ਮੰਦਰ ਵਿੱਚੋਂ ਕੱਢ ਦਿੱਤੇ।

SIKHBOOKCLUB.COM

ਸੰਨ ੧੦੪੦ ਵਿਚ ਰੂਮ ਦੇ ਉਸਮਾਨੀ ਬਾਦਸ਼ਾਹ ਸੁਲਤਾਨ ਮੁਰਾਦ ਚੌਥੇ ਨੇ ਕਾਬੇ ਨੂੰ ਨਵੇਂ ਸਿਰੇ ਬਣਾਇਆ ਸੀ। ਉਹ ਇਮਾਰਤ ਹੁਣ ਤਕ ਕਾਇਮ ਹੈ।

---

੧. ਕਿਸੇ ਸਮੇ ਹਿੰਗਲਾਜ ਸਤੀ ਦੇਵੀ ਦਾ ਮੰਦਰ ਸੀ। ਪੁਰਾਣੀ ਸ਼ਰਧਾ ਇਹ ਬਣੀ ਆ ਰਹੀ ਹੈ ਕਿ ਜਦੋਂ ਸਤੀ ਦੇਵੀ ਦੇ ਵੱਖ ਵੱਖ ਅੰਗ ਵੱਖ ਵੱਖ ਥਾਵਾਂ ਤੇ ਜਾ ਡਿੱਗੇ, ਤਦੋਂ ਉਸ ਦਾ ਤਾਲੂ ਹਿੰਗਲਾਜ ਆ ਡਿੱਗਾ ਸੀ।

ਜੇ ਖ਼ੁਸ਼ਕੀ ਦੇ ਰਸਤੇ ਹੀ ਮੱਕੇ ਜਾਣਾ ਹੋਵੇ ਤਾਂ ਮੇਕਰਾਨ ਦੇ ਇਲਾਕੇ ਵਿਚੋਂ ਦੀ ਸਮੁੰਦਰ ਦੇ ਕੰਢੇ ਕੰਢੇ ਜਾ ਕੇ ਉਮਾਨ ਦੀ ਖਾੜੀ ਇਕ ਦਿਨ ਵਿਚ ਪਾਰ ਕਰ ਕੇ ਅਗਾਂਹ ਮੱਕੇ ਨੂੰ ਜਾਇਆ ਜਾ ਸਕਦਾ ਹੈ। ਪਰ ਮੱਕਾ ਅਰਬ ਦੇਸ ਦੇ ਪੱਛਮੀ ਸਮੁੰਦਰੀ ਕੰਢੇ ਤੇ ਹੈ। ਵਿਚਕਾਰਲਾ ਸਾਰਾ ਇਲਾਕਾ ਰੇਤਲਾ ਤੇ ਵੈਰਾਨ ਜਿਹਾ ਹੀ ਹੈ। ਇਸ ਵਿਚੋਂ ਦੀ ਲੰਘਣਾ ਕਈ ਖ਼ਤਰੇ ਸਹੇੜਨ ਦਾ ਮੂਲ ਬਣਦਾ ਹੈ। ਸਮੁੰਦਰੀ ਸਫ਼ਰ ਨਾਲੋਂ ਇਸ ਸਫ਼ਰ ਵਿਚ ਸਮਾਂ ਭੀ ਬਹੁਤ ਵਧੀਕ ਲਗਦਾ ਹੈ। ਸੋ, ਠੱਟੇ ਹਿੰਗਲਾਜ ਦੇ ਕੋਲੋਂ ਜਹਾਜ਼ ਵਿਚ ਚੜ੍ਹ ਕੇ ਅਰਬ ਦੇਸ ਦੇ ਦੱਖਣੀ ਸਮੁੰਦਰੀ ਕੰਢੇ ਦੇ ਨਾਲ ਨਾਲ ਜਾ ਕੇ ਜੱਦੇ ਸ਼ਹਿਰ ਹੀ ਹਾਜੀ ਲੋਕ ਉਤਰਿਆ ਕਰਦੇ ਸਨ। ਜੱਦੇ ਤੋਂ ਮੱਕਾ ਚਾਰ ਦਿਨਾਂ ਦਾ ਹੀ ਪੈਂਡਾ ਹੈ।

ਇਸ ਮੰਦਰ ਦੀ ਚੜ੍ਹਦੇ ਵਲ ਦੀ ਕੰਧ ੩੩ ਗਜ਼ ਲੰਮੀ ਹੈ। ਇਸ ਕੰਧ ਵਿਚ ਹੀ ਦਰਵਾਜ਼ਾ ਹੈ, ਅੰਦਰ ਜਾਣ ਵਾਸਤੇ। ਕਾਬੇ ਦੀ ਲਹਿੰਦੇ ਦੀ ਕੰਧ ੩੧ ਗਜ਼ ਹੈ, ਪਹਾੜ ਪਾਸੇ ਦੀ ੨੨ ਗਜ਼ ਅਤੇ ਦੱਖਣ ਦੀ ੨੦ ਗਜ਼। ਮੰਦਰ ਦੀ ਉਚਾਈ ੩੫ ਫ਼ੁੱਟ ਹੈ। ਇਸ ਦੀ ਚਿਣਾਈ ਭੂਰੇ ਰੰਗ ਦੇ ਪੱਥਰ ਦੀ ਹੈ, ਚੂਨੇ ਨਾਲ ਕੀਤੀ ਹੋਈ। ਇਮਾਰਤ ਦੀ ਕੁਰਸੀ ਦੋ ਫ਼ੁੱਟ ਉੱਚੀ ਹੈ। ਮੰਦਰ ਦਾ ਦਰਵਾਜ਼ਾ ਆਮ ਤੌਰ ਤੇ ਬੰਦ ਰਹਿੰਦਾ ਹੈ। ਖ਼ਾਸ ਤਿਉਹਾਰਾਂ ਸਮੇ ਹੀ ਖੁਲ੍ਹਦਾ ਹੈ, ਜਦੋਂ ਯਾਤਰੂ ਆਉਂਦੇ ਹਨ।

ਕਾਬੇ ਦੀ ਦੱਖਣ-ਪੂਰਬ ਵਲ ਦੀ ਗੁੱਠ ਵਿਚ ਜ਼ਮੀਨ ਤੋਂ ੫ ਫ਼ੁੱਟ ਉੱਚਾ ਸੰਗ ਅਸਵਦ (ਕਾਲਾ ਪੱਥਰ) ਜੜਿਆ ਹੋਇਆ ਹੈ। ਇਹ ਸੰਗ ਅਸਵਦ ਛੇ ਸੱਤ ਇੰਚ ਲੰਮਾ ਹੈ। ਹਾਜੀ ਲੋਕ ਇਸ 'ਸੰਗ ਅਸਵਦ' ਨੂੰ ਚੁੰਮਦੇ ਹਨ। ਕਾਬੇ ਦੀ ਦੱਖਣ ਦੀ ਨੁੱਕਰ ਵਿਚ ਇਕ ਹੋਰ ਪੱਥਰ ਹੈ, ਉਸ ਦਾ ਨਾਮ 'ਰੁਕਨਲ ਯਮਾਨ' ਹੈ। ਹਾਜੀ ਇਸ ਪੱਥਰ ਨੂੰ ਸੱਜੇ ਹੱਥ ਨਾਲ ਛੁਹੰਦੇ ਹਨ।

ਕਾਬੇ ਦੇ ਚੁਫੇਰੇ ਪਰਕਰਮਾ ਕਰਨ ਲਈ ਖੁਲ੍ਹੀ ਥਾਂ ਹੈ ਅਤੇ ਸੁੰਦਰ ਚਾਰ-ਦੀਵਾਰੀ ਹੈ। ਕਾਬੇ ਦਾ ਮੰਦਰ ਕਾਲੇ ਰੇਸ਼ਮੀ ਗ਼ਿਲਾਫ਼ ਨਾਲ ਢੱਕਿਆ ਰਹਿੰਦਾ ਹੈ।

ਜਿਸ ਦਿਨ ਹਾਜੀ ਲੋਕ ਮੱਕੇ ਪਹੁੰਚ ਕੇ 'ਸੰਗ ਅਸਵਦ' ਦਾ ਦਰਸ਼ਨ ਕਰਦੇ ਹਨ, ਉਹ ਦਿਨ ਹੱਜ ਦਾ ਦਿਹਾੜਾ ਹੁੰਦਾ ਹੈ।

## ਹੱਜ ਕਰਨ ਦੀ ਵਿਧੀ

ਹੱਜ ਹਿਜਰੀ ਸਾਲ ਦੇ ਯਾਰ੍ਹਵੇਂ ਮਹੀਨੇ ਜ਼ੁਲ-ਹਿਜਹ ਵਿਚ ਹੁੰਦਾ ਹੈ। ਜਦੋਂ ਮੱਕਾ ਇਕ ਪੜਾ ਰਹਿ ਜਾਂਦਾ ਹੈ, ਤਦੋਂ ਮਰਯਾਦਾ ਅਨੁਸਾਰ ਹੁਕਮ ਹੈ ਕਿ ਹਾਜੀ ਇਸ਼ਨਾਨ ਕਰ ਕੇ, 'ਇਹਰਾਮ' ਬੰਨ੍ਹੇ। ਪਹਿਲੇ ਸਾਰੇ ਕਪੜੇ ਲਾਹ ਕੇ ਸਿਰਫ਼ ਦੋ ਚਾਦਰਾਂ ਰੱਖੇ, ਇਕ ਚਾਦਰ ਲੱਕ ਬੰਨ੍ਹ ਲਵੇ ਤੇ ਦੂਜੀ ਚਾਦਰ ਪਿੰਡੇ ਉੱਤੇ ਲਪੇਟ ਲਏ। ਇਹ ਅਖ਼ੀਰਲੀ ਪੜਾ ਹਾਜੀ ਨੇ ਨੰਗੇ ਪੈਰੀਂ ਕਰਨੀ ਹੁੰਦੀ ਹੈ। ਹਾਂ, ਖੜਾਵਾਂ ਪਾਣ ਦੀ ਰੋਕ ਨਹੀਂ ਹੈ। ਇਸ ਸਾਰੇ ਪੈਂਡੇ ਵਿਚ ਹਾਜੀ ਨੇ 'ਤਬਲੀਆ' ਗੀਤ ਗਾਂਦੇ ਜਾਣਾ ਹੈ। ਉਸ ਗੀਤ ਦਾ ਅਰਥ ਇਹ ਹੈ—'ਮੈਂ ਤੇਰੀ ਸੇਵਾ ਲਈ ਖੜਾ ਹਾਂ, ਤੇਰਾ ਸ਼ਰੀਕ ਕੋਈ ਨਹੀਂ ਹੈ, ਨਿਸਚੇ ਕਰ ਕੇ ਤੇਰੀ ਹੀ ਉਸਤਤ ਹੈ, ਤੇਰੀ ਹੀ ਬਾਦਸ਼ਾਹਤ ਹੈ।' ਕਾਬੇ-ਮੰਦਰ ਪਾਸ ਜਾ ਕੇ ਹਾਜੀ



WWW.SIKHBOOKCLUB.COM 

ਫਿਰ ਇਸ਼ਨਾਨ ਕਰੇ। ਕਾਬੇ ਦੀਆਂ ਸੱਤ ਪਰਕਰਮਾਂ ਕਰੇ, ਤਿੰਨ ਛੋਟੀ ਛੋਟੀ, ਚਾਰ ਹੌਲੀ ਹੌਲੀ। ਹਰੇਕ ਪਰਕਰਮਾ ਕਰ ਕੇ ਹਾਜੀ 'ਸੰਗ ਅਸਵਦ' ਨੂੰ ਚੁੰਮੇ। ਉਥੋਂ ਇਬਰਾਹੀਮ ਦੇ ਮੁਕਾਮ ਤੇ, ਫਿਰ ਪਹਾੜੀ 'ਸਫ਼ਾ ਮਰੂਹ' ਉਤੇ, ਫਿਰ ਮਰਵਾ ਚੋਟੀ ਤੇ ਜਾ ਕੇ ਹਾਜੀ ਪ੍ਰਾਰਥਨਾ ਕਰੇ। ਫਿਰ ਕਾਬੇ ਵਿਚ ਆ ਕੇ 'ਖ਼ੁਤਬਾ'[1] ਸੁਣੇ। ਫਿਰ ਇੱਥੋਂ ਮੁਕਾਮ 'ਮਿਨਾ' ਤੇ ਜਾ ਕੇ ਹਾਜੀ ਰਾਤ ਉਥੇ ਰਹੇ। ਉਥੋਂ ਪਹਾੜੀ 'ਅਰਫ਼ਾਤ' ਤੇ ਜਾਵੇ, ਤੇ ਓਥੇ ਪ੍ਰਾਰਥਨਾ ਕਰੇ ਤੇ 'ਖ਼ੁਤਬਾ' ਸੁਣੇ। ਇਥੋਂ 'ਮੁਜ਼ਦਲਿਫ਼ਾ' ਮੁਕਾਮ ਤੇ ਸ਼ਾਮ ਦੀ ਨਿਮਾਜ਼ ਪੜ੍ਹੇ।

ਇਹ ਸਾਰੀ ਉੱਪਰ ਲਿਖੀ ਕ੍ਰਿਆ ਜ਼ੁਲ-ਹਿਜਾਹ ਦੀ ੯ ਤਰੀਕ ਤਕ ਕਰਦੇ ਜਾਣਾ ਹੈ। ਇਸ ਮਹੀਨੇ ਦੀ ਦਸਵੀਂ ਤਰੀਕ ਕੁਰਬਾਨੀ ਦਾ ਦਿਹਾੜਾ ਹੈ। ਹਾਜੀ 'ਮੁਜ਼ਦਲਿਫ਼ਾ' ਮੁਕਾਮ ਤੇ ਨਿਮਾਜ਼ ਪੜ੍ਹ ਕੇ 'ਸ਼ੈਤਾਨ ਦੇ ਥੰਮ੍ਹ' ਪਾਸ ਜਾ ਕੇ ਸੱਤ ਪੱਥਰ ਸੁੱਟੇ। ਫਿਰ 'ਮਿਨਾ' ਪਹੁੰਚ ਕੇ ਕੁਰਬਾਨੀ ਦੇਵੇ। ਬੱਕਰਾ, ਦੁੰਬਾ, ਗਾਂ ਜਾਂ ਊਠ ਨੂੰ ਕਾਬੇ ਵਲ ਉਸ ਦਾ ਸਿਰ ਕਰ ਕੇ ਲਿਟਾਵੇ; ਪਸ਼ੂ ਦੇ ਸੱਜੇ ਪਾਸੇ ਖਲੋ ਕੇ 'ਅੱਲਾ-ਹੂ-ਅਕਬਰ' ਆਖ ਕੇ ਉਸ ਦੇ ਗਲ ਤੇ ਛੁਰੀ ਚਲਾਵੇ।

ਇਸ ਤੋਂ ਪਿੱਛੋਂ ਹਾਜੀ 'ਇਹਰਾਮ' ਤਿਆਗ ਕੇ ਆਪਣੀ ਮਰਜ਼ੀ ਦੇ ਕੱਪੜੇ ਪਹਿਨ ਲਏ, ਹਜਾਮਤ ਕਰਾਏ ਅਤੇ ਨਹੁੰ ਲੁਹਾਏ। ਤਿੰਨ ਦਿਨ ਹੋਰ ਮੱਕੇ ਠਹਿਰੇ, ਜ਼ੁਲ-ਹਿਜਾਹ ਦੀ ੧੩ ਤਰੀਕ ਤਕ। ਮੱਕੇ ਤੋਂ ਤੁਰਨ ਵੇਲੇ ਹਾਜੀ ਕਾਬੇ ਦੀ ਫਿਰ ਪਰਕਰਮਾ ਕਰੇ, 'ਸ਼ੈਤਾਨ ਦੇ ਥੰਮ੍ਹ' ਤੇ ਸੱਤ ਪੱਥਰੀਆਂ ਸੁੱਟੇ ਅਤੇ 'ਜ਼ਮਜ਼ਮ'[2] ਖੂਹ ਦਾ ਪਾਣੀ ਪੀਵੇ।

ਜਿਹੜਾ ਮੁਸਲਮਾਨ ਇਸ ਉੱਪਰ ਲਿਖੀ ਰੀਤੀ ਨਾਲ ਹੱਜ ਕਰਦਾ ਹੈ ਉਹ 'ਹਾਜੀ' ਅਖਵਾਣ ਦਾ ਹੱਕਦਾਰ ਹੋ ਜਾਂਦਾ ਹੈ।

ਬਹੁਤੇ ਮੁਸਲਮਾਨ ਮੱਕੇ ਦੀ ਯਾਤਰਾ ਕਰ ਕੇ ਫਿਰ ਮਦੀਨੇ ਭੀ ਜਾਂਦੇ ਹਨ। ਮਦੀਨੇ ਹਜ਼ਰਤ ਮੁਹੰਮਦ ਸਾਹਿਬ ਦੀ ਵਫ਼ਾਤ ਹੋਈ ਸੀ, ਉਥੇ ਉਨ੍ਹਾਂ

---

੧. ਜੁਮੇ ਦੀ ਨਿਮਾਜ਼ ਤੋਂ ਪਹਿਲਾਂ ਅਤੇ ਈਦ ਦੀ ਨਿਮਾਜ਼ ਤੋਂ ਪਿੱਛੋਂ ਇਮਾਮ ਦਾ ਉਪਦੇਸ਼।

੨. ਖੂਹ 'ਜ਼ਮਜ਼ਮ' ਕਾਬੇ ਦੇ ਕੋਲ ਹੀ ਹੈ। ਹਾਜੀ ਲੋਕ ਜ਼ਮਜ਼ਮ ਦਾ ਪਾਣੀ ਪੀਣਾ ਪਵਿੱਤਰ ਕੰਮ ਸਮਝਦੇ ਹਨ। ਜਿਵੇਂ ਹਿੰਦੂ ਸੱਜਣ ਹਰਿਦੁਆਰ ਤੋਂ ਗੰਗਾ ਜਲ ਆਪਣੇ ਘਰੀਂ ਲੈ ਆਉਂਦੇ ਹਨ, ਤਿਵੇਂ ਹਾਜੀ ਭੀ ਜ਼ਮਜ਼ਮ ਦਾ ਪਾਣੀ ਸ਼ੀਸ਼ੀਆਂ ਵਿਚ ਭਰ ਕੇ ਲੈ ਆਉਂਦੇ ਹਨ, ਮਰਨ ਸਮੇਂ ਪ੍ਰਾਣੀ ਦੇ ਮੂੰਹ ਵਿਚ ਜ਼ਮਜ਼ਮ ਦਾ ਪਾਣੀ ਪਾਣਾ ਪਵਿੱਤਰ ਕੰਮ ਮੰਨਿਆ ਗਿਆ ਹੈ। ਇਸ ਪਾਣੀ ਦਾ ਸੁਆਦ ਖਾਰਾ ਹੈ।



WWW.SIKHBOOKCLUB.COM 

ਦੀ ਕਬਰ ਹੈ। ਮਦੀਨੇ ਦੀ ਜ਼ਿਆਰਤ ਕਰਨ ਵਾਲੇ ਮੁਸਲਮਾਨ ਇਹ ਸ਼ਰਧਾ ਰੱਖਦੇ ਹਨ ਕਿ ਹੱਜ ਤਦੋਂ ਹੀ ਪੂਰਨ ਹੁੰਦਾ ਹੈ ਜੇ ਮਦੀਨੇ ਭੀ ਜਾਇਆ ਜਾਵੇ। ਪਰ 'ਵਹਾਬੀ' ਮੁਸਲਮਾਨ ਮਦੀਨੇ ਜਾਣ ਨੂੰ ਹਜ਼ਰਤ ਸਾਹਿਬ ਦੀ ਕਬਰ ਦੀ ਪੂਜਾ ਸਮਝਦੇ ਹਨ। ਕਬਰ ਦਾ ਸਨਮਾਨ ਉਹ ਲੋਕ ਇਸਲਾਮ ਦੇ ਵਿਰੁੱਧ ਸਮਝਦੇ ਹਨ, ਉਹ ਮਦੀਨੇ ਨਹੀਂ ਜਾਂਦੇ।

### ਕਿਬਲਾ

ਮੱਕੇ ਦੇ ਬੁੱਤ-ਪੂਜ ਲੋਕਾਂ ਦੀ ਵਿਰੋਧਤਾ ਦੇ ਕਾਰਨ ਹਜ਼ਰਤ ਮੁਹੰਮਦ ਸਾਹਿਬ ਨੇ ਸੰਨ ੬੨੨ ਵਿਚ ਮੱਕਾ ਛੱਡ ਕੇ ਆਪਣੀ ਰਿਹਾਇਸ਼ ਮਦੀਨੇ ਜਾ ਬਣਾਈ ਸੀ। ਸੰਨ ੬੩੦ ਵਿਚ ਉਨ੍ਹਾਂ ਮਦੀਨੇ ਤੋਂ ਦਸ ਹਜ਼ਾਰ ਮੁਸਲਮਾਨਾਂ ਦੀ ਫ਼ੌਜ ਲੈ ਕੇ ਫਿਰ ਕਾਬਾ ਆ ਮੱਲਿਆ। ਕਾਬੇ ਵਿਚੋਂ 'ਹਬਲ'-ਦੇਵਤੇ ਦਾ ਬੁੱਤ ਅਤੇ ਹੋਰ ੩੬੦ ਬੁੱਤ ਤੋੜ ਕੇ ਕੱਢ ਦਿੱਤੇ ਗਏ। ਹਜ਼ਰਤ ਸਾਹਿਬ ਨੇ 'ਕਾਬੇ' ਵਿਚ ਆਪਣੇ ਸੰਗੀਆਂ ਸਮੇਤ ਪਹਿਲੀ ਨਿਮਾਜ਼ ਪੜ੍ਹ ਕੇ ਉਸ ਮੰਦਰ ਨੂੰ 'ਕਿਬਲਾ' ਆਖਿਆ ਅਤੇ ਹਦਾਇਤ ਕੀਤੀ ਕਿ ਨਿਮਾਜ਼ ਪੜ੍ਹਨ ਵੇਲੇ ਹਰੇਕ ਮੁਸਲਮਾਨ 'ਕਿਬਲੇ' ਵਲ ਮੂੰਹ ਕਰੇ।

ਲਫ਼ਜ਼ 'ਕਿਬਲਾ' ਅਰਬੀ ਲਫ਼ਜ਼ ਹੈ, ਇਸ ਦਾ ਅਰਥ ਹੈ ਕਿ 'ਸਾਹਮਣੇ'। ਸੋ, 'ਕਿਬਲਾ' ਉਹ ਅਸਥਾਨ ਹੈ ਜਿਸ ਵੱਲ ਮੂੰਹ ਕਰੀਏ। ਸਹਿਜੇ ਸਹਿਜੇ ਮੁਸਲਮਾਨਾਂ ਦੀ ਇਹ ਸ਼ਰਧਾ ਬਣਦੀ ਗਈ ਕਿ ਸਿਰਫ਼ 'ਕਾਬਾ' ਹੀ ਖ਼ੁਦਾ ਦਾ ਘਰ ਹੈ। ਤੇ, ਮੁਸਲਮਾਨ ਕਿਸੇ ਭੀ ਵੇਲੇ 'ਕਾਬੇ' ਵਲ ਪੈਰ ਕਰ ਕੇ ਨਹੀਂ ਲੇਟਦਾ।

### ਹਜ਼ਰਤ ਮੁਹੰਮਦ ਸਾਹਿਬ

ਹਜ਼ਰਤ ਸਾਹਿਬ ਦੇ ਪਿਤਾ ਜੀ ਦਾ ਨਾਮ ਅਬਦੁੱਲਾ ਸੀ, ਕੁਰੇਸ਼ ਖ਼ਾਨਦਾਨ ਵਿਚੋਂ ਸਨ। ਹਜ਼ਰਤ ਮੁਹੰਮਦ ਸਾਹਿਬ ਦਾ ਜਨਮ ਮੱਕੇ ਵਿਚ ੨੦ ਅਪ੍ਰੈਲ ੫੭੧ ਨੂੰ ਹੋਇਆ ਸੀ। ਕਾਬੇ ਦੇ ਮੰਦਰ ਦਾ ਪਰਬੰਧ ਇਸੇ ਖ਼ਾਨਦਾਨ ਕੋਲ ਸੀ।

ਜਦੋਂ ਮੁਹੰਮਦ ਸਾਹਿਬ ਦੀ ਉਮਰ ੩੫ ਸਾਲ ਦੀ ਹੋਈ, ਤਦੋਂ ਕਾਬੇ ਨੂੰ ਦੁਬਾਰਾ ਬਣਾਣ ਦੀ ਲੋੜ ਪਈ, ਮੰਦਰ ਬਹੁਤ ਨੀਵਾਂ ਸੀ। ਸ਼ਹਿਰ-ਵਾਸੀਆਂ ਨੇ ਫ਼ੈਸਲਾ ਕੀਤਾ ਕਿ ਨਵੇਂ ਮੰਦਰ ਦੀ ਉਸਾਰੀ ਵਿਚ 'ਸੰਗ ਅਸਵਦ' ਨੂੰ ਮੁਹੰਮਦ ਸਾਹਿਬ ਆਪਣੇ ਹੱਥਾਂ ਨਾਲ ਟਿਕਾਣ। ਉਦੋਂ ਪਹਿਲੋਂ ਵਾਂਗ ਹੀ 'ਹਬਲ' ਦੇਵਤਾ



WWW.SIKHBOOKCLUB.COM 

ਅਤੇ ਦੁਆਲੇ ਕਈ ਬੁੱਤ ਭੀ ਟਿਕਾਏ ਗਏ।

ਹਜ਼ਰਤ ਮੁਹੰਮਦ ਸਾਹਿਬ ਨੇ ੪੦ ਸਾਲਾਂ ਦੀ ਉਮਰੇ ਇਸਲਾਮ ਦਾ ਪਰਚਾਰ ਸ਼ੁਰੂ ਕੀਤਾ ਸੀ, ਤੇ ਬੁੱਤ-ਪੂਜਾ ਦੀ ਵਿਰੋਧਤਾ। ਇਸ ਦਾ ਨਤੀਜਾ ਇਹ ਹੋਇਆ ਕਿ ਮੱਕੇ ਸ਼ਹਿਰ ਦੇ ਲੋਕ ਉਨ੍ਹਾਂ ਦੇ ਵਿਰੋਧੀ ਹੋ ਗਏ। ਪਰ ਮਦੀਨੇ ਦੇ ਅਨੇਕ ਯਾਤਰੂ ਇਸਲਾਮ ਕਬੂਲ ਕਰਦੇ ਗਏ।

ਸੰਨ ੬੨੨ ਵਿਚ ਮੱਕਾ-ਨਿਵਾਸੀਆਂ ਦੀ ਵਿਰੋਧਤਾ ਤੋਂ ਤੰਗ ਆ ਕੇ ਹਜ਼ਰਤ ਸਾਹਿਬ ਨੇ ਮੱਕੇ ਤੋਂ ਹਿਜਰਤ ਕੀਤੀ, ਤੇ ਮਦੀਨੇ ਚਲੇ ਗਏ। ਮੱਕਾ-ਨਿਵਾਸੀਆਂ ਨੇ ਮਦੀਨੇ ਉੱਤੇ ਹਮਲਾ ਕੀਤਾ, ਪਰ ਹਾਰ ਖਾਧੀਓ ਨੇ। ਇਹ ਜੰਗ ਰਮਜ਼ਾਨ ਹਿਜਰੀ ੨ ਨੂੰ ਹੋਇਆ ਸੀ, 'ਬਦਰ' ਦੇ ਮੁਕਾਮ ਤੇ।

ਸੰਨ ੬੩੦ ਵਿਚ ਹਜ਼ਰਤ ਮੁਹੰਮਦ ਸਾਹਿਬ ਨੇ ਮਦੀਨੇ ਤੋਂ ਫ਼ੌਜ ਲੈ ਕੇ ਮੱਕੇ ਉੱਤੇ ਹਮਲਾ ਕੀਤਾ, ਮੱਕੇ ਨੂੰ ਜਿੱਤ ਲਿਆ ਤੇ 'ਕਾਬਾ' ਮੱਲ ਲਿਆ। ਹਜ਼ਰਤ ਸਾਹਿਬ ਨੇ 'ਸੰਗ ਅਸਵਦ' ਨੂੰ ਚੁੰਮਿਆ, 'ਹਬਲ' ਦੇਵਤਾ ਤੋੜਿਆ, ਕਾਬੇ ਵਿਚੋਂ ੩੬੦ ਬੁੱਤ ਭੰਨ ਕੇ ਕੱਢ ਦਿੱਤੇ ਅਤੇ ਕਾਬੇ ਵਿਚ ਪਹਿਲੀ ਨਿਮਾਜ਼ ਪੜ੍ਹੀ।

ਸੰਨ ੬੩੨ ਵਿਚ ਤਾਪ ਨਾਲ ਬੀਮਾਰ ਰਹਿ ਕੇ ੮ ਜੂਨ ਨੂੰ ਮਦੀਨੇ ਵਿਚ ਹਜ਼ਰਤ ਸਾਹਿਬ ਦੀ ਵਫ਼ਾਤ ਹੋਈ। ਉਥੇ ਉਨ੍ਹਾਂ ਦੀ ਕਬਰ 'ਹੁਜਰੇ' ਦੇ ਨਾਮ ਤੇ ਪਰਸਿੱਧ ਹੈ।

ਹਜ਼ਰਤ ਸਾਹਿਬ ਦੀ ਕੁੱਲ ਉਮਰ ੬੧ ਸਾਲ ਸੀ।

### ਪਿਆਰ ਦੀ ਖੇਡ

ਪਿਆਰ ਦੀ ਇਹ ਸਿਫ਼ਤ ਹੈ ਕਿ ਆਪਣੇ ਪਿਆਰੇ ਨਾਲ ਸੰਬੰਧ ਰੱਖਣ ਵਾਲੀ ਹਰੇਕ ਸ਼ੈ ਪਿਆਰੀ ਲੱਗਦੀ ਹੈ। ਹਜ਼ਰਤ ਮੁਹੰਮਦ ਸਾਹਿਬ ਦਾ ਜਨਮ ਮੱਕੇ ਸ਼ਹਿਰ ਵਿਚ ਹੋਇਆ ਸੀ। ਇਹ ਕੁਦਰਤੀ ਗੱਲ ਹੈ ਕਿ ਹਰੇਕ ਮੁਸਲਮਾਨ ਨੂੰ ਮੱਕਾ ਸ਼ਹਿਰ ਪਿਆਰਾ ਲੱਗੇ, ਦੁਨੀਆ ਦੇ ਹੋਰ ਸਭਨਾਂ ਥਾਵਾਂ ਨਾਲੋਂ ਵਧੀਕ ਪਿਆਰਾ ਲੱਗੇ।

ਵਿਰੋਧੀ ਮੱਕਾ-ਨਿਵਾਸੀਆਂ ਦੀਆਂ ਵਧੀਕੀਆਂ ਦੇ ਕਾਰਨ ਹਜ਼ਰਤ ਮੁਹੰਮਦ ਸਾਹਿਬ ਨੂੰ ਸੰਨ ੬੨੨ ਵਿਚ ਮੱਕਾ ਛੱਡਣਾ ਪਿਆ ਸੀ। ਪੂਰੇ ਅੱਠ



WWW.SIKHBOOKCLUB.COM 

ਸਾਲਾਂ ਪਿੱਛੋਂ ਉਹ ਆਪਣੇ ਜਨਮ-ਨਗਰ ਵਿਚ ਵਾਪਸ ਆ ਸਕੇ। ਆਪਣੇ ਸ਼ਰਧਾਲੂਆਂ ਸਮੇਤ ਉਨ੍ਹਾਂ ਨੇ ਪਹਿਲੀ ਨਿਮਾਜ਼ ਕਾਬੇ ਵਲ ਮੂੰਹ ਕਰ ਕੇ ਪੜ੍ਹੀ ਤੇ ਹਦਾਇਤ ਕੀਤੀ ਕਿ ਹਰੇਕ ਮੁਸਲਮਾਨ ਅਗਾਂਹ ਨੂੰ ਕਾਬੇ ਵਲ ਮੂੰਹ ਕਰ ਕੇ ਨਿਮਾਜ਼ ਪੜ੍ਹਿਆ ਕਰੇ,ਕਿਉਂਕਿ ਕਾਬਾ ਹੁਣ ਬੁਤ-ਖ਼ਾਨਾ ਨਹੀਂ ਰਿਹਾ, ਇਹ ਹੁਣ ਖ਼ੁਦਾ-ਘਰ ਬਣ ਗਿਆ ਹੈ, ਇਸ ਵਿਚ ਹੁਣ ਖ਼ੁਦਾ ਦੀ ਬੰਦਗੀ ਹੀ ਹੋਇਆ ਕਰੇਗੀ।

## ਇਕ ਕੁਦਰਤੀ ਜਜ਼ਬਾ

ਇਹ ਇਕ ਕੁਦਰਤੀ ਜਜ਼ਬਾ ਸੀ ਕਿ ਹਰੇਕ ਮੁਸਲਮਾਨ ਨੂੰ ਕਾਬਾ ਪਿਆਰਾ ਲੱਗਣ ਲੱਗ ਪਏ। ਪਰ ਇਹ ਜਜ਼ਬਾ ਅਗਾਂਹ ਵਧਿਆ। ਸਹਿਜੇ ਸਹਿਜੇ ਸ਼ਰਧਾਲੂ ਮੁਸਲਮਾਨ ਦੀ ਇਹ ਸ਼ਰਧਾ ਬਣਦੀ ਗਈ ਕਿ ਸਿਰਫ਼ ਕਾਬਾ ਹੀ ਖ਼ੁਦਾ ਦਾ ਘਰ ਹੈ ਤੇ ਖ਼ੁਦਾ ਦੇ ਘਰ ਵਲ ਕਦੇ ਭੀ ਪੈਰ ਨਹੀਂ ਕਰਨੇ। ਖ਼ੁਦਾ ਨੂੰ ਲਾ-ਮਕਾਨ ਆਖਣ ਵਾਲਿਆਂ ਨੇ ਆਪ ਹੀ ਲਾ-ਮਕਾਨ ਖ਼ੁਦਾ ਦਾ ਘਰ ਸਿਰਫ਼ ਕਾਬੇ ਨੂੰ ਮੰਨਣਾ ਸ਼ੁਰੂ ਕਰ ਦਿੱਤਾ। ਹੱਜ ਕਰਨ ਆਏ ਹਰੇਕ ਹਾਜੀ ਦੇ ਅੰਦਰ ਇਹੀ ਸ਼ਰਧਾ ਬਣੀ ਹੋਈ ਸੀ।

ਗੁਰੂ ਨਾਨਕ ਦੇਵ ਜੀ ਨੇ ਇਸ ਭੁਲੇਖੇ ਦੀ ਨੀਂਦ ਵਿਚੋਂ ਉਨ੍ਹਾਂ ਨੂੰ ਜਗਾਣਾ ਸੀ।

## ਸ਼ੇਰ ਮਰਦ ਦੀ ਨਿਰਭੈਤਾ

ਗੁਰੂ ਨਾਨਕ ਦੇਵ ਜੀ ਭਾਈ ਮਰਦਾਨੇ ਨੂੰ ਨਾਲ ਲੈ ਕੇ ਉਸ ਦੇਸ ਵਿਚ ਪਹੁੰਚੇ ਜਿਥੇ ਮੁਸਲਮਾਨ ਤੋਂ ਬਿਨਾ ਕਿਸੇ ਹੋਰ ਨੂੰ ਜਾਣ ਦੀ ਇਜਾਜ਼ਤ ਨਹੀਂ ਸੀ। ਹੋਰ ਮੱਤ ਵਾਲੇ ਨੂੰ ਉਥੇ ਕਾਫ਼ਰ ਆਖ ਕੇ ਜਾਨੋਂ ਮਾਰਨ ਤੋਂ ਭੀ ਸੰਕੋਚ ਨਹੀਂ ਸੀ ਕੀਤਾ ਜਾਂਦਾ।

ਹਰੇਕ ਹਾਜੀ ਨੂੰ ਹਦਾਇਤ ਸੀ ਕਿ ਹਿਜਰੀ ਸਾਲ ਦੇ ਅਖ਼ੀਰਲੇ ਮਹੀਨੇ ਜ਼ੁਲ-ਹਿਜਹ ਦੀਆਂ ਪਹਿਲੀਆਂ ੯ ਰਾਤਾਂ ਮੁਕਾਮ 'ਮਿਨਾ' ਤੇ ਗੁਜ਼ਾਰੇ। ਉਥੇ ਸਭ ਹਾਜੀਆਂ ਦਾ ਇਕੱਠ ਹੋਇਆ ਹੋਇਆ ਸੀ। ਹਾਜੀਆਂ ਦੀ ਸ਼ਰਧਾ ਅਖ਼ੀਰਲੀ ਚੋਟੀ ਤੇ ਪਹੁੰਚ ਚੁਕੀ ਸੀ, ਕਿਉਂਕਿ ਅਗਲਾ ਦਿਨ ਜ਼ੁਲ-ਹਿਜਹ ਦੀ ਦਸਵੀਂ ਤਰੀਕ ਹੱਜ ਦਾ ਆਖ਼ਰੀ ਦਿਹਾੜਾ ਸੀ। ਹਰੇਕ ਹਾਜੀ ਨੇ ਅਗ਼ਲੇ



WWW.SIKHBOOKCLUB.COM 

ਦਿਨ ਖ਼ੁਦਾ ਦੇ ਨਾਮ ਤੇ ਕੁਰਬਾਨੀ ਦੇ ਕੇ ਖ਼ੁਦਾ ਦੇ ਘਰ ਕਾਬੇ ਅੱਗੇ ਸਿਜਦਾ ਕਰਨਾ ਸੀ।

ਪਰ ਵੇਖੋ ਸ਼ੇਰ ਮਰਦ ਗੁਰੂ ਨਾਨਕ ਦੀ ਮਰਦਾਨਗੀ! ਹਾਜੀ, ਸਿਰਫ਼ ਜਿਸ ਥਾਂ ਨੂੰ ਖ਼ੁਦਾ ਦਾ ਘਰ ਮੰਨੀ ਬੈਠਾ ਸੀ, ਗੁਰੂ ਨਾਨਕ ਦੇਵ ਜੀ ਹੱਜ ਦੀ ਉਸ ਆਖ਼ਰੀ ਰਾਤ ਨੂੰ ਉਸ ਗ਼ਲਤ ਮਿਥੇ ਹੋਏ ਖ਼ੁਦਾ ਦੇ ਘਰ ਵਲ ਪੈਰ ਕਰ ਕੇ ਲੇਟ ਗਏ। ਸਵੇਰ-ਸਾਰ ਹਿੰਦੁਸਤਾਨੀ ਕਾਫ਼ਲੇ ਦੇ ਇਕ ਹਾਜੀ ਜੀਊਣ ਨੇ ਇਹ ਕੌਤਕ ਵੇਖਿਆ। ਕ੍ਰੋਧ ਨਾਲ ਉਹ ਆਪੇ ਤੋਂ ਬਾਹਰ ਹੋ ਗਿਆ। ਹੋਣਾ ਹੀ ਸੀ। ਗੁੱਸੇ ਵਿਚ ਆ ਕੇ ਉਸ ਨੇ ਗੁਰੂ ਨਾਨਕ ਦੇਵ ਜੀ ਨੂੰ ਲੱਤ ਕੱਢ ਮਾਰੀ, ਤੇ ਆਖਿਆ ਕਿ ਇਹ ਕਿਹੜਾ ਕਾਫ਼ਰ ਖ਼ੁਦਾ ਦੇ ਘਰ ਵਲ ਪੈਰ ਪਸਾਰ ਕੇ ਪਿਆ ਹੈ। ਰੌਲਾ ਮੱਚ ਗਿਆ। ਸਭ ਹਾਜੀ ਆ ਇਕੱਠੇ ਹੋਏ। ਗੁਰੂ ਨਾਨਕ ਦੇਵ ਜੀ ਉਸੇ ਤਰ੍ਹਾਂ ਲੇਟੇ ਰਹੇ। ਧੀਰਜ ਨਾਲ ਠਰ੍ਹੰਮੇ ਨਾਲ ਹਾਜੀ ਨੂੰ ਆਖਿਓ ਨੇ ਕਿ ਭਾਈ! ਤੂੰ ਮੇਰੇ ਪੈਰ ਉਸ ਪਾਸੇ ਕਰ ਦੇਹ ਜਿਧਰ ਖ਼ੁਦਾ ਦਾ ਘਰ ਨਹੀਂ ਹੈ।

ਹਰਿਦੁਆਰ ਭੀ ਪਹਿਲੀ 'ਉਦਾਸੀ' ਸਮੇ ਇਹੋ ਜਿਹੀ ਖੇਡ ਹੀ ਵਰਤੀ ਸੀ। ਪਰ ਨਿਰਭੈਤਾ ਤਾਂ ਕਮਾਲ ਤੇ ਜਾ ਅੱਪੜੀ। ਕ੍ਰੋਧ-ਵੱਸ ਹੋਏ ਹਾਜੀ ਨੇ ਪਹਿਲਾਂ ਗੁਰੂ ਨਾਨਕ ਦੇਵ ਜੀ ਨੂੰ ਘਸੀਟਿਆ ਤਾਂ ਸਹੀ, ਪਰ ਫਿਰ ਬੌਂਦਲ ਜਿਹਾ ਗਿਆ। ਹੋਰ ਹਾਜੀ ਭੀ ਹੈਰਾਨ। ਕਿਧਰ ਨਹੀਂ ਖ਼ੁਦਾ ਦਾ ਘਰ? ਕਿਧਰ ਨਹੀਂ ਖ਼ੁਦਾ ਦਾ ਘਰ? ਪਲਾਂ ਵਿਚ ਹੀ ਇਹ ਖ਼ਬਰ ਸਾਰੇ ਮੱਕੇ ਵਿਚ ਖਿੱਲਰ ਗਈ। ਸਾਰੇ ਮੁਸਲਮਾਨੀ ਦੇਸਾਂ ਤੋਂ ਆਏ ਹਾਜੀਆਂ ਨੇ ਭੀ ਸੁਣੀ। ਹਰ ਕਿਸੇ ਦੀ ਜੀਭ ਉੱਤੇ ਇਹੀ ਸਵਾਲ—ਕਿਧਰ ਨਹੀਂ ਖ਼ੁਦਾ ਦਾ ਘਰ? ਪਿਆਰ ਦੇ ਜਜ਼ਬੇ ਵਿਚ ਅਸਲੀਅਤ ਭੁਲਾ ਕੇ ਪਿਆਰ ਵਿਚ ਅਗਾਂਹ ਵਧੇ ਹੋਏ ਸਾਰੇ ਮੱਕਾ-ਨਿਵਾਸੀਆਂ ਦੀ ਜਾਗ ਖੁਲ੍ਹ ਗਈ—ਖ਼ੁਦਾ ਦਾ ਘਰ ਤਾਂ ਹਰ ਪਾਸੇ ਹੈ, ਖ਼ੁਦਾ ਦਾ ਘਰ ਤਾਂ ਹਰ ਪਾਸੇ ਹੈ।

ਭਾਈ ਗੁਰਦਾਸ ਜੀ ਨੇ ਆਪਣੀਆਂ ਲਿਖੀਆਂ 'ਵਾਰਾਂ' ਦੀ ਪਹਿਲੀ 'ਵਾਰ' ਵਿਚ ਇਉਂ ਲਿਖਿਆ ਹੈ -

> **ਬਾਬਾ ਫਿਰਿ ਮੱਕੇ ਗਇਆ, ਨੀਲ ਬਸਤ੍ਰ ਧਾਰੇ ਬਨਵਾਰੀ॥**
> **ਆਸਾ ਹੱਥਿ, ਕਿਤਾਬ ਕੱਛਿ, ਕੂਜਾ ਬਾਂਗ ਮੁਸੱਲਾ ਧਾਰੀ॥**
> **ਬੈਠਾ ਜਾਇ ਮਸੀਤਿ ਵਿਚ, ਜਿੱਥੇ ਹਾਜੀ ਹੱਜੁ ਗੁਜ਼ਾਰੀ॥**
> **ਜਾਂ ਬਾਬਾ ਸੁੱਤਾ ਰਾਤਿ ਨੋ ਵਲ ਮਹਿਰਾਬੇ ਪਾਇ ਪਸਾਰੀ॥**

ਜੀਵਣਿ ਮਾਰੀ ਲੱਤ ਦੀ, ਕਿਹੜਾ ਸੁੱਤਾ ਕੁਫ਼ਰੁ ਕੁਫਾਰੀ॥
ਲੱਤਾਂ ਵਲਿ ਖੁਦਾਇ ਦੈ, ਕਿਉਂ ਕਰਿ ਪਇਆ ਹੋਇ ਬਜਗਾਰੀ॥
ਟੰਗਹੁ ਪਕੜਿ ਘਸੀਟਿਆ, ਫਿਰਿਆ ਮੱਕਾ ਕਲਾ ਦਿਖਾਰੀ॥
ਹੋਇ ਹੈਰਾਨ ਕਰੇਨਿ ਜੁਹਾਰੀ॥

ਨਿਡਰ ਨਿਰਭੈ ਗੁਰੂ ਨਾਨਕ ਪਾਤਿਸ਼ਾਹ ਦੀ ਇਹ ਸੱਚੀ ਗੱਲ ਸੁਣ ਕੇ ਕਿਸੇ ਨੂੰ ਇਹ ਹਿੰਮਤ ਨਾ ਪਈ ਕਿ ਸਤਿਗੁਰੂ ਜੀ ਨੂੰ ਕੋਈ ਕੈਰੀ ਅੱਖ ਨਾਲ ਵੇਖੇ।

## ਸਤਿਗੁਰੂ ਜੀ ਨਾਲ ਗੋਸ਼ਟਿ

ਸਾਰੇ ਮੁਸਲਮਾਨੀ ਦੇਸਾਂ ਤੋਂ ਪੜ੍ਹੇ ਹੋਏ ਤੇ ਅਨਪੜ੍ਹ ਅਨੇਕਾਂ ਮੁਸਲਮਾਨ ਹੱਜ ਕਰਨ ਆਏ ਹੋਏ ਸਨ। ਗੁਰੂ ਨਾਨਕ ਦੇਵ ਜੀ ਦੀ ਸੱਚੀ ਗੱਲ ਸੁਣ ਕੇ ਤੇ ਕਮਾਲ ਦੀ ਨਿਰਭੈਤਾ ਵੇਖ ਕੇ ਪੜ੍ਹੇ-ਲਿਖੇ ਮੁਸਲਮਾਨ ਗੁਰੂ ਨਾਨਕ ਸਾਹਿਬ ਕੋਲ ਧਰਮ-ਮਜ਼ਹਬ ਦੀਆਂ ਹੋਰ ਗੱਲਾਂ ਵਿਚਾਰਨ ਵਾਸਤੇ ਆ ਇਕੱਠੇ ਹੋਏ। ਇਹ ਕੁਦਰਤੀ ਗੱਲ ਸੀ ਕਿ ਉਨ੍ਹਾਂ ਵਿਚ ਹਿੰਦੁਸਤਾਨ ਦੇ ਮੁਸਲਮਾਨ ਵਧੀਕ ਹੋਣ, ਕਿਉਂਕਿ ਉਹ ਗੁਰੂ ਨਾਨਕ ਦੇਵ ਜੀ ਦੇ ਵਤਨ ਦੇ ਸਨ, ਤੇ ਸਤਿਗੁਰੂ ਜੀ ਦੀ ਬੋਲੀ ਬੋਲਦੇ ਤੇ ਸਮਝਦੇ ਸਨ।

ਜਦੋਂ ਤੋਂ ਗੁਰੂ ਨਾਨਕ ਦੇਵ ਜੀ ਨੇ 'ਬਾਣੀ' ਲਿਖਣੀ ਸ਼ੁਰੂ ਕੀਤੀ ਸੀ, ਉਨ੍ਹਾਂ ਨੇ ਸਫ਼ੈਦ ਕੋਰੇ ਕਾਗਜ਼ਾਂ ਦੀ ਇਕ ਕਿਤਾਬ ਜਿਲਦ ਕਰਾ ਕੇ ਆਪਣੇ ਪਾਸ ਰੱਖੀ ਹੋਈ ਸੀ। ਕਿਤਾਬ ਦੇ ਨਾਲ ਕਲਮ ਦਵਾਤ ਦਾ ਹੋਣਾ ਭੀ ਕੁਦਰਤੀ ਸੀ ਤੇ ਜ਼ਰੂਰੀ ਸੀ। ਪਹਿਲੀ 'ਉਦਾਸੀ' ਸਮੇ ਸਤਿਗੁਰੂ ਜੀ ਨੇ ਸੱਤ ਹਜ਼ਾਰ ਮੀਲ ਦਾ ਪੈਦਲ ਸਫ਼ਰ ਕੀਤਾ ਸੀ। ਸਹੂਲਤ ਵਾਸਤੇ ਇਹ ਜ਼ਰੂਰੀ ਸੀ ਕਿ ਉਹ ਕਿਤਾਬ ਬਸਤੇ ਵਿਚ ਹੋਵੇ ਤੇ ਗਾਤਰੇ ਪਾਈ ਹੋਈ ਹੋਵੇ। ਕਿਤਾਬ ਸਮੇਤ ਉਹ ਗਾਤਰਾ ਹਰ ਵੇਲੇ ਸਤਿਗੁਰੂ ਜੀ ਦੇ ਕੋਲ ਹੁੰਦਾ ਸੀ। ਇਸ ਤੀਜੀ 'ਉਦਾਸੀ' ਵਿਚ ਭੀ ਉਹ ਕਿਤਾਬ ਗੁਰੂ ਨਾਨਕ ਦੇਵ ਜੀ ਦੇ ਬਸਤੇ ਗਾਤਰੇ ਵਿਚ ਸੀ।

ਗੁਰੂ ਨਾਨਕ ਦੇਵ ਜੀ ਦੀ ਅਜ਼ਮਤ ਤੇ ਨਿਰਭੈਤਾ ਵੇਖ ਕੇ ਹੈਰਾਨ ਹੋਏ ਹੋਏ ਕਾਜ਼ੀ-ਮੁੱਲਾਂ ਲੋਕ ਸਤਿਗੁਰੂ ਜੀ ਦੇ ਪਾਸ ਆ ਕੇ ਧਰਮ-ਮਜ਼ਹਬ ਦੇ ਕਈ ਸਵਾਲ ਛੇੜਦੇ ਰਹੇ। ਕਈ ਮੁਸਲਮਾਨਾਂ ਦੇ ਦਿਲ ਵਿਚ ਕਈ ਹਿੰਦੂਆਂ ਨੂੰ ਬੁੱਤ-ਪੂਜਾ ਕਰਦਿਆਂ ਵੇਖ ਕੇ ਇਹ ਨਿਸ਼ਚਾ ਬਣਿਆ ਹੋਇਆ ਸੀ ਕਿ ਹਿੰਦੂ ਕਾਫ਼ਰ ਹਨ ਅਤੇ ਮੁਸਲਮਾਨਾਂ ਨਾਲੋਂ ਆਤਮਕ ਜੀਵਨ ਵਿਚ ਨੀਵੇਂ ਦਰਜੇ



WWW.SIKHBOOKCLUB.COM 

ਦੇ ਹਨ। ਆਪਣੀਆਂ ਮਜ਼ਹਬੀ ਕਿਤਾਬਾਂ ਵਿਚੋਂ ਭੀ ਉਨ੍ਹਾਂ ਨੂੰ ਇਹੀ ਵਾਕਫ਼ੀਅਤ ਮਿਲਦੀ ਆ ਰਹੀ ਸੀ। ਉਨ੍ਹਾਂ ਲੋਕਾਂ ਨੇ ਗੁਰੂ ਨਾਨਕ ਦੇਵ ਜੀ ਨੂੰ ਆਖਿਆ ਕਿ ਤੁਸੀ ਆਪਣੀ ਕਿਤਾਬ ਖੋਲ੍ਹ ਕੇ ਸਾਨੂੰ ਦੱਸੋ, ਤੁਹਾਡੇ ਮੱਤ ਅਨੁਸਾਰ ਹਿੰਦੂ ਵੱਡਾ ਹੈ ਕਿ ਮੁਸਲਮਾਨ। ਸਤਿਗੁਰੂ ਜੀ ਨੇ ਉਸੇ ਤਰ੍ਹਾਂ ਨਿਡਰ ਰਹਿ ਕੇ ਫਿਰ ਇਹੀ ਉੱਤਰ ਦਿਤਾ ਕਿ ਸਭ ਬੰਦੇ ਰੱਬ ਦੇ ਪੈਦਾ ਕੀਤੇ ਹੋਏ ਹਨ। ਨਾ ਹਿੰਦੂ ਅਖਵਾਣ ਵਾਲਾ ਰੱਬ ਦੀਆਂ ਨਿਗਾਹਾਂ ਵਿਚ ਕਬੂਲ ਹੈ ਨਾ ਮੁਸਲਮਾਨ ਅਖਵਾਣ ਵਾਲਾ। ਰੱਬ ਦੀਆਂ ਨਿਗਾਹਾਂ ਵਿਚ ਤਾਂ ਸਿਰਫ਼ ਉਹ ਬੰਦਾ ਉੱਚਾ ਹੈ, ਵੱਡਾ ਹੈ, ਜਿਸ ਦੇ ਅਮਲ ਨੇਕ ਹਨ, ਜਿਸ ਦਾ ਆਚਰਨ ਸੁੱਚਾ ਹੈ।

ਇਹ ਸਹੀ ਗੱਲ ਸੁਣ ਕੇ ਉਥੇ ਇਕੱਠੇ ਹੋਏ ਸਾਰੇ ਹਾਜੀਆਂ ਤੇ ਮੱਕਾ-ਨਿਵਾਸੀਆਂ ਦੀ ਤਸੱਲੀ ਹੋ ਗਈ।

ਭਾਈ ਗੁਰਦਾਸ ਜੀ ਨੇ ਇਸ ਘਟਨਾ ਬਾਰੇ ਪਹਿਲੀ 'ਵਾਰ' ਵਿਚ ਇਉਂ ਲਿਖਿਆ ਹੈ:

**ਪੁੱਛਨਿ ਗੱਲ ਇਮਾਨ ਦੀ, ਕਾਜੀ ਮੁੱਲਾਂ ਇਕੱਠੇ ਹੋਈ॥**
**ਵਡਾ ਸਾਂਗੁ ਵਰਤਾਇਆ, ਲੱਖਿ ਨ ਸੱਕੈ ਕੁਦਰਤਿ ਕੋਈ॥**
**ਪੁੱਛਨਿ, ਖੋਲਿ ਕਤਾਬ ਨੋ, ਹਿੰਦੂ ਵਡਾ ਕਿ ਮੁਸਲਮਾਨੋਈ॥**
**ਬਾਬਾ ਆਖੇ ਹਾਜੀਆਂ, ਸ਼ੁਭ ਅਮਲਾਂ ਬਾਝਹੁ ਦੋਵੇ ਰੋਈ॥**
**ਹਿੰਦੂ ਮੁਸਲਮਾਨ ਦੋਇ, ਦਰਗਹ ਅੰਦਰਿ ਲੈਨਿ ਨ ਢੋਈ॥**
**ਕੱਚਾ ਰੰਗੁ ਕਸੁੰਭ ਕਾ, ਪਾਣੀ ਧੋਤੈ ਥਿਰੁ ਨ ਰਹੋਈ॥**
**ਕਰਨਿ ਬਖ਼ੀਲੀ ਆਪ ਵਿਚਿ, ਰਾਮੁ ਰਹੀਮੁ ਇਕ ਥਾਇ ਖਲੋਈ॥**
**ਰਾਹਿ ਸ਼ੈਤਾਨੀ ਦੁਨੀਆ ਗੋਈ॥੩੩॥੧॥**

## ਮੱਕੇ ਤੋਂ ਮਦੀਨੇ ਨੂੰ

ਹੱਜ ਦੀ ਮਰਯਾਦਾ ਅਨੁਸਾਰ ਹਾਜੀਆਂ ਵਾਸਤੇ ਇਹ ਜ਼ਰੂਰੀ ਹੈ ਕਿ ਉਹ ਹੱਜ ਵਾਲੇ ਦਿਨ ਤੋਂ ਪਿਛੋਂ ਤਿੰਨ ਦਿਨ ਹੋਰ ਮੱਕੇ ਵਿਚ ਟਿਕੇ ਰਹਿਣ। ਸੰਨ ੧੫੧੯ ਵਿਚ ੨੦ ਦਸੰਬਰ ਹੱਜ ਵਾਲਾ ਦਿਨ ਸੀ। ਜ਼ੁਲ-ਹਿਜਹ ਦੀ ੧੦ ਤਰੀਕ। ੨੩ ਦਸੰਬਰ ਤਕ ਹਾਜੀ ਉਥੇ ਹੋਰ ਟਿਕੇ ਰਹੇ। ਉਸ ਤੋਂ ਪਿੱਛੋਂ 'ਵਹਾਬੀ ਮੁਸਲਮਾਨਾਂ' ਤੋਂ ਛੁੱਟ ਬਾਕੀ ਸਾਰੇ ਮੁਸਲਮਾਨ ਮਦੀਨੇ ਨੂੰ ਜਾਂਦੇ ਹਨ।



WWW.SIKHBOOKCLUB.COM 

ਮਦੀਨੇ ਹਜ਼ਰਤ ਮੁਹੰਮਦ ਸਾਹਿਬ ਦੀ ਰਿਹਲਤ (ਵਫ਼ਾਤ) ਹੋਈ ਸੀ। ਪਿਆਰ ਇਹ ਮੰਗ ਕਰਦਾ ਹੈ ਕਿ ਉਸ ਥਾਂ ਦੇ ਦਰਸ਼ਨ ਕੀਤੇ ਜਾਣ, ਜਿੱਥੇ ਆਪਣੇ ਪਿਆਰੇ ਰਾਹਬਰ ਦੇ ਅੰਤਮ ਸਰੀਰਕ ਵਿਛੋੜੇ ਤੋਂ ਪਿੱਛੋਂ ਉਸ ਦਾ ਸਰੀਰ ਧਰਤੀ ਦੇ ਹਵਾਲੇ ਕੀਤਾ ਗਿਆ ਸੀ।

ਗੁਰੂ ਨਾਨਕ ਦੇਵ ਜੀ ਭਾਈ ਮਰਦਾਨੇ ਸਮੇਤ ਹਾਜੀਆਂ ਦੇ ਨਾਲ ੨੪ ਦਸੰਬਰ ਨੂੰ ਮਦੀਨੇ ਵਲ ਚੱਲ ਪਏ। ਮੱਕੇ ਤੋਂ ਮਦੀਨਾ ਤਿੰਨ ਕੁ ਸੌ ਮੀਲਾਂ ਦੇ ਫ਼ਾਸਲੇ ਤੇ ਹੈ, ਸਿੱਧਾ ਪਹਾੜ ਪਾਸੇ। ਵੀਹ ਕੁ ਦਿਨਾਂ ਦਾ ਪੈਦਲ ਪੈਂਡਾ।

ਤੁਲੰਭੇ ਤੋਂ ਅਗਾਂਹ ਚੱਲ ਕੇ ਜਦੋਂ ਸਤਿਗੁਰੂ ਜੀ ਹਾਜੀਆਂ ਦੇ ਕਾਫ਼ਲੇ ਨਾਲ ਰਲੇ ਸਨ, ਤਦੋਂ ਤੋਂ ਨੀਤੀ ਅਨੁਸਾਰ ਰੋਜ਼ਾਨਾ ਕੀਰਤਨ ਦਾ ਨੇਮ ਬੰਦ ਕਰਨ ਦੀ ਲੋੜ ਸੀ। ਪਰ ਹੁਣ ਕਾਬੇ ਵਲ ਪੈਰ ਕਰਨ ਦੀ ਘਟਨਾ ਤੋਂ ਪਿੱਛੋਂ ਬਹੁਤੇ ਹਾਜੀਆਂ ਨਾਲ ਉਹਨਾਂ ਦੀ ਜਾਣ-ਪਛਾਣ ਹੋ ਚੁੱਕੀ ਸੀ। ਰੋਜ਼ਾਨਾ ਸਵੇਰ ਦਾ ਕੀਰਤਨ ਮੁੜ ਸ਼ੁਰੂ ਕਰ ਦਿੱਤਾ ਗਿਆ।

ਜਦੋਂ ਹਾਜੀਆਂ ਦੇ ਕਾਫ਼ਲੇ ਨਾਲ ਸਤਿਗੁਰੂ ਜੀ ਮਦੀਨੇ ਅੱਪੜੇ, ਤਦੋਂ ਸੰਨ ੧੫੧੯ ਸ਼ੁਰੂ ਹੋ ਚੁੱਕਾ ਸੀ। ਜਨਵਰੀ ਦੇ ਮਹੀਨੇ ਦਾ ਪਹਿਲਾ ਹਫ਼ਤਾ ਬੀਤ ਚੁੱਕਾ ਸੀ। ਹਾਜੀਆਂ ਦੀ ਸ਼ਰਧਾ ਅਨੁਸਾਰ ਮਦੀਨੇ ਪਹੁੰਚ ਕੇ ਹੱਜ ਸੰਪੂਰਨ ਹੁੰਦਾ ਹੈ। ਇਥੋਂ ਹਾਜੀਆਂ ਨੇ ਵਾਪਸ ਆਪੋ ਆਪਣੇ ਦੇਸ ਨੂੰ ਪਰਤਣਾ ਸੀ। ਮੱਕੇ ਵਲ ਮੁੜ ਪਰਤਣ ਦੀ ਲੋੜ ਨਹੀਂ ਸੀ।

## ਮਦੀਨੇ ਤੋਂ ਬਸਰੇ ਦੇ ਰਸਤੇ ਬਗ਼ਦਾਦ ਨੂੰ

ਇਤਨੇ ਸਮੇਂ ਵਿਚ ਹੋਰ ਮੁਸਲਮਾਨੀ ਦੇਸਾਂ ਦੇ ਹਾਜੀਆਂ ਨਾਲ ਭੀ ਗੁਰੂ ਨਾਨਕ ਦੇਵ ਜੀ ਦੀ ਸਾਂਝ-ਵਾਕਫ਼ੀ ਬਣ ਚੁਕੀ ਸੀ। ਵਾਪਸੀ ਤੇ ਹਿੰਦੁਸਤਾਨੀ ਹਾਜੀਆਂ ਨੂੰ ਭੀ ਮੁੜ ਜੱਦੇ ਵਲ ਪਰਤਣ ਦੇ ਥਾਂ ਬਸਰੇ ਵਾਲਾ ਰਸਤਾ ਔਖਿਆਈ ਵਾਲਾ ਨਹੀਂ। ਮਦੀਨੇ ਤੋਂ ਬਸਰਾ ਸ਼ਹਿਰ ਉੱਤਰ-ਪੂਰਬ ਪਾਸੇ ਛੇ ਕੁ ਸੌ ਮੀਲਾਂ ਦੀ ਵਿੱਥ ਤੇ ਹੈ। ਇਰਾਕ ਦੇਸ ਵਿਚ ਦਰਿਆ ਦਜਲਾ ਅਤੇ ਫ਼ਰਾਤ ਜਿੱਥੇ ਆ ਕੇ ਮਿਲਦੇ ਹਨ, ਉਸ ਸੰਗਮ ਤੇ ਹੈ ਸ਼ਹਿਰ ਬਸਰਾ। ਫ਼ਾਰਸ ਦੀ ਖਾੜੀ ਤੋਂ ਉੱਪਰ-ਵਾਰ ਚਾਲੀ ਕੁ ਮੀਲਾਂ ਤੇ।

ਗੁਰੂ ਨਾਨਕ ਦੇਵ ਜੀ ਭਾਈ ਮਰਦਾਨੇ ਸਮੇਤ ਹਾਜੀਆਂ ਦੇ ਕਾਫ਼ਲੇ



WWW.SIKHBOOKCLUB.COM 

ਨਾਲ ਮਿਲ ਕੇ ਬਸਰੇ[1] ਪਹੁੰਚੇ।

ਬਸਰੇ ਤੋਂ ਸਤਿਗੁਰੂ ਜੀ ਬਗ਼ਦਾਦ ਆਦਿਕ ਵਲ ਦੇ ਹਾਜੀਆਂ ਨਾਲ ਬਗ਼ਦਾਦ ਨੂੰ ਚੱਲ ਪਏ। ਬਸਰੇ ਤੋਂ ਬਗ਼ਦਾਦ ਦੋ ਕੁ ਸੌ ਮੀਲ ਹੈ, ਉੱਤਰ-ਪੱਛਮ ਪਾਸੇ। ਦਰਿਆ ਫ਼ਰਾਤ ਦੇ ਕੰਢੇ ਤੇ। ਰਸਤੇ ਵਿਚ ਹੀ ਬਗ਼ਦਾਦ ਤੋਂ ਉਰੇ ਹੈ ਕਰਬਲਾ। ਬਗ਼ਦਾਦ ਤੋਂ ਸੱਠ ਮੀਲ ਦੱਖਣ-ਪੱਛਮ ਪਾਸੇ।

**ਕਰਬਲਾ**

ਕਰਬਲਾ ਇਰਾਕ-ਅਰਬ ਵਿਚ ਦਰਿਆ ਫ਼ਰਾਤ ਦੇ ਪੱਛਮੀ ਕੰਢੇ ਉੱਤੇ ਉਹ ਥਾਂ ਹੈ ਜਿੱਥੇ ੧੯ ਅਕਤੂਬਰ ੬੮੦ ਨੂੰ ਚੌਥੇ ਖ਼ਲੀਫ਼ੇ ਹਜ਼ਰਤ ਅਲੀ ਦਾ ਪੁੱਤਰ ਸਈਅਦ ਹੁਸੈਨ[2] ਤਿੰਨ ਦਿਨਾਂ ਦਾ ਪਿਆਸਾ, ਯਜ਼ੀਦ ਦੀ ਫ਼ੌਜ ਨੇ ਬੜੀ ਬੇ-ਰਹਿਮੀ ਨਾਲ ਮਾਰਿਆ ਸੀ। ਇਮਾਮ ਹੁਸੈਨ ਦਾ ਮਕਬਰਾ ਸੁਨਹਿਰੀ ਗੁੰਬਜ਼ਦਾਰ ਬਣਿਆ ਹੋਇਆ ਹੈ। ਬਹੁਤੇ ਮੁਸਲਮਾਨ ਇਸ ਦੇ ਆਸ-ਪਾਸ ਆਪਣੇ ਮੁਰਦੇ ਦੱਬਣੇ ਨੇਕ ਕੰਮ ਸਮਝਦੇ ਹਨ। ਦੂਰ ਦੂਰ ਤੋਂ ਮੁਰਦੇ ਲੈ ਕੇ ਆਉਂਦੇ ਹਨ।

ਇਮਾਮ ਹੁਸੈਨ ਨੂੰ ਕੂਫ਼ੇ ਦੇ ਲੋਕਾਂ ਨੇ ਖ਼ਲਾਫ਼ਤ ਦੇਣ ਵਾਸਤੇ ਗੁਪਤ ਤੌਰ ਤੇ ਬੁਲਵਾਇਆ ਸੀ। ਪਰ [3]ਦਮਿਸ਼ਕ-ਪਤੀ ਖ਼ਲੀਫ਼ਾ ਯਜ਼ੀਦ ਨੂੰ ਇਸ ਭੇਤ ਦਾ ਪਤਾ ਲੱਗ ਗਿਆ। ਉਸ ਨੇ ਆਪਣੀ ਫ਼ੌਜ ਭੇਜੀ। ਹੁਸੈਨ ਲੜਨਾ ਨਹੀਂ ਸੀ ਚਾਹੁੰਦਾ। ਪਰ ਯਜ਼ੀਦ ਦੀ ਫ਼ੌਜ ਨੇ ਬਦੋ-ਬਦੀ ਹਮਲਾ ਕਰ ਦਿੱਤਾ। ਇਹ ਸਾਰਾ ਝਗੜਾ ਮੁਹੱਰਮ ਮਹੀਨੇ ਦੀ ਪਹਿਲੀ ਤੋਂ ਦਸਵੀਂ ਤਰੀਕ ਤਕ ਰਿਹਾ ਸੀ। ਮੁਹੱਰਮ ਦੀ ਦਸਵੀਂ ਤਰੀਕ ਨੂੰ ਇਮਾਮ ਹੁਸੈਨ ਮਾਰਿਆ ਗਿਆ ਸੀ। ਇਸ ਯਾਦ ਵਿਚ ਸ਼ੀਆ ਮੁਸਲਮਾਨ ਇਹ ਦਸ ਦਿਨ ਬੜੇ ਅਫ਼ਸੋਸ ਵਿਚ ਮਨਾਂਦੇ ਹਨ।

---

੧. ਜਦੋਂ ਪਹਿਲੇ ਵੱਡੇ ਜੁਧ ਸਮੇ ਸਿੰਘਾਂ ਦੀਆਂ ਫੌਜਾਂ ਅਤੇ ਫ਼ੌਜੀ ਮਹਿਕਮੇ ਵਿਚ ਕੰਮ ਕਰਨ ਵਾਲੇ ਹੋਰ ਅਨੇਕਾਂ ਸਿੰਘ ਬਸਰੇ ਗਏ ਸਨ, ਤਾਂ ਉਨ੍ਹਾਂ ਉਥੇ ਜਾ ਕੇ ਇਹ ਵੇਖਿਆ ਸੀ ਕਿ ਉਸ ਇਲਾਕੇ ਵਿਚ ਅਨੇਕਾਂ ਉਹ ਲੋਕ ਵੱਸਦੇ ਹਨ ਜੋ ਗੁਰੂ ਨਾਨਕ ਪਾਤਿਸ਼ਾਹ ਦੇ ਨਾਮ-ਲੇਵਾ ਹਨ।

੨. ਇਮਾਮ ਹਸਨ ਅਤੇ ਹੁਸੈਨ ਦੀ ਔਲਾਦ ਦੇ ਲੋਕ ਸਈਅਦ ਅਖਵਾਦੇ ਹਨ।

੩. ਸ਼ਹਿਰ ਦਮਿਸ਼ਕ ਬਗ਼ਦਾਦ ਤੋਂ ਠੀਕ ਚੜ੍ਹਦੇ ਪਾਸੇ ਸਾਢੇ ਤਿੰਨ ਸੌ ਮੀਲਾਂ ਤੇ ਹੈ।



WWW.SIKHBOOKCLUB.COM 

ਇਮਾਮ ਹੁਸੈਨ ਦਾ ਜਨਮ ਮਦੀਨੇ ਸੰਨ ੬੨੫ (ਹਿਜਰੀ ੪) ਵਿਚ ਹੋਇਆ ਸੀ। ਇਮਾਮ ਹਸਨ ਹਜ਼ਰਤ ਅਲੀ ਦਾ ਵੱਡਾ ਪੁੱਤਰ ਸੀ, ਇਸ ਦਾ ਜਨਮ ਹਿਜਰੀ ੩ ਵਿਚ ਹੋਇਆ ਸੀ। ਹਸਨ ਆਪਣੇ ਬਾਪ ਦੇ ਫੌਤ ਹੋਣ ਤੋਂ ਪਿੱਛੋਂ ਸੰਨ ੪੧ ਹਿਜਰੀ ਵਿਚ ਪੰਜਵਾਂ ਖ਼ਲੀਫ਼ਾ ਬਣਿਆ ਸੀ। ਪਰ ਇਸ ਨੇ ੬ ਮਹੀਨਿਆਂ ਪਿੱਛੋਂ ਖ਼ਲਾਫ਼ਤ ਤੋਂ ਅਸਤੀਫ਼ਾ ਦੇ ਦਿੱਤਾ। ਫਿਰ ਭੀ ਇਸ ਦੀ ਬੀਵੀ ਨੇ ਯਜ਼ੀਦ ਦੀ ਪ੍ਰੇਰਨਾ ਤੇ ਇਸ ਨੂੰ ਜ਼ਹਿਰ ਦੇ ਕੇ ਮਾਰ ਦਿੱਤਾ ਸੀ, ੧੭ ਮਾਰਚ ੬੬੯।

## ਖ਼ਲੀਫ਼ਾ

ਲਫ਼ਜ਼ 'ਖ਼ਲੀਫ਼ਾ' ਦਾ ਅਰਥ ਹੈ 'ਪ੍ਰਤੀਨਿਧ'। ਹਜ਼ਰਤ ਮੁਹੰਮਦ ਸਾਹਿਬ ਦੀ ਵਫ਼ਾਤ ਤੋਂ ਪਿੱਛੋਂ ਇਸਲਾਮ ਦੇ ਜਿਹੜੇ ਮੁਖੀਏ ਰਾਜ-ਪਰਬੰਧ ਅਤੇ ਧਰਮ-ਪਰਚਾਰ-ਪਰਬੰਧ ਕਰਦੇ ਰਹੇ, ਉਨ੍ਹਾਂ ਨੂੰ 'ਖ਼ਲੀਫ਼ਾ' ਕਿਹਾ ਜਾਂਦਾ ਸੀ।

ਪਹਿਲਾਂ ਖ਼ਲੀਫ਼ੇ ਮੱਕੇ ਵਿਚ ਰਹਿੰਦੇ ਸਨ। ਉਨ੍ਹਾਂ ਵਿਚੋਂ ਮੁਖੀਏ ਚਾਰ ਹੋਏ ਹਨ। ਉਨ੍ਹਾਂ ਨੂੰ ਮੁਸਲਮਾਨ 'ਚਾਰ ਯਾਰ' ਭੀ ਆਖਦੇ ਹਨ।

SIKHBOOKCLUB.COM

ਉਨ੍ਹਾਂ ਦੇ ਨਾਮ :

੧. ਖ਼ਲੀਫ਼ਾ ਅਬੂ-ਬਕਰ। ੨. ਖ਼ਲੀਫ਼ਾ ਉਮਰ। ੩. ਖ਼ਲੀਫ਼ਾ ਉਸਮਾਨ।
੪. ਖ਼ਲੀਫ਼ਾ ਅਲੀ (ਹਜ਼ਰਤ ਮੁਹੰਮਦ ਸਾਹਿਬ ਦਾ ਦਾਮਾਦ)।

ਖ਼ਲੀਫ਼ਾ ਅਲੀ ਦੀ ਵਫ਼ਾਤ ਸੰਨ ੬੬੧ ਵਿਚ ਹੋ ਗਈ। ਇਸ ਤੋਂ ਪਿੱਛੋਂ ਅਲੀ ਦਾ ਪੁੱਤਰ ਇਮਾਮ ਹਸਨ ਪੰਜਵਾਂ ਖ਼ਲੀਫ਼ਾ ਬਣਿਆ। ਇਹ ਸਿਰਫ਼ ੬ ਮਹੀਨੇ ਰਿਹਾ। ਇਸ ਤੋਂ ਪਿੱਛੋਂ ਖ਼ਲਾਫ਼ਤ ਦਮਿਸ਼ਕ ਦੇ ਹਾਕਮਾਂ ਦੇ ਹੱਥ ਆ ਗਈ। ੧੪ ਪੀੜ੍ਹੀਆਂ ਦਮਿਸ਼ਕ ਦੇ ਹਾਕਮ ਖ਼ਲੀਫ਼ੇ ਬਣਦੇ ਰਹੇ, ਸੰਨ ੬੬੧ ਤੋਂ ੭੪੯ ਤਕ।

ਫਿਰ ਖ਼ਲਾਫ਼ਤ ਬਗ਼ਦਾਦ ਦੇ ਹਾਕਮਾਂ ਪਾਸ ਆ ਗਈ। ਇਨ੍ਹਾਂ ਦਾ ਕਬਜ਼ਾ ਸੰਨ ੭੫੦ ਤੋਂ ਸੰਨ ੧੨੫੮ ਤਕ ਰਿਹਾ। ਇਸ ਤੋਂ ਪਿੱਛੋਂ ਖ਼ਲਾਫ਼ਤ ਰੂਮ ਦੇ ਬਾਦਸ਼ਾਹਾਂ ਦੇ ਹੱਥ ਆ ਗਈ। ਉਥੇ ਹੀ ਮਾਰਚ ਸੰਨ ੧੯੨੪ ਵਿਚ ਖ਼ਲਾਫ਼ਤ ਖ਼ਤਮ ਹੀ ਕਰ ਦਿੱਤੀ ਗਈ।

ਬਗ਼ਦਾਦ ਵਿਚ ੯੯ ਸਾਲ ਖ਼ਲਾਫ਼ਤ ਰਹਿਣ ਕਰਕੇ ਮੁਸਲਮਾਨਾਂ ਵਿਚ ਬਗ਼ਦਾਦ ਦੀ ਮਹਾਨਤਾ ਬਹੁਤ ਜ਼ਿਆਦਾ ਹੋ ਗਈ ਸੀ।

## ਬਸਰੇ ਤੋਂ ਕਰਬਲਾ ਦੇ ਰਸਤੇ ਬਗ਼ਦਾਦ ਨੂੰ

ਹਿੰਦੁਸਤਾਨ, ਅਫ਼ਗ਼ਾਨਿਸਤਾਨ, ਤੁਰਕਿਸਤਾਨ, ਈਰਾਨ ਆਦਿਕ ਮੁਸਲਮਾਨੀ ਦੇਸਾਂ ਤੋਂ ਹਾਜੀ ਮੱਕੇ ਦੀ ਜ਼ਿਆਰਤ ਨੂੰ ਆਇਆ ਕਰਦੇ ਹਨ। ਮੱਕੇ ਅੱਪੜ ਕੇ ਇਹ ਜਜ਼ਬਾ ਪੈਦਾ ਹੋਣਾ ਕੁਦਰਤੀ ਗੱਲ ਹੈ ਕਿ ਉਸ ਥਾਂ (ਕਰਬਲਾ) ਦੇ ਦੀਦਾਰ ਭੀ ਕੀਤੇ ਜਾਣ, ਜਿੱਥੇ ਹਜ਼ਰਤ ਮੁਹੰਮਦ ਸਾਹਿਬ ਦਾ ਦੋਹਤ੍ਰਾ ਇਮਾਮ ਹੁਸੈਨ ਸ਼ਹੀਦ ਹੋਇਆ ਸੀ। ਤੇ ਕਰਬਲਾ ਤੋਂ ਅਗਾਂਹ ਬਗ਼ਦਾਦ ਸਿਰਫ਼ ੬੦ ਮੀਲ ਤੇ ਹੈ। ੯੯ ਸਾਲ ਓਥੇ ਖ਼ਲਾਫ਼ਤ ਟਿਕੀ ਰਹਿਣ ਦੇ ਕਾਰਨ ਮੁਸਲਮਾਨਾਂ ਦੇ ਦਿਲ ਵਿਚ ਬਗ਼ਦਾਦ ਦੀ ਮਹਾਨਤਾ ਬਣ ਜਾਣੀ ਇਕ ਕੁਦਰਤੀ ਗੱਲ ਹੈ।

ਹਾਜੀਆਂ ਦੇ ਕਾਫ਼ਲੇ ਨਾਲ ਗੁਰੂ ਨਾਨਕ ਦੇਵ ਜੀ ਭਾਈ ਮਰਦਾਨੇ ਸਮੇਤ ਬਸਰੇ ਤੋਂ ਕਰਬਲਾ ਦੇ ਰਸਤੇ ਬਗ਼ਦਾਦ ਪਹੁੰਚੇ। ਮੱਕੇ ਤੋਂ ਹੁਣ ਇਕ ਹਜ਼ਾਰ ਮੀਲ ਦੇ ਕਰੀਬ ਪੈਂਡਾ ਹੋ ਚੁੱਕਾ ਸੀ।

SIKHBOOKCLUB.COM

### ਬਗ਼ਦਾਦ

ਸ਼ਹਿਰ ਬਗ਼ਦਾਦ ਨੌਸ਼ੀਰਵਾਂ ਬਾਦਸ਼ਾਹ ਨੇ ਵਸਾਇਆ ਸੀ। ਉਸ ਥਾਂ, ਜਿੱਥੇ ਉੱਤਰ ਵਲੋਂ ਆ ਰਹੇ ਦਰਿਆ ਦਜਲਾ ਤੇ ਫ਼ਰਾਤ ਮਿਲ ਜਾਂਦੇ ਹਨ। ਅਗਾਂਹ ਫਿਰ ਦਰਿਆ ਦੀਆਂ ਦੋ ਧਾਰਾਂ ਬਣ ਜਾਂਦੀਆਂ ਹਨ ਤੇ ਸ਼ਹਿਰ ਬਸਰੇ ਕੋਲ ਫਿਰ ਮਿਲ ਜਾਂਦੀਆਂ ਹਨ।

ਬਗ਼ਦਾਦ ਵਿਚ ਇਕ ਬੜਾ ਪਰਸਿੱਧ ਪੀਰ ਅਬਦੁਲ ਕਾਦਿਰ ਹੋਇਆ ਹੈ। ਇਸ ਦਾ ਜਨਮ ਈਰਾਨ ਦੇਸ ਦੇ ਨਗਰ ਜੀਲਾਨ ਵਿਚ ਸੰਨ ੧੦੭੯ ਈਸਵੀ ਵਿਚ ਹੋਇਆ ਸੀ। ੨੨ ਫ਼ਰਵਰੀ ੧੧੬੬ ਨੂੰ ਇਸ ਪੀਰ ਦਾ ਦੇਹਾਂਤ ਬਗ਼ਦਾਦ ਵਿਚ ਹੋਇਆ ਸੀ। ਬਗ਼ਦਾਦ ਵਿਚ ਉਸ ਦਾ ਮਕਬਰਾ ਬਣਿਆ ਹੋਇਆ ਹੈ। ਪੀਰ ਅਬਦੁਲ ਕਾਦਿਰ ਦਾ ਪਰਸਿੱਧ ਨਾਮ 'ਦਸਤਗੀਰ' ਹੈ। ਉਸ ਦੇ ਜਾ-ਨਸ਼ੀਨ ਭੀ 'ਦਸਤਗੀਰ' ਅਖਵਾਂਦੇ ਹਨ। ਪੀਰ ਦੀ ਸੰਪ੍ਰਦਾਇ ਦੇ ਦਰਵੇਸ਼ 'ਕਾਦਰੀ' ਅਖਵਾਂਦੇ ਹਨ।

ਭਾਈ ਗੁਰਦਾਸ ਜੀ ਨੇ ਸਤਿਗੁਰੂ ਜੀ ਦੇ ਬਗ਼ਦਾਦ ਪਹੁੰਚਣ ਬਾਰੇ ਆਪਣੀ ਪਹਿਲੀ 'ਵਾਰ' ਦੀ ੩੫ ਅਤੇ ੩੬ ਪਉੜੀ ਵਿਚ ਇਉਂ ਲਿਖਿਆ ਹੈ :

ਬਾਬਾ ਗਇਆ ਬਗਦਾਦ ਨੋ, ਬਾਹਰਿ ਜਾਇ ਕੀਆ ਅਸਥਾਨਾ ॥
ਇਕੁ ਬਾਬਾ ਅਕਾਲ ਰੂਪੁ, ਦੂਜਾ ਰਬਾਬੀ ਮਰਦਾਨਾ ॥
ਦਿੱਤੀ ਬਾਂਗ ਨਿਮਾਜ ਕਰਿ, ਸੁੰਨ ਸਮਾਨ ਹੋਆ ਜਹਾਨਾ ॥
ਸੁੰਨ-ਮੁੰਨ ਨਗਰੀ ਭਈ, ਦੇਖਿ ਪੀਰੁ ਭਇਆ ਹੈਰਾਨਾ ॥
ਵੇਖੈ ਧਿਆਨੁ ਲਗਾਇ ਕਰਿ, ਇਕੁ ਫਕੀਰੁ ਵਡਾ ਮਸਤਾਨਾ ॥
ਪੁੱਛਿਆ ਫਿਰਿ ਕੈ ਦਸਤਗੀਰਿ, ਕਉਣੁ ਫਕੀਰੁ ਕਿਸ ਕਾ ਘਰਾਨਾ ॥
ਨਾਨਕੁ ਕਲਿ ਵਿਚ ਆਇਆ, ਰੱਬੁ ਫਕੀਰੁ ਇਕੋ ਪਹਿਚਾਨਾ ॥
ਧਰਤਿ ਆਕਾਸ ਚਹੂ ਦਿਸਿ ਜਾਨਾ ॥੩੫॥

ਪੁਛੈ ਪੀਰੁ ਤਕਰਾਰੁ ਕਰਿ, ਏਹ ਫਕੀਰੁ ਵਡਾ ਆਤਾਈ ॥
ਏਥੈ ਵਿਚਿ ਬਗਦਾਦ ਦੈ, ਵਡੀ ਕਰਾਮਾਤਿ ਦਿਖਲਾਈ ॥
ਪਾਤਾਲਾਂ ਆਕਾਸ ਲਖ, ਓੜਕ ਭਾਲੀ, ਖਬਰਿ ਸੁਣਾਈ ॥
ਫੇਰਿ ਦੁਹਰਾਇਣ ਦਸਤਗੀਰਿ, ਅਸਾ ਭਿ ਵੇਖਾਂ ਜੋ ਤੁਹਿ ਪਾਈ ॥
ਨਾਲਿ ਲੀਤਾ ਬੇਟਾ ਪੀਰ ਦਾ, ਅੱਖੀਂ ਮੀਟਿ ਗਇਆ ਹਾਵਾਈ ॥
ਲੱਖ ਪਾਤਾਲ ਆਕਾਸ ਲੱਖ, ਅੱਖ ਫੁਰਕ ਵਿਚਿ ਸਭਿ ਦਿਖਲਾਈ ॥
ਭਰਿ ਕਚਕੌਲ ਪ੍ਰਸਾਦ ਦਾ, ਧੁਰਹੁ ਪਤਾਲਹੁ ਲਈ ਕੜਾਹੀ ॥
ਜਾਹਰਿ ਕਲਾ ਨ ਛਪੈ ਛਪਾਈ ॥੩੬॥

ਰਾਗ ਵਿਚ ਇਹ ਕੁਦਰਤੀ ਤਾਸੀਰ ਹੈ ਕਿ ਸੁਣਨ ਵਾਲੇ ਦੇ ਮਨ ਨੂੰ ਮਸਤ ਕਰ ਕੇ ਹੋਰ ਹੋਰ ਦੌੜ-ਭੱਜ ਵਲੋਂ ਹਟਾ ਕੇ, ਇੱਕ ਟਿਕਾਣੇ ਤੇ ਲਿਆ ਟਿਕਾਂਦਾ ਹੈ। ਫਿਰ ਜੇ ਰਾਗ ਵਿਚ ਪਰਮਾਤਮਾ ਦੀ ਸਿਫ਼ਤ-ਸਲਾਹ ਦੀ ਬਾਣੀ ਰਲਾ ਕੇ ਗਾਈ[੧] ਜਾਏ, ਤਾਂ ਸੁਣਨ ਵਾਲੇ ਦੇ ਧੁਰ ਅੰਦਰ ਥਾਂ ਬਣਾ ਲੈਂਦਾ ਹੈ।

ਰਾਗ ਦੀ ਇਸ ਉੱਚੀ ਤਾਸੀਰ ਤੋਂ ਟਪਲਾ ਖਾ ਕੇ ਗੰਦੇ ਗੀਤਾਂ ਉੱਤੇ ਦੋਸ਼ ਲਾਣ ਦੇ ਥਾਂ ਕਈ ਮੁਸਲਮਾਨ ਮਜ਼ਹਬੀ ਆਗੂਆਂ ਨੇ ਰਾਗ ਨੂੰ ਹੀ ਦੋਸ਼ੀ ਮੰਨ ਲਿਆ। ਮੁਸਲਮਾਨਾਂ ਵਿਚ ਇਹ ਆਮ ਖ਼ਿਆਲ ਬਣ ਗਿਆ ਹੈ ਕਿ ਸ਼ਰਹ ਅਨੁਸਾਰ 'ਰਾਗ' ਹਰਾਮ ਹੈ। ਬਗ਼ਦਾਦ ਨਿਵਾਸੀ ਪੀਰ, 'ਦਸਤਗੀਰ' ਅਤੇ ਬਹਿਲੋਲ ਆਦਿਕ ਹੋਰ ਵਲੀ ਭੀ ਇਹੀ ਮੰਨ ਬੈਠੇ ਸਨ ਕਿ 'ਰਾਗ ਹਰਾਮ'

੧. ਪੜ੍ਹੋ ਮੇਰਾ ਲੇਖ 'ਕੀਰਤਨ', ਪੁਸਤਕ *'ਬੁਰਾਈ ਦਾ ਟਾਕਰਾ'* ਵਿਚ।



WWW.SIKHBOOKCLUB.COM

ਹੈ, ਇਸ ਨੂੰ ਸੁਣਿਆਂ ਮਨ ਉੱਤੇ ਸ਼ੈਤਾਨ ਆ ਸਵਾਰ ਹੁੰਦਾ ਹੈ। ਆਤਮਕ ਜੀਵਨ ਦੇ ਰਸਤੇ ਵਿਚ ਇਹ ਇਕ ਭਾਰਾ ਠੇਡਾ ਸੀ, ਜੋ ਉਨ੍ਹਾਂ ਲੋਕਾਂ ਨੂੰ ਲੱਗ ਰਿਹਾ ਸੀ।

ਜਿਵੇਂ ਗੁਰੂ ਨਾਨਕ ਦੇਵ ਜੀ ਨੇ ਮੱਕੇ ਜਾ ਕੇ 'ਕਾਬੇ' ਵਲ ਪੈਰ ਪਸਾਰ ਕੇ ਭੁਲੇਖੇ ਵਿਚ ਪਏ ਲੋਕਾਂ ਨੂੰ ਇਹ ਸਮਝਾਇਆ ਸੀ ਕਿ ਖ਼ੁਦਾ ਦਾ ਘਰ ਸਿਰਫ਼ 'ਕਾਬਾ' ਨਹੀਂ ਹੈ, ਖ਼ੁਦਾ ਹਰ ਥਾਂ ਹਾਜ਼ਰ-ਨਾਜ਼ਰ ਹੈ, ਤਿਵੇਂ ਹੀ ਇਸਲਾਮ ਦੇ ਗੜ੍ਹ ਬਗ਼ਦਾਦ ਵਿਚ ਪਹੁੰਚ ਕੇ 'ਰਾਗ' ਨੂੰ ਹਰਾਮ ਸਮਝਣ ਵਾਲੇ ਲੋਕਾਂ ਨੂੰ 'ਰਾਗ' ਦੀ ਰਾਹੀਂ ਖ਼ੁਦਾ ਦੀ ਸਿਫ਼ਤ-ਸਲਾਹ ਸੁਣਾ ਕੇ ਅਮਲੀ ਤੌਰ ਤੇ ਉਸ ਦੀ ਤਾਸੀਰ ਦਿਖਾ ਦਿੱਤੀ। ਜਿਸ ਜਿਸ ਮਨੁੱਖ ਦੀ ਕੰਨੀਂ ਉਹ 'ਕੀਰਤਨ' ਪਿਆ, ਉਹ ਉਹ ਸੁੰਨ-ਮੁੰਨ ਹੁੰਦਾ ਗਿਆ, ਉਸ ਉਸ ਦੀ ਸੁਰਤ ਨਿਰਭੈ ਰੱਬੀ ਹਜ਼ੂਰੀ ਵਿਚ ਟਿਕਦੀ ਗਈ। ਕਿਸੇ ਨੂੰ ਇਹ ਲੋੜ ਨਾ ਰਹੀ, ਕਿਸੇ ਨੂੰ ਇਹ ਹਿੰਮਤ ਨਾ ਪਈ ਕਿ ਨਿਡਰ ਨਿਰਭੈ ਗੁਰੂ ਨਾਨਕ ਉੱਤੇ ਕੋਈ ਮਾਰੂ ਵਾਰ ਕਰ ਸਕੇ। ਪੀਰ ਦਸਤਗੀਰ ਵਲੀ ਬਹਿਲੋਲ ਅਤੇ ਹੋਰ ਦਰਵੇਸ਼ ਭੀ ਆ ਪਹੁੰਚੇ। ਸਭ ਨੇ ਰੱਬੀ ਸਿਫ਼ਤ-ਸਲਾਹ 'ਰਾਗ' ਵਿਚ ਸੁਣੀ। ਉਨ੍ਹਾਂ ਨੂੰ ਯਕੀਨ ਆ ਗਿਆ ਕਿ 'ਰਾਗ' ਹਰਾਮ ਨਹੀਂ ਹੈ। ਇਸ ਤੋਂ ਸੰਕੋਚ ਨਹੀਂ ਕਰਨਾ, ਸੰਕੋਚ ਕਰਨਾ ਹੈ ਗੰਦੇ ਗੀਤਾਂ ਤੋਂ, ਜੋ 'ਰਾਗ' ਵਿਚ ਰਲ ਕੇ ਸੁਣਨ ਵਾਲੇ ਮਨੁੱਖ ਵਾਸਤੇ ਆਤਮਕ ਮੌਤ ਦਾ ਕਾਰਨ ਬਣਦੇ ਹਨ।

ਪਤਾ ਨਹੀਂ ਕਿਉਂ, ਪਰ ਇਹ ਮਜ਼ਹਬੀ ਰਾਹਬਰ ਇਹ ਗ਼ਲਤੀ ਭੀ ਖਾ ਰਹੇ ਸਨ ਕਿ ਸਾਰੀ ਦੁਨੀਆ ਦੇ ਸੱਤ ਆਕਾਸ਼ ਹਨ ਅਤੇ ਸੱਤ ਪਾਤਾਲ ਹਨ। ਬੇਅੰਤ ਸਿਰਜਣਹਾਰ ਦੀ ਬੇਅੰਤ ਰਚਨਾ ਬਾਰੇ ਇਹੋ ਜਿਹੇ ਅੰਦਾਜ਼ੇ ਲਾਉਣੇ ਇਕ ਕੁਹਜਾ ਉੱਦਮ ਹੈ। ਕੀ ਹੈ ਵਿਤ ਇਨਸਾਨ ਦਾ, ਕਿ ਆਪਣੇ ਰਚਨਹਾਰ ਦੀ ਰਚਨਾ ਦਾ ਮੁੱਲ ਪਾ ਸਕੇ ?

ਪਰ ਵੇਖੋ ਨਿਰਭੈਤਾ ਗੁਰੂ ਨਾਨਕ ਪਾਤਿਸ਼ਾਹ ਦੀ ! ਆਪਣੇ ਵਤਨ ਤੋਂ ਦੂਰ ਹਜ਼ਾਰਾਂ ਮੀਲਾਂ ਤੇ ਬੈਠੇ ਹਨ। ਸਿਰਫ਼ ਦੋ ਜਿੰਦਾਂ ! ਨਿਡਰਤਾ ਤੇ ਪਿਆਰ ਨਾਲ ਸਮਝਾਈ ਹੋਈ ਸੱਚਾਈ ਅੱਗੇ ਪੀਰ ਦਸਤਗੀਰ ਬਹਿਲੋਲ ਆਦਿਕ ਵਲੀਆਂ ਤੇ ਬਗ਼ਦਾਦ-ਨਿਵਾਸੀ ਮੁਸਲਮਾਨਾਂ ਦਾ ਸਿਰ ਝੁਕ ਗਿਆ। ਸਤਿਗੁਰੂ ਜੀ ਦੇ ਉਹ ਸ਼ਰਧਾਲੂ ਬਣ ਗਏ। ਸਤਿਗੁਰੂ ਜੀ ਦੇ ਉਥੇ ਆਗਮਨ ਦੀ ਯਾਦ ਵਿਚ ਇਕ 'ਕੁਤਬਾ' ਤੁਰਕੀ ਬੋਲੀ ਵਿਚ ਲਾਇਆ ਗਿਆ, ਜੋ ਹੁਣ ਤਕ ਰੇਲਵੇ ਸਟੇਸ਼ਨ ਬਗ਼ਦਾਦ ਤੋਂ ਚੜ੍ਹਦੇ ਪਾਸੇ ਡੇਢ ਮੀਲ 'ਤੇ ਕਾਇਮ ਹੈ। ਉਸ

'ਕੁਤਬੇ' ਦਾ ਪੰਜਾਬੀ ਅਨੁਵਾਦ ਇਉਂ ਹੈ :

"ਦੇਖੋ, ਹਜ਼ਰਤ ਪਰਵਰਦਗਾਰ ਬਜ਼ੁਰਗ ਨੇ ਕੇਹੀ ਮੁਰਾਦ ਪੂਰੀ ਕੀਤੀ ਕਿ ਬਾਬੇ ਨਾਨਕ ਦੀ ਤਅਮੀਰ ਨਵੇਂ ਸਿਰੇ ਬਣ ਗਈ। ਸੱਤ ਵੱਡੇ ਵਲੀਆਂ ਨੇ ਇਸ ਵਿਚ ਸਹਾਇਤਾ ਕੀਤੀ। ਉਸ ਦੀ ਤਾਰੀਖ਼ ਇਹ ਨਿਕਲੀ ਕਿ ਨੇਕ-ਬਖ਼ਤ ਮੁਰੀਦ ਨੇ ਪਾਣੀ ਲਈ ਜ਼ਮੀਨ ਵਿਚ ਫ਼ੈਜ਼ ਦਾ ਚਸ਼ਮਾ ਜਾਰੀ ਕਰ ਦਿੱਤਾ।"

ਬਗ਼ਦਾਦ ਦੇ ਖੂਹਾਂ ਦਾ ਪਾਣੀ ਖਾਰਾ ਸੀ। ਗੁਰੂ ਨਾਨਕ ਦੇਵ ਜੀ ਨੇ ਜਿੱਥੇ ਨਵਾਂ ਖੂਹ ਲਵਾਇਆ ਉਹ ਮਿੱਠਾ ਹੈ; ਇਹ ਖੂਹ 'ਕੁਤਬੇ' ਦੇ ਪਾਸ ਹੈ। ਹੁਣ ਭੀ ਸਿਰਫ਼ ਇਸੇ ਦਾ ਪਾਣੀ ਮਿੱਠਾ ਹੈ।

## ਬਗ਼ਦਾਦ ਤੋਂ ਵਾਪਸ

ਮੁਸਲਮਾਨਾਂ ਦੇ ਆਤਮਕ ਜੀਵਨ ਦੇ ਰਸਤੇ ਵਿਚ ਜੋ ਰੁਕਾਵਟਾਂ ਆ ਰਹੀਆਂ ਸਨ, ਉਹ ਸਤਿਗੁਰੂ ਜੀ ਨੇ ਉਨ੍ਹਾਂ ਲੋਕਾਂ ਨੂੰ ਹਾਜੀਆਂ ਦੇ ਨਾਲ ਮੱਕੇ ਅੱਪੜ ਕੇ, ਫਿਰ ਮੱਕੇ ਤੋਂ ਬਸਰੇ ਦੇ ਰਸਤੇ ਬਗ਼ਦਾਦ ਪਹੁੰਚ ਕੇ ਨਿਡਰਤਾ ਨਿਰਭੈਤਾ ਨਾਲ ਅਮਲੀ ਤਰੀਕਾ ਵਰਤ ਕੇ ਸਮਝਾ ਦਿੱਤੀਆਂ। ਇਸੇ ਕੰਮ ਹੀ ਇਤਨੇ ਲੰਮੇ ਪੈਂਡੇ ਮਾਰੇ ਸਨ।

ਸ਼ਹਿਰ ਬਗ਼ਦਾਦ ਇਰਾਕ-ਅਰਬ ਦੇਸ ਵਿਚ ਹੈ। ਇਸ ਦੇਸ ਦੇ ਚੜ੍ਹਦੇ ਪਾਸੇ ਈਰਾਨ ਦੇਸ ਹੈ। ਇਹ ਭੀ ਮੁਸਲਮਾਨੀ ਦੇਸ ਹੀ ਹੈ। ਬਗ਼ਦਾਦ ਤੋਂ ਸਤਿਗੁਰੂ ਜੀ ਭਾਈ ਮਰਦਾਨੇ ਸਮੇਤ ਈਰਾਨ ਦੇਸ ਦੇ ਵੱਡੇ ਵੱਡੇ ਸ਼ਹਿਰਾਂ ਵਿਚ ਠਹਿਰਦੇ ਹੋਏ, ਤੁਰਕਿਸਤਾਨ ਦੇਸ ਵਿੱਚੋਂ ਦੀ ਲੰਘਦੇ ਹੋਏ, ਅਫ਼ਗਾਨਿਸਤਾਨ ਦੇਸ ਵਿਚ ਪਹੁੰਚੇ। ਰਸਤੇ ਵਿਚ ਹੇਠ-ਲਿਖੇ ਪਰਸਿੱਧ ਵੱਡੇ ਵੱਡੇ ਸ਼ਹਿਰ ਆਏ :

ਬਗ਼ਦਾਦ ਤੋਂ ਇਸਫ਼ਹਾਨ—੪੫੦ ਮੀਲ, ਚੜ੍ਹਦੇ ਪਾਸੇ।
ਇਸਫ਼ਹਾਨ ਤੋਂ ਤਿਹਰਾਨ—੨੦੦ ਮੀਲ, ਪਹਾੜ ਪਾਸੇ।
ਤਿਹਰਾਨ ਤੋਂ ਮਸ਼ਹਦ—੪੫੦ ਮੀਲ, ਚੜ੍ਹਦੇ ਪਾਸੇ।

ਇਹ ਤਿੰਨੇ ਸ਼ਹਿਰ ਈਰਾਨ ਦੇਸ ਵਿਚ ਹਨ।

ਮਸ਼ਹਦ ਤੋਂ ਬੁਖ਼ਾਰਾ—੪੦੦ ਮੀਲ, ਉੱਤਰ ਪੂਰਬ ਪਾਸੇ।
ਬੁਖਾਰਾ ਤੋਂ ਸਮਰਕੰਦ—੧੫੦ ਮੀਲ, ਚੜ੍ਹਦੇ ਪਾਸੇ।

ਇਹ ਦੋਵੇਂ ਸ਼ਹਿਰ ਤੁਰਕਿਸਤਾਨ ਦੇਸ ਵਿਚ ਹਨ।

ਸਮਰਕੰਦ ਤੋਂ ਮਜ਼ਾਰੇ ਸ਼ਰੀਫ਼—੨੦੦ ਮੀਲ, ਦੱਖਣ ਪਾਸੇ।
ਮਜ਼ਾਰੇ ਸ਼ਰੀਫ ਤੋਂ ਕਾਬਲ—੨੦੦ ਮੀਲ, ਦੱਖਣ-ਪੂਰਬ ਪਾਸੇ।
ਕਾਬਲ ਤੋਂ ਜਲਾਲਾਬਾਦ—੮੦ ਮੀਲ, ਦੱਖਣ-ਪੂਰਬ ਪਾਸੇ।

ਇਹ ਤਿੰਨੇ ਸ਼ਹਿਰ ਅਫ਼ਗਾਨਿਸਤਾਨ ਦੇਸ ਵਿਚ ਹਨ।

## ਕਾਬਲ

ਅਫ਼ਗਾਨਿਸਤਾਨ ਦੇਸ ਦਾ ਇਹ ਸ਼ਹਿਰ ਲੋਗਰ ਅਤੇ ਕਾਬਲ ਨਦੀ ਦੇ ਵਿਚਕਾਰ ਵੱਸਿਆ ਹੋਇਆ ਹੈ। ਕਾਬਲ ਨਦੀ ਦੇ ਨਾਮ ਤੇ ਸ਼ਹਿਰ ਦਾ ਨਾਮ ਭੀ ਕਾਬਲ ਪਰਸਿੱਧ ਹੋ ਗਿਆ। ਇਹ ਸ਼ਹਿਰ ਅਫ਼ਗਾਨਿਸਤਾਨ ਦੇਸ ਦੀ ਰਾਜਧਾਨੀ ਹੈ।

ਬਗ਼ਦਾਦ ਤੋਂ ਕਾਬਲ ਤਕ ਦੋ ਹਜ਼ਾਰ ਮੀਲ ਪੈਂਡਾ ਕਰ ਕੇ ਗੁਰੂ ਨਾਨਕ ਦੇਵ ਜੀ ਭਾਈ ਮਰਦਾਨੇ ਸਮੇਤ ਕਾਬਲ ਸ਼ਹਿਰ ਵਿਚ ਪਹੁੰਚੇ। ਇਥੇ ਕਈ ਦਿਨ ਟਿਕਾਣਾ ਕੀਤਾ। ਸਤਿਗੁਰੂ ਜੀ ਦੇ ਆਗਮਨ ਦੀ ਯਾਦ ਵਿਚ ਕਾਬਲ ਵਿਚ ਇਕ ਪਰਸਿੱਧ ਧਰਮਸਾਲ ਕਾਇਮ ਹੈ। ਗੁਰੂ ਨਾਨਕ ਦੇਵ ਜੀ ਤੋਂ ਪਿੱਛੋਂ ਗੁਰੂ ਹਰਿਗੋਬਿੰਦ ਸਾਹਿਬ ਦੇ ਸਮੇਂ ਭੀ ਅਫ਼ਗਾਨਿਸਤਾਨ ਵਿਚ ਸਿੱਖ-ਧਰਮ ਦਾ ਪਰਚਾਰ ਹੁੰਦਾ ਰਿਹਾ। ਇਸ ਵੇਲੇ ਅਨੇਕਾਂ ਕੇਸਾ-ਧਾਰੀ ਸਿੰਘ ਅਤੇ ਸਹਿਜਧਾਰੀ ਸਿੱਖ ਅਫ਼ਗਾਨਿਸਤਾਨ ਵਿਚ ਵੱਸਦੇ ਹਨ।

## ਕਾਬਲ ਤੋਂ ਜਲਾਲਾਬਾਦ

ਕਾਬਲ ਤੋਂ ਜਲਾਲਾਬਾਦ ੮੦ ਮੀਲ ਦੱਖਣ-ਪੂਰਬ ਪਾਸੇ ਹੈ। ਇਥੇ ਭੀ ਸਤਿਗੁਰੂ ਜੀ ਦੀ ਯਾਦ ਵਿਚ ਧਰਮਸਾਲ ਤੇ ਚਸ਼ਮਾ ਹੈ। ਪਰਸਿੱਧ ਨਾਮ 'ਚੋਹਾ ਸਾਹਿਬ' ਹੈ। ਕਾਬਲ ਤੋਂ ਗੁਰੂ ਨਾਨਕ ਦੇਵ ਜੀ ਜਲਾਲਾਬਾਦ ਆਏ ਸਨ।

ਬਗ਼ਦਾਦ ਤੋਂ ਜਲਾਲਾਬਾਦ ਤਕ ਦੋ ਹਜ਼ਾਰ ਮੀਲ ਪੈਂਡਾ ਕਰਨ ਤੇ ਦੋ ਸਾਲ ਦੇ ਕਰੀਬ ਲੱਗ ਗਏ। ਸੰਨ ੧੫੨੧ ਸ਼ੁਰੂ ਹੋ ਰਿਹਾ ਸੀ।

ਨੋਟ—ਜਦੋਂ ਸਤਿਗੁਰੂ ਜੀ ਮੁਲਤਾਨ ਤੋਂ ਅਗਾਂਹ ਰਸਤੇ ਵਿਚ ਹਾਜੀਆਂ ਦੇ ਨਾਲ ਰਲੇ ਸਨ ਤਦੋਂ ਇਹ ਜ਼ਰੂਰੀ ਸੀ ਕਿ ਹੱਜ ਦੀ ਤਰੀਕ ਅਨੁਸਾਰ ਮੱਕੇ

ਅੱਪੜਿਆ ਜਾਏ। ਇਸ ਵਾਸਤੇ ਹਾਜੀਆਂ ਦੇ ਨਾਲ ਲੰਮੀਆਂ ਮਨਜ਼ਲਾਂ ਕਰਨੀਆਂ ਜ਼ਰੂਰੀ ਸਨ।

ਮਦੀਨੇ ਤੋਂ ਲੰਘ ਕੇ ਬਗਦਾਦ ਪਹੁੰਚ ਕੇ ਫਿਰ ਇਸ ਕਾਹਲੀ ਦੀ ਲੋੜ ਨਹੀਂ ਸੀ ਰਹਿ ਗਈ। ਅਸੀ ਵੇਖ ਚੁਕੇ ਹਾਂ ਕਿ ਬਗਦਾਦ ਦੇ ਪੀਰ ਦਸਤਗੀਰ ਅਤੇ ਬਹਿਲੋਲ ਆਦਿਕ ਵਲੀਆਂ ਨੇ ਉਸ ਸਚਾਈ ਅੱਗੇ ਸਿਰ ਨਿਵਾਇਆ ਜਿਹੜੀ ਗੁਰੂ ਨਾਨਕ ਦੇਵ ਜੀ ਨੇ ਦੱਸੀ ਸੀ। ਪੀਰ ਦਸਤਗੀਰ ਸਾਰੇ ਇਸਲਾਮੀ ਦੇਸਾਂ ਦੇ ਮੁਸਲਮਾਨਾਂ ਵਿਚ ਮੰਨੇ-ਪ੍ਰਮੰਨੇ ਮਜ਼ਹਬੀ ਰਾਹਬਰ ਸਨ। ਜਿਸ ਸੱਚਾਈ ਨੂੰ ਪੀਰ ਦਸਤਗੀਰ ਨੇ ਸਿਰ-ਮੱਥੇ ਮੰਨਿਆ, ਉਸ ਸੱਚਾਈ ਦਾ ਵੱਧ ਤੋਂ ਵੱਧ ਮੁਸਲਮਾਨਾਂ ਤਕ ਅਪੜਾਇਆ ਜਾਣਾ ਜ਼ਰੂਰੀ ਸੀ। ਇਹੀ ਕਾਰਨ ਸੀ ਕਿ ਸਤਿਗੁਰੂ ਜੀ ਨੇ ਵਾਪਸੀ ਤੇ ਹਾਜੀਆਂ ਦਾ ਸਾਥ ਛੱਡ ਕੇ ਆਪਣੀ ਸਫ਼ਰ ਦੀ ਚਾਲ ਢਿੱਲੀ ਕਰ ਦਿੱਤੀ, ਤੇ ਰਸਤੇ ਵਿਚ ਆ ਰਹੇ ਪਿੰਡਾਂ ਸ਼ਹਿਰਾਂ ਦੇ ਮੁਸਲਮਾਨਾਂ ਨੂੰ ਇਹ ਸਮਝਾਣਾ ਸ਼ੁਰੂ ਕਰ ਦਿੱਤਾ, ਕਿ :

੧. ਖ਼ੁਦਾ ਹਰ ਥਾਂ ਹਾਜ਼ਰ-ਨਾਜ਼ਰ ਹੈ।

੨. 'ਰਾਗ' ਹਰਾਮ ਨਹੀਂ। ਰਾਗ ਨਾਲ ਗੰਦੇ ਗੀਤ ਰਲਾ ਕੇ ਗਾਣੇ ਜੀਵਨ ਨੂੰ ਵਿਗਾੜਦੇ ਹਨ।

੩. ਬੇਅੰਤ ਖ਼ੁਦਾ ਦੀ ਰਚੀ ਕੁਦਰਤ ਭੀ ਬੇਅੰਤ ਹੈ।

ਹਾਜੀ ਲੋਕ ਗੁਰੂ ਨਾਨਕ ਦੇਵ ਜੀ ਦਾ ਸਾਥ ਛੱਡਣ ਤੇ ਮਜਬੂਰ ਸਨ, ਕਿਉਂਕਿ ਕੰਮਾਂ-ਕਾਰਾਂ ਵਾਲੇ ਬੰਦਿਆਂ ਨੇ ਕੰਮਾਂ-ਕਾਰਾਂ ਤੇ ਅੱਪੜਨਾ ਸੀ। ਪਰ ਇਨ੍ਹਾਂ ਹਾਜੀਆਂ ਦੀ ਰਾਹੀਂ ਪਿੰਡ ਪਿੰਡ ਸ਼ਹਿਰ ਸ਼ਹਿਰ ਗੁਰੂ ਨਾਨਕ ਦੇਵ ਜੀ ਦਾ ਉਪਦੇਸ਼ ਪਹੁੰਚਦਾ ਗਿਆ, ਤੇ ਸਤਿਗੁਰੂ ਜੀ ਦੇ ਅੱਪੜਨ ਤੋਂ ਪਹਿਲਾਂ ਹੀ ਲੋਕਾਂ ਵਿਚ ਉਨ੍ਹਾਂ ਦੀ ਜਾਣ-ਪਛਾਣ ਬਣਦੀ ਗਈ। ਇਹੀ ਗੱਲ ਹੋਈ ਸੀ ਪਹਿਲੀ 'ਉਦਾਸੀ' ਸਮੇ, ਜਦੋਂ ਗੁਰੂ ਨਾਨਕ ਦੇਵ ਜੀ ਨੇ ਹਰਿਦੁਆਰ ਪਹੁੰਚ ਕੇ ਚੜ੍ਹਦੇ ਦੇ ਥਾਂ ਲਹਿੰਦੇ ਪਾਸੇ ਗੰਗਾ ਦਾ ਪਾਣੀ ਉਛਾਲਣਾ ਸ਼ੁਰੂ ਕੀਤਾ ਸੀ।

## ਜਲਾਲਾਬਾਦ ਤੋਂ ਪੰਜਾਬ ਨੂੰ

ਸ਼ਾਹੀ ਰਸਤੇ ਦੱਰਾ ਖ਼ੈਬਰ ਵਿਚੋਂ ਦੀ ਲੰਘ ਕੇ ਸਤਿਗੁਰੂ ਜੀ ਸ਼ਹਿਰ ਪਿਸ਼ਾਵਰ ਪਹੁੰਚੇ ਤੇ ਇੱਥੋਂ ਅਗਾਂਹ ਹਸਨ ਅਬਦਾਲ ਆਏ।



WWW.SIKHBOOKCLUB.COM 

## ਹਸਨ ਅਬਦਾਲ (ਪੰਜਾ ਸਾਹਿਬ) ਵਲੀ ਕੰਧਾਰੀ

ਹਸਨ ਅਬਦਾਲ ਹੁਣ ਰੇਲ ਦਾ ਸਟੇਸ਼ਨ ਹੈ। ਰਾਵਲਪਿੰਡੀ ਤੋਂ ਤੀਹ ਕੁ ਮੀਲ ਪਰੇ ਲਹਿੰਦੇ ਪਹਾੜ ਦੀ ਗੁੱਠੇ। ਖੜਾ ਪੁਰਾਣਾ ਸ਼ਹਿਰ ਹੈ। ਕਾਬਲ ਵਲੋਂ ਪੰਜਾਬ ਵਿਚ ਆਉਣ ਵਾਸਤੇ ਰਸਤੇ ਵਿਚ ਹਸਨ ਅਬਦਾਲ ਇਕ ਪਰਸਿੱਧ ਨਗਰ ਸੀ। ਹਸਨ ਅਬਦਾਲ ਤੋਂ ਭੇਰੇ ਵਲ ਆਵੀਦਾ ਸੀ, ਭੇਰੇ ਤੋਂ ਵਜ਼ੀਰਾਬਾਦ ਨੂੰ। ਬਾਬਰ ਦਾ ਐਮਨਾਬਾਦ ਉੱਤੇ ਹਮਲਾ ਇਸੇ ਰਸਤੇ ਹੋਇਆ ਸੀ, ਹਸਨ ਅਬਦਾਲ, ਭੇਰਾ, ਵਜ਼ੀਰਾਬਾਦ, ਸਿਆਲਕੋਟ ਅਤੇ ਫਿਰ ਸੈਦਪੁਰ (ਐਮਨਾਬਾਦ)।

ਗੁਰੂ ਨਾਨਕ ਦੇਵ ਜੀ ਸੰਨ ੧੫੨੧ ਵਿਚ ਹਸਨ ਅਬਦਾਲ ਪਹੁੰਚੇ ਸਨ। ਸਿੱਖ-ਇਤਿਹਾਸ ਵਿਚ ਸਤਿਗੁਰੂ ਨਾਨਕ ਦੇਵ ਜੀ ਦੇ ਜੀਵਨ ਨਾਲ ਸੰਬੰਧ ਰੱਖਣ ਵਾਲੀ ਵਲੀ ਕੰਧਾਰੀ ਦੀ ਸਾਖੀ ਬਹੁਤ ਹੀ ਪਰਸਿੱਧ ਹੈ। ਇਹ ਫ਼ਕੀਰ ਭੀ ਉਨ੍ਹਾਂ ਪੀਰਾਂ ਫ਼ਕੀਰਾਂ ਵਿੱਚੋਂ ਇਕ ਸੀ, ਜੋ ਪਠਾਣ ਬਾਦਸ਼ਾਹ ਦੇ ਸਮੇ ਹਿੰਦੁਸਤਾਨ ਵਿਚ ਇਸਲਾਮ ਦਾ ਪਰਚਾਰ ਕਰਨ ਆ ਗਏ ਸਨ। ਇਉਂ ਜਾਪਦਾ ਹੈ ਕਿ ਇਸ ਦਾ ਅਸਲੀ ਨਾਮ ਲਿਖਣ ਦਾ ਕਿਸੇ ਨੇ ਖ਼ਿਆਲ ਨਹੀਂ ਕੀਤਾ। ਸਿੱਖਾਂ ਵਿਚ ਇਹ 'ਵਲੀ ਕੰਧਾਰੀ' ਨਾਮ ਨਾਲ ਹੀ ਚੇਤੇ ਕੀਤਾ ਜਾਂਦਾ ਹੈ। ਉਸ ਇਲਾਕੇ ਵਿਚ ਇਸ ਨੂੰ ਲੋਕ 'ਹਸਨ ਅਬਦਾਲ ਵਾਲਾ ਬਾਬਾ' ਜਾਂ 'ਬਾਬਾ ਹਸਨ ਅਬਦਾਲ' ਹੀ ਆਖਿਆ ਕਰਦੇ ਸਨ, ਕਿਉਂਕਿ ਉਸ ਨਗਰ ਵਿਚ ਇਸ ਦੀ ਮਾਨਤਾ ਬਹੁਤ ਹੀ ਵਧੀ ਹੋਈ ਸੀ।

ਇਸ ਦਾ ਜਨਮ ਖ਼ੁਰਾਸਾਨ ਦੇ ਇਲਾਕੇ ਪਿੰਡ ਸਬਜ਼ਵਾਰ ਵਿਚ ਹੋਇਆ ਸੀ। ਹਿੰਦੁਸਤਾਨ ਵਿਚ ਇਹ ਸਈਅਦ-ਜ਼ਾਦਾ ਇਕ ਮਿਰਜ਼ਾ 'ਸ਼ਾਹਰੁਖ਼' ਨਾਲ ਆਇਆ ਸੀ। ਆਖ਼ਰੀ ਉਮਰੇ ਇਹ ਵਾਪਸ ਆਪਣੇ ਹੀ ਵਤਨ ਚਲਾ ਗਿਆ, ਤੇ ਇਸ ਦਾ ਦੇਹਾਂਤ ਕੰਧਾਰ ਵਿਚ ਹੋਇਆ। ਜਦੋਂ ਸੰਨ ੧੫੨੧ ਵਿਚ ਗੁਰੂ ਨਾਨਕ ਦੇਵ ਜੀ ਹਸਨ ਅਬਦਾਲ[1] ਪਹੁੰਚੇ ਸਨ, ਇਸ ਸਈਅਦ-ਪੀਰ ਦੀ ਗੁੱਡੀ ਬਹੁਤ ਚੜ੍ਹੀ ਹੋਈ ਸੀ।

---

੧. ਹਸਨ ਅਬਦਾਲ ਪਹਾੜੀ ਇਲਾਕਾ ਹੈ। ਪਹਾੜੀ ਇਲਾਕਿਆਂ ਵਿਚ ਆਮ ਤੌਰ ਤੇ ਲੋਕਾਂ ਨੂੰ ਪਾਣੀ ਦੀ ਤੰਗੀ ਹੋਇਆ ਕਰਦੀ ਹੈ। ਖ਼ਾਸ ਖ਼ਾਸ ਥਾਵਾਂ ਤੇ ਹੀ ਚਸ਼ਮੇ ਹੁੰਦੇ ਹਨ, ਜਿਥੋਂ ਪਾਣੀ ਮਿਲ ਸਕਦਾ ਹੈ। ਸਾਧ ਫ਼ਕੀਰ ਲੋਕ ਨਦੀਆਂ ਜਾਂ ਚਸ਼ਮਿਆਂ ਦੇ ਕੰਢਿਆਂ ਤੇ ਹੀ ਆਪਣਾ ਡੇਰਾ ਲਾਂਦੇ ਹਨ। ਜਿਉਂ ਜਿਉਂ ਉਨ੍ਹਾਂ ਦੀ ਮੁਰੀਦੀ-ਸੇਵਕੀ ਵੱਧਦੀ ਹੈ, ਪਾਣੀ ਵਾਲਾ ਉਹ ਸਥਾਨ ਭੀ ਉਨ੍ਹਾਂ ਦੇ ਇਖ਼ਤਿਆਰ ਵਿਚ ਹੀ ਸਮਝਿਆ ਜਾਣ ਲੱਗ ਪੈਂਦਾ ਹੈ।



WWW.SIKHBOOKCLUB.COM

ਪੀਰ ਹਮਜ਼ਾ ਗੌਂਸ ਵਾਂਗ ਵਲੀ ਕੰਧਾਰੀ ਭੀ ਸਮਾਧੀਆਂ ਦੇ ਜ਼ੋਰ ਬੜੀਆਂ ਮਾਨਸਕ ਤਾਕਤਾਂ ਦਾ ਮਾਲਕ ਬਣ ਚੁੱਕਾ ਸੀ। ਇਸ ਦਾ ਸੁਭਾਵਿਕ ਨਤੀਜਾ ਇਹ ਨਿਕਲਿਆ ਕਿ ਇਨ੍ਹਾਂ ਤਾਕਤਾਂ ਦੇ ਆਸਰੇ ਇਸ ਨੇ ਉਥੋਂ ਦੇ ਲੋਕਾਂ ਦੇ ਦਿਲਾਂ ਉੱਤੇ ਬੜਾ ਕਾਬੂ ਹਾਸਲ ਕਰ ਲਿਆ। ਕੋਈ ਵਰਾਂ ਦੇ ਲਾਲਚ ਪਿੱਛੇ, ਕੋਈ ਸਰਾਪਾਂ ਤੋਂ ਡਰਦੇ ਮਾਰੇ—ਸਭ ਲੋਕ ਕੰਧਾਰੀ ਦੀ ਈਨ ਮੰਨਦੇ ਸਨ।

ਤਾਕਤ ਤਾਕਤ ਹੀ ਹੈ। ਮਾਨਸਕ ਤਾਕਤ ਸਗੋਂ ਸਰੀਰਕ ਤੇ ਮਾਇਕ ਤਾਕਤ ਨਾਲੋਂ ਵਧੀਕ ਸਿਰ ਭਵਾਂਦੀ ਹੈ। ਕੋਈ ਆਦਮੀ ਭਾਵੇਂ ਕਿਤਨਾ ਹੀ ਚੰਗਾ ਹੋਵੇ, ਉਸ ਨੂੰ ਮੰਨਣ ਵਾਲੇ ਭੀ ਹੁੰਦੇ ਹਨ ਤੇ ਨਿੰਦਣ ਵਾਲੇ ਭੀ। ਮੁਰੀਦ ਆਪਣੇ ਪੀਰ ਨੂੰ ਆਕੀਆਂ ਦੇ ਵਿਰੁੱਧ ਭੜਕਾਂਦੇ ਭੀ ਹਨ। ਇਸ ਤਰ੍ਹਾਂ ਸਹਿਜੇ ਸਹਿਜੇ ਵਲੀ ਕੰਧਾਰੀ ਨੇ ਉਨ੍ਹਾਂ ਲੋਕਾਂ ਨੂੰ ਰਤਾ ਤੰਗ ਕਰਨਾ ਸ਼ੁਰੂ ਕਰ ਦਿੱਤਾ ਜੋ ਇਸ ਦੀ ਈਨ ਨਹੀਂ ਸਨ ਮੰਨਦੇ।

*'ਤਵਾਰੀਖ਼ ਗੁਰੂ ਖ਼ਾਲਸਾ'* ਦੇ ਲੇਖਕ ਗਿਆਨੀ ਗਿਆਨ ਸਿੰਘ ਜੀ ਹਸਨ ਅਬਦਾਲ ਦੀ ਸਾਖੀ ਇਉਂ ਲਿਖਦੇ ਹਨ:

"ਨੌਸ਼ਹਿਰੇ ਤੋਂ ਅੱਗੇ ਹੋਤੀ ਮਰਦਾਨ ਨੂੰ ਦੇਖਦੇ ਹੋਏ ਖ਼ੈਰਾਬਾਦ ਇਕ ਫ਼ਕੀਰ ਨਾਲ ਬਹੁਤ ਚਰਚਾ ਹੋਈ। ਉਸ ਨੂੰ ਅਗਿਆਨ ਦੇ ਖੂਹ ਵਿਚੋਂ ਕੱਢ ਕੇ ਸੁਖੀ ਕੀਤਾ। ਬਾਬਾ ਜੀ ਖ਼ੈਰਾਬਾਦ ਥੀਂ ਚੱਲ ਕੇ ਅਟਕ ਦਰਿਆ ਪਾਰ ਹੋ ਵੈਸਾਖ ਸੰਮਤ ੧੫੭੯ ਬਿਕ੍ਰਮੀ ਨੂੰ ਹਸਨ ਅਬਦਾਲ ਨਗਰ ਪਹੁੰਚੇ (ਜੋ ਹੁਣ ਪੰਜਾ ਸਾਹਿਬ[1] ਉੱਘਾ ਹੈ) ਇਕ ਪਿੱਪਲ ਦੀ ਠੰਢੀ ਛਾਂ ਹੇਠ ਆ ਡੇਰਾ ਲਾਇਆ। ਗੁਰੂ ਜੀ ਦੀ ਸ਼ਕਤੀ ਵੇਖ ਕੇ ਤੇ ਮਨ-ਮੋਹਣੀ ਬਾਣੀ ਸੁਣ ਸੁਣ ਕੇ ਲੋਕ ਸੇਵਕ ਹੋਣ ਲੱਗ ਪਏ। ਉਪਦੇਸ਼ ਦੇ ਤ੍ਰਿਹਾਏ ਲੋਕ ਦੂਰੋਂ ਦੂਰੋਂ ਆਵਣ ਲੱਗੇ।

"ਉਥੇ ਇਕ ਵਲੀ ਕੰਧਾਰੀ ਨਾਮੇ ਫ਼ਕੀਰ ਦੇਸ ਵਿਚ ਮੰਨਿਆ ਹੋਇਆ ਉਸ ਪਹਾੜੀ ਉੱਤੇ ਰਿਹਾ ਕਰਦਾ ਸੀ, ਜਿਥੇ ਹੁਣ ਉਸ ਦਾ ਮਕਾਨ ਹੈ। ਉਸ

੧. ਗੁਰਦੁਆਰਾ ਪੰਜਾ ਸਾਹਿਬ ਦੇ ਵੱਡੇ ਦਰਵਾਜ਼ੇ ਦੇ ਸਾਹਮਣੇ ਡੇਢ ਸੌ ਗਜ਼ ਦੇ ਫ਼ਾਸਲੇ ਤੇ ਇਕ ਪੁਰਾਣੀ ਮਸਜਿਦ ਹੈ। ਉਸ ਮਸਜਿਦ ਹੇਠ ਇਕ ਭੋਰਾ ਹੈ। ਪੌੜੀਆਂ ਦੀ ਰਾਹੀਂ ਉਸ ਵਿਚ ਉਤਰੀਦਾ ਹੈ। ਉਸ ਭੋਰੇ ਦੇ ਵਿਚਕਾਰ ਇਕ ਥੜ੍ਹਾ ਬਣਿਆ ਹੋਇਆ ਹੈ। ਇਹ ਹੈ ਉਹ ਥਾਂ ਜਿੱਥੇ ਵਲੀ ਕੰਧਾਰੀ ਬੈਠ ਕੇ ਰਿਆਜ਼ਤ ਤਪ ਕਰਿਆ ਕਰਦਾ ਸੀ। ਇਸ ਮਸਜਿਦ ਦਾ ਨਾਮ ਹੀ ਹੈ 'ਚਿਲ੍ਹੇ ਵਾਲੀ ਮਸਜਿਦ', ਜਿਸ ਵਿਚ 'ਚਲੀਹਾ' ਕੱਟਦਾ ਸੀ, ਚਾਲੀ ਦਿਨ ਅੰਨ ਖਾਣ ਤੋਂ ਬਿਨਾ ਤਪ ਕਰਦਾ ਸੀ।

ਨੂੰ ਬਾਬਾ ਜੀ ਦੀ ਮੰਨਤਾ ਹੁੰਦੀ ਵੇਖ ਕੇ ਗੱਚ ਤਾਂ ਬਥੇਰਾ ਚੜ੍ਹੇ, ਪਰ ਪੇਸ਼ ਕੁਝ ਨਾ ਜਾਵੇ।

"ਇਕ ਦਿਨ ਮਰਦਾਨਾ ਉਸ ਦੇ ਕੁਦਰਤੀ ਚਸ਼ਮੇ ਦਾ ਪਾਣੀ ਪੀਣ ਉਸ ਪਾਸ ਗਿਆ ਤਾਂ ਉਸ ਨਾਲੇ ਮਾਰਿਆ ਤੇ ਨਾਲੇ ਪਾਣੀ ਨਾ ਪੀਣ ਦਿੱਤਾ। ਮਰਦਾਨਾ ਨਿਮੋ-ਝੂਣਾ ਤਿਹਾਇਆ ਦੁੱਖ ਪਾ ਕੇ ਗੁਰੂ ਜੀ ਪਾਸ ਆ ਰੋਇਆ। ਤਾਂ ਬਾਬੇ ਜੀ ਨੇ ਆਖਿਆ—ਭਾਈ! ਤੁਸਾਂ ਉਸ ਦਾ ਜਲ ਕਿਉਂ ਪੀਣਾ ਹੈ? ਤੁਹਾਡੇ ਲਈ ਤਾਂ ਈਸ਼ਵਰ ਨੇ ਪਹਿਲੇ ਹੀ ਸਭੋ ਕੁਝ ਰੱਚ ਰੱਖਿਆ ਹੈ। ਪੱਥਰ ਚੁਕਿਆ ਤਾਂ ਨਿਰਮਲ ਜਲ ਵਹਿ ਤੁਰਿਆ, ਅਤੇ ਫ਼ਕੀਰ ਦਾ ਚਸ਼ਮਾ (ਜੋ ਉਸ ਪਹਾੜੀ ਉੱਤੇ ਸੀ) ਨਿਭਾਗੇ ਮਨੁੱਖ ਦੇ ਸੁਖਾਂ ਵਾਂਗ ਸੁੱਕ ਗਿਆ। ਵਲੀ ਕੰਧਾਰੀ ਨੇ ਕਹਿਰਵਾਨ ਹੋ ਕੇ ਇਕ ਟਿੱਬਾ ਬਾਬੇ ਦੇ ਸਿੱਧ ਮਿੱਟਣ ਲਈ ਪਹਾੜੀ ਉੱਤੋਂ ਰੋੜ੍ਹ ਦਿੱਤਾ। ਪਰ ਆਤਮਕ ਸ਼ਕਤੀ ਦੇ ਸ਼ਹਿਨਸ਼ਾਹ ਸਤਿਗੁਰੂ ਨੇ ਉਸ ਨੂੰ ਹੱਥ ਉੱਤੇ ਰੋਕ ਲੀਤਾ। ਪੰਜਾ ਪੱਥਰ ਵਿਚ ਧਸ ਗਿਆ। ਜਿਸ ਦਾ ਨਿਸ਼ਾਨ ਹੁਣ ਤਕ ਹੈ.........

"ਬਾਬੇ ਦੀ ਸ਼ਕਤੀ ਵੇਖ ਕੇ ਵਲੀ ਕੰਧਾਰੀ ਨੇ ਚਰਨ ਆ ਫੜੇ ਤਾਂ ਉਸ ਨੂੰ ਬਾਬਾ ਜੀ ਨੇ ਸੱਤ ਧਰਮ ਦਾ ਉਪਦੇਸ਼ ਦੇ ਕੇ ਇਹ ਬਚਨ ਕੀਤਾ ਕਿ ਤੇਰਾ ਵੀ ਦੀਵਾ ਟਹਿਕਦਾ ਰਹੇਗਾ।"

SIKHBOOKCLUB.COM

ਕਰਾਮਾਤਾਂ ਦੀ ਮਲਕੀਅਤ ਦੇ ਮਾਣ ਵਿਚ ਪੱਥਰ-ਦਿਲ ਹੋ ਚੁੱਕਿਆ ਵਲੀ ਕੰਧਾਰੀ, ਗ਼ਰੀਬਾਂ ਦੁੱਖੀਆਂ ਦੇ ਦੁੱਖ ਵੇਖ ਕੇ ਦ੍ਰਵਣ ਵਾਲੇ ਗੁਰੂ ਨਾਨਕ ਪਾਤਿਸ਼ਾਹ ਦੀ ਮਿਹਰ-ਭਰੀ ਨਿਗਾਹ ਨਾਲ ਮੋਮ-ਦਿਲ ਹੋ ਗਿਆ। ਉਸ ਨੂੰ ਸਮਝਾਇਓ ਨੇ ਕਿ ਖ਼ਾਲਕ ਦੀ ਖ਼ਲਕਤ ਨੂੰ ਦੁਖੀ ਕਰ ਕੇ ਖ਼ਾਲਕ ਨੂੰ ਨਿਮਾਜ਼ਾਂ ਦੀ ਰਾਹੀਂ ਖ਼ੁਸ਼ ਕਰ ਸਕਣ ਦੀਆਂ ਆਸਾਂ ਕੂੜੀਆਂ ਹਨ।

## ਹਸਨ ਅਬਦਾਲ (ਪੰਜਾ ਸਾਹਿਬ) ਤੋਂ ਸੈਦਪੁਰ ਨੂੰ

*'ਮਹਾਨਕੋਸ਼'* ਦੇ ਕਰਤਾ ਜੀ ਲਿਖਦੇ ਹਨ ਕਿ ਜਿਸ ਦਿਨ ਵਲੀ ਕੰਧਾਰੀ ਦੀ ਆਤਮਕ ਜਾਗ ਖੁਲ੍ਹੀ ਸੀ ਉਸ ਦਿਨ ਸਾਵਣ ਦੀ ਪਹਿਲੀ ਤਰੀਕ ਸੀ (ਜੂਨ-ਜੁਲਾਈ ੧੫੨੧)।

ਹਸਨ ਅਬਦਾਲ ਜ਼ਿਲਾ ਅਟਕ ਵਿਚ ਹੈ। ਇਥੋਂ ਚੱਲ ਕੇ ਗੁਰੂ ਨਾਨਕ ਦੇਵ ਜੀ ਭਾਈ ਮਰਦਾਨੇ ਸਮੇਤ ਪਿੰਡਾਂ ਨਗਰਾਂ ਦੇ ਰਸਤੇ ਥੋੜੀ ਥੋੜੀ ਮਨਜ਼ਲ

ਕਰਦੇ ਜ਼ਿਲਾ ਜਿਹਲਮ ਵਿਚ ਉਸ ਟਿੱਲੇ ਕੋਲ ਪਹੁੰਚੇ, ਜਿਥੇ ਇਕ ਸਾਧੂ 'ਬਾਲਗੁੰਦਾਈ' ਰਹਿੰਦਾ ਸੀ। ਉਸ ਸਾਧੂ ਦੇ ਨਾਮ ਤੇ ਹੀ ਟਿੱਲੇ ਦਾ ਨਾਮ 'ਟਿੱਲਾ ਬਾਲਗੁੰਦਾਈ' ਹੈ। ਇਹ ਟਿੱਲਾ ਜਿਹਲਮ ਸ਼ਹਿਰ ਤੋਂ ੧੨ ਕੋਹ ਪੱਛਮ ਪਾਸੇ ਹੈ। ਬਾਲਗੁੰਦਾਈ ਗੁਰੂ ਨਾਨਕ ਦੇਵ ਜੀ ਦਾ ਸ਼ਰਧਾਲੂ ਬਣ ਗਿਆ। ਜਿੱਥੇ ਗੁਰੂ ਨਾਨਕ ਦੇਵ ਜੀ ਟਿਕੇ ਸਨ, ਉਥੇ ਉਨ੍ਹਾਂ ਦੇ ਚਰਨ-ਚਿਹਨ ਪੱਥਰ ਵਿਚ ਉੱਕਰੇ ਹੋਏ ਹਨ, ਅਤੇ ਛੋਟਾ ਜਿਹਾ ਗੁਰਦੁਆਰਾ ਭੀ ਬਣਿਆ ਹੋਇਆ ਹੈ। ਟਿੱਲਾ ਰੇਲ ਦੇ ਸਟੇਸ਼ਨ 'ਦੀਨਾ' ਤੋਂ ਤੇਰ੍ਹਾਂ ਮੀਲ ਪੱਛਮ ਪਾਸੇ ਹੈ।

ਬਾਲਗੁੰਦਾਈ ਦੇ ਟਿੱਲੇ ਤੋਂ ਸਤਿਗੁਰੂ ਜੀ ਰੁਹਤਾਸ ਅੱਪੜੇ। ਰੁਹਤਾਸ ਜ਼ਿਲਾ ਜਿਹਲਮ ਵਿਚ ਹੈ, ਜਿਹਲਮ ਤੋਂ ਦਸ ਕੋਹ ਉੱਤਰ-ਪੱਛਮ ਪਾਸੇ। ਜਦੋਂ ਗੁਰੂ ਨਾਨਕ ਦੇਵ ਜੀ ਰੁਹਤਾਸ ਗਏ ਸਨ, ਤਦੋਂ ਇਹ ਇਕ ਸਧਾਰਨ ਜਿਹੀ ਵੱਸੋਂ ਹੀ ਸੀ। ਸੰਨ ੧੫੪੨ ਵਿਚ ਸ਼ੇਰਸ਼ਾਹ ਸੂਰੀ ਨੇ ਇੱਥੇ ਇਕ ਵੱਡਾ ਕਿਲ੍ਹਾ ਬਣਵਾਇਆ। ਬੰਗਾਲ ਵਿਚ ਵੀ ਸ਼ੇਰਸ਼ਾਹ ਨੇ ਜ਼ਿਲਾ ਸ਼ਾਹਬਾਦ ਵਿਚ ਇਸੇ ਨਮੂਨੇ ਦਾ ਕਿਲ੍ਹਾ ਬਣਵਾਇਆ ਸੀ, ਉਸ ਦਾ ਨਾਮ ਭੀ ਰੁਹਤਾਸ ਹੀ ਹੈ।

ਰੁਹਤਾਸ ਦਾ ਚਸ਼ਮਾ 'ਚੋਹਾ ਸਾਹਿਬ' ਸਤਿਗੁਰੂ ਨਾਨਕ ਦੇਵ ਜੀ ਦੇ ਉਥੇ ਆਉਣ ਦੀ ਯਾਦ ਚੇਤੇ ਕਰਾਂਦਾ ਹੈ।

SIKHBOOKCLUB.COM

### ਡਿੰਗਾ

ਦਰਿਆ ਜਿਹਲਮ ਨੂੰ ਭੇਰੇ ਦੇ ਕੋਲੋਂ ਪਾਰ ਕਰ ਕੇ ਗੁਰੂ ਨਾਨਕ ਦੇਵ ਜੀ ਭਾਈ ਮਰਦਾਨੇ ਸਮੇਤ ਪਿੰਡਾਂ ਨਗਰਾਂ ਵਿਚ ਦੀ ਹੁੰਦੇ ਹੋਏ, ਕੀਰਤਨ ਦੀ ਰਾਹੀਂ ਲੋਕਾਂ ਨੂੰ ਪਰਮਾਤਮਾ ਦੀ ਸਿਫ਼ਤ-ਸਲਾਹ ਵਲ ਪ੍ਰੇਰਦੇ ਹੋਏ, ਜ਼ਿਲਾ ਗੁਜਰਾਤ ਦੇ ਪਿੰਡ ਜੈਸੁਖ ਪਹੁੰਚੇ। ਹੁਣ ਇਹ ਪਿੰਡ ਰੇਲਵੇ ਸਟੇਸ਼ਨ ਚਿਲੀਆਂਵਾਲੇ ਤੋਂ ੬ ਮੀਲ ਹੈ। ਇਥੇ ਗੁਰੂ ਨਾਨਕ ਦੇਵ ਜੀ ਦੇ ਆਗਮਨ ਦੀ ਯਾਦ ਵਿਚ ਗੁਰਦੁਆਰਾ 'ਕੇਰ ਸਾਹਿਬ' ਹੈ। ਪਾਕਿਸਤਾਨ ਬਣਨ ਤੋਂ ਪਹਿਲਾਂ ਇਥੇ ਸਾਲ ਵਿਚ ਤਿੰਨ ਮੇਲੇ ਲੱਗਦੇ ਸਨ—ਵੈਸਾਖੀ, ਚੇਤਰ ਚੌਦਸ ਅਤੇ ਭਾਦਰੋਂ ਦੀ ਮੱਸਿਆ।

ਪਿੰਡ ਜੈਸੁਖ ਤੋਂ ਸਤਿਗੁਰੂ ਜੀ ਡਿੰਗੇ ਅੱਪੜੇ। ਡਿੰਗਾ ਜ਼ਿਲਾ ਗੁਜਰਾਤ ਦੀ ਖਾਰੀਆਂ ਤਹਿਸੀਲ ਵਿਚ ਹੈ। ਹੁਣ ਇਹ ਲਾਲਾਮੂਸਾ-ਮਲਕਵਾਲ ਰੇਲਵੇ ਲਾਈਨ ਉੱਤੇ ਰੇਲ ਦਾ ਸਟੇਸ਼ਨ ਹੈ। ਸਤਿਗੁਰੂ ਜੀ ਦੇ ਆਗਮਨ ਦੀ ਯਾਦ ਚੇਤੇ ਕਰਾਣ ਵਾਸਤੇ ਨਗਰ ਤੋਂ ਉੱਤਰ-ਪੱਛਮ ਪਾਸੇ ਗੁਰਦੁਆਰਾ ਹੈ, ਜਿਸ

ਦਾ ਨਾਮ 'ਨਾਨਕ-ਸਰ' ਹੈ। ਸਿੱਖ-ਇਤਿਹਾਸ ਅਨੁਸਾਰ ਹੇਠ-ਲਿਖੀ ਘਟਨਾ ਇਥੇ ਹੋਈ ਸੀ :

ਜਦੋਂ ਗੁਰੂ ਨਾਨਕ ਦੇਵ ਜੀ ਅਤੇ ਭਾਈ ਮਰਦਾਨਾ ਡਿੰਗਾ ਨਗਰ ਦੇ ਕੋਲ ਪਹੁੰਚੇ, ਤਦੋਂ ਨਗਰ ਤੋਂ ਬਾਹਰ ਇਕ ਕੁਟੀਆ ਦੇ ਸਾਮ੍ਹਣੇ ਇਕ ਆਦਮੀ ਢੋਲ ਵਜਾ ਰਿਹਾ ਸੀ। ਪੁੱਛਣ ਤੇ ਉਸ ਨੇ ਦੱਸਿਆ ਕਿ ਇਸ ਕੁਟੀਆ ਵਿਚ ਇਕ ਜੋਗੀ ਰਹਿੰਦਾ ਹੈ। ਕੁਟੀਆ ਦੇ ਭੋਰੇ ਵਿਚ ਉਹ ਚਲੀਹਾ ਕੱਟ ਰਿਹਾ ਹੈ। ਚਾਲੀ ਦਿਨ ਜੋਗੀ ਅੰਨ ਨਹੀਂ ਖਾਂਦਾ। ਹੁਣ ਭਲਕੇ ਉਸ ਨੇ ਚਾਲੀ ਦਿਨ ਪੂਰੇ ਕਰ ਕੇ ਭੋਰੇ ਵਿਚੋਂ ਬਾਹਰ ਨਿਕਲਣਾ ਹੈ। ਲੋਕਾਂ ਨੂੰ ਇਹ ਖ਼ਬਰ ਦੇਣ ਲਈ ਮੈਂ ਢੋਲ ਵਜਾਣਾ ਸ਼ੁਰੂ ਕੀਤਾ ਹੈ। ਨਗਰ-ਨਿਵਾਸੀ ਤੇ ਆਸ-ਪਾਸ ਦੇ ਪਿੰਡਾਂ ਦੇ ਲੋਕ ਜੋਗੀ ਦਾ ਦਰਸ਼ਨ ਕਰਨ ਲਈ ਆ ਇਕੱਠੇ ਹੋਣਗੇ।

ਸਤਿਗੁਰੂ ਜੀ ਨੇ ਉਸ ਢੋਲ ਵਜਾਣ ਵਾਲੇ ਨੂੰ ਵਰਜ ਦਿੱਤਾ ਤੇ ਆਖਿਆ ਕਿ ਜਿਸ ਵੇਲੇ ਢੋਲ ਵਜਾਣ ਦੀ ਲੋੜ ਪਏਗੀ, ਤੈਨੂੰ ਤੇਰੇ ਘਰੋਂ ਸੱਦ ਲਵਾਂਗੇ। ਢੋਲ ਵਜਾਣ ਵਾਲਾ ਉਥੋਂ ਆਪਣੇ ਘਰ ਚਲਾ ਗਿਆ।

ਅਗਲੇ ਦਿਨ ਜੋਗੀ ਚਲੀਹਾ ਕੱਟ ਕੇ ਭੋਰੇ ਵਿਚੋਂ ਬਾਹਰ ਨਿਕਲਿਆ। ਪਰ ਢੋਲ ਨਾ ਵੱਜਣ ਕਰਕੇ ਜੋਗੀ ਦਾ ਦਰਸ਼ਨ ਕਰਨ ਲਈ ਕੋਈ ਆਦਮੀ ਨਾ ਪਹੁੰਚਿਆ। ਜੋਗੀ ਨੇ ਬੜਾ ਹਉਕਾ ਲਿਆ, ਤੇ ਗ਼ਸ਼ ਖਾ ਕੇ ਡਿੱਗ ਪਿਆ। ਸਤਿਗੁਰੂ ਜੀ ਦੀ ਆਗਿਆ ਅਨੁਸਾਰ ਭਾਈ ਮਰਦਾਨਾ ਢੋਲ ਵਾਲੇ ਨੂੰ ਲੈ ਆਇਆ। ਢੋਲ ਵੱਜਿਆ, ਲੋਕ ਹੁੰਮ-ਹੁਮਾ ਕੇ ਆ ਪਹੁੰਚੇ। ਜੋਗੀ ਨੂੰ ਭੀ ਹੋਸ਼ ਆ ਗਈ। ਚੁਫੇਰੇ ਸ਼ਰਧਾਲੂਆਂ ਦੀ ਭੀੜ ਵੇਖ ਕੇ ਜੋਗੀ ਦਾ ਦਿਲ ਥਾਵੇਂ ਆਇਆ।

ਗੁਰੂ ਨਾਨਕ ਦੇਵ ਜੀ ਨੇ ਜੋਗੀ ਨੂੰ ਉਸ ਦਾ ਭੁਲੇਖਾ ਸਮਝਾਇਆ ਕਿ ਤੈਨੂੰ ਰੋਟੀ ਦੀ ਥਾਂ ਲੋਕਾਂ ਦੀ ਵਾਹ ਵਾਹ ਦੀ ਖ਼ੁਰਾਕ ਮਿਲ ਰਹੀ ਸੀ। ਇਸ ਚਲੀਹੇ ਕੱਟਣ ਦਾ ਆਤਮਕ ਲਾਭ ਤਾਂ ਕੋਈ ਨਾ ਹੋਇਆ। ਪਰਮਾਤਮਾ ਦੀ ਸਿਫ਼ਤ-ਸਲਾਹ ਵਿਚ ਜੁੜਿਆ ਕਰ, ਤਾਕਿ ਆਤਮਾ ਉੱਚੀ ਹੋ ਕੇ ਚੇਲਿਆਂ ਤੇ ਸ਼ਰਧਾਲੂਆਂ ਦੀ ਵਾਹ ਵਾਹ ਵਲੋਂ ਬੇ-ਮੁਥਾਜੀ ਹੋ ਜਾਵੇ ਤੇ ਹਉਮੈ ਤੋਂ ਖਲਾਸੀ ਹੋਵੇ। ਇਹ ਹਉਮੈ ਪਰਮਾਤਮਾ ਵਲੋਂ ਵਿੱਥ ਪਵਾਈ ਜਾਂਦੀ ਹੈ, ਤੇ ਚਲੀਹੇ ਵਾਲੀ ਖੇਚਲ ਵਿਅਰਥ ਚਲੀ ਜਾ ਰਹੀ ਹੈ।

ਡਿੰਗੇ ਤੋਂ ਸਤਿਗੁਰੂ ਜੀ ਤੇ ਭਾਈ ਮਰਦਾਨਾ ਪਿੰਡਾਂ-ਨਗਰਾਂ ਵਿਚੋਂ ਦੀ ਲੰਘਦੇ ਹੋਏ ਸੈਦਪੁਰ ਪਹੁੰਚੇ।



WWW.SIKHBOOKCLUB.COM 

੬

# ਬਾਬਰਵਾਣੀ

### ਸੈਦਪੁਰ (ਐਮਨਾਬਾਦ)

ਸ਼ਹਿਰ ਦਾ ਪੁਰਾਣਾ ਨਾਮ ਸੈਦਪੁਰ ਸੀ। ਅੱਜ-ਕੱਲ੍ਹ ਇਸ ਦਾ ਪਰਸਿੱਧ ਨਾਮ ਐਮਨਾਬਾਦ ਹੈ। ਹੁਣ ਇਹ ਗੁਜਰਾਂਵਾਲੇ ਤੋਂ ਲਾਹੌਰ ਨੂੰ ਆ ਰਹੀ ਰੇਲਵੇ ਲਾਈਨ ਉੱਤੇ ਰੇਲ ਦਾ ਸਟੇਸ਼ਨ ਹੈ। ਸ਼ਹਿਰ ਸਟੇਸ਼ਨ ਤੋਂ ਤਿੰਨ ਮੀਲ ਦੀ ਵਿੱਥ ਤੇ ਚੜ੍ਹਦੇ ਪਾਸੇ ਹੈ।

ਪਹਿਲੀ 'ਉਦਾਸੀ' ਸਮੇ ਗੁਰੂ ਨਾਨਕ ਦੇਵ ਜੀ ਜਦੋਂ ਐਮਨਾਬਾਦ ਗਏ ਸਨ, ਤਦੋਂ ਸਰਾਧਾਂ ਦੇ ਦਿਨ ਸਨ। ਮਲਕ ਭਾਗੋ ਦੇ ਘਰ ਸਰਾਧ ਦੀ ਸਾਖੀ ਸਿੱਖ-ਇਤਿਹਾਸ ਵਿਚ ਪਰਸਿੱਧ ਚਲੀ ਆ ਰਹੀ ਹੈ। ਤਦੋਂ ਗੁਰੂ ਨਾਨਕ ਦੇਵ ਜੀ ਆਪਣੇ ਸਤਸੰਗੀ ਭਾਈ ਲਾਲੋ ਦੇ ਘਰ ਠਹਿਰੇ ਸਨ। ਭਾਈ ਲਾਲੋ ਤਰਖਾਣਾ ਕੰਮ ਕਰਦਾ ਸੀ।

ਜਦੋਂ ਹੁਣ ਦੂਜੀ ਵਾਰੀ ਸਤਿਗੁਰੂ ਜੀ ਐਮਨਾਬਾਦ ਆਏ, ਤਦੋਂ ਭੀ ਭਾਈ ਲਾਲੋ ਅਜੇ ਜੀਉਂਦਾ ਸੀ। ਹੁਣ ਭੀ ਉਸੇ ਦੇ ਘਰ ਠਹਿਰੇ ਸਨ।

ਉਹਨੀਂ ਹੀ ਦਿਨੀਂ ਬਾਬਰ ਭੀ ਕਾਬਲ ਵਲੋਂ ਮਾਰੋ-ਮਾਰ ਕਰਦਾ ਪੰਜਾਬ ਦੇ ਨਗਰਾਂ ਸ਼ਹਿਰਾਂ ਨੂੰ ਲੁੱਟਦਾ ਉਜਾੜਦਾ ਆ ਰਿਹਾ ਸੀ।

### ਬਾਬਰ

ਬਾਬਰ ਤੈਮੂਰ ਦੇ ਖ਼ਾਨਦਾਨ ਵਿਚ (ਤੈਮੂਰ ਤੋਂ ਛੇਵੀਂ ਪੀੜ੍ਹੀ) ੧੫ ਜਨਵਰੀ ਸੰਨ ੧੪੮੩ ਨੂੰ ਜੰਮਿਆ ਸੀ। ਬਾਬਰ ਬੜਾ ਬਹਾਦਰ ਮੁਗ਼ਲ ਹੋਇਆ ਹੈ। ਇਸ ਨੇ ਸੰਨ ੧੫੦੪ ਵਿਚ ਕਾਬਲ ਤੇ ਕਬਜ਼ਾ ਕਰ ਕੇ ਉਥੋਂ ਹਿੰਦੁਸਤਾਨ ਉੱਤੇ ਹਮਲੇ ਕੀਤੇ।



WWW.SIKHBOOKCLUB.COM 

ਬਾਬਰ ਨੇ ਪਹਿਲਾ ਹਮਲਾ ਸੰਨ ੧੫੧੯ ਵਿਚ ਕੀਤਾ। ੨੧ ਫ਼ਰਵਰੀ ੧੫੧੯ ਨੂੰ ਬਾਬਰ ਨੇ ਸ਼ਹਿਰ ਭੇਰਾ ਫ਼ਤਹ ਕੀਤਾ ਸੀ। ਭੇਰਾ ਦਰਿਆ ਜਿਹਲਮ ਤੋਂ ਉਰਲੇ ਪਾਸੇ ਦਰਿਆ ਦੇ ਕੰਢੇ ਤੇ ਹੀ ਹੈ।

ਪਹਿਲਾਂ ਲਾਹੌਰ ਦਾ ਹਾਕਮ ਤਾਤਾਰ ਖ਼ਾਂ ਸੀ। ਤਾਤਾਰ ਖ਼ਾਂ ਦੀ ਮੌਤ ਤੇ ਸਿਕੰਦਰ ਲੋਦੀ ਨੇ ਸਰਹੰਦ ਤੋਂ ਲੈ ਕੇ ਸਰਹੱਦ ਤਕ ਦਾ ਸਾਰਾ ਇਲਾਕਾ ਸਿੱਧਾ ਆਪਣੇ ਕਬਜ਼ੇ ਵਿਚ ਲੈ ਲਿਆ। ਫਿਰ ਇਸ ਵਿਚੋਂ ਲਾਹੌਰ ਦਾ ਇਲਾਕਾ ਉਸ ਨੇ ਤਾਤਾਰ ਖ਼ਾਂ ਦੇ ਪੁੱਤਰ ਦੌਲਤ ਖ਼ਾਂ ਨੂੰ ਦੇ ਦਿੱਤਾ ਸੀ। ਉਹਨੀਂ ਦਿਨੀਂ ਬਾਬਰ ਨੇ ਕਾਬਲ ਤੇ ਕਬਜ਼ਾ ਕੀਤਾ ਸੀ।

ਭੇਰਾ ਫ਼ਤਹ ਕਰ ਕੇ ਬਾਬਰ ਨੇ ੨੪ ਫ਼ਰਵਰੀ ਸੰਨ ੧੫੧੯ ਨੂੰ ਸਿਕੰਦਰ ਲੋਦੀ ਦੇ ਪੁੱਤਰ ਸੁਲਤਾਨ ਇਬਰਾਹੀਮ ਲੋਦੀ ਵਲ ਆਪਣਾ ਏਲਚੀ (ਦੂਤ) ਭੇਜਿਆ। ਪਰ ਉਸ ਨੂੰ ਦੌਲਤ ਖ਼ਾਂ ਨੇ ਰਸਤੇ ਵਿਚ ਹੀ ਅਟਕਾਈ ਰਖਿਆ।

ਭੇਰੇ ਤਕ ਆਪਣੀ ਹਕੂਮਤ ਪੱਕੀ ਕਰ ਕੇ ਬਾਬਰ ਕਾਬਲ ਵਾਪਸ ਚਲਾ ਗਿਆ। ਭੇਰੇ ਤੋਂ ਅਗਾਂਹ ਵਧਣ ਵਾਸਤੇ ਉਸ ਨੇ ਹੋਰ ਫ਼ੌਜ ਆਪਣੇ ਨਾਲ ਲੈ ਕੇ ਸੰਨ ੧੫੨੧ ਵਿਚ (ਹਿਜਰੀ ੯੨੬ ਵਿਚ) ਫਿਰ ਹਿੰਦੁਸਤਾਨ ਉੱਤੇ ਹਮਲਾ ਕੀਤਾ। ਭੇਰੇ ਦੇ ਰਸਤੇ ਵਜ਼ੀਰਾਬਾਦ ਤੋਂ ਲੰਘ ਕੇ ਬਾਬਰ ਸ਼ਹਿਰ ਸਿਆਲਕੋਟ ਤੇ ਆ ਵੱਜਾ। ਪਰ ਉਥੋਂ ਦੇ ਹਾਕਮਾਂ ਤੇ ਲੋਕਾਂ ਨੇ ਈਨ ਮੰਨ ਲਈ। ਇਸ ਤਰ੍ਹਾਂ ਸ਼ਹਿਰ ਸਿਆਲਕੋਟ ਲੁਟੀਣ ਤੇ ਉੱਜੜਨ ਤੋਂ ਬਚ ਗਿਆ।

## ਸੈਦਪੁਰ ਤੇ ਹੱਲਾ

ਸਿਆਲਕੋਟ ਤੋਂ ਬਾਬਰ ਨੇ ਸੈਦਪੁਰ (ਐਮਨਾਬਾਦ) ਤੇ ਹੱਲਾ ਬੋਲਿਆ। ਤਦੋਂ ਗੁਰੂ ਨਾਨਕ ਦੇਵ ਜੀ ਭਾਈ ਮਰਦਾਨੇ ਸਮੇਤ ਐਮਨਾਬਾਦ ਹੀ ਸਨ। ਪਠਾਣ ਹਾਕਮਾਂ ਨੇ ਸ਼ਹਿਰ ਨੂੰ ਬਚਾਣ ਲਈ ਫ਼ੌਜੀ ਤਿਆਰੀ ਤਾਂ ਠੀਕ ਨਾ ਕੀਤੀ, ਪਰ ਬਾਬਰ ਦਾ ਟਾਕਰਾ ਕਰਨ ਵਾਸਤੇ ਬਹੁਤ ਸਾਰੇ ਮੁਲਾਣੇ ਲਿਆ ਬਿਠਾਏ, ਜਿਨ੍ਹਾਂ ਨੇ ਕਲਾਮਾਂ ਪੜ੍ਹਨ ਤੇ ਹੀ ਜ਼ੋਰ ਦਿੱਤਾ। ਬਣਨਾ ਕੀ ਸੀ? ਰਣ-ਭੂਮੀ ਵਿਚ ਪਠਾਣ ਫ਼ੌਜੀਆਂ ਦੀਆਂ ਬੰਦੂਕਾਂ ਤਾਂ ਹੱਥਾਂ ਵਿਚ ਹੀ ਚਿੜ-ਚਿੜ ਕਰਦੀਆਂ ਰਹੀਆਂ, ਤੇ ਓਧਰੋਂ ਬਾਬਰ ਦੇ ਸਿਪਾਹੀ ਤੱਕ ਤੱਕ ਕੇ ਨਿਸ਼ਾਨੇ ਮਾਰਦੇ ਰਹੇ। ਬਾਬਰ ਦੀ ਜਿੱਤ ਹੋਈ। ਹੋਣੀ ਹੀ ਸੀ। ਜਿੱਤ ਦੇ ਨਸ਼ੇ ਵਿਚ ਬਾਬਰ ਦੀ ਫ਼ੌਜ ਨੂੰ ਖੁਲ੍ਹੀ ਛੁੱਟੀ ਹੋ ਗਈ, ਸ਼ਹਿਰ ਉੱਤੇ ਅੱਤਿਆਚਾਰ ਕਰਨ



WWW.SIKHBOOKCLUB.COM 

ਦੀ। ਲੁੱਟ, ਕਤਲ, ਸਾੜ-ਫੂਕ ਤੇ ਇਸਤ੍ਰੀ-ਜਾਤੀ ਉੱਤੇ ਅੱਤਿਆਚਾਰ—ਚੁਫੇਰੇ ਹਾਹਾਕਾਰ ਮਚ ਗਈ। ਪਲਾਂ ਵਿਚ ਹੀ ਸ਼ਹਿਰ ਤਬਾਹ ਹੋ ਗਿਆ। ਜਿਹੜੇ ਮਰਦ ਇਸਤ੍ਰੀ ਜਾਨੋਂ ਬਚ ਗਏ, ਉਨ੍ਹਾਂ ਨੂੰ ਕੈਦ ਕਰ ਲਿਆ ਗਿਆ। ਬਾਬਰ ਦੀ ਫ਼ੌਜ ਵਾਸਤੇ ਆਟਾ ਪੀਹਣ ਲਈ ਉਨ੍ਹਾਂ ਅੱਗੇ ਚੱਕੀਆਂ ਰੱਖੀਆਂ ਗਈਆਂ। ਗੁਰੂ ਨਾਨਕ ਦੇਵ ਜੀ ਅਤੇ ਭਾਈ ਮਰਦਾਨਾ ਭੀ ਕੈਦ ਕੀਤੇ ਗਏ।

## ਸੈਦਪੁਰ ਤੋਂ ਅਗਾਂਹ

ਬਾਬਰ ਸੈਦਪੁਰ ਤੋਂ ਅਗਾਂਹ ਵਧਿਆ। ਕੈਦੀ ਭੀ ਨਾਲ ਹੀ। ਪਿੰਡ ਅਵਾਣ ਦੇ ਨੇੜੇ ਡੇਰਾ ਕੀਤਾ। ਪਿੰਡ ਅਵਾਣ ਦਰਿਆ ਰਾਵੀ ਦੇ ਕੰਢੇ ਜ਼ਿਲਾ ਸਿਆਲਕੋਟ ਵਿਚ ਹੀ ਹੈ।

ਕੈਦੀਆਂ ਦੇ ਅੱਗੇ ਚੱਕੀਆਂ ਰੱਖੀਆਂ ਗਈਆਂ। ਆਪਣੇ ਸ਼ਹਿਰ ਦੀ ਲੁੱਟ, ਕਤਲ, ਸਾੜ-ਫੂਕ ਤੇ ਬੇ-ਪਤੀ ਦੇ ਅੱਤਿਆਚਾਰ ਹੱਡੀਂ ਵਰਤੇ ਅੱਖੀਂ ਵੇਖ ਕੇ ਸਹਿਮੇ ਹੋਏ ਕੈਦੀ ਨਾਲੇ ਭੁੱਬਾਂ ਮਾਰ ਮਾਰ ਕੇ ਰੋਂਦੇ ਸਨ, ਨਾਲੇ ਚੱਕੀਆਂ ਪੀਂਹਦੇ ਸਨ। ਪਰ ਗੁਰੂ ਨਾਨਕ ਦੇਵ ਜੀ ਭਾਈ ਮਰਦਾਨੇ ਸਮੇਤ ਇਹ ਸਭ ਕੁਝ ਰੱਬ ਦੀ ਰਜ਼ਾ ਜਾਣ ਕੇ ਪੂਰੇ ਜਿਗਰੇ ਨਾਲ ਗੰਭੀਰਤਾ ਨਾਲ ਕੈਦੀਆਂ ਵਾਲੀ ਕਾਰ ਕਰ ਰਹੇ ਸਨ। ਬਾਬਰ ਦੇ ਹਾਕਮ ਇਹ ਵੇਖ ਕੇ ਬੜੇ ਹੀ ਹੈਰਾਨ ਹੋਏ। ਤੁਰਤ ਬਾਬਰ ਤਕ ਖ਼ਬਰ ਅਪੜਾਈ ਗਈ। ਬਾਬਰ ਸਤਿਗੁਰੂ ਜੀ ਨੂੰ ਮਿਲਿਆ। ਸਤਿਗੁਰੂ ਜੀ ਨੇ ਉਸ ਨੂੰ ਨਿਰਭੈਤਾ ਨਾਲ ਇਨਸਾਨੀਅਤ ਦਾ ਰਸਤਾ ਸਮਝਾਇਆ। ਅਜੇ ਸਨ ਭੀ ਹਾਜੀਆਂ ਵਾਲੇ ਫ਼ਕੀਰੀ ਬਾਣੇ ਵਿਚ ਹੀ। ਬਾਬਰ ਨੇ ਸਾਰੇ ਹੀ ਕੈਦੀ ਛੱਡ ਦਿੱਤੇ। ਪਰ ਸਹਿਮੇ ਹੋਏ ਲੋਕ ਆਪਣੇ ਲੁੱਟੇ ਪੁੱਟੇ ਜਾ ਚੁਕੇ ਸ਼ਹਿਰ ਵਲ ਮੂੰਹ ਕਰਨੋਂ ਡਰਦੇ ਸਨ। ਗੁਰੂ ਨਾਨਕ ਦੇਵ ਜੀ ਪਿੰਡ ਅਵਾਣ ਤੋਂ ਫਿਰ ਉਨ੍ਹਾਂ ਦੇ ਨਾਲ ਐਮਨਾਬਾਦ ਵਾਪਸ ਆਏ।

ਉਧਰੋਂ ਬਾਬਰ ਨੂੰ ਆਪਣੇ ਵਤਨ ਤੋਂ ਖ਼ਬਰ ਆ ਗਈ ਕਿ ਇਕ ਸ਼ਾਹ ਬੇਗ ਨੇ ਕੰਧਾਰ ਉੱਤੇ ਹਮਲਾ ਕਰ ਦਿੱਤਾ ਹੈ। ਬਾਬਰ ਅਵਾਣ ਤੋਂ ਹੀ ਪਿਛਾਂਹ ਕਾਬਲ ਨੂੰ ਮੁੜ ਗਿਆ। ਬਾਬਰ ਦੀ ਹਕੂਮਤ ਹਿੰਦੁਸਤਾਨ ਵਿਚ ਦਰਿਆ ਰਾਵੀ ਦੇ ਕੰਢਿਆਂ ਤਕ ਪੱਕੀ ਹੋ ਗਈ।

## ਐਮਨਾਬਾਦ ਦੀ ਤਰਸ-ਯੋਗ ਹਾਲਤ

ਸੈਦਪੁਰ ਨਿਵਾਸੀ ਬਾਬਰ ਦੀ ਕੈਦ ਵਿਚੋਂ ਨਿਕਲ ਕੇ ਡਰ-ਸਹਿਮ ਦੇ



WWW.SIKHBOOKCLUB.COM 

ਮਾਰੇ ਲੱਤਾਂ ਧੂਹੰਦੇ ਗੁਰੂ ਨਾਨਕ ਪਾਤਿਸ਼ਾਹ ਦੇ ਨਾਲ ਮੁੜ ਆਪਣੇ ਪਿਆਰੇ ਘਰਾਂ ਵਲ ਮੁੜ ਪਏ। ਭਾਈ ਮਰਦਾਨਾ ਭੀ ਨਾਲ ਹੀ ਸੀ। ਸ਼ਹਿਰ ਦੇ ਸੜ ਰਹੇ ਘਰਾਂ ਦਾ ਧੂਆਂ ਦੂਰੋਂ ਹੀ ਵੇਖ ਕੇ ਉਨ੍ਹਾਂ ਦੇ ਦਿਲ ਢਹਿੰਦੇ ਜਾ ਰਹੇ ਸਨ। ਪਰ ਸ਼ਹਿਰ ਪਹੁੰਚ ਕੇ ਭੀ ਉਨ੍ਹਾਂ ਕੀ ਵੇਖਿਆ ! ਘਰਾਂ ਵਿਚ ਜਵਾਨ ਧੀਆਂ ਦੀਆਂ ਲਾਸ਼ਾਂ, ਜੋ ਮੁਗ਼ਲ ਬੁਰਛਿਆਂ ਦੀ ਕਾਮ-ਵਾਸ਼ਨਾ ਦੇ ਅੱਤਿਆਚਾਰ ਦਾ ਸ਼ਿਕਾਰ ਹੋ ਚੁਕੀਆਂ ਸਨ। ਗਲੀਆਂ ਬਜ਼ਾਰਾਂ ਵਿਚ ਕਤਲ ਹੋ ਚੁਕੇ ਗੱਭਰੂ ਪੁੱਤਰਾਂ ਦੀਆਂ ਲਾਸ਼ਾਂ,ਜੋ ਗਿਰਝਾਂ ਕਾਵਾਂ ਕੁੱਤਿਆਂ ਗਿੱਦੜਾਂ ਬਘਿਆੜਾਂ ਦੇ ਪੈਰਾਂ ਹੇਠ ਰੂਲ ਰਹੀਆਂ ਸਨ। ਕੈਦ ਤੋਂ ਵਾਪਸ ਆਏ ਸੈਦਪੁਰੀਆਂ ਦੀਆਂ ਭੁੱਬਾਂ ਨਿਕਲ ਗਈਆਂ। ਚੁਫੇਰੇ ਕੁਰਲਾਟ ਮਚ ਗਿਆ।

ਦੁਖੀਆਂ ਦੇ ਦਰਦ ਵੰਡਣ ਆਏ ਗੁਰੂ ਨਾਨਕ ਪਾਤਿਸ਼ਾਹ ਨੇ ਇਹ ਸਾਰਾ ਹੀ ਘੱਲੂਘਾਰਾ ਸ਼ੁਰੂ ਤੋਂ ਹੁਣ ਅਖ਼ੀਰ ਤਕ ਅੱਖੀਂ ਵੇਖਿਆ। ਕਤਲੋਂ ਬਚ ਰਹੇ ਦੇਸ-ਵਾਸੀਆਂ ਦੇ ਨਾਲ ਬਾਬਰ ਦੀ ਜੇਲ੍ਹ ਵਿਚ ਚੱਕੀਆਂ ਭੀ ਪੀਹ ਆਏ। ਬਿਪਤਾ-ਮਾਰੇ ਬੰਦਿਆਂ ਦੇ ਇਸ ਅਤਿ ਦਰਜੇ ਦੇ ਭਿਆਨਕ ਦੁਖੜੇ ਵਿਚ ਹੁਣ ਸਤਿਗੁਰੂ ਜੀ ਘਰ ਘਰ ਪਹੁੰਚ ਕੇ ਉਨ੍ਹਾਂ ਨੂੰ ਢਾਰਸ ਦੇਣ ਦੇ ਜਤਨ ਕਰ ਰਹੇ ਸਨ। ਪਰ ਕਹਿਰ ਭੀ ਕੋਈ ਸਧਾਰਨ ਜਿਹਾ ਕਹਿਰ ਨਹੀਂ ਸੀ ਵਰਤਿਆ। ਦੁਖੀਆਂ ਨੂੰ ਆਪਣੇ ਕੋਲ ਬਿਠਾ ਕੇ ਸਿਰਜਣਹਾਰ ਕਰਤਾਰ ਦੇ ਦਰ ਤੇ ਫ਼ਰਿਆਦ ਕਰਨ ਲੱਗ ਪਏ। ਮਰਦਾਨੇ ਨੇ ਰਬਾਬ ਹਿਲਾਈ, ਤੇ ਗੁਰੂ ਨਾਨਕ ਪਾਤਿਸ਼ਾਹ ਨੇ ਖ਼ਲਕਤ ਦੇ ਰਾਖੇ ਖ਼ਾਲਕ ਨਾਲ ਦਰਦ ਭਰੇ ਗਲੇ ਦੀ ਰਾਹੀਂ ਗਿਲਾ ਕਰਨਾ ਸ਼ੁਰੂ ਕੀਤਾ :

**'ਏਤੀ ਮਾਰ ਪਈ ਕਰਲਾਣੇ'**
**'ਏਤੀ ਮਾਰ ਪਈ ਕਰਲਾਣੇ'**

ਹੇ ਪਾਤਿਸ਼ਾਹ !

**'ਤੈਂ ਕੀ ਦਰਦੁ ਨ ਆਇਆ ?'**

ਪਾਤਿਸ਼ਾਹ !

**'ਤੈਂ ਕੀ ਦਰਦੁ ਨ ਆਇਆ ?'**

ਜੇ ਰਣ-ਭੂਮੀ ਵਿਚ ਤਲਵਾਰ ਫੜ ਕੇ ਸੂਰਮੇ ਲਹੂ ਦੀ ਹੋਲੀ ਖੇਡਣ ਤਾਂ ਇਸ ਵਿਚ ਇਤਨਾ ਗਿਲ੍ਹਾ ਨਹੀਂ। ਪਰ ਜੇ ਸ਼ੇਰ ਗਾਈਆਂ ਦੇ ਵੱਗ ਉੱਤੇ



WWW.SIKHBOOKCLUB.COM 

ਆ ਪਏ, ਤਾਂ ਉਸ ਵੇਲੇ ਗੁੱਜਰ ਨੇ ਆਪਣਾ ਫ਼ਰਜ਼ ਨਿਬਾਹੁਣਾ ਹੁੰਦਾ ਹੈ :

> ਜੇ ਸਕਤਾ ਸਕਤੇ ਕਉ ਮਾਰੇ, ਤਾ ਮਨਿ ਰੋਸੁ ਨ ਹੋਈ॥
> ਸਕਤਾ ਸੀਹੁ ਮਾਰੇ ਪੈ ਵਗੈ, ਖਸਮੈ ਸਾ ਪੁਰਸਾਈ॥
> ਰਤਨ ਵਿਗਾੜਿ ਵਿਗੋਏ ਕੁਤੀ, ਮੁਇਆ ਸਾਰ ਨ ਕਾਈ॥

ਪਾਠਕ ਸੱਜਣੋ !

ਕਲੇਜਾ ਥੰਮ੍ਹ ਕੇ ਗੁਰੂ ਨਾਨਕ ਦੇਵ ਜੀ ਦੇ ਹੇਠ-ਲਿਖੇ ਸ਼ਬਦ ਠਰ੍ਹੰਮੇ ਨਾਲ ਸਹਿਜੇ ਸਹਿਜੇ ਇਕ ਇਕ ਲਫ਼ਜ਼ ਉੱਤੇ ਅਟਕ ਕੇ ਪੜ੍ਹੋ। ਇਹ ਉਥੇ ਉਚਾਰੇ ਗਏ, ਜਿੱਥੇ ਚੁਫੇਰੇ ਲੋਥਾਂ ਦੇ ਢੇਰ ਲੱਗੇ ਹੋਏ ਸਨ। ਇਹ ਉਸ ਸੈਦਪੁਰ ਵਿਚ ਉਚਾਰੇ ਗਏ, ਜਿਹੜਾ ਹੁਣ 'ਮਾਸਪੁਰੀ' ਬਣ ਚੁਕਿਆ ਸੀ, ਜਿਹੜਾ ਲਾਸ਼ਾਂ ਦਾ ਸ਼ਹਿਰ ਬਣ ਚੁਕਿਆ ਸੀ। ਇਹ ਉਥੇ ਉਚਾਰੇ ਗਏ, ਜਿੱਥੇ ਮੁਗ਼ਲ ਬੁਰਛਿਆਂ ਦੀ ਨਿਰਦਈ ਤਲਵਾਰ ਚੱਲ ਕੇ, ਗਲੀਆਂ ਤੇ ਬਜ਼ਾਰ ਨਿਹੱਥੇ ਹਿੰਦੁਸਤਾਨੀਆਂ ਦੇ ਲਹੂ ਨਾਲ ਚਿਪ-ਚਿਪ ਕਰ ਰਹੇ ਸਨ। ਕਿਤਨਾ ਭਿਆਨਕ ਦ੍ਰਿਸ਼ ਸੀ ! ਸੁਣਨ ਵੇਖਣ ਵਿਚ ਜ਼ਿਮੀ ਅਸਮਾਨ ਦਾ ਫ਼ਰਕ ਪੈ ਜਾਂਦਾ ਹੈ। ਸਧਾਰਨ ਜਿਹਾ ਮਨੁੱਖ ਤਾਂ ਅਜਿਹਾ ਭਿਆਨਕ ਦ੍ਰਿਸ਼ ਵੇਖ ਕੇ ਗ਼ਸ਼ ਹੀ ਖਾ ਜਾਂਦਾ ਹੈ। ਸ਼ਬਦ ਇਹ ਹਨ :

(੧) *ਆਸਾ ਮਹਲਾ ੧ (ਪੰਨਾ ੩੬੦)*

> ਖੁਰਾਸਾਨ ਖਸਮਾਨਾ ਕੀਆ, ਹਿੰਦੁਸਤਾਨੁ ਡਰਾਇਆ॥
> ਆਪੈ ਦੋਸੁ ਨ ਦੇਈ ਕਰਤਾ, ਜਮੁ ਕਰਿ ਮੁਗਲੁ ਚੜਾਇਆ॥
> ਏਤੀ ਮਾਰ ਪਈ ਕਰਲਾਣੇ, ਤੈਂ ਕੀ ਦਰਦੁ ਨ ਆਇਆ॥੧॥
> ਕਰਤਾ ਤੂੰ ਸਭਨਾ ਕਾ ਸੋਈ॥
> ਜੇ ਸਕਤਾ ਸਕਤੇ ਕਉ ਮਾਰੇ ਤਾ ਮਨਿ ਰੋਸੁ ਨ ਹੋਈ॥੧॥ਰਹਾਉ॥
> ਸਕਤਾ ਸੀਹੁ ਮਾਰੇ ਪੈ ਵਗੈ, ਖਸਮੈ ਸਾ ਪੁਰਸਾਈ॥
> ਰਤਨ ਵਿਗਾੜਿ ਵਿਗੋਏ ਕੁਤੀ, ਮੁਇਆ ਸਾਰ ਨ ਕਾਈ॥
> ਆਪੇ ਜੋੜਿ ਵਿਛੋੜੇ ਆਪੇ, ਵੇਖੁ ਤੇਰੀ ਵਡਿਆਈ॥੨॥
> ਜੇ ਕੋ ਨਾਉ ਧਰਾਏ ਵਡਾ, ਸਾਦ ਕਰੇ ਮਨਿ ਭਾਣੇ॥
> ਖਸਮੈ ਨਦਰੀ ਕੀੜਾ ਆਵੈ, ਜੇਤੇ ਚੁਗੈ ਦਾਣੇ॥
> ਮਰਿ ਮਰਿ ਜੀਵੈ ਤਾ ਕਿਛੁ ਪਾਏ, ਨਾਨਕ ਨਾਮੁ ਵਖਾਣੇ॥੩॥੫॥੩੯॥



WWW.SIKHBOOKCLUB.COM 

(੨) *ਆਸਾ ਮਹਲਾ ੧ ਅਸਟਪਦੀਆ (ਪੰਨਾ ੪੧੭)*

ਜਿਨ ਸਿਰਿ ਸੋਹਨਿ ਪਟੀਆ, ਮਾਂਗੀ ਪਾਇ ਸੰਧੂਰੁ ॥
ਸੇ ਸਿਰ ਕਾਤੀ ਮੁੰਨੀਅਨ੍ਹਿ ਗਲ ਵਿਚਿ ਆਵੈ ਧੂੜਿ ॥
ਮਹਲਾ ਅੰਦਰਿ ਹੋਦੀਆ, ਹੁਣਿ ਬਹਣਿ ਨ ਮਿਲਨ੍ਹਿ ਹਦੂਰਿ ॥੧॥
ਆਦੇਸੁ ਬਾਬਾ ਆਦੇਸੁ ॥
ਆਦਿ ਪੁਰਖ ਤੇਰਾ ਅੰਤੁ ਨ ਪਾਇਆ, ਕਰਿ ਕਰਿ ਦੇਖਹਿ ਵੇਸ ॥੧॥ਰਹਾਉ॥
ਜਦਹੁ ਸੀਆ ਵੀਆਹੀਆ, ਲਾੜੇ ਸੋਹਨਿ ਪਾਸਿ ॥
ਹੀਡੋਲੀ ਚੜਿ ਆਈਆ, ਦੰਦਖੰਡ ਕੀਤੇ ਰਾਸਿ ॥
ਉਪਰਹੁ ਪਾਣੀ ਵਾਰੀਐ, ਝਲੇ ਝਿਮਕਨਿ ਪਾਸਿ ॥੨॥
ਇਕੁ ਲਖੁ ਲਹਨ੍ਹਿ ਬਹਿਠੀਆ, ਲਖੁ ਲਹਨ੍ਹਿ ਖੜੀਆ ॥
ਗਰੀ ਛੁਹਾਰੇ ਖਾਂਦੀਆ, ਮਾਣਨ੍ਹਿ ਸੇਜੜੀਆ ॥
ਤਿਨ੍ਹ ਗਲਿ ਸਿਲਕਾ ਪਾਈਆ, ਤੁਟਨ੍ਹਿ ਮੋਤਸਰੀਆ ॥੩॥
ਧਨੁ ਜੋਬਨੁ ਦੁਇ ਵੈਰੀ ਹੋਏ, ਜਿਨ੍ਹੀ ਰਖੇ ਰੰਗੁ ਲਾਇ ॥
ਦੂਤਾ ਨੋ ਫੁਰਮਾਇਆ, ਲੈ ਚਲੇ ਪਤਿ ਗਵਾਇ ॥
ਜੇ ਤਿਸੁ ਭਾਵੈ ਦੇ ਵਡਿਆਈ, ਜੇ ਭਾਵੈ ਦੇਇ ਸਜਾਇ ॥੪॥
ਅਗੋ ਦੇ ਜੇ ਚੇਤੀਐ ਤਾਂ ਕਾਇਤੁ ਮਿਲੈ ਸਜਾਇ ॥
ਸਾਹਾਂ ਸੁਰਤਿ ਗਵਾਈਆ ਰੰਗਿ ਤਮਾਸੈ ਚਾਇ ॥
ਬਾਬਰਵਾਣੀ ਫਿਰਿ ਗਈ, ਕੁਇਰੁ ਨ ਰੋਟੀ ਖਾਇ ॥੫॥
ਇਕਨਾ ਵਖਤ ਖੁਆਈਅਹਿ, ਇਕਨ੍ਹਾ ਪੂਜਾ ਜਾਇ ॥
ਚਉਕੇ ਵਿਣੁ ਹਿੰਦਵਾਣੀਆ, ਕਿਉ ਟਿਕੇ ਕਢਹਿ ਨਾਇ ॥
ਰਾਮੁ ਨ ਕਬਹੂ ਚੇਤਿਓ, ਹੁਣਿ ਕਹਣਿ ਨ ਮਿਲੈ ਖੁਦਾਇ ॥੬॥
ਇਕਿ ਘਰਿ ਆਵਹਿ ਆਪਣੈ, ਇਕਿ ਮਿਲਿ ਮਿਲਿ ਪੁਛਹਿ ਸੁਖ ॥
ਇਕਨਾ ਏਹੋ ਲਿਖਿਆ, ਬਹਿ ਬਹਿ ਰੋਵਹਿ ਦੁਖ ॥
ਜੋ ਤਿਸੁ ਭਾਵੈ ਸੋ ਥੀਐ, ਨਾਨਕ ਕਿਆ ਮਾਨੁਖ ॥੭॥੧੧॥

(੩) *ਆਸਾ ਮਹਲਾ ੧ (ਪੰਨਾ ੪੧੭)*

ਕਹਾ ਸੁ ਖੇਲ ਤਬੇਲਾ ਘੋੜੇ, ਕਹਾ ਭੇਰੀ ਸਹਨਾਈ ॥
ਕਹਾ ਸੁ ਤੇਗਬੰਦ ਗਾਡੇਰੜਿ, ਕਹਾ ਸੁ ਲਾਲ ਕਵਾਈ ॥
ਕਹਾ ਸੁ ਆਰਸੀਆ ਮੁਹ ਬੰਕੇ, ਐਥੈ ਦਿਸਹਿ ਨਾਹੀ ॥੧॥
ਇਹੁ ਜਗੁ ਤੇਰਾ, ਤੂ ਗੋਸਾਈ ॥



WWW.SIKHBOOKCLUB.COM 

ਏਕ ਘੜੀ ਮਹਿ ਥਾਪਿ ਉਥਾਪੇ, ਜਰੁ ਵੰਡਿ ਦੇਵੈ ਭਾਂਈ ॥੧॥ਰਹਾਉ॥
ਕਹਾਂ ਸੁ ਘਰ ਦਰ ਮੰਡਪ ਮਹਲਾ, ਕਹਾ ਸੁ ਬੰਕ ਸਰਾਈ ॥
ਕਹਾਂ ਸੁ ਸੇਜ ਸੁਖਾਲੀ ਕਾਮਣਿ, ਜਿਸੁ ਵੇਖਿ ਨੀਦ ਨ ਪਾਈ ॥
ਕਹਾ ਸੁ ਪਾਨ ਤੰਬੋਲੀ ਹਰਮਾ, ਹੋਈਆ ਛਾਈ ਮਾਈ ॥੨॥
ਇਸੁ ਜਰ ਕਾਰਣਿ ਘਣੀ ਵਿਗੁਤੀ, ਇਨਿ ਜਰ ਘਣੀ ਖੁਆਈ ॥
ਪਾਪਾ ਬਾਝਹੁ ਹੋਵੈ ਨਾਹੀ, ਮੁਇਆ ਸਾਥਿ ਨ ਜਾਈ ॥
ਜਿਸ ਨੋ ਆਪਿ ਖੁਆਏ ਕਰਤਾ, ਖੁਸਿ ਲਏ ਚੰਗਿਆਈ ॥੩॥
ਕੋਟੀ ਹੂ ਪੀਰ ਵਰਜਿ ਰਹਾਏ, ਜਾ ਮੀਰੁ ਸੁਣਿਆ ਧਾਇਆ ॥
ਥਾਨ ਮੁਕਾਮ ਜਲੇ ਬਿਜ ਮੰਦਰ, ਮੁਛਿ ਮੁਛਿ ਕੁਇਰ ਰੁਲਾਇਆ ॥
ਕੋਈ ਮੁਗਲੁ ਨ ਹੋਆ ਅੰਧਾ, ਕਿਨੈ ਨ ਪਰਚਾ ਲਾਇਆ ॥੪॥
ਮੁਗਲ ਪਠਾਣਾ ਭਈ ਲੜਾਈ, ਰਣ ਮਹਿ ਤੇਗ ਵਗਾਈ ॥
ਓਨ੍ਹੀ ਤੁਪਕ ਤਾਣਿ ਚਲਾਈ, ਓਨ੍ਹੀ ਹਸਤਿ ਚਿੜਾਈ ॥
ਜਿਨ੍ ਕੀ ਚੀਰੀ ਦਰਗਹ ਪਾਟੀ, ਤਿਨ੍ਾ ਮਰਣਾ ਭਾਈ ॥੫॥
ਇਕ ਹਿੰਦਵਾਣੀ ਅਵਰ ਤੁਰਕਾਣੀ, ਭਟਿਆਣੀ ਠਕੁਰਾਣੀ ॥
ਇਕਨ੍ਾ ਪੇਰਣ ਸਿਰ ਖੁਰ ਪਾਟੇ, ਇਕਨ੍ਾ ਵਾਸੁ ਮਸਾਣੀ ॥
ਜਿਨ੍ ਕੇ ਬੰਕੇ ਘਰੀ ਨ ਆਇਆ, ਤਿਨ੍ ਕਿਉ ਰੈਣਿ ਵਿਹਾਣੀ ॥੬॥
ਆਪੇ ਕਰੇ ਕਰਾਏ ਕਰਤਾ, ਕਿਸ ਨੋਂ ਆਖਿ ਸੁਣਾਈਐ ॥
ਦੁਖੁ ਸੁਖੁ ਤੇਰੈ ਭਾਣੈ ਹੋਵੈ, ਕਿਸਥੈ ਜਾਇ ਰੂਆਈਐ ॥
ਹੁਕਮੀ ਹੁਕਮਿ ਚਲਾਏ ਵਿਗਸੈ, ਨਾਨਕ ਲਿਖਿਆ ਪਾਈਐ ॥੭॥੧੨॥

ਪਾਠਕ ਸਜਣੋ !

ਜੇ ਸੈਦਪੁਰ ਦਾ ਘੱਲੂਘਾਰਾ ਅੱਖਾਂ ਅੱਗੇ ਲਿਆਉਣਾ ਹੈ ਤਾਂ ਇਨ੍ਹਾਂ ਸ਼ਬਦਾਂ ਨੂੰ ਗਹੁ ਨਾਲ ਮੁੜ ਮੁੜ ਪੜ੍ਹੋ, ਧਿਆਨ ਨਾਲ ਪੜ੍ਹੋ !

ਜਦੋਂ ਗੁਰੂ ਨਾਨਕ ਦੇਵ ਜੀ ਸੈਦਪੁਰ ਅੱਪੜੇ ਸਨ, ਤਦੋਂ ਬਾਬਰ ਭੀ ਮਾਰੋ-ਮਾਰ ਕਰਦਾ ਕਾਬਲ ਵਲੋਂ ਫ਼ੌਜ ਲੈ ਕੇ ਚੜ੍ਹੀ ਆ ਰਿਹਾ ਸੀ। ਸਿਆਲਕੋਟ ਭੀ ਪਹੁੰਚ ਗਿਆ, ਤੇ ਸੈਦਪੁਰ ਦੇ ਪਠਾਣ ਹਾਕਮਾਂ ਦੇ ਕੰਨਾਂ ਤੇ ਜੂੰ ਭੀ ਨਾ ਸਰਕੀ। ਨਿੱਤ ਸ਼ਰਾਬਾਂ ਵਿਚ ਮਸਤ ਹਾਕਮਾਂ ਨੇ ਆਪਣੇ ਅਤੇ ਸ਼ਹਿਰ ਦੇ ਬਚਾਉ ਲਈ ਕੋਈ ਫ਼ੌਜੀ ਤਿਆਰੀ ਨਾ ਕੀਤੀ। ਪਰਤੱਖ ਦਿੱਸ ਰਿਹਾ ਸੀ ਕਿ ਸੈਦਪੁਰ ਦੇ ਮੰਦੇ ਦਿਨ ਆ ਰਹੇ ਹਨ। ਜੇ ਗੁਰੂ ਨਾਨਕ ਦੇਵ ਜੀ ਚਾਹੁੰਦੇ ਤਾਂ ਆ ਰਹੀ ਬਿਪਤਾ ਤੋਂ ਬਚਣ ਲਈ ਸ਼ਹਿਰੋਂ ਲਾਂਭੇ ਦੁਰੇਡੇ ਚਲੇ ਜਾਂਦੇ। ਪਰ ਇਸ ਨੂੰ ਦੁਖੀਆਂ



WWW.SIKHBOOKCLUB.COM 

ਦਾ ਦਰਦ ਵੰਡਣਾ ਨਾ ਕਿਹਾ ਜਾ ਸਕਦਾ। ਸਤਿਗੁਰੂ ਜੀ ਭਾਈ ਮਰਦਾਨੇ ਸਮੇਤ ਸ਼ਹਿਰ ਵਿਚ ਹੀ ਭਾਈ ਲਾਲੋ ਦੇ ਘਰ ਟਿਕੇ ਰਹੇ। ਉਥੇ ਉਨ੍ਹਾਂ ਸਾਰੇ ਸ਼ਹਿਰ-ਵਾਸੀਆਂ ਨੂੰ ਖ਼ਬਰਦਾਰ ਕਰਨ ਲਈ ਭਾਈ ਮਰਦਾਨੇ ਦੀ ਰਬਾਬ ਤੇ ਉੱਚੀ ਪੁਕਾਰ ਦੇ ਇਉਂ ਆਖ ਦਿੱਤਾ ਸੀ।

*ਤਿਲੰਗ ਮਹਲਾ ੧ (ਪੰਨਾ ੭੨੨)*

**ਜੈਸੀ ਮੈ ਆਵੈ ਖਸਮ ਕੀ ਬਾਣੀ, ਤੈਸੜਾ ਕਰੀ ਗਿਆਨੁ ਵੇ ਲਾਲੋ ॥**
**ਪਾਪ ਕੀ ਜੰਞ ਲੈ ਕਾਬਲਹੁ ਧਾਇਆ, ਜੋਰੀ ਮੰਗੈ ਦਾਨੁ ਵੇ ਲਾਲੋ ॥**
**ਸਰਮੁ ਧਰਮੁ ਦੁਇ ਛਪਿ ਖਲੋਏ, ਕੂੜੁ ਫਿਰੈ ਪਰਧਾਨੁ ਵੇ ਲਾਲੋ ॥**
**ਕਾਜੀਆ ਬਾਮਣਾ ਕੀ ਗਲ ਥਕੀ, ਅਗਦੁ ਪੜੈ ਸੈਤਾਨੁ ਵੇ ਲਾਲੋ ॥**
**ਮੁਸਲਮਾਨੀਆ ਪੜਹਿ ਕਤੇਬਾ, ਕਸਟ ਮਹਿ ਕਰਹਿ ਖੁਦਾਇ ਵੇ ਲਾਲੋ ॥**
**ਜਾਤਿ ਸਨਾਤੀ ਹੋਰਿ ਹਿਦਵਾਣੀਆ, ਏਹਿ ਭੀ ਲੇਖੈ ਲਾਇ ਵੇ ਲਾਲੋ ॥**
**ਖੂਨ ਕੇ ਸੋਹਿਲੇ ਗਾਵੀਅਹਿ ਨਾਨਕ, ਰਤੁ ਕਾ ਕੁੰਗੂ ਪਾਇ ਵੇ ਲਾਲੋ ॥੧॥**
**ਸਾਹਿਬ ਕੇ ਗੁਣ ਨਾਨਕੁ ਗਾਵੈ, ਮਾਸਪੁਰੀ ਵਿਚਿ ਆਖੁ ਮਸੋਲਾ ॥**
**ਜਿਨਿ ਉਪਾਈ ਰੰਗਿ ਰਵਾਈ, ਬੈਠਾ ਵੇਖੈ ਵਖਿ ਇਕੇਲਾ ॥**
**ਸਚਾ ਸੋ ਸਾਹਿਬੁ, ਸਚੁ ਤਪਾਵਸੁ, ਸਚੜਾ ਨਿਆਉ ਕਰੇਗੁ ਮਸੋਲਾ ॥**
**ਕਾਇਆ ਕਪੜੁ ਟੁਕੁ ਟੁਕੁ ਹੋਸੀ, ਹਿਦੁਸਤਾਨੁ ਸਮਾਲਸੀ ਬੋਲਾ ॥**
**ਆਵਨਿ ਅਠਤਰੈ, ਜਾਨਿ ਸਤਾਨਵੈ, ਹੋਰੁ ਭੀ ਉਠਸੀ ਮਰਦ ਕਾ ਚੇਲਾ ॥**
**ਸਚ ਕੀ ਬਾਣੀ ਨਾਨਕੁ ਆਖੈ, ਸਚੁ ਸੁਣਾਇਸੀ ਸਚ ਕੀ ਬੇਲਾ ॥੨॥੩॥੫॥**

ਵੇਖਿਆ ਜੇ ਹੌਸਲਾ ਸ਼ੇਰ-ਮਰਦ ਗੁਰੂ ਨਾਨਕ ਪਾਤਿਸ਼ਾਹ ਦਾ ? ਇਸ ਨੂੰ ਆਖੀਦਾ ਜੇ ਗ਼ਰੀਬਾਂ ਦੀ ਬਾਂਹ ਫੜਨੀ। ਸੈਦਪੁਰ-ਵਾਸੀਆਂ ਨੂੰ ਸਾਵਧਾਨ ਕਰ ਰਹੇ ਸਨ। ਪਰ ਕੀ ਮਜਾਲ ਕਿ ਆਪਣੀ ਜਾਨ ਬਚਾਣ ਦੀ ਖ਼ਾਤਰ ਉਨ੍ਹਾਂ ਦਾ ਸਾਥ ਛੱਡ ਜਾਣ।

## ਦੁਖੀਆਂ ਦਾ ਦਰਦ

ਉੱਜੜੇ ਪੁੱਜੜੇ ਹੋਏ, ਸਹਿਮੇ ਹੋਏ, ਭੌਰ-ਭੌਰੇ ਹੋਏ ਲੋਕਾਂ ਨੂੰ ਢਾਰਸ ਦੇਣ ਵਾਸਤੇ ਇਹ ਜ਼ਰੂਰੀ ਸੀ ਕਿ ਦਿਲ ਵਿਚ ਦੁਖੀਆਂ ਦਾ ਦਰਦ ਰੱਖਣ ਵਾਲਾ ਗੁਰੂ ਨਾਨਕ ਕੁਝ ਦਿਨ ਉਨ੍ਹਾਂ ਕੋਲ ਟਿਕਿਆ ਰਹੇ, ਪਰਮਾਤਮਾ ਦੀ ਸਿਫ਼ਤ-ਸਲਾਹ ਭਰੇ ਕੀਰਤਨ ਦੀ ਰਾਹੀਂ ਸੈਦਪੁਰੀਆਂ ਨੂੰ ਮਾਲਕ ਦੀ ਰਜ਼ਾ ਵਿਚ ਰਜ਼ਾਮੰਦ ਹੋਣ ਦੀ ਜਾਚ ਸਿਖਾਏ, ਜਿਸ ਨੇ ਇਹ ਸਾਰੀ ਦੁੱਖ ਭਰੀ ਖੇਡ ਰਚਾਈ ਸੀ।

ਲੋਥਾਂ ਨਾਲ ਸ਼ਹਿਰ ਦਾ ਵਾਯੂ-ਮੰਡਲ ਭੀ ਗੰਦਾ ਹੋ ਚੁੱਕਾ ਸੀ। ਇਸ ਦੀ ਸਫ਼ਾਈ ਭੀ ਜ਼ਰੂਰੀ ਸੀ। ਇਹ ਸਭ ਕੁਝ ਕਰਨ-ਕਰਾਣ ਵਾਸਤੇ ਲੋੜ ਅਨੁਸਾਰ ਗੁਰੂ ਨਾਨਕ ਦੇਵ ਜੀ ਭਾਈ ਮਰਦਾਨੇ ਸਮੇਤ ਸੈਦਪੁਰ ਵਿਚ ਕੁਝ ਦਿਨ ਹੋਰ ਟਿਕੇ ਰਹੇ।

ਸੰਸਾਰਕ ਦੁੱਖਾਂ ਦੀਆਂ ਸੱਟਾਂ ਭਾਵੇਂ ਕਿਤਨੇ ਹੀ ਡੂੰਘੇ ਜ਼ਖ਼ਮ ਕਰ ਦੇਣ, ਸਮਾ ਭੀ ਉਨ੍ਹਾਂ ਫੱਟਾਂ ਨੂੰ ਮੇਲਣ ਵਿਚ ਬੜੀ ਸਹਾਇਤਾ ਕਰਦਾ ਹੈ। ਇਕ ਦੂਜੇ ਦੇ ਦੁੱਖ ਸੁਣ-ਵੇਖ ਕੇ ਢਾਰਸ ਆਉਣੀ ਸ਼ੁਰੂ ਹੋ ਜਾਂਦੀ ਹੈ। ਸੈਦਪੁਰੀ ਲੋਕ ਸਹਿਜੇ ਸਹਿਜੇ ਆਪਣੇ ਕਾਰ-ਵਿਹਾਰ ਵਲ ਧਿਆਨ ਦੇਣ ਲੱਗ ਪਏ। ਤੇ, ਗੁਰੂ ਨਾਨਕ ਦੇਵ ਜੀ ਭਾਈ ਮਰਦਾਨੇ ਨੂੰ ਨਾਲ ਲੈ ਕੇ ਸੈਦਪੁਰ ਤੋਂ ਚਲ ਪਏ। ਪਿੰਡਾਂ ਵਿਚੋਂ ਦੀ ਸਹਿਜੇ ਸਹਿਜੇ ਲੰਘਦੇ ਹੋਏ ਕਰਤਾਰਪੁਰ ਨੂੰ ਰੁਖ਼ ਕੀਤੋ ਨੇ। ਉੱਘੇ ਨਗਰ ਰਸਤੇ ਵਿਚ ਸਿਰਫ਼ ਪਸਰੂਰ ਤੇ ਨਾਰੋਵਾਲ ਹੀ ਸਨ।

ਰੁੱਤ ਗਰਮੀਆਂ ਦੀ ਲੰਘ ਰਹੀ ਸੀ। ਸੰਨ ੧੫੧੯ ਦੀ ਵਰਖਾ-ਰੁੱਤ ਲੰਘਾ ਕੇ ਸਤਿਗੁਰੂ ਜੀ ਭਾਈ ਮਰਦਾਨੇ ਨੂੰ ਨਾਲ ਲੈ ਕੇ ਮੱਕੇ ਦੇ ਲੰਮੇ ਪੈਂਡਿਆਂ ਵਾਸਤੇ ਕਰਤਾਰਪੁਰ ਤੋਂ ਤੁਰੇ ਸਨ। ਸੰਨ ੧੫੨੧ ਦੀਆਂ ਗਰਮੀਆਂ ਲੰਘਾ ਕੇ ਵਾਪਸ ਆ ਅੱਪੜੇ। ਤਿੰਨ ਸਾਲਾਂ ਦੀ ਇਹ ਤੀਜੀ 'ਉਦਾਸੀ' ਸੀ। ਸਿੱਖ-ਇਤਿਹਾਸ ਅਨੁਸਾਰ ਸਤਿਗੁਰੂ ਜੀ ੭ ਮੱਘਰ ਸੰਮਤ ੧੫੭੮ (ਨਵੰਬਰ ਸੰਨ ੧੫੨੧) ਨੂੰ ਵਾਪਸ ਕਰਤਾਰਪੁਰ ਪਹੁੰਚੇ।

ਸੰਨ ੧੫੧੬ ਦੇ ਸ਼ੁਰੂ ਵਿਚ ਪਿੰਡ ਕਰਤਾਰਪੁਰ ਵਸਾਇਆ ਗਿਆ ਸੀ। ਪਰ ਅਜੇ ਤਕ ਸਤਿਗੁਰੂ ਜੀ ਨੂੰ ਉਥੇ ਟਿਕ ਕੇ ਬੈਠਣ ਦਾ ਮੌਕਾ ਨਹੀਂ ਸੀ ਮਿਲਿਆ। ਸੰਨ ੧੫੨੧ ਦੀਆਂ ਗਰਮੀਆਂ ਲੰਘ ਗਈਆਂ। ਸਤਿਗੁਰੂ ਜੀ ਦੀ ਉਮਰ ਉਸ ਵੇਲੇ ਤਕ ਬਵੰਜਾ ਸਾਲਾਂ ਤੋਂ ਟੱਪ ਚੁੱਕੀ ਸੀ। ਹਿੰਦੂ ਤੀਰਥ, ਜੋਗੀਆਂ ਦੇ ਮਠ, ਇਸਲਾਮੀ ਧਰਮ ਕੇਂਦਰ—ਇਹੀ ਸਨ ਤਿੰਨ ਵੱਡੇ ਵੱਡੇ ਟਿਕਾਣੇ, ਜਿੱਥੇ ਅੱਪੜ ਕੇ ਧਾਰਮਿਕ ਆਗੂਆਂ ਨੂੰ ਅਤੇ ਆਮ ਲੋਕਾਂ ਨੂੰ ਜੀਵਨ-ਸਫ਼ਰ ਦੀਆਂ ਉਕਾਈਆਂ ਵਲੋਂ, ਠੇਡਿਆਂ ਵਲੋਂ, ਸੁਚੇਤ ਕੀਤਾ ਜਾ ਸਕਦਾ ਸੀ। ਇਹੀ ਮਹਾਨ ਕੰਮ ਕਰਨ ਵਾਸਤੇ ਗੁਰੂ ਨਾਨਕ ਦੇਵ ਜੀ ਨੇ ਭਾਈ ਮਰਦਾਨੇ ਸਮੇਤ ਬਾਰ੍ਹਾਂ ਸਾਲ ਪੈਂਡੇ ਮਾਰ ਕੇ ਯਾਰ੍ਹਾਂ ਹਜ਼ਾਰ ਮੀਲਾਂ ਦੇ ਲੰਮੇ ਸਫ਼ਰ ਝਾਗੇ।

ਹੁਣ ਕਰਤਾਰਪੁਰੇ ਕੁਝ ਦਿਨ ਟਿਕ ਕੇ ਬੈਠਣਾ ਭੀ ਜ਼ਰੂਰੀ ਸੀ।



WWW.SIKHBOOKCLUB.COM 

੭

# ਕਰਤਾਰਪੁਰੇ

(ਸੰਨ ੧੫੨੧ ਤੋਂ ਸੰਨ ੧੫੩੯ ਤਕ)

## ਤਲਵੰਡੀ ਦੇ ਥਾਂ ਕਰਤਾਰਪੁਰ ਕਿਉਂ ?

ਗੁਰੂ ਨਾਨਕ ਦੇਵ ਜੀ ਦਾ ਜਨਮ ਤਲਵੰਡੀ ਹੋਇਆ ਸੀ। ਉਥੇ ਸਤਿਗੁਰੂ ਜੀ ਦੇ ਪਿਤਾ ਬਾਬਾ ਕਾਲੂ ਜੀ ਰਾਇ ਬੁਲਾਰ ਦੇ ਪਾਸ ਪਟਵਾਰੀ ਦਾ ਕੰਮ ਕਰਦੇ ਸਨ। ਬਾਬਾ ਕਾਲੂ ਜੀ ਦੀ ਉਥੇ ਆਪਣੀ ਜ਼ਮੀਨ ਭੀ ਸੀ। ਸਾਰੇ ਇਲਾਕੇ ਵਿਚ ਉਨ੍ਹਾਂ ਦੀ ਇੱਜ਼ਤ ਬਣੀ ਹੋਈ ਸੀ, ਰਸੂਖ ਬਣਿਆ ਹੋਇਆ ਸੀ। ਗੁਰੂ ਨਾਨਕ ਦੇਵ ਜੀ ਉਮਰ ਦੇ ਪਹਿਲੇ ਸਾਢੇ ਪੈਂਤੀ ਸਾਲ ਤਲਵੰਡੀ ਹੀ ਰਹੇ ਸਨ। ਸਾਢੇ ਪੈਂਤੀ ਸਾਲਾਂ ਦੀ ਉਮਰ ਤਕ ਉਨ੍ਹਾਂ ਉਥੇ ਦੁਕਾਨ ਦਾ ਕੰਮ ਅਤੇ ਵਪਾਰ ਦਾ ਕੰਮ ਬੜੀ ਕਾਮਯਾਬੀ ਨਾਲ ਚਲਾਇਆ ਸੀ। ਇਲਾਕੇ ਦੇ ਪੜ੍ਹੇ-ਅਨਪੜ੍ਹੇ ਸਭ ਲੋਕ ਉਨ੍ਹਾਂ ਦੀ ਬਹੁਤ ਇੱਜ਼ਤ ਕਰਦੇ ਸਨ। ਇਲਾਕੇ ਦਾ ਮਾਲਕ ਰਾਇ-ਬੁਲਾਰ ਭੀ ਉਨ੍ਹਾਂ ਦਾ ਬਹੁਤ ਆਦਰ-ਸਤਿਕਾਰ ਕਰਦਾ ਸੀ। ਜਿਤਨਾ ਚਿਰ ਤਲਵੰਡੀ ਰਹੇ, ਉਤਨਾ ਚਿਰ ਦੁਕਾਨ ਤੇ ਵਪਾਰ ਦੇ ਕੰਮ ਦੀ ਭੀ ਨਿਗਰਾਨੀ ਕਰਦੇ ਰਹੇ। ਬਾਹਰੋਂ ਵਿਚ ਲੋਕ ਗੁਰੂ ਨਾਨਕ ਦੇਵ ਜੀ ਨੂੰ ਬੜੇ ਉੱਚੇ ਮਹਾਂ-ਪੁਰਖ ਭੀ ਮੰਨਣ ਲੱਗ ਪਏ ਸਨ।

ਆਪਣੇ ਇਲਾਕੇ ਵਿਚ ਇਤਨਾ ਕਾਮਯਾਬ ਜੀਵਨ ਅਤੇ ਆਦਰ-ਸਤਿਕਾਰ ਹੁੰਦਿਆਂ ਭੀ ਗੁਰੂ ਨਾਨਕ ਦੇਵ ਜੀ ਨੇ ਆਪਣੀ ਪੱਕੀ ਰਿਹਾਇਸ਼ ਤਲਵੰਡੀ ਦੀ ਥਾਂ ਕਰਤਾਰਪੁਰ ਰੱਖਣੀ ਠੀਕ ਸਮਝੀ। ਸੰਨ ੧੫੧੬ ਦੇ ਸ਼ੁਰੂ ਵਿਚ ਉਨ੍ਹਾਂ ਰਾਵੀ ਦੇ ਕੰਢੇ ਪਿੰਡ ਕਰਤਾਰਪੁਰ ਵਸਾ ਲਿਆ ਸੀ। ਇਹ ਕਿਉਂ ?

ਤਦੋਂ ਹਿੰਦੁਸਤਾਨ ਵਿਚ ਪਠਾਣ ਮੁਸਲਮਾਨਾਂ ਦਾ ਰਾਜ ਸੀ। ਆਪਣੇ ਰਾਜ ਦੀਆਂ ਨੀਹਾਂ ਪੱਕੀਆਂ ਰੱਖਣ ਵਾਸਤੇ ਉਨ੍ਹਾਂ ਲਈ ਇਹ ਜ਼ਰੂਰੀ ਸੀ ਕਿ

ਨਵੇਂ ਮੱਲੇ ਦੇਸ ਵਿਚ ਉਨ੍ਹਾਂ ਦੇ ਆਪਣੇ ਦੀਨੀ-ਭਾਈਆਂ ਦੀ ਬਹੁਤ ਗਿਣਤੀ ਹੋ ਜਾਏ। ਸੋ, ਇਸ ਕੰਮ ਲਈ ਉਨ੍ਹਾਂ ਨੇ ਪ੍ਰੇਰਨਾ ਅਤੇ ਸਖ਼ਤੀ ਆਦਿਕ ਦੇ ਸਾਰੇ ਢੰਗ ਵਰਤੇ। ਜਿਉਂ ਜਿਉਂ ਲੋਕ ਹਿੰਦੂ-ਧਰਮ ਛੱਡ ਕੇ ਮੁਸਲਮਾਨ ਬਣਦੇ ਗਏ, ਪਠਾਣ ਹਾਕਮਾਂ ਨੇ ਇਹ ਹੁਕਮ ਭੀ ਜਾਰੀ ਕਰ ਦਿੱਤੇ ਕਿ ਇਕ ਵਾਰੀ ਦੀਨ ਵਿਚ ਆ ਚੁੱਕਾ ਮਨੁੱਖ ਇਸਲਾਮ ਨਹੀਂ ਛੱਡ ਸਕਦਾ।

ਜਿਨ੍ਹਾਂ ਲੋਕਾਂ ਨੂੰ ਹਿੰਦੂ-ਸ਼ਾਸਤਰਾਂ ਅਨੁਸਾਰ ਨੀਵੇਂ ਸਮਝਿਆ ਜਾਂਦਾ ਸੀ, ਸ਼ੂਦਰ ਕਿਹਾ ਜਾਂਦਾ ਸੀ, ਮੁਸਲਮਾਨ ਬਣਨ ਦੀ ਬਹੁਤੀ ਪ੍ਰੇਰਨਾ ਦਾ ਅਸਰ ਉਨ੍ਹਾਂ ਉਤੇ ਹੀ ਹੋਇਆ। ਦਰਿਆ ਚਨਾਬ ਤੋਂ ਪਰਲੇ ਇਲਾਕੇ ਵਿਚ ਦੇ ਸ਼ੂਦਰ ਅਖਵਾਂਦੇ ਲੋਕ ਹਿੰਦੂ-ਧਰਮ ਤਿਆਗ ਗਏ। ਵਾਹੀ ਖੇਤੀ ਕਰਨ ਵਾਲੇ ਲੋਕਾਂ ਉੱਤੇ ਭੀ ਕੁਝ ਅਸਰ ਹੋਣ ਲੱਗ ਪਿਆ ਸੀ। ਕਈ ਜੱਟ ਘਰਾਣੇ ਮੁਸਲਮਾਨ ਬਣ ਚੁਕੇ ਸਨ। ਮੁਸਲਮਾਨ ਬਣ ਚੁਕੇ ਇਹ ਲੋਕ ਸ਼ਰਹ ਦੇ ਹੁਕਮ ਦੇ ਅਧੀਨ ਮੁਸਲਮਾਨ ਹੀ ਟਿਕੇ ਰਹਿ ਸਕਦੇ ਸਨ।

ਤਲਵੰਡੀ ਟਿਕੇ ਰਹਿ ਕੇ ਗੁਰੂ ਨਾਨਕ ਦੇਵ ਜੀ ਦੇ ਸਤਸੰਗ ਦਾ ਘੇਰਾ ਵਧ ਫੁਲ ਨਹੀਂ ਸੀ ਸਕਦਾ। ਉਸ ਇਲਾਕੇ ਦੇ ਲੋਕ ਬਹੁਤੀ ਗਿਣਤੀ ਵਿਚ ਮੁਸਲਮਾਨ ਬਣ ਚੁਕੇ ਹੋਏ ਸਨ। ਕਰਤਾਰਪੁਰ ਨੂੰ ਆਪਣੀ ਰਿਹਾਇਸ਼ ਬਣਾਣ ਵਿਚ ਉਨ੍ਹਾਂ ਇਹ ਵੇਖਿਆ ਕਿ ਉਹ ਰਾਵੀ ਤੋਂ ਚਨਾਬ ਤਕ ਦੇ ਮੁਸਲਮਾਨ ਹੋਣੋਂ ਬਚ ਰਹੇ ਲੋਕਾਂ ਨੂੰ ਥੰਮ੍ਹ ਸਕਣਗੇ ਅਤੇ ਰਾਵੀ ਤੋਂ ਉਰਲੇ ਪਾਸੇ ਦੇ ਲੋਕਾਂ ਨੂੰ ਭੀ ਆਪਣੇ ਪੈਰਾਂ ਤੇ ਖਲੋਣ ਦਾ ਹੌਸਲਾ ਦੇ ਸਕਣਗੇ। ਰਾਵੀ ਤੋਂ ਉਰਲੇ ਪਾਸੇ ਦੇ ਸ਼ੂਦਰ ਅਖਵਾਂਦੇ ਲੋਕ ਅਜੇ ਅੱਧ-ਪਚੱਧੇ ਹਿੰਦੂ ਧਰਮ ਵਿਚ ਹੀ ਸਨ।

## ਕਰਤਾਰਪੁਰ ਟਿੱਕ ਕੇ ਪ੍ਰੋਗਰਾਮ

ਗੁਰੂ ਨਾਨਕ ਦੇਵ ਜੀ ਦੀ ਉਮਰ ੫੨ ਸਾਲ ਹੋ ਚੁੱਕੀ ਸੀ। ਉਹ ਇਹ ਵੇਖਦੇ ਆ ਰਹੇ ਸਨ ਕਿ ਲੋਕਾਂ ਦੇ ਅਮਲੀ ਜੀਵਨ ਅਤੇ ਮੰਨੇ ਹੋਏ ਧਰਮ ਵਿਚ ਬਹੁਤ ਵਿੱਥ ਪੈ ਚੁੱਕੀ ਹੋਈ ਸੀ। ਆਪਣੇ ਵਲੋਂ ਧਾਰਮਿਕ ਕਰਮ ਕਰਦੇ ਹੋਏ ਬੰਦੇ ਭੀ ਧਰਮ ਤੋਂ ਦੂਰ ਜਾ ਰਹੇ ਸਨ। ਨਿਰਾ ਧਾਰਮਿਕ ਰਸਮਾਂ ਉੱਤੇ ਹੀ ਜ਼ੋਰ ਸੀ। ਰੋਜ਼ਾਨਾ ਜੀਵਨ ਕਿਸ ਕਿਸਮ ਦਾ ਹੈ, ਇਸ ਗੱਲ ਨੂੰ ਪਰਖਣ-ਪੜਤਾਲਣ ਦੀ ਲੋੜ ਨਹੀਂ ਸਮਝੀ ਜਾ ਰਹੀ ਸੀ।



WWW.SIKHBOOKCLUB.COM 

ਤਲਵੰਡੀ ਤੋਂ ਸੁਲਤਾਨਪੁਰ ਟਿਕੇ ਰਹਿਣ ਦੇ ਦਿਨਾਂ ਵਿਚ ਗੁਰੂ ਨਾਨਕ ਦੇਵ ਜੀ ਆਲੇ-ਦੁਆਲੇ ਦੇ ਲੋਕਾਂ ਦਾ ਧਿਆਨ ਇਸ ਉਕਾਈ ਵਲ ਦਿਵਾਂਦੇ ਰਹੇ ਸਨ। ਕੀਰਤਨ ਦੀ ਰਾਹੀਂ ਉਨ੍ਹਾਂ ਨੂੰ ਪਰਮਾਤਮਾ ਦੀ ਸਿਫ਼ਤ-ਸਲਾਹ ਕਰਨ ਵਲ ਪ੍ਰੇਰਦੇ ਰਹੇ ਸਨ। ਇਸ ਕੀਰਤਨ ਨੇ ਹੀ ਭਾਈ ਮਰਦਾਨੇ ਨਾਲ ਸਤਿਗੁਰੂ ਜੀ ਦੀ ਸਾਂਝ ਬਣਾਈ ਸੀ, ਜੋ ਆਖ਼ਰੀ ਦਮ ਤਕ ਤੋੜ ਨਿਭੀ।

ਤਿੰਨਾਂ 'ਉਦਾਸੀਆਂ' ਦੇ ਬਾਰ੍ਹਾਂ ਖਾਰ੍ਹਾਂ ਹਜ਼ਾਰ ਮੀਲ ਲੰਮੇ ਸਫ਼ਰਾਂ ਵਿਚ ਭੀ ਦੂਰ ਦੂਰ ਦੇਸਾਂ ਤਕ ਪਹੁੰਚ ਕੇ ਸਤਿਗੁਰੂ ਜੀ ਨੇ ਲੋਕਾਂ ਨੂੰ ਸਿਰਜਣਹਾਰ ਪਰਮਾਤਮਾ ਦੀ ਸਿਫ਼ਤ-ਸਲਾਹ ਵਿਚ ਜੋੜਨ ਦੇ ਹੀ ਜਤਨ ਕੀਤੇ। ਪਰਮਾਤਮਾ ਦੀ ਯਾਦ ਤੋਂ ਖੁੰਝਣ ਨੇ ਹੀ ਧਰਤੀ ਦੇ ਬੰਦਿਆਂ ਦਾ ਜੀਵਨ ਦੁਖੀ ਕਰ ਦਿੱਤਾ ਹੋਇਆ ਸੀ। 'ਉਦਾਸੀਆਂ' ਤੋਂ ਵਾਪਸ ਆ ਕੇ ਕਰਤਾਰਪੁਰ ਟਿੱਕ ਕੇ ਭੀ ਸਤਿਗੁਰੂ ਜੀ ਦਾ ਪ੍ਰੋਗਰਾਮ ਉਹੀ ਸੀ। ਇਹ ਨਹੀਂ ਸੀ ਹੋ ਸਕਦਾ ਕਿ ਖ਼ਾਲਕ ਦੀ ਖ਼ਲਕਤ ਦੇ ਦੁੱਖ-ਦਰਦ ਦਾ ਅਹਿਸਾਸ ਆਪਣੇ ਦਿਲ ਵਿਚ ਰੱਖਣ ਵਾਲੇ ਗੁਰੂ ਨਾਨਕ ਦੇਵ ਜੀ ਕਰਤਾਰਪੁਰ ਟਿਕੇ ਰਹਿ ਕੇ ਹੀ ਜ਼ਿੰਦਗੀ ਦੇ ਆਖ਼ਰੀ ਅਠਾਰ੍ਹਾਂ ਸਾਲ, ਜ਼ਿੰਦਗੀ ਦੇ ਆਖ਼ਰੀ ਸਾਢੇ ਛੇ ਹਜ਼ਾਰ ਦਿਨ, ਆਪਣੇ ਸਰੀਰਕ ਸੁੱਖ ਵਿਚ ਗਵਾ ਦੇਂਦੇ। ਪਰਮਾਤਮਾ ਦੀ ਸਿਫ਼ਤ-ਸਲਾਹ ਉਨ੍ਹਾਂ ਦੀ ਆਤਮਕ ਖ਼ੁਰਾਕ ਸੀ। ਇਹੀ ਖ਼ੁਰਾਕ ਉਹ ਜ਼ਿੰਦਗੀ ਦੇ ਆਖ਼ਰੀ ਦਿਨ ਤਕ ਖ਼ਾਲਕ ਦੀ ਖ਼ਲਕਤ ਨੂੰ ਵਰਤਾਂਦੇ ਰਹੇ।

ਕਰਤਾਰਪੁਰ ਦੀ ਧਰਤੀ ਦੇ ਭਾਗ ਜਾਗੇ। ਕਰਤਾਰਪੁਰ ਨੇ ਤਾਂ ਸਤਸੰਗ-ਸਿਫ਼ਤ-ਸਲਾਹ ਦਾ ਕੇਂਦਰ ਬਣਨਾ ਹੀ ਸੀ। ਸਤਿਗੁਰੂ ਜੀ ਲੋੜ ਅਨੁਸਾਰ ਰਾਵੀ ਤੋਂ ਪਹਾੜ ਪਾਸੇ ਚਨਾਬ ਤਕ, ਅਤੇ ਰਾਵੀ ਲੰਘ ਕੇ ਉਰਲੇ ਪਾਸੇ ਦੂਰ ਦੂਰ ਤਕ ਦੋ ਦੋ ਸੌ ਮੀਲ, ਤਿੰਨ ਤਿੰਨ ਸੌ ਮੀਲ ਤਕ ਜਾ ਕੇ, ਪਿੰਡਾਂ-ਨਗਰਾਂ ਵਿਚ ਪਹੁੰਚ ਕੇ ਪਰਮਾਤਮਾ ਦੀ ਯਾਦ ਤੋਂ ਖੁੰਝੇ ਬੰਦਿਆਂ ਨੂੰ ਮੁੜ ਪਰਮਾਤਮਾ ਦੀ ਝੋਲੀ ਵਿਚ ਪਾਣ ਦੇ ਉੱਦਮ ਕਰਦੇ ਰਹੇ। ਭਾਈ ਮਰਦਾਨਾ ਸਦਾ ਨਾਲ ਹੁੰਦਾ ਸੀ। ਇਸ ਰੋਜ਼ਾਨਾ ਆਹਰ ਦੀਆਂ ਸਾਰੀਆਂ ਸਾਖੀਆਂ ਲਿਖੀਆਂ ਜਾ ਸਕਣੀਆਂ ਅਸੰਭਵ ਜਿਹੀ ਗੱਲ ਸੀ। ਸਿੱਖ-ਇਤਿਹਾਸ ਦੇ ਪਹਿਲੇ ਲਿਖਾਰੀ ਉੱਦਮ ਕਰ ਕੇ ਉੱਘੀਆਂ ਘਟਨਾਵਾਂ ਦੀਆਂ ਸਾਖੀਆਂ ਲੱਭ ਸਕੇ ਅਤੇ ਉਨ੍ਹਾਂ ਜੀਵਨ-ਪੂਰਨਿਆਂ ਉੱਤੇ ਤੁਰਨ ਲਈ ਸਾਡੇ ਵਾਸਤੇ ਲਿਖ ਕੇ ਛੱਡ ਗਏ।

ਅਨੇਕਾਂ ਹੀ ਪਿੰਡਾਂ ਤੇ ਨਗਰਾਂ ਵਿਚ ਗੁਰੂ ਨਾਨਕ ਦੇਵ ਜੀ ਪਹੁੰਚਦੇ



WWW.SIKHBOOKCLUB.COM 

ਰਹੇ। ਪਰ ਜਿਨ੍ਹਾਂ ਪਿੰਡਾਂ-ਨਗਰਾਂ ਦੇ ਲੋਕਾਂ ਨੂੰ ਸੂਝ ਆਈ ਉਨ੍ਹਾਂ ਸਤਿਗੁਰੂ ਜੀ ਦੇ ਆਗਮਨ ਦੀ ਯਾਦ ਟਿੱਕੀ ਰੱਖਣ ਵਾਸਤੇ ਆਪਣੇ ਪਿੰਡਾਂ-ਨਗਰਾਂ ਵਿਚ ਗੁਰਦੁਆਰੇ ਧਰਮ-ਅਸਥਾਨ ਬਣਾ ਲਏ।

## ਜ਼ਿਲਾ ਸਿਆਲਕੋਟ ਵਿਚ

ਜ਼ਿਲਾ ਸਿਆਲਕੋਟ ਦੇ ਹੇਠ-ਲਿਖੇ ਪਿੰਡਾਂ ਵਿਚ ਬਣੇ ਗੁਰਦੁਆਰੇ ਗੁਰੂ ਨਾਨਕ ਦੇਵ ਜੀ ਦੀ ਉਥੇ ਜਾਣ ਦੀ ਯਾਦ ਚੇਤੇ ਕਰਾਂਦੇ ਹਨ :

੧. ਪਿੰਡ ਮਲ੍ਹਾ ਸ਼ਹਿਰ ਨਾਰੋਵਾਲ ਤੋਂ ੯ ਮੀਲ। ਗੁਰਦੁਆਰਾ ਪਿੰਡ ਤੋਂ ਬਾਹਰਲੇ ਪਾਸੇ ਨੇੜੇ ਹੀ ਹੈ। ਪਾਕਿਸਤਾਨ ਬਣਨ ਤੋਂ ਪਹਿਲਾਂ ਹਰ ਸਾਲ ਵਿਸਾਖੀ ਦੇ ਦਿਨ ਉਥੇ ਮੇਲਾ ਲਗਦਾ ਸੀ।

੨. ਪਿੰਡ ਫ਼ਤੇ ਭਿੰਡਰ, ਤਸੀਲ ਡਸਕਾ ਵਿਖ, ਰੇਲਵੇ ਸਟੇਸ਼ਨ ਗੁਜਰਾਂਵਾਲੇ ਤੋਂ ੧੨ ਮੀਲ। ਪਿੰਡ ਤੋਂ ਦੱਖਣ ਪਾਸੇ ਗੁਰਦੁਆਰਾ ਹੈ। ਹਰ ਸਾਲ ਨਿਰਜਲਾ ਇਕਾਦਸ਼ੀ ਨੂੰ ਮੇਲਾ ਲੱਗਦਾ ਸੀ।

੩. ਪਿੰਡ ਸਾਹੋਵਾਲ, ਤਸੀਲ ਸਿਆਲਕੋਟ ਵਿਚ ਰੇਲਵੇ ਸਟੇਸ਼ਨ ਉੱਗੋਕੀ ਤੋਂ ਤਿੰਨ ਮੀਲ ਦੱਖਣ ਪੱਛਮ ਪਾਸੇ। ਇਥੇ ਇਕੋ ਵਾਰੀ ਸੱਤ ਦਿਨ ਟਿਕੇ ਸਨ।

## ਰਾਵੀ ਤੋਂ ਉਰਾਰ ਹੁਣ ਦੇ ਜ਼ਿਲਾ ਅੰਮ੍ਰਿਤਸਰ ਵਿਚ

੧. ਪਿੰਡ ਉੱਦੋਕੇ, ਰੇਲਵੇ ਸਟੇਸ਼ਨ ਕੱਥੂ ਨੰਗਲ ਤੋਂ ਚਾਰ ਮੀਲ ਚੜ੍ਹਦੇ ਪਾਸੇ, ਗੁਰਦੁਆਰਾ ਥੰਭ ਸਾਹਿਬ। ਇਸ ਪਿੰਡ ਇਕ ਪ੍ਰੇਮੀ ਦੇ ਘਰ ਸਤਿਗੁਰੂ ਜੀ ੯ ਦਿਨ ਟਿਕੇ ਸਨ। ਜਿਸ ਥਮਲੇ ਨਾਲ ਢੋਹ ਲਾ ਕੇ ਬੈਠਿਆ ਕਰਦੇ ਸਨ, ਉਸ ਦੇ ਨਾਮ ਤੇ ਗੁਰਦੁਆਰੇ ਦਾ ਨਾਮ 'ਥੰਭ ਸਾਹਿਬ' ਪੈ ਗਿਆ ਹੈ।

੨. ਪਿੰਡ ਵੇਰਕਾ, ਅੰਮ੍ਰਿਤਸਰ ਤੋਂ ਗੁਰਦਾਸਪੁਰ ਨੂੰ ਜਾਣ ਵਾਲੀ ਰੇਲਵੇ ਲਾਈਨ ਉੱਤੇ ਅੰਮ੍ਰਿਤਸਰ ਤੋਂ ਅਗਲਾ ਸਟੇਸ਼ਨ। ਗੁਰਦੁਆਰਾ 'ਨਾਨਕ ਸਰ' ਪਿੰਡ ਤੋਂ ਲਹਿੰਦੇ ਪਾਸੇ ਨੇੜੇ ਹੀ ਹੈ। ਗੁਰਦੁਆਰੇ ਦੇ ਕੋਲ ਹੀ ਚੜ੍ਹਦੇ ਪਾਸੇ ਇਕ ਨਿੱਕਾ ਜਿਹਾ ਤਾਲਾਬ ਭੀ ਹੈ।



WWW.SIKHBOOKCLUB.COM 

## ਜ਼ਿਲਾ ਗੁਰਦਾਸਪੁਰ ਵਿਚ

੧. ਪਿੰਡ ਉੱਦੋਕੇ ਬਟਾਲੇ ਤੋਂ ਪੰਜ ਕੋਹ ਦੱਖਣ ਪਾਸੇ ਗੁਰਦੁਆਰਾ 'ਕੋਠਾ ਸਾਹਿਬ'। ਸਰਾਧਾਂ ਦੀ ਦਸਮੀ ਨੂੰ ਇਥੇ ਮੇਲਾ ਲੱਗਦਾ ਹੈ। (ਗੁਰੂ ਨਾਨਕ ਦੇਵ ਜੀ ਦਾ ਜੋਤੀ ਜੋਤਿ ਸਮਾਵਣ ਦਾ ਦਿਨ)।

## ਜ਼ਿਲਾ ਲਾਹੌਰ ਵਿਚ

੧. ਪਿੰਡ ਮਘਿਆਨਾ ਕਲਾਂ, ਤਸੀਲ ਲਾਹੌਰ ਵਿਚ। ਗੁਰਦੁਆਰਾ 'ਦਾਤਨ ਸਾਹਿਬ'।

੨. ਪਿੰਡ ਮੱਦ੍ਰ, ਰੇਲਵੇ ਸਟੇਸ਼ਨ ਛਾਂਗਾ ਮਾਂਗਾ ਤੋਂ ੧੨ ਮੀਲ ਪਹਾੜ ਪਾਸੇ, ਬੱਲੋਕੀ ਹੈੱਡ ਤੋਂ ਤਿੰਨ ਮੀਲ। ਗੁਰਦੁਆਰਾ 'ਸੱਚੀ ਮੰਜੀ'। ਇਕ ਪਲੰਘ ਹੈ ਗਿੱਲ ਜਾਤ ਦੇ ਜਿਮੀਦਾਰਾਂ ਦੇ ਘਰ।

੩. ਪਿੰਡ ਮਾਂਗਾ, ਰੇਲਵੇ ਸਟੇਸ਼ਨ 'ਕੋਟ ਰਾਧਾ ਕਿਸ਼ਨ' ਤੋਂ ੯ ਮੀਲ ਦੱਖਣ ਪਾਸੇ। ਪਿੰਡ ਤੋਂ ਚੜ੍ਹਦੇ ਪਾਸੇ ਗੁਰਦੁਆਰਾ 'ਛੋਟਾ ਨਾਨਕਿਆਣਾ' ਹੈ। ਪਾਕਿਸਤਾਨ ਬਣਨ ਤੋਂ ਪਹਿਲਾਂ ਹਰ ਸਾਲ ਇਥੇ ਵਿਸਾਖੀ ਵਾਲੇ ਦਿਨ ਮੇਲਾ ਹੋਇਆ ਕਰਦਾ ਸੀ।

੪. ਮਾਣਕ ਦੇਕੇ, ਰੇਲਵੇ ਸਟੇਸ਼ਨ ਕੰਗਣਪੁਰ ਤੋਂ ਦੋ ਮੀਲ ਉੱਤਰ-ਪੂਰਬ ਪਾਸੇ ਹੈ।

੫. ਕੰਗਣਪੁਰ ਖ਼ਾਸ ਰੇਲਵੇ ਸਟੇਸ਼ਨ ਹੈ। ਪਿੰਡੋਂ ਬਾਹਰ ਸਤਿਗੁਰੂ ਜੀ ਇਕ ਵਣ ਦੇ ਰੁੱਖ ਹੇਠ ਕੁਝ ਚਿਰ ਟਿਕੇ ਸਨ। ਗੁਰਦੁਆਰਾ 'ਮਾਲ ਸਾਹਿਬ' ਹੈ। ਹਰ ਸਾਲ ੧ ਚੇਤ ਨੂੰ ਮੇਲਾ ਹੁੰਦਾ ਸੀ, ਪਾਕਿਸਤਾਨ ਬਣਨ ਤੋਂ ਪਹਿਲਾਂ।

੬. ਪਿੰਡ ਖਾਲੜਾ, ਰੇਲਵੇ ਸਟੇਸ਼ਨ ਜੱਲੋ ਤੋਂ ੧੩ ਮੀਲ। ਸਤਿਗੁਰੂ ਜੀ ਦੇ ਆਗਮਨ ਦੀ ਯਾਦ ਵਿਚ ਗੁਰਦੁਆਰਾ ਹੈ।

## ਜ਼ਿਲਾ ਮਿੰਟਗੁਮਰੀ ਵਿਚ

੧. ਹੜੱਪਾ ਨਗਰ ਤੋਂ ਪੌਣਾ ਕੁ ਮੀਲ ਦੱਖਣ ਪਾਸੇ ਗੁਰੂ ਨਾਨਕ ਦੇਵ ਜੀ



WWW.SIKHBOOKCLUB.COM 

ਦੇ ਆਗਮਨ ਦੀ ਯਾਦ ਵਿਚ ਗੁਰਦੁਆਰਾ ਬਣਿਆ ਹੋਇਆ ਹੈ। ਰੇਲਵੇ ਸਟੇਸ਼ਨ ਹੜੱਪਾ ਤੋਂ ਸਾਢੇ ਤਿੰਨ ਮੀਲ। ਪਾਕਿਸਤਾਨ ਬਣਨ ਤੋਂ ਪਹਿਲਾਂ ਹਰ ਸਾਲ ਇਥੇ ਪਹਿਲੀ ਦੂਜੀ ਤੀਜੀ ਚੇਤਰ ਨੂੰ ਮੇਲਾ ਲੱਗਦਾ ਸੀ।

੨. ਖਰਾਹਟ ਤਹਿਸੀਲ ਪਾਕਪਟਨ ਵਿਚ, ਰੇਲਵੇ ਸਟੇਸ਼ਨ ਪਾਕਪਟਨ ਤੋਂ ੧੨ ਮੀਲ। ਸਤਿਗੁਰੂ ਜੀ ਦੇ ਆਗਮਨ ਦੀ ਯਾਦ ਵਿਚ ਇਕ ਗੁਰਦੁਆਰਾ ਹੈ।

## ਜ਼ਿਲਾ ਫ਼ਿਰੋਜ਼ਪੁਰ ਵਿਚ

੧. ਪਿੰਡ ਤਖ਼ਤੂਪੁਰਾ, ਤਹਿਸੀਲ ਮੋਗਾ ਵਿਚ, ਰੇਲਵੇ ਸਟੇਸ਼ਨ ਮੋਗਾ ਤੋਂ ੧੭ ਮੀਲ ਦੱਖਣ ਪਾਸੇ। ਪਿੰਡ ਤੋਂ ਚੜ੍ਹਦੇ ਪਾਸੇ ਗੁਰਦੁਆਰਾ 'ਨਾਨਕ ਸਰ' ਹੈ। ਸਿੱਖ-ਇਤਿਹਾਸ ਲਿਖਦਾ ਹੈ ਕਿ ਇਥੇ ਸਤਿਗੁਰੂ ਜੀ ਨੂੰ ਜੋਗੀ ਗੋਪੀ ਚੰਦ ਤੇ ਭਰਥਰੀ ਮਿਲੇ ਸਨ।

੨. ਪੱਤੋ ਰੇਲਵੇ ਸਟੇਸ਼ਨ ਮੋਗਾ ਤੋਂ ੧੬ ਮੀਲ ਦੱਖਣ ਪਾਸੇ, ਤਖ਼ਤੂਪੁਰੇ ਤੋਂ ਨੇੜੇ ਹੈ। ਪਿੰਡ ਦੇ ਚੜ੍ਹਦੇ ਪਾਸੇ ਇਕ ਛੱਪੜ ਦੇ ਕੰਢੇ ਗੁਰਦੁਆਰਾ ਤਖ਼ਤੂਪੁਰੇ ਤੋਂ ਇਥੇ ਆਏ ਸਨ।

## ਜ਼ਿਲਾ ਲੁਧਿਆਣੇ ਵਿਚ

੧. ਪਿੰਡ ਠਕਰਵਾਲ, ਤਹਿਸੀਲ ਲੁਧਿਆਣੇ ਵਿਚ, ਗੁਰਦੁਆਰਾ 'ਨਾਨਕ ਸਰ' ਹੈ।

## ਰਿਆਸਤ ਪਟਿਆਲੇ ਵਿਚ

੧. ਮਨਸੂਰਪੁਰ, ਇਸ ਦਾ ਹੁਣ ਪਰਸਿੱਧ ਨਾਮ ਛੀਟਾਂਵਾਲਾ ਹੈ। ਨਾਭੇ ਤੋਂ ਪੰਜ ਕੋਹ ਪੱਛਮ ਪਾਸੇ। ਇਥੇ ਸਤਿਗੁਰੂ ਜੀ ਚੰਦਨ ਦਾਸ ਜਾੜੇ ਖੱਤ੍ਰੀ ਦੇ ਘਰ ਠਹਿਰੇ ਸਨ, ਜਾੜਿਆਂ ਵਾਲੀ ਹਵੇਲੀ ਵਿਚ। ਰੇਲਵੇ ਸਟੇਸ਼ਨ ਛੀਟਾਂਵਾਲੇ ਤੋਂ ਪੌਣਾ ਮੀਲ।



WWW.SIKHBOOKCLUB.COM 

## ਪਹਾੜੀ ਇਲਾਕੇ ਵਿਚ

*੧. ਜਵਾਲਾ ਮੁਖੀ*[੧]

ਸਾਡੇ ਦੇਸ ਵਿਚ ਜ਼ਿਲਾ ਕਾਂਗੜੇ ਦਾ ਪਹਾੜ ਜਵਾਲਾਮੁਖੀ ਹੈ। ਕਾਂਗੜੇ ਦੀ ਤਹਿਸੀਲ ਹਰੀਪੁਰ ਵਿਚ। ਕਾਂਗੜੇ ਤੋਂ ੨੨ ਮੀਲ ਦੱਖਣ ਪਾਸੇ ਅਤੇ ਨਾਦੌਣ ਤੋਂ ੧੧ ਮੀਲ ਉੱਤਰ-ਪੱਛਮ ਪਾਸੇ ਜਵਾਲਾਮੁਖੀ ਦਾ ਮੰਦਰ ਹੈ। ਇਥੇ ਪਹਾੜ ਵਿਚੋਂ ਗੈਸ ਨਿਕਲਦੀ ਹੈ ਅਤੇ ਅੱਗ ਲਾਇਆਂ ਬਲ ਉੱਠਦੀ ਹੈ।

ਇਸ ਥਾਂ ਗੁਰੂ ਨਾਨਕ ਦੇਵ ਜੀ ਪਹੁੰਚੇ ਸਨ। ਉਨ੍ਹਾਂ ਦੇ ਇਥੇ ਪਹੁੰਚਣ ਦੀ ਯਾਦ ਵਿਚ ਇਕ ਗੁਰਦੁਆਰਾ ਬਣਿਆ ਹੋਇਆ ਹੈ।

*੨. ਸਾਈਂ ਬੁੱਢਣ ਸ਼ਾਹ ਦਾ ਅਸਥਾਨ*

ਜ਼ਿਲਾ ਹੁਸ਼ਿਆਰਪੁਰ ਤਹਿਸੀਲ ਊਨਾ ਵਿਚ, ਸ੍ਰੀ ਅਨੰਦਪੁਰ ਸਾਹਿਬ ਤੋਂ ਉਰੇ, ਗੁਰਦੁਆਰਾ ਕੀਰਤਪੁਰ ਹੈ। ਇਹ ਥਾਂ ਗੁਰੂ ਹਰਿਗੋਬਿੰਦ ਸਾਹਿਬ ਨੇ ਸੰਨ ੧੬੨੬ ਵਿਚ ਕਹਿਲੂਰ ਦੇ ਰਾਜੇ ਤਾਰਾ ਚੰਦ ਪਾਸੋਂ ਖ਼ਰੀਦਿਆ ਸੀ, ਬਾਬਾ ਗੁਰਦਿਤਾ ਜੀ ਨੂੰ ਭੇਜ ਕੇ।

ਇਸ ਥਾਂ ਜੰਗਲ ਵਿਚ ਇਕ ਚਿਰ-ਜੀਵੀ ਫ਼ਕੀਰ ਸਾਈਂ ਬੁੱਢਣ ਸ਼ਾਹ ਜੀ ਰਹਿੰਦੇ ਸਨ। ਗੁਰੂ ਨਾਨਕ ਦੇਵ ਜੀ ਇਥੇ ਆ ਕੇ ਸਾਈਂ ਜੀ ਨੂੰ ਮਿਲੇ ਸਨ। ਉਸ ਯਾਦ ਵਿਚ ਗੁਰਦੁਆਰਾ 'ਚਰਨ ਕਮਲ' ਬਣਿਆ ਹੋਇਆ ਹੈ। ਜਦੋਂ ਸਤਿਗੁਰੂ ਜੀ ਸਾਈਂ ਬੁੱਢਣ ਸ਼ਾਹ ਕੋਲ ਆਏ ਤਾਂ ਉਸ ਨੇ ਬੱਕਰੀਆਂ ਦਾ ਦੁੱਧ ਭੇਟ ਕੀਤਾ ਸੀ। ਸਤਿਗੁਰੂ ਜੀ ਨੇ ਫ਼ੁਰਮਾਇਆ ਸੀ ਕਿ ਫੇਰ ਲਵਾਂਗੇ। ਸੋ, ਸੰਮਤ ੧੬੮੩ (ਸੰਨ ੧੬੨੬) ਵਿਚ ਗੁਰੂ ਹਰਿਗੋਬਿੰਦ ਸਾਹਿਬ ਦੇ ਹੁਕਮ ਨਾਲ ਬਾਬਾ ਗੁਰਦਿੱਤਾ ਜੀ ਇਥੇ ਆਏ। ਸਾਈਂ ਜੀ ਨੂੰ ਗੁਰੂ ਨਾਨਕ ਦੇਵ ਜੀ ਦੇ ਪਰਤੱਖ ਦਰਸ਼ਨ ਹੋਏ। ਬਾਬਾ ਜੀ ਨੇ ਸਾਈਂ ਬੁੱਢਣ ਸ਼ਾਹ ਤੋਂ ਬਕਰੀਆਂ ਦਾ ਦੁੱਧ ਪੀਤਾ।

ਗੁਰਦੁਆਰਾ ਕੀਰਤਪੁਰ ਦੇ ਕੋਲ ਹੀ ਸਾਈਂ ਜੀ ਦੀ ਕਬਰ ਭੀ ਹੈ।

---

੧. ਜਿਨ੍ਹਾਂ ਪਹਾੜਾਂ ਵਿਚੋਂ ਸੜਨ ਵਾਲੇ ਪਦਾਰਥ ਭੜਕ ਉੱਠਦੇ ਹਨ, ਤੱਤਾ ਪਾਣੀ, ਅੱਗ ਦੀਆਂ ਲਾਟਾਂ, ਪੰਘਰੇ ਹੋਏ ਪਦਾਰਥ ਅਤੇ ਕਈ ਕਿਸਮ ਦੀਆਂ ਗੈਸਾਂ ਨਿਕਲਦੀਆਂ ਹਨ, ਉਨ੍ਹਾਂ ਨੂੰ ਜਵਾਲਾਮੁਖੀ ਪਹਾੜ ਕਿਹਾ ਜਾਂਦਾ ਹੈ। ਭਾਵ, ਉਹ ਪਹਾੜ ਜਿਨ੍ਹਾਂ ਦੇ ਮੂੰਹ ਵਿਚੋਂ ਅੱਗ ਨਿਕਲਦੀ ਹੈ।



SIKHBOOKCLUB.COM

*੩. ਪੰਜੋਰ*

ਰਿਆਸਤ ਪਟਿਆਲਾ ਦੀ ਤਹਿਸੀਲ ਕੰਡਾਘਾਟ ਵਿਚ ਕਾਲਕਾ ਦੇ ਕੋਲ ਪੰਜੋਰ ਇਕ ਨਗਰ ਹੈ। ਇਥੇ ਬਾਦਸ਼ਾਹ ਫ਼ੀਰੋਜ਼ ਸ਼ਾਹ ਤੁਗ਼ਲਕ ਨੇ ਉੱਚੇ ਨੀਵੇਂ ਦਰਜੇ ਰੱਖ ਕੇ ਇਕ ਸੁੰਦਰ ਬਾਗ਼ ਲਵਾਇਆ ਸੀ, ਜੋ ਹੁਣ ਤਕ ਮੌਜੂਦ ਹੈ। ਪੰਜੋਰ ਦੇ ਨੇੜੇ ਹੀ ਇਕ ਹਿੰਦੂ ਤੀਰਥ ਹੈ 'ਧਾਰਾ ਤੀਰਥ'। ਮਹਾਂਭਾਰਤ ਅਨੁਸਾਰ ਇਹ ਇਕ ਪਵਿੱਤਰ ਤੀਰਥ ਹੈ। ਗੁਰੂ ਨਾਨਕ ਦੇਵ ਜੀ ਜਦੋਂ ਪਹਾੜੀ ਇਲਾਕੇ ਵਿਚ ਗਏ, ਤਾਂ ਇਥੇ ਵੀ ਪਹੁੰਚੇ। ਉਸ ਯਾਦ ਵਿਚ 'ਧਾਰਾ ਤੀਰਥ' ਦੇ ਨੇੜੇ ਹੀ ਸਤਿਗੁਰੂ ਜੀ ਦੇ ਆਗਮਨ ਦਾ ਚੇਤਾ ਕਰਾਂਦਾ ਇਕ ਗੁਰਦੁਆਰਾ ਹੈ। ਇਥੇ ਹਰ ਸਾਲ ਵੈਸਾਖ ਸੁਦੀ ੩ ਨੂੰ ਮੇਲਾ ਲੱਗਦਾ ਹੈ।

(ਵੈਸਾਖ ਸੁਦੀ ੩ ਗੁਰੂ ਨਾਨਕ ਦੇਵ ਜੀ ਦਾ ਜਨਮ ਦਿਨ ਹੈ।)

*੪. ਬਸ਼ਹਰ*

ਸ਼ਿਮਲਾ ਜ਼ਿਲੇ ਦੀ ਇਕ ਪਹਾੜੀ ਰਿਆਸਤ। ਗੁਰੂ ਨਾਨਕ ਦੇਵ ਜੀ ਇਸ ਸ਼ਹਿਰ ਗਏ ਸਨ, ਜਦੋਂ ਉਹ ਪਹਾੜੀ ਇਲਾਕੇ ਦਾ ਰਟਨ ਕਰ ਰਹੇ ਸਨ। ਬਸ਼ਹਰ ਦਾ ਵਸਨੀਕ ਪਾਖਰ, ਜਾਤ ਦਾ ਤਰਖਾਣ, ਆਪਣੇ ਪੁੱਤਰ ਝੰਡੇ ਸਮੇਤ ਗੁਰੂ ਨਾਨਕ ਦੇਵ ਜੀ ਦਾ ਸਿੱਖ ਬਣਿਆ ਸੀ। ਸਤਿਗੁਰੂ ਜੀ ਤੋਂ ਜੀਵਨ-ਰਾਹ ਸਿੱਖ ਕੇ ਭਾਈ ਪਾਖਰ ਸਿੱਖ-ਧਰਮ ਦਾ ਪਰਚਾਰ ਆਪਣੇ ਇਲਾਕੇ ਵਿਚ ਕਰਦਾ ਰਿਹਾ।

*੫. ਜੋਹੜ ਸਰ*

ਰਿਆਸਤ ਪਟਿਆਲਾ ਦੀ ਤਹਿਸੀਲ ਕੰਡਾਘਾਟ ਵਿਚ, ਰੇਲਵੇ ਸਟੇਸ਼ਨ ਧਰਮਪੁਰ ਅਤੇ ਕੁਮਾਰਹੱਟੀ ਤੋਂ ਅੱਠ ਨੌਂ ਮੀਲ। ਗੁਰੂ ਨਾਨਕ ਦੇਵ ਜੀ ਇਥੇ ਗਏ ਸਨ। ਤਦੋਂ ਇਥੇ ਇਕ ਗੁੱਜਰ ਰਹਿੰਦਾ ਸੀ 'ਮਾਹੀਆ'। ਪਹਾੜੀ ਇਲਾਕੇ ਵਿਚ ਪਾਣੀ ਦੀ ਕਿੱਲਤ ਸੀ। ਮਾਹੀਏ ਨੇ ਇਹ ਔਖਿਆਈ ਦੂਰ ਕਰਨ ਲਈ ਸਤਿਗੁਰੂ ਜੀ ਪਾਸ ਬੇਨਤੀ ਕੀਤੀ। ਸਤਿਗੁਰੂ ਜੀ ਨੇ ਇਕ ਪੱਥਰ ਚੁੱਕਿਆ, ਹੇਠੋਂ ਇਕ ਚਸ਼ਮਾ ਨਿਕਲ ਆਇਆ। ਹੁਣ ਇਕ ਨਿੱਕਾ ਜਿਹਾ ਤਾਲਾਬ ਹੈ, ਜਿਸਨੂੰ ਲੋਕ 'ਮਾਹੀਆ ਜੋਹੜ' ਆਖਦੇ ਹਨ। ਕੋਲ ਹੀ ਸਤਿਗੁਰੂ ਦੇ ਆਗਮਨ ਦੀ ਯਾਦ ਵਿਚ ਇਕ ਗੁਰਦੁਆਰਾ ਬਣਿਆ ਹੋਇਆ ਹੈ। ਪਰ ਇਸ ਨੂੰ ਬਾਬਾ ਜਵਾਹਰ ਸਿੰਘ ਦਾ ਅਸਥਾਨ ਮਸ਼ਹੂਰ ਕੀਤਾ ਜਾ ਰਿਹਾ ਹੈ।



WWW.SIKHBOOKCLUB.COM 

੮

# ਅੱਚਲ, ਮੁਲਤਾਨ ਤੇ ਸਿਆਲਕੋਟ ਫੇਰੀ

## ਅੱਚਲ ਵਟਾਲੇ

ਜ਼ਿਲਾ ਗੁਰਦਾਸਪੁਰ ਵਿਚ ਵਟਾਲੇ ਤੋਂ ਦੱਖਣ ਪਾਸੇ ਜਾਣ ਵਾਲੀ ਸੜਕ ਉੱਤੇ ਵਟਾਲੇ ਤੋਂ ਤਿੰਨ ਮੀਲਾਂ ਦੇ ਫ਼ਾਸਲੇ ਤੇ ਮਹਾਦੇਵ ਦਾ ਮੰਦਰ ਹੈ। ਮੰਦਰ ਦਾ ਨਾਮ ਹੈ 'ਅੱਚਲ'। ਸੜਕ ਤੋਂ ਖੱਬੇ ਪਾਸੇ ਦੋ ਕੁ ਫ਼ਰਲਾਂਗਾਂ ਦੀ ਵਿੱਥ ਹੈ। ਮੰਦਰ ਦੇ ਨਾਮ ਤੇ ਹੀ ਪਿੰਡ ਦਾ ਨਾਮ ਭੀ 'ਅੱਚਲ' ਹੀ ਹੈ। ਮੰਦਰ ਇਕ ਛੋਟੇ ਜਿਹੇ ਤਾਲਾਬ ਦੇ ਵਿਚਕਾਰ ਬਣਿਆ ਹੋਇਆ ਹੈ।

ਇਥੇ ਹਰ ਸਾਲ ਸ਼ਿਵਰਾਤ੍ਰੀ ਦੇ ਮੌਕੇ ਤੇ ਮੇਲਾ ਲੱਗਦਾ ਹੈ। ਜਦੋਂ ਦੇਸ ਵਿਚ ਜੋਗੀਆਂ-ਸਿੱਧਾਂ ਦਾ ਬੜਾ ਪ੍ਰਭਾਵ ਸੀ, ਤਦੋਂ ਜੋਗੀ-ਲੋਕ ਸਿੱਧ-ਲੋਕ ਦੂਰੋਂ ਦੂਰੋਂ ਇਸ ਮੇਲੇ ਉੱਤੇ 'ਅੱਚਲ' ਆਇਆ ਕਰਦੇ ਸਨ। ਸ਼ਿਵਰਾਤ੍ਰੀ ਫੱਗਣ ਵਦੀ ੧੪ ਨੂੰ ਆਉਂਦੀ ਹੈ।

ਕਰਤਾਰਪੁਰ ਤੋਂ ਅੱਚਲ ਪੰਝੀ ਕੁ ਮੀਲਾਂ ਤੇ ਹੈ। 'ਮਹਾਨ ਕੋਸ਼' ਦੇ ਲਿਖਾਰੀ ਜੀ ਲਿਖਦੇ ਹਨ ਕਿ ਗੁਰੂ ਨਾਨਕ ਦੇਵ ਜੀ ਸੰਮਤ ੧੫੮੬ ਦੀ ਸ਼ਿਵਰਾਤ੍ਰੀ ਸਮੇ 'ਅੱਚਲ' ਗਏ ਸਨ (ਮਾਰਚ ਸੰਨ ੧੫੩੦ ਨੂੰ)। ਤਦੋਂ ਗੁਰੂ ਨਾਨਕ ਦੇਵ ਜੀ ਦੀ ਉਮਰ ੬੧ ਸਾਲ ਸੀ।

ਦੂਜੀ 'ਉਦਾਸੀ' ਸਮੇ ਗੁਰੂ ਨਾਨਕ ਦੇਵ ਜੀ ਵੈਸ਼ਨੋ ਦੇਵੀ ਵਾਲੇ ਪਹਾੜ ਤੋਂ ਅਗਾਂਹ ਲੰਘ ਕੇ ਸਿੱਧਾਂ ਜੋਗੀਆਂ ਨੂੰ ਜਦੋਂ ਸੁਮੇਰ ਪਰਬਤ ਤੇ ਮਿਲੇ ਸਨ, ਤਦੋਂ ਥੋੜੇ ਹੀ ਦਿਨਾਂ ਪਿੱਛੋਂ ਸ਼ਿਵਰਾਤ੍ਰੀ ਦਾ ਮੇਲਾ ਆਉਣ ਵਾਲਾ ਸੀ। ਪਹਾੜੀ ਇਲਾਕੇ ਵਿਚ ਅਜੇ ਕਾਫ਼ੀ ਸਰਦੀ ਸੀ। ਗੁਰੂ ਨਾਨਕ ਦੇਵ ਜੀ ਨੂੰ ਅਤੇ ਭਾਈ ਮਰਦਾਨੇ ਨੂੰ ਸਧਾਰਨ ਜਿਹੇ ਫ਼ਕੀਰੀ ਕੱਪੜਿਆਂ ਵਿਚ ਵੇਖ ਕੇ ਉਨ੍ਹਾਂ ਸਿੱਧਾਂ ਨੂੰ ਪਹਿਲੀ ਹੈਰਾਨੀ ਇਹੀ ਹੋਈ ਸੀ ਕਿ ਇਤਨੇ ਠੰਢੇ ਥਾਂ ਉਹ ਭਾਰੇ ਗਰਮ

ਕੱਪੜਿਆਂ ਤੋਂ ਬਿਨਾ ਕਿਵੇਂ ਜਾ ਪਹੁੰਚੇ ਸਨ। ਫਿਰ, ਰਸਤੇ ਭੀ ਬੜੇ ਬਿਖੜੇ, ਜਿੱਥੋਂ ਦੀ ਇਕੱਲੇ-ਦੁਕੱਲੇ ਦਾ ਲੰਘਣਾ ਖ਼ਤਰਿਆਂ ਤੋਂ ਖ਼ਾਲੀ ਨਹੀਂ ਸੀ। ਤੀਜੀ ਉਦਾਸੀ ਮੁਕਾ ਕੇ ਸਤਿਗੁਰੂ ਜੀ ਨੇ ਫ਼ਕੀਰੀ ਕੱਪੜੇ ਉਤਾਰ ਦਿੱਤੇ ਸਨ। ਲੋੜ ਨਹੀਂ ਸੀ। 'ਉਦਾਸੀਆਂ' ਦੇ ਲੰਮੇ ਪੈਂਡਿਆਂ ਵਿਚ ਤਾਂ ਇਹ ਜ਼ਰੂਰੀ ਸੀ ਕਿ ਘੱਟ ਤੋਂ ਘੱਟ ਸਾਮਾਨ ਆਪਣੇ ਨਾਲ ਰੱਖਣ।

ਸ਼ਿਵਰਾਤ੍ਰੀ ਦਾ ਮੇਲਾ ਜੋਗੀਆਂ ਵਾਸਤੇ ਧਾਰਮਿਕ ਸਮਾਗਮ ਸੀ। ਮੇਲਿਆਂ ਦੇ ਮੌਕੇ ਤੇ ਇਲਾਕੇ ਦੀ ਆਮ ਜਨਤਾ ਦਾ ਇਕੱਠ ਹੋ ਜਾਣਾ ਭੀ ਕੁਦਰਤੀ ਗੱਲ ਸੀ। ਮਠਿਆਈ ਆਦਿਕ ਵੇਚਣ ਵਾਲੇ ਦੁਕਾਨਦਾਰਾਂ ਨੇ ਭੀ ਅੱਪੜਨਾ ਹੀ ਹੋਇਆ। ਹੋਰ ਭੀ ਕਈ ਕਿਸਮ ਦੇ ਤਮਾਸ਼ੇ ਵਿਖਾਲਣ ਵਾਲੇ ਲੋਕ ਆਪਣੀ ਰੋਜ਼ੀ ਦੀ ਖ਼ਾਤਰ ਆ ਪਹੁੰਚਦੇ ਹਨ।

ਗੁਰੂ ਨਾਨਕ ਦੇਵ ਜੀ ਨੂੰ ਕਰਤਾਰਪੁਰ ਵਿਚ ਟਿਕਿਆਂ ਨੌਂ ਕੁ ਸਾਲ ਹੋ ਗਏ ਸਨ। ਰਾਵੀ ਤੋਂ ਉਰਲੇ ਪਾਸੇ ਇਤਨੇ ਚਿਰ ਵਿਚ ਕਈ ਚੱਕਰ ਲਾ ਚੁਕੇ ਸਨ। ਸਤਿਗੁਰੂ ਜੀ ਦੀ ਦੱਸੀ ਹੋਈ ਸਿੱਧੀ-ਪੱਧਰੀ ਜੀਵਨ-ਮਰਯਾਦਾ ਨੇ ਲੋਕਾਂ ਦੇ ਦਿਲਾਂ ਵਿਚ ਆਪਣਾ ਘਰ ਬਣਾ ਲਿਆ ਹੋਇਆ ਸੀ।

ਜਦੋਂ ਆਲੇ-ਦੁਆਲੇ ਦੇ ਪਿੰਡਾਂ ਵਿਚ ਲੋਕਾਂ ਨੂੰ ਪਤਾ ਲੱਗਾ ਕਿ ਐਤਕੀਂ ਸ਼ਿਵਰਾਤ੍ਰੀ ਦੇ ਮੇਲੇ ਤੇ ਗੁਰੂ ਨਾਨਕ ਦੇਵ ਜੀ ਭੀ ਆਏ ਹਨ ਤਾਂ ਸਤਿਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ ਬਹੁਤੇ ਲੋਕ ਉਨ੍ਹਾਂ ਵਾਲੇ ਪਾਸੇ ਹੀ ਆ ਇਕੱਠੇ ਹੋਏ। ਜੋਗੀਆਂ ਵਾਲੇ ਪਾਸੇ ਬਹੁਤੀ ਭੀੜ ਨਾ ਬਣ ਸਕੀ। ਸਿੱਧਾਂ ਜੋਗੀਆਂ ਨੂੰ ਇਸ ਦੀ ਚੋਭ ਲੱਗਣੀ ਹੀ ਸੀ। ਉਹ ਬੜੇ ਖਿੱਝੇ। ਗੁਰੂ ਨਾਨਕ ਦੇਵ ਜੀ ਦੇ ਟਿਕਾਣੇ ਤੋਂ ਨੇੜੇ ਹੀ ਰਾਸਧਾਰੀ ਭੀ ਤਮਾਸ਼ਾ ਵਿਖਾ ਰਹੇ ਸਨ। ਜੋਗੀ ਆਪਣੇ ਵਲ ਲੋਕਾਂ ਦੀ ਅਰੁੱਚੀ ਵੇਖ ਕੇ ਉਥੇ ਆ ਪਹੁੰਚੇ ਜਿੱਥੇ ਸਤਿਗੁਰੂ ਜੀ ਬੈਠੇ ਹੋਏ ਸਨ। ਨੇੜੇ ਹੀ ਸਨ ਰਾਸਧਾਰੀਏ, ਤਮਾਸ਼ਾ ਵਿਖਾ ਰਹੇ। ਲੋਕਾਂ ਉੱਤੇ ਦਬਾਉ ਪਾਣ ਲਈ ਜੋਗੀਆਂ ਨੇ ਉਨ੍ਹਾਂ ਗਰੀਬ ਰਾਸਧਾਰੀਆਂ ਦਾ ਲੋਟਾ ਲੁਕਾ ਦਿੱਤਾ, ਜਿਸ ਵਿਚ ਉਹ ਤਮਾਸ਼ਬੀਨਾਂ ਤੋਂ ਮਿਲੇ ਪੈਸੇ-ਟਕੇ ਇਕੱਠੇ ਕਰੀ ਜਾ ਰਹੇ ਸਨ। ਲੋਟਾ ਗੁੰਮ ਹੋ ਜਾਣ ਤੇ ਵਿਚਾਰਿਆਂ ਦੀ ਹੈਰਤ ਗੁੰਮ ਹੋ ਗਈ। ਪਰ ਗ਼ਰੀਬਾਂ ਦੇ ਸਦਾ ਦਰਦੀ ਗੁਰੂ ਨਾਨਕ ਪਾਤਿਸ਼ਾਹ ਨੇ ਉਨ੍ਹਾਂ ਦਾ ਗੁੰਮ ਹੋਇਆ ਲੋਟਾ ਮਾਇਆ ਸਮੇਤ ਉਸੇ ਵੇਲੇ ਲੱਭ ਕੇ ਉਨ੍ਹਾਂ ਦੇ ਹੱਥ ਫੜਾਇਆ। ਗ਼ਰੀਬ ਰਾਸਧਾਰੀਏ ਗੁਰੂ ਨਾਨਕ ਪਾਤਿਸ਼ਾਹ ਨੂੰ ਅਸੀਸਾਂ ਦੇਣ ਲੱਗ ਪਏ, ਸਿਰ ਨਿਵਾਣ



WWW.SIKHBOOKCLUB.COM 

ਲੱਗ ਪਏ। ਤਮਾਸ਼ਾ ਵੇਖ ਰਹੇ ਲੋਕਾਂ ਨੇ ਜੋਗੀਆਂ ਦੀ ਕਰਤੂਤ ਉੱਤੇ ਹਾਸਾ ਉਡਾਇਆ। ਜੋਗੀ ਬੜੇ ਠਿੱਠ ਹੋਏ।

ਇਸ ਕਰਾਮਾਤ ਦੇ ਰਾਹੀਂ ਜੋਗੀ ਬਾਜ਼ੀ ਹਾਰ ਗਏ। ਲੋਕਾਂ ਉੱਤੇ ਸਗੋਂ ਉਲਟਾ ਅਸਰ ਹੋਇਆ। ਹੁਣ ਉਨ੍ਹਾਂ ਦੂਜਾ ਹਥਿਆਰ ਵਰਤਿਆ—ਬਹਿਸ ਦਾ, ਸ਼ਾਸਤ੍ਰਾਰਥ ਦਾ। ਭਰੇ ਮੇਲੇ ਵਿਚ ਲੋਕਾਂ ਉੱਤੇ ਪ੍ਰਭਾਵ ਪਾਣ ਲਈ ਇਕ ਜੋਗੀ ਨੇ ਇਹ ਤਰਕ ਕੀਤੀ ਕਿ ਇਕ ਵਾਰੀ ਫ਼ਕੀਰੀ ਧਾਰਨ ਕਰ ਕੇ ਮੁੜ ਗ੍ਰਿਹਸਤੀ ਜਾ ਬਣਨਾ ਕੁਹਜਾ ਰਸਤਾ ਹੈ। ਇਹ ਤਾਂ ਦੁੱਧ ਵਿਚ ਕਾਂਜੀ ਪਾ ਕੇ ਦੁੱਧ ਨੂੰ ਖ਼ਰਾਬ ਕਰ ਲੈਣ ਵਾਲੀ ਗੱਲ ਹੋਈ। ਸਤਿਗੁਰੂ ਜੀ ਨੇ ਠਰ੍ਹੰਮੇ ਨਾਲ ਜੋਗੀ ਨੂੰ ਸਮਝਾਇਆ ਕਿ ਗ੍ਰਿਹਸਤ ਛੱਡ ਕੇ ਫਿਰ ਗ੍ਰਿਹਸਤੀਆਂ ਦੇ ਘਰੀਂ ਹੀ ਰੋਟੀ ਵਾਸਤੇ ਰੁਲਦੇ ਫਿਰਨਾ ਹਾਸੋ-ਹੀਣੀ ਫ਼ਕੀਰੀ ਹੈ। ਇਹ ਕਾਹਦਾ ਹੋਇਆ ਤਿਆਗ ?

ਨਿਰੁੱਤਰ ਹੋ ਕੇ ਜੋਗੀ ਫਿਰ ਰਿੱਧੀਆਂ ਸਿੱਧੀਆਂ ਵਿਖਾਣ ਲੱਗ ਪਏ। ਵਿਚਾਰੇ ਅੰਦਰੋਂ ਖਿੱਝੇ ਹੋਏ ਕਿ ਲੋਕਾਂ ਦੇ ਦਿਲਾਂ ਵਿਚੋਂ ਉਨ੍ਹਾਂ ਦੀ ਕਦਰ ਜਾਂਦੀ ਰਹੀ। ਆਖ਼ਰ ਥੱਕ-ਟੁੱਟ ਕੇ ਗੁਰੂ ਨਾਨਕ ਦੇਵ ਜੀ ਨੂੰ ਵੰਗਾਰਿਓ ਨੇ ਕਿ ਹੁਣ ਤੁਸੀ ਭੀ ਕੋਈ ਕਰਾਮਾਤ ਵਿਖਾਓ। ਸਤਿਗੁਰੂ ਜੀ ਨੇ ਸ਼ਾਂਤ-ਚਿੱਤ ਰਹਿ ਕੇ ਸਿਰਫ਼ ਇਹ ਹੀ ਆਖਿਆ ਕਿ ਸਾਧ-ਸੰਗਤ ਅਤੇ ਗੁਰਬਾਣੀ ਦਾ ਆਸਰਾ ਲੈਣਾ ਹੀ ਜ਼ਿੰਦਗੀ ਦਾ ਠੀਕ ਰਸਤਾ ਹੈ। ਸਭ ਤੋਂ ਵੱਡੀ ਕਰਾਮਾਤ ਹੈ ਹੀ ਇਹ ਕਿ ਪਰਮਾਤਮਾ ਦਾ ਨਾਮ ਹਿਰਦੇ ਵਿਚ ਵਸਾਇਆ ਜਾਏ। ਪਰਮਾਤਮਾ ਦੇ ਨਾਮ ਤੋਂ ਸੁੰਞੇ ਰਹਿ ਕੇ ਲੋਕਾਂ ਉੱਤੇ ਦਬਾਉ ਪਾਣ ਵਾਲੀਆਂ ਕਰਾਮਾਤਾਂ ਤਾਂ ਬੱਦਲਾਂ ਦੀ ਛਾਂ ਵਰਗੀਆਂ ਹੀ ਹਨ।

ਵੇਖਣ-ਸੁਣਨ ਵਾਲੇ ਲੋਕਾਂ ਦੇ ਮਨ ਲੱਗੀ ਇਹ ਗੱਲ। ਹੱਠ ਛੱਡ ਕੇ ਵਿਚਾਰ ਕਰਨ ਵਾਲੇ ਸਿੱਧਾਂ-ਜੋਗੀਆਂ ਨੂੰ ਭੀ ਇਹੀ ਰਸਤਾ ਸਹੀ ਜਾਪਿਆ।

ਸ਼ਿਵਰਾਤ੍ਰੀ ਦੇ ਮੌਕੇ ਤੇ ਸਿੱਧਾਂ ਨਾਲ ਅੱਚਲ-ਵਟਾਲੇ ਜਿਹੜੀ ਚਰਚਾ ਹੋਈ ਸੀ, ਸਤਿਗੁਰੂ ਜੀ ਨੇ ਉਹ ਸਾਰੀ ਕਰਤਾਰਪੁਰ ਵਾਪਸ ਆ ਕੇ ਬਾਣੀ ਦੇ ਰੂਪ ਵਿਚ ਲਿਖ ਦਿੱਤੀ। ਉਸ ਬਾਣੀ ਦਾ ਨਾਮ ਹੈ 'ਸਿਧ ਗੋਸਟਿ'। ਇਹ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਮਕਲੀ ਰਾਗ ਵਿਚ ਦਰਜ ਹੈ।[੧]

---

੧. ਪੜ੍ਹੋ ਮੇਰਾ ਟੀਕਾ 'ਸਿਧ ਗੋਸਟਿ'।



WWW.SIKHBOOKCLUB.COM 

ਭਾਈ ਗੁਰਦਾਸ ਜੀ ਨੇ ਉਸ ਸਾਰੀ ਵਾਰਤਾ ਨੂੰ ਆਪਣੀ ਪਹਿਲੀ 'ਵਾਰ' ਦੀਆਂ ਪਉੜੀਆਂ ਨੰ: ੩੯, ੪੦, ੪੧, ੪੨, ੪੩ ਵਿਚ ਇਉਂ ਬਿਆਨ ਕੀਤਾ ਹੈ:

ਮੇਲਾ ਸੁਣਿ ਸ਼ਿਵਰਾਤਿ ਦਾ, ਬਾਬਾ ਅਚਲ ਵਟਾਲੇ ਆਈ।
ਦਰਸਨੁ ਵੇਖਣ ਕਾਰਣੇ, ਸਗਲੀ ਉਲਟਿ ਪਈ ਲੋਕਾਈ।
ਲੱਗੀ ਬਰਸਣਿ ਲੱਛਮੀ, ਰਿੱਧਿ ਸਿੱਧਿ ਨਉ ਨਿਧਿ ਸਵਾਈ।
ਜੋਗੀ ਵੇਖਿ ਚਲਿਤ੍ਰ ਨੋ, ਮਨ ਵਿਚਿ ਰਿਸਕ ਘਨੇਰੀ ਖਾਈ।
ਭਗਤੀਆਂ ਪਾਈ ਭਗਤਿ ਆਨਿ, ਲੋਟਾ ਜੋਗੀ ਲਇਆ ਛਿਪਾਈ।
ਭਗਤੀਆਂ ਗਈ ਭਗਤਿ ਭੁੱਲਿ, ਲੋਟੇ ਅੰਦਰਿ ਸੁਰਤਿ ਭੁਲਾਈ।
ਬਾਬਾ ਜਾਣੀ-ਜਾਣ ਪੁਰਖੁ, ਕੱਢਿਆ ਲੋਟਾ ਜਹਾਂ ਲੁਕਾਈ।
ਵੇਖਿ ਚਲਿਤ੍ਰ ਜੋਗੀ ਖੁਣਸਾਈ।੩੯।

ਖਾਧੀ ਖੁਣਸ ਜੋਗੀਸ਼ਰਾਂ, ਗੋਸ਼ਟਿ ਕਰਨ ਸਭੇ ਉਠਿ ਆਈ।
ਪੁੱਛੈ ਜੋਗੀ ਭੰਗਰਨਾਥੁ, ਤੁਹਿ ਦੁਧ ਵਿਚ ਕਿਉਂ ਕਾਂਜੀ ਪਾਈ।
ਫਿੱਟਿਆ ਚਾਟਾ ਦੁੱਧ ਦਾ, ਰਿੜਕਿਆਂ ਮੱਖਣੁ ਹੱਥਿ ਨਾ ਆਈ।
ਭੇਖੁ ਉਤਾਰਿ ਉਦਾਸ ਦਾ, ਵਤ ਕਿਉਂ ਸੰਸਾਰੀ ਰੀਤਿ ਚਲਾਈ।
ਨਾਨਕ ਆਖੇ, ਭੰਗਰਨਾਥੁ, ਤੇਰੀ ਮਾਉ ਕੁਚੱਜੀ ਆਹੀ।
ਭਾਂਡਾ ਧੋਇ ਨਾ ਜਾਤਿਓਨੁ, ਭਾਇ ਕੁਚੱਜੇ ਫੁੱਲ ਸੜਾਈ।
ਹੋਇ ਅਤੀਤੁ ਗ੍ਰਿਹਸਤੁ ਤਜਿ, ਫਿਰਿ ਉਨਹੂ ਕੇ ਘਰ ਮੰਗਣ ਜਾਈ।
ਬਿਨੁ ਦਿੱਤੇ ਕਿਛੁ ਹੱਥਿ ਨ ਆਈ।੪੦।

ਏਹੁ ਸੁਣਿ ਬਚਨ, ਜੋਗੀਸ਼ਰਾਂ ਮਾਰਿ ਕਿਲਕ ਬਹੁ ਰੂਅ ਉਠਾਈ।
ਖਟ ਦਰਸਨ ਕਉ ਖੇਦਿਆ, ਕਲਿਜੁਗਿ ਬੇਦੀ ਨਾਨਕਿ ਆਈ।
ਸਿੱਧ ਬੋਲਨਿ ਸਭਿ ਅਉਖਧੀਆਂ, ਤੰਤ੍ਰ ਮੰਤ੍ਰ ਕੀ ਧੁਨੋ ਚੜ੍ਹਾਈ।
ਰੂਪ ਵਟਾਇਆ ਜੋਗੀਆਂ, ਸਿੰਘ ਬਾਘ ਬਹੁ ਚਲਤਿ ਦਿਖਾਈ।
ਇਕਿ ਪਰ ਕਰਿ ਕੈ ਉੱਡਰਨਿ, ਪੰਖੀ ਜਿਵੇਂ ਰਹੇ ਲੀਲਾਈ।
ਇਕਿ ਨਾਗ ਹੋਇ ਪਵਨੁ ਛੋਡਿ, ਇਕਨਾ ਵਰਖਾ ਅਗਨਿ ਵਸਾਈ।
ਤਾਰੇ ਤੋੜੇ ਭੰਗਰ ਨਾਥਿ, ਇਕਿ ਚੜਿ ਮਿਰਗਾਣੀ ਜਲਿ ਤਰਿ ਜਾਈ।
ਸਿੱਧਾਂ ਅਗਨਿ ਨ ਬੁਝੈ ਬੁਝਾਈ।੪੧।

ਸਿੱਧ ਬੋਲੇ, ਸੁਣਿ ਨਾਨਕਾ ! ਤੁਹਿ ਜਗ ਨੂੰ ਕਰਾਮਾਤਿ ਦਿਖਲਾਈ।



WWW.SIKHBOOKCLUB.COM 

ਕੁਝ ਦਿਖਾਇ ਅਸਾਨੂੰ ਭੀ, ਤੂੰ ਕਿਉਂ ਢਿੱਲ ਅਜੇਹੀ ਲਾਈ।
ਬਾਬਾ ਬੋਲੈ, ਨਾਥ ਜੀ ! [1]ਅਸਾਂ ਵੇਖੇ ਜੋਗੀ ਵਸਤੁ ਨ ਕਾਈ।
ਗੁਰਸੰਗਤਿ ਬਾਣੀ ਬਿਨਾ, ਦੂਜੀ ਓਟ ਨਹੀਂ ਹੈ ਰਾਈ।
ਸ਼ਿਵ ਰੂਪੀ ਕਰਤਾ ਪੁਰਖੁ, ਚੱਲੈ ਨਾਹੀ ਧਰਤਿ ਚਲਾਈ।
ਸਿੱਧ ਤੰਤ੍ਰ ਮੰਤ੍ਰ ਕਰਿ ਝੜਿ ਪਏ, ਸਬਦਿ ਗੁਰੂ ਕੈ ਕਲਾ ਛਪਾਈ।
ਦੱਦੈ ਦਾਤਾ ਇਕੁ ਹੈ, ਕੱਕੈ ਕੀਮਤ ਕਿਨੈ ਨ ਪਾਈ।
ਸੋ ਦੀਨ ਨਾਨਕ ਸਤਿਗੁਰੂ ਸਰਣਾਈ।੪੨।

ਬਾਬਾ ਬੋਲੈ, ਨਾਥ ਜੀ ! ਸ਼ਬਦੁ ਸੁਣਹੁ ਸੱਚੁ ਮੁਖਹੁ ਅਲਾਈਂ।
ਬਾਝਹੁ ਸੱਚੇ ਨਾਮ ਦੇ, ਹੋਰ ਕਰਾਮਾਤਿ ਅਸਾਥੇ ਨਾਹੀਂ।
ਬਸਤ੍ਰ ਪਹਿਰਉਂ ਅਗਨਿ ਕੇ, ਬਰਫ ਹਿਮਾਲੇ ਮੰਦਰੁ ਛਾਈਂ।
ਕਰਉਂ ਰਸੋਈ ਸਾਰ ਦੀ, ਸਗਲੀ ਧਰਤੀ ਨੱਥਿ ਚਲਾਈਂ।
ਏਵਡੁ ਕਰੀ ਵਿਥਾਰ ਕਉ, ਸਗਲੀ ਧਰਤੀ ਹੱਕੀ ਜਾਈ।
ਤੋਲੀਂ ਧਰਤਿ ਅਕਾਸੁ ਦੁਇ, ਪਿੱਛੈ ਛਾਬੇ ਟੰਕੁ ਚੜਾਈ।
ਏਹੁ ਬਲੁ ਰੱਖਾਂ ਆਪ ਵਿਚਿ, ਜਿਸੁ ਆਖਾਂ ਤਿਸੁ ਪਾਰਿ ਕਰਾਈ।
ਸਤਿਨਾਮ ਬਿਨੁ ਬਾਦਰੁ ਛਾਈ।੪੩।

SIKHBOOKCLUB.COM

## ਮੁਲਤਾਨ ਦੀ ਜ਼ਿਆਰਤ

ਜਿਉਂ ਜਿਉਂ ਹਿੰਦੁਸਤਾਨ ਵਿਚ ਪਠਾਣ ਮੁਸਲਮਾਨਾਂ ਦਾ ਰਾਜ ਕਾਇਮ ਹੁੰਦਾ ਗਿਆ; ਅਰਬ, ਈਰਾਨ, ਅਫ਼ਗ਼ਾਨਿਸਤਾਨ ਦੇ ਕਈ ਸੱਯਦ-ਜ਼ਾਦੇ, ਪੀਰ-ਫ਼ਕੀਰ, ਇਸਲਾਮ ਦਾ ਪਰਚਾਰ ਕਰਨ ਵਾਸਤੇ ਹਿੰਦੁਸਤਾਨ ਦੇ ਕਈ ਸ਼ਹਿਰਾਂ ਵਿਚ ਆ ਕੇ ਟਿਕਦੇ ਗਏ। ਸਭ ਤੋਂ ਪਹਿਲਾਂ ਇਸਲਾਮੀ ਹਕੂਮਤ ਸਿੰਧ ਵਾਲੇ ਪਾਸੇ ਤੋਂ ਸ਼ੁਰੂ ਹੋਈ ਸੀ। ਇਸ ਵਾਸਤੇ ਸ਼ਹਿਰ ਮੁਲਤਾਨ ਸ਼ੁਰੂ ਤੋਂ ਹੀ ਪੀਰਾਂ-ਫ਼ਕੀਰਾਂ ਦਾ ਗੜ੍ਹ ਬਣਦਾ ਗਿਆ। ਸੋ, ਢੇਰ ਪੁਰਾਣੇ ਸਮੇਂ ਤੋਂ ਇਸ ਸ਼ਹਿਰ ਬਾਰੇ ਇਹ ਗੱਲ ਮਸ਼ਹੂਰ ਚਲੀ ਆ ਰਹੀ ਹੈ ਕਿ :

ਚਾਰ ਚੀਜ਼ਸ੍ਤ ਤੁਹਫ਼ਾਏ ਮੁਲਤਾਨ।
ਗਰਦ ਗਰਮਾ ਗਦਾ-ਓ ਗੋਰਸਤਾਨ।

---

੧. ਜੋਗੀਆਂ ਨੂੰ ਵਿਖਾਲਣ ਲਈ ਸਾਡੇ ਪਾਸ ਕਰਾਮਾਤ ਆਦਿਕ ਕੋਈ ਵਸਤੂ ਨਹੀਂ।

ਭਾਵ, ਸ਼ਹਿਰ ਮੁਲਤਾਨ ਦੀਆਂ ਚਾਰ ਸੁਗਾਤਾਂ ਹਨ :

੧. ਹਨੇਰੀ ਦਾ ਗਰਦਾ, ੨. ਗਰਮੀ,
੩. ਫ਼ਕੀਰ, ਅਨੇਕਾਂ ਹੀ ਫ਼ਕੀਰ, ੪. ਕਬਰਾਂ।

ਮੁਸਲਮਾਨ ਖ਼ੁਦਾ-ਪ੍ਰਸਤ ਹਨ, ਸਿਰਫ਼ ਇੱਕ ਹੀ ਖ਼ੁਦਾ ਦੀ ਬੰਦਗੀ ਕਰਦੇ ਹਨ। ਹਿੰਦੂ ਕੌਮ ਵਿਚ ਲੱਖਾਂ ਕਰੋੜਾਂ ਬੰਦੇ ਵੱਖ-ਵੱਖ ਦੇਵਤਿਆਂ ਦੀਆਂ ਮੂਰਤੀਆਂ ਪੂਜਦੇ ਹਨ। ਮੁਸਲਮਾਨ, ਹਿੰਦੂਆਂ ਨੂੰ ਬੁੱਤ-ਪ੍ਰਸਤ ਆਖਦੇ ਹਨ, ਕਾਫ਼ਰ ਆਖਦੇ ਹਨ। ਤੇ ਹਿੰਦੂਆਂ ਦੀ ਮੂਰਤੀ-ਪੂਜਾ ਨੂੰ, ਬੁੱਤ-ਪ੍ਰਸਤੀ ਨੂੰ ਨਫ਼ਰਤ ਦੀ ਨਿਗਾਹ ਨਾਲ ਵੇਖਦੇ ਹਨ। ਪਰ ਆਤਮਕ ਜੀਵਨ ਨਾਲੋਂ ਥੋੜੀ ਜਿਹੀ ਅਨਗਹਿਲੀ ਭੀ ਮਨੁੱਖ ਨੂੰ ਸਹੀ ਨਿਸ਼ਾਨੇ ਤੋਂ ਕਿਤੇ ਦੂਰ ਜਾ ਸੁੱਟਦੀ ਹੈ।

ਜਗਤ ਵਿਚ ਜੋ ਭੀ ਜੰਮਿਆ, ਹਰੇਕ ਉੱਤੇ ਆਖ਼ਰ ਉਹ ਦਿਨ ਭੀ ਆਉਂਦਾ ਹੈ ਜਦੋਂ ਮੌਤ ਉਸ ਦੀ ਜਿੰਦ ਨੂੰ ਉਸ ਦੇ ਸਰੀਰ ਵਿਚੋਂ ਵੱਖ ਕਰ ਲੈਂਦੀ ਹੈ, ਤੇ, ਜਿੰਦ ਤੋਂ ਬਿਨਾ ਸਰੀਰ ਟਿਕਿਆ ਨਹੀਂ ਰਹਿ ਸਕਦਾ। ਹਿੰਦੂ ਸ਼ੁਰੂ ਤੋਂ ਹੀ ਆਪਣੇ ਵਿੱਛੜੇ ਸੱਜਣਾਂ ਦੇ ਮਿਰਤਕ ਸਰੀਰਾਂ ਨੂੰ ਅੱਗ ਦੀ ਭੇਟਾ ਕਰਦੇ ਆ ਰਹੇ ਹਨ, ਸਾੜਦੇ ਆ ਰਹੇ ਹਨ। ਇਸ ਦੇਸ ਵਿਚ ਅਨੇਕਾਂ ਜੰਗਲ ਸਨ, ਲੱਕੜ ਦੀ ਕੋਈ ਥੁੜ ਨਹੀਂ ਸੀ। ਪਰ ਜਿਸ ਦੇਸ ਵਿਚੋਂ ਜੰਮਿਆ ਇਸਲਾਮ, ਉਥੇ ਮੀਲਾਂ ਤਕ ਰੇਤ ਹੀ ਰੇਤ, ਨਾ ਉਥੇ ਪਾਣੀ ਨਾ ਜੰਗਲ। ਉਥੇ ਲੋਕਾਂ ਵਾਸਤੇ ਇਹੀ ਸਿੱਧਾ ਰਸਤਾ ਸੀ ਕਿ ਉਹ ਆਪਣੇ ਵਿੱਛੜੇ ਅਜ਼ੀਜ਼ਾਂ ਦੇ ਮੁਰਦੇ ਨੂੰ ਜ਼ਮੀਨ ਵਿਚ ਦੱਬਣ। ਸੋ, ਹਿੰਦੂ ਮੁਰਦੇ ਨੂੰ ਸਾੜਦੇ ਹਨ, ਮੁਸਲਮਾਨ ਦਫ਼ਨ ਕਰਦੇ ਹਨ।

ਪਰ ਮੋਹ ਮੋਹ ਹੀ ਹੈ। ਹਿੰਦੂ ਆਪਣੇ ਵਿਛੜੇ ਸੱਜਣ ਦੀ ਆਤਮਾ ਵਾਸਤੇ ਉਸ ਦੇ ਮਰਨ ਪਿੱਛੋਂ ਅਨੇਕਾਂ ਉਪਰਾਲੇ ਕਰਦੇ ਰਹਿੰਦੇ ਹਨ। ਮੁਸਲਮਾਨ ਭੀ ਆਖ਼ਰ ਇਨਸਾਨੀ ਦਿਲ ਰੱਖਦੇ ਹਨ। ਉਹ ਭੀ ਦਫ਼ਨ ਕੀਤੇ ਆਪਣੇ ਪਿਆਰੇ ਦੀ ਰੂਹ ਵਾਸਤੇ ਕਈ ਉੱਦਮ ਕਰਦੇ ਹਨ। ਜਿੱਥੇ ਉਸ ਦੇ ਸਰੀਰ ਨੂੰ ਨੱਪਦੇ ਹਨ, ਉਥੇ ਚਿਰਾਗ਼ ਬਾਲਦੇ ਹਨ। ਸਰਦੇ-ਪੁੱਜਦੇ ਮੁਸਲਮਾਨ ਆਪਣੇ ਅਜ਼ੀਜ਼ ਦੀ ਕਬਰ ਪੱਕੀਆਂ ਇੱਟਾਂ ਦੀ ਬਣਾਂਦੇ ਹਨ। ਬਹੁਤੇ ਅਮੀਰ ਲੋਕਾਂ ਦੇ, ਬਾਦਸ਼ਾਹਾਂ ਦੇ ਮਕਬਰੇ ਬਣਾਏ ਜਾਂਦੇ ਹਨ। ਪੀਰਾਂ-ਫ਼ਕੀਰਾਂ, ਵਲੀਆਂ ਦੇ ਵੱਡੇ ਵੱਡੇ ਰੌਜ਼ੇ ਬਣਾਏ ਜਾਂਦੇ ਹਨ। ਉਨ੍ਹਾਂ ਰੌਜ਼ਿਆਂ ਤੇ, ਉਨ੍ਹਾਂ ਮਕਬਰਿਆਂ ਤੇ, ਉਨ੍ਹਾਂ ਕਬਰਾਂ ਤੇ ਚਿਰਾਗ਼ ਬਾਲੇ ਜਾਂਦੇ ਹਨ। ਪੀਰਾਂ-ਫ਼ਕੀਰਾਂ ਦੇ ਰੌਜ਼ਿਆਂ ਤੇ



WWW.SIKHBOOKCLUB.COM 

ਸਾਲ ਦੇ ਸਾਲ ਮੇਲੇ ਲੱਗਦੇ ਹਨ। ਮੁਰੀਦ ਲੋਕ ਆ ਕੇ ਜ਼ਿਆਰਤ ਕਰਦੇ ਹਨ, ਦੀਦਾਰ ਕਰਦੇ ਹਨ, ਸਿਜਦੇ ਕਰਦੇ ਹਨ, ਸਿਰ ਨਿਵਾਂਦੇ ਹਨ, ਨਿਆਜ਼ਾਂ ਦੇਂਦੇ ਹਨ, ਤੇ ਅਨੇਕਾਂ ਦੁਨਿਆਵੀ ਬਰਕਤਾਂ ਮੰਗਦੇ ਹਨ।

ਇਸ ਤਰ੍ਹਾਂ ਖ਼ੁਦਾ-ਪ੍ਰਸਤ-ਲੋਕ ਭੀ, ਆਪਣੇ ਆਪ ਨੂੰ ਖ਼ੁਦਾ-ਪ੍ਰਸਤ ਸਮਝਣ ਵਾਲੇ ਲੋਕ ਭੀ, ਸਹਿਜੇ ਸਹਿਜੇ ਕਬਰ-ਪ੍ਰਸਤ ਬਣਦੇ ਜਾਂਦੇ ਹਨ।

ਜਦੋਂ ਤੋਂ ਹਿੰਦੁਸਤਾਨ ਵਿਚ ਇਸਲਾਮੀ ਰਾਜ ਸ਼ੁਰੂ ਹੋਇਆ, ਤਦੋਂ ਤੋਂ ਹੀ ਮੁਲਤਾਨ ਸ਼ਹਿਰ ਪੀਰਾਂ-ਫ਼ਕੀਰਾਂ ਦਾ ਗੜ੍ਹ ਬਣ ਗਿਆ, ਕਬਰਿਸਤਾਨ ਦਾ ਕੇਂਦਰ ਬਣ ਗਿਆ ਤੇ ਕਬਰਪ੍ਰਸਤੀ ਦਾ ਪ੍ਰੇਰਕ ਬਣ ਗਿਆ।

ਵੇਖੋ ਖ਼ਾਲਕ ਦੇ ਖੇਲ! ਆਪਣੇ ਆਪ ਨੂੰ ਖ਼ੁਦਾ-ਪ੍ਰਸਤ ਸਮਝਣ ਵਾਲੇ ਲੋਕ ਕਬਰ-ਪ੍ਰਸਤੀ ਵਿਚ ਕੋਈ ਭੈੜ ਨਹੀਂ ਸਨ ਸਮਝ ਰਹੇ। ਉਨ੍ਹਾਂ ਦੀ ਇਹ ਆਤਮਕ ਕਮਜ਼ੋਰੀ ਗੁਰੂ ਨਾਨਕ ਦੇਵ ਜੀ ਨੂੰ ਪ੍ਰੇਰ ਰਹੀ ਸੀ ਕਿ ਜਵਾਨੀ ਦੀ ਉਮਰ ਲੰਘ ਜਾਣ ਤੇ ਭੀ, ਇਕਾਹਠ-ਬਾਹਠ ਸਾਲਾਂ ਦੀ ਉਮਰੇ ਭੀ, ਕਰਤਾਰਪੁਰ ਤੋਂ ਫਿਰ ਦੋ ਢਾਈ ਸੌ ਮੀਲਾਂ ਦਾ ਲੰਮਾ ਸਫ਼ਰ ਕਰਨ। ਭਾਈ ਮਰਦਾਨਾ ਉਮਰੋਂ ਸਤਿਗੁਰੂ ਜੀ ਨਾਲੋਂ ਨੌਂ ਸਾਲ ਵੱਡਾ ਸੀ। ਉਹ ਭੀ ਨਾਲ ਹੀ। ਜਾਣ ਆਉਣ ਦਾ ਸਾਰਾ ਪੈਂਡਾ ਚਾਰ ਪੰਜ ਸੌ ਮੀਲ।

SIKHBOOKCLUB.COM

### ਸ਼ਮਸ ਤਬਰੇਜ਼

ਇਹ ਇਕ ਸੂਫ਼ੀ[1] ਫ਼ਕੀਰ ਸੀ। ਇਸ ਦਾ ਅਸਲ ਨਾਮ ਸੀ, 'ਮਖ਼ਦੂਮ ਸ਼ਾਹ ਸ਼ਮਸੁੱਦੀਨ'। ਇਸ ਦਾ ਜਨਮ ਸੰਨ ਹਿਜਰੀ ੫੬੦ ਦੇ ਮਹੀਨਾ ਰਜਬ

---

੧. ਸੂਫ਼ੀ—ਅਰਬੀ ਲਫ਼ਜ਼ ਸੂਫ਼ ਦਾ ਅਰਥ ਹੈ 'ਪਵਿੱਤ੍ਰਤਾ' ਅਤੇ ਉੱਨ। ਜੋ ਮਨੁੱਖ ਕੰਬਲ ਜਾਂ ਕੰਬਲ ਦੀ ਖ਼ਫ਼ਨੀ ਪਹਿਨੇ ਅਤੇ ਪਵਿੱਤ੍ਰਾਤਮਾ ਹੋਵੇ ਉਹ 'ਸੂਫ਼ੀ' ਹੈ। ਸੂਫ਼ੀ, ਮੁਸਲਮਾਨਾਂ ਦਾ ਇਕ ਫ਼ਿਰਕਾ ਹੈ, ਇਹ ਵੇਦਾਂਤ ਅਤੇ ਇਸਲਾਮ ਦੇ ਮੇਲ ਤੋਂ ਬਣਿਆ ਹੈ। ਇਸ ਮਤ ਦਾ ਖ਼ਾਸ ਬਹੁਤਾ ਪਰਚਾਰ ਈਸਵੀ ਤੇਰ੍ਹਵੀਂ ਸਦੀ ਦੇ ਸ਼ੁਰੂ ਵਿਚ 'ਬਹਾਉੱਦੀਨ ਸਾਮ' ਨੇ ਸ਼ੁਰੂ ਕੀਤਾ ਸੀ।

ਸੂਫ਼ੀਆਂ ਦੇ ਨਿਯਮ ਇਹ ਹਨ:

(ੳ) ਖ਼ੁਦਾ ਸਭ ਵਿਚ ਹੈ ਅਤੇ ਖ਼ੁਦਾ ਵਿਚ ਸਭ ਕੁਝ।

(ਅ) ਮਜ਼੍ਹਬ ਮੁਕਤੀ ਦਾ ਸਾਖਿਆਤ ਸਾਧਨ ਨਹੀਂ ਹੈ। ਇਹ ਤਾਂ ਸਿਰਫ਼ ਇਨਸਾਨੀ ਜੀਵਨ-ਯਾਤ੍ਰਾ ਦਾ ਇਕ ਤਰੀਕਾ ਹੈ।

(ੲ) ਇਹ ਸਾਰੀ ਜਗਤ-ਰਚਨਾ ਖ਼ੁਦਾ ਦੀ ਰਜ਼ਾ ਵਿਚ ਬਣੀ ਹੈ। ਉਸ ਦੀ ਪ੍ਰੇਰਨਾ ਤੋਂ ਬਿਨਾ ਮਨੁੱਖ ਕੁਝ ਨਹੀਂ ਕਰ ਸਕਦਾ।



WWW.SIKHBOOKCLUB.COM 

ਦੀ ੧੭ ਤਰੀਕ ਨੂੰ ਗਜ਼ਨੀ ਦੇ ਇਲਾਕੇ ਨਗਰ 'ਸਬਜ਼ਵਾਰ' ਵਿਚ ਹੋਇਆ ਸੀ।

ਸੂਫ਼ੀ ਸ਼ਮਸ-ਤਬਰੇਜ਼ ਆਪਣੇ ਵਤਨ ਤੋਂ ਚੱਲ ਕੇ ਹਿੰਦੁਸਤਾਨ ਵਿਚ ਪਹੁੰਚਿਆ। ਆਪਣੇ ਮਤ ਦਾ ਹੋਕਾ ਦੇਂਦਾ ਸ਼ਮਸ ਮੁਲਤਾਨ ਆ ਅੱਪੜਿਆ। ਮੁਲਤਾਨ ਸ਼ਹਿਰ ਸੀ ਕੱਟੜ ਮੁਸਲਮਾਨਾਂ ਦਾ ਗੜ੍ਹ, ਪੀਰਾਂ ਦਾ ਗੜ੍ਹ। ਸ਼ਮਸ ਦਾ 'ਅਨਲਹੱਕ' ਦਾ ਨਾਹਰਾ ਉਨ੍ਹਾਂ ਨੂੰ ਪਸੰਦ ਨਾ ਆਇਆ। ਉਨ੍ਹਾਂ ਨੂੰ ਇਹ ਕੁਫ਼ਰ ਜਾਪਿਆ। ਇਸਲਾਮੀ ਹਕੂਮਤ, ਇਸਲਾਮੀ ਸ਼ਰਹ ਅਨੁਸਾਰ ਚੱਲ ਰਹੀ ਸੀ। ਮੁਲਤਾਨ ਦੇ ਮੌਲਵੀਆਂ ਨੇ ਸ਼ਮਸ ਉੱਤੇ ਕੁਫ਼ਰ ਦਾ ਫ਼ਤਵਾ ਲਾ ਕੇ ਹਕੂਮਤ ਪਾਸੋਂ ਹੁਕਮ ਦਿਵਾ ਦਿੱਤਾ ਕਿ ਸ਼ਮਸ ਦੀ ਖੱਲ ਉਤਾਰ ਕੇ ਉਸ ਨੂੰ ਮੌਤ ਦੇ ਘਾਟ ਉਤਾਰਿਆ ਜਾਵੇ। ਸ਼ਮਸ ਨੇ ਹੱਸ ਕੇ ਮੌਤ ਕਬੂਲ ਕੀਤੀ।

---

☛ (ਸ) ਹੁਣ ਵਾਲਾ ਸਰੀਰ ਮਿਲਣ ਤੋਂ ਪਹਿਲਾਂ ਭੀ ਜੀਵਾਤਮਾ ਮੌਜੂਦ ਸੀ। ਉੱਚੇ ਆਤਮਕ ਜੀਵਨ ਦੀ ਬਰਕਤ ਨਾਲ ਇਹ ਜੀਵਾਤਮਾ ਖ਼ੁਦਾ ਵਿਚ ਲੀਨ ਹੋ ਜਾਂਦਾ ਹੈ।

(ਹ) ਜਦੋਂ ਪੂਰਾ ਗੁਰੂ ਮਨੁੱਖ ਉਤੇ ਕਿਰਪਾ ਕਰਦਾ ਹੈ, ਮਨੁੱਖ ਖ਼ੁਦਾ ਦੀ ਬੰਦਗੀ ਕਰਦਾ ਹੈ, ਤੇ ਇਸ ਦੀ ਬਰਕਤ ਨਾਲ ਖ਼ੁਦਾ ਨਾਲ ਇਕ-ਮਿਕ ਹੋ ਜਾਂਦਾ ਹੈ।

ਸੂਫ਼ੀ ਲੋਕ 'ਪਰਮ ਪਦ' ਦੇ ਸਫ਼ਰ ਦੀਆਂ ਚਾਰ ਮਨਜ਼ਲਾਂ ਮੰਨਦੇ ਹਨ ਅਤੇ ਆਤਮਕ ਜੀਵਨ ਦੇ ਜਗਿਆਸੂ ਮੁਸਾਫ਼ਰ ਨੂੰ 'ਸਾਲਿਕ' ਆਖਦੇ ਹਨ। ਉਹ ਚਾਰ ਮਨਜ਼ਲਾਂ ਇਹ ਹਨ :

(੧) 'ਨਾਸੂਤ' (ਇਨਸਾਨੀਅਤ)—ਇਹ ਸਾਲਿਕ ਦੀ ਪਹਿਲੀ ਮਨਜ਼ਲ ਹੈ। ਇਸ ਵਿਚ ਇਹ ਜ਼ਰੂਰੀ ਹੈ ਕਿ ਮਨੁੱਖ ਸ਼ਰੀਅਤ ਅਨੁਸਾਰ ਆਪਣਾ ਜੀਵਨ ਬਤੀਤ ਕਰੇ। ('ਸ਼ਰੀਅਤ')।

(੨) 'ਮਲਕੂਤ' (ਫ਼ਰਿਸ਼ਤਾ ਸੁਭਾਉ)—ਇਸ ਮਨਜ਼ਲ ਵਿਚ ਮਨੁੱਖ ਨੇ ਗੁਰੂ—ਮੁਰਸ਼ਿਦ ਦੇ ਦੱਸੇ ਹੋਏ ਤਰੀਕੇ ('ਤਰੀਕਤ') ਅਨੁਸਾਰ ਤੁਰਨਾ ਹੈ। ('ਤਰੀਕਤ')।

(੩) 'ਜਬਰੂਤ' (ਸ਼ਕਤਿ)—ਇਸ ਮਨਜ਼ਲ ਵਿਚ ਮਨੁੱਖ ਨੂੰ 'ਮਾਰਫ਼ਤ' (ਗਿਆਨ ਦੇ ਬਲ) ਦੀ ਪ੍ਰਾਪਤੀ ਹੁੰਦੀ ਹੈ। ('ਮਾਰਫ਼ਤ')।

(੪) ਫ਼ਨਾ (ਅਭਾਵ)—ਇਸ ਮਨਜ਼ਲ ਵਿਚ ਸਾਲਿਕ ਨੂੰ 'ਹਕੀਕਤ' ਦੀ ਪ੍ਰਾਪਤੀ ਹੁੰਦੀ ਹੈ, ਸਤਿ-ਸਰੂਪ ਪਰਮਾਤਮਾ ਦਾ ਮੇਲ ਪ੍ਰਾਪਤ ਹੁੰਦਾ ਹੈ, ਖ਼ੁਦਾ ਨਾਲ 'ਵਸਲ' (ਮਿਲਾਪ) ਪ੍ਰਾਪਤ ਹੋ ਜਾਂਦਾ ਹੈ, ਤੇ ਦੁਨੀਆ ਦੇ ਹੋਰ ਸਾਰੇ ਪਦਾਰਥਾਂ ਦੀ ਕਾਮਨਾ ਖ਼ਤਮ ਹੋ ਜਾਂਦੀ ਹੈ।

'ਮਾਰਫ਼ਤ' ਤੋਂ ਲੰਘ ਕੇ 'ਪਰਮ ਪਦ' ਤੇ ਪਹੁੰਚਿਆ ਸੂਫ਼ੀ ਮਸਤੀ ਜਿਹੀ ਦੀ ਹਾਲਤ ਵਿਚ ਕਦੇ ਕਦੇ ਕੂਕ ਉਠਦਾ ਹੈ 'ਅਨਲਹੱਕ' (ਮੈਂ ਰੱਬ ਹਾਂ)। ਇਸੇ ਤਰ੍ਹਾਂ ਵੇਦਾਂਤੀ ਸਾਧ ਭੀ ਕਹਿ ਦੇਂਦਾ ਹੈ 'ਅਹੰ ਬ੍ਰਹਮਾਸਿਮ' (ਮੈਂ ਬ੍ਰਹਮ ਹਾਂ)।

ਇਹ ਨਾਅਰਾ ਲਾਣ ਲੱਗਾ ਸੂਫ਼ੀ ਉਕਾਈ ਖਾ ਗਿਆ। ਸਮੁੰਦਰ ਵਿਚ ਪਹੁੰਚੀ ਹੋਈ ਬੂੰਦ ਨੇ ਆਪਾ ਭਾਵ ਮਿਟਾਣਾ ਹੈ, ਆਪਣੀ ਹਸਤੀ ਮੁਕਾ ਦੇਣੀ ਹੈ। ਉਥੇ 'ਮੈਂ' ਨਹੀਂ ਰਹਿ ਜਾਣੀ ਚਾਹੀਦੀ, ਉਥੇ 'ਤੂੰ ਹੈਂ ਤੂੰ', 'ਤੂੰ ਹੈਂ ਤੂੰ' ਹੋ ਜਾਣਾ ਚਾਹੀਦਾ ਹੈ।



WWW.SIKHBOOKCLUB.COM 

ਪਰ ਸ਼ਹੀਦ ਦੀ ਸ਼ਹਾਦਤ ਵਿਅਰਥ ਨਾ ਗਈ। ਮੁਲਤਾਨ ਵਿਚ ਉਸ ਦਾ ਆਲੀਸ਼ਾਨ ਮਕਬਰਾ[1] ਤਿਆਰ ਹੋ ਗਿਆ। ਅਨੇਕਾਂ ਮੁਸਲਮਾਨ ਤੇ ਹਿੰਦੂ ਸ਼ਮਸ ਦੇ ਸ਼ਰਧਾਲੂ ਬਣ ਗਏ, ਜਿਨ੍ਹਾਂ ਨੂੰ 'ਸ਼ਮਸੀ' ਆਖਿਆ ਜਾਣ ਲੱਗ ਪਿਆ। ਸ਼ਮਸ ਦੀ ਦਰਗਾਹ ਤੇ, ਸ਼ਮਸ ਦੇ ਮਕਬਰੇ ਤੇ, ਸ਼ਮਸ ਦੇ ਰੌਜ਼ੇ ਤੇ ਸਾਲ ਦੇ ਸਾਲ ਮੇਲਾ ਸ਼ੁਰੂ ਹੋ ਗਿਆ; ਜਿੱਥੇ ਉਸ ਦੇ ਮੁਰੀਦ ਮਕਬਰੇ ਦੀ ਜ਼ਿਆਰਤ ਕਰਦੇ ਹਨ, ਸਿਜਦਾ ਕਰਦੇ ਹਨ, ਨਿਆਜ਼ਾਂ ਦੇਂਦੇ ਹਨ, ਤੇ ਦੀਨੀ ਦੁਨਿਆਵੀ ਬਰਕਤਾਂ ਮੰਗਦੇ ਹਨ। ਖ਼ੁਦਾ-ਪ੍ਰਸਤ ਸ਼ਮਸ ਦੇ ਮੁਰੀਦ ਸਹਿਜ-ਸੁਭਾਏ ਗੋਰ-ਪ੍ਰਸਤੀ ਵਾਲੇ ਰਾਹੇ ਪੈ ਗਏ। ਇਹ ਸੀ ਉਨ੍ਹਾਂ ਦੀ ਇਕ ਹੋਰ ਉਕਾਈ।

ਸੰਨ ੧੫੩੦ ਵਿਚ ਹਿਜਰੀ ਸਾਲ ਦਾ ਰਜਬ ਮਹੀਨਾ ਈਸਵੀ ਦੇ ਮਹੀਨਾ ਮਈ ਵਿਚ ਸੀ। ਗੁਰੂ ਨਾਨਕ ਦੇਵ ਜੀ ਸ਼ਿਵਰਾਤ੍ਰੀ ਮੇਲੇ 'ਤੇ ਮਾਰਚ ੧੫੩੦ ਵਿਚ ਗਏ ਸਨ। ਹੋਰ ਦੋ ਮਹੀਨਿਆਂ ਨੂੰ ਸ਼ਮਸ ਤਬਰੇਜ਼ ਦੀ 'ਦਰਗਾਹ' ਦੀ ਜ਼ਿਆਰਤ ਦਾ ਦਿਨ ਆ ਰਿਹਾ ਸੀ। ਭਾਈ ਮਰਦਾਨੇ ਸਮੇਤ ਸਤਿਗੁਰੂ ਜੀ ਮੁਲਤਾਨ ਦੇ ਲੰਮੇ ਪੈਂਡੇ ਪੈ ਗਏ। ਮੁਲਤਾਨ ਪਹੁੰਚ ਕੇ ਸ਼ਮਸ ਦੇ ਰੌਜ਼ੇ ਵਿਚ ਹੀ ਜਾ ਡੇਰਾ ਕੀਤੋ ਨੇ। ਰੌਜ਼ੇ ਦੇ ਦੁਆਲੇ ਅਦਬ-ਸਤਿਕਾਰ ਵਜੋਂ ਹੀ ਛੋਟਾ ਜਿਹਾ ਬਗੀਚਾ ਭੀ ਬਣਾਇਆ ਜਾਂਦਾ ਹੈ। ਗੁਰੂ ਨਾਨਕ ਦੇਵ ਜੀ ਉਸ ਬਗੀਚੇ ਵਿਚ ਜਾ ਉਤਰੇ। ਸਾਰਾ ਹਿੰਦੁਸਤਾਨ, ਅਰਬ, ਈਰਾਨ, ਤੁਰਕਿਸਤਾਨ ਤੇ ਅਫ਼ਗਾਨਿਸਤਾਨ ਪੈਦਲ ਗਾਹ ਚੁਕੇ ਗੁਰੂ ਨਾਨਕ ਪਾਤਿਸ਼ਾਹ ਨੂੰ ਭਲਾ ਕੌਣ ਨਹੀਂ ਸੀ ਜਾਣਦਾ ? ਰੌਜ਼ੇ ਦੇ ਪੀਰ ਆਪਣੇ ਮੁਰਸ਼ਿਦ ਦੀ ਅਜ਼ਮਤ ਦੱਸਣ ਲਈ ਦੁੱਧ ਦਾ ਕਟੋਰਾ ਭਰ ਕੇ ਲੈ ਆਏ, ਕਿ ਸਾਡਾ ਮਤ ਦੁੱਧ ਵਰਗਾ ਚਿੱਟਾ ਬੇ-ਦਾਗ਼ ਜੀਵਨ ਜੀਊਣ ਦੀ ਜਾਚ ਸਿਖਾਂਦਾ ਹੈ। ਸਤਿਗੁਰੂ ਜੀ ਨੇ ਰੌਜ਼ੇ ਦੇ ਬਗੀਚੇ ਵਿਚੋਂ ਚੰਬੇਲੀ ਦਾ ਫੁੱਲ ਲੈ ਕੇ ਦੁੱਧ ਉੱਤੇ ਰੱਖ ਦਿੱਤਾ, ਕਿ ਬੇ-ਦਾਗ਼ ਜੀਵਨ ਜੀਊਣ ਲਈ ਜਗਤ ਦੀ ਮਾਇਆ ਤੋਂ ਇਉਂ ਉਤਾਂਹ ਰਹਿਣਾ ਹੈ ਜਿਵੇਂ ਇਹ ਫੁੱਲ ਦੁੱਧ ਉੱਤੇ ਤਾਰੀਆਂ ਲਾ ਰਿਹਾ ਹੈ। ਪਰ ਪੀਰ ਜੀ ! ਤੁਸੀ ਤਾਂ ਖ਼ੁਦਾ-ਪ੍ਰਸਤੀ ਛੱਡ ਕੇ ਕਬਰ-ਪ੍ਰਸਤੀ ਵਾਲੇ ਰਾਹੇ ਪੈ ਗਏ। ਫਿਰ ਗੰਗਾ ਨੇ ਸਮੁੰਦਰ ਵਿਚ ਪਹੁੰਚ ਕੇ ਆਪਾ-ਭਾਵ ਮਿਟਾਇਆ ਹੈ, ਅਨੇਕਾਂ ਨਦੀਆਂ-ਨਾਲੇ ਸਮੁੰਦਰ ਵਿਚ ਅੱਪੜ ਕੇ ਆਪਾ ਮੁਕਾ ਦੇਂਦੇ ਹਨ। ਇਸੇ ਤਰ੍ਹਾਂ ਖ਼ਾਲਕ ਵਿਚ, ਖ਼ੁਦਾ ਵਿਚ, ਬ੍ਰਹਮ ਵਿਚ ਪਹੁੰਚ ਕੇ 'ਮੈਂ ਹੱਕ ਹਾਂ, ਮੈਂ ਬ੍ਰਹਮ ਹਾਂ' ਨਹੀਂ

੧. ਸ਼ਮਸ ਤਬਰੇਜ਼ ਦਾ ਮਕਬਰਾ 'ਆਮ ਖ਼ਾਸ' ਬਾਗ਼ ਤੋਂ ਦੋ ਫ਼ਰਲਾਂਗ ਦੇ ਫ਼ਾਸਲੇ ਤੇ ਉੱਤਰ ਪਾਸੇ ਹੈ।

ਆਖਿਆ ਜਾ ਸਕਦਾ। ਉਥੇ ਤਾਂ 'ਤੂੰ ਹੀ ਤੂੰ', 'ਤੂੰ ਹੀ ਤੂੰ', 'ਤੂੰ ਹੀ ਤੂੰ' ਹੋ ਜਾਣਾ ਚਾਹੀਦਾ ਹੈ।

ਪੀਰਾਂ ਦੀ ਜਾਗ ਖੁਲ੍ਹ ਗਈ। ਉਨ੍ਹਾਂ ਨੂੰ ਆਪਣੀ ਉਕਾਈ ਦੀ ਸਮਝ ਆ ਗਈ। ਸ਼ਮਸ ਤਬਰੇਜ਼ ਦੇ ਮਕਬਰੇ ਦੇ ਪੀਰਾਂ ਗੁਰੂ ਨਾਨਕ ਦੇਵ ਜੀ ਦੇ ਪੰਜੇ ਦਾ ਨਿਸ਼ਾਨ[1] ਇਕ ਕਾਗਜ਼ ਉੱਤੇ ਲਵਾ ਲਿਆ। ਸਦੀਆਂ ਤੋਂ ਹੀ ਇਸਲਾਮੀ ਦੇਸਾਂ ਦੇ ਲੋਕ ਇਸ ਗੱਲ ਵਿਚ ਸੁਭਾਗਤਾ ਸਮਝਦੇ ਚਲੇ ਆ ਰਹੇ ਹਨ ਕਿ ਬਜ਼ੁਰਗਾਂ ਦਾ ਹੱਥ ਉਨ੍ਹਾਂ ਦੇ ਸਿਰ ਉੱਤੇ ਸਦਾ ਟਿਕਿਆ ਰਹੇ। ਕਈ ਲੋਕ ਤਾਂ ਬਜ਼ੁਰਗ ਦੀ ਮੌਤ ਤੋਂ ਪਿੱਛੋਂ ਉਸ ਦੇ ਜਿਸਮ ਨੂੰ ਦਫ਼ਨ ਕਰਨ ਤੋਂ ਪਹਿਲਾਂ ਉਸ ਦਾ ਹੱਥ ਕੱਟ ਕੇ ਬੜੀ ਇੱਜ਼ਤ ਨਾਲ ਆਪਣੇ ਘਰ ਵਿਚ ਸਾਂਭ ਰੱਖਦੇ ਸਨ। ਘਰ ਵਿਚ ਕਿਸੇ ਬੱਚੇ ਨੂੰ ਕੋਈ ਦੁੱਖ-ਦਰਦ ਵਾਪਰਨ ਤੇ ਉਸ ਦੇ ਸਿਰ ਉੱਤੇ ਬਜ਼ੁਰਗ ਦਾ ਸਾਂਭ ਕੇ ਰਖਿਆ ਹੋਇਆ ਹੱਥ ਫੇਰ ਦਿਆ ਕਰਦੇ ਸਨ।

ਭਾਈ ਗੁਰਦਾਸ ਜੀ ਨੇ ਪਹਿਲੀ ਵਾਰ ਦੀ ਪਉੜੀ ਨੰ: ੪੪ ਵਿਚ ਲਿਖਿਆ ਹੈ ਕਿ ਸ਼ਿਵਰਾਤਿ ਦੇ ਮੇਲੇ ਤੋਂ ਵਿਹਲੇ ਹੋ ਕੇ ਸਤਿਗੁਰੂ ਜੀ ਮੁਲਤਾਨ ਨੂੰ ਚੱਲ ਪਏ। ਆਪ ਲਿਖਦੇ ਹਨ:

**ਬਾਬੈ ਕੀਤੀ ਸਿੱਧਿ ਗੋਸ਼ਟਿ, ਸ਼ਬਦ ਸ਼ਾਂਤਿ ਸਿੱਧਾਂ ਵਿਚਿ ਆਈ।**
**ਜਿਣਿ ਮੇਲਾ ਸ਼ਿਵਰਾਤਿ ਦਾ, ਖਟ ਦਰਸਨ ਆਦੇਸੁ ਕਰਾਈ।**
**ਸਿੱਧ ਬੋਲਨਿ ਸ਼ੁਭ ਬਚਨ, ਧੰਨੁ ਨਾਨਕ ਤੇਰੀ ਵਡੀ ਕਮਾਈ।**
**ਵਡਾ ਪੁਰਖੁ ਪ੍ਰਗਟਿਆ, ਕਲਿਜੁਗ ਅੰਦਰ ਜੋਤਿ ਜਗਾਈ।**
**ਮੇਲਿਉਂ ਬਾਬਾ ਉੱਠਿਆ, ਮੁਲਤਾਨੇ ਦੀ ਜ਼ਿਆਰਤ ਜਾਈ।**
**ਅੱਗਹੁੰ ਪੀਰ ਮੁਲਤਾਨ ਦੇ, ਦੁੱਧ ਕਟੋਰਾ ਭਰਿ ਲੈ ਆਈ।**
**ਬਾਬੇ ਕੱਢਿ ਕਰਿ ਬਗਲ ਤੇ, ਚੰਬੇਲੀ ਦੁੱਧ ਵਿਚਿ ਮਿਲਾਈ।**
**ਜਿਉਂ ਸਾਗਰ ਵਿਚਿ ਗੰਗ ਮਿਲਾਈ।੪੪।**

ਮੁਲਤਾਨ ਤੋਂ ਸਤਿਗੁਰੂ ਜੀ ਮੰਜ਼ਲੋ-ਮੰਜ਼ਲ ਫਿਰ ਵਾਪਸ ਕਰਤਾਰਪੁਰ ਆ ਗਏ। ਇਹ ਜ਼ਿਕਰ ਹੈ ਸੰਨ ੧੫੩੦ ਦੇ ਜੁਲਾਈ ਦਾ।

---

੧. ਦੇਸ਼ ਵੰਡ ਤਕ, ਸੰਨ ੧੯੪੭ ਤਕ, ਇਹ ਪਤਾ ਚੱਲਦਾ ਹੈ ਕਿ ਸ਼ਮਸ ਤਬਰੇਜ਼ ਦੇ ਮਕਬਰੇ ਦੇ ਪੀਰ ਕਾਗਜ਼ ਉੱਤੇ ਲਵਾਏ ਗੁਰੂ ਨਾਨਕ ਦੇਵ ਜੀ ਦੇ ਪੰਜੇ ਨੂੰ ਹਰ ਸਾਲ ਸਿਆਹੀ ਲਾ ਕੇ ਕਾਇਮ ਰੱਖਦੇ ਰਹੇ ਸਨ।

## ਫਿਰ ਦੂਜੀ ਵਾਰੀ ਸਿਆਲਕੋਟ

ਅਸੀ ਪਿੱਛੇ ਵਿਚਾਰ ਕਰ ਚੁੱਕੇ ਹਾਂ ਕਿ ਗੁਰੂ ਨਾਨਕ ਦੇਵ ਜੀ ਰਾਵੀ ਚਿਨਾਬ ਦੇ ਵਿਚਕਾਰਲੇ ਇਲਾਕੇ ਵਿਚ ਕਈ ਵਾਰੀ ਜਾਂਦੇ ਰਹਿੰਦੇ ਸਨ।

ਮੁਲਤਾਨ ਵਲੋਂ ਵਾਪਸ ਆ ਕੇ ਸਤਿਗੁਰੂ ਜੀ ਫਿਰ ਰਾਵੀ ਤੋਂ ਪਹਾੜ ਪਾਸੇ ਦੇ ਪਿੰਡਾਂ ਵਿਚ ਚੱਕਰ ਲਾਣ ਲਈ ਚੱਲ ਪਏ। ਪਿੰਡਾਂ ਵਿਚੋਂ ਲੰਘਦੇ, ਆਪਣੇ ਪੁਰਾਣੇ ਬਣ ਚੁੱਕੇ ਸਤਸੰਗੀਆਂ ਨੂੰ ਕੀਰਤਨ ਦੀ ਰਾਹੀਂ ਪਰਮਾਤਮਾ ਦੀ ਸਿਫ਼ਤ-ਸਲਾਹ ਵਿਚ ਜੋੜਦੇ, ਸਿਆਲਕੋਟ ਸ਼ਹਿਰ ਪਹੁੰਚ ਗਏ। ਕਰਤਾਰਪੁਰ ਤੋਂ ਸਿਆਲਕੋਟ ਪੰਜਤਾਲੀ ਮੀਲਾਂ ਦੇ ਕਰੀਬ ਹੈ। ਪਹਿਲੀ ਵਾਰੀ ਇਥੇ ਤਦੋਂ ਆਏ ਸਨ ਜਦੋਂ ਵੈਸ਼ਨੋ ਦੇਵੀ ਦੇ ਮੰਦਰ ਦੀ ਯਾਤਰਾ ਦਾ ਸਮਾ ਸੀ, ਸੰਨ ੧੫੧੭ ਵਿਚ, ਦੂਜੀ ਉਦਾਸੀ ਸਮੇ। ਪੀਰ ਹਮਜ਼ਾ ਗੌਂਸ ਨੂੰ ਤਦੋਂ ਹੀ ਉਸ ਸ਼ਹਿਰ ਉੱਤੇ ਕਹਿਰ ਕਰਨੋਂ ਰੋਕਿਆ ਸੀ। ਪਾਠਕਾਂ ਨੂੰ ਚੇਤਾ ਹੋਵੇਗਾ ਕਿ ਉਸ ਸਮੇ ਇਕ ਦੁਕਾਨਦਾਰ ਮੂਲਾ ਸਤਿਗੁਰੂ ਜੀ ਦਾ ਸ਼ਰਧਾਲੂ ਬਣਿਆ ਸੀ। ਜਦੋਂ ਸਤਿਗੁਰੂ ਜੀ ਸਿਆਲਕੋਟ ਤੋਂ ਅਗਾਂਹ ਜੰਮੂ ਵਲ ਨੂੰ ਚੱਲ ਪਏ ਸਨ, ਤਦੋਂ ਮੂਲਾ ਭੀ ਕੁਝ ਦਿਨ ਉਨ੍ਹਾਂ ਦੇ ਨਾਲ ਰਿਹਾ ਸੀ।

ਭਾਵੇਂ ਸ਼ਹਿਰ ਵਿਚ ਕਈ ਸਾਲਾਂ ਪਿਛੋਂ ਆਏ ਸਨ, ਫਿਰ ਭੀ ਸਤਿਗੁਰੂ ਜੀ ਦੇ ਕਈ ਨਾਮ-ਲੇਵਾ ਮੌਜੂਦ ਸਨ, ਜੋ ਕਦੇ ਕਦੇ ਕਰਤਾਰਪੁਰ ਪਹੁੰਚ ਕੇ ਸਤਸੰਗ ਵਿਚੋਂ ਆਤਮਕ ਅਨੰਦ ਮਾਣ ਆਇਆ ਕਰਦੇ ਸਨ। ਉਨ੍ਹਾਂ ਸਤਸੰਗੀਆਂ ਨੇ ਸਿਆਲਕੋਟ ਸ਼ਹਿਰ ਵਿਚ ਭੀ ਸਤਸੰਗ ਦਾ ਪਰਚਾ ਬਣਾ ਰੱਖਿਆ ਸੀ। ਸਤਿਗੁਰੂ ਜੀ ਦੇ ਉਥੇ ਅੱਪੜਨ ਨਾਲ ਉਸ ਸਤਸੰਗ ਵਿਚ ਬਹੁਤ ਰੌਣਕ ਬਣਨ ਲੱਗ ਪਈ। ਕੁਝ ਦਿਨ ਸਤਿਗੁਰੂ ਜੀ ਸ਼ਹਿਰ ਵਿਚ ਟਿਕੇ ਰਹੇ।

ਪਰ ਗੁਰੂ ਨਾਨਕ ਦੇਵ ਜੀ ਦਾ ਪੁਰਾਣਾ ਸ਼ਰਧਾਲੂ ਮੂਲਾ ਉਥੇ ਕਦੇ ਨਾ ਆਇਆ। ਇਹ ਜਗਤ ਬੜੀ ਤਿਲ੍ਹਕਣ-ਬਾਜ਼ੀ ਹੈ। ਮਨ ਤਿਲ੍ਹਕਦਿਆਂ ਚਿਰ ਨਹੀਂ ਲਗਦਾ। ਉਹ ਮੂਲਾ, ਜਿਸ ਨੇ ਕਦੇ ਇਹ ਆਖਿਆ ਸੀ ਕਿ ਜੀਊਣਾ ਝੂਠ ਤੇ ਮਰਨਾ ਸੱਚ ਹੈ, ਅੱਜ ਨਿਰੀ ਮਾਇਆ ਜੋੜਨ ਨੂੰ ਹੀ ਸੱਚਾ ਰਸਤਾ ਮੰਨ ਬੈਠਾ ਸੀ। ਮਾਇਆ ਨੇ ਉਸ ਨੂੰ ਇਤਨਾ ਗ੍ਰਸਿਆ ਕਿ ਮੂਲਾ ਕਦੇ ਸਤਸੰਗ ਦੇ ਨੇੜੇ ਭੀ ਨਹੀਂ ਸੀ ਢੁਕਦਾ।

ਮੂਲੇ ਨੂੰ ਕਦੇ ਭੀ ਆਇਆ ਨਾ ਵੇਖ ਕੇ ਸਤਿਗੁਰੂ ਜੀ ਨੇ ਭਾਈ ਮਰਦਾਨੇ



WWW.SIKHBOOKCLUB.COM 

ਨੂੰ ਉਸ ਦੇ ਘਰ ਭੇਜਿਆ। ਸਤਿਗੁਰੂ ਜੀ ਹੁਣ ਗੁੱਝੇ-ਛਿਪੇ ਤਾਂ ਹੈ ਹੀ ਨਹੀਂ ਸਨ। ਸਾਰੇ ਸ਼ਹਿਰ ਵਿਚ ਲੋਕਾਂ ਨੂੰ ਉਨ੍ਹਾਂ ਦੇ ਉਥੇ ਆਉਣ ਦਾ ਪਤਾ ਸੀ। ਪਰ ਮੰਦ-ਭਾਗੀ ਮੂਲਾ! ਵਹੁਟੀ ਨਾਲ ਪਹਿਲਾਂ ਹੀ ਸਲਾਹ ਕਰ ਚੁੱਕਾ ਹੋਇਆ ਸੀ ਕਿ ਜੇ ਸਤਿਗੁਰੂ ਜੀ ਆਪ ਆਉਣ ਜਾਂ ਭਾਈ ਮਰਦਾਨਾ ਹੀ ਆਵੇ, ਤਾਂ ਉਨ੍ਹਾਂ ਨੂੰ ਮਿਲਣਾ ਹੀ ਨਹੀਂ। ਕੀ ਲੈਣਾ ਹੈ ਫ਼ਕੀਰਾਂ ਤੋਂ ਦੁਨੀਆਦਾਰਾਂ ਨੇ? ਠੀਕ ਹੈ, ਮਾਇਆ-ਗ੍ਰਸੇ ਮੰਦ-ਭਾਗੀ ਨੂੰ ਸਤਸੰਗ ਵਿਚ ਜਾਣਾ ਵਿਹਲੜਾਂ ਦਾ ਹੀ ਕੰਮ ਜਾਪਦਾ ਹੈ।

ਮੂਲੇ ਦੀ ਵਹੁਟੀ ਨੇ ਘਰੋਂ ਬਾਹਰ ਨਿਕਲ ਕੇ ਭਾਈ ਮਰਦਾਨੇ ਨੂੰ ਆਖ ਦਿੱਤਾ ਕਿ ਉਹ ਘਰ ਨਹੀਂ ਹੈ ਤੇ ਮੂਲਾ ਆਪਣੇ ਅੰਦਰ ਲੁਕ ਗਿਆ। ਪਰ ਰੰਗ ਕਰਤਾਰ ਦੇ! ਦਿਨ ਸਨ ਅਜੇ ਗਰਮੀਆਂ ਦੇ ਹੀ, ਘੁੰਮੇ ਦੇ ਹੀ। ਮੂਲੇ ਨੂੰ ਅੰਦਰੋਂ ਸੱਪ ਨੇ ਡੰਗ ਦਿੱਤਾ, ਜਿਸ ਨਾਲ ਉਥੇ ਹੀ ਉਸ ਦੀ ਮੌਤ ਹੋ ਗਈ। ਨਿਰੀ ਮਾਇਆ ਨੂੰ ਹੀ ਜ਼ਿੰਦਗੀ ਦਾ ਨਿਸ਼ਾਨਾ ਬਣਾ ਚੁਕਿਆ ਮੂਲਾ ਘੜੀਆਂ ਪਲਾਂ ਵਿਚ ਉਸ ਮਾਇਆ ਨੂੰ ਛੱਡ ਤੁਰਿਆ।

ਗੁਰੂ ਨਾਨਕ ਦੇਵ ਜੀ ਨੂੰ ਇਸ ਘਟਨਾ ਦੀ ਖ਼ਬਰ ਮਿਲੀ। ਉਨ੍ਹਾਂ ਨੇ ਸਤਸੰਗੀਆਂ ਨੂੰ ਸਮਝਾਇਆ ਕਿ ਨਿਰੀ ਮਾਇਆ ਕਮਾਣੀ ਹੀ ਜੀਵਨ-ਮਨੋਰਥ ਨਹੀਂ ਬਣਾਣਾ। ਇਹ ਮਾਇਆ ਪਰਮਾਤਮਾ ਨਾਲੋਂ ਵਿੱਥ ਪਾ ਦੇਂਦੀ ਹੈ, ਸਤਸੰਗੀਆਂ ਵਿਚ ਭੀ ਨਹੀਂ ਬੈਠਣ ਦੇਂਦੀ। ਪਰ ਇਹ ਆਪ ਭੀ ਮਿੱਤਰ ਨਹੀਂ ਬਣਦੀ। ਦਰਗਾਹੀ ਸੱਦਾ ਆਉਣ ਤੇ ਜੀਵ ਅਗਾਂਹ ਨੂੰ ਤੁਰ ਪੈਂਦਾ ਹੈ, ਤੇ ਮਾਇਆ ਇਥੇ ਹੀ ਧਰੀ ਰਹਿ ਜਾਂਦੀ ਹੈ।

ਵੇਖੋ ਤਰਸ ਭਰਪੂਰ ਦਿਲ ਗੁਰੂ ਨਾਨਕ ਪਾਤਿਸ਼ਾਹ ਦਾ! ਰੁੜ੍ਹਦੇ ਨੂੰ ਰੁੜ੍ਹਨ ਨਹੀਂ ਦਿੱਤਾ। ਜੇ ਮੂਲਾ, ਮਾਇਆ-ਗ੍ਰਸਿਆ ਮੂਲਾ, ਸਤਸੰਗ ਤੋਂ ਮੂੰਹ ਮੋੜ ਚੁੱਕਾ ਸੀ, ਤਾਂ ਉਸ ਨੂੰ ਬਚਾਣ ਲਈ ਭਾਈ ਮਰਦਾਨੇ ਨੂੰ ਉਸ ਦੇ ਘਰ ਉਚੇਚਾ ਭੇਜਿਆ। ਪਰ ਮਰਦਾਨੇ ਨੇ ਉਸ ਦੀ ਮੌਤ ਦੀ ਖ਼ਬਰ ਆ ਸੁਣਾਈ। ਮੌਤ ਭੀ ਹਸਰਤ-ਭਰੀ ਮੌਤ। ਗੁਰੂ ਨਾਨਕ ਪਾਤਿਸ਼ਾਹ ਦਾ ਕਦੇ ਸਤਸੰਗੀ ਮੂਲਾ ਮਾਇਆ-ਸਪਣੀ ਦਾ ਡੰਗਿਆ ਜਿੰਦ ਗਵਾ ਗਿਆ। ਜਗਤ ਵਿਚ ਅਨੇਕਾਂ ਆਏ, ਤੇ ਆਪੋ ਆਪਣੀ ਵਾਰੀ ਇਥੋਂ ਤੁਰ ਪਏ। ਸਭ ਨੇ ਇਥੋਂ ਜਾਣਾ ਹੈ। ਪਰ ਪਾਤਿਸ਼ਾਹ ਨੇ ਦੁਨੀਆ ਛੱਡ ਗਏ ਮੂਲੇ ਨੂੰ ਭੀ ਆਇਆ-ਗਿਆ ਨਹੀਂ ਕਰ ਦਿੱਤਾ। ਡੂੰਘੇ ਦਿਲ ਵਿਚੋਂ ਮੂਲੇ ਵਾਸਤੇ ਤਰਸ ਇਉਂ ਪਰਗਟ ਕੀਤੋ ਨੇ:



WWW.SIKHBOOKCLUB.COM 

**ਨਾਲਿ ਕਿਰਾੜਾ ਦੋਸਤੀ, ਕੂੜੈ ਕੂੜੀ ਪਾਇ॥**
**ਮਰਣੁ ਨਾ ਜਾਪੈ ਮੂਲਿਆ, ਆਵੈ ਕਿਤੈ ਥਾਇ॥**

*(ਸਲੋਕ ਵਾਰਾਂ ਤੋਂ ਵਧੀਕ*

ਦੁਖੀਆਂ ਦਾ ਦਰਦ ਵੰਡਣ ਆਏ ਪਾਤਿਸ਼ਾਹ ਦੇ ਧੁਰ ਅੰਦਰੋਂ ਨਿਕਲਿਆ ਹੋਇਆ ਇਹ ਪੀੜ-ਭਰਿਆ-ਬਾਣ ਰਹਿੰਦੀ ਦੁਨੀਆ ਤਕ ਦੁਨੀਆਦਾਰਾਂ ਨੂੰ ਖ਼ਬਰ ਕਰਦਾ ਰਹੇਗਾ।

ਸਿਆਲਕੋਟ ਕੁਝ ਦਿਨ ਠਹਿਰ ਕੇ ਗੁਰੂ ਨਾਨਕ ਦੇਵ ਜੀ ਭਾਈ ਮਰਦਾਨੇ ਸਮੇਤ ਵਾਪਸ ਕਰਤਾਰਪੁਰ ਆ ਗਏ।

SIKHBOOKCLUB.COM

੬

# ਬਾਬਾ ਲਹਿਣਾ ਜੀ, ਗੁਰਿਆਈ ਦੇਣੀ ਤੇ ਜੋਤੀ ਜੋਤਿ

## ਬਾਬਾ ਲਹਿਣਾ ਜੀ ਸ਼ਰਨ ਆਏ

ਬਾਬਾ ਲਹਿਣਾ ਜੀ ਦਾ ਜਨਮ ਤਾਂ ਪਿੰਡ 'ਨਾਂਗੇ ਦੀ ਸਰਾਂ' ਜ਼ਿਲਾ ਫ਼ਿਰੋਜ਼ਪੁਰ ਵਿਚ ੩੧ ਮਾਰਚ, ਸੰਨ ੧੫੦੪ ਨੂੰ ਹੋਇਆ ਸੀ, ਪਰ ਦੇਸ ਵਿਚ ਬੇ-ਅਮਨੀ ਦੇ ਕਾਰਨ ਬਾਬਾ ਲਹਿਣਾ ਜੀ ਦੇ ਪਿਤਾ ਬਾਬਾ ਫੇਰੂ ਜੀ ਆਪਣੇ ਸਾਰੇ ਪਰਵਾਰ ਨੂੰ ਲੈ ਕੇ ਸੰਨ ੧੫੨੪ ਵਿਚ ਖਡੂਰ ਆ ਗਏ ਸਨ। ਇਸ ਨਗਰ ਵਿਚ ਬਾਬਾ ਲਹਿਣਾ ਜੀ ਦੀ ਸ਼ਾਦੀ ੧੫ ਸਾਲਾਂ ਦੀ ਉਮਰੇ ਸੰਨ ੧੫੧੯ ਵਿਚ ਹੋਈ ਸੀ।

ਖਡੂਰ ਤੋਂ ਕਰਤਾਰਪੁਰ ਕੋਈ ਪੰਜਾਹ ਮੀਲਾਂ ਦੀ ਵਿੱਥ ਤੇ ਹੈ। ਤਿੰਨ ਵੱਡੀਆਂ 'ਉਦਾਸੀਆਂ' ਮੁਕਾ ਕੇ ਗੁਰੂ ਨਾਨਕ ਦੇਵ ਜੀ ਸੰਨ ੧੫੨੧ ਵਿਚ ਕਰਤਾਰਪੁਰੇ ਆ ਟਿਕੇ ਸਨ। ਪਰ ਦੁਆਲੇ ਦੇ ਪਿੰਡਾਂ-ਨਗਰਾਂ ਦੇ ਲੋਕਾਂ ਵਿਚ ਆਪਣੇ ਖ਼ਿਆਲਾਂ ਦਾ ਪਰਚਾਰ ਕਰਨ ਲਈ ਦੂਰ ਨੇੜੇ ਚੱਕਰ ਲਾਂਦੇ ਹੀ ਰਹਿੰਦੇ ਸਨ। ਖਡੂਰ ਵਿਚ ਇਕ ਭਾਈ ਜੋਧਾ ਉਨ੍ਹਾਂ ਦਾ ਸ਼ਰਧਾਲੂ ਬਣ ਚੁੱਕਾ ਸੀ। ਸੰਨ ੧੫੩੨ ਵਿਚ ਬਾਬਾ ਲਹਿਣਾ ਜੀ ਨੇ ਪਹਿਲਾਂ-ਪਹਿਲ ਭਾਈ ਜੋਧੇ ਤੋਂ ਗੁਰੂ ਨਾਨਕ ਦੇਵ ਜੀ ਦੇ ਸ਼ਬਦ ਸੁਣੇ। ਸ਼ਾਇਦ ਇਹ ਪਹਿਲਾ ਹੀ ਮੌਕਾ ਹੋਵੇ ਜਦੋਂ ਉਹਨਾਂ ਨੇ ਪਰਮਾਤਮਾ ਦੀ ਸਿਫ਼ਤ-ਸਲਾਹ ਅਤੇ ਰੱਬੀ ਜੀਵਨ ਦੇ ਉਪਦੇਸ਼ ਆਪਣੀ ਮਾਤ ਬੋਲੀ ਵਿਚ ਸੁਣੇ ਹੋਣ। ਮਨ ਨੂੰ ਬਾਣੀ ਦੀ ਖਿੱਚ ਪਈ। ਭਾਈ ਜੋਧੇ ਤੋਂ ਗੁਰੂ ਨਾਨਕ ਦੇਵ ਜੀ ਦਾ ਪਤਾ ਪੁੱਛ ਕੇ ਆਪਣੇ ਮਨ ਵਿਚ ਫ਼ੈਸਲਾ ਕੀਤੋ ਨੇ ਕਿ ਐਤਕੀ ਦੇਵੀ ਦੇ ਦਰਸ਼ਨ ਨੂੰ ਜਾਂਦਿਆਂ ਰਸਤੇ ਵਿਚ ਉਹਨਾਂ ਦੇ ਦਰਸ਼ਨ ਭੀ ਕਰਨੇ ਹਨ। ਲੋਕ ਵੈਸ਼ਨੋ ਦੇਵੀ ਦੇ ਮੰਦਰ ਅੱਸੂ ਕਤਕ ਵਿਚ



WWW.SIKHBOOKCLUB.COM 

ਜਾਂਦੇ ਹਨ। ਬਾਬਾ ਲਹਿਣਾ ਜੀ ਵੈਸ਼ਨੋ ਦੇਵੀ ਦੇ ਭਗਤ ਸਨ। ਇਹ ਜਾਗ ਇਹਨਾਂ ਨੂੰ ਆਪਣੇ ਪਿਤਾ ਬਾਬਾ ਫੇਰੂ ਜੀ ਤੋਂ ਲੱਗੀ ਸੀ।

'ਸੰਗ' ਦੇ ਨਾਲ ਬਾਬਾ ਲਹਿਣਾ ਜੀ ਅਕਤੂਬਰ-ਨਵੰਬਰ ਸੰਨ ੧੫੩੨ ਵਿਚ ਜੰਮੂ ਨੂੰ ਜਾਂਦੇ ਹੋਏ ਰਾਹ ਵਿਚ ਕਰਤਾਰਪੁਰ ਠਹਿਰੇ। ਸਤਿਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਕੀਤੇ ਨੇ। ਦਿਲ ਨੂੰ ਅਜਿਹੀ ਖਿੱਚ ਪਈ ਕਿ ਉਥੇ ਹੀ ਰਹਿ ਪਏ। ਸਾਥੀ-ਯਾਤਰੂਆਂ ਦੀ ਅਗਾਂਹ ਜਾਣ ਦੀ ਪ੍ਰੇਰਨਾ ਕੋਈ ਅਸਰ ਨਾ ਕਰ ਸਕੀ। ਬਹਾਰ ਮੁੰਜੀ ਦੀ ਫ਼ਸਲ ਦੀ ਹੁੰਦੀ ਹੈ। ਰਾਵੀ ਤੋਂ ਪਾਰ ਕਰਤਾਰਪੁਰ ਦੇ ਨਾਲ ਦੇ ਇਲਾਕੇ ਵਿਚ ਲੋਕ ਮੁੰਜੀ ਬਹੁਤ ਬੀਜਦੇ ਹਨ।

## ਗੁਰੂ ਨਾਨਕ ਦੇਵ ਜੀ ਦੀ ਸੰਗਤ

ਕਾਰ-ਵਿਹਾਰ ਵਿਚੋਂ ਵਕਤ ਕੱਢ ਕੇ ਬਾਬਾ ਲਹਿਣਾ ਜੀ ਕਰਤਾਰਪੁਰ ਜਾਣ ਲੱਗ ਪਏ ਅਤੇ ਗੁਰੂ ਨਾਨਕ ਸਾਹਿਬ ਭੀ ਰਾਵੀ ਬਿਆਸ ਦੇ ਵਿਚਕਾਰਲੇ ਇਲਾਕੇ ਦੇ ਪਿੰਡਾਂ ਦੀ ਕਿਸਾਨ ਵੱਸੋਂ ਵਿਚ ਪਰਚਾਰ ਕਰਦੇ ਬਹੁਤ ਵਾਰੀ ਖਡੂਰ ਬਾਬਾ ਲਹਿਣਾ ਜੀ ਪਾਸ ਆਉਣ ਲੱਗ ਪਏ। ਬਾਬਾ ਲਹਿਣਾ ਜੀ ਦੇ ਵੱਡੇ ਸਾਹਿਬਜ਼ਾਦੇ ਬਾਬਾ ਦਾਤੂ ਜੀ ਜਿਉਂ ਜਿਉਂ ਘਰ ਦੇ ਕੰਮ ਨੂੰ ਸਾਂਭਦੇ ਗਏ, ਤਿਉਂ ਤਿਉਂ ਬਾਬਾ ਲਹਿਣਾ ਜੀ ਕਰਤਾਰਪੁਰ ਵਧੀਕ ਠਹਿਰਨ ਲੱਗ ਪਏ।

## ਬਾਬਾ ਲਹਿਣਾ ਜੀ ਦੇ ਜੀਵਨ ਵਿਚ ਤਬਦੀਲੀ

ਸਿੰਮ੍ਰਿਤੀਆਂ ਦੇ ਧਰਮ ਅਨੁਸਾਰ ਹਿੰਦੂ ਕੌਮ ਚਾਰ ਵਰਨਾਂ ਵਿਚ ਵੰਡੀ ਹੋਈ ਸੀ। ਸੂਦਰਾਂ ਨੂੰ ਬਹੁਤ ਨੀਵੇਂ ਸਮਝਿਆ ਜਾਂਦਾ ਸੀ। ਮੰਦਰਾਂ ਵਿਚ ਜਾਣ ਦੀ ਉਨ੍ਹਾਂ ਨੂੰ ਆਗਿਆ ਨਹੀਂ ਸੀ। ਇਸ ਤਾਲੀਮ ਦਾ ਅਸਰ ਇਹ ਸੀ ਕਿ ਉੱਚ ਜਾਤੀ ਦਾ ਕੋਈ ਹਿੰਦੂ ਜਿਤਨਾ ਹੀ ਵਧੀਕ ਧਰਮੀ ਅਤੇ ਮੰਦਰਾਂ ਵਿਚ ਜਾਣ ਦਾ ਅਭਿਆਸੀ ਹੁੰਦਾ ਸੀ, ਉਤਨਾ ਹੀ ਵਧੀਕ ਉਹ ਸੁੱਚ-ਭਿੱਟ ਦਾ ਧਿਆਨ ਰੱਖਦਾ ਸੀ ਅਤੇ ਸ਼ੂਦਰਾਂ ਤੋਂ ਨਫ਼ਰਤ ਕਰਦਾ ਸੀ। ਆਪਣੇ ਇਸ ਰਵੱਈਏ ਵਿਚ ਉਸ ਨੂੰ ਕੋਈ ਭੈੜ ਨਹੀਂ ਸੀ ਜਾਪਦਾ। ਬਾਬਾ ਲਹਿਣਾ ਜੀ ਪਹਿਲਾਂ ਵੈਸ਼ਨੋ ਦੇਵੀ ਦੇ ਪੱਕੇ ਸ਼ਰਧਾਲੂ ਸਨ, ਹਰ ਸਾਲ ਉਸ ਦੇ ਮੰਦਰ ਦੀ ਯਾਤ੍ਰਾ ਕਰਦੇ ਸਨ। ਸ਼ੂਦਰਾਂ ਸੰਬੰਧੀ ਇਨ੍ਹਾਂ ਦਾ ਰਵੱਈਆ ਭੀ ਹਿੰਦੂ-ਧਰਮ

੧. ਵਿਸਥਾਰ ਨਾਲ ਇਹ ਸਾਰਾ ਬਿਰਤਾਂਤ ਗੁਰੂ ਅੰਗਦ ਦੇਵ ਜੀ ਦੇ ਜੀਵਨ ਵਿਚ ਪੜ੍ਹੋ।



WWW.SIKHBOOKCLUB.COM 

ਅਨੁਸਾਰ ਹੀ ਹੋ ਸਕਦਾ ਸੀ। ਗੁਰੂ ਨਾਨਕ ਦੇਵ ਜੀ ਦੇ ਦ੍ਰਿਸ਼ਟੀਕੋਣ ਤੋਂ ਮਨੁੱਖਤਾ ਵਿਚ ਇਹ ਸਭ ਤੋਂ ਵੱਡਾ ਐਬ ਸੀ। ਸੋ, ਸਤਿਗੁਰੂ ਜੀ ਨੇ ਬਾਬਾ ਲਹਿਣਾ ਜੀ ਦੇ ਜੀਵਨ ਨੂੰ ਇਨਸਾਨੀ ਪਿਆਰ ਦੇ ਨਵੇਂ ਸੱਚੇ ਵਿਚ ਢਾਲਣਾ ਸ਼ੁਰੂ ਕੀਤਾ। ਸੰਨ ੧੫੩੨ ਤੋਂ ਸੰਨ ੧੫੩੯ ਤਕ ਸੱਤ ਸਾਲ ਬਾਬਾ ਲਹਿਣਾ ਜੀ ਨੂੰ ਗੁਰੂ ਨਾਨਕ ਦੇਵ ਜੀ ਦੀ ਸੰਗਤ ਹਾਸਲ ਰਹੀ।

ਉੱਚ ਜਾਤੀਏ ਲੋਕ ਨੀਵੀਂ ਜਾਤ ਵਾਲਿਆਂ ਤੋਂ ਇਸ ਵਾਸਤੇ ਨੱਕ ਮਰੋੜਦੇ ਸਨ ਕਿ ਉਨ੍ਹਾਂ ਗ਼ਰੀਬਾਂ ਨੂੰ ਆਪਣੀ ਰੋਜ਼ੀ ਕਮਾਣ ਲਈ ਗੰਦੇ-ਮੰਦੇ ਕੰਮ ਕਰਨੇ ਪੈਂਦੇ ਸਨ। ਗੁਰੂ ਨਾਨਕ ਦੇਵ ਜੀ ਨੇ ਬਾਬਾ ਲਹਿਣਾ ਜੀ ਦੇ ਦਿਲ ਵਿਚ ਗ਼ਰੀਬਾਂ ਵਾਸਤੇ ਪਿਆਰ ਭਰਨ ਲਈ ਉਨ੍ਹਾਂ ਤੋਂ ਕਈ ਵਾਰੀ ਉਹੀ ਕੰਮ ਕਰਾਏ ਜੋ ਹਿੰਦੂ ਨਿਯਮਾਵਲੀ ਅਨੁਸਾਰ ਸਿਰਫ਼ ਸ਼ੂਦਰਾਂ ਨੂੰ ਹੀ ਕਰਨੇ ਪੈਂਦੇ ਸਨ। ਸੱਤ ਸਾਲਾਂ ਦੇ ਸਮੇ ਵਿਚ ਸੈਂਕੜੇ ਅਜਿਹੇ ਅਵਸਰ ਬਣੇ ਹੋਣਗੇ। ਪਰ ਸਿੱਖ-ਇਤਿਹਾਸ ਨੇ ਉਨ੍ਹਾਂ ਬਾਰੇ ਵੰਨਗੀ ਵਜੋਂ ਹੀ ਕੁਝ ਕੁ ਸਾਖੀਆਂ ਦੱਸੀਆਂ ਹਨ :

੧. ਮੁੰਜੀ ਦੇ ਖੇਤਾਂ ਵਿਚੋਂ ਪੱਠਿਆਂ ਦੀਆਂ ਭਰੀਆਂ ਚੁੱਕਣੀਆਂ। ਕਿਸਾਨ ਲੋਕ ਇਹ ਕੰਮ ਉਨ੍ਹਾਂ ਪਾਸੋਂ ਕਰਾਂਦੇ ਸਨ ਜਿਨ੍ਹਾਂ ਨੂੰ ਚੂਹੜੇ ਆਖਿਆ ਜਾਂਦਾ ਸੀ।

੨. ਗੰਦੇ ਪਾਣੀ ਦੇ ਟੋਏ ਵਿਚੋਂ ਕਟੋਰਾ ਕੱਢਣਾ।

੩. ਧਰਮਸਾਲਾ ਵਿਚੋਂ ਮੋਈ ਹੋਈ ਚੂਹੀ ਬਾਹਰ ਸੁੱਟਣੀ।

੪. ਸਿਆਲੀ ਰਾਤੇ ਵਰਖਾ ਨਾਲ ਢਹਿ ਚੁਕੀ ਧਰਮਸਾਲਾ ਦੀ ਕੰਧ ਬਣਾਣੀ।

੫. ਸਿਆਲ ਵਿਚ ਅੱਧੀ ਰਾਤੇ, ਦਰਿਆ ਰਾਵੀ ਤੋਂ ਕੱਪੜੇ ਧੋਣ ਜਾਣਾ।

੬. ਮੁਰਦਾਰ ਖਾਣ ਲਈ ਪ੍ਰੇਰਨਾ।

## ਇਕ ਬ੍ਰਹਮਚਾਰੀ ਆਇਆ

ਸਾਰੇ ਹਿੰਦੁਸਤਾਨ ਵਿਚ ਅਤੇ ਗੁਆਂਢ ਦੇ ਇਸਲਾਮੀ ਦੇਸਾਂ ਵਿਚ, ਲੰਮੇ ਚੱਕਰ ਲਾ ਆਉਣ ਕਰਕੇ ਮਜ਼ਹਬੀ ਦੁਨੀਆ ਵਿਚ ਗੁਰੂ ਨਾਨਕ ਦੇਵ ਜੀ ਦੀ ਬਹੁਤ ਪ੍ਰਸਿੱਧਤਾ ਹੋ ਚੁਕੀ ਸੀ। ਕਰਤਾਰਪੁਰ ਵਿਚ ਨਿੱਤ ਕੋਈ ਨਾ ਕੋਈ ਪਰਦੇਸੀ ਆਏ ਹੀ ਰਹਿੰਦੇ ਸਨ, ਕੋਈ ਜੀਵਨ-ਪੰਧ ਦੇ ਜਗਿਆਸੂ ਅਤੇ ਕੋਈ ਸ਼ਾਸਤ੍ਰਾਰਥ ਕਰਨ ਦੇ ਚਾਹਵਾਨ।



WWW.SIKHBOOKCLUB.COM 

ਇਕ ਵਾਰੀ ਇਕ ਬ੍ਰਹਮਚਾਰੀ ਪੰਡਿਤ ਕਰਤਾਰਪੁਰ ਆਇਆ। ਉਸ ਦੇ ਨਾਲ ਉਸ ਦੇ ਪੰਜ ਸੱਤ ਵਿਦਿਆਰਥੀ ਭੀ ਸਨ। ਬ੍ਰਹਮਚਾਰੀ ਪੰਡਿਤ ਸ਼ਾਸਤ੍ਰ ਆਦਿਕ ਹਿੰਦੂ-ਧਰਮ ਦੇ ਪੁਸਤਕਾਂ ਦਾ ਚੰਗਾ ਵਿਦਵਾਨ ਸੀ। ਹਿੰਦੁਸਤਾਨ ਵਿਚ ਅਨੇਕਾਂ ਧਰਮ-ਅਸਥਾਨਾਂ ਤੇ ਪਹੁੰਚ ਕੇ ਸ਼ਾਸਤ੍ਰ-ਵੇਤਾ ਪੰਡਿਤਾਂ ਨਾਲ ਸ਼ਾਸਤ੍ਰਾਰਥ ਕਰਦਾ ਚਲਾ ਆ ਰਿਹਾ ਸੀ।

ਕਸ਼ਮੀਰ ਨੂੰ ਜਾ ਰਹੇ ਇਹ ਬ੍ਰਹਮਚਾਰੀ ਜੀ ਗੁਰੂ ਨਾਨਕ ਦੇਵ ਜੀ ਦੀ ਸੋਭਾ ਸੁਣ ਕੇ ਕਰਤਾਰਪੁਰ ਭੀ ਆਪਣੇ ਵਿਦਿਆਰਥੀਆਂ ਸਮੇਤ ਆਏ। ਜਦੋਂ ਉਨ੍ਹਾਂ ਦਾ ਭੋਜਨ ਛਕਣ ਦਾ ਵਕਤ ਹੋਇਆ, ਤਾਂ ਉਨ੍ਹਾਂ ਕੱਚੀ ਰਸਦ ਦੀ ਮੰਗ ਕੀਤੀ। ਗੁਰੂ ਕੇ ਲੰਗਰ ਉੱਤੇ ਇਹ ਇਤਰਾਜ਼ ਕੀਤੋ ਨੇ ਕਿ ਲੰਗਰ ਵਿਚ ਸ਼ਾਸਤ੍ਰਾਂ ਦੀ ਪੂਰੀ ਮਰਯਾਦਾ ਨਾਲ ਭੋਜਨ ਤਿਆਰ ਨਹੀਂ ਹੁੰਦਾ।

ਬ੍ਰਹਮਚਾਰੀ ਨੂੰ ਲੋੜ ਅਨੁਸਾਰ ਰਸਦ ਦਿੱਤੀ ਗਈ। ਵਿਦਿਆਰਥੀਆਂ ਨੇ ਪਹਿਲਾਂ ਬਾਲਣ ਵਾਲੀਆਂ ਲੱਕੜਾਂ ਪਾਣੀ ਨਾਲ ਧੋਤੀਆਂ। ਫਿਰ ਚੌਕਾ ਤਿਆਰ ਕਰਨ ਵਾਸਤੇ ਉਹ ਰਾਵੀ ਦੇ ਕੰਢੇ ਇਕ ਥਾਂ ਤੋਂ ਥੋੜੀ ਥੋੜੀ ਓਪਰੀ ਮਿੱਟੀ ਪੁੱਟ ਕੇ ਥਾਂ ਸਾਫ਼ ਕਰਨ ਲੱਗੇ। ਪਰ ਉਥੋਂ ਹੱਡੀਆਂ ਨਿਕਲ ਆਈਆਂ। ਉਹ ਥਾਂ ਛੱਡ ਕੇ ਉਨ੍ਹਾਂ ਹੋਰ ਥਾਂ ਸਾਫ਼ ਕਰਨ ਦਾ ਆਹਰ ਕੀਤਾ। ਪਰ ਉਥੋਂ ਭੀ ਕੁਝ ਅਜਿਹੀਆਂ ਹੀ ਚੀਜ਼ਾਂ ਨਿਕਲ ਆਈਆਂ, ਜੋ ਸਾਫ਼ ਚੌਕੇ ਦੇ ਰਾਹ ਵਿਚ ਰੁਕਾਵਟ ਹੀ ਸਨ। ਬ੍ਰਹਮਚਾਰੀ ਦੇ ਵਿਦਿਆਰਥੀਆਂ ਨੇ ਪੰਜ ਸੱਤ ਥਾਂ ਤੇ ਪਵਿੱਤਰ ਚੌਕਾ ਬਣਾਣ ਦਾ ਜਤਨ ਕੀਤਾ, ਪਰ ਹਰ ਥਾਂ ਕੋਈ ਨਾ ਕੋਈ ਅਪਵਿੱਤਰ ਚੀਜ਼ ਨਿਕਲਦੀ ਹੀ ਆਈ। ਇਤਨੀ ਖੇਚਲ ਨਾਲ ਉਹ ਵਿਚਾਰੇ ਹੰਭ ਗਏ। ਉਧਰੋਂ ਭੁੱਖ ਨੇ ਭੀ ਉਨ੍ਹਾਂ ਨੂੰ ਵਿਆਕੁਲ ਕਰ ਦਿੱਤਾ। ਹਾਰ ਕੇ ਹਿੰਮਤ ਛੱਡ ਦਿੱਤੀਓ ਨੇ। ਤੇ, ਗੁਰੂ ਕੇ ਜਿਸ ਲੰਗਰ ਤੋਂ ਪਹਿਲਾਂ ਨਫ਼ਰਤ ਕਰ ਰਹੇ ਸਨ, ਉਥੇ ਹੀ ਆ ਕੇ ਉਦਰ-ਪੂਰਨਾ ਕੀਤੀਓ ਨੇ।

ਬ੍ਰਹਮਚਾਰੀ ਜੀ ਨੇ ਵਿਦਿਆਰਥੀਆਂ ਸਮੇਤ ਗੁਰੂ ਨਾਨਕ ਦੇਵ ਜੀ ਦਾ ਦਰਸ਼ਨ ਕੀਤਾ। ਸਤਿਗੁਰੂ ਜੀ ਨੂੰ ਚੌਕਾ ਤਿਆਰ ਕਰਨ ਬਾਰੇ ਉਨ੍ਹਾਂ ਦੀ ਸਾਰੇ ਦਿਨ ਦੀ ਵਿਅਰਥ ਖੇਚਲ ਦਾ ਪਤਾ ਲੱਗਾ, ਤਾਂ ਉਨ੍ਹਾਂ ਬ੍ਰਹਮਚਾਰੀ ਤੇ ਉਸ ਦੇ ਵਿਦਿਆਰਥੀਆਂ ਨੂੰ ਸਮਝਾਇਆ ਕਿ ਇਨਸਾਨੀ ਜੀਵਨ ਦੇ ਪੈਂਡੇ ਵਿਚ ਆਤਮਕ ਜੀਵਨ ਦੀ ਪਵਿੱਤਰਤਾ ਦੀ ਲੋੜ ਹੈ। ਪਰਮਾਤਮਾ ਦੇ ਦਰ ਤੇ ਸੁੱਚੇ ਹਿਰਦੇ ਨੂੰ ਆਦਰ ਮਿਲਦਾ ਹੈ, ਤੇ ਹਿਰਦਾ ਤਦੋਂ ਹੀ ਪਵਿੱਤਰ ਹੋ ਸਕਦਾ ਹੈ ਜੇ ਮਨੁੱਖ ਜੀਵਨ ਨੂੰ ਪਵਿੱਤਰ ਕਰਨ ਵਾਲੇ ਹਰੀ-ਨਾਮ ਵਿਚ ਜੁੜੇ। ਜੇ ਇਹ



WWW.SIKHBOOKCLUB.COM 

ਨਹੀਂ, ਤਾਂ ਬੇਸ਼ਕ ਸਭ ਤੋਂ ਉੱਤਮ ਧਾਤ ਸੋਨੇ ਦਾ ਚੌਂਕਾ ਬਣਾ ਲਵੋ, ਉਸ ਦੇ ਦੁਆਲੇ ਚਾਂਦੀ ਦੀਆਂ ਲਕੀਰਾਂ ਪਾ ਲਵੋ, ਭੋਜਨ ਤਿਆਰ ਕਰਨ ਵਾਸਤੇ ਗੰਗਾ ਦਾ ਪਵਿੱਤਰ ਜਲ ਵਰਤੋ, ਸੁੱਚੀ ਅਣਵਰਤੀ ਅੱਗ ਬਾਲੋ, ਦੁੱਧ ਵਿਚ ਰਲਾ ਕੇ ਵਧੀਆ ਚਾਵਲਾਂ ਦੀ ਖੀਰ ਬਣਾਓ। ਇਹੋ ਜਿਹਾ ਕੋਈ ਭੋਜਨ ਪਰਮਾਤਮਾ ਦੀ ਹਜ਼ੂਰੀ ਵਿਚ ਕੋਈ ਮੁੱਲ ਨਹੀਂ ਰੱਖਦਾ।

ਜੇ ਹਿਰਦਾ ਪਵਿੱਤਰ ਨਹੀਂ, ਤਾਂ ਅਠਾਰ੍ਹਾਂ ਪੁਰਾਣ ਤੇ ਚਾਰੇ ਵੇਦ ਜ਼ਬਾਨੀ ਯਾਦ ਕੀਤੇ ਹੋਏ ਭੀ ਕਿਸੇ ਅਰਥ ਨਹੀਂ। ਤੀਰਥਾਂ ਦੇ ਇਸ਼ਨਾਨ, ਤੇ ਹਰ ਰੋਜ਼ ਕੀਤੇ ਹੋਏ ਕਈ ਕਿਸਮਾਂ ਦੇ ਵਰਤ ਭੀ ਕੋਈ ਮਦਦ ਨਹੀਂ ਕਰਦੇ। ਪਰਮਾਤਮਾ ਦੀ ਦਰਗਾਹ ਵਿਚ ਤਾਂ ਆਤਮਕ ਜੀਵਨ ਦੀ ਕਦਰ ਪੈਂਦੀ ਹੈ। ਕਿਸੇ ਭੀ ਧਰਮ ਦਾ, ਮਜ਼੍ਹਬ ਦਾ, ਧਾਰਮਿਕ ਭੇਖ ਦਾ, ਵੱਡੇ ਤੋਂ ਵੱਡਾ ਨਾਮ ਰਖਾਇਆਂ ਭੀ ਪਰਮਾਤਮਾ ਦੇ ਦਰ ਤੇ ਕੋਈ ਪੁੱਛ-ਪ੍ਰਤੀਤ ਨਹੀਂ ਹੁੰਦੀ। ਜਗਤ ਦੀਆਂ ਨਜ਼ਰਾਂ ਵਿਚ ਭੀ ਆਦਰ-ਸਤਿਕਾਰ ਉੱਚੇ ਜੀਵਨ ਨੂੰ ਹੀ ਮਿਲਦਾ ਹੈ।

ਇਹ ਸਿੱਧੀ-ਪੱਧਰੀ ਗੱਲ ਬ੍ਰਹਮਚਾਰੀ ਅਤੇ ਉਸ ਦੇ ਚੇਲਿਆਂ ਦੇ ਮਨ ਲੱਗੀ। ਬ੍ਰਹਮਚਾਰੀ ਨੇ ਆਪਣੀ ਵਿੱਦਿਆ ਦਾ ਮਾਣ ਅਤੇ ਕਰਮ-ਕਾਂਡ ਦਾ ਆਸਰਾ ਛੱਡ ਕੇ ਗੁਰੂ ਨਾਨਕ ਦੇਵ ਜੀ ਤੋਂ ਸਹੀ ਜੀਵਨ ਦੀ ਜਾਚ ਸਿਖੀ। ਕਸ਼ਮੀਰ ਵਿਚ ਜਾ ਕੇ ਉਸ ਨੇ ਇਸ ਨਵੇਂ ਸਿਖੇ ਜੀਵਨ-ਰਾਹ ਦਾ ਪਰਚਾਰ ਕਰਨਾ ਆਪਣੀ ਜ਼ਿੰਦਗੀ ਦਾ ਆਹਰ ਬਣਾ ਲਿਆ। ਸਿਖ-ਇਤਿਹਾਸ ਲਿਖਦਾ ਹੈ ਕਿ ਪੁਣਛ ਦੇ ਇਲਾਕੇ ਵਿਚ ਉਸ ਪੰਡਿਤ ਜੀ ਦੀ ਸੰਤਾਨ ਨੇ ਸਿਖ-ਧਰਮ ਦਾ ਪਰਚਾਰ ਜਾਰੀ ਰੱਖਿਆ।

## ਸਤਸੰਗ ਦੀ ਮਹਿਮਾ

ਜਿਵੇਂ ਰੋਜ਼ੀ ਦੀ ਖ਼ਾਤਰ ਮਨੁੱਖ ਨੂੰ ਸਾਰੀ ਉਮਰ ਹੀ ਘੋਲ ਘੁਲਣਾ ਪੈਂਦਾ ਹੈ, ਤਿਵੇਂ ਆਤਮਕ ਜੀਵਨ ਦੇ ਰਸਤੇ ਵਿਚ ਭੀ ਅਨੇਕਾਂ ਹੀ ਠੇਡੇ ਲੱਗਦੇ ਰਹਿੰਦੇ ਹਨ। ਜਿਸ ਮਨੁੱਖ ਨੇ ਆਤਮਕ ਜੀਵਨ ਦੀ ਸੂਝ ਹਾਸਲ ਕਰਨੀ ਹੁੰਦੀ ਹੈ ਉਸ ਨੂੰ ਸਦਾ ਹੀ ਸੁਚੇਤ ਰਹਿਣ ਦੀ ਲੋੜ ਪੈਂਦੀ ਹੈ।

ਦੁਨੀਆ ਦੀ ਕਿਰਤ-ਕਾਰ ਵਿਚ ਕਾਮਯਾਬ ਹੋਣ ਲਈ ਇਹ ਜ਼ਰੂਰੀ ਹੁੰਦਾ ਹੈ ਕਿ ਮਨੁੱਖ ਪਹਿਲਾਂ ਕਿਸੇ ਸਿਆਣੇ ਪਾਸੋਂ ਜਾਚ ਸਿਖੇ, ਕਿਸੇ ਦਾ ਸ਼ਗਿਰਦ ਪਏ। ਇਸੇ ਤਰ੍ਹਾਂ ਆਤਮਕ ਜੀਵਨ ਦੀਆਂ ਗੁੰਝਲਾਂ ਸਮਝਣ ਲਈ



WWW.SIKHBOOKCLUB.COM 

ਭੀ ਮਨੁੱਖ ਨੂੰ ਕਿਸੇ ਸਿਆਣੇ ਦੀ ਅਗਵਾਈ ਦੀ ਲੋੜ ਪੈਂਦੀ ਹੈ।

ਆਤਮਕ ਜੀਵਨ ਦੇ ਰਾਹ ਦੇ ਪਾਂਧਾਊ ਦੁਨੀਆ ਵਿਚ ਬੜੇ ਥੋੜੇ ਹੁੰਦੇ ਹਨ। ਇਸ ਪੈਂਡੇ ਦੀਆਂ ਉਲਝਣਾਂ ਨੂੰ ਸਮਝਣ ਵਾਲਾ ਜਿਥੇ ਭੀ ਕੋਈ ਮਹਾਂ ਪੁਰਖ ਆ ਟਿਕਦਾ ਹੈ, ਇਹ ਕੁਦਰਤੀ ਹੈ ਕਿ ਇਸ ਸੌਦੇ ਦੇ ਲੋੜਵੰਦ ਉਸ ਕੋਲ ਜਾ ਕੇ ਪੁੱਛਦੇ ਰਿਹਾ ਕਰਨ।

ਜਿਹੜਾ ਮਨੁੱਖ ਦਿਨ ਰਾਤ ਮਾਇਆ ਦੇ ਧੰਦਿਆਂ ਵਿਚ ਗਲਤਾਨ ਰਹਿੰਦਾ ਹੈ, ਉਸ ਨੂੰ ਜੀਵਨ ਦਾ ਉਹੀ ਰਸਤਾ ਠੀਕ ਜਾਪਦਾ ਹੈ। ਜਿਹੜੇ ਬੰਦੇ ਦੁਨੀਆ ਦੀ ਕਿਰਤ-ਕਾਰ ਵਿਚੋਂ ਕੁਝ ਸਮਾ ਕੱਢ ਕੇ ਸਤਸੰਗ ਵਿਚ ਭੀ ਜਾਣ, ਉਸ ਮਾਇਆਧਾਰੀ ਦੀਆਂ ਨਜ਼ਰਾਂ ਨੂੰ ਉਹ ਬੰਦੇ ਕੁਝ ਵੇਹਲੜ ਜਿਹੇ ਲੱਗਦੇ ਹਨ। ਉਸ ਨੂੰ ਇਉਂ ਜਾਪਦਾ ਹੈ ਕਿ ਇਹ ਬੰਦੇ ਕਿਰਤ-ਕਾਰ ਵਲ ਪੂਰਾ ਧਿਆਨ ਨਹੀਂ ਦੇ ਰਹੇ।

ਕਰਤਾਰਪੁਰ ਗੁਰੂ ਨਾਨਕ ਦੇਵ ਜੀ ਦੀ ਬਰਕਤ ਨਾਲ ਸਤਸੰਗ ਦਾ ਕੇਂਦਰ ਬਣ ਗਿਆ ਸੀ। ਇਥੇ ਆਤਮਕ ਵਸਤ ਦੇ ਕਈ ਵਪਾਰੀ ਸਦਾ ਆਏ ਹੀ ਰਹਿੰਦੇ ਸਨ। ਸਿੱਖ-ਇਤਿਹਾਸ ਲਿਖਦਾ ਹੈ ਕਿ ਇਕ ਵਾਰੀ ਇਕ ਉਹ ਬੰਦਾ ਭੀ ਇਥੇ ਆ ਪਹੁੰਚਿਆ ਜਿਸ ਨੂੰ ਦੁਨੀਆ ਦੇ ਕਾਰ-ਵਿਹਾਰ ਵਿਚੋਂ ਕਦੇ ਵਿਹਲ ਨਹੀਂ ਸੀ ਮਿਲਦਾ। ਇਥੋਂ ਦੇ ਸਤਸੰਗੀ ਉਸ ਨੂੰ ਵਿਹਲੜ ਜਿਹੇ ਜਾਪਣ ਲੱਗੇ। ਕੁਦਰਤੀ ਗੱਲ ਸੀ ਇਹ। ਕਿਤੇ ਉਹ ਆਪਣਾ ਇਹ ਖ਼ਿਆਲ ਕਰਤਾਰਪੁਰ ਆਏ ਕਿਸੇ ਹੋਰ ਨੂੰ ਭੀ ਦੱਸ ਬੈਠਾ। ਉਸ ਦੇ ਭਾਗ ਜਾਗੇ, ਤੇ ਉਸ ਨੂੰ ਸਤਿਗੁਰੂ ਜੀ ਦੇ ਚਰਨਾਂ ਤਕ ਅੱਪੜਨ ਦਾ ਭੀ ਮੌਕਾ ਮਿਲਿਆ। ਫਿਰ ਗੱਲ ਚੱਲ ਪਈ ਸਤਸੰਗੀਆਂ-ਸੰਤ-ਜਨਾਂ ਦੀ। ਗੁਰੂ ਨਾਨਕ ਦੇਵ ਜੀ ਨੇ ਉਸ ਨੂੰ ਪੁੱਛਿਆ ਕਿ ਤੈਨੂੰ ਇਹ ਸੰਤ-ਜਨ ਕਿਹੋ ਜਿਹਾ ਜਾਪਦੇ ਹਨ। ਕਹਿਣ ਲੱਗਾ—ਖ਼ੱਸ ਜੀ, ਉਨ੍ਹਾਂ ਸਾਹਨਾਂ ਵਰਗੇ ਹੀ, ਜੋ ਪਿੰਡਾਂ ਵਿਚ ਵਿਹਲੇ ਫਿਰਦੇ ਲੋਕਾਂ ਦੀਆਂ ਫ਼ਸਲਾਂ ਖਾਂਦੇ ਰਹਿੰਦੇ ਹਨ। ਸਤਿਗੁਰੂ ਜੀ ਨੇ ਪ੍ਰੇਰਨਾ ਕਰ ਕੇ ਉਸ ਨੂੰ ਕੁਝ ਦਿਨ ਉਥੇ ਅਟਕਾ ਲਿਆ। ਉਹ ਦੁਨੀਆਦਾਰ ਮਨੁੱਖ ਉਥੇ ਸਤਸੰਗ ਵਿਚ ਵਕਤ ਗੁਜ਼ਾਰਨ ਲੱਗ ਪਿਆ। ਪੰਜ ਸੱਤ ਦਿਨਾਂ ਪਿੱਛੋਂ ਸਤਿਗੁਰੂ ਜੀ ਨੇ ਉਸ ਨੂੰ ਸੱਦ ਭੇਜਿਆ। ਪੁੱਛਣ ਤੇ ਉਸ ਨੇ ਕਿਹਾ ਕਿ ਇਹ ਸੰਤ-ਜਨ ਹੁਣ ਮੈਨੂੰ ਪਿੰਡਾਂ ਦੇ ਪੈਂਚਾਂ ਵਰਗੇ ਦਿਸਦੇ ਹਨ। ਕੁਝ ਦਿਨ ਹੋਰ ਉਸ ਨੂੰ ਉਥੇ ਟਿਕਾ ਲਿਆ ਗਿਆ। ਚਾਰ ਕੁ ਦਿਨ ਬੀਤਣ ਤੇ ਉਸ ਨੇ ਉਸੇ ਪ੍ਰਸ਼ਨ ਦੇ ਉੱਤਰ ਵਿਚ ਕਿਹਾ—ਜੀ, ਇਹ ਸੰਤ-ਜਨ ਤਾਂ ਦੇਵਤੇ ਹਨ ਦੇਵਤੇ। ਆਖ਼ਰ



WWW.SIKHBOOKCLUB.COM 

ਹੋਰ ਇਕ ਹਫ਼ਤਾ ਉਥੇ ਟਿਕ ਕੇ ਉਸ ਆਖਿਆ ਕਿ ਇਹ ਲੋਕ ਤਾਂ ਰੱਬ ਦਾ ਰੂਪ ਹਨ।

ਸਤਿਗੁਰੂ ਜੀ ਨੇ ਉਸ ਨੂੰ ਤੇ ਉਥੇ ਇਕੱਠੀ ਹੋਈ ਸੰਗਤ ਨੂੰ ਸਮਝਾਇਆ ਕਿ ਸਾਧ-ਸੰਗਤ ਕਰਨ ਦਾ ਇਹ ਫਲ ਮਿਲਦਾ ਹੈ। ਮਨੁੱਖ ਦੀ ਪਹਿਲੀ ਪਸ਼ੂ-ਬ੍ਰਿਤੀ ਬਦਲ ਕੇ ਮਨੁੱਖ-ਬ੍ਰਿਤੀ ਬਣਦੀ ਹੈ। ਫਿਰ ਦੇਵਤਾ-ਬ੍ਰਿਤੀ ਬਣ ਜਾਂਦੀ ਹੈ, ਤੇ ਆਖ਼ਰ ਸਤਸੰਗ ਦੀ ਬਰਕਤ ਨਾਲ ਮਨੁੱਖ ਨੂੰ ਹਰ ਪਾਸੇ ਪਰਮਾਤਮਾ ਹੀ ਦਿੱਸਣ ਲੱਗ ਪੈਂਦਾ ਹੈ।

## ਮੋਈ ਬਿੱਲੀ ਖੂਹ ਵਿਚ

ਅਨੇਕਾਂ ਹੀ ਜਗਿਆਸੂ ਕਰਤਾਰਪੁਰ ਆ ਕੇ ਆਪਣੇ ਆਤਮਕ ਜੀਵਨ ਦੇ ਸਫ਼ਰ ਵਿਚ ਆ ਰਹੀਆਂ ਔਖਿਆਈਆਂ ਦੂਰ ਕਰਨ ਦੇ ਉਪਾਉ ਸਤਿਗੁਰੂ ਜੀ ਤੋਂ ਪੁੱਛਦੇ ਰਹਿੰਦੇ ਸਨ। ਸਤਿਗੁਰੂ ਜੀ ਆਪਣੀ ਬਾਣੀ ਦੀ ਰਾਹੀਂ ਜਾਂ ਸਧਾਰਨ ਗੱਲ-ਬਾਤ ਦੀ ਰਾਹੀਂ ਉਨ੍ਹਾਂ ਦੀ ਤਸੱਲੀ ਕਰਾਇਆ ਕਰਦੇ ਸਨ। ਸਿੱਖ-ਇਤਿਹਾਸ ਨੇ ਇਕ ਅਜਿਹੇ ਜਗਿਆਸੂ ਦਾ ਸੰਖੇਪ ਜਿਹਾ ਹਾਲ ਦਿੱਤਾ ਹੈ।

ਇਕ ਸਿੱਖ ਨੇ ਆ ਕੇ ਗੁਰੂ ਨਾਨਕ ਦੇਵ ਜੀ ਤੋਂ ਪੁੱਛਿਆ—ਪਾਤਿਸ਼ਾਹ! ਮੈਂ ਬਾਣੀ ਤਾਂ ਹਰ ਰੋਜ਼ ਪੜ੍ਹਦਾ ਹਾਂ, ਸਿਮਰਨ ਭੀ ਕਰਨ ਦਾ ਜਤਨ ਕਰਦਾ ਰਹਿੰਦਾ ਹਾਂ, ਪਰ ਮਨ ਫਿਰ ਭੀ ਭਟਕਦਾ ਹੀ ਫਿਰਦਾ ਹੈ। ਅਜੇ ਤਕ ਸ਼ਾਂਤੀ ਨਹੀਂ ਮਿਲੀ।

ਸਤਿਗੁਰੂ ਜੀ ਨੇ ਇਕ ਨਿੱਕਾ ਜਿਹਾ ਸੁਆਦਲਾ ਦ੍ਰਿਸ਼ਟਾਂਤ ਉਸ ਨੂੰ ਸੁਣਾ ਕੇ ਉਸ ਦਾ ਭੁਲੇਖਾ ਦੂਰ ਕੀਤਾ। ਕਹਿਣ ਲੱਗੇ—ਕਿਸੇ ਪਿੰਡ ਵਿਚ ਇਕ ਖੂਹੀ ਸੀ, ਜਿਸ ਤੋਂ ਸਾਰੇ ਵਸਨੀਕ ਪਾਣੀ ਭਰਿਆ ਕਰਦੇ ਸਨ। ਇਕ ਦਿਨ, ਰਾਤ ਵੇਲੇ ਇਕ ਬਿੱਲੀ ਖੂਹੀ ਵਿਚ ਡਿੱਗ ਕੇ ਖੂਹੀ ਵਿਚ ਹੀ ਮਰ ਗਈ। ਪਾਣੀ ਵਿਚੋਂ ਦੁਰਗੰਧ ਆਉਣ ਲੱਗ ਪਈ। ਲੋਕ ਬੜੇ ਹੈਰਾਨ ਕਿ ਪਾਣੀ ਨੂੰ ਕੀ ਹੋ ਗਿਆ। ਪਿੰਡ ਦੇ ਸਭ ਤੋਂ ਸਿਆਣੇ ਬਜ਼ੁਰਗ ਕੋਲ ਗਏ। ਉਸ ਨੇ ਕਿਹਾ ਕਿ ਰਲ ਕੇ ਖੂਹੀ ਦਾ ਸਾਰਾ ਗੰਦਾ ਹੋਇਆ ਪਾਣੀ ਬਾਹਰ ਕੱਢ ਦਿਉ। ਲੋਕਾਂ ਇਹੀ ਕੀਤਾ। ਪਰ ਬਣਿਆ ਕੁਝ ਨਾ। ਆਖ਼ਰ ਬਜ਼ੁਰਗ ਨੂੰ ਖੂਹੀ ਉੱਤੇ ਲੈ ਆਏ। ਉਸ ਨੇ ਖੂਹੀ ਵਿਚ ਝਾਤ ਮਾਰ ਕੇ ਲੋਕਾਂ ਨੂੰ ਦੱਸਿਆ ਕਿ ਖੂਹੀ ਵਿਚ ਡਿੱਗ



WWW.SIKHBOOKCLUB.COM 

ਕੇ ਮਰੀ ਹੋਈ ਬਿੱਲੀ ਤਾਂ ਅਜੇ ਖੂਹੀ ਵਿਚ ਹੀ ਹੈ। ਜਦ ਤਕ ਇਹ ਮੋਈ ਬਿੱਲੀ ਖੂਹੀ ਦੇ ਅੰਦਰ ਪਈ ਹੈ, ਪਾਣੀ ਗੰਦਾ ਹੁੰਦਾ ਹੀ ਰਹੇਗਾ। ਸੋ, ਇਸ ਮੋਈ ਬਿੱਲੀ ਨੂੰ ਬਾਹਰ ਕੱਢੋ, ਤੇ ਫਿਰ ਉਹ ਪਾਣੀ ਭੀ ਕੱਢੋ ਜੋ ਗੰਦਾ ਹੋ ਚੁੱਕਾ ਹੈ।

ਮੋਈ ਬਿੱਲੀ ਲੋਕਾਂ ਬਾਹਰ ਕੱਢੀ। ਇਹ ਸੀ ਬਦਬੂ ਦਾ ਮੂਲ।

ਜਿਹੜਾ ਕੰਮ ਉਹ ਮੋਈ ਬਿੱਲੀ ਖੂਹੀ ਵਿਚ ਕਰ ਰਹੀ ਸੀ, ਉਹ ਗੰਦ 'ਹਉਮੈ' ਮਨੁੱਖ ਦੇ ਅੰਦਰ ਖਿਲਾਰਦੀ ਰਹਿੰਦੀ ਹੈ। ਹਉਮੈ ਅਤੇ ਆਤਮਕ ਸ਼ਾਂਤੀ ਦੋਵੇਂ ਇੱਕੋ ਥਾਂ ਮਨ ਵਿਚ ਟਿਕੀਆਂ ਨਹੀਂ ਰਹਿ ਸਕਦੀਆਂ।

## ਬਾਬਾ ਬੁੱਢਾ ਜੀ

ਮਾਪਿਆਂ ਨੇ ਇਨ੍ਹਾਂ ਦਾ ਨਾਮ 'ਬੂੜਾ' ਰੱਖਿਆ ਸੀ। ਬੂੜਾ ਜੀ ਦਾ ਜਨਮ ੭ ਕੱਤਕ ਸੰਮਤ ੧੫੭੬ (ਅਕਤੂਬਰ ਸੰਨ ੧੫੧੯) ਨੂੰ ਪਿੰਡ ਕੱਥੂ ਨੰਗਲ (ਜ਼ਿਲਾ ਅੰਮ੍ਰਿਤਸਰ) ਵਿਚ ਹੋਇਆ ਸੀ। ਰੰਧਾਵਾ ਗੋਤ ਦੇ ਜੱਟ-ਘਰ ਵਿਚ। ਬੂੜਾ ਛੋਟੀ ਉਮਰੇ ਬੱਕਰੀਆਂ ਚਾਰਿਆ ਕਰਦਾ ਸੀ। ਜਿਵੇਂ ਹੁਣ ਭੀ ਕਈ ਥਾਈਂ ਜ਼ਿਮੀਦਾਰਾਂ ਦੇ ਬਾਰ੍ਹਾਂ ਚੌਦ੍ਹਾਂ ਸਾਲਾਂ ਦੀ ਉਮਰ ਦੇ ਮੁੰਡੇ ਪਿੰਡਾਂ ਵਿਚ ਇਹੀ ਕੰਮ ਕਰਦੇ ਹਨ। ਗੁਰੂ ਨਾਨਕ ਦੇਵ ਜੀ ਰਾਵੀ ਤੋਂ ਉਰਾਰ ਕਈ ਵਾਰੀ ਆਇਆ ਕਰਦੇ ਸਨ। ਇਕ ਵਾਰੀ ਕੱਥੂ ਨੰਗਲ ਆਏ। ਬੂੜੇ ਦੀ ਉਮਰ ਤਦੋਂ ੧੨ ਸਾਲਾਂ ਦੀ ਸੀ। ਇਸ ਨੇ ਬੜੇ ਪਿਆਰ ਨਾਲ ਬੱਕਰੀਆਂ ਦਾ ਦੁੱਧ ਸਤਿਗੁਰੂ ਜੀ ਦੀ ਭੇਟ ਕੀਤਾ, ਤੇ ਆਤਮਕ ਜੀਵਨ ਦੀ ਸੂਝ-ਬੂਝ ਦਾ ਰਸਤਾ ਉਨ੍ਹਾਂ ਤੋਂ ਪੁੱਛਿਆ। ਹੈ ਸੀ ਇਹ ਇਕ ਅਲੌਕਿਕ ਜਿਹੀ ਗੱਲ। ਇਤਨੀ ਛੋਟੀ ਉਮਰ ਦੇ ਮੁੰਡੇ ਨੂੰ ਕੀ ਲੱਗੇ ਬ੍ਰਹਮ-ਗਿਆਨ ਨਾਲ? ਸਤਿਗੁਰੂ ਜੀ ਨੇ ਸਹਿਜ ਸੁਭਾਇ ਆਖਿਆ ਕਿ ਕਾਕਾ, ਤੂੰ ਅਜੇ ਬਾਲ-ਉਮਰ ਹੈਂ, ਪਰ ਗੱਲਾਂ ਕਰਦਾ ਹੈਂ ਬੁੱਢਿਆਂ ਵਾਲੀਆਂ। ਤਦੋਂ ਤੋਂ ਹੀ ਭਾਈ ਬੂੜੇ ਦਾ ਨਾਮ ਬਾਬਾ ਬੁੱਢਾ ਪੈ ਗਿਆ।

ਬਾਬਾ ਬੁੱਢਾ ਜੀ ਫਿਰ ਕਈ ਵਾਰੀ ਕੱਥੂ ਨੰਗਲ ਤੋਂ ਕਰਤਾਰਪੁਰ ਜਾਣ ਲੱਗ ਪਏ। ਇਸ ਤਰ੍ਹਾਂ ਇਨ੍ਹਾਂ ਨੂੰ ਛੋਟੀ ਉਮਰ ਤੋਂ ਹੀ ਸਿੱਖ-ਧਰਮ ਦੀ ਰੰਗਣ ਚੜ੍ਹਨੀ ਸ਼ੁਰੂ ਹੋ ਗਈ। ਬਾਬਾ ਬੁੱਢਾ ਜੀ ਨੇ ਫਿਰ ਆਪਣੀ ਰਿਹਾਇਸ਼ ਰਮਦਾਸ ਜਾ ਬਣਾਈ। ਰਮਦਾਸ, ਕਰਤਾਰਪੁਰ ਤੋਂ ਨੇੜੇ ਹੀ ਹੈ। ਰਾਵੀ ਤੋਂ ਉਰਲੇ ਪਾਸੇ ਰਮਦਾਸ ਤੇ ਪਰਲੇ ਪਾਸੇ ਕਰਤਾਰਪੁਰ। ਗੁਰੂ ਨਾਨਕ ਦੇਵ ਜੀ ਦੀ ਹਯਾਤੀ ਵਿਚ ਹੀ ਬਾਬਾ ਬੁੱਢਾ ਜੀ ਦਾ ਨਾਮ ਉੱਘੇ ਸਿੱਖਾਂ ਵਿਚ ਗਿਣਿਆ ਜਾਣ ਲੱਗ ਪਿਆ।



WWW.SIKHBOOKCLUB.COM 

ਜਦੋਂ ਅਕਬਰ ਨੇ ਸੰਨ ੧੫੬੦ ਦੇ ਅਖ਼ੀਰ ਵਿਚ ਪਰਗਣਾ ਝਬਾਲ ਦੀ ਜਗੀਰ ਗੁਰੂ ਅਮਰਦਾਸ ਜੀ ਦੀ ਸਪੁੱਤ੍ਰੀ ਬੀਬੀ ਭਾਨੀ ਜੀ ਦੇ ਨਾਮ ਕਰ ਦਿੱਤੀ, ਤਾਂ ਉਸ ਜਗੀਰ ਦੀ ਸੌਂਪਣਾ ਗੁਰੂ-ਘਰ ਵਲੋਂ ਬਾਬਾ ਬੁੱਢਾ ਜੀ ਨੂੰ ਕੀਤੀ ਗਈ। ਝਬਾਲ ਤੋਂ ਦੋ ਤਿੰਨ ਮੀਲਾਂ ਦੀ ਵਿੱਥ ਤੇ 'ਗੁਰਦੁਆਰਾ ਬੀੜ ਬਾਬਾ ਬੁੱਢਾ ਜੀ', ਬਾਬਾ ਜੀ ਦੀ ਉਥੇ ਕੀਤੀ ਗਈ ਲੰਮੀ ਸੇਵਾ ਦਾ ਚੇਤਾ ਕਰਾ ਰਿਹਾ ਹੈ।

ਭਾਦਰੋਂ ਸੁਦੀ ੧ ਸੰਮਤ ੧੬੬੧ ਨੂੰ ਜਦੋਂ 'ਆਦਿ ਬੀੜ' ਦਾ ਪਹਿਲਾ ਪ੍ਰਕਾਸ਼ ਗੁਰੂ ਅਰਜਨ ਸਾਹਿਬ ਨੇ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿਚ ਕਰਾਇਆ, ਤਦੋਂ ਬਾਬਾ ਬੁੱਢਾ ਜੀ ਨੂੰ ਸ੍ਰੀ ਹਰਿਮੰਦਰ ਸਾਹਿਬ ਦਾ ਪਹਿਲਾ ਗ੍ਰੰਥੀ ਥਾਪਿਆ ਗਿਆ। ਸਿੱਖ-ਜਗਤ ਵਿਚ ਇਹ ਇਕ ਬੜੀ ਹੀ ਉੱਚੀ ਪਦਵੀ ਸੀ, ਤੇ ਹੁਣ ਤਕ ਤੁਰੀ ਆ ਰਹੀ ਹੈ।

ਗੁਰੂ ਅਰਜਨ ਸਾਹਿਬ ਨੇ (ਗੁਰੂ) ਹਰਿਗੋਬਿੰਦ ਸਾਹਿਬ ਨੂੰ ਵਿੱਦਿਆ ਪੜ੍ਹਾਣ ਦੀ ਸੇਵਾ ਬਾਬਾ ਬੁੱਢਾ ਜੀ ਨੂੰ ਹੀ ਸੌਂਪੀ ਸੀ।

ਬਹੁਤ ਬਿਰਧ ਅਵਸਥਾ ਹੋ ਜਾਣ ਤੇ ਬਾਬਾ ਜੀ ਅਖ਼ੀਰਲੀ ਉਮਰੇ ਰਮਦਾਸ ਚਲੇ ਗਏ। ਉਥੇ ਉਨ੍ਹਾਂ ਦਾ ਦੇਹਾਂਤ ੧੪ ਮੱਘਰ, ਸੰਮਤ ੧੬੮੮ (ਦਸੰਬਰ, ਸੰਨ ੧੬੩੧) ਨੂੰ ਹੋਇਆ। ਗੁਰੂ ਹਰਿਗੋਬਿੰਦ ਸਾਹਿਬ ਉਸ ਮੌਕੇ ਆਪ ਰਮਦਾਸ ਪਹੁੰਚੇ, ਅਤੇ ਬਾਬਾ ਜੀ ਦਾ ਸਸਕਾਰ ਉਨ੍ਹਾਂ ਆਪਣੀ ਹੱਥੀਂ ਕੀਤਾ। ਸਸਕਾਰ ਵਾਲੇ ਥਾਂ ਗੁਰਦੁਆਰਾ ਬਣਿਆ ਹੋਇਆ ਹੈ, ਜਿਸ ਦਾ ਨਾਮ 'ਸੱਚਖੰਡ' ਹੈ।

## ਮਾਤਾ ਪਿਤਾ ਦਾ ਦੇਹਾਂਤ

ਗੁਰੂ ਨਾਨਕ ਦੇਵ ਜੀ ਦੇ ਪਿਤਾ ਬਾਬਾ ਕਾਲੂ ਜੀ ਅਤੇ ਮਾਤਾ ਤ੍ਰਿਪਤਾ ਜੀ ਦਾ ਦੇਹਾਂਤ ਕਰਤਾਰਪੁਰੇ ਸੰਮਤ ੧੫੭੯ ਵਿਚ ਹੋਇਆ।

**ਧਨੁ ਜਨਨੀ ਜਿਨਿ ਜਾਇਆ, ਧੰਨੁ ਪਿਤਾ ਪਰਧਾਨੁ॥** *(ਪੰਨਾ ੩੨)*

## ਭਾਈ ਮਰਦਾਨੇ ਦਾ ਦੇਹਾਂਤ

ਭਾਈ ਮਰਦਾਨੇ ਦਾ ਦੇਹਾਂਤ ਕਰਤਾਰਪੁਰੇ ੧੩ ਮੱਘਰ, ਸੰਮਤ ੧੫੯੧ ਨੂੰ ਹੋਇਆ। ਮਰਦਾਨੇ ਦੀ ਆਪਣੀ ਇੱਛਾ ਅਨੁਸਾਰ ਉਸ ਦੇ ਸਰੀਰ ਦਾ ਸਸਕਾਰ ਕੀਤਾ ਗਿਆ।



WWW.SIKHBOOKCLUB.COM 

ਵਾਹ ! ਭਾਈ ਮਰਦਾਨਿਆ ! ਜਗਤ ਵਿਚ ਕਿਸੇ ਵਿਰਲੇ ਨੂੰ ਇਹੋ ਜਿਹੀ ਸੁਭਾਗਤਾ ! ਕਿਤਨੇ ਸਾਲ ਤੂੰ ਗੁਰੂ ਨਾਨਕ ਪਾਤਿਸ਼ਾਹ ਦੇ ਚਰਨਾਂ ਵਿਚ ਬਿਤਾਏ ? ੪੭ ਸਾਲ, ਆਪਣੀ ਸਾਰੀ ੭੫ ਸਾਲਾਂ ਦੀ ਉਮਰ ਵਿਚੋਂ ੪੭ ਸਾਲ। ੫੬੪ ਮਹੀਨੇ। ੧੬੯੨੦ ਦਿਨ। ਜ਼ਿੰਦਗੀ ਦੇ ਇਤਨੇ ਦਿਹਾੜੇ, ਦਿਨ ਰਾਤ, ਹਰ ਵੇਲੇ ਉਸ ਪਾਤਿਸ਼ਾਹ ਦੇ ਚਰਨਾਂ ਵਿਚ ਗੁਜ਼ਾਰਨੇ ਕੋਈ ਸਧਾਰਨ ਸੁਭਾਗਤਾ ਨਹੀਂ ਸੀ।

ਫਿਰ, ਤੈਨੂੰ ਤਾਂ ਉਹ ਆਪਣੀ ਬਾਣੀ ਵਿਚ ਭੀ ਅਮਰ ਕਰ ਗਏ। 'ਬਿਹਾਗੜੇ ਦੀ ਵਾਰ' ਦੀ ਪਉੜੀ ੧੨ ਦੇ ਨਾਲ ਦਰਜ ਸਲੋਕਾਂ ਵਿਚ ਤੈਨੂੰ ਹੀ ਸੰਬੋਧਨ ਕਰ ਕੇ ਫ਼ੁਰਮਾਇਓ ਨੇ :

ਸਲੋਕੁ ਮਰਦਾਨਾ ੧ ॥

ਕਲਿ ਕਲਵਾਲੀ, ਕਾਮੁ ਮਦੁ, ਮਨੂਆ ਪੀਵਣਹਾਰੁ ॥
ਕ੍ਰੋਧ ਕਟੋਰੀ, ਮੋਹਿ ਭਰੀ, ਪੀਲਾਵਾ ਅਹੰਕਾਰੁ ॥
ਮਜਲਸ ਕੂੜੇ ਲਬ ਕੀ, ਪੀ ਪੀ ਹੋਇ ਖੁਆਰੁ ॥
ਕਰਣੀ ਲਾਹਣਿ, ਸਤੁ ਗੁੜੁ, ਸਚੁ ਸਰਾ ਕਰਿ ਸਾਰੁ ॥
ਗੁਣ ਮੰਡੇ ਕਰਿ ਸੀਲੁ ਘਿਉ, ਸਰਮੁ ਮਾਸੁ ਆਹਾਰੁ ॥
ਗੁਰਮੁਖਿ ਪਾਈਐ ਨਾਨਕਾ, ਖਾਧੈ ਜਾਹਿ ਬਿਕਾਰ ॥੧॥

ਮਰਦਾਨਾ ੧ ॥

ਕਾਇਆ ਲਾਹਣਿ, ਆਪੁ ਮਦੁ, ਮਜਲਸ ਤ੍ਰਿਸਨਾ ਧਾਤੁ ॥
ਮਨਸਾ ਕਟੋਰੀ ਕੂੜਿ ਭਰੀ, ਪੀਲਾਏ ਜਮ ਕਾਲੁ ॥
ਇਤੁ ਮਦਿ ਪੀਤੈ ਨਾਨਕਾ, ਬਹੁਤੇ ਖਟੀਅਹਿ ਬਿਕਾਰ ॥
ਗਿਆਨੁ ਗੁੜੁ ਸਾਲਾਹ ਮੰਡੇ, ਭਉ ਮਾਸੁ ਆਹਾਰੁ ॥
ਨਾਨਕ ਇਹੁ ਭੋਜਨੁ ਸਚੁ ਹੈ, ਸਚੁ ਨਾਮੁ ਆਧਾਰੁ ॥੨॥

ਕਾਂਯਾਂ ਲਾਹਣਿ, ਆਪੁ ਮਦੁ, ਅੰਮ੍ਰਿਤ ਤਿਸ ਕੀ ਧਾਰ ॥
ਸਤ ਸੰਗਤਿ ਸਿਉ ਮੇਲਾਪੁ ਹੋਇ,
ਲਿਵ ਕਟੋਰੀ ਅੰਮ੍ਰਿਤ ਭਰੀ, ਪੀ ਪੀ ਕਟਹਿ ਬਿਕਾਰ ॥੩॥[1]

---

੧. ਵੇਖੋ *'ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ'* ਪੋਥੀ ਚੌਥੀ, ਪੰਨਾ ੩੦੩। (ਮ:) ੧ ਮਰਦਾਨਾ ਭਾਵ, ਸਲੋਕ ਮ: ੧, ਮਰਦਾਨਾ।



WWW.SIKHBOOKCLUB.COM 

### ਜੋਤੀ ਜੋਤਿ ਸਮਾਏ

ਪੁਰਾਤਨ ਜਨਮ ਸਾਖੀ ਵਾਲਾ ਲਿਖਦਾ ਹੈ "ਤਦ ਬਾਬਾ ਜੀ ਰਾਵੀ ਦੇ ਕਿਨਾਰੈ ਆਇਆ। ਤਦਹੁ ਪੈਸੇ ਪੰਜ ਬਾਬੇ ਜੀ ਗੁਰੂ ਅੰਗਦ ਜੀ ਕੈ ਅਗੈ ਰਖਿ ਕੈ ਪੈਰੀ ਪਇਆ। ਤਦਹੁ ਪਰਵਾਰ ਵਿਚਿ ਖਬਰਿ ਹੋਈ, ਤਾਂ ਸਰਬਤ ਸੰਗਤਿ ਵਿਚਿ ਖਬਰਿ ਹੋਈ, ਜੋ ਗੁਰੂ ਬਾਬਾ ਚਲਾਣੈ ਦੈ ਘਰਿ ਹੈ। ਤਦਹੁ ਸੰਗਤੀ ਦਰਸਨਿ ਆਈਆਂ।"

ਸਿੱਖ-ਇਤਿਹਾਸ ਲਿਖਦਾ ਹੈ ਕਿ ਗੁਰੂ ਨਾਨਕ ਦੇਵ ਜੀ ਗੁਰੂ ਅੰਗਦ ਜੀ ਨੂੰ ਗੁਰਤਾ ਦੇ ਕੇ ੨੩ ਅੱਸੂ (ਵਦੀ ੧੦) ਸੰਮਤ ੧੫੯੬ (੨੨ ਸਤੰਬਰ, ਸੰਨ ੧੫੩੯) ਨੂੰ ਜੋਤੀ ਜੋਤਿ ਸਮਾਏ। ਸਤਿਗੁਰੂ ਜੀ ਦੀ ਸਾਰੀ ਉਮਰ ੭੦ ਸਾਲ ੫ ਮਹੀਨੇ ੩ ਦਿਨ ਸੀ।

ਗੁਰਤਾ ਦੇਣ ਵੇਲੇ ਗੁਰੂ ਨਾਨਕ ਦੇਵ ਜੀ ਨੇ ਗੁਰੂ ਅੰਗਦ ਸਾਹਿਬ ਨੂੰ ਉਹ ਪੋਥੀ ਭੀ ਦੇ ਦਿੱਤੀ, ਜਿਸ ਉੱਤੇ ਉਹ ਆਪਣੀ ਸਾਰੀ ਹੀ ਬਾਣੀ ਲਿਖਦੇ ਰਹੇ ਸਨ, ਅਤੇ ਜਿਸ ਉੱਤੇ ਪਹਿਲੀ ਤੇ ਤੀਜੀ 'ਉਦਾਸੀ' ਸਮੇਂ ਸਾਰੇ ਭਗਤਾਂ ਦੀ ਬਾਣੀ ਦਾ ਭੀ ਉਤਾਰਾ ਕਰਦੇ ਰਹੇ ਸਨ। ਪੁਰਾਤਨ ਜਨਮ-ਸਾਖੀ ਵਾਲਾ ਲਿਖਦਾ ਹੈ ਕਿ "ਪੋਥੀ ਗੁਰੂ ਅੰਗਦ ਜੋਗ ਮਿਲੀ। ਤਦਹੁ ਪੁਤ੍ਰਾਂ ਆਖਿਆ 'ਅਸਾਡਾ ਕਿਆ ਹਾਲ ਹੋਵੈਗਾ ?' ਤਬ ਗੁਰੂ ਬੋਲਿਆ, ਪੁਤ੍ਰਾਂ ਜੋਗ ਆਖਿਆ ਜੋ 'ਬੇਟਾ! ਗੁਰੂ ਕਿਆਂ ਕੁਤਿਆਂ ਨੂੰ ਭੀ ਕਮੀ ਨਾਹੀ ਰੋਟੀਆਂ ਕਪੜੇ ਬਹੁਤ ਹੋਵਣਗੇ। ਗੁਰੂ ਗੁਰੂ ਜਪਹੁਗੇ ਤਾਂ ਜਨਮ ਸਵਰੇਗਾ।' "

SIKHBOOKCLUB.COM

ਕਰਤਾਰਪੁਰੇ ਰਾਵੀ ਦੇ ਕੰਢੇ 'ਤੇ ਸਤਿਗੁਰੂ ਜੀ ਦੀ ਯਾਦ ਵਿਚ ਇਕ ਆਲੀਸ਼ਾਨ ਗੁਰਦੁਆਰਾ ਬਣਿਆ ਹੋਇਆ ਹੈ ਤੇ ਚੇਤੇ ਕਰਾ ਰਿਹਾ ਹੈ ਕਿ ਇਥੇ ਗੁਰੂ ਨਾਨਕ ਦੇਵ ਜੀ ਨੇ ਜ਼ਿੰਦਗੀ ਦੇ ਆਖ਼ਰੀ ੧੯ ਸਾਲ ਗੁਜ਼ਾਰੇ ਸਨ। ੧੫ ਅਗਸਤ ਸੰਨ ੧੯੪੭ ਤੋਂ ਇਹ ਪਵਿੱਤਰ ਅਸਥਾਨ ਪਾਕਿਸਤਾਨ ਵਿਚ ਰਹਿ ਗਿਆ ਹੈ, ਅਤੇ ਸਿੱਖ ਕੌਮ ਦੀ ਅਣਖ ਨੂੰ ਵੰਗਾਰ ਵੰਗਾਰ ਕੇ ਗੁਰੂ ਰਾਮਦਾਸ ਜੀ ਦਾ ਇਹ ਪਵਿੱਤਰ ਵਾਕ ਚੇਤੇ ਕਰਾ ਰਿਹਾ ਹੈ :

**ਜਿਥੈ ਜਾਇ ਬਹੈ ਮੇਰਾ ਸਤਿਗੁਰੂ, ਸੋ ਥਾਨੁ ਸੁਹਾਵਾ ਰਾਮ ਰਾਜੇ॥**
**ਗੁਰ ਸਿਖੀ ਸੋ ਥਾਨੁ ਭਾਲਿਆ, ਲੈ ਧੂਰਿ ਮੁਖਿ ਲਾਵਾ॥**

१०

# ਗੁਰੂ ਨਾਨਕ ਦੇਵ ਜੀ ਦੀ ਬਾਣੀ

**ਵੇਰਵਾ**

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸ਼ੁਰੂ ਵਿਚ ਹੀ ਬਾਣੀ ਹੈ 'ਜਪੁ'। ਇਹ ਬਾਣੀ ਗੁਰੂ ਨਾਨਕ ਦੇਵ ਜੀ ਦੀ ਲਿਖੀ ਹੋਈ ਹੈ। ਇਸ ਤੋਂ ਅਗਾਂਹ ੧੯ ਰਾਗਾਂ ਵਿਚ ਇਹਨਾਂ ਦੀ ਜਿਹੜੀ ਬਾਣੀ ਦਰਜ ਹੈ, ਉਹ ਵੇਰਵੇ ਅਨੁਸਾਰ ਇਉਂ ਹੈ:

੧. ਸਿਰੀ ਰਾਗੁ—ਸ਼ਬਦ ੩੩, ਅਸ਼ਟਪਦੀਆਂ ੧੭+੧, ਪਹਰੇ ੨, ਸਲੋਕ ੭ ('ਵਾਰ' ਵਿਚ ਦਰਜ)।

੨. ਮਾਝ—ਅਸ਼ਟਪਦੀ ੧, 'ਵਾਰ' ੨੭ ਪਉੜੀਆਂ, ਸਲੋਕ ੪੬ ('ਵਾਰ' ਵਿਚ ਦਰਜ)।

੩. ਗਉੜੀ—ਸ਼ਬਦ ੨੦, ਅਸ਼ਟਪਦੀਆਂ ੧੮, ਛੰਤ ੨।

੪. ਆਸਾ—ਸ਼ਬਦ ੪੦, ਅਸ਼ਟਪਦੀਆਂ ੨੨, ਪਟੀ ੧, ਛੰਤ ੫, ੨੪ ਪਉੜੀਆਂ, ਸਲੋਕ ੪੪ ('ਵਾਰ' ਵਿਚ ਦਰਜ)।

੫. ਗੂਜਰੀ—ਸ਼ਬਦ ੨, ਅਸ਼ਟਪਦੀਆਂ ੫।

ਬਿਹਾਗੜਾ—ਸਲੋਕ ੫ ('ਵਾਰ' ਵਿਚ ਦਰਜ)।

*ਨੋਟ*—ਇਸ ਰਾਗ ਵਿਚ ਗੁਰੂ ਨਾਨਕ ਦੇਵ ਜੀ ਦਾ ਕੋਈ ਸ਼ਬਦ ਜਾਂ ਅਸ਼ਟਪਦੀ ਨਹੀਂ।

੬. ਵਡਹੰਸ—ਸ਼ਬਦ ੩, ਛੰਤ ੨, ਅਲਾਹਣੀਆਂ ੫, ਸਲੋਕ ੩ ('ਵਾਰ' ਵਿਚ ਦਰਜ)।



WWW.SIKHBOOKCLUB.COM 

੭. ਸੋਰਠਿ—ਸ਼ਬਦ ੧੨, ਅਸ਼ਟਪਦੀਆਂ ੪, ਸਲੋਕ ੨ ('ਵਾਰ' ਵਿਚ ਦਰਜ)।

੮. ਧਨਾਸਰੀ—ਸ਼ਬਦ ੮, ਅਸ਼ਟਪਦੀਆਂ ੨, ਛੰਤ ੩।

੯. ਤਿਲੰਗ—ਸ਼ਬਦ ੫, ਅਸ਼ਟਪਦੀ ੧।

੧੦. ਸੂਹੀ—ਸ਼ਬਦ ੯, ਅਸ਼ਟਪਦੀਆਂ ੫, ਕੁਚਜੀ-ਸੁਚਜੀ ੨, ਛੰਤ ੫, ਸਲੋਕ ੨੧ ('ਵਾਰ' ਵਿਚ ਦਰਜ)

੧੧. ਬਿਲਾਵਲੁ—ਸ਼ਬਦ ੪, ਅਸਟਪਦੀਆਂ ੨, ਛੰਤ ੨, ਸਲੋਕ ੨ ('ਵਾਰ' ਵਿਚ ਦਰਜ)।

੧੨. ਰਾਮਕਲੀ—ਸ਼ਬਦ ੧੧, ਅਸ਼ਟਪਦੀਆਂ ੯, ਓਅੰਕਾਰ ੫੪ ਪਉੜੀਆਂ, ਸਿਧ ਗੋਸਟਿ ੭੩ ਪਉੜੀਆਂ, ਸਲੋਕ ੧੯ ('ਵਾਰਾਂ' ਵਿਚ ਦਰਜ)।

੧੩. ਮਾਰੂ—ਸ਼ਬਦ ੧੨, ਅਸ਼ਟਪਦੀਆਂ ੧੧, ਸੋਲਹੇ ੨੨, ਸਲੋਕ ੧੮ ('ਵਾਰਾਂ' ਵਿਚ ਦਰਜ)।

੧੪. ਤੁਖਾਰੀ—ਛੰਤ ੬।

SIKHBOOKCLUB.COM

੧੫. ਭੈਰਉ—ਸ਼ਬਦ ੮, ਅਸ਼ਟਪਦੀ ੧।

੧੬. ਬਸੰਤ—ਸ਼ਬਦ ੧੦, ਅਸ਼ਟਪਦੀਆਂ ੮।

੧੭. ਸਾਰੰਗ—ਸ਼ਬਦ ੩, ਅਸ਼ਟਪਦੀਆਂ ੨, ਸਲੋਕ ੩੩ ('ਵਾਰ' ਵਿਚ ਦਰਜ)।

੧੮. ਮਲਾਰ—ਸ਼ਬਦ ੯, ਅਸ਼ਟਪਦੀਆਂ ੫, 'ਵਾਰ' ੨੭ ਪਉੜੀਆਂ, ਸਲੋਕ ੨੪ ('ਵਾਰ' ਵਿਚ ਦਰਜ)।

੧੯. ਪ੍ਰਭਾਤੀ—ਸ਼ਬਦ ੧੭, ਅਸ਼ਟਪਦੀਆਂ ੭।

੨੦. ਸਲੋਕ ਵਾਰਾਂ ਤੇ ਵਧੀਕ ੩੨।

## ਸਾਰੀ ਬਾਣੀ ਦਾ ਜੋੜ

ਸ਼ਬਦ ੨੦੬, ਅਸ਼ਟਪਦੀਆਂ ੧੨੧, ਛੰਤ ੨੫, ਵਾਰਾਂ ੩ (ਵਾਰਾਂ



WWW.SIKHBOOKCLUB.COM 

ਦੀਆਂ ਪਉੜੀਆਂ ੭੮), ਸਲੋਕ ੨੫੬[1] (੧੨ 'ਵਾਰਾਂ' ਵਿਚ ਅਤੇ 'ਵਾਰਾਂ ਤੋਂ ਵਧੀਕ')।

ਉਚੇਚੀਆਂ ਬਾਣੀਆਂ—ਪਹਰੇ ੨, ਪਟੀ ੧, ਅਲਾਹਣੀਆਂ ੫, ਕੁਚਜੀ ੧, ਸੁਚਜੀ ੧, ਓਅੰਕਾਰ ੫੪ ਪਉੜੀਆਂ, ਸਿਧ ਗੋਸਟਿ ੭੩ ਪਉੜੀਆਂ, ਸੋਲਹੇ ੨੨।

---

੧. ਫਰੀਦ ਜੀ ਦੇ ਸਲੋਕਾਂ ਵਿਚ ਨੰ: ੩੨, ੧੧੩, ੧੨੦, ੧੨੪ ਗੁਰੂ ਨਾਨਕ ਦੇਵ ਜੀ ਦੇ ਹਨ। ਪਰ ਇਹ ਚਾਰੇ ਸਲੋਕ ਹੋਰ ਥਾਂ ਭੀ ਦਰਜ ਮਿਲਦੇ ਹਨ। ਇਸ ਵਾਸਤੇ ਇਥੇ ਇਹ ਗਿਣਤੀ ਵਿਚ ਨਹੀਂ ਲਏ ਜਾਣਗੇ।
ਸਲੋਕ ਨੰ: ੩੨—ਮਾਰੂ ਕੀ ਵਾਰ ਮ: ੩ ਦੀ ਪਉੜੀ ਨੰ: ੬ ਦੇ ਨਾਲ ਦੂਜਾ।
ਸਲੋਕ ਨੰ: ੧੧੩—ਸਿਰੀ ਰਾਗੁ ਕੀ ਵਾਰ ਪਉੜੀ ੨ ਦੇ ਨਾਲ ਪਹਿਲਾ।
ਸਲੋਕ ਨੰ: ੧੨੦—ਸਲੋਕ ਨੰ: ੧੯, 'ਵਾਰਾਂ ਤੋਂ ਵਧੀਕ' ਵਿਚ।
ਸਲੋਕ ਨੰ: ੧੨੪—ਸਿਰੀ ਰਾਗੁ ਕੀ ਵਾਰ ਪਉੜੀ ਨੰ: ੨੦ ਦੇ ਨਾਲ ਦੂਜਾ।



SIKHBOOKCLUB.COM

WWW.SIKHBOOKCLUB.COM 

## ੧੧

# ਗੁਰੂ ਨਾਨਕ ਦੇਵ ਜੀ ਦੀ ਤਾਲੀਮ

(ਉਹਨਾਂ ਦੀਆਂ ਜੀਵਨ-ਸਾਖੀਆਂ ਵਿਚੋਂ)

## (ੳ) ਖਾਲਕੁ ਖਲਕ ਮਹਿ

*(੧) ਖਰਾ ਸੌਦਾ*

ਗੁਰੂ ਨਾਨਕ ਦੇਵ ਜੀ ਦੇ ਪਿਤਾ ਬਾਬਾ ਕਾਲੂ ਜੀ ਤਲਵੰਡੀ ਦੇ ਜਗੀਰਦਾਰ ਰਾਇ ਬੁਲਾਰ ਪਾਸ ਪਟਵਾਰੀ ਦਾ ਕੰਮ ਕਰਦੇ ਸਨ। ਉਥੇ ਉਹਨਾਂ ਦੀ ਕੁਝ ਭੁਇੰ ਦੀ ਮਾਲਕੀ ਭੀ ਸੀ, ਜਿਸ ਦੀ ਵਾਹੀ ਆਦਿਕ ਪਿੰਡ ਦੇ ਕਿਸਾਨਾਂ ਤੋਂ ਹਿੱਸੇ ਆਦਿਕ ਤੇ ਕਰਾਂਦੇ ਸਨ। ਜਿਉਂ ਜਿਉਂ ਗੁਰੂ ਨਾਨਕ ਦੇਵ ਜੀ ਉਮਰ ਵਿਚ ਸਿਆਣੇ ਹੁੰਦੇ ਗਏ, ਜ਼ਮੀਨ ਤੇ ਫ਼ਸਲ ਦੀ ਨਿਗਰਾਨੀ ਵਿਚ ਪਿਤਾ ਜੀ ਦੇ ਨਾਲ ਹੱਥ ਵਟਾਣ ਲੱਗ ਪਏ। ਪਰ ਬਾਬਾ ਕਾਲੂ ਜੀ ਨੇ ਉਹਨਾਂ ਨੂੰ ਮੁਕੰਮਲ ਤੌਰ ਤੇ ਵਾਹੀ ਦੇ ਕੰਮ ਵਿਚ ਪਾਣਾ ਯੋਗ ਨਾ ਸਮਝਿਆ। ਵਪਾਰ ਦਾ ਕੰਮ ਪਿਤਾ ਜੀ ਨੂੰ ਵਧੀਕ ਲਾਹੇਵੰਦਾ ਜਾਪਦਾ ਸੀ।

ਤਲਵੰਡੀ ਦੇ ਨੇੜੇ ਤਿੰਨ ਵੱਡੇ ਵੱਡੇ ਕਸਬੇ, ਨਗਰ ਤੇ ਸ਼ਹਿਰ ਸਨ, ਜਿਥੇ ਵਪਾਰ ਕੀਤਾ ਜਾ ਸਕਦਾ ਸੀ—ਚੂਹੜਕਾਣਾ, ਸੈਦਪੁਰ (ਐਮਨਾਬਾਦ) ਅਤੇ ਲਾਹੌਰ।[੧] ਗੁਰੂ ਨਾਨਕ ਦੇਵ ਜੀ ਤੀਖਣ-ਬੁੱਧ ਤਾਂ ਹੈ ਹੀ ਸਨ, ਉਹਨਾਂ ਦਾ ਇਹ ਗੁਣ ਪਿੰਡ ਦੇ ਪਾਂਧੇ ਤੇ ਮੌਲਵੀ ਪਾਸ ਹਿੰਦੀ ਤੇ ਫ਼ਾਰਸੀ ਪੜ੍ਹਨ ਵੇਲੇ ਹੀ ਉੱਘੜ ਆਇਆ ਸੀ। ਵਪਾਰ ਦੇ ਕੰਮ ਨੂੰ ਚੰਗਾ ਲੈ ਤੁਰੇ।

---

੧. ਤਲਵੰਡੀ ਤੋਂ ਚੂਹੜਕਾਣਾ ਉੱਤਰ ਪਾਸੇ (ਰਤਾ ਕੁ ਚੜ੍ਹਦੇ ਰੁਖ਼) ੨੦ ਮੀਲਾਂ ਤੇ ਹੈ; ਚੂਹੜਕਾਣੇ ਤੋਂ ਅਗਾਂਹ ਉੱਤਰ-ਪੂਰਬ ਦੀ ਗੁੱਠੇ ਸੈਦਪੁਰ (ਐਮਨਾਬਾਦ) ੩੦ ਮੀਲ ਦੂਰ ਹੈ। ਤਲਵੰਡੀ ਤੋਂ ਲਾਹੌਰ ੪੦ ਮੀਲ ਚੜ੍ਹਦੇ ਪਾਸੇ ਹੈ। ਹੁਣ ਇਹ ਚਾਰੇ ਹੀ ਨਗਰ ਰੇਲ ਦੇ ਸਟੇਸ਼ਨ ਹਨ। ਤਲਵੰਡੀ ਦਾ ਨਾਮ ਅੱਜ-ਕੱਲ੍ਹ ਨਨਕਾਣਾ ਸਾਹਿਬ ਹੈ



WWW.SIKHBOOKCLUB.COM 

ਪਰ ਮਾਇਆ ਵਿਚ ਇਕ ਭਾਰੀ ਖ਼ਿਫ਼ਤ ਹੈ ਕਿ ਮਨੁੱਖ ਜਿਉਂ ਜਿਉਂ ਵਧੀਕ ਕਮਾਈ ਕਰਦਾ ਹੈ, ਤਿਉਂ ਤਿਉਂ ਪੈਸਾ ਜੋੜਨ ਦੀ ਇਸ ਦੀ ਲਾਲਸਾ ਵਧਦੀ ਜਾਂਦੀ ਹੈ, ਤੇ ਲੋੜਵੰਦਿਆਂ ਨੂੰ ਕੁਝ ਹੱਥੋਂ ਦੇਣਾ ਇਸ ਨੂੰ ਬਹੁਤ ਭਾਰੂ ਜਾਪਦਾ ਹੈ। ਗੁਰੂ ਨਾਨਕ ਦੇਵ ਜੀ ਦਾ ਸੁਭਾਉ ਦੁਨੀਆਦਾਰਾਂ ਨਾਲੋਂ ਇਸ ਦੇ ਬਿਲਕੁਲ ਉਲਟ ਸੀ। ਜਿਥੇ ਉਹ ਕਿਰਤ-ਕਾਰ ਪੂਰੇ ਧਿਆਨ ਨਾਲ ਕਰਦੇ ਸਨ, ਉਥੇ ਹੱਥ ਦੇ ਭੀ ਖੁਲ੍ਹੇ ਸਨ। ਮਾਇਆ ਨੂੰ ਉਹ ਹੱਥਾਂ ਦੀ ਮੈਲ ਜਾਣਦੇ ਸਨ, ਲੋੜਵੰਦਿਆਂ ਦੀ ਮਾਇਕ ਸਹਾਇਤਾ ਕਰਨ ਵਿਚ ਉਹ ਕਦੇ ਰਤਾ ਭੀ ਨਹੀਂ ਸਨ ਝਿਜਕਦੇ। ਉਹਨਾਂ ਦੀ ਇਹ ਖੁਲ੍ਹ-ਦਿਲੀ ਉਹਨਾਂ ਦੇ ਪਿਤਾ ਜੀ ਨੂੰ ਕਈ ਵਾਰੀ ਪਸੰਦ ਨਹੀਂ ਸੀ ਆਉਂਦੀ। ਫਿਰ ਭੀ ਕੰਮ ਤੁਰਦਾ ਹੀ ਗਿਆ।

ਸੰਨ ੧੫੦੩-੦੪ ਦਾ ਜ਼ਿਕਰ ਹੈ। ਉਸ ਵੇਲੇ ਗੁਰੂ ਨਾਨਕ ਦੇਵ ਜੀ ਦੀ ਉਮਰ ਚੌਂਤੀ ਪੈਂਤੀ ਸਾਲਾਂ ਦੀ ਸੀ। ਸਧਾਰਨ ਉੱਦਮ ਅਨੁਸਾਰ ਕੁਝ ਮਾਲ ਖ਼ਰੀਦਣ ਲਈ ਤਲਵੰਡੀ ਤੋਂ ਚਲ ਪਏ। ਉਹਨਾਂ ਦੇ ਨਾਲ ਉਹਨਾਂ ਦੇ ਰੋਜ਼ਾਨਾ ਸਤਸੰਗ ਦਾ ਸਾਥੀ ਭਾਈ ਮਰਦਾਨਾ ਸੀ। ਕੀਰਤਨ ਸਤਿਗੁਰੂ ਜੀ ਦੀ ਆਤਮਕ ਖ਼ੁਰਾਕ ਸੀ, ਇਸ ਵਾਸਤੇ ਭਾਈ ਮਰਦਾਨਾ ਸਦਾ ਉਹਨਾਂ ਦੇ ਨਾਲ ਹੀ ਰਹਿੰਦਾ ਸੀ। ਦੂਰ ਦੂਰ ਇਲਾਕਿਆਂ ਤੋਂ ਆਏ ਰਮਤੇ ਸਾਧ-ਸੰਤ ਭੀ ਰੋਜ਼ਾਨਾ ਕੀਰਤਨ-ਸਤਸੰਗ ਵਿਚ ਸਾਂਝੀਵਾਲ ਬਣਿਆ ਕਰਦੇ ਸਨ। ਸਿੱਖ-ਇਤਿਹਾਸ ਲਿਖਦਾ ਹੈ ਕਿ ਉਹ ਘਰੋਂ ਵੀਹ ਰੁਪਏ ਲੈ ਕੇ ਤੁਰੇ ਸਨ।

ਪੰਜਾਬ ਕਈ ਵਾਰੀ ਕਾਲ ਦਾ ਸ਼ਿਕਾਰ ਹੋ ਜਾਂਦਾ ਸੀ। ਸੰਨ ੧੫੦੩ ਵਿਚ ਸਿਕੰਦਰ ਬਾਦਸ਼ਾਹ ਦੇ ਸਮੇ ਪੰਜਾਬ ਦਾ ਇਹੋ ਹਾਲ ਸੀ। ਗੁਰੂ ਨਾਨਕ ਦੇਵ ਜੀ ਵਪਾਰ ਕਰਨ ਗਏ ਚੂਹੜਕਾਣੇ ਪਹੁੰਚੇ। ਪਿੰਡਾਂ ਨਾਲੋਂ ਕਸਬਿਆਂ ਨਗਰਾਂ ਤੇ ਸ਼ਹਿਰਾਂ ਵਿਚ ਕਾਲ ਦਾ ਦ੍ਰਿਸ਼ ਵਧੀਕ ਭਿਆਨਕ ਹੋਇਆ ਕਰਦਾ ਹੈ, ਅੰਨ ਤਾਂ ਪਿੰਡਾਂ ਵਿਚੋਂ ਹੀ ਆਉਣਾ ਹੋਇਆ। ਲੋਕਾਂ ਦੀ ਦੁਖੀ ਹਾਲਤ ਵੇਖ ਕੇ ਗੁਰੂ ਨਾਨਕ ਦੇਵ ਜੀ ਦਾ ਹਿਰਦਾ ਦ੍ਰਵਣੋਂ ਰਹਿ ਨਾ ਸਕਿਆ। ਸਾਰੀ ਦੀ ਸਾਰੀ ਰਕਮ ਭੁੱਖ-ਮਰਦਿਆਂ ਦੇ ਪੇਟ ਭਰਨ ਤੇ ਖ਼ਰਚ ਕਰ ਦਿੱਤੀਓ ਨੇ। ਉਸ ਸਮੇ ਦੇ ਵੀਹ ਰੁਪਏ ਅੱਜ-ਕੱਲ੍ਹ ਦੇ ਦੋ ਹਜ਼ਾਰ ਨਾਲੋਂ ਚੰਗੇ ਸਨ।

ਸਿੱਖ-ਇਤਿਹਾਸ ਲਿਖਦਾ ਹੈ ਕਿ ਜਦੋਂ ਬਾਬਾ ਕਾਲੂ ਜੀ ਨੇ ਗੁਰੂ ਨਾਨਕ ਦੇਵ ਜੀ ਨੂੰ ਖ਼ਾਲੀ-ਹੱਥ ਆਉਂਦਿਆਂ ਵੇਖ ਕੇ ਸਾਰੀ ਗੱਲ ਸੁਣੀ, ਤਾਂ ਪਿਤਾ ਵਾਸਤੇ ਪੁੱਤਰ ਦੀ ਇਤਨੀ ਖੁਲ੍ਹ-ਦਿਲੀ ਅਸਹਿ ਹੋ ਗਈ। ਗੁਰੂ ਨਾਨਕ ਦੇਵ



WWW.SIKHBOOKCLUB.COM 

ਜੀ ਉਸ ਵੇਲੇ ਦੋ ਪੁੱਤਰਾਂ ਦੇ ਪਿਉ ਭੀ ਸਨ, ਪਰ ਇਤਿਹਾਸ ਲਿਖਦਾ ਹੈ ਕਿ ਬਾਬਾ ਕਾਲੂ ਜੀ ਇਤਨੇ ਕ੍ਰੋਧ-ਵੱਸ ਹੋਏ ਕਿ ੩੪ ਸਾਲਾਂ ਦੇ ਗੱਭਰੂ ਪੁੱਤਰ ਨੂੰ ਚਪੇੜਾਂ ਭੀ ਮਾਰ ਦਿੱਤੀਓ ਨੇ। ਦੋਹਾਂ ਦੇ ਦ੍ਰਿਸ਼ਟੀ-ਕੋਣ ਵਿਚ ਫ਼ਰਕ ਸੀ। ਬਾਬਾ ਕਾਲੂ ਜੀ ਬਾਕੀ ਦੁਨੀਆ ਵਾਂਗ ਉਸੇ ਸੌਦੇ ਨੂੰ ਖਰਾ ਸਮਝਦੇ ਸਨ, ਜਿਸ ਵਿਚੋਂ ਚੰਗਾ ਨਫ਼ਾ ਪਏ। ਗੁਰੂ ਨਾਨਕ ਦੇਵ ਜੀ ਨੂੰ ਆਪਣਾ ਖ਼ਾਲਕ ਦੁਖੀ ਖ਼ਲਕਤ ਵਿਚ ਦਿਸ ਰਿਹਾ ਸੀ। ਸੁਚੱਜੇ ਕਮਾਊ ਗੁਰੂ ਨਾਨਕ ਨੂੰ ਦੁਖੀ ਖ਼ਲਕਤ ਦਾ ਦਰਦ ਵੰਡਣਾ ਹੋਰ ਸੌਦਿਆਂ ਨਾਲੋਂ ਵਧੀਕ ਖਰਾ ਸੌਦਾ ਜਾਪਿਆ ਸੀ।

ਗੁਰੂ ਨਾਨਕ ਦੇਵ ਜੀ ਦੇ ਖਲਕਤ ਨਾਲ ਪਿਆਰ ਕਰਨ ਦੇ ਇਸ ਖਰੇ ਵਪਾਰ ਦੀ ਯਾਦ ਵਿਚ ਚੂਹੜਕਾਣੇ ਦੀਆਂ ਦੋ ਅਬਾਦੀਆਂ ਦੇ ਵਿਚਕਾਰ ਉਹਨਾਂ ਦੇ ਨਾਮ-ਲੇਵਾ ਸਿੱਖਾਂ ਨੇ ਗੁਰਦੁਆਰਾ 'ਖਰਾ ਸੌਦਾ' ਬਣਾਇਆ। ਪਾਕਿਸਤਾਨ ਬਣਨ ਤੋਂ ਪਹਿਲਾਂ ਉਥੇ ਵੈਸਾਖੀ, ਮਾਘ ਸੁਦੀ ੧ ਅਤੇ ਕੱਤਕ ਪੂਰਨਮਾਸ਼ੀ ਨੂੰ ਸਿੱਖ ਸੰਗਤਾਂ ਦੇ ਭਾਰੇ ਇਕੱਠ ਹੋਇਆ ਕਰਦੇ ਸਨ।

*(੨) ਮਲਕ ਭਾਗੋ*

*ਜਨਤਾ ਉਤੇ ਜਬਰ ਕਰਨ ਵਾਲੇ ਨਾਲ ਨਾ-ਮਿਲਵਰਤਣ*

SIKHBOOKCLUB.COM

ਸਿੱਖ-ਇਤਿਹਾਸ ਲਿਖਦਾ ਹੈ ਕਿ ਸਤਿਗੁਰੂ ਨਾਨਕ ਦੇਵ ਜੀ ਅਜੇ ਪਹਿਲੀ 'ਉਦਾਸੀ' ਤੇ ਤੁਰੇ ਹੀ ਸਨ ਕਿ ਉੱਚ-ਜਾਤੀਏ ਲੋਕਾਂ ਨੇ ਇਹਨਾਂ ਨੂੰ 'ਕੁਰਾਹੀਆ' ਧੁਮਾਣਾ ਸ਼ੁਰੂ ਕਰ ਦਿੱਤਾ ਸੀ। 'ਕੁਰਾਹੀਆ' ਤਾਂ ਉਹਨਾਂ ਆਖਣਾ ਹੀ ਸੀ। ਨੀਵੀਂ ਜਾਤ ਦੇ ਮਿਰਾਸੀ ਮਰਦਾਨੇ ਨਾਲ ਉਹਨਾਂ ਦਾ ਪਿਆਰ ਸੀ ਤੇ ਹਰ ਵੇਲੇ ਦਾ ਬਹਿਣ-ਖਲੋਣ ਸੀ। ਇਤਨੀ ਨੇੜਤਾ ਦੇ ਸਾਮ੍ਹਣੇ ਜਾਤ-ਪਾਤ ਵਾਲਾ ਵਿਤਕਰਾ ਕਦੇ ਟਿਕਿਆ ਹੀ ਨਹੀਂ ਰਹਿ ਸਕਦਾ। ਇਹ ਕਿਵੇਂ ਹੋ ਸਕਦਾ ਸੀ ਕਿ ਸਾਰੀ ਖ਼ਲਕਤ ਵਿਚ ਇਕੋ ਖ਼ਾਲਕ ਦੀ ਹੋਂਦ ਦਾ ਹੋਕਾ ਦੇਣ ਵਾਲੇ ਗੁਰੂ ਨਾਨਕ ਦੇਵ ਜੀ ਖਾਣ-ਪੀਣ ਵੇਲੇ ਮਰਦਾਨੇ ਨੂੰ ਕਿਤੇ ਪਰੇ ਵੱਖਰੀ ਗੁਠੇ ਲਾ ਦੇਂਦੇ ਹੋਣ ? ਤਾਂ ਫਿਰ ਉਹਨਾਂ ਦੀ ਕਹਿਣੀ ਤੇ ਕਰਣੀ ਵਿਚ ਇਹ ਫ਼ਰਕ ਵੇਖ ਕੇ ਮਰਦਾਨਾ ਉਹਨਾਂ ਦੇ ਨਾਲ ਇਤਨੇ ਲੰਮੇ ਸਫ਼ਰਾਂ ਲਈ ਤਿਆਰ ਹੀ ਕਿਉਂ ਹੁੰਦਾ ? ਤੀਜੀ 'ਉਦਾਸੀ' ਸਮੇ ਸਤਿਗੁਰੂ ਜੀ ਭਾਰਤ ਤੋਂ ਬਾਹਰ ਤਿੰਨ ਸਾਲ ਮੁਸਲਮਾਨੀ ਦੇਸਾਂ ਵਿਚ ਰਹੇ। ਇਕੱਲਾ ਮਰਦਾਨਾ ਹੀ ਉਹਨਾਂ ਦਾ ਹਰ ਵੇਲੇ ਦਾ ਸਾਥੀ ਸੀ। ਤਿੰਨ ਸਾਲਾਂ ਵਾਸਤੇ 'ਸੁੱਚੀਆਂ' ਰੋਟੀਆਂ ਹਿੰਦੁਸਤਾਨ ਤੋਂ ਤਾਂ ਨਾਲ ਲੈ ਹੀ ਨਹੀਂ ਸਨ ਗਏ। ਇਹ ਭੀ ਹਾਸੋ ਹੀਣੀ ਮਿਥ ਹੈ ਕਿ

ਹਰ ਰੋਜ਼ ਦੋਵੇਂ ਵੇਲੇ ਸਤਿਗੁਰੂ ਜੀ ਤੇ ਮਰਦਾਨਾ ਵੱਖ ਵੱਖ ਚੁਲ੍ਹੇ ਗੱਡ ਲੈਂਦੇ ਸਨ।

ਮਰਦਾਨੇ ਨਾਲ ਸੁਲਤਾਨਪੁਰ ਜਾਣ ਤੋਂ ਪਹਿਲਾਂ ਦੀ ਹੀ ਨੇੜਤਾ ਸੀ, ਤੇ ਜਾਤ-ਪਾਤ ਦੇ ਵਿਤਕਰੇ ਤੋਂ ਬਹੁਤ ਉੱਚੇ ਦਰਜੇ ਦੀ ਨੇੜਤਾ ਸੀ। ਪਰ ਉਹਨੀਂ ਦਿਨੀਂ ਗੁਰੂ ਨਾਨਕ ਦੇਵ ਜੀ ਨੇ ਉੱਚ-ਜਾਤੀਏ ਲੋਕਾਂ ਦਾ ਧਾਰਮਿਕ ਜਬਰ ਜਨਤਾ ਵਿਚ ਨਸ਼ਰ ਕਰਨਾ ਸ਼ੁਰੂ ਨਹੀਂ ਸੀ ਕੀਤਾ। ਸੁਲਤਾਨਪੁਰ ਰਹਿੰਦਿਆਂ ਭੀ ਇਕ ਕਿਸਮ ਦਾ ਇਕਾਂਤੀ ਜਿਹਾ ਜੀਵਨ ਹੀ ਸੀ। ਸਿਰਫ਼ ਸਥਾਨਕ ਲੋਕਾਂ ਨਾਲ ਹੀ ਵਾਹ ਪੈਂਦਾ ਸੀ। ਬ੍ਰਾਹਮਣ ਆਦਿਕਾਂ ਨੂੰ ਇਹ ਲੋੜ ਨਹੀਂ ਸੀ ਪਈ ਕਿ ਗੁਰੂ ਨਾਨਕ ਦੇਵ ਜੀ ਦੇ ਇਸ ਧਰਮ-ਸ਼ਾਸ਼ਤਰ-ਉਲੰਘਣ ਨੂੰ ਬਹੁਤੀ ਹਵਾ ਦੇਣ। ਰਾਜ ਵੀ ਤਾਂ ਮੁਸਲਮਾਨਾਂ ਦਾ ਹੀ ਸੀ ਨਾ।

ਸੰਨ ੧੫੦੭ ਵਿਚ ਜਦੋਂ ਮੋਦੀਖ਼ਾਨਾ ਛੱਡ ਕੇ ਹਿੰਦੂ-ਤੀਰਥਾਂ ਦਾ ਚੱਕਰ ਲਾਣ ਤੁਰੇ, ਤਾਂ ਉਹਨਾਂ ਪਰਤੱਖ ਖੁਲ੍ਹੇ ਲਫ਼ਜ਼ਾਂ ਵਿਚ ਆਪਣਾ ਮਨੋਰਥ ਪਰਗਟ ਕਰ ਦਿੱਤਾ ਕਿ ਗ਼ਰੀਬ ਜਨਤਾ ਨੂੰ ਧਾਰਮਿਕ ਤੇ ਰਾਜਸੀ ਜੂਲੇ ਹੇਠੋਂ ਨਿਕਲਣ ਲਈ ਸੁਚੇਤ ਕਰਨਾ ਹੈ। ਬ੍ਰਾਹਮਣਾਂ ਨੂੰ ਭੀ ਲੋੜ ਪਈ ਕਿ ਇਹਨਾਂ ਦੇ ਪਰਚਾਰ ਦੇ ਅਸਰ-ਰਸੂਖ਼ ਨੂੰ ਕਮਜ਼ੋਰ ਕਰਨ ਦੇ ਢੰਗ ਵਰਤਣ। ਪਹਿਲੀ 'ਉਦਾਸੀ' ਦੇ ਅਰੰਭ ਵਿਚ ਹੀ ਗੁਰੂ ਨਾਨਕ ਦੇਵ ਜੀ ਨੂੰ 'ਕੁਰਾਹੀਆ' ਧੁਮਾਣਾ ਸ਼ੁਰੂ ਕਰ ਦਿੱਤੋ ਨੇ।

ਸਿੱਖ-ਇਤਿਹਾਸ ਲਿਖਦਾ ਹੈ ਕਿ ਵੇਈਂ ਨਦੀ ਦੇ ਆਖ਼ਰੀ ਇਸ਼ਨਾਨ ਪਿਛੋਂ ਗੁਰੂ ਨਾਨਕ ਦੇਵ ਜੀ ਨੇ ਭਾਦਰੋਂ ਸੁਦੀ ੧੫, ਸੰਮਤ ੧੫੬੪ ਨੂੰ ਸੁਲਤਾਨਪੁਰ ਆ ਕੇ ਮੋਦੀਖ਼ਾਨਾ ਤਿਆਗ ਦਿੱਤਾ ਸੀ। ਅੰਗਰੇਜ਼ੀ ਸਾਲ ਅਨੁਸਾਰ ਉਸ ਦਿਨ ਤਕਰੀਬਨ ੨੫ ਅਗਸਤ ਸੰਨ ੧੫੦੭ ਸੀ। ਇਕ ਦੋ ਦਿਨਾਂ ਵਿਚ ਮੋਦੀਖ਼ਾਨੇ ਦਾ ਹਿਸਾਬ ਚੁਕਾ ਕੇ ਭਾਈ ਮਰਦਾਨੇ ਸਮੇਤ ਪਹਿਲਾਂ ਤਲਵੰਡੀ ਪਹੁੰਚੇ। ਦਿੱਲੀ ਤੋਂ ਲਾਹੌਰ ਨੂੰ ਆਉਣ ਵਾਲੀ ਸ਼ਾਹੀ ਸੜਕ ਸੁਲਤਾਨਪੁਰ ਤੋਂ ਲੰਘਦੀ ਸੀ। ਸੁਲਤਾਨਪੁਰ ਤੋਂ ਲਾਹੌਰ ਦੇ ਰਸਤੇ ਤਲਵੰਡੀ ਤਕ ਸੌ ਕੁ ਮੀਲਾਂ ਦਾ ਫ਼ਾਸਲਾ ਹੈ। ਮਾਤਾ ਪਿਤਾ ਨੂੰ ਤਾਂ ਆਪਣੇ ਕੀਤੇ ਫ਼ੈਸਲੇ ਦੀ ਖ਼ਬਰ ਹੀ ਦੇਣੀ ਸੀ ਤੇ ਉਹਨਾਂ ਤੋਂ ਅਸ਼ੀਰਵਾਦ ਲੈਣੀ ਸੀ। ਇਕ-ਅੱਧ ਦਿਨ ਤਲਵੰਡੀ ਠਹਿਰ ਕੇ ਭਾਈ ਮਰਦਾਨੇ ਨੂੰ ਨਾਲ ਲੈ ਕੇ ਗੁਰੂ ਨਾਨਕ ਦੇਵ ਜੀ ਪਹਿਲੀ 'ਉਦਾਸੀ' ਤੇ ਚੱਲ ਪਏ।

ਦੂਹੜਕਾਣੇ ਤੋਂ ਲੰਘ ਕੇ ਸਤਿਗੁਰੂ ਜੀ ਸੈਦਪੁਰ ਪਹੁੰਚੇ। ਉਹਨੀਂ ਦਿਨੀਂ



WWW.SIKHBOOKCLUB.COM 

ਲਾਹੌਰ ਤੋਂ ਅਗਾਂਹ ਵਜ਼ੀਰਾਬਾਦ ਤੋਂ ਉਰੇ ਇਹੀ ਵੱਡਾ ਨਗਰ ਸੀ। ਸੈਦਪੁਰ ਪਠਾਣ ਹਾਕਮਾਂ ਦਾ ਗੜ੍ਹ ਸੀ। ਇਥੋਂ ਦੇ ਖੱਤ੍ਰੀ ਹਾਕਮ ਭੀ ਬਾਹਰੇ ਵਿਚ ਮਸ਼ਹੂਰ ਸਨ। ਇਹਨਾਂ ਦੇ ਆਸਰੇ ਸੈਦਪੁਰ ਦੇ ਬ੍ਰਾਹਮਣ ਭੀ ਜ਼ੋਰਾਂ ਵਿਚ ਸਨ। ਇਹ ਕੁਦਰਤੀ ਗੱਲ ਸੀ ਕਿ ਗ਼ਰੀਬ ਜਨਤਾ ਇਹਨਾਂ ਦੇ ਹੱਥੋਂ ਦੁਖੀ ਹੋਵੇ। ਗੁਰੂ ਨਾਨਕ ਦੇਵ ਜੀ ਸਭ ਤੋਂ ਪਹਿਲਾਂ ਸੈਦਪੁਰ ਹੀ ਪਹੁੰਚੇ।

ਭਾਦਰੋਂ ਦੀ ਪੂਰਨਮਾਸ਼ੀ ਤੋਂ ਸਰਾਧ ਸ਼ੁਰੂ ਹੁੰਦੇ ਹਨ, ਤੇ ਪੰਦਰ੍ਹਾਂ ਦਿਨ ਰਹਿੰਦੇ ਹਨ। ਇਹਨੀਂ ਦਿਨੀਂ ਬ੍ਰਾਹਮਣਾਂ ਦੀਆਂ ਪੰਜੇ ਉਂਗਲੀਆਂ ਘਿਉ ਵਿਚ ਹੁੰਦੀਆਂ ਹਨ। ਅਮੀਰ-ਗ਼ਰੀਬ ਹਰ ਕੋਈ ਆਪਣੇ ਵਿਤ ਅਨੁਸਾਰ ਬ੍ਰਾਹਮਣਾਂ ਨੂੰ ਭੋਜਨ ਖਵਾਂਦਾ ਹੈ, ਨਕਦ ਦੱਛਣਾ ਭੀ ਭੇਟਾ ਕਰਦਾ ਹੈ, ਤਾਕਿ ਪਰਲੋਕ ਵਿਚ ਬੈਠੇ ਪਿੱਤਰਾਂ ਨੂੰ ਬ੍ਰਾਹਮਣ-ਦੇਵਤਿਆਂ ਦੀ ਰਾਹੀਂ ਇਕ ਸਾਲ ਜੋਗੀ ਖ਼ੁਰਾਕ ਪਹੁੰਚ ਜਾਏ।

ਜਦੋਂ ਗੁਰੂ ਨਾਨਕ ਦੇਵ ਜੀ ਸੈਦਪੁਰ ਅੱਪੜੇ, ਸਰਾਧ ਅਜੇ ਮੁੱਕੇ ਨਹੀਂ ਸਨ। ਸਤਿਗੁਰੂ ਜੀ ਇਕ ਬੜੇ ਹੀ ਗ਼ਰੀਬ ਬੰਦੇ ਦੇ ਘਰ ਜਾ ਟਿਕੇ, ਜਿਸ ਦਾ ਨਾਮ ਲਾਲੋ ਸੀ। ਲਾਲੋ ਜਾਤ ਦਾ ਤਰਖਾਣ ਸੀ, ਜੋ ਬ੍ਰਾਹਮਣਾਂ ਦੀਆਂ ਨਜ਼ਰਾਂ ਵਿਚ ਸ਼ੂਦਰ ਸੀ। ਗ਼ਰੀਬ ਦੀ ਵੱਸੋਂ ਆਮ ਤੌਰ ਤੇ ਗ਼ਰੀਬਾਂ ਦੇ ਮਹੱਲੇ ਵਿਚ ਹੀ ਹੋਇਆ ਕਰਦੀ ਹੈ। ਸਤਿਗੁਰੂ ਜੀ ਨੇ ਵੇਖਿਆ ਕਿ ਇਹ ਗ਼ਰੀਬ ਭੀ ਧਰਮ-ਸ਼ਾਸਤਰਾਂ ਦੇ ਜੂਲੇ ਹੇਠ ਆ ਕੇ, ਪਿੱਤਰਾਂ ਨੂੰ ਭੁੱਖ ਤੋਂ ਬਚਾਣ ਦੇ ਭੁਲੇਖੇ ਵਿਚ, ਆਪ ਭੁੱਖ ਦਾ ਸ਼ਿਕਾਰ ਹੋ ਰਹੇ ਹਨ। ਪਿੱਤਰਾਂ ਨੂੰ ਅਪੜਾਣ ਲਈ ਭੋਜਨ ਭੀ ਖੀਰ ਤੋਂ ਹੌਲੇ ਮੇਲ ਦਾ ਹੋ ਨਹੀਂ ਸਕਦਾ ਸੀ। ਦੁੱਧ, ਚਾਵਲ ਤੇ ਖੰਡ। ਗੁਰੂ ਨਾਨਕ ਦੇਵ ਜੀ ਨੇ ਇਸ ਪਾਏ ਹੋਏ ਭੁਲੇਖੇ ਦਾ ਪਾਜ ਉਘੇੜਨਾ ਸ਼ੁਰੂ ਕੀਤਾ।

ਜਰਵਾਣਿਆਂ ਦਾ ਗੜ੍ਹ। ਉਥੇ ਬ੍ਰਾਹਮਣਾਂ ਦਾ ਭੀ ਜ਼ੋਰ। ਆਪਣੀਆਂ ਮੌਜਾਂ ਨੂੰ ਹੱਥ ਪੈਂਦਾ ਵੇਖ ਕੇ ਉਹ ਕਿਵੇਂ ਚੁੱਪ ਰਹਿੰਦੇ ? ਮਲਕ ਭਾਗੋ ਉਥੋਂ ਦਾ ਮੰਨ੍ਹੀ ਖੱਤ੍ਰੀ ਕਰਮਚਾਰੀ ਸੀ। ਬ੍ਰਾਹਮਣਾਂ ਨੇ ਉਸ ਦੇ ਕੰਨ ਭਰਨੇ ਸ਼ੁਰੂ ਕੀਤੇ ਕਿ ਤਲਵੰਡੀ ਦੇ ਕਾਲੂ ਖੱਤ੍ਰੀ ਦਾ ਪੁੱਤਰ ਸ਼ੂਦਰਾਂ ਨਾਲ ਮੇਲ-ਜੋਲ ਰੱਖ ਕੇ ਆਪ ਭੀ ਕੁਰਾਹੇ ਪਿਆ ਹੋਇਆ ਹੈ, ਤੇ ਹੁਣ ਹੋਰ ਹਿੰਦੂਆਂ ਨੂੰ ਭੀ ਕੁਰਾਹੇ ਪਾ ਰਿਹਾ ਹੈ।

ਇਕ ਸਰਾਧ ਤੇ ਮਲਕ ਭਾਗੋ ਨੇ ਭੀ ਬ੍ਰਹਮ-ਭੋਜ (ਬ੍ਰਾਹਮਣਾਂ ਨੂੰ ਭੋਜਨ)



WWW.SIKHBOOKCLUB.COM 

ਕਰਾਇਆ। ਨਗਰ ਦੇ ਸਾਰੇ ਬ੍ਰਾਹਮਣਾਂ ਨੂੰ ਨਿਉਂਦਰਾ ਦਿਤੋਸੁ। ਜਿਹੜੇ ਕੋਈ ਸੰਤ-ਸਾਧ ਨਗਰ ਦੇ ਨੇੜੇ-ਤੇੜੇ ਉਤਰੇ ਹੋਏ ਸਨ, ਉਹਨਾਂ ਨੂੰ ਭੀ ਭੋਜਨ ਲਈ ਸੱਦਾ ਦਿੱਤਾ ਗਿਆ। ਗੁਰੂ ਨਾਨਕ ਦੇਵ ਜੀ ਹਜ਼ਾਰਾਂ ਮੀਲਾਂ ਦੇ ਸਫ਼ਰ ਲਈ ਘਰੋਂ ਤੁਰੇ ਸਨ, ਇਹ ਜ਼ਰੂਰੀ ਸੀ ਕਿ ਸਾਦਾ ਤੋਂ ਸਾਦਾ ਹਾਲਤ ਵਿਚ ਰਹਿਣ। ਇਕ ਚੋਲਾ, ਚਾਦਰ ਤੇ ਦਸਤਾਰ ਹੀ ਉਹਨਾਂ ਦਾ ਸਾਮਾਨ ਹੋ ਸਕਦਾ ਸੀ। ਉਹ ਭੀ ਮੈਲ-ਖੋਰੇ ਗੇਰੂਏ ਰੰਗ ਦਾ। ਨਿੱਤ ਦੇ ਸਫ਼ਰ ਵਿਚ ਘੱਟੇ-ਮਿੱਟੀ ਨਾਲ ਜੁ ਵਾਹ ਪੈਣਾ ਸੀ। ਵਾਨ-ਪ੍ਰਸਤ ਤੇ ਸੰਨਿਆਸੀ ਸਾਧੂਆਂ ਨੇ ਇਸੇ ਕਰਕੇ ਇਹ ਰੰਗ ਵਰਤਣਾ ਸ਼ੁਰੂ ਕੀਤਾ ਸੀ। ਸਹਿਜੇ ਸਹਿਜੇ ਫਿਰ ਇਹ ਰੰਗ ਧਾਰਮਿਕ ਸਮਝਿਆ ਜਾਣ ਲੱਗ ਪਿਆ। ਸਾਧ-ਬਾਣੇ ਵਿਚ ਵੇਖ ਕੇ ਗੁਰੂ ਨਾਨਕ ਸਾਹਿਬ ਨੂੰ ਭੀ ਬ੍ਰਹਮ-ਭੋਜ ਵਿਚ ਸ਼ਾਮਲ ਹੋਣ ਲਈ ਸੱਦਿਆ ਗਿਆ।

ਉੱਚ-ਜਾਤੀਏ ਬ੍ਰਾਹਮਣਾਂ ਅਤੇ ਖੱਤ੍ਰੀ ਰਾਜਿਆਂ ਹਾਕਮਾਂ ਦਾ ਗਠ-ਜੋੜ ਸਦੀਆਂ ਤੋਂ ਤੁਰਿਆ ਆ ਰਿਹਾ ਸੀ। ਖੱਤ੍ਰੀ ਹਾਕਮ ਤੇ ਰਾਜੇ ਆਪਣੇ ਸਾਰੇ ਘਰੋਗੀ, ਧਾਰਮਿਕ, ਭਾਈਚਾਰਕ ਤੇ ਰਾਜਸੀ ਕੰਮ ਬ੍ਰਾਹਮਣਾਂ ਦੀ ਅਗਵਾਈ ਵਿਚ ਕਰਦੇ ਸਨ। ਦਿਲ ਖੋਲ੍ਹ ਕੇ ਬ੍ਰਾਹਮਣਾਂ ਨੂੰ ਦਾਨ-ਪੁੰਨ ਕਰਦੇ ਸਨ। ਇਸ ਦੇ ਵੱਟੇ ਵਿਚ ਬ੍ਰਾਹਮਣ ਉਹਨਾਂ ਹਾਕਮਾਂ ਤੇ ਰਾਜਿਆਂ ਦੇ ਧਰਮੀ ਤੇ ਨੀਤੀਵਾਨ ਹੋਣ ਦਾ ਢੰਡੋਰਾ ਦੇਂਦੇ ਸਨ। ਇਸ ਦਾ ਦੂ-ਧਾਮੜ ਅਸਰ ਗ਼ਰੀਬ ਜਨਤਾ ਉੱਤੇ ਅਜਿਹਾ ਪੈਂਦਾ ਸੀ ਕਿ ਦੋਹਾਂ ਧਿਰਾਂ ਦੀਆਂ ਮੌਜਾਂ ਗ਼ਰੀਬਾਂ ਦੇ ਸਿਰ ਤੇ ਬਣੀਆਂ ਰਹਿੰਦੀਆਂ ਸਨ। ਖੱਤ੍ਰੀ ਰਾਜਿਆਂ ਤੇ ਹਾਕਮਾਂ ਦੇ ਪੂਰਨਿਆਂ ਉਤੇ ਤੁਰ ਕੇ ਬਾਕੀ ਦੀ ਹਿੰਦੂ ਜਨਤਾ ਭੀ ਆਪਣੇ ਵਿਤ ਅਨੁਸਾਰ ਦਿਨ-ਦਿਹਾਰ ਸਮੇ ਬ੍ਰਾਹਮਣਾਂ ਦੀ ਸੇਵਾ ਕਰਦੀ ਸੀ, ਤੇ ਇਸ ਨੂੰ ਜੀਵਨ ਦਾ ਸਹੀ ਧਾਰਮਿਕ ਰਸਤਾ ਸਮਝਦੀ ਸੀ। ਦੂਜੇ ਪਾਸੇ, ਬ੍ਰਾਹਮਣਾਂ ਦੇ ਮੂੰਹੋਂ ਖੱਤ੍ਰੀ ਕਰਮਚਾਰੀਆਂ ਦੀ ਵਡਿਆਈ ਨਿੱਤ ਸੁਣ ਸੁਣ ਕੇ ਗ਼ਰੀਬ ਉਤੇ ਭੀ ਇਹੀ ਅਸਰ ਪੈਂਦਾ ਗਿਆ ਕਿ ਹਾਕਮ ਤੇ ਰਾਜੇ ਸਚਮੁੱਚ ਬੜੇ ਨੇਕ ਤੇ ਧਰਮੀ ਹਨ, ਅਤੇ ਉਹਨਾਂ ਦੀ ਆਪਣੀ ਗ਼ਰੀਬੀ ਤੇ ਦੁੱਖੜੇ ਪਰਮਾਤਮਾ ਵਲੋਂ ਹੀ ਆਏ ਹੋਏ ਹਨ।

ਗੁਰੂ ਨਾਨਕ ਦੇਵ ਜੀ ਨੇ ਇਹ ਅਪਵਿੱਤਰ ਗਠ-ਜੋੜ ਤੋੜਨਾ ਸੀ ਤੇ ਜਨਤਾ ਨੂੰ ਹੁਸ਼ਿਆਰ ਕਰਨਾ ਸੀ। ਉਹ ਮਲਕ ਭਾਗੋ ਦੇ ਬ੍ਰਹਮ-ਭੋਜ ਵਿਚ ਸ਼ਾਮਲ ਨਾ ਹੋਏ। ਪਰ ਉਹਨਾਂ ਦੇ ਆਪਣੇ ਹੀ ਗੜ੍ਹ ਵਿਚ ਬ੍ਰਾਹਮਣਾਂ ਦੀ ਉੱਚਤਾ ਤੇ ਖੱਤ੍ਰੀ ਕਰਮਚਾਰੀਆਂ ਦੇ ਧਰਮੀ-ਪਨ ਨੂੰ ਵੰਗਾਰਨਾ ਕੋਈ ਸੌਖੀ ਖੇਡ ਨਹੀਂ ਸੀ। ਪਠਾਣ ਹਾਕਮ ਭੀ ਉਹਨਾਂ ਦੀ ਹੀ ਪਿੱਠ ਤੇ ਸਨ। ਗੁਰੂ ਨਾਨਕ ਪਾਤਿਸ਼ਾਹ

ਵਰਗੇ ਸੂਰਮੇ ਮਰਦ ਦਾ ਹੀ ਕੰਮ ਸੀ। ਬ੍ਰਾਹਮਣਾਂ ਨੇ ਇਹ ਅਵਸਰ ਹੱਥੋਂ ਨਾ ਜਾਣ ਦਿੱਤਾ। ਭਾਗੋ ਦੇ ਕੰਨ ਹੋਰ ਭਰਿਓ ਨੇ ਕਿ ਤੁਹਾਡੀ ਪਰਵਾਹ ਨਹੀਂ ਕੀਤੀ ਗਈ। ਗੱਲ ਬੜੀ ਚੁੱਕੀ ਗਈ। ਸਾਰੇ ਹੀ ਨਗਰ ਵਿਚ ਚਰਚਾ ਚੱਲ ਪਈ। ਧਰਮ ਦੀ ਗ਼ਲਤ ਲੋਰੀ ਵਿਚ ਸਦੀਆਂ ਤੋਂ ਸੁੱਤਿਆਂ ਅਨੇਕਾਂ ਨੂੰ ਸਗੋਂ ਸੂਝ ਪੈਣ ਲੱਗ ਪਈ। ਮਲਕ ਭਾਗੋ ਨੇ ਸਤਿਗੁਰੂ ਜੀ ਨੂੰ ਉਚੇਚਾ ਬੰਦਾ ਭੇਜ ਕੇ ਆਪਣੇ ਪਾਸ ਸੱਦ ਘੱਲਿਆ। ਮਰਦਾਨਾ ਭੀ ਨਾਲ ਹੀ। ਭਾਈ ਲਾਲੋ ਭੀ ਪਿੱਛੇ ਪਿੱਛੇ ਹੋ ਤੁਰਿਆ। ਤੁਰਤ ਸਾਰੇ ਨਗਰ ਵਿਚ ਇਹ ਗੱਲ ਖਿੱਲਰ ਗਈ। ਅਨੇਕਾਂ ਬੰਦੇ ਵੇਖਣ ਲਈ ਉਥੇ ਜਾ ਇਕੱਠੇ ਹੋਏ।

ਗੁਰੂ ਨਾਨਕ ਦੇਵ ਜੀ ਨੇ ਭਰੇ ਇਕੱਠ ਵਿਚ ਭਾਗੋ ਨੂੰ ਸਮਝਾਇਆ ਕਿ ਗ਼ਰੀਬਾਂ ਦਾ ਲਹੂ ਨਚੋੜ ਕੇ, ਉਸ ਵਿਚੋਂ ਬ੍ਰਾਹਮਣਾਂ ਨੂੰ ਦਾਨ-ਪੁੰਨ ਕਰ ਕੇ, ਉਹਨਾਂ ਦੀ ਰਾਹੀਂ ਆਪਣੇ ਧਰਮੀ ਹੋਣ ਦਾ ਢੰਡੋਰਾ ਦਿਵਾਣਾ—ਇਹ ਨਹੀਂ ਹੈ ਜੀਵਨ ਦਾ ਸਹੀ ਰਸਤਾ, ਤੇ ਇਹ ਨਹੀਂ ਹੈ ਧਰਮ। ਖ਼ਲਕਤ ਦਾ ਲਹੂ ਪੀਣ ਵਾਲਿਆਂ ਨਾਲ ਖ਼ਾਲਕ ਪਰਸੰਨ ਨਹੀਂ ਹੋ ਸਕਦਾ।

## (ਅ) ਕਰਮ-ਕਾਂਡ ਇਕ ਭਰਮ-ਜਾਲ ਹੈ

SIKHBOOKCLUB.COM

*(੧) ਹਰਿਦੁਆਰ*

*ਪਿੱਤਰਾਂ ਨੂੰ ਪਿੱਤਰ-ਲੋਕ ਵਿਚ ਪਾਣੀ ਪਹੁੰਚਾਣਾ*

ਲਹੂ ਦੀ ਸਾਂਝ ਇਕ ਕੁਦਰਤੀ ਖੇਡ ਹੈ। ਮਾਪਿਆਂ ਦਾ ਪਿਆਰ ਬੱਚਿਆਂ ਨਾਲ, ਬੱਚਿਆਂ ਦਾ ਪਿਆਰ ਮਾਪਿਆਂ ਨਾਲ ਇਹੀ ਹੈ ਇਕ ਵਲਵਲਾ ਜੋ ਗ੍ਰਿਹਸਤ-ਜੀਵਨ ਨੂੰ ਸੁਰਗ ਬਣਾ ਦੇਂਦਾ ਹੈ। ਇਸ ਪਿਆਰ ਦੀ ਬਰਕਤ ਨਾਲ ਮਾਪੇ ਬੱਚੇ ਤੇ ਭੈਣ ਭਰਾ ਸਭੇ, ਸੁਤੇ ਹੀ, ਇਕ ਦੂਜੇ ਦੇ ਦੁੱਖ ਸੁੱਖ ਦੇ ਭਾਈਵਾਲ ਬਣੇ ਰਹਿੰਦੇ ਹਨ, ਇਕ ਦੂਜੇ ਦੀਆਂ ਖਾਣ-ਹੰਢਾਣ ਦੀਆਂ ਲੋੜਾਂ ਦਾ ਫ਼ਿਕਰ ਰੱਖਦੇ ਹਨ। ਪਰ ਇਹ ਭਰਿਆ ਮੇਲਾ ਸਦਾ ਭਰਿਆ ਨਹੀਂ ਰਹਿ ਸਕਦਾ, ਆਪੋ ਆਪਣੀ ਵਾਰੀ ਕੁਦਰਤ ਦੇ ਨਿਯਮ ਅਨੁਸਾਰ ਹਰ ਕੋਈ ਭਰੇ ਮੇਲੇ ਵਿਚੋਂ ਵਿਛੜ ਜਾਂਦਾ ਹੈ। ਮੌਤ ਸਰੀਰਕ ਵਿਛੋੜਾ ਤਾਂ ਲੈ ਆਉਂਦੀ ਹੈ, ਪਰ ਕਈ ਸਾਲਾਂ ਦਾ ਬਣਿਆ ਮੋਹ ਪਿਆਰ ਦਿਨਾਂ ਵਿਚ ਨਹੀਂ ਮੁੱਕ ਸਕਦਾ। ਪਿੱਛੇ ਰਹਿ ਗਏ ਘਰ ਦੇ ਸਾਥੀ ਮੁੜ ਮੁੜ ਤੁਰ ਗਏ ਸੱਜਣ ਨੂੰ ਯਾਦ ਕਰਦੇ ਹਨ ਤੇ ਇਹ ਭੇਤ ਸਮਝਣ ਦੇ ਜਤਨ ਕਰਦੇ ਹਨ—ਉਹ ਕਿਥੇ ਗਿਆ ? ਹੁਣ ਸੁਖੀ ਹੈ ਕਿ ਦੁਖੀ ?

ਕੀ ਉਸ ਨੂੰ ਹੁਣ ਭੀ ਖਾਣ-ਹੰਢਾਣ ਦੀ ਲੋੜ ਵਾਪਰਦੀ ਹੈ ? ਕੀ ਅਸੀ ਉਸ ਦੀ ਕੋਈ ਸਹਾਇਤਾ ਕਰ ਸਕਦੇ ਹਾਂ ? ਵਿੱਛੜੇ ਸਾਥੀ ਨਾਲ ਜਿਤਨਾ ਹੀ ਮੋਹ-ਪਿਆਰ ਡੂੰਘਾ ਹੁੰਦਾ ਹੈ, ਉਤਨੇ ਹੀ ਵਧੀਕ ਇਸ ਕਿਸਮ ਦੇ ਖ਼ਿਆਲ ਆ ਆ ਕੇ ਵਿਆਕੁਲ ਕਰਦੇ ਹਨ। ਆਪਣੇ ਹੀ ਮਨੋ-ਵੇਗਾਂ ਦੇ ਕਾਰਨ ਕਈਆਂ ਨੂੰ ਉਹ ਵਿੱਛੜੇ ਸੱਜਣ ਸੁਪਨਿਆਂ ਵਿਚ ਮਿਲਦੇ ਹਨ, ਤੇ ਆਪਣੀਆਂ ਲੋੜਾਂ ਇਉਂ ਹੀ ਦੱਸਦੇ ਹਨ ਜਿਵੇਂ ਕਿ ਇਕ ਦੇਹ-ਧਾਰੀ ਬੰਦੇ ਦੀਆਂ ਹੁੰਦੀਆਂ ਹਨ।

ਮਨੁੱਖ ਦੀਆਂ ਇਹਨਾਂ ਮਨੋ-ਕਲਪਨਾਂ ਵਿਚੋਂ ਸਰਾਧ ਆਦਿਕ ਕਰਮ-ਕਾਂਡ ਦੇ ਰਸਤੇ ਚੱਲ ਪਏ। ਇਕ ਐਸੀ ਜਮਾਤ ਬਣਦੀ ਗਈ ਜੋ ਮਨੁੱਖਾਂ ਨੂੰ ਉਹਨਾਂ ਦੀ ਇਸ ਮਾਨਸਕ ਪੀੜਾ ਵਿਚ ਢਾਰਸ ਦੇਣ ਦੇ ਰਾਹ ਲੱਭਦੀ ਰਹੇ। ਅਗਾਂਹ ਜਾ ਕੇ ਵੇਖ ਤਾਂ ਕੋਈ ਆਇਆ ਹੀ ਨਹੀਂ,ਪਰ ਵੇਖੋ-ਵੇਖੀ ਪਿੱਤਰਾਂ ਦੀਆਂ ਲੋੜਾਂ ਪੂਰੀਆਂ ਕਰਨ ਵਾਲਾ ਇਹ ਢੰਗ ਹਰਮਨ ਪਿਆਰਾ ਹੁੰਦਾ ਗਿਆ। ਸਹਿਜੇ ਸਹਿਜੇ ਇਸ ਧਾਰਮਿਕ ਮਰਯਾਦਾ ਵਿਚ ਸ਼ਾਮਲ ਹੋ ਕੇ ਹਰੇਕ ਹਿੰਦੂ-ਮਾਤ੍ਰ ਲਈ ਰੋਜ਼ਾਨਾ ਜੀਵਨ ਦਾ ਇਹ ਇਕ ਜ਼ਰੂਰੀ ਅੰਗ ਬਣ ਗਿਆ। ਇਸ ਉਤੇ ਕਰੜਾਈ ਨਾਲ ਅਮਲ ਕਰਾਣਾ ਸ਼ੁਰੂ ਹੋ ਗਿਆ। ਜਿਨ੍ਹਾਂ ਨੂੰ ਇਸ ਮਰਯਾਦਾ ਦੇ ਜਾਰੀ ਰਹਿਣ ਵਿਚ ਮਾਇਕ ਲਾਭ ਦਿੱਸਣ ਲੱਗ ਪਏ, ਉਹਨਾਂ ਨੇ ਅਜਿਹੇ ਪਰਬੰਧ ਕੀਤੇ ਕਿ ਭਾਰਤ ਦੀ ਕਿਸੇ ਭੀ ਨੁੱਕਰ ਵਿਚ ਕੋਈ ਹਿੰਦੂ-ਅਖਵਾਂਦਾ ਬੰਦਾ ਇਸ ਦਾ ਉਲੰਘਣ ਨਾ ਕਰ ਸਕੇ। ਪਿੰਡ ਪਿੰਡ ਸਥਾਨਕ ਬ੍ਰਾਹਮਣਾਂ ਵਲੋਂ ਇਸ ਦਾ ਪਰਚਾਰ ਭੀ ਸੀ, ਜਿਸ ਕਰਕੇ, ਇਸ ਦੀ ਮਹਾਨਤਾ ਦੇ ਸੰਸਕਾਰ ਲੋਕਾਂ ਦੇ ਮਨਾਂ ਵਿਚ ਜੜ੍ਹ ਫੜਦੇ ਗਏ, ਉਲੰਘਣ ਕਰਨ ਵਾਲੇ ਨੂੰ ਭਾਈਚਾਰੇ ਵਲੋਂ ਦੰਡ ਭੀ ਮਿਲਦਾ ਸੀ।

ਮਰੇ ਪ੍ਰਾਣੀ ਦੇ ਸਸਕਾਰ ਪਿੱਛੋਂ ਹਿੰਦੂ ਸੱਜਣ ਉਸ ਦੀਆਂ ਬਚੀਆਂ ਅਸਥੀਆਂ (ਜਿਨ੍ਹਾਂ ਨੂੰ 'ਫੁੱਲ' ਆਖੀਦਾ ਹੈ) ਹਰਿਦੁਆਰ ਜਾ ਕੇ ਗੰਗਾ ਨਦੀ ਵਿਚ ਪਾਂਦੇ ਹਨ। ਹਰਿਦੁਆਰ ਗੰਗਾ ਨਦੀ ਦੇ ਇਕ ਪਰਸਿੱਧ ਘਾਟ ਦਾ ਨਾਮ ਹੈ। ਯੂ. ਪੀ. ਦੇ ਜ਼ਿਲਾ ਸਹਾਰਨਪੁਰ ਵਿਚ ਹੈ। ਉਹਨਾਂ ਦਾ ਇਹ ਵਿਸ਼ਵਾਸ ਹੈ ਕਿ ਉਸ ਦੇ ਫੁੱਲ ਗੰਗਾ ਵਿਚ ਜਲ-ਪ੍ਰਵਾਹ ਹੋਣ ਨਾਲ ਉਸ ਦੀ ਗਤੀ ਹੋ ਜਾਂਦੀ ਹੈ। ਸੋ ਜਿਥੋਂ ਤਕ ਪਿੱਤਰਾਂ ਦਾ ਸੰਬੰਧ ਹੈ, ਹਰਿਦੁਆਰ ਹੋਰ ਸਾਰੇ ਤੀਰਥਾਂ ਨਾਲੋਂ ਬਹੁਤ ਵਧੀਕ ਮਹਾਨਤਾ ਰੱਖਦਾ ਹੈ। ਹਰ ਸਾਲ ਵੈਸਾਖੀ ਵਾਲੇ ਦਿਨ ਸਾਰੇ ਭਾਰਤ ਵਿਚੋਂ ਲੱਖਾਂ ਹਿੰਦੂ ਉਥੇ ਇਕੱਠੇ ਹੁੰਦੇ ਹਨ, ਅਤੇ ਉਥੋਂ ਦੇ ਬ੍ਰਾਹਮਣਾਂ ਦੀ ਮਾਇਕ ਸੇਵਾ ਕਰ ਕੇ ਉਹਨਾਂ ਦੀ ਰਾਹੀਂ ਪਿੱਤਰਾਂ ਨੂੰ ਜਲ



WWW.SIKHBOOKCLUB.COM 

ਆਦਿਕ ਲੋੜੀਂਦੀਆਂ ਸ਼ੈਆਂ ਅਪੜਾਂਦੇ ਹਨ।

ਪਹਿਲੀ 'ਉਦਾਸੀ' ਸਮੇ ਗੁਰੂ ਨਾਨਕ ਦੇਵ ਜੀ ਭਾਈ ਮਰਦਾਨੇ ਨੂੰ ਨਾਲ ਲੈ ਕੇ ਹਿੰਦੂ-ਤੀਰਥਾਂ ਤੇ ਗਏ ਸਨ। ਉਹਨਾਂ ਦੇ ਰਸਤੇ ਵਿਚ ਸਭ ਤੋਂ ਪਹਿਲਾ ਤੀਰਥ ਹਰਿਦੁਆਰ ਹੀ ਸੀ। ਸੁਲਤਾਨਪੁਰ ਦਾ ਮੋਦੀਖ਼ਾਨਾ ਛੱਡ ਕੇ ਅਗਸਤ ਸੰਨ ੧੫੦੭ ਵਿਚ ਚੱਲੇ ਸਨ। ਸੱਤ ਕੁ ਮਹੀਨਿਆਂ ਵਿਚ ਸਹਿਜੇ ਸਹਿਜੇ ਪੈਂਡਾ ਕਰ ਕੇ ਸਤਿਗੁਰੂ ਜੀ ਸੰਨ ੧੫੦੮ ਦੀ ਵੈਸਾਖੀ ਦੇ ਨੇੜ-ਤੇੜ ਹਰਿਦੁਆਰ ਪਹੁੰਚੇ। ਉਸ ਸਾਲ ਵੈਸਾਖੀ ਸੋਮਵਾਰ ਸੀ। ਚੰਦਰਮਾ ਦੇ ਹਿਸਾਬ ਵੈਸਾਖ ਵਦੀ ੧੧ ਸੀ। ਈਸਵੀ ਸੰਨ ੧੫੦੮ ਦੀ ਤਰੀਕ ੨੮ ਮਾਰਚ ਸੀ। ਬੇਅੰਤ ਲੋਕ ਗੰਗਾ ਦੇ ਕੰਢੇ ਉਤਰੇ ਹੋਏ ਸਨ। ਗੁਰੂ ਨਾਨਕ ਦੇਵ ਜੀ ਨੇ ਭੀ ਇਕ ਸਾਧੂ ਦੇ ਗੁਆਂਢ ਜਾ ਡੇਰਾ ਕੀਤਾ।

ਪਾਠਕਾਂ ਨੂੰ ਕਈ ਵਾਰ ਅਵਸਰ ਮਿਲਿਆ ਹੋਵੇਗਾ ਕਿਸੇ ਕਰਮ-ਕਾਂਡੀ ਹਿੰਦੂ ਨੂੰ ਸਵੇਰੇ ਇਸ਼ਨਾਨ ਕਰਦੇ ਵੇਖਣ ਦਾ। ਇਸ਼ਨਾਨ ਤੋਂ ਪਿੱਛੋਂ ਚੜ੍ਹਦੇ ਸੂਰਜ ਵਲ ਮੂੰਹ ਕਰ ਕੇ ਉਹ ਪਾਣੀ ਦੇ ਬੁੱਕ ਸੂਰਜ ਵੱਲ ਸੁੱਟਦਾ ਹੈ। ਉਸ ਦਾ ਇਹ ਵਿਸ਼ਵਾਸ ਹੁੰਦਾ ਹੈ ਕਿ ਸੂਰਜ ਦੇਵਤੇ ਦੀ ਰਾਹੀਂ ਇਹ ਪਾਣੀ ਪਿੱਤਰਾਂ ਨੂੰ ਪਹੁੰਚ ਰਿਹਾ ਹੈ। ਗ੍ਰਿਹਸਤੀ ਹਿੰਦੂ ਦੀਆਂ ਰੋਜ਼ਾਨਾ ਜ਼ਿੰਮੇਵਾਰੀਆਂ ਵਿਚੋਂ ਇਹ ਭੀ ਇਕ ਜ਼ਰੂਰੀ ਜ਼ਿੰਮੇਵਾਰੀ ਹੈ। ਹਰਿਦੁਆਰ ਤਾਂ ਹੈ ਹੀ ਉਹ ਤੀਰਥ, ਜੋ ਪਿੱਤਰਾਂ ਦੀ ਗਤੀ ਲਈ ਕੇਂਦਰੀ-ਅਸਥਾਨ ਹੈ। ਉਥੇ ਪਹੁੰਚਿਆ ਹੋਇਆ ਹਿੰਦੂ ਇਸ ਜ਼ਿੰਮੇਵਾਰੀ ਨੂੰ ਕਦੇ ਭੁਲਾ ਨਹੀਂ ਸਕਦਾ।

ਵੈਸਾਖੀ ਵਾਲੇ ਦਿਨ ਸਵੇਰੇ ਹਿੰਦੂ-ਯਾਤਰੂਆਂ ਨੇ ਗੰਗਾ ਵਿਚ ਇਸ਼ਨਾਨ ਕਰ ਕੇ ਸੂਰਜ ਵੱਲ ਪਾਣੀ ਦੇ ਬੁੱਕ ਸੁੱਟਣੇ ਸ਼ੁਰੂ ਕੀਤੇ। ਵੇਖਣ ਨੂੰ ਇਹ ਇਕ ਸਧਾਰਨ ਜਿਹੀ ਰਸਮ ਜਾਪਦੀ ਹੈ ਕਿ ਜਿਸ ਤੋਂ ਨਾ ਕਿਸੇ ਨੂੰ ਕੋਈ ਮਾਇਕ ਹਾਨੀ ਤੇ ਨਾ ਕਿਸੇ ਨੂੰ ਮਾਇਕ ਲਾਭ। ਪਰ ਇਹ ਮਰਯਾਦਾ ਚਲਾਣ ਵਾਲਿਆਂ ਨੇ ਇਸ ਦੇ ਧੁਰ ਡੂੰਘੇ ਅਸਰ ਨੂੰ ਭੀ ਵਿਚਾਰਿਆ ਹੋਇਆ ਸੀ। ਪਿੱਤਰਾਂ ਨੂੰ ਪਾਣੀ ਪਹੁੰਚਦਾ ਹੈ ਸੂਰਜ ਦੇਵਤੇ ਦੀ ਕਿਰਪਾ ਨਾਲ। ਇਸ ਵਾਸਤੇ ਸੂਰਜ ਦੀ ਪੂਜਾ ਹਰੇਕ ਹਿੰਦੂ ਦਾ ਫ਼ਰਜ਼ ਬਣ ਜਾਂਦਾ ਹੈ, ਜੋ ਸਾਲ ਵਿਚ ੧੨ ਵਾਰੀ ਹਰੇਕ ਸੰਗ੍ਰਾਂਦ ਨੂੰ ਹੁੰਦੀ ਹੈ, ਕਿਉਂਕਿ ਉਸ ਦਿਨ ਸੂਰਜ ਇਕ ਰਾਸਿ ਵਿਚੋਂ ਨਿਕਲ ਕੇ ਦੂਜੀ ਵਿਚ ਦਾਖ਼ਲ ਹੁੰਦਾ ਹੈ। ਕਿਸੇ ਭੀ ਦੇਵੀ-ਦੇਵਤੇ ਦੀ ਪੂਜਾ ਕਰਨੀ ਹੋਵੇ, ਇਹ ਜ਼ਰੂਰੀ ਹੈ ਕਿ ਉਪਾਸ਼ਕ ਸੱਜਣ ਬ੍ਰਾਹਮਣ ਦੇਵਤੇ ਨੂੰ ਦਾਨ



WWW.SIKHBOOKCLUB.COM 

ਪੁੰਨ ਕਰੇ। ਸੋ, ਹਰੇਕ ਅਮੀਰ-ਗ਼ਰੀਬ ਹਿੰਦੂ ਆਪੋ ਆਪਣੇ ਵਿਤ ਅਨੁਸਾਰ ਹਰੇਕ ਸੰਗ੍ਰਾਂਦ ਵਾਲੇ ਦਿਨ ਬ੍ਰਾਹਮਣ ਨੂੰ ਅੰਨ-ਧਨ ਭੇਟਾ ਕਰਦਾ ਹੈ।

ਸਤਿਗੁਰੂ ਜੀ ਅਜਿਹੇ ਭਰਮ-ਜਾਲ ਤੋੜਨ ਲਈ ਹੀ ਘਰੋਂ ਤੁਰੇ ਸਨ। ਉਹਨਾਂ ਇਕ ਅਨੋਖਾ ਢੰਗ ਵਰਤਿਆ, ਜਿਸ ਵਲ ਆਂਢ-ਗੁਆਂਢ ਅਨੇਕਾਂ ਬੰਦਿਆਂ ਦਾ ਧਿਆਨ ਪਰਤਿਆ, ਤੇ ਤੀਰਥ ਉਤੇ ਆਏ ਸਭ ਲੋਕਾਂ ਵਿਚ ਚਰਚਾ ਚੱਲ ਪਈ। ਸਤਿਗੁਰੂ ਜੀ ਨੇ ਗੰਗਾ ਵਿਚ ਵੜ ਕੇ ਲਹਿੰਦੇ ਪਾਸੇ ਮੂੰਹ ਕਰ ਲਿਆ, ਤੇ ਲਹਿੰਦੇ ਵਲ ਬੁੱਕਾਂ ਨਾਲ ਪਾਣੀ ਸਿੰਜਣ ਲੱਗ ਪਏ। ਚੜ੍ਹਦੇ ਵਲ ਮੂੰਹ ਕਰ ਕੇ ਪਿੱਤਰਾਂ ਨੂੰ ਪਾਣੀ ਦੇ ਰਹੇ ਗੁਆਂਢੀ ਹਿੰਦੂਆਂ ਲਈ ਇਹ ਇਕ ਅਨੋਖੀ ਖੇਡ ਸੀ। ਆਪੋ ਆਪਣੀ ਮਰਯਾਦਾ ਮੁਕਾ ਕੇ ਸੈਂਕੜੇ ਬੰਦੇ ਉਥੇ ਆ ਇਕੱਠੇ ਹੋਏ। ਗੁਰੂ ਨਾਨਕ ਦੇਵ ਜੀ ਅਜੇ ਭੀ ਬੜੀ ਸ਼ਰਧਾ ਨਾਲ ਪਾਣੀ ਲਹਿੰਦੇ ਪਾਸੇ ਸਿੰਜ ਰਹੇ ਸਨ। ਆਖ਼ਰ ਕਈ ਯਾਤਰੂਆਂ ਨੇ ਸਤਿਗੁਰੂ ਜੀ ਤੋਂ ਪੁੱਛਿਆ ਕਿ ਤੁਸੀ ਕੀ ਕਰ ਰਹੇ ਹੋ। ਉਹਨਾਂ ਨੇ ਉੱਤਰ ਦੇਣ ਦੇ ਥਾਂ ਸਵਾਲ ਕੀਤਾ ਕਿ ਤੁਸੀ ਕੀ ਕਰ ਰਹੇ ਸੀ? ਯਾਤਰੂਆਂ ਨੇ ਦੱਸਿਆ ਕਿ ਅਸੀ ਸੂਰਜ ਦੇਵਤੇ ਦੀ ਸਹਾਇਤਾ ਨਾਲ ਪਿੱਤਰਾਂ ਨੂੰ ਪਿੱਤਰ-ਲੋਕ ਵਿਚ ਪਾਣੀ ਅਪੜਾ ਰਹੇ ਹਾਂ। ਇਹ ਸੁਣ ਕੇ ਗੁਰੂ ਨਾਨਕ ਦੇਵ ਜੀ ਨੇ ਫਿਰ ਬੜੇ ਉੱਦਮ ਨਾਲ ਪਾਣੀ ਲਹਿੰਦੇ ਵਲ ਹੀ ਸੁੱਟਣਾ ਸ਼ੁਰੂ ਕਰ ਦਿੱਤਾ। ਜਦੋਂ ਉਹਨਾਂ ਲੋਕਾਂ ਦੀ ਹੈਰਾਨਗੀ ਬਹੁਤ ਵੱਧ ਗਈ ਤਾਂ ਆਖ਼ਰ ਉਹਨਾਂ ਨੂੰ ਦੱਸਿਓ ਨੇ ਕਿ ਅਸੀ ਇਹ ਪਾਣੀ ਆਪਣੇ ਪਿੰਡ ਤਲਵੰਡੀ ਪਹੁੰਚਾ ਰਹੇ ਹਾਂ,ਜੋ ਇਥੋਂ ਤਿੰਨ ਕੁ ਸੌ ਮੀਲਾਂ ਦੀ ਵਿੱਥ ਤੇ ਹੈ, ਉਥੇ ਸਾਡੀ ਜ਼ਮੀਨ ਹੈ, ਇਹ ਪਾਣੀ ਪੈਲੀਆਂ ਨੂੰ ਪਹੁੰਚ ਜਾਏਗਾ। ਇਤਰਾਜ਼ ਕਰਨ ਵਾਲਿਆਂ ਨੂੰ ਸਮਝਾਇਓ ਨੇ ਕਿ ਜੇ ਸੂਰਜ ਦੇਵਤਾ ਲੱਖਾਂ ਮੀਲਾਂ ਦੀ ਵਿੱਥ ਤੇ ਬੈਠੇ ਪਿੱਤਰਾਂ ਤਕ ਪਾਣੀ ਪਹੁੰਚਾ ਸਕਦਾ ਹੈ, ਤਾਂ ਉਹ ਤਿੰਨ ਸੌ ਮੀਲਾਂ ਤੇ ਭੀ ਅਪੜਾ ਦੇਵੇਗਾ।

ਗੁਰੂ ਨਾਨਕ ਦੇਵ ਜੀ ਦੀ ਇਹ ਸਿੱਧੀ ਪੱਧਰੀ ਗੱਲ ਅਨੇਕਾਂ ਬੰਦਿਆਂ ਦੇ ਮਨ ਲੱਗੀ। ਸਤਿਗੁਰੂ ਜੀ ਨੇ ਉਹਨਾਂ ਨੂੰ ਜੀਵਨ ਦਾ ਸਹੀ ਰਸਤਾ ਸਮਝਾਇਆ ਤੇ ਆਖਿਆ ਕਿ ਜੀਊਂਦੇ ਮਾਪਿਆਂ ਦੀ ਸੇਵਾ ਕਰੋ, ਮਾਪਿਆਂ ਨੂੰ ਰੁਲਦਿਆਂ ਛੱਡ ਕੇ ਧਰਮ-ਪੁਸਤਕ ਪੜ੍ਹਨੇ-ਵਿਚਾਰਨੇ, ਜੰਗਲਾਂ ਵਿਚ ਤਪ ਸਾਧਣ ਤੁਰ ਪੈਣਾ, ਤੀਰਥਾਂ ਦੇ ਇਸ਼ਨਾਨ ਤੇ ਹੋਰ ਕਈ ਕਿਸਮ ਦੇ ਦਾਨ-ਪੁੰਨ— ਇਹ ਸਭ ਕੁਝ ਮਨੁੱਖਤਾ ਨਾਲ ਭਾਰੀ ਬੇ-ਈਮਾਨੀ ਹੈ। ਆਪਣੀ ਇਸਤ੍ਰੀ ਤੇ ਸੰਤਾਨ ਦੇ ਮੋਹ ਵਿਚ ਪੈ ਕੇ ਮਾਪਿਆਂ ਦੀ ਸੇਵਾ ਵਲੋਂ ਮੂੰਹ ਮੋੜ ਲੈਣਾ ਮਨੁੱਖਾ

ਜੀਵਨ ਦਾ ਬੜਾ ਹੀ ਕੁਹਜਾ ਰਸਤਾ ਹੈ। ਇਥੇ ਰੁਲ ਕੇ ਮਰਿਆਂ ਨੂੰ ਬ੍ਰਾਹਮਣ ਆਦਿਕ ਦੇਵਤਿਆਂ ਦੀ ਰਾਹੀਂ ਜਲ-ਅੰਨ ਆਦਿਕ ਅਪੜਾ ਸਕਣਾ ਬੜਾ ਭਾਰਾ ਭੁਲੇਖਾ ਹੈ। ਇਹ ਜਲ-ਅੰਨ ਅਗਾਂਹ ਨਹੀਂ ਪਹੁੰਚਦੇ। ਇਹ ਤਾਂ ਇਸ ਮਰਯਾਦਾ ਦੇ ਚਲਾਣ ਵਾਲਿਆਂ ਦੀ ਆਜੀਵਿਕਾ ਦਾ ਹੀ ਵਸੀਲਾ ਹੈ।

*(੨) ਪੰਡਿਤ ਚਤੁਰਦਾਸ*

*ਤਿਲਕ ਮਾਲਾ ਆਦਿਕ ਧਰਮ-ਚਿੰਨ੍ਹ*

ਕਾਂਸ਼ੀ ਹਿੰਦੂ-ਸਭਿਅਤਾ ਦਾ ਖ਼ਾਸਾ ਪੁਰਾਣਾ ਸ਼ਹਿਰ ਹੈ। ਗੰਗਾ ਦੇ ਖੱਬੇ ਪਾਸੇ ਅਬਾਦ ਹੈ। ਹਿੰਦੂ-ਰਾਜ ਸਮੇ ਹਰੇਕ ਹਿੰਦੂ ਰਾਜੇ ਨੇ ਇਸ ਦੀ ਸੋਭਾ ਵਧਾਣ ਲਈ ਪੂਰਾ ਯਤਨ ਕੀਤਾ। ਸੰਸਕ੍ਰਿਤ ਵਿਦਿਆ ਦਾ ਇਹ ਕੇਂਦਰੀ ਗੜ੍ਹ ਚਲਿਆ ਆ ਰਿਹਾ ਹੈ। ਚੀਨ ਆਦਿਕ ਦੂਜੇ ਦੇਸਾਂ ਤੋਂ ਭੀ ਵਿਦਵਾਨ ਲੋਕ ਇਥੇ ਵਿਦਿਆ ਪੜ੍ਹਨ ਆਇਆ ਕਰਦੇ ਸਨ। ਕਾਂਸ਼ੀ ਦਾ ਦੂਜਾ ਨਾਮ ਬਨਾਰਸ ਪਰਸਿੱਧ ਹੈ, ਜੋ 'ਵਰਣਾ' ਅਤੇ 'ਅਸੀ' ਦੋ ਨਦੀਆਂ ਦੇ ਕਾਰਨ ਬਣਿਆ ਹੈ। ਇਹ ਦੋਵੇਂ ਨਦੀਆਂ ਬਨਾਰਸ ਦੇ ਕੋਲੋਂ ਦੀ ਲੰਘਦੀਆਂ ਹਨ।

ਗੁਰੂ ਨਾਨਕ ਦੇਵ ਜੀ ਪਹਿਲੀ 'ਉਦਾਸੀ' ਸਮੇ ਹਰਿਦੁਆਰ, ਗੋਰਖ-ਮਤਾ, ਅਜੁੱਧਿਆ ਤੋਂ ਹੋ ਕੇ ਸੰਨ ੧੫੦੯ ਦੇ ਸ਼ੁਰੂ ਵਿਚ ਕਾਂਸ਼ੀ ਪਹੁੰਚੇ। ਕਾਂਸ਼ੀ ਅਜੁੱਧਿਆ ਤੋਂ ਇਕ ਸੌ ਚਾਲੀ ਕੁ ਮੀਲ ਦੀ ਵਿੱਥ ਤੇ ਦੱਖਣ ਪਾਸੇ ਹੈ, ਰਤਾ ਕੁ ਚੜ੍ਹਦੇ ਦੇ ਰੁਖ਼। ਔਰੰਗਜ਼ੇਬ ਨੇ ਇਸ ਸ਼ਹਿਰ ਦਾ ਨਾਮ ਮੁਹੰਮਦਾਬਾਦ ਰੱਖ ਦਿੱਤਾ ਸੀ, ਅਤੇ ਇਥੋਂ ਦੇ ਪਰਸਿੱਧ ਮੰਦਰ ਵਿਸ਼ੇਸ਼੍ਵਰਨਾਥ ਨੂੰ ਤੋੜ ਕੇ ਇਕ ਮਸਜਿਦ ਬਣਵਾ ਦਿੱਤੀ ਸੀ।

ਜਦੋਂ ਸੰਨ ੧੫੦੮ ਦੀ ਵਿਸਾਖੀ ਸਮੇ ਹਰਿਦੁਆਰ ਤੀਰਥ ਉਤੇ ਦੂਰੋਂ ਦੂਰੋਂ ਆਏ ਅਨੇਕਾਂ ਹਿੰਦੂ ਸੱਜਣ ਪਿੱਤਰਾਂ ਨੂੰ ਜਲ ਦੇ ਰਹੇ ਸਨ, ਗੁਰੂ ਨਾਨਕ ਦੇਵ ਜੀ ਨੇ ਲਹਿੰਦੇ ਪਾਸੇ ਜਲ ਦੇ ਕੇ ਉਹਨਾਂ ਦਾ ਧਿਆਨ ਆਪਣੇ ਵਲ ਖਿੱਚਿਆ ਸੀ, ਤੇ ਉਹਨਾਂ ਨੂੰ ਸਮਝਾਇਆ ਸੀ ਕਿ ਇਹਨਾਂ ਤਰੀਕਿਆਂ ਨਾਲ ਪਿੱਤਰਾਂ ਦੀ ਸੇਵਾ ਨਹੀਂ ਹੋ ਸਕਦੀ। ਸਦੀਆਂ ਤੋਂ ਭਰਮ-ਜਾਲ ਵਿਚ ਪਏ ਹੋਏ ਬੰਦਿਆਂ ਲਈ ਇਹ ਇਕ ਨਵੀਂ ਅਨੋਖੀ ਰੌਸ਼ਨੀ ਸੀ। ਇਸ ਦਾ ਨਤੀਜਾ ਇਹ ਨਿਕਲਿਆ ਸੀ ਕਿ ਹਰੇਕ ਹਿੰਦੂ-ਤੀਰਥ ਉਤੇ ਸਤਿਗੁਰੂ ਜੀ ਦੀ ਚਰਚਾ ਚੱਲ ਪਈ।



WWW.SIKHBOOKCLUB.COM 

ਸੰਨ ੧੫੦੯ ਦੇ ਸ਼ੁਰੂ ਵਿਚ ਕਾਂਸ਼ੀ ਦੇ 'ਲਕਸਾ ਮਹਾਲ' ਵਿਚ, ਜਿਸ ਥਾਂ ਗੁਰੂ ਨਾਨਕ ਦੇਵ ਜੀ ਜਾ ਕੇ ਠਹਿਰੇ, ਉਥੇ ਉਹਨਾਂ ਦੀ ਯਾਦ ਵਿਚ ਹੁਣ ਗੁਰਦੁਆਰਾ ਹੈ, ਜਿਸ ਦਾ ਨਾਮ 'ਗੁਰੂ ਕਾ ਬਾਗ਼' ਹੈ।

ਜਗਤ ਫੁੱਲਾਂ ਦੀ ਸੇਜ ਤਾਂ ਹੈ ਹੀ ਨਹੀਂ। ਇਥੇ ਹਰੇਕ ਨੂੰ ਅਨੇਕਾਂ ਦੁੱਖ-ਸੁੱਖ ਸਦਾ ਵਾਪਰਦੇ ਹਨ। ਗ਼ਰੀਬਾਂ ਦਾ ਜੀਵਨ ਤਾਂ ਆਮ ਤੌਰ ਤੇ ਦੁਖਾਂ ਦੀ ਖਾਣ ਬਣਿਆ ਰਹਿੰਦਾ ਹੈ। ਕੁਦਰਤੀ ਤੌਰ ਤੇ ਦੁਖੀ ਲੋਕ ਇਹ ਪਤਾ ਕਰਨ ਦੇ ਚਾਹਵਾਨ ਰਹਿੰਦੇ ਹਨ ਕਿ ਇਸ ਜੀਵਨ ਤੋਂ ਪਿੱਛੋਂ ਉਹਨਾਂ ਦਾ ਕੀ ਹਾਲ ਹੋਵੇਗਾ, ਅਤੇ ਦੁੱਖਾਂ ਤੋਂ ਮੁਕਤੀ ਕਿਵੇਂ ਮਿਲੇਗੀ? ਧਾਰਮਿਕ ਰਾਹਬਰੀ ਬ੍ਰਾਹਮਣ ਲੋਕਾਂ ਦੇ ਹੱਥ ਚਲੀ ਆ ਰਹੀ ਹੈ। ਇਸ ਤੋਂ ਉਹਨਾਂ ਨੂੰ ਆਰਥਕ ਲਾਭ ਭੀ ਬਹੁਤ ਹੁੰਦਾ ਆ ਰਿਹਾ ਹੈ। ਮੁਕਤੀ ਦੇ ਚਾਹਵਾਨਾਂ ਲਈ ਪਰਬੰਧ ਕੀਤਾ ਗਿਆ। ਕਾਂਸ਼ੀ ਸ਼ਿਵ ਜੀ ਦੀ ਨਗਰੀ ਹੈ, ਉਸ ਦੇ (ਵਿਸ਼ੇਸ਼ੂਰਨਾਥ) ਮੰਦਰ ਵਿਚ ਇਕ ਕਰਵਤ੍ਰ (ਆਰਾ) ਰੱਖਿਆ ਗਿਆ। ਮੁਕਤੀ ਦੇ ਚਾਹਵਾਨ ਸ਼ਰਧਾਲੂਆਂ ਵਾਸਤੇ ਇਹ ਪਰਚਾਰ ਚਲਾਇਆ ਗਿਆ ਕਿ ਜਿਹੜਾ ਮਨੁੱਖ ਆਪਣਾ ਸਭ ਕੁਝ ਦਾਨ ਕਰ ਕੇ ਸ਼ਿਵ-ਮੰਦਰ ਦੇ ਕਰਵਤ੍ਰ ਨਾਲ ਆਪਣੇ ਆਪ ਨੂੰ ਚਿਰਵਾ ਦੇਵੇਗਾ, ਉਸ ਨੂੰ ਮੁਕਤੀ ਮਿਲ ਜਾਏਗੀ। ਤੇ ਦਾਨ ਸਫਲ ਹੁੰਦਾ ਹੈ ਸਿਰਫ਼ ਉਹੀ, ਜੋ ਬ੍ਰਾਹਮਣ ਨੂੰ ਦਿੱਤਾ ਜਾਏ। ਸੋ, ਬ੍ਰਾਹਮਣ ਦੀ ਰੋਜ਼ੀ ਸੌਖੀ ਕਰਨ ਲਈ ਧਰਮ ਦੀ ਓਟ ਵਿਚ ਇਤਨਾ ਨਿਰਦਈ ਪਰਚਾਰ ਭੀ ਹਿੰਦੂ ਰਾਜਿਆਂ ਦੀ ਮਦਦ ਨਾਲ ਕਾਇਮ ਰਿਹਾ।

ਬ੍ਰਾਹਮਣਾਂ ਦੇ ਗੜ੍ਹ ਵਿਚ ਪਹੁੰਚ ਕੇ ਗੁਰੂ ਨਾਨਕ ਦੇਵ ਜੀ ਨੇ ਇਸ ਅੱਤ ਨਿਰਦਈ ਧਰਮ-ਪਖੰਡ ਦਾ ਪਾਜ ਖੋਲ੍ਹ ਕੇ ਭੋਲੇ ਅੰਞਾਣ ਲੋਕਾਂ ਨੂੰ ਸੁਚੇਤ ਕੀਤਾ।

ਜਦੋਂ ਅਗਸਤ ੧੫੦੭ ਵਿਚ ਗੁਰੂ ਨਾਨਕ ਦੇਵ ਜੀ ਨੇ ਸੁਲਤਾਨਪੁਰ ਦਾ ਮੋਦੀਖ਼ਾਨਾ ਛੱਡਣ ਵੇਲੇ ਆਪਣੇ ਨਵੇਂ ਮਹਾਨ ਜ਼ਿੰਮੇਵਾਰੀ ਦੇ ਕੰਮ ਦੀ ਤਿਆਰੀ ਵਾਸਤੇ ਤਿੰਨ ਦਿਨ ਵਿਚਾਰ ਕੀਤੀ ਸੀ ਤਾਂ ਉਹਨਾਂ ਇਹ ਭੀ ਵੇਖ ਲਿਆ ਸੀ ਕਿ ਓਪਰੇ ਇਲਾਕਿਆਂ ਤੇ ਓਪਰੇ ਬੰਦਿਆਂ ਵਿਚ ਹਜ਼ਾਰਾਂ ਮੀਲਾਂ ਦਾ ਪੈਦਲ ਸਫ਼ਰ ਤਦੋਂ ਹੀ ਨੇਪਰੇ ਚੜ੍ਹ ਸਕਦਾ ਹੈ ਜੇ ਖ਼ੁਰਾਕ ਤੇ ਪੁਸ਼ਾਕ ਅੱਤ ਦਰਜੇ ਦੀ ਸਾਦਾ ਰੱਖੀ ਜਾਏ। ਘੱਟੇ ਮਿੱਟੀ ਦਾ ਟਾਕਰਾ ਗੇਰੂਆ ਰੰਗ ਹੀ ਕਰ ਸਕਦਾ ਹੈ। ਸਤਿਗੁਰੂ ਜੀ ਨੇ ਲੰਮੇ ਸਫ਼ਰਾਂ ਵਾਸਤੇ ਇਹੀ ਰੰਗ ਚੁਣਿਆ ਸੀ। ਇਹ ਰੰਗ ਵੇਖ ਕੇ ਸੁਲਤਾਨਪੁਰ ਤੇ ਤਲਵੰਡੀ ਦੇ ਲੋਕਾਂ ਨੂੰ ਭੁਲੇਖਾ ਲੱਗਾ

ਸੀ ਕਿ (ਗੁਰੂ) ਨਾਨਕ ਫ਼ਕੀਰ ਹੋ ਗਿਆ ਹੈ।

ਦੇਸ ਵਿਚ ਸਦੀਆਂ ਤੋਂ ਪਏ ਪ੍ਰਭਾਵ ਦੇ ਕਾਰਨ ਗੇਰੂ-ਰੰਗੇ ਕੱਪੜਿਆਂ ਵਾਲੇ ਬੰਦੇ ਨੂੰ ਲੋਕ ਸਾਧ-ਸੰਤ ਮੰਨਦੇ ਹਨ, ਤੇ ਉਸ ਦੀ ਗੱਲ ਭੀ ਰਤਾ ਧਿਆਨ ਨਾਲ ਸੁਣਦੇ ਹਨ। ਜਦੋਂ ਗੁਰੂ ਨਾਨਕ ਦੇਵ ਜੀ ਨੇ ਕਾਂਸ਼ੀ ਦੇ ਪਾਂਡਿਆਂ ਦਾ ਪਾਜ ਖੋਲ੍ਹਿਆ, ਤਾਂ ਉਥੋਂ ਦੇ ਪੰਡਿਤਾਂ ਨੇ ਉਹਨਾਂ ਦੇ ਪਰਚਾਰ ਦਾ ਅਸਰ ਕਮਜ਼ੋਰ ਕਰਨ ਲਈ ਇਹ ਕਹਿਣਾ ਸ਼ੁਰੂ ਕਰ ਦਿੱਤਾ ਕਿ (ਗੁਰੂ) ਨਾਨਕ ਨਕਲੀ ਸਾਧ ਹੈ, ਕਿਉਂਕਿ ਇਸ ਦੇ ਪਾਸ ਤੁਲਸੀ ਦੀ ਮਾਲਾ, ਸਾਲਗਰਾਮ ਆਦਿਕ ਕੋਈ ਭੀ ਵਸਤ ਨਹੀਂ ਹੈ, ਮੱਥੇ ਉਤੇ ਤਿਲਕ ਭੀ ਨਹੀਂ ਹੈ। ਸਿੱਖ-ਇਤਿਹਾਸ ਲਿਖਦਾ ਹੈ ਕਿ ਇਸ ਵਿਰੋਧੀ ਪਰਚਾਰ ਦੇ ਮੋਢੀ ਪੰਡਿਤ ਦਾ ਨਾਮ ਚਤੁਰਦਾਸ ਸੀ। ਪਰ ਸਤਿਗੁਰੂ ਜੀ ਨੇ ਉਹਨਾਂ ਨੂੰ ਉੱਤਰ ਦਿੱਤਾ ਕਿ ਨਿਰੇ ਬਾਹਰਲੇ ਧਾਰਮਿਕ ਭੇਖ ਨਾਲ ਜੀਵਨ ਪਲ੍ਹਰ ਨਹੀਂ ਸਕਦਾ, ਜਿਵੇਂ ਕਲਰਾਠੀ ਪੈਲੀ ਨੂੰ ਸਿੰਜਿਆਂ ਕਣਕ ਆਦਿਕ ਫ਼ਸਲ ਦੀ ਆਸ ਨਹੀਂ ਹੋ ਸਕਦੀ। ਕੱਚੀ ਕੰਧ ਉਤੇ ਪੱਕਾ ਪਲੱਸਤਰ ਕੀਤਿਆਂ ਕੰਧ ਦੀ ਪਕਿਆਈ ਨਹੀਂ ਬਣਦੀ। ਸਾਡਾ ਸਾਲਗਰਾਮ ਇਕ ਪਰਮਾਤਮਾ ਹੀ ਹੈ, ਨੇਕ ਆਚਰਨ ਨੂੰ ਅਸੀ ਤੁਲਸੀ ਦੀ ਮਾਲਾ ਸਮਝਦੇ ਹਾਂ। ਖੂਹ ਦੀਆਂ ਪਾਣੀ-ਭਰੀਆਂ ਟਿੰਡਾਂ ਉਤੋੜਿੱਤੀ ਬਾਹਰ ਆ ਕੇ ਫ਼ਸਲ ਵਿਚ ਜਿੰਦ ਪਾ ਦੇਂਦੀਆਂ ਹਨ। ਇਸੇ ਤਰ੍ਹਾਂ ਸੁਆਸ ਸੁਆਸ ਪ੍ਰਭੂ ਦੀ ਯਾਦ ਵਿਚ ਮਨ ਜੋੜ ਕੇ ਆਪਣੇ ਅੰਦਰ ਪਿਆਰ ਦਾ ਐਸਾ ਵਹਿਣ ਚਲਾ ਦਿਓ ਕਿ ਹਿਰਦੇ ਦਾ ਖੇਤ ਹਰਿਆ-ਭਰਿਆ ਹੋ ਜਾਏ। ਉੱਗੇ ਹੋਏ ਫ਼ਸਲ ਦੀ ਭੀ ਖ਼ਾਸ ਨਿਗਰਾਨੀ ਕਰਨੀ ਪੈਂਦੀ ਹੈ। ਕਿਸਾਨ ਨਦੀਨ ਘਾਹ ਆਦਿਕ ਬੂਟੇ-ਮਾਰ ਚੀਜ਼ਾਂ ਨੂੰ ਬਸੋਲੇ ਨਾਲ ਜੜ੍ਹੋਂ ਵੱਢਦਾ ਜਾਂਦਾ ਹੈ, ਪਰ ਲੋੜੀਂਦੇ ਬੂਟਿਆਂ ਨੂੰ ਬੜੇ ਧਿਆਨ ਨਾਲ ਬਸੋਲੇ ਦੀ ਮਾਰ ਤੋਂ ਬਚਾਂਦਾ ਹੈ। ਉੱਚੇ ਜੀਵਨ ਦੀ ਤਾਂਘ ਰੱਖਣ ਵਾਲੇ ਬੰਦੇ ਲਈ ਜ਼ਰੂਰੀ ਹੈ ਕਿ ਆਪਣੇ ਮਨ ਵਿਚੋਂ ਵਿਕਾਰਾਂ ਨੂੰ ਕੱਢਣ ਲਈ ਸਦਾ ਸ਼ੁਭ-ਗੁਣਾਂ ਨੂੰ ਆਪਣੇ ਅੰਦਰ ਫਲਣ-ਫੁਲਣ ਦਾ ਮੌਕਾ ਦੇਂਦਾ ਰਹੇ।

ਇਹ ਇਕ ਸਿੱਧਾ ਸਾਦਾ ਪਰ ਬੜਾ ਮਨ-ਲਗਵਾਂ ਉੱਤਰ ਸੀ, ਜਿਸ ਨੇ ਪੰਡਿਤਾਂ ਨੂੰ ਲੋਕਾਂ ਦੀਆਂ ਨਜ਼ਰਾਂ ਵਿਚ ਸਗੋਂ ਹੋਰ ਹੌਲਾ ਕਰ ਦਿੱਤਾ। ਪੰਡਿਤਾਂ ਨੇ ਅਜੇ ਹੌਸਲਾ ਨਾ ਹਾਰਿਆ। ਨਵਾਂ ਪੈਂਤੜਾ ਮੱਲਿਓ ਨੇ। ਲੱਗੇ ਸੋਭਾ ਕਰਨ ਕਾਂਸ਼ੀ ਦੀ ਵਿਦਿਆ ਦੀ। ਇਹ ਸੋਭਾ ਭੀ ਵਿੰਗੇ ਟੇਢੇ ਤਰੀਕੇ ਨਾਲ ਬ੍ਰਾਹਮਣਾਂ ਦੀ ਹੀ ਸੀ, ਕਿਉਂਕਿ ਇਹ ਚੀਜ਼ ਉਹਨਾਂ ਆਪਣੇ ਪਾਸ ਹੀ ਰੱਖੀ ਹੋਈ ਸੀ। ਹੌਲੀ ਜਾਤ ਵਾਲੇ ਨੂੰ ਉਹ ਕਿਤੇ ਨੇੜੇ ਭੀ ਫਟਕਣ ਨਹੀਂ



WWW.SIKHBOOKCLUB.COM 

ਸਨ ਦੇਂਦੇ। ਵਿਦਵਾਨ ਦੀ ਮਾਨਤਾ-ਪੂਜਾ ਸੁੱਤੇ ਹੀ ਹਰੇਕ ਮਨੁੱਖ ਦੇ ਹਿਰਦੇ ਵਿਚ ਹੋਇਆ ਕਰਦੀ ਹੈ। ਸੋ, ਵਿਦਿਆ ਦੇ ਕਾਰਨ ਭੀ ਬ੍ਰਾਹਮਣਾਂ ਦੀ ਗੁੱਡੀ ਚੜ੍ਹੀ ਹੋਈ ਸੀ। ਉਹਨਾਂ ਦੀਆਂ ਆਰਥਕ ਮੌਜਾਂ ਬਣੀਆਂ ਹੋਈਆਂ ਸਨ। ਆਮ ਲੋਕਾਂ ਦੀਆਂ ਨਜ਼ਰਾਂ ਵਿਚ ਉਹ ਬੜੇ ਉੱਚੇ ਜੀਵਨ ਵਾਲੇ ਬੰਦੇ ਸਮਝੇ ਜਾਂਦੇ ਸਨ।

ਗੁਰੂ ਨਾਨਕ ਦੇਵ ਜੀ ਨੇ ਉਹਨਾਂ ਦਾ ਲੋਕਾਂ ਦੀਆਂ ਨਜ਼ਰਾਂ ਵਿਚ ਬਣਿਆ ਹੋਇਆ ਇਹ ਭਰਮ-ਭਾ ਭੀ ਮਿਟਾ ਦਿੱਤਾ। ਉੱਤਰ ਦਿੱਤੋ ਨੇ ਕਿ ਵਿੱਦਿਆ ਦੀ ਬਰਕਤ ਨਾਲ ਮਨੁੱਖ ਉੱਚੀ ਵਿਚਾਰ ਦਾ ਮਾਲਕ ਬਣਦਾ ਹੈ, ਉਸ ਦੇ ਅੰਦਰੋਂ ਲਾਲਚ ਲੱਬ ਅਹੰਕਾਰ ਆਦਿਕ ਨੀਵੇਂ ਖ਼ਿਆਲ ਦੂਰ ਹੋਣੇ ਚਾਹੀਦੇ ਹਨ। ਪਰ ਅਨੇਕਾਂ ਪੁਸਤਕਾਂ ਦਿਮਾਗ਼ ਵਿਚ ਇਕੱਠੀਆਂ ਕਰ ਕੇ ਭੀ ਜੇ ਵਿਕਾਰ ਅਜੇ ਮੌਜੂਦ ਹਨ, ਤਾਂ ਉਸ ਵਿਦਵਾਨ ਨੂੰ ਮੂਰਖ ਹੀ ਸਮਝੋ। ਖੋਤੇ ਉਤੇ ਪੁਸਤਕਾਂ ਦੀ ਛੱਟ ਲੱਦਿਆਂ ਖੋਤਾ ਵਿਦਵਾਨ ਨਹੀਂ ਅਖਵਾ ਸਕਦਾ। ਹਿਰਨਾਂ ਨੂੰ ਫੜਨ ਵਾਲੇ ਮਨੁੱਖ ਇਕ ਹਿਰਨ ਫੜ ਕੇ ਉਸ ਨੂੰ ਗਿਝਾ ਲੈਂਦੇ ਹਨ, ਮਾਨੋ, ਆਪਣੇ ਮਤਲਬ ਦੀ ਵਿਦਿਆ ਦੇ ਲੈਂਦੇ ਹਨ। ਪੰਛੀਆਂ ਨੂੰ ਫੜਨ ਵਾਲੇ ਇਕ ਬਾਜ਼ ਨੂੰ ਗਿਝਾਂਦੇ ਹਨ। ਪੜ੍ਹਿਆ ਹੋਇਆ ਹਿਰਨ ਆਪਣੇ ਹੋਰ ਜਾਤ-ਭਰਾ ਹਿਰਨਾਂ ਦੀ ਫਾਹੀ ਦਾ ਕਾਰਨ ਬਣਦਾ ਹੈ, ਪੜ੍ਹਿਆ ਹੋਇਆ ਬਾਜ਼ ਹੋਰ ਪੰਛੀਆਂ ਦੀ ਮੌਤ ਲਿਆਉਂਦਾ ਹੈ। ਇਸੇ ਤਰ੍ਹਾਂ ਪੜ੍ਹੇ ਹੋਏ ਮਨੁੱਖ ਹਾਕਮਾਂ ਨਾਲ ਮਿਲ ਕੇ ਗ਼ਰੀਬ ਜਨਤਾ ਦਾ ਲਹੂ ਪੀਂਦੇ ਹਨ। ਅਜਿਹੀ ਵਿਦਿਆ ਨਾਲ ਸ਼ਿੰਗਾਰਿਆ ਹੋਇਆ ਮਨੁੱਖ ਸੋਭਾ ਦਾ ਹੱਕਦਾਰ ਨਹੀਂ ਹੋ ਸਕਦਾ।

*(੩) ਗਇਆ—ਪਿੰਡ ਭਰਾਣੇ*

ਗਇਆ ਹਿੰਦੂਆਂ ਦੀਆਂ ਸੱਤ ਪਵਿੱਤਰ ਪੁਰੀਆਂ ਵਿਚੋਂ ਇਕ ਪੁਰੀ ਹੈ। ਬਿਹਾਰ ਪ੍ਰਾਂਤ ਵਿਚ ਪਟਨੇ ਦੇ ਇਲਾਕੇ ਵਿਚ ਫਲਗੂ ਨਦੀ ਦੇ ਕੰਢੇ ਤੇ ਹੈ। ਹਿੰਦੂ ਇਥੇ ਪਿੱਤਰਾਂ ਦੀ ਗਤੀ ਲਈ ਪਿੰਡ ਦਾਨ ਕਰਦੇ ਹਨ। ਜਵਾਂ ਦਾ ਆਟਾ ਗੁੰਨ੍ਹ ਕੇ ਉਸ ਦੇ ਪੇੜੇ (ਜਿਵੇਂ ਰੋਟੀ ਪਕਾਣ ਲਈ ਆਟੇ ਦਾ ਪੇੜਾ) ਬਣਾ ਕੇ ਪਿੱਤਰ-ਲੋਕ ਵਿਚ ਪਹੁੰਚਾਏ ਜਾਣ ਲਈ ਦਾਨ ਕੀਤੇ ਜਾਂਦੇ ਹਨ। ਬ੍ਰਾਹਮਣ ਕੁਝ ਵੇਦ-ਮੰਤ੍ਰ ਪੜ੍ਹਦਾ ਹੈ, ਉਸ ਸੰਬੰਧ ਵਿਚ ਇਹ ਭੀ ਆਖਦਾ ਹੈ ਕਿ ਫਲਾਣਾ ਆਦਮੀ ਆਪਣੇ ਫ਼ਲਾਣੇ ਫ਼ਲਾਣੇ ਪਿੱਤਰ ਨੂੰ ਇਹ ਭੋਜਨ ਭੇਜਦਾ ਹੈ। ਇਸ ਤਰ੍ਹਾਂ ਪਿੰਡ ਦਾਨ ਕਰਨ ਵਾਲੇ ਨੂੰ ਇਹ ਨਿਸਚਾ ਕਰਾਇਆ ਜਾਂਦਾ



WWW.SIKHBOOKCLUB.COM 

ਹੈ ਕਿ ਉਸ ਦੀ ਭੇਜੀ ਹੋਈ ਚੀਜ਼ ਠੀਕ ਟਿਕਾਣੇ ਸਿਰ ਪਹੁੰਚ ਰਹੀ ਹੈ। ਬ੍ਰਾਹਮਣ ਨੂੰ ਉਸ ਦੀ ਇਸ ਖੇਚਲ ਵਜੋਂ ਸੋਨਾ ਆਦਿਕ ਦਾਨ-ਪੁੰਨ ਕੀਤਾ ਜਾਂਦਾ ਹੈ।

ਗਇਆ ਵਿਚ ਪਿੰਡ ਭਰਾਣ ਬਾਰੇ ਪਰਚੱਲਤ ਮਿਥ ਇਉਂ ਹੈ—ਇਕ ਗਇਆਸੁਰ ਨਾਮ ਦੇ ਦੈਂਤ ਨੇ ਪਰਮਾਤਮਾ ਦੀ ਬੜੀ ਭਗਤੀ ਕੀਤੀ। ਵਿਸ਼ਨੂੰ ਭਗਵਾਨ ਨੇ ਪਰਸੰਨ ਹੋ ਕੇ ਉਸ ਨੂੰ ਕਿਹਾ ਕਿ ਕੋਈ ਵਰ ਮੰਗ। ਗਇਆ-ਸੁਰ ਨੇ ਉੱਤਰ ਵਿਚ ਬੇਨਤੀ ਕੀਤੀ ਕਿ ਅੱਜ ਤੋਂ ਕੋਈ ਸੰਸਾਰੀ ਜੀਵ ਨਰਕ ਵਿਚ ਨਾ ਪਏ। ਭਗਵਾਨ ਨੇ ਆਖਿਆ ਕਿ ਇਸ ਤਰ੍ਹਾਂ ਤਾਂ ਸੰਸਾਰ ਦੀ ਮਰਯਾਦਾ ਭੰਗ ਹੋ ਜਾਏਗੀ, ਲੋਕ ਪਾਪਾਂ ਵਿਚ ਪਰਵਿਰਤ ਹੋ ਜਾਣਗੇ। ਗਇਆਸੁਰ ਨੇ ਅਰਜ਼ ਕੀਤੀ ਕਿ ਸਭ ਜੀਵਾਂ ਦੇ ਪਾਪਾਂ ਦਾ ਫਲ ਮੈਂ ਹੀ ਭੋਗਣ ਨੂੰ ਤਿਆਰ ਹਾਂ। ਉਸ ਦੀ ਇਸ ਕੁਰਬਾਨੀ ਤੇ ਖ਼ੁਸ਼ ਹੋ ਕੇ ਵਿਸ਼ਨੂੰ ਭਗਵਾਨ ਨੇ ਗਇਆਸੁਰ ਨੂੰ ਆਗਿਆ ਕੀਤੀ ਕਿ ਤੂੰ ਇਸੇ ਧਰਤੀ ਤੇ ਸੈਨ ਕਰ। ਤੇਰੇ ਇਥੇ ਸੈਨ ਕਰਨ ਦੀ ਬਰਕਤ ਨਾਲ ਜਿਹੜਾ ਬੰਦਾ ਇਥੇ ਸਰੀਰ ਤਿਆਗੇਗਾ, ਉਹ ਮੇਰੇ ਲੋਕ ਵਿਚ ਪਹੁੰਚੇਗਾ। ਜਿਹੜਾ ਮਨੁੱਖ ਇਥੇ ਆ ਕੇ ਸ਼ਾਸਤਰ ਅਨੁਸਾਰ ਪਿੱਤਰ-ਸਰਾਧ ਜਾਂ ਪਿੰਡ ਪੱਤਲ ਕਰਾਏਗਾ, ਉਸ ਦੇ ਪਿੱਤਰਾਂ ਦਾ ਉਧਾਰ ਹੋਵੇਗਾ ਅਤੇ ਉਸ ਨੂੰ ਭੀ ਖ਼ੂਬ ਫਲ ਪ੍ਰਾਪਤ ਹੋਵੇਗਾ[੧]।

SIKHBOOKCLUB.COM

ਸਾਰੇ ਭਾਰਤ ਦੇ ਹਿੰਦੂ ਸੱਜਣ ਆਪਣੇ ਮਰੇ ਸੰਬੰਧੀ ਦੇ 'ਫੁੱਲ' ਲੈ ਕੇ ਹਰਿਦੁਆਰ ਗੰਗਾ ਵਿਚ ਪਾਂਦੇ ਹਨ, ਤੇ ਸਮਝਦੇ ਹਨ ਕਿ ਇਸ ਤਰ੍ਹਾਂ ਉਸ ਦੀ 'ਗਤੀ' ਹੋ ਗਈ ਹੈ। ਇਸ ਦੇ ਪਿੱਛੇ ਭੀ ਇਕ ਪੁਰਾਣਿਕ ਕਹਾਣੀ ਇਉਂ ਹੈ—ਇਕ ਰਾਜਾ ਭਗੀਰਥ ਦੇ ਵੱਡਿਆਂ ਨੂੰ ਰਿਸ਼ੀ ਵਿਸ਼ਵਾਮਿਤ੍ਰ ਨੇ ਸਰਾਪ ਦੇ ਕੇ ਸੁਆਹ ਕਰ ਦਿੱਤਾ। ਭਗੀਰਥ ਬੜਾ ਘਬਰਾਇਆ ਕਿ ਪਿੱਤਰਾਂ ਦੀ ਗਤੀ ਕਿਵੇਂ ਹੋਵੇ? ਸਿਆਣਿਆਂ ਦੀ ਸਲਾਹ ਤੇ ਉਸ ਨੇ ਗੰਗਾ ਦੀ ਅਰਾਧਨਾ ਸ਼ੁਰੂ ਕੀਤੀ। ਗੰਗਾ ਤਦੋਂ ਸ੍ਵਰਗ-ਲੋਕ ਵਿਚ ਵਗਦੀ ਸੀ। ਕਈ ਸਾਲਾਂ ਦੀ ਅਰਾਧਨਾ ਤੇ ਗੰਗਾ ਰਾਜੇ ਭਗੀਰਥ ਉਤੇ ਪਰਸੰਨ ਹੋਈ। ਉਸ ਨੇ ਉਸ ਦੇ ਪਿੱਤਰਾਂ ਦੇ ਉਧਾਰ ਦੀ ਖ਼ਾਤਰ ਧਰਤੀ ਉਤੇ ਆਉਣਾ ਪਰਵਾਨ ਕਰ ਲਿਆ। ਪਰ ਹੁਣ ਖ਼ਤਰਾ ਇਹ ਸੀ ਕਿ ਜੇ ਗੰਗਾ ਸ੍ਵਰਗ-ਲੋਕ ਤੋਂ ਧਰਤੀ ਉਤੇ ਉਤਰੀ, ਤਾਂ ਸਾਰੀ ਧਰਤੀ ਰੁੜ੍ਹ ਜਾਏਗੀ। ਇਸ ਔਖਿਆਈ ਨੂੰ ਦੂਰ ਕਰਨ ਲਈ ਭਗੀਰਥ ਨੇ ਸ਼ਿਵ ਜੀ ਦੀ ਅਰਾਧਨਾ ਸ਼ੁਰੂ ਕੀਤੀ। ਸ਼ਿਵ ਜੀ ਕੈਲਾਸ਼ ਪਰਬਤ

੧. *'ਮਹਾਨ ਕੋਸ਼'* ਵਿਚ ਇਹ ਕਹਾਣੀ ਰਤਾ ਫ਼ਰਕ ਨਾਲ ਲਿਖੀ ਹੋਈ ਹੈ, ਜੋ ਪਿਛੇ ਸਫ਼ਾ ੭੦ ਦੇ ਫ਼ੁਟਨੋਟ ਵਿਚ ਦਰਜ ਕੀਤੀ ਗਈ ਹੈ।

ਉਤੇ ਸਮਾਧੀ ਲਾਈ ਬੈਠੇ ਸਨ। ਕਈ ਸਾਲ ਉਸ ਨੇ ਇਹ ਮਿਹਨਤ ਕੀਤੀ। ਆਖ਼ਰ ਸ਼ਿਵ ਜੀ ਪਰਸੰਨ ਹੋਏ। ਉਹਨਾਂ ਆਗਿਆ ਕੀਤੀ ਕਿ ਗੰਗਾ ਬੇਸ਼ਕ ਧਰਤੀ ਉਤੇ ਉਤਰ ਆਵੇ, ਅਸੀ ਉਸ ਨੂੰ ਆਪਣੀਆਂ ਜਟਾਂ ਉਤੇ ਝਲ ਲਵਾਂਗੇ। ਗੰਗਾ ਸੁਰਗ ਤੋਂ ਉਤਰੀ, ਪਰ ਸ਼ਿਵ ਜੀ ਨੇ ਉਸ ਦਾ ਮਾਣ ਤੋੜਨ ਲਈ ਉਸ ਨੂੰ ਆਪਣੀਆਂ ਜਟਾਂ ਦੇ ਗੇੜ ਵਿਚ ਹੀ ਪਾਈ ਰੱਖਿਆ, ਹੇਠਾਂ ਉਤਰਨ ਲਈ ਗੰਗਾ ਨੂੰ ਰਸਤਾ ਹੀ ਨਾ ਮਿਲੇ। ਭਗੀਰਥ ਨੇ ਫਿਰ ਸ਼ਿਵ ਜੀ ਅਗੇ ਪ੍ਰਾਰਥਨਾ ਕੀਤੀ, ਤਾਂ ਉਹਨਾਂ ਇਕ ਲਿਟ ਨਚੋੜ ਕੇ ਦੇ ਦਿੱਤੀ। ਉਸ ਲਿਟ ਦੀ ਰਾਹੀਂ ਗੰਗਾ ਉਤਰ ਕੇ ਧਰਤੀ ਉਤੇ ਆਈ। ਭਗੀਰਥ ਦੇ ਪਿੱਤਰਾਂ ਦੀ ਸੁਆਹ ਨੂੰ ਗੰਗਾ ਦੇ ਚਰਨਾਂ ਨਾਲ ਛੁਹਣ ਦਾ ਮੌਕਾ ਮਿਲਿਆ, ਤੇ ਪਿੱਤਰਾਂ ਦੀ ਗਤੀ ਹੋ ਗਈ। ਗੰਗਾ ਦੀਆਂ ਤਿੰਨ ਧਾਰਾਂ ਹੋ ਗਈਆਂ : ਇਕ ਸੁਰਗ ਵਿਚ, ਦੂਜੀ ਆਕਾਸ਼ ਵਿਚ, ਤੀਜੀ ਧਰਤੀ ਉਤੇ। ਇਸ ਕਾਰਨ ਉਸ ਦਾ ਨਾਮ 'ਤ੍ਰਿਧਾਰ' ਭੀ ਪੈ ਗਿਆ। ਭਗੀਰਥ ਦੇ ਉੱਦਮ ਨਾਲ ਗੰਗਾ ਧਰਤੀ ਉਤੇ ਆਈ, ਇਸ ਵਾਸਤੇ ਉਸ ਨੂੰ 'ਭਗੀਰਥੀ' ਭੀ ਕਿਹਾ ਜਾਂਦਾ ਹੈ। ਭਗੀਰਥ ਦੇ ਪਿੱਤਰਾਂ ਦਾ ਉਧਾਰ ਹੋਣ ਤੇ, ਸਭ ਭਾਰਤ-ਵਾਸੀ ਆਪਣੇ ਮਰੇ ਸੰਬੰਧੀਆਂ ਦੀ ਰਾਖ (ਫੁੱਲ) ਲਿਆ ਕੇ ਗੰਗਾ ਵਿਚ ਪਾਣ ਲੱਗ ਪਏ। ਇਸ ਤੋਂ ਬਿਨਾ 'ਗਤੀ' ਨਹੀਂ ਹੋ ਸਕਦੀ।

SIKHBOOKCLUB.COM

*ਮਰਨ ਕ੍ਰਿਆ ਸਾਰੀ ਇਉਂ ਹੈ*

ਜਦੋਂ ਕਿਸੇ ਪ੍ਰਾਣੀ ਦਾ ਦੇਹਾਂਤ ਬਿਲਕੁਲ ਨੇੜੇ ਦਿਸ ਪੈਂਦਾ ਹੈ, ਤਾਂ ਭੁੰਏ ਪੋਚਾ ਫੇਰ ਕੇ ਉਸ ਉਤੇ ਦੱਭ ਦਾ ਬਿਸਤਰਾ ਬਣਾ ਕੇ ਉਸ ਪ੍ਰਾਣੀ ਨੂੰ ਮੰਜੇ ਤੋਂ ਲਾਹ ਕੇ ਭੁੰਏ ਲਿਟਾ ਦੇਂਦੇ ਹਨ। ਦੱਭ (ਕੁਸ਼ਾ) ਪਵਿੱਤਰ ਘਾਹ ਮੰਨਿਆ ਗਿਆ ਹੈ। ਆਟੇ ਦਾ ਦੀਵਾ ਬਣਾ ਕੇ, ਜਗਾ ਕੇ ਉਸ ਦੀ ਤਲੀ ਉੱਤੇ ਰੱਖਿਆ ਜਾਂਦਾ ਹੈ, ਤਾਕਿ ਜਿਸ ਅਣਡਿੱਠੇ ਸਫ਼ਰ ਵਿਚ ਉਹ ਚਲਿਆ ਹੈ, ਉਸ ਨੂੰ ਰਸਤੇ ਵਿਚ ਦੀਵੇ ਦੇ ਚਾਨਣ ਦੀ ਸਹਾਇਤਾ ਮਿਲਦੀ ਜਾਏ। ਘਰ ਵਾਲੇ ਆਪਣੇ ਆਰਥਕ ਵਿਤ ਅਨੁਸਾਰ ਉਸ ਦੀਵੇ ਵਿਚ ਸੋਨੇ ਚਾਂਦੀ ਆਦਿਕ ਦਾ ਕੋਈ ਸਿੱਕਾ ਭੀ ਰੱਖਦੇ ਹਨ, ਜੋ ਬ੍ਰਾਹਮਣ ਨੂੰ ਦਿੱਤਾ ਜਾਂਦਾ ਹੈ। ਸਦਾ ਲਈ ਤੁਰ ਜਾਣ ਵਾਲੇ ਪ੍ਰਾਣੀ ਦੇ ਹੱਥੋਂ ਹੋਰ ਅੰਨ-ਬਸਤਰ ਆਦਿਕ ਭੀ ਦਾਨ-ਪੁੰਨ ਕਰਾਇਆ ਜਾਂਦਾ ਹੈ, ਉਹ ਦਾਨ-ਪੁੰਨ ਭੀ ਬ੍ਰਾਹਮਣ ਨੂੰ ਹੀ ਦਿੱਤਾ ਫਲਦਾ ਹੈ। ਸਰੀਰ ਦੇ ਦਾਹ ਦੀ ਸਾਰੀ ਹੀ ਕਿਰਿਆ ਬ੍ਰਾਹਮਣ ਦੀ ਰਾਹੀਂ ਹੀ ਹੋ ਸਕਦੀ ਹੈ। ਘਰੋਂ ਲੈ ਜਾਣ ਵੇਲੇ, ਪਿੰਡ ਭਰਾਣੇ, ਚਿਖਾ ਉਤੇ ਰੱਖ ਕੇ ਅੱਗ ਲਾਣ

ਤੋਂ ਪਹਿਲਾਂ ਭੀ ਗ੍ਰਹਿ ਆਦਿਕ ਪੂਜਣੇ—ਇਹ ਸਾਰੀ ਮਰਯਾਦਾ ਬ੍ਰਾਹਮਣ ਨੇ ਹੀ ਕਰਾਣੀ ਹੁੰਦੀ ਹੈ। ਸਸਕਾਰ ਤੋਂ ਚੌਥੇ ਦਿਨ 'ਫੁੱਲ' ਚੁਣਨੇ ਹੁੰਦੇ ਹਨ, ਉਥੇ ਭੀ ਬ੍ਰਾਹਮਣ ਨਾਲ ਜਾਂਦਾ ਹੈ। ਸਸਕਾਰ ਵਾਲੇ ਦਿਨ ਤੋਂ ਬ੍ਰਾਹਮਣ ਨੇ ਗਰੁੜ ਪੁਰਾਣ ਦੀ ਸਾਰੀ ਕਥਾ ਕਰਨੀ ਹੁੰਦੀ ਹੈ, ਜੋ ਤੇਰ੍ਹਾਂ ਦਿਨਾਂ ਵਿਚ ਸਮਾਪਤ ਕਰੀਦੀ ਹੈ। ਤੇਰ੍ਹਵੇਂ ਦਿਨ 'ਕਿਰਿਆ ਕਰਮ' ਕੀਤਾ ਜਾਂਦਾ ਹੈ। ਇਤਨੇ ਦਿਨ ਉਹ ਪ੍ਰਾਣੀ ਪ੍ਰੇਤ ਜੂਨ ਵਿਚ ਰਹਿੰਦਾ ਹੈ। ਗਰੁੜ ਪੁਰਾਣ ਦੀ ਕਥਾ ਅਤੇ 'ਕਿਰਿਆ ਕਰਮ' ਦੀ ਸਹਾਇਤਾ ਨਾਲ ਪ੍ਰੇਤ ਜੂਨ ਵਿਚੋਂ ਨਿਕਲ ਕੇ ਉਹ ਪਿੱਤਰ-ਲੋਕ ਵਲ ਚੱਲ ਪੈਂਦਾ ਹੈ, ਉਥੇ ਪਹੁੰਚਣ ਲਈ ਪੂਰਾ ਇਕ ਸਾਲ ਲੱਗਦਾ ਹੈ। ਉਸ ਅਣਡਿੱਠੇ ਰਸਤੇ ਵਿਚ ਚਾਨਣ ਦੀ ਲੋੜ ਹੈ। 'ਕਿਰਿਆ' ਸਮੇ ੩੬੦ ਦੀਵੇ, ਤੇਲ ਵੱਟੀਆਂ ਸਮੇਤ ਬਾਲੇ ਜਾਂਦੇ ਹਨ। ਵੱਟੀਆਂ ਇਕੱਠੀਆਂ ਹੀ ਤੇਲ ਵਿਚ ਭਿਉਂ ਕੇ ਬਾਲ ਦਿੱਤੀਆਂ ਜਾਂਦੀਆਂ ਹਨ। ਲੋਕ ਛਨਿੱਛਰ ਦੇਵਤੇ ਦੇ ਮੰਦਰ ਵਿਚ ਸਾਰੇ ਸਾਲ ਲਈ ਤੇਲ ਭੀ ਭੇਜ ਦੇਂਦੇ ਹਨ, ਉਥੇ ਦਿਨੇ ਰਾਤ ਸਾਰਾ ਸਾਲ ਦੀਵਾ ਜਗਾਇਆ ਜਾਂਦਾ ਹੈ। 'ਕਿਰਿਆ' ਵਾਲੀ ਮਰਯਾਦਾ ਉਤੇ ਕਈ ਘੰਟੇ ਲੱਗਦੇ ਹਨ। ਸਾਰੀ ਮਰਯਾਦਾ ਬ੍ਰਾਹਮਣ ਦੀ ਰਾਹੀਂ ਹੀ ਹੋ ਸਕਦੀ ਹੈ। ਪ੍ਰਾਣੀ ਨੂੰ ਸਾਰੇ ਸਾਲ ਵਾਸਤੇ ਅੰਨ ਬਸਤ੍ਰ ਭੀ ਅਪੜਾਣੇ ਹੁੰਦੇ ਹਨ। ਇਹ ਸਭ ਕੁਝ ਬ੍ਰਾਹਮਣ ਦੀ ਰਾਹੀਂ ਹੀ ਭੇਜਿਆ ਜਾ ਸਕਦਾ ਹੈ। ਪਲੰਘ, ਬਿਸਤਰਾ, ਭਾਂਡੇ, ਬਸਤ੍ਰ, ਨਕਦੀ— ਪ੍ਰਾਣੀ ਦੀ ਹਰੇਕ ਲੋੜ ਦਾ ਫ਼ਿਕਰ ਕਰਨਾ ਹੁੰਦਾ ਹੈ। ਬ੍ਰਾਹਮਣ ਦੀ ਇਹ ਬੜੀ ਭਾਰੀ ਕੁਰਬਾਨੀ ਹੈ ਕਿ ਇਤਨਾ ਵਕਤ ਭੀ ਖ਼ਰਚ ਕਰਦਾ ਹੈ, ਤੇ ਦੂਜਿਆਂ ਦੇ ਸੁਖ ਵਲ ਇਤਨਾ ਧਿਆਨ ਭੀ ਦੇਂਦਾ ਹੈ। ਘਰ ਵਾਲੇ ਉਸ ਨੂੰ ਉਸ ਦਾਨ-ਕੀਤੇ ਪਲੰਘ ਉਤੇ ਬਿਠਾ ਕੇ ਹੂਟੇ ਦੇਂਦੇ ਹਨ, ਬ੍ਰਾਹਮਣ ਦਾ ਭੀ ਇਸ ਵਿਚ ਆਦਰ ਹੈ, ਤੇ ਬ੍ਰਾਹਮਣ ਦੀ ਰਾਹੀਂ ਮਰੇ ਪ੍ਰਾਣੀ ਨੂੰ ਭੀ ਆਦਰ ਨਾਲ ਘਰੋਂ ਤੋਰਿਆ ਜਾਂਦਾ ਹੈ। ਚੌਥੇ ਦਿਨ ਇਕੱਠੇ ਕੀਤੇ ਹੋਏ 'ਫੁੱਲ' ਹਰਿਦੁਆਰ ਪਹੁੰਚਾਣੇ ਜ਼ਰੂਰੀ ਹੁੰਦੇ ਹਨ। ਆਮ ਤੌਰ ਤੇ ਲੋਕ 'ਕਿਰਿਆ' ਤੋਂ ਪਹਿਲਾਂ ਹੀ ਜਲ-ਪਰਵਾਹ ਕਰ ਆਉਂਦੇ ਹਨ।

ਸੰਨ ੧੫੦੯ ਦੀ ਵੈਸਾਖੀ ਤੋਂ ਪਿੱਛੋਂ ਮਰਦਾਨੇ ਸਮੇਤ ਸਤਿਗੁਰੂ ਜੀ ਅਜੁੱਧਿਆ-ਕਾਂਸ਼ੀ ਆਦਿਕ ਤੋਂ ਹੁੰਦੇ ਹੋਏ ਗਇਆ ਪਹੁੰਚੇ। ਗਇਆ ਹਰਿਦੁਆਰ ਤੋਂ ਪੌਣੇ ਛੇ ਕੁ ਸੌ ਮੀਲਾਂ ਦੀ ਵਿੱਥ ਤੇ ਹੈ। ਹੁਣ ਤਾਂ ਇਹ ਰੇਲ ਦਾ ਸਟੇਸ਼ਨ ਹੈ,ਈ. ਆਈ. ਰੇਲਵੇ ਲਾਈਨ ਉਤੇ ਬਨਾਰਸ ਤੋਂ ੧੩੦ ਮੀਲ ਚੜ੍ਹਦੇ ਪਾਸੇ। ਅੰਮ੍ਰਿਤਸਰ ਤੋਂ ਚੱਲ ਕੇ ਦੋ ਦਿਨਾਂ ਦੇ ਅੰਦਰ ਹੀ ਅੱਪੜ ਜਾਈਦਾ



WWW.SIKHBOOKCLUB.COM 

ਹੈ। ਗੁਰੂ ਨਾਨਕ ਦੇਵ ਜੀ ਨੇ ਪਿੰਡ ਪਿੰਡ ਖਲੋ ਕੇ ਪੈਦਲ ਜਾਣਾ ਸੀ। ਇਕ ਸਾਲ ਰਸਤੇ ਵਿਚ ਲੱਗ ਗਿਆ। ੧੫੦੯ ਦੀ ਵੈਸਾਖੀ ਤੇ ਗਇਆ ਪਹੁੰਚੇ। ਮੁੜ ਉਹੀ ਦਿਹਾੜਾ, ਪਿੱਤਰਾਂ ਨੂੰ ਜਲ ਤੇ ਪਿੰਡ ਅਪੜਾਣ ਦਾ। ਅਨੇਕਾਂ ਹਿੰਦੂ ਪਹੁੰਚੇ ਹੋਏ ਸਨ। ਅਜਿਹੇ ਤੀਰਥ ਤੇ ਪਾਂਡੇ ਆਪੇ ਹੀ ਆਪਣੇ ਜਜਮਾਨ ਨੂੰ ਲੱਭ ਲੈਂਦੇ ਹਨ। ਉਹਨਾਂ ਨੇ ਵਹੀਆਂ ਉਤੇ ਆਪੋ ਆਪਣੇ ਵੰਡੇ ਹੋਏ ਇਲਾਕੇ ਦੇ ਸਭ ਲੋਕਾਂ ਦੇ ਨਾਮ ਲਿਖੇ ਹੋਏ ਹੁੰਦੇ ਹਨ। ਪਾਂਡੇ ਗੁਰੂ ਨਾਨਕ ਦੇਵ ਜੀ ਦੇ ਪਾਸ ਭੀ ਪਹੁੰਚੇ। ਪਿੱਤਰਾਂ ਨਮਿਤ ਪਿੰਡ ਭਰਾਣ ਲਈ ਪ੍ਰੇਰਿਓ ਨੇ। ਸਤਿਗੁਰੂ ਜੀ ਨੇ ਇਸ ਭਰਮ-ਜਾਲ ਵਿਚ ਫਸਣੋਂ ਨਾਂਹ ਕਰ ਦਿੱਤੀ। ਤੀਰਥ ਉਤੇ ਇਕੱਠੇ ਹੋਰ ਅਨੇਕਾਂ ਬੰਦਿਆਂ ਨੂੰ ਭੀ ਸਮਝਾਇਓ ਨੇ। ਪਰ ਸਦੀਆਂ ਤੋਂ ਪਰਚਾਰੇ ਹੋਏ ਖ਼ਿਆਲ ਉਹਨਾਂ ਲੋਕਾਂ ਦੇ ਮਨਾਂ ਵਿਚ ਡੂੰਘੇ ਉੱਕਰੇ ਹੋਏ ਸਨ। ਕਈਆਂ ਨੇ ਗੁਰੂ ਨਾਨਕ ਦੇਵ ਜੀ ਦੇ ਇਹਨਾਂ ਨਵੇਂ ਖ਼ਿਆਲਾਂ ਦਾ ਮਖ਼ੌਲ ਉਡਾਇਆ। ਸਤਿਗੁਰੂ ਜੀ ਨੇ ਉਹਨਾਂ ਨੂੰ ਦ੍ਰਿਸ਼ਟਾਂਤ ਦੇ ਕੇ ਸਮਝਾਇਆ ਕਿ ਜਿਵੇਂ ਲੱਖਾਂ ਮਣ ਲੱਕੜਾਂ ਦੇ ਢੇਰ ਨੂੰ ਅੱਗ ਦੀ ਇਕੋ ਚੰਗਾੜੀ ਸਾੜ ਕੇ ਸੁਆਹ ਕਰ ਦੇਂਦੀ ਹੈ, ਤਿਵੇਂ ਪਰਮਾਤਮਾ ਦਾ ਸਿਮਰਨ ਜਨਮ-ਜਨਮਾਂਤਰਾਂ ਦੇ ਕੀਤੇ ਪਾਪਾਂ ਦੇ ਸੰਸਕਾਰਾਂ ਨੂੰ ਸਦਾ ਲਈ ਮਿਟਾ ਦੇਂਦਾ ਹੈ। ਪ੍ਰਭੂ ਦਾ ਨਾਮ ਹੀ ਹੈ ਅਸਲੀ ਦੀਵਾ, ਜੋ ਸਦਾ ਇਨਸਾਨ ਨੂੰ ਜ਼ਿੰਦਗੀ ਦੇ ਰਾਹ ਵਿਚ ਚਾਨਣ ਦੇਂਦਾ ਹੈ, ਇਸ ਦੀ ਬਰਕਤ ਨਾਲ ਸਾਰੇ ਦੁੱਖ ਨਾਸ ਹੋ ਜਾਂਦੇ ਹਨ। ਨਾਮ ਹੀ ਜੀਵਨ ਦਾ ਆਸਰਾ ਹੈ, ਇਹੀ ਹੈ ਅਸਲੀ ਪਿੰਡ ਤੇ ਕਿਰਿਆ। ਅਸਲੀ ਤੀਰਥ ਭੀ ਇਹੀ ਹੈ ਜਿਥੇ ਮਨੁੱਖ ਦੀ ਜਿੰਦ ਹਰ ਵੇਲੇ ਇਸ਼ਨਾਨ ਕਰ ਕੇ ਪਵਿੱਤਰ ਰਹਿ ਸਕਦੀ ਹੈ। ਬ੍ਰਾਹਮਣਾਂ ਦੀ ਰਾਹੀਂ ਭਰਾਏ ਹੋਏ ਪਿੰਡ ਕਦ ਤਕ ਢਾਰਸ ਦੇ ਸਕਦੇ ਹਨ ? ਅਸਲੀ ਸਦਾ ਕਾਇਮ ਰਹਿਣ ਵਾਲਾ ਪਿੰਡ ਪਰਮਾਤਮਾ ਦੇ ਨਾਮ ਦੀ ਦਾਤਿ ਹੈ, ਜੋ ਉਸ ਦੀ ਮਿਹਰ ਨਾਲ ਮਿਲਦੀ ਹੈ।

### (ੲ) ਨੇਕ ਕਮਾਈ

*ਸੱਜਣ ਠੱਗ, ਤੁਲੰਭਾ*

ਤੀਜੀ 'ਉਦਾਸੀ' ਮੱਕੇ ਵਲ ਦੀ ਸੀ। ਅਨੇਕਾਂ ਸਰਦੇ-ਪੁਜਦੇ ਮੁਸਲਮਾਨ ਸਭ ਮੁਸਲਮਾਨੀ ਦੇਸਾਂ ਤੋਂ ਹੱਜ ਤੇ ਮੱਕੇ ਜਾਂਦੇ ਹਨ। ਸੰਨ ੧੫੧੮ ਵਿਚ ਹੱਜ ਦਾ ਦਿਹਾੜਾ, ਈਸਵੀ ਸਾਲ ਦੇ ਦਸੰਬਰ ਦੇ ਮਹੀਨੇ ਵਿਚ ਆਇਆ ਸੀ।



WWW.SIKHBOOKCLUB.COM 

ਮੁਸਲਮਾਨੀ ਨਾਵਾਂ ਮਹੀਨਾ ਰਮਜ਼ਾਨ ਦਾ ਮਹੀਨਾ ਹੈ। ਉਹਨੀਂ ਦਿਨੀਂ ਮੁਸਲਮਾਨ ਸੂਰਜ ਚੜ੍ਹਨ ਤੋਂ ਡੁੱਬਣ ਤਕ ਦੇ ਸਮੇਂ ਵਿਚ ਕੁਝ ਭੀ ਖਾਂਦੇ ਪੀਂਦੇ ਨਹੀਂ ਹਨ। ਰਮਜ਼ਾਨ ਤੋਂ ਅਗਲਾ ਮਹੀਨਾ ਹੈ ਸ਼ਵਾਲ। ਪਹਿਲੀ ਸ਼ਵਾਲ ਨੂੰ ਰੋਜ਼ਿਆਂ ਤੋਂ ਪਿਛੋਂ ਈਦ ਹੁੰਦੀ ਹੈ, ਇਸ ਦਾ ਨਾਮ ਹੈ ਈਦੁਲ-ਫ਼ਿਤਰ। ਹੱਜ (ਮੱਕੇ ਵਿਚ ਕਾਬਾ-ਮੰਦਰ ਦਾ ਦੀਦਾਰ) ਹਿਜਰੀ ਸਾਲ ਦੇ ਅਖ਼ੀਰਲੇ ਮਹੀਨੇ ਜ਼ੁਲ-ਹਿਜਰ ਵਿਚ ਹੁੰਦਾ ਹੈ। ਜ਼ੁਲ-ਹਿਜਰ ਦੀ ਦਸਵੀਂ ਤਰੀਕ ਨੂੰ। ਉਸ ਦਿਨ ਹੁੰਦੀ ਹੈ ਈਦੁਲ-ਜ਼ੁਹਾ। ਜਿਨ੍ਹਾਂ ਮੁਸਲਮਾਨਾਂ ਨੇ ਹੱਜ ਤੇ ਜਾਣਾ ਹੁੰਦਾ ਹੈ, ਉਹ ਰੋਜ਼ਿਆਂ ਤੋਂ ਪਿੱਛੋਂ ਈਦੁਲ-ਫ਼ਿਤਰ ਮਨਾ ਕੇ ਮੱਕੇ ਨੂੰ ਤੁਰ ਪੈਂਦੇ ਹਨ। ਸੰਨ ੧੫੧੯ ਵਿਚ ਈਦ ਤਕਰੀਬਨ ੧੦ ਅਕਤੂਬਰ ਨੂੰ ਸੀ। ੨੦ ਦਸੰਬਰ ਦੇ ਕਰੀਬ ਈਦੁਲ-ਜ਼ੁਹਾ ਸੀ, ਹੱਜ ਦਾ ਦਿਹਾੜਾ। ਮੱਕੇ ਜ਼ੁਲ-ਹਿਜਰ ਦੀ ਪਹਿਲੀ ਤਾਰੀਖ਼ ਨੂੰ ਪਹੁੰਚਣਾ ਜ਼ਰੂਰੀ ਹੁੰਦਾ ਹੈ।

ਵਰਖਾ ਰੁੱਤ ਲੰਘ ਚੁਕੀ ਸੀ। ਗੁਰੂ ਨਾਨਕ ਦੇਵ ਜੀ ਕਰਤਾਰਪੁਰੋਂ ਭਾਈ ਮਰਦਾਨੇ ਸਮੇਤ ਚੱਲ ਕੇ ਲਾਹੌਰ ਪਹੁੰਚੇ। ਲਾਹੌਰ ਤੋਂ ਜਰਨੈਲੀ ਸੜਕ ਸਿਧੀ ਮੁਲਤਾਨ ਨੂੰ ਜਾਂਦੀ ਹੈ, ਉਧਰ ਦਾ ਰੁਖ਼ ਕੀਤੋ ਨੇ। ਮੁਲਤਾਨ ਤਦੋਂ ਇਸਲਾਮ ਦਾ ਗੜ੍ਹ ਸੀ। ਮੱਕੇ ਜਾਣ ਵਾਸਤੇ ਇਹ ਜ਼ਰੂਰੀ ਸੀ ਕਿ ਹਾਜੀਆਂ ਦੇ ਕਿਸੇ ਕਾਫ਼ਲੇ ਨਾਲ ਸ਼ਾਮਲ ਹੋਣ। ਉਸ ਜਰਨੈਲੀ ਸੜਕ ਉਤੇ ਲਾਹੌਰ ਤੋਂ ਦੋ ਕੁ ਸੌ ਮੀਲਾਂ ਦੀ ਵਿੱਥ ਤੇ ਤੁਲੰਭਾ ਇਕ ਬੜਾ ਪੁਰਾਣਾ ਸ਼ਹਿਰ ਹੈ। ਸਤਿਗੁਰੂ ਜੀ ਤੁਲੰਭੇ ਅੱਪੜੇ। ਤੁਲੰਭੇ ਨੂੰ ਦੋ ਰੇਲ ਦੇ ਸਟੇਸ਼ਨ ਲਗਦੇ ਹਨ, ਮੀਆਂ ਚੰਨੂੰ ਅਤੇ ਅਬਦੁਲ-ਹਕੀਮ। ਮੀਆਂ ਚੰਨੂੰ ਤੋਂ ਤੁਲੰਭਾ ੧੨ ਮੀਲ ਹੈ ਅਤੇ ਅਬਦੁਲ-ਹਕੀਮ ਤੋਂ ੭ ਮੀਲ। ਮੀਆਂ ਚੰਨੂੰ ਉਸ ਲਾਈਨ ਤੇ ਹੈ ਜੋ ਲਾਹੌਰ ਤੋਂ ਖ਼ਾਨੇਵਾਲ ਨੂੰ ਜਾਂਦੀ ਹੈ, ਅਬਦੁਲ-ਹਕੀਮ ਉਸ ਲਾਈਨ ਤੇ ਜੋ ਲਾਇਲਪੁਰ-ਸ਼ੋਰਕੋਟ ਵਲੋਂ ਖ਼ਾਨੇਵਾਲ ਨੂੰ। ਤੁਲੰਭਾ ਇਹਨਾਂ ਦੋਹਾਂ ਲਾਈਨਾਂ ਦੇ ਵਿਚਕਾਰ ਜਿਹੇ ਹੈ। ਲਾਹੌਰ ਤੋਂ ਜਾਂਦਿਆਂ ਪਹਿਲਾ ਨਗਰ ਤੁਲੰਭਾ ਹੈ, ਇਸ ਤੋਂ ਅਗਾਂਹ ੧੦ ਕੁ ਮੀਲਾਂ ਦੀ ਵਿੱਥ ਤੇ ਮਖ਼ਦੂਮਪੁਰਾ ਹੈ। ਮਖ਼ਦੂਮਪੁਰੇ ਤੋਂ ਮੀਲ ਕੁ ਦੀ ਵਿਥ ਤੇ ਚੜ੍ਹਦੇ ਪਾਸੇ ਵਲ ਜੰਗਲ ਜਿਹੇ ਵਿਚ ਸੱਜਣ-ਨਗਰੀ ਹੈ। ਇਹ ਨਗਰੀ ਤੁਲੰਭੇ ਤੋਂ ੯ ਮੀਲਾਂ ਦੀ ਵਿੱਥ ਤੇ ਹੈ।

ਸ਼ਾਹੀ ਸੜਕ ਉਤੇ ਰਾਹੀ-ਮੁਸਾਫ਼ਰਾਂ ਦੀ ਆਮ ਆਵਾਜਾਈ ਤਾਂ ਹੋਣੀ ਹੀ ਹੋਈ। ਸੜਕ ਉਤੇ ਵਸਦੇ ਨਗਰਾਂ ਦੇ ਕਈ ਸਰਦੇ-ਪੁਜਦੇ ਤੇ ਖ਼ੁਦਾ-ਤਰਸ ਬੰਦੇ ਰਾਹੀਆਂ ਦੇ ਸੁਖ-ਅਰਾਮ ਵਾਸਤੇ ਨਗਰ ਦੇ ਨੇੜੇ ਜਾਂ ਕੁਝ ਹਟਵੇਂ



WWW.SIKHBOOKCLUB.COM 

ਮੁਸਾਫ਼ਰ-ਖ਼ਾਨੇ ਬਣਾ ਦਿਆ ਕਰਦੇ ਹਨ, ਜਿਥੇ ਮੁਸਾਫ਼ਰ ਲੋੜ ਅਨੁਸਾਰ ਅਰਾਮ ਕਰ ਸਕਣ। ਤੁਲੰਭੇ ਦੇ ਭੀ ਇਕ ਸੱਜਣ ਨਾਮ ਮਨੁੱਖ ਨੇ ਜੰਗਲ ਵਿਚ ਮਖ਼ਦੂਮਪੁਰੇ ਤੋਂ ਹਟਵਾਂ ਇਕ ਮੁਸਾਫ਼ਰ-ਖ਼ਾਨਾ ਬਣਵਾਇਆ ਹੋਇਆ ਸੀ। ਸੱਜਣ ਇਕ ਪਰਹੇਜ਼ਗਾਰ ਬੰਦਾ ਸੀ, ਖ਼ਲਕਤ ਦੀ ਖ਼ਿਦਮਤ ਕਰਨ ਵਿਚ ਦਿਲਚਸਪੀ ਲੈਂਦਾ ਸੀ, ਇਸ ਵਾਸਤੇ ਨਗਰ ਦੇ ਲੋਕ ਇਸ ਦੀ ਇੱਜ਼ਤ ਕਰਦੇ ਸਨ, ਅਤੇ ਇਸ ਨੂੰ 'ਸ਼ੇਖ਼ ਜੀ, ਸ਼ੇਖ਼ ਜੀ' ਆਖ ਕੇ ਬੁਲਾਂਦੇ ਸਨ।

ਪਰ ਦੁਨੀਆ ਵਿਚ ਬੜੀ ਤਿਲ੍ਹਕਣ-ਬਾਜ਼ੀ ਹੈ। ਪਤਾ ਹੀ ਨਹੀਂ ਲਗਦਾ ਕਿ ਮਨੁੱਖ ਕਿਹੜੇ ਵੇਲੇ ਰਾਹੋਂ ਕੁਰਾਹੇ ਜਾ ਪੈਂਦਾ ਹੈ। ਖ਼ਲਕਤ ਦੀ ਖ਼ਿਦਮਤ ਕਰਦੇ ਕਰਦੇ ਬੰਦੇ ਬੇ-ਮਲੂਮੇ ਜਿਹੇ ਹੀ ਕਿਸੇ ਲਾਲਚ ਦੇ ਅੱਡੇ ਚੜ੍ਹ ਕੇ ਖ਼ਲਕਤ ਦਾ ਲਹੂ ਪੀਣ ਵਾਲੇ ਰਾਹੇ ਪੈ ਜਾਂਦੇ ਹਨ। ਇਹੀ ਹਾਲ ਸੱਜਣ ਦਾ ਹੋਇਆ। ਉਸ ਦਾ ਮੁਸਾਫ਼ਰ-ਖ਼ਾਨਾ ਨਗਰ ਤੋਂ ਵਿੱਥ ਤੇ ਸੀ, ਰਤਾ ਲੁੱਗਾ ਜਿਹਾ ਸੀ। ਕੋਈ ਸਾਥੀ ਭੀ ਭੈੜੇ ਮਿਲ ਗਏ। ਉਹਨਾਂ ਨਾਲ ਰਲ ਕੇ ਇਕੱਲੇ-ਦੁਕੱਲੇ ਰਾਹੀ ਦੀ ਪੱਲੇ-ਝਾੜ ਕਰਨ ਲਈ ਰਾਹੀਆਂ ਨੂੰ ਜਾਨੋਂ ਮਾਰਨਾ ਸ਼ੁਰੂ ਕਰ ਦਿੱਤੋਸੁ। ਨਗਰੋਂ ਦੁਰੇਡੇ ਹੋਣ ਕਰਕੇ ਖ਼ਬਰ ਕਿਤੇ ਬਾਹਰ ਨਾ ਨਿਕਲਦੀ ਰਹੀ। ਨਗਰ ਵਿਚ ਸੱਜਣ, ਭਲਾ ਮਨੁੱਖ ਹੀ ਸਮਝਿਆ ਜਾਂਦਾ ਰਿਹਾ।

SIKHBOOKCLUB.COM

ਸਤਿਗੁਰੂ ਨਾਨਕ ਦੇਵ ਜੀ ਭਾਈ ਮਰਦਾਨੇ ਸਮੇਤ ਉਸ ਮੁਸਾਫ਼ਰ-ਖ਼ਾਨੇ ਵਿਚ ਰਾਤ ਕੱਟਣ ਲਈ ਪਹੁੰਚ ਗਏ। ਪਰ ਉਥੋਂ ਦੇ ਸੇਵਕਾਂ ਦੇ ਚਿਹਰੇ ਤੋਂ ਉਹਨਾਂ ਤਾੜ ਲਿਆ ਕਿ ਸੱਜਣ ਅਤੇ ਉਸ ਦੇ ਸਾਥੀ ਮਨੁੱਖਤਾ ਦੇ ਰਸਤੇ ਤੋਂ ਦੂਰ ਜਾ ਪਏ ਹੋਏ ਸਨ। ਉਹ ਭੀ ਗੁਰੂ ਨਾਨਕ ਦੇਵ ਜੀ ਦੇ ਚਿਹਰੇ ਉਤੇ ਨੂਰ ਵੇਖ ਕੇ ਇਹ ਸਮਝ ਬੈਠੇ ਕਿ ਇਹਨਾਂ ਦੇ ਪੱਲੇ ਕਾਫ਼ੀ ਪੈਸਾ ਹੈ, ਜਿਸ ਕਰਕੇ ਚਿਹਰਾ ਚਮਕ ਰਿਹਾ ਹੈ।

ਇਹ ਸਾਖੀ ਸਿੱਖ-ਇਤਿਹਾਸ ਵਿਚ ਬੜੀ ਪਰਸਿੱਧ ਹੈ। ਵੇਖਣ ਨੂੰ ਭਗਤ ਦਿੱਸਦੇ ਬੰਦੇ ਦੇ ਖੋਟੇ ਜੀਵਨ ਨੂੰ ਵੇਖ ਕੇ ਲੋਕ ਉਸ ਨੂੰ ਸੱਜਣ ਠੱਗ ਆਖਣ ਲੱਗ ਪੈਂਦੇ ਹਨ। ਸ਼ੇਖ਼ ਸੱਜਣ ਦਾ ਖੋਟ ਤਾੜ ਕੇ ਸਤਿਗੁਰੂ ਜੀ ਨੇ ਉਸ ਨੂੰ ਰਾਹੀਂ ਰਾਹੀਂ ਸਮਝਾਣਾ ਸ਼ੁਰੂ ਕੀਤਾ। ਕੋਹ, ਸਿੰਬਲ ਆਦਿਕ ਦੇ ਦ੍ਰਿਸ਼ਟਾਂਤ ਦੇ ਕੇ ਉਸ ਦਾ ਅੰਦਰਲਾ ਖੋਟ ਉਸ ਦੇ ਸਾਮ੍ਹਣੇ ਲਿਆਂਦੋ ਨੇ। ਸੱਜਣ ਦੇ ਭਾਗ ਜਾਗੇ, ਉਸ ਨੂੰ ਹੋਸ਼ ਆ ਗਈ। ਸਤਿਗੁਰੂ ਜੀ ਦੇ ਪੈਰਾਂ ਤੇ ਡਿੱਗ ਪਿਆ, ਪਿਛਲੇ ਕੀਤੇ ਗੁਨਾਹਾਂ ਦੀ ਮਾਫ਼ੀ ਮੰਗ ਕੇ ਅਗਾਂਹ ਨੂੰ ਜੀਵਨ ਸੁਧਾਰਨ ਦਾ ਇਕਰਾਰ

ਕਰਨ ਲੱਗਾ।

ਪਰ ਗੁਰੂ ਨਾਨਕ ਪਾਤਿਸ਼ਾਹ ਪੂਰਾ ਵੈਦ ਸੀ। ਰਿਸ਼ਵਤ, ਬੇ-ਈਮਾਨੀ ਆਦਿਕ ਕਈ ਖੋਟੇ ਤਰੀਕੇ ਵਰਤ ਕੇ ਮਨੁੱਖ ਕਾਫ਼ੀ ਧਨ ਜੋੜ ਲੈਂਦਾ ਹੈ, ਰੋਜ਼ੀ ਵਲੋਂ ਬੇ-ਫ਼ਿਕਰੀ ਹੋ ਜਾਣ ਤੇ ਫਿਰ ਉਹ ਆਪਣੇ ਵਲੋਂ ਸੁਧਰਨ ਦੇ ਰਾਹੇ ਪੈਂਦਾ ਹੈ, ਭਜਨ-ਬੰਦਗੀ ਸ਼ੁਰੂ ਕਰ ਦੇਂਦਾ ਹੈ, ਦਾਨ-ਪੁੰਨ ਕਰਦਾ ਹੈ, ਖ਼ਲਕਤ ਦੀ ਸੇਵਾ ਭੀ ਕਰਦਾ ਹੈ। ਲੋਕ ਖ਼ਿਆਲ ਕਰਨ ਲੱਗ ਪੈਂਦੇ ਹਨ ਕਿ ਉਹ ਹੁਣ ਸੁਧਰ ਗਿਆ ਹੈ, ਉਹ ਭੀ ਸਮਝਦਾ ਹੈ ਕਿ ਮੈਂ ਸੁਧਰ ਗਿਆ ਹਾਂ। ਇਹ ਨਹੀਂ ਹੈ ਸੁਧਾਰ। ਅਸਲ ਵਿਚ ਜਾਂ ਇਹ ਅਜੇ ਭੀ ਠੱਗੀ ਹੈ, ਜਾਂ ਪੁੱਜ ਕੇ ਬੁੱਧੂ-ਪੁਣਾ। ਜਦ ਤਕ ਲੋਕਾਂ ਦੇ ਲਹੂ ਤੋਂ ਹੀ ਇਕੱਠਾ ਕੀਤਾ ਹੋਇਆ ਧਨ ਰੋਜ਼ੀ ਦਾ ਵਸੀਲਾ ਹੈ, ਤਦ ਤਕ ਖ਼ਲਕਤ ਦਾ ਖ਼ੂਨ ਪੀਣ ਵਾਲੇ ਸੰਸਕਾਰ ਮਨ ਵਿਚ ਤਾਜ਼ਾ ਰਹਿੰਦੇ ਹਨ। ਇਕੋ ਮਨ ਵਿਚ ਖ਼ਲਕਤ ਦੀ ਸੇਵਾ ਅਤੇ ਖ਼ਲਕਤ ਦਾ ਲਹੂ ਪੀਣ ਦੇ ਸੰਸਕਾਰਾਂ ਦਾ ਮੇਲ ਕਿਵੇਂ ਹੋਵੇ ?

ਜਿਹੜੇ ਬੰਦੇ ਸੱਜਣ ਅਤੇ ਉਸ ਦੇ ਸਾਥੀਆਂ ਦੇ ਹੱਥੋਂ ਜਾਨ ਗਵਾ ਬੈਠੇ ਸਨ, ਉਹ ਤਾਂ ਮੁੜ ਆ ਹੀ ਨਹੀਂ ਸਕਦੇ ਸਨ। ਸਤਿਗੁਰੂ ਜੀ ਨੇ ਸੱਜਣ ਨੂੰ ਸਮਝਾਇਆ ਕਿ ਜੇ ਕੁਰਾਹੋਂ ਹਟਣ ਦੇ ਭਾਗ ਜਾਗੇ ਹਨ, ਤਾਂ ਮੁੜ ਉਸੇ ਟਿਕਾਣੇ ਤੋਂ ਤੁਰਨਾ ਪਏਗਾ, ਜਿਥੇ ਰਸਤਾ ਖੁੰਝ ਗਿਆ ਸੀ। ਸੱਜਣ ਨੇ ਉਹ ਸਾਰਾ ਧਨ ਵੰਡ-ਵੰਡਾ ਦਿੱਤਾ, ਖੁਲ੍ਹਮ-ਖੁਲ੍ਹਾ ਆਪਣੇ ਕੀਤੇ ਗੁਨਾਹਾਂ ਦਾ ਇਕਰਾਰ ਕੀਤੋਸੁ, ਅਤੇ ਅਗਾਂਹ ਨੂੰ ਦਸਾਂ ਨਹੁੰਆਂ ਦੀ ਕਮਾਈ ਸ਼ੁਰੂ ਕੀਤੀਓਸੁ। ਸਤਿਗੁਰੂ ਜੀ ਦੀ ਆਗਿਆ ਪਾ ਕੇ ਸੱਜਣ ਨੇ ਨਗਰ ਤੁਲੰਭੇ ਵਿਚ ਆਪਣਾ ਨਿਵਾਸ ਬਣਾਇਆ, ਅਤੇ ਨੇਕ ਕਮਾਈ ਕਰਦੇ ਹੋਇਆਂ ਧਰਮ ਦਾ ਪਰਚਾਰ ਸ਼ੁਰੂ ਕੀਤਾ। ਉਸ ਇਲਾਕੇ ਦੇ ਨੇੜੇ-ਤੇੜੇ ਤੁਲੰਭਾ ਹੀ ਇਕ ਵੱਡਾ ਤੇ ਪਰਸਿੱਧ ਨਗਰ ਸੀ, ਜਿਥੇ ਸੱਜਣ ਸੇਵਾ-ਪਰਚਾਰ ਦਾ ਕੰਮ ਫਬਵੇਂ ਤਰੀਕੇ ਨਾਲ ਕਰ ਸਕਦਾ ਸੀ।

ਸੱਜਣ ਠੱਗ ਦੀ ਸਾਖੀ ਹਰੇਕ ਮਨੁੱਖ ਵਾਸਤੇ ਬੜੇ ਉੱਚੇ ਟਿਕਾਣੇ ਦਾ ਚਾਨਣ-ਮੁਨਾਰਾ ਹੈ।



WWW.SIKHBOOKCLUB.COM 

## ੧੨

# ਗੁਰੂ ਨਾਨਕ ਦੇਵ ਜੀ ਦੀ ਸ਼ਖ਼ਸੀਅਤ

ਇਤਨੇ ਉੱਚੇ ਮਹਾਂ ਪੁਰਖ ਦੀ ਸ਼ਖ਼ਸੀਅਤ ਬਿਆਨ ਕਰਨੀ ਕੋਈ ਸੌਖੀ ਖੇਡ ਨਹੀਂ ਹੈ। ਪਰ ਉਹਨਾਂ ਦਾ ਜੀਵਨ-ਇਤਿਹਾਸ ਲਿਖਦਿਆਂ ਜੋ ਕੁਝ ਸੁੱਝ ਆਇਆ ਹੈ, ਉਹ ਪਾਠਕਾਂ ਦੇ ਸਾਹਮਣੇ ਪੇਸ਼ ਕੀਤਾ ਜਾਂਦਾ ਹੈ।

### (੧) ਦ੍ਰਿੜ੍ਹਤਾ, ਇਰਾਦੇ ਦੀ ਪਕਿਆਈ

*(ੳ) ਜਨੇਊ ਦੀ ਸਾਖੀ*

ਜਦੋਂ ਗੁਰੂ ਨਾਨਕ ਦੇਵ ਜੀ ਦਸਾਂ ਸਾਲਾਂ ਦੇ ਹੋਏ, ਤਾਂ ਮਰਯਾਦਾ ਅਨੁਸਾਰ ਉਹਨਾਂ ਨੂੰ ਜਨੇਊ ਪਾਣ ਲਈ ਪੰਡਿਤ ਹਰਦਿਆਲ ਨੂੰ ਸੱਦਿਆ ਗਿਆ। ਪੰਡਿਤ ਹਰਦਿਆਲ ਬਾਬਾ ਕਾਲੂ ਜੀ ਦੇ ਘਰ ਦਾ ਪੁਰੋਹਿਤ ਸੀ। ਜਨੇਊ ਪਹਿਨਾਣ ਦਾ ਅਧਿਕਾਰ ਘਰ ਦੇ ਪੁਰੋਹਿਤ ਦਾ ਹੀ ਹੁੰਦਾ ਹੈ।

ਘਰ ਵਿਚ ਪੁੱਤਰ ਦਾ ਜਨਮ ਧਰਮ-ਸ਼ਾਸਤਰਾਂ ਅਨੁਸਾਰ ਇਕ ਬੜੀ ਵਡਭਾਗਤਾ ਹੈ। ਪੁੱਤਰ ਹੀ ਪਿੱਤਰਾਂ ਨੂੰ 'ਪੂ' ਨਾਮ ਦੇ ਨਰਕ ਤੋਂ ਬਚਾਂਦਾ ਹੈ ('पु' नाम नरकात् आयते इति पुत्रः)। ਪੁੱਤਰ ਹੀ ਪਿੱਤਰਾਂ ਨਮਿੱਤ ਯੱਗ ਸਰਾਧ ਆਦਿਕ ਕਰਨ ਦਾ ਅਧਿਕਾਰੀ ਹੈ। ਇਹ ਅਧਿਕਾਰ ਧੀ ਨੂੰ ਨਹੀਂ ਹੈ। ਜਨੇਊ ਪਹਿਰਨ ਦਾ ਅਧਿਕਾਰ ਭੀ ਪੁੱਤਰ ਨੂੰ ਹੀ ਹੈ, ਧੀ ਨੂੰ ਨਹੀਂ। ਸੋ, ਜਿਵੇਂ ਪੁੱਤਰ ਦਾ ਜਨਮ ਗ੍ਰਿਹਸਤੀ ਵਾਸਤੇ ਬੜੀ ਖ਼ੁਸ਼ੀ ਦਾ ਅਵਸਰ ਲਿਆਉਂਦਾ ਹੈ, ਤਿਵੇਂ ਹੀ ਜਨੇਊ ਪਹਿਰਾਣ ਦੀ ਰੀਤ ਭੀ ਬੜੇ ਉਤਸ਼ਾਹ ਵਾਲੀ ਹੁੰਦੀ ਹੈ। ਸਾਰੇ ਸਾਕ-ਅੰਗ ਸੱਦੇ ਜਾਂਦੇ ਹਨ, ਵਿਆਹ-ਸ਼ਾਦੀ ਵਾਂਗ ਹੀ ਖਾਣ-ਪਕਾਣ ਦੇ ਬੜੇ ਉਚੇਚ ਕੀਤੇ ਜਾਂਦੇ ਹਨ। ਸਰਦੇ-ਪੁੱਜਦੇ ਘਰਾਂ ਵਿਚ ਮਾਸ ਭੀ ਬਣਦਾ ਹੈ। ਬਾਬਾ ਕਾਲੂ ਜੀ ਨੇ ਭੀ ਸਾਰੇ ਸਾਕ-ਅੰਗ ਸੱਦੇ।



WWW.SIKHBOOKCLUB.COM 

ਤਲਵੰਡੀ ਵਿਚ ਗੁਰੂ ਨਾਨਕ ਦੇਵ ਜੀ ਦੀ ਰੌਸ਼ਨ-ਦਿਮਾਗ਼ੀ ਦੀ ਚਰਚਾ ਤਾਂ ਪਹਿਲਾਂ ਹੀ ਸੀ, ਪਰ ਕਿਸੇ ਨੂੰ ਅਜੇ ਇਹ ਨਹੀਂ ਸੀ ਪਤਾ ਕਿ ਦਸਾਂ ਸਾਲਾਂ ਦਾ ਬਾਲਕ ਹਿੰਦੂ-ਸ਼ਾਸਤਰਾਂ ਦੇ ਸਦੀਆਂ ਦੇ ਬਣੇ ਭਰਮ-ਭ੍ਰਾ ਦਾ ਟਾਕਰਾ ਕਰਨ ਨੂੰ ਤਿਆਰ ਹੋ ਪਏਗਾ।

ਜਦੋਂ ਨਗਰ ਦਾ ਸ਼ਰੀਕਾ, ਬਰਾਦਰੀ, ਨਗਰ ਦੇ ਪੈਂਚ ਅਤੇ ਸਾਰੇ ਸਾਕ-ਅੰਗ ਜੁੜ ਬੈਠੇ ਤਾਂ ਪੁਰੋਹਿਤ ਹਰਦਿਆਲ ਨੇ ਗੁਰੂ ਨਾਨਕ ਦੇਵ ਜੀ ਨੂੰ ਜਨੇਊ ਪਹਿਰਾਣ ਲਈ ਸ਼ਾਸਤਰਾਂ ਦੀ ਰਹੁ-ਰੀਤੀ ਸ਼ੁਰੂ ਕੀਤੀ। ਸਤਿਗੁਰੂ ਜੀ ਭੀ ਪੰਡਿਤ ਦੇ ਪਾਸ ਬੈਠੇ ਹੋਏ ਸਭ ਕੁਝ ਵੇਖਦੇ ਰਹੇ। ਜਦੋਂ ਗ੍ਰਹਿ-ਪੂਜਾ, ਦੇਵ-ਪੂਜਾ ਆਦਿਕ ਹੋ ਚੁਕੀਆਂ ਤਾਂ ਸਾਰੇ ਮੇਲ ਦੀਆਂ ਅੱਖਾਂ ਗੁਰੂ ਨਾਨਕ ਦੇਵ ਜੀ ਅਤੇ ਪੰਡਿਤ ਹਰਦਿਆਲ ਉੱਤੇ ਟਿਕ ਗਈਆਂ। ਜਨੇਊ ਪੈਂਦੇ ਸਾਰ ਸਭਨਾਂ ਨੇ ਬਾਬਾ ਕਾਲੂ ਅਤੇ ਮਾਤਾ ਤ੍ਰਿਪਤਾ ਜੀ ਨੂੰ ਵਧਾਈਆਂ ਦੇਣੀਆਂ ਸਨ। ਪੰਡਿਤ ਹਰਦਿਆਲ ਜਨੇਊ ਫੜ ਕੇ ਗੁਰੂ ਨਾਨਕ ਦੇਵ ਜੀ ਦੇ ਗਲ ਵਿਚ ਪਾਣ ਲੱਗਾ, ਪਰ ਭਰੀ ਸੱਥ ਵਿਚ ਉਹਨਾਂ ਨੇ ਪੰਡਿਤ ਜੀ ਦਾ ਹੱਥ ਰੋਕ ਦਿੱਤਾ, ਤੇ ਕਹਿਣ ਲੱਗੇ—"ਪੰਡਿਤ ਜੀ, ਜਨੇਊ ਪਾਇਆਂ ਸਾਡੇ ਲੋਕਾਂ ਦਾ ਦੂਜਾ ਜਨਮ ਹੁੰਦਾ ਹੈ, ਜਿਸ ਨੂੰ ਤੁਸੀ ਆਤਮਕ ਜਨਮ ਆਖਦੇ ਹੋ। ਤਾਂ ਫਿਰ ਉਹ ਜਨੇਊ ਭੀ ਕਿਸੇ ਹੋਰ ਕਿਸਮ ਦਾ ਹੀ ਚਾਹੀਦਾ ਸੀ, ਜੋ ਆਤਮਾ ਲਈ ਫਬਦਾ ਹੁੰਦਾ। ਜਿਹੜਾ ਜਨੇਊ ਤੁਸੀ ਮੈਨੂੰ ਦੇ ਰਹੇ ਹੋ, ਇਹ ਤਾਂ ਕਪਾਹ ਦੇ ਧਾਗੇ ਦਾ ਹੈ। ਇਹ ਮੈਲਾ ਭੀ ਹੋ ਜਾਇਗਾ, ਇਹ ਟੁੱਟ ਭੀ ਜਾਇਗਾ, ਇਸ ਨੂੰ ਬਦਲਣ ਦੀ ਲੋੜ ਭੀ ਪਏਗੀ। ਜਦੋਂ ਅੰਤ ਵੇਲੇ ਆਤਮਾ ਤੇ ਸਰੀਰ ਦਾ ਸਦੀਵੀ ਵਿਛੋੜਾ ਹੋਵੇਗਾ, ਇਹ ਜਨੇਊ ਸਰੀਰ ਦੇ ਨਾਲ ਹੀ ਚਿਖਾ ਵਿਚ ਸੜ ਜਾਇਗਾ। ਫਿਰ ਇਹ ਜਨੇਊ ਆਤਮਕ ਜਨਮ ਲਈ ਕਿਵੇਂ ਹੋਇਆ ?" ਗੱਲ ਬੜੀ ਸਾਦਾ ਸੀ, ਹਰੇਕ ਦੀ ਸਮਝ-ਗੋਚਰੀ ਸੀ, ਪਰ ਅਜੇ ਤਕ ਬੜੇ ਬੜੇ ਸਿਆਣਿਆਂ ਨੂੰ ਭੀ ਕਦੇ ਅਹੁੜੀ ਨਹੀਂ ਸੀ। ਜੇ ਕਿਸੇ ਨੂੰ ਕਦੇ ਅਹੁੜੀ ਸੀ, ਤਾਂ ਹਿੰਮਤ ਨਹੀਂ ਸੀ ਪਈ ਕਿ ਸ਼ਾਸਤਰਾਂ ਦਾ ਟਾਕਰਾ ਕਰਦਾ।

ਦਸਾਂ ਸਾਲਾਂ ਦੇ ਬਾਲਕ ਨੇ ਸ਼ਾਸਤਰਾਂ ਦੇ ਅਧਿਕਾਰ ਨੂੰ ਵੰਗਾਰਿਆ। ਸਾਰੇ ਲੋਕ ਹੈਰਾਨ ਰਹਿ ਗਏ। ਪੰਡਿਤ ਨੇ ਬੜੇ ਮਿੱਠੇ ਬੋਲਾਂ ਨਾਲ ਗੁਰੂ ਨਾਨਕ ਦੇਵ ਜੀ ਨੂੰ ਪ੍ਰੇਰਨ ਦੇ ਜਤਨ ਕੀਤੇ। ਸਹੇ ਦੀ ਨਹੀਂ, ਉਸ ਨੂੰ ਤਾਂ ਪਹੇ ਦੀ ਪੈ ਗਈ ਸੀ। ਮਾਪਿਆਂ ਨੇ ਭੀ ਬੜੇ ਲਾਡ ਨਾਲ ਸਮਝਾਇਆ ਕਿ ਸ਼ਾਸਤਰਾਂ ਦਾ ਉਲੰਘਣ ਕਰਨਾ ਬੜਾ ਪਾਪ ਹੈ। ਪਿਆਰ ਭੀ ਕੀਤਾ ਗਿਆ, ਡਰਾਵੇ



WWW.SIKHBOOKCLUB.COM 

ਭੀ ਦਿੱਤੇ ਗਏ। ਪਰ ਗੁਰੂ ਨਾਨਕ ਦੇਵ ਜੀ ਆਪਣੇ ਇਰਾਦੇ ਉੱਤੇ ਦ੍ਰਿੜ੍ਹ ਰਹੇ। ਉਹਨਾਂ ਦਾ ਉੱਤਰ ਇਹੀ ਸੀ ਕਿ ਆਤਮਕ ਜਨਮ ਲਈ ਆਤਮਕ ਜਨੇਊ ਦੀ ਲੋੜ ਹੈ, ਜੇ ਪੰਡਿਤ ਜੀ ਦੇ ਪਾਸ ਉਹ ਜਨੇਊ ਮੌਜੂਦ ਹੈ ਤਾਂ ਬੇਸ਼ੱਕ ਦੇ ਦੇਣ, ਮੈਂ ਪਾ ਲੈਂਦਾ ਹਾਂ।

ਕਰਮ-ਕਾਂਡ ਦੇ ਸਦੀਆਂ ਦੇ ਬਣੇ ਪੱਕੇ ਭਰਮ-ਗੜ੍ਹ ਉਤੇ ਦਸਾਂ ਸਾਲਾਂ ਦੇ ਬਾਲਕ ਗੁਰੂ ਨਾਨਕ ਦੇਵ ਜੀ ਦੀ ਇਹ ਪਹਿਲੀ ਕਾਰੀ ਚੋਟ ਸੀ। ਜੀਵਨ-ਸੰਗਰਾਮ ਵਿਚ ਇਹ ਪਹਿਲੀ ਜਿੱਤ ਸੀ, ਜੋ ਬਾਲਕ-ਗੁਰੂ ਨੇ ਆਪਣੀ ਦ੍ਰਿੜ੍ਹਤਾ ਦੇ ਬਲ ਨਾਲ ਹਾਸਲ ਕੀਤੀ।

*(ਅ) ਸੁਲਤਾਨਪੁਰ ਸਦਾ ਲਈ ਛੱਡਣਾ*

ਸਿੱਖ-ਇਤਿਹਾਸ ਵਿਚ ਵੇਈਂ ਨਦੀ ਵਾਲੀ ਸਾਖੀ ਬੜੀ ਪਰਸਿੱਧ ਹੈ। ਗੁਰੂ ਨਾਨਕ ਦੇਵ ਜੀ ਸਦਾ ਵਾਂਗ ਭਾਦਰੋਂ ਸੁਦੀ ੧੩ ਸੰਮਤ ੧੫੬੪ ਨੂੰ ਕਾਲੀ ਵੇਈਂ ਵਿਚ ਇਸ਼ਨਾਨ ਕਰਨ ਲਈ ਵੜੇ। ਈਸਵੀ ਸੰਨ ਅਨੁਸਾਰ ੨੩ ਅਗਸਤ ਦੇ ਕਰੀਬ ਸੀ। ਵਰਖਾ ਰੁੱਤ ਮੁੱਕੀ ਨਹੀਂ ਸੀ। ਹੜ੍ਹਾਂ ਦੀ ਬਹਾਰ ਸੀ। ਸਿੱਖ-ਇਤਿਹਾਸ ਅਨੁਸਾਰ ਸਤਿਗੁਰੂ ਜੀ ਇਸ਼ਨਾਨ ਕਰਨ ਗਏ ਮੁੜ ਨਦੀ ਤੋਂ ਬਾਹਰ ਨਾ ਨਿਕਲੇ। ਤਿੰਨ ਦਿਨ ਲੋਪ ਰਹੇ। ਨਾਲ ਗਿਆ ਟਹਿਲੀਆ ਦਿਨ ਚੜ੍ਹੇ ਤਕ ਉਡੀਕ ਕੇ ਵਾਪਸ ਘਰ ਆ ਗਿਆ ਤੇ ਖ਼ਬਰ ਕਰ ਦਿੱਤੀਓਸੁ। ਗੁਰੂ ਨਾਨਕ ਸਾਹਿਬ ਦੀ ਵੱਡੀ ਭੈਣ ਬੀਬੀ ਨਾਨਕੀ ਤੋਂ ਸਿਵਾ ਸਭ ਨੂੰ ਇਹ ਖ਼ਿਆਲ ਬਣ ਗਿਆ ਕਿ ਉਹ ਹੜ੍ਹ ਵਿਚ ਰੁੜ੍ਹ ਗਏ ਹਨ ਜਾਂ ਡੁੱਬ ਗਏ ਹਨ।

ਭਾਈ ਗੁਰਦਾਸ ਜੀ ਦੀ ਇਸ਼ਾਰੇ ਮਾਤ੍ਰ ਦਿੱਤੀ ਸਾਖੀ ਤੋਂ ਪਤਾ ਚਲਦਾ ਹੈ ਕਿ ਗੁਰੂ ਨਾਨਕ ਦੇਵ ਜੀ ਪ੍ਰਭੂ-ਚਰਨਾਂ ਵਿਚ ਜੁੜ ਕੇ ਗ਼ਰੀਬ ਜਨਤਾ ਉਤੇ ਉੱਚ-ਜਾਤੀਏ ਲੋਕਾਂ ਤੇ ਜਾਬਰ ਹਾਕਮਾਂ ਵਲੋਂ ਹੋ ਰਹੇ ਜ਼ੁਲਮਾਂ ਨੂੰ ਦੂਰ ਕਰਨ ਬਾਰੇ ਇਕਾਂਤ ਵਿਚ, ਨਦੀ ਤੋਂ-ਪਾਰ ਬੈਠੇ ਵਿਚਾਰ ਕਰ ਰਹੇ ਸਨ। ਇਹ ਬੜਾ ਮਹਾਨ ਕੰਮ ਸੀ। ਬੜੀ ਹੀ ਕੁਰਬਾਨੀ ਦੀ ਲੋੜ ਸੀ। ਬੜਾ ਹੀ ਵਿਚਾਰ-ਭਰਿਆ ਪ੍ਰੋਗਰਾਮ ਚਾਹੀਦਾ ਸੀ। ਬ੍ਰਾਹਮਣਾਂ, ਜੋਗੀਆਂ-ਸਿੱਧਾਂ, ਸਈਅਦਾਂ, ਪੀਰਾਂ ਫ਼ਕੀਰਾਂ—ਸਭਨਾਂ ਦੀਆਂ ਜਨਤਾ ਉਤੇ ਹੋ ਰਹੀਆਂ ਵਧੀਕੀਆਂ ਨਸ਼ਰ ਕਰਨੀਆਂ ਪੈਣੀਆਂ ਸਨ, ਤੇ ਇਹਨਾਂ ਦਾ ਵੈਰ ਸਹੇੜਨਾ ਪੈਣਾ ਸੀ। ਸਹਿਮੀ ਹੋਈ ਜਨਤਾ ਨੂੰ ਜਗਾਣਾ ਪੈਣਾ ਸੀ ਤੇ ਦਲੇਰ ਹੋ ਕੇ ਆਪਣੇ ਪੈਰਾਂ ਉਤੇ ਖਲੋਣ ਲਈ ਹੱਲਾ-ਸ਼ੇਰੀ ਦੇਣੀ ਪੈਣੀ ਸੀ। ਇਹ ਇਕ



WWW.SIKHBOOKCLUB.COM 

ਬਗ਼ਾਵਤ ਦੇ ਤੁੱਲ ਸੀ।

ਗੁਰੂ ਨਾਨਕ ਦੇਵ ਜੀ ਦੀ ਉਮਰ ਉਸ ਵੇਲੇ ਸਾਢੇ ਅਠੱਤੀ ਸਾਲ ਸੀ। ਉਹਨਾਂ ਦੇ ਦੋਵੇਂ ਪੁੱਤਰ ਸਿਰੀ ਚੰਦ ਤੇ ਲਖਮੀ ਦਾਸ ਅਜੇ ਅੰਞਾਣ ਉਮਰ ਸਨ। ਜੇ ਗ਼ਰੀਬਾਂ ਦੀ, ਦੁਖੀਆਂ ਦੀ ਬਾਂਹ ਫੜਨੀ ਸੀ, ਤਾਂ ਇਹਨਾਂ ਮਾਸੂਮ ਬੱਚਿਆਂ ਨੂੰ ਪਰ-ਅਧੀਨ ਕਰਨਾ ਪੈਣਾ ਸੀ। ਇਹਨਾਂ ਦੀ ਇਸਤ੍ਰੀ ਭੀ ਅਜੇ ਜਵਾਨ-ਉਮਰ ਸੀ, ਜਿਸ ਨੂੰ ਪਤੀ ਦੇ ਸਾਥ ਦੀ ਲੋੜ ਸੀ। ਗ਼ਰੀਬਾਂ ਦੀ ਸਾਰ ਲੈਣ ਤੁਰਿਆਂ ਗੁਰੂ ਨਾਨਕ ਦੇਵ ਜੀ ਉਤੇ ਜੋ ਸਰੀਰਕ ਔਖਿਆਈਆਂ ਆਉਣੀਆਂ ਸਨ, ਉਹ ਭੀ ਕੋਈ ਸਧਾਰਨ ਨਹੀਂ ਸਨ। ਹਜ਼ਾਰਾਂ ਮੀਲਾਂ ਦਾ ਪੈਦਲ ਸਫ਼ਰ, ਕਈ ਕਈ ਦਿਨਾਂ ਦੀ ਭੁੱਖ ਤ੍ਰੇਹ, ਕਿਤੇ ਮੀਲਾਂ ਤਕ ਰੇਗਿਸਤਾਨ ਹੀ ਰੇਗਿਸਤਾਨ, ਕਹਿਰ ਦੀਆਂ ਲੋਆਂ ਵਿਚ ਭੱਠ-ਤਪਦੇ ਰੇਤ-ਥਲੇ, ਕਿਤੇ ਜੰਗਲ ਹੀ ਜੰਗਲ, ਜਿਥੇ ਲਹੂ-ਪੀਣੇ ਮੱਛਰ ਨਾ ਦਿਨੇ ਚੈਨ ਲੈਣ ਦੇਣ ਨਾ ਰਾਤ ਨੂੰ, ਓਪਰੇ ਓਪਰੇ ਬੰਦੇ, ਓਪਰੀ ਓਪਰੀ ਬੋਲੀ, ਕਿਤੇ ਸ਼ਹਿਰਾਂ ਦੇ ਚਲਾਕ ਤੇ ਕੋਰੇ ਲੋਕ, ਕਿਤੇ ਜਾਂਗਲੀ ਤੇ ਮਾਣਸ-ਖਾਣੇ ਲੋਕ।

ਜੇ ਦੁਖੀਆਂ ਦਾ ਦਰਦ ਵੰਡਣ ਤੁਰਨਾ ਸੀ ਤਾਂ ਅਜਿਹੇ ਅਨੇਕਾਂ ਭਿਆਨਕ ਔਖ ਅੱਖਾਂ ਪਾੜ ਪਾੜ ਕੇ ਵਿਖਾਲੀ ਦੇ ਰਹੇ ਸਨ।

ਦੂਜਾ ਪਾਸਾ ਸੀ ਘਰ ਦਾ ਸੁਖ। ਆਗਿਆਕਾਰ ਇਸਤ੍ਰੀ ਤੇ ਤੋਤਲੀਆਂ ਗੱਲਾਂ ਕਰਦੇ ਬੱਚਿਆਂ ਦਾ ਪਿਆਰ। ਸੌਖੀ ਰੋਜ਼ੀ, ਇੱਜ਼ਤ ਤੇ ਸਤਿਕਾਰ-ਭਰੀ ਰੋਜ਼ੀ। ਨਵਾਬ ਦੌਲਤ ਖ਼ਾਂ ਨੂੰ ਭਾਗਾਂ ਨਾਲ ਇਹ ਈਮਾਨਦਾਰ ਮੋਦੀ ਮਿਲਿਆ ਸੀ, ਉਹ ਤਾਂ ਲੱਟੂ ਹੋਇਆ ਹੋਇਆ ਸੀ। ਮੋਦੀ ਦੇ ਕੰਮ ਵਿਚ ਗੁਰੂ ਨਾਨਕ ਸਾਹਿਬ ਦੀ ਈਮਾਨਦਾਰੀ ਤੇ ਗ਼ਰੀਬ-ਪਰਵਰੀ ਦੀ ਸੋਭਾ ਘਰ ਘਰ ਹੋ ਰਹੀ ਸੀ। ਸੁਲਤਾਨਪੁਰ ਦੀਆਂ ਗਲੀਆਂ ਦੇ ਕੱਖਾਂ ਨੂੰ ਭੀ ਜੀਭ ਲੱਗੀ ਹੋਈ ਸੀ ਤੇ ਆਖਦੇ ਸਨ 'ਧੰਨ ਨਾਨਕ ਮੋਦੀ'।

ਜੇ ਗ਼ਰੀਬਾਂ ਦੀ ਸਾਰ ਲੈਣ ਤੁਰਨਾ ਸੀ ਤਾਂ ਇਹਨਾਂ ਸਾਰੇ ਸੁਖਾਂ ਨੂੰ ਲੱਤ ਮਾਰਨੀ ਪੈਣੀ ਸੀ। ਮਨ ਦੋਹਾਂ ਪਾਸਿਆਂ ਨੂੰ ਤੱਕੜੀ ਵਿਚ ਤੋਲ ਰਿਹਾ ਸੀ। ਕਲਿਜੁਗ ਬਾਜ਼ੀ ਜਿੱਤਣ ਲਈ ਪੂਰਾ ਜ਼ੋਰ ਲਾ ਰਿਹਾ ਸੀ, ਪਰ ਚੁਫ਼ਾਲ ਡਿੱਗ ਪਿਆ। ਗੁਰੂ ਨਾਨਕ ਦੇਵ ਜੀ ਨੇ ਫ਼ੈਸਲਾ ਕਰ ਲਿਆ ਕਿ ਸੜ ਰਹੀ ਧਰਤੀ ਉਤੇ ਠੰਢ ਵਰਤਾਣ ਲਈ ਨਿੱਜੀ ਸੁਖ ਕੁਰਬਾਨ ਕਰਨੇ ਹੀ ਸਹੀ ਰਸਤਾ ਹੈ।



WWW.SIKHBOOKCLUB.COM 

*(ੲ) ਮੁਲਤਾਨ ਫੇਰੀ*

ਸਭ ਤੋਂ ਪਹਿਲਾਂ ਭਾਰਤ ਵਿੱਚ ਇਸਲਾਮੀ ਹਕੂਮਤ ਸਿੰਧ ਵਾਲੇ ਪਾਸੇ ਤੋਂ ਸ਼ੁਰੂ ਹੋਈ ਸੀ। ਇਸ ਵਾਸਤੇ ਸ਼ਹਿਰ ਮੁਲਤਾਨ ਸ਼ੁਰੂ ਤੋਂ ਹੀ ਪੀਰਾਂ-ਫ਼ਕੀਰਾਂ ਦਾ ਗੜ੍ਹ ਬਣਦਾ ਗਿਆ।

ਮੁਸਲਮਾਨ ਖ਼ੁਦਾ-ਪ੍ਰਸਤ ਹਨ। ਹਿੰਦੂ ਕੌਮ ਵਿਚ ਲੱਖਾਂ ਕਰੋੜਾਂ ਬੰਦੇ ਵਖ ਵਖ ਦੇਵਤਿਆਂ ਦੀਆਂ ਮੂਰਤੀਆਂ ਪੂਜਦੇ ਹਨ। ਮੁਸਲਮਾਨ ਹਿੰਦੂਆਂ ਨੂੰ ਬੁੱਤ-ਪ੍ਰਸਤ ਆਖਦੇ ਹਨ, ਕਾਫ਼ਰ ਆਖਦੇ ਹਨ। ਤੇ ਹਿੰਦੂਆਂ ਦੀ ਮੂਰਤੀ-ਪੂਜਾ ਨੂੰ, ਬੁੱਤ-ਪ੍ਰਸਤੀ ਨੂੰ ਨਫ਼ਰਤ ਦੀ ਨਿਗਾਹ ਨਾਲ ਵੇਖਦੇ ਹਨ। ਪਰ ਆਤਮਕ ਜੀਵਨ ਵਲੋਂ ਥੋੜੀ ਜਿਹੀ ਅਨਗਹਿਲੀ ਭੀ ਮਨੁੱਖ ਨੂੰ ਸਹੀ ਨਿਸ਼ਾਨੇ ਤੋਂ ਕਿਤੇ ਦੂਰ ਜਾ ਸੁੱਟਦੀ ਹੈ। ਮੁਸਲਮਾਨ ਪੀਰਾਂ-ਫ਼ਕੀਰਾਂ-ਵਲੀਆਂ ਦੇ ਵੱਡੇ ਵੱਡੇ ਰੌਜ਼ੇ-ਮਕਬਰੇ ਬਣਾਏ ਜਾਂਦੇ ਹਨ। ਉਹਨਾਂ ਰੌਜ਼ਿਆਂ-ਮਕਬਰਿਆਂ ਤੇ ਚਿਰਾਗ਼ ਬਾਲੇ ਜਾਂਦੇ ਹਨ। ਸਾਲ ਦੇ ਸਾਲ ਮੇਲੇ ਲੱਗਦੇ ਹਨ। ਮੁਰੀਦ ਲੋਕ ਆ ਕੇ ਜ਼ਿਆਰਤ ਕਰਦੇ ਹਨ, ਸਿਜਦੇ ਕਰਦੇ ਹਨ, ਨਿਆਜ਼ਾਂ ਦੇਂਦੇ ਹਨ ਤੇ ਅਨੇਕਾਂ ਦੁਨਿਆਵੀ ਬਰਕਤਾਂ ਮੰਗਦੇ ਹਨ। ਇਸ ਤਰ੍ਹਾਂ ਖ਼ੁਦਾ-ਪ੍ਰਸਤ ਲੋਕ ਭੀ ਸਹਿਜੇ ਸਹਿਜੇ ਕਬਰ-ਪ੍ਰਸਤ ਬਣਦੇ ਜਾਂਦੇ ਹਨ।

ਉਹਨਾਂ ਦੀ ਇਹ ਆਤਮਕ ਕਮਜ਼ੋਰੀ ਗੁਰੂ ਨਾਨਕ ਦੇਵ ਜੀ ਨੂੰ ਪ੍ਰੇਰ ਰਹੀ ਸੀ ਕਿ ਜਵਾਨੀ ਦੀ ਉਮਰ ਲੰਘ ਜਾਣ ਤੇ ਭੀ, ਇਕਾਹਠ-ਬਾਹਠ ਸਾਲਾਂ ਦੀ ਉਮਰੇ ਭੀ, ਕਰਤਾਰਪੁਰ ਤੋਂ ਫਿਰ ਦੋ ਢਾਈ ਸੌ ਮੀਲਾਂ ਦਾ ਲੰਮਾ ਸਫ਼ਰ ਕਰਨ। ਭਾਈ ਮਰਦਾਨਾ ਉਮਰੋਂ ਸਤਿਗੁਰੂ ਜੀ ਨਾਲੋਂ ਨੌਂ ਸਾਲ ਵੱਡਾ ਸੀ, ਉਹ ਭੀ ਨਾਲ ਹੀ। ਜਾਣ ਆਉਣ ਦਾ ਸਾਰਾ ਪੈਂਡਾ ਚਾਰ ਪੰਜ ਸੌ ਮੀਲ।

ਸ਼ਮਸ ਤਬਰੇਜ਼ ਇਕ ਸੂਫ਼ੀ ਫ਼ਕੀਰ ਸੀ। ਇਸ ਦਾ ਜਨਮ ਗ਼ਜ਼ਨੀ ਦੇ ਇਲਾਕੇ ਨਗਰ ਸਬਜ਼ਵਾਰ ਵਿਚ ਹੋਇਆ ਸੀ। 'ਮਾਰਫ਼ਤ' ਤੋਂ ਲੰਘ ਕੇ 'ਪਰਮ-ਪਦ' ਤੇ ਪਹੁੰਚਿਆ ਸੂਫ਼ੀ ਮਸਤੀ ਦੀ ਹਾਲਤ ਵਿਚ ਕਦੇ ਕਦੇ ਕੂਕ ਉੱਠਦਾ ਹੈ 'ਅਨਲਹੱਕ' (—ਮੈਂ ਰੱਬ ਹਾਂ)। ਸ਼ਮਸ ਤਬਰੇਜ਼ ਆਪਣਾ ਵਤਨ ਛੱਡ ਕੇ ਮੁਲਤਾਨ ਆ ਵੱਸਿਆ ਸੀ। ਇਹ ਸ਼ਹਿਰ ਸੀ ਕੱਟੜ ਮੁਸਲਮਾਨਾਂ ਦਾ ਗੜ੍ਹ। ਉਹਨਾਂ ਨੂੰ ਤਬਰੇਜ਼ ਦਾ ਇਹ ਨਾਹਰਾ ਪਸੰਦ ਨਹੀਂ ਸੀ। ਸ਼ਮਸ ਨੂੰ ਉਸ ਦੀ ਖੱਲ ਲਾਹ ਕੇ ਮਾਰਿਆ ਗਿਆ। ਮੁਲਤਾਨ ਵਿਚ ਉਸ ਦਾ ਮਕਬਰਾ ਤਿਆਰ ਹੋ ਗਿਆ, ਜਿਸ ਦੀ ਉਸ ਦੇ ਸ਼ਮਸੀ ਮੁਰੀਦ ਸਾਲ ਦੇ ਸਾਲ ਜ਼ਿਆਰਤ



WWW.SIKHBOOKCLUB.COM 

ਕਰਦੇ ਹਨ।

ਮਸਤੀ ਵਿਚ ਆ ਕੇ ਆਪਣੇ ਆਪ ਨੂੰ 'ਰੱਬ' ਆਖਣਾ, ਤੇ ਕਬਰ-ਪ੍ਰਸਤੀ—ਇਹਨਾਂ ਲੋਕਾਂ ਦੀਆਂ ਇਹਨਾਂ ਦੋ ਆਤਮਕ ਉਕਾਈਆਂ ਨੇ ਗੁਰੂ ਨਾਨਕ ਦੇਵ ਜੀ ਨੂੰ ਬਾਹਠ ਸਾਲਾਂ ਦੀ ਬਿਰਧ ਉਮਰੇ ਪੰਜ ਸੌ ਮੀਲਾਂ ਦਾ ਲੰਮਾ ਪੈਂਡਾ ਕਰਨ ਲਈ ਪ੍ਰੇਰਨਾ ਕੀਤੀ। ਤਦੋਂ ਸੰਨ ੧੫੩੦ ਦੇ ਮਈ ਜੂਨ ਦੇ ਮਹੀਨੇ ਸਨ।

ਪਾਠਕ ਸੱਜਣ! ਵੇਖ ਦ੍ਰਿੜ੍ਹਤਾ ਗੁਰੂ ਨਾਨਕ ਪਾਤਿਸ਼ਾਹ ਦੀ! ਬਿਰਧ ਉਮਰ, ਜੇਠ-ਹਾੜ ਦੀਆਂ ਲੂੰਹਦੀਆਂ ਲੋਆਂ, ਤੇ ਮੁਲਤਾਨ ਦੇ ਭੱਠ-ਤਪਦੇ ਇਲਾਕੇ ਦਾ ਚਾਰ ਪੰਜ ਸੌ ਮੀਲਾਂ ਦਾ ਪੈਦਲ ਪੈਂਡਾ।

## (੨) ਦਲੇਰੀ, ਨਿਡਰਤਾ

### *(ੳ) ਸੁਲਤਾਨਪੁਰੇ ਕਾਜ਼ੀ ਨਾਲ ਨਿਮਾਜ਼*

ਵੇਈਂ ਨਦੀ ਤੋਂ ਪਾਰਲੇ ਪਾਸੇ ਦੋ ਦਿਨ ਲੋਪ ਰਹਿ ਕੇ ਗੁਰੂ ਨਾਨਕ ਦੇਵ ਜੀ ਨੇ ਭਾਦਰੋਂ ਸੁਦੀ ੧੫ ਨੂੰ ਸਵੇਰੇ ਹੀ ਸੁਲਤਾਨਪੁਰ ਦੇ ਬਾਹਰ ਕਬਰਿਸਤਾਨ ਵਿਚ ਆ ਡੇਰਾ ਕੀਤਾ। ਪਲਾਂ ਵਿਚ ਹੀ ਘਰ ਘਰ ਖ਼ਬਰ ਖਿੱਲਰ ਗਈ ਕਿ ਉਹਨਾਂ ਦਾ ਪਿਆਰਾ ਮੋਦੀ ਜੀਊਂਦਾ ਹੈ ਤੇ ਨਗਰੋਂ ਬਾਹਰ ਕਬਰਿਸਤਾਨ ਵਿਚ ਆਇਆ ਬੈਠਾ ਹੈ। ਨਵਾਬ ਦੌਲਤ ਖ਼ਾਂ ਤੋਂ ਲੈ ਕੇ ਗ਼ਰੀਬ ਤੋਂ ਗ਼ਰੀਬ ਤਕ ਆ ਢੁਕੇ।

ਨਵਾਬ ਦੌਲਤ ਖ਼ਾਂ ਦੇ ਨਾਲ ਸੁਲਤਾਨਪੁਰ ਦਾ ਵੱਡਾ ਕਾਜ਼ੀ ਭੀ ਗੁਰੂ ਨਾਨਕ ਦੇਵ ਜੀ ਨੂੰ ਵੇਖਣ ਕਬਰਿਸਤਾਨ ਵਿਚ ਆਇਆ ਹੋਇਆ ਸੀ। ਜਦੋਂ ਉਸ ਨੇ ਸਤਿਗੁਰੂ ਜੀ ਤੋਂ ਇਹ ਸੁਣਿਆ ਕਿ ਸਾਰੀ ਹੀ ਖ਼ਲਕਤ ਵਿਚ ਇਕ ਖ਼ਾਲਕ ਵੱਸਦਾ ਹੈ ਤਾਂ ਉਹਨਾਂ ਨੂੰ ਕਹਿਣ ਲੱਗਾ ਕਿ ਅਸੀ ਹੁਣ ਪੇਸ਼ੀ ਦੀ ਨਮਾਜ਼ ਪੜ੍ਹਨ ਜਾ ਰਹੇ ਹਾਂ, ਜੇ ਤੁਹਾਨੂੰ ਹਿੰਦੂ-ਮੁਸਲਿਮ ਸਭਨਾਂ ਵਿਚ ਇੱਕੋ ਰੱਬ ਦਿੱਸਦਾ ਹੈ ਤਾਂ ਆਓ ਸਾਡੇ ਨਾਲ ਰਲ ਕੇ ਨਮਾਜ਼ ਪੜ੍ਹੋ, ਅਸੀ ਉਸੇ ਸਭ-ਵਿਚ-ਵੱਸਦੇ ਰੱਬ ਦੀ ਇਬਾਦਤ ਕਰਨ ਮਸਜਿਦ ਵਿਚ ਜਾ ਰਹੇ ਹਾਂ। ਸਤਿਗੁਰੂ ਜੀ ਨਵਾਬ ਤੇ ਕਾਜ਼ੀ ਦੇ ਨਾਲ ਤੁਰ ਪਏ।

ਮਸਜਿਦ ਵਿਚ ਨਮਾਜ਼ ਪੜ੍ਹਨ ਆਏ ਸਾਰੇ ਮੁਸਲਮਾਨਾਂ ਦੇ ਅੱਗੇ ਖਲੋ



WWW.SIKHBOOKCLUB.COM 

ਕੇ ਕਾਜ਼ੀ ਨੇ ਨਮਾਜ਼ ਪੜ੍ਹਨੀ ਸ਼ੁਰੂ ਕੀਤੀ। ਗੁਰੂ ਨਾਨਕ ਦੇਵ ਜੀ ਭੀ ਉਸ ਦੇ ਪਾਸ ਖੜੇ ਹੋ ਗਏ।

ਜਦੋਂ ਮਾਡ਼ੇ ਨਾਲ ਗੱਲਾਂ ਕਰਦੇ ਕਿਸੇ ਮਨੁੱਖ ਦਾ ਮਨ ਕਿਸੇ ਹੋਰ ਪਾਸੇ ਚਲਾ ਜਾਏ, ਅਸੀ ਉਸ ਦੇ ਚਿਹਰੇ ਤੋਂ ਸਮਝ ਲੈਂਦੇ ਹਾਂ ਕਿ ਇਸ ਦਾ ਧਿਆਨ ਕਿਸੇ ਹੋਰ ਥਾਂ ਤੇ ਹੈ। ਮਨੁੱਖ ਦਾ ਚਿਹਰਾ ਉਸ ਦੇ ਮਨ ਦਾ, ਮਾਨੋ, ਸ਼ੀਸ਼ਾ ਹੈ। ਸਤਿਗੁਰੂ ਜੀ ਨੇ ਨਮਾਜ਼ ਪੜ੍ਹਦੇ ਕਾਜ਼ੀ ਵਲ ਤੱਕਿਆ। ਤੱਕ ਕੇ ਹੱਸ ਪਏ। ਸਾਫ਼ ਦਿੱਸ ਰਿਹਾ ਸੀ ਕਿ ਕਾਜ਼ੀ ਦੀ ਸਿਰਫ ਜੀਭ ਹੀ ਰਵਾਂ-ਰਵੀਂ ਕੁਰਾਨ ਦੀਆਂ ਆਇਤਾਂ ਪੜ੍ਹੀ ਜਾ ਰਹੀ ਹੈ, ਮਨ ਉਥੇ ਹਾਜ਼ਰ ਨਹੀਂ ਹੈ।

ਮੁਸਲਮਾਨੀ ਰਾਜ, ਮੁਸਲਮਾਨਾਂ ਦਾ ਧਰਮ-ਅਸਥਾਨ ਮਸਜਿਦ, ਸੁਲਤਾਨਪੁਰ ਦਾ ਸਭ ਤੋਂ ਵੱਡਾ ਹਾਕਮ ਤੇ ਕਾਜ਼ੀ ਸੈਂਕੜੇ ਮੁਸਲਮਾਨਾਂ ਸਮੇਤ ਨਮਾਜ਼ ਵਿਚ ਸ਼ਾਮਲ—ਕਿਸੇ ਸੂਰਮੇ ਦਾ ਹੀ ਕੰਮ ਸੀ ਕਿ ਨਮਾਜ਼ ਪੜ੍ਹਦੇ ਕਾਜ਼ੀ ਦੇ ਪਾਸ ਖਲੋ ਕੇ, ਉਸ ਦੇ ਮੂੰਹ ਵਲ ਤੱਕ ਕੇ ਉਸ ਦਾ ਹਾਸਾ ਉਡਾਏ। ਨਮਾਜ਼ ਵਰਗਾ ਬੜਾ ਹੀ ਪਾਕ ਕੰਮ ਕਰਦੇ ਸਭ ਤੋਂ ਵੱਡੇ ਕਾਜ਼ੀ ਉਤੇ ਉਸ ਦੇ ਕੋਲ ਖਲੋ ਕੇ ਹੱਸਦੇ ਗ਼ੈਰ-ਮੁਸਲਿਮ ਵਾਸਤੇ ਸ਼ਰਹ ਦੇ ਹੁਕਮ ਨੂੰ ਗੁਰੂ ਨਾਨਕ ਦੇਵ ਜੀ ਚੰਗੀ ਤਰ੍ਹਾਂ ਜਾਣਦੇ ਸਨ। ਉਹਨਾਂ ਦੀ ਉਮਰ ਉਸ ਵੇਲੇ ਸਾਖੇ ਅਠੱਤੀ ਸਾਲਾਂ ਦੀ ਸੀ। ਪਰ ਵੇਈਂ ਨਦੀਓਂ ਪਾਰਲੇ ਪਾਸੇ, ਜਿਸ ਰਸਤੇ ਬਾਰੇ ਦੋ ਦਿਨ ਸੋਚਦੇ ਰਹੇ ਸਨ, ਉਹ ਰਸਤਾ ਲੰਘਦਾ ਹੀ ਇਹੋ ਜਿਹੀਆਂ ਕੰਡਿਆਲੀਆਂ ਝਾੜੀਆਂ ਵਿਚੋਂ ਦੀ ਸੀ। ਦਸਾਂ ਸਾਲਾਂ ਦੀ ਉਮਰੇ ਆਪ ਨੇ ਹਿੰਦੂ-ਭਾਈਚਾਰੇ ਦੇ ਇਕੱਠ ਵਿਚ ਬ੍ਰਾਹਮਣ ਦੇ ਖਿਲਾਰੇ ਭਰਮ-ਜਾਲ ਦੀ ਅਸਲੀਅਤ ਦੱਸੀ ਸੀ। ਅੱਜ ਇਹ ਦੂਜਾ ਮੌਕਾ ਸੀ। ਗੁਰੂ ਨਾਨਕ ਦੇਵ ਜੀ ਦੇ ਹਰੇਕ ਨਾਮ-ਲੇਵਾ ਸਿੱਖ ਵਾਸਤੇ ਸਤਿਗੁਰੂ ਜੀ ਦੀ ਨਿਰਭੈਤਾ ਦਾ ਇਹ ਦੂਜਾ ਚਾਨਣ-ਮੁਨਾਰਾ ਹੈ, ਜਿਸ ਦੀ ਰੌਸ਼ਨੀ ਨਾਲ ਉਸ ਨੇ ਵੇਖਣਾ ਹੈ ਕਿ ਨਿਰਾ ਕਰਮ-ਕਾਂਡ, ਨਿਰੀ ਸ਼ਰਹ, ਜੀਵਨ ਦਾ ਸਹੀ ਰਸਤਾ ਨਹੀਂ ਹੈ।

*(ਅ) ਮਲਕ ਭਾਗੋ ਦਾ ਬ੍ਰਹਮ ਭੋਜ*

ਪਹਿਲੀ 'ਉਦਾਸੀ' ਸਮੇ ਤਲਵੰਡੀ ਤੋਂ ਚੱਲ ਕੇ ਗੁਰੂ ਨਾਨਕ ਦੇਵ ਜੀ ਚੂਹੜਕਾਣੇ ਤੋਂ ਹੁੰਦੇ ਹੋਏ ਸੈਦਪੁਰ (ਐਮਨਾਬਾਦ) ਪਹੁੰਚੇ। ਸ਼ਹਿਰ ਵਿਚ ਘਟਾਉੜਾ ਗੋਤ ਦਾ ਇਕ ਤਰਖਾਣ ਰਹਿੰਦਾ ਸੀ, ਜਿਸ ਦਾ ਨਾਮ ਲਾਲੋ ਸੀ। ਹੈ ਸੀ ਤਾਂ ਬੜਾ ਗ਼ਰੀਬ, ਪਰ ਉਸ ਨੂੰ ਮਹਾਂ ਪੁਰਖਾਂ ਦੀ ਸੇਵਾ ਕਰਨ ਦਾ ਬੜਾ

ਸ਼ੌਕ ਸੀ। ਭਾਈ ਮਰਦਾਨੇ ਅਤੇ ਸਤਿਗੁਰੂ ਜੀ ਦੀ ਪ੍ਰਸ਼ਾਦ ਆਦਿਕ ਦੀ ਸੇਵਾ ਲਾਲੋ ਨੇ ਹੀ ਕੀਤੀ।

ਤਲਵੰਡੀ ਵਿਚ ਰਹਿੰਦਿਆਂ ਕਈ ਸਾਲ ਗੁਰੂ ਨਾਨਕ ਦੇਵ ਜੀ ਨੂੰ ਰਮਤੇ ਸੰਤਾਂ-ਸਾਧਾਂ ਨਾਲ ਵਾਹ ਪੈਂਦਾ ਰਹਿੰਦਾ ਸੀ। ੯ ਸਾਲਾਂ ਦੀ ਉਮਰ ਤੋਂ ਹੀ ਸਤਿਗੁਰੂ ਜੀ ਨੇ ਬ੍ਰਾਹਮਣਾਂ ਦੇ ਕਰਮ-ਕਾਂਡ ਦਾ ਵਿਰੋਧ ਸ਼ੁਰੂ ਕਰ ਦਿੱਤਾ ਸੀ। ਰਮਤੇ ਸਾਧਾਂ ਦੀ ਰਾਹੀਂ ਇਹ ਚਰਚਾ ਦੂਰ ਦੂਰ ਤਕ ਪਹੁੰਚਣ ਲੱਗ ਪਈ ਸੀ। ਸੋ, ਸੈਦਪੁਰ-ਨਿਵਾਸੀ ਗੁਰੂ ਨਾਨਕ ਦੇਵ ਜੀ ਬਾਰੇ ਰਮਤੇ ਸੰਤਾਂ-ਸਾਧਾਂ ਤੋਂ ਬਹੁਤ ਕੁਝ ਸੁਣਦੇ ਰਹਿੰਦੇ ਸਨ। ਉਥੋਂ ਦੇ ਬ੍ਰਾਹਮਣਾਂ ਵਿਚ ਕਾਫ਼ੀ ਈਰਖਾ ਭਰ ਚੁਕੀ ਹੋਈ ਸੀ।

ਸੈਦਪੁਰ ਦੇ ਪਠਾਣ ਹਾਕਮ ਜ਼ਾਲਿਮ ਖ਼ਾਂ ਦਾ ਇਕ ਅਹਿਲਕਾਰ ਰੇਰੜ ਜਾਤ ਦਾ ਖੱਤਰੀ ਸੀ। ਉਸ ਦਾ ਨਾਮ ਸਿੱਖ-ਇਤਿਹਾਸ ਵਿਚ ਮਲਕ ਭਾਗੋ ਪਰਸਿੱਧ ਹੈ। ਮਲਕ ਭਾਗੋ ਬੜਾ ਰਿਸ਼ਵਤ-ਖ਼ੋਰ ਸੀ। ਗ਼ਰੀਬ ਲੋਕ ਉਸ ਤੋਂ ਬਹੁਤ ਔਖੇ ਸਨ। ਜਦੋਂ ਸਤਿਗੁਰੂ ਜੀ ਸੈਦਪੁਰ ਪਹੁੰਚੇ, ਸਰਾਧ ਅਜੇ ਮੁਕੇ ਨਹੀਂ ਸਨ। ਮਲਕ ਨੇ ਆਪਣੇ ਪਿਉ ਦੇ ਸਰਾਧ ਤੇ ਬ੍ਰਹਮ-ਭੋਜ ਕੀਤਾ। ਅਜਿਹੇ ਸਮੇ ਨਗਰੋਂ ਬਾਹਰ ਟਿਕੇ ਰਮਤੇ ਸੰਤਾਂ-ਸਾਧਾਂ ਨੂੰ ਭੀ ਨਿਉਂਦਾ ਦਿੱਤਾ ਜਾਂਦਾ ਹੈ। ਗੁਰੂ ਨਾਨਕ ਦੇਵ ਜੀ ਦੀ ਰੋਟੀ ਭੀ ਵਰਜੀ ਗਈ। ਪਰ ਉਹਨਾਂ ਇਨਕਾਰ ਕਰ ਦਿੱਤਾ। ਬੜੀ ਹੀ ਦਲੇਰੀ ਦੀ ਗੱਲ ਸੀ। ਮਲਕ ਨੇ ਇਸ ਨੂੰ ਸਖ਼ਤ ਨਿਰਾਦਰੀ ਸਮਝਿਆ। ਉਸ ਨੇ ਗੁੱਸੇ ਨਾਲ ਭਖ ਕੇ ਹਕੂਮਤ ਦੇ ਜ਼ੋਰ ਸਤਿਗੁਰੂ ਜੀ ਅਤੇ ਮਰਦਾਨੇ ਨੂੰ ਮੰਗਵਾਇਆ, ਅਤੇ ਪੁੱਛਿਆ ਕਿ ਤੁਸੀ ਮੇਰੇ ਬ੍ਰਹਮ-ਭੋਜ ਵਿਚ ਸ਼ਾਮਲ ਕਿਉਂ ਨਹੀਂ ਹੋਏ, ਖੱਤਰੀ ਹੋ ਕੇ ਇਕ ਕੰਗਾਲ ਸੂਦਰ ਲਾਲੋ ਦੇ ਘਰੋਂ ਰੋਟੀ ਕਿਉਂ ਖਾਂਦੇ ਹੋ ?

ਮਲਕ ਭਾਗੋ ਦੇ ਖ਼ਫ਼ਾ ਹੋਣ ਦੀ ਅਤੇ ਗੁਰੂ ਨਾਨਕ ਦੇਵ ਜੀ ਦੇ ਸੱਦੇ ਜਾਣ ਦੀ ਖ਼ਬਰ ਘੜੀਆਂ-ਪਲਾਂ ਵਿਚ ਹੀ ਸਾਰੇ ਨਗਰ ਵਿਚ ਖਿੱਲਰ ਗਈ। ਨਗਰ ਦੇ ਅਨੇਕਾਂ ਨਰ-ਨਾਰ ਆ ਇਕੱਠੇ ਹੋਏ। ਉਸ ਭਰੇ ਇਕੱਠ ਵਿਚ ਦਲੇਰੀ-ਨਿਰਭੈਤਾ ਨਾਲ ਤੇ ਠਰ੍ਹੰਮੇ ਨਾਲ ਸਤਿਗੁਰੂ ਜੀ ਨੇ ਮਲਕ ਭਾਗੋ ਨੂੰ ਸਮਝਾਇਆ ਕਿ ਗ਼ਰੀਬਾਂ ਉਤੇ ਜ਼ੋਰ-ਜ਼ੁਲਮ ਕਰ ਕੇ ਰਿਸ਼ਵਤ ਆਦਿਕ ਲੈਣੀ, ਗ਼ਰੀਬਾਂ ਦਾ ਲਹੂ ਪੀਣ ਦੇ ਤੁੱਲ ਹੈ। ਇਸ ਲਹੂ ਵਿਚੋਂ ਬ੍ਰਾਹਮਣਾਂ ਤੇ ਸੰਤਾਂ-ਸਾਧਾਂ ਨੂੰ ਦਾਨ-ਪੁੰਨ ਕੀਤਿਆਂ ਇਹ ਰਿਸ਼ਵਤ ਵਾਲੀ ਕਮਾਈ ਹੱਕ ਦੀ ਕਮਾਈ ਨਹੀਂ



WWW.SIKHBOOKCLUB.COM 

ਬਣ ਜਾਂਦੀ, ਅਤੇ ਨਾ ਹੀ ਇਸ ਤਰ੍ਹਾਂ ਦੇ ਬ੍ਰਹਮ-ਭੋਜ ਨੂੰ ਕੋਈ ਧਾਰਮਿਕ ਕੰਮ ਮੰਨਿਆ ਜਾ ਸਕਦਾ ਹੈ। ਸਿਰਜਣਹਾਰ ਦੀਆਂ ਨਜ਼ਰਾਂ ਵਿਚ ਸਾਰੇ ਬੰਦੇ ਇਕੋ ਜਿਹੇ ਹਨ। ਉੱਚੀ ਨੀਵੀਂ ਜਾਤ ਵਾਲੇ ਵਿਤਕਰੇ ਸੁਆਰਥੀਆਂ ਨੇ ਆਪਣੀ ਪੂਜਾ-ਮਾਨਤਾ ਦੀ ਖ਼ਾਤਰ ਪਾਏ ਹਨ। ਭਾਈ ਲਾਲੋ ਦੀ ਕਮਾਈ ਹੱਕ ਦੀ ਕਮਾਈ ਹੈ, ਦਸਾਂ ਨਹੁੰਆਂ ਦੀ ਕਮਾਈ ਹੈ, ਉਹ ਦੁੱਧ ਸਮਾਨ ਹੈ।

ਇਕ ਜਾਬਰ ਰਿਸ਼ਵਤ-ਖ਼ੋਰ ਹਾਕਮ ਨੂੰ ਭਰੇ ਇਕੱਠ ਵਿਚ ਅੱਤਿਆਚਾਰ ਦੇ ਰਸਤੇ ਤੋਂ ਰੋਕਣਾ ਕੋਈ ਸਧਾਰਨ ਜਿਹੀ ਗੱਲ ਨਹੀਂ ਸੀ। ਪਰ ਜੋ ਖ਼ਲਕਤ ਦੀ ਬਾਂਹ, ਦੁਖੀ ਖ਼ਲਕਤ ਦੀ ਬਾਂਹ ਫੜਨ ਲਈ ਘਰੋਂ ਨਿਕਲੇ ਸਨ, ਤਾਂ ਸਾਰਾ ਰਸਤਾ ਇਹੋ ਜਿਹਾ ਕੰਡਿਆਲਾ ਹੀ ਆਉਣਾ ਸੀ।

*(ੲ) ਹਰਿਦੁਆਰ, ਲਹਿੰਦੇ ਵਲ ਪਾਣੀ*

ਸੈਦਪੁਰ ਤੋਂ ਗੁਰੂ ਨਾਨਕ ਦੇਵ ਜੀ ਨੇ ਹਿੰਦੂ-ਤੀਰਥਾਂ ਵਲ ਰੁਖ ਕੀਤਾ। ਸਭ ਤੋਂ ਪਹਿਲਾ ਤੀਰਥ ਹਰਿਦੁਆਰ ਹੀ ਆਉਂਦਾ ਹੈ। ਛੇ ਸਵਾ ਛੇ ਮਹੀਨਿਆਂ ਵਿਚ ਵੈਸਾਖੀ ਸਮੇ ਉਥੇ ਜਾ ਅੱਪੜੇ। ਗੰਗਾ ਦੇ ਕੰਢੇ ਜਾ ਡੇਰਾ ਕੀਤੋ ਨੇ। ਹਜ਼ਾਰਾਂ ਲੱਖਾਂ ਸ਼ਰਧਾਲੂ ਉਥੇ ਇਕੱਠੇ ਹੋਏ ਹੋਏ ਸਨ।

ਵੈਸਾਖੀ ਵਾਲੇ ਦਿਨ ਸਾਰੇ ਯਾਤਰੂਆਂ ਨੇ ਸਵੇਰੇ ਉੱਠ ਕੇ ਗੰਗਾ ਵਿਚ ਇਸ਼ਨਾਨ ਕੀਤਾ, ਤੇ ਸੂਰਜ ਵਲ ਮੂੰਹ ਕਰ ਕੇ ਬੁੱਕਾਂ ਨਾਲ ਪਾਣੀ ਉਛਾਲਣਾ ਸ਼ੁਰੂ ਕੀਤਾ। ਉਹ ਆਪਣੇ ਪਿੱਤਰਾਂ ਨੂੰ ਪਿੱਤਰ-ਲੋਕ ਵਿਚ ਪਾਣੀ ਅਪੜਾ ਰਹੇ ਸਨ। ਸਤਿਗੁਰੂ ਜੀ ਗੰਗਾ ਵਿਚ ਜਾ ਵੜੇ, ਤੇ ਚੜ੍ਹਦੇ ਦੇ ਥਾਂ ਲਹਿੰਦੇ ਵਲ ਪਾਣੀ ਉਛਾਲਣ ਲੱਗ ਪਏ। ਹਜ਼ਾਰਾਂ ਸ਼ਰਧਾਲੂਆਂ ਦੇ ਸਾਹਮਣੇ ਉਹਨਾਂ ਦੀ ਸ਼ਰਧਾ ਦੇ ਉਲਟ ਸ਼ਾਸਤਰਾਂ ਦੀ ਉਲੰਘਣਾ ਕਰਨੀ ਕਿਤਨਾ ਨਿਰਭੈਤਾ ਦਾ ਕੰਮ ਸੀ। ਯਾਤਰੂਆਂ ਨੇ ਹੈਰਾਨੀ ਜਿਹੀ ਵਿਚ ਉਹਨਾਂ ਤੋਂ ਪੁੱਛਿਆ ਕਿ ਇਹ ਕੀ ਕਰਦੇ ਹੋ? ਗੁਰੂ ਨਾਨਕ ਦੇਵ ਜੀ ਨੇ ਉੱਤਰ ਦੇਣ ਦੀ ਥਾਂ ਉਹਨਾਂ ਉਤੇ ਹੀ ਸਵਾਲ ਕੀਤਾ ਕਿ ਤੁਸੀ ਕੀ ਕਰ ਰਹੇ ਹੋ? ਯਾਤਰੂਆਂ ਨੇ ਦੱਸਿਆ ਕਿ ਅਸੀ ਸੂਰਜ ਦੇਵਤੇ ਦੀ ਰਾਹੀਂ ਆਪਣੇ ਪਿੱਤਰਾਂ ਨੂੰ ਜਲ ਅਪੜਾ ਰਹੇ ਹਾਂ, ਜੋ ਇਥੋਂ ਲੱਖਾਂ ਕੋਹਾਂ ਦੀ ਵਿੱਥ ਤੇ ਪਿੱਤਰ-ਲੋਕ ਵਿਚ ਰਹਿੰਦੇ ਹਨ। ਇਹ ਸੁਣ ਕੇ ਸਤਿਗੁਰੂ ਜੀ ਫਿਰ ਦਬਾ-ਦਬ ਲਹਿੰਦੇ ਵਲ ਹੀ ਪਾਣੀ ਸਿੰਜਣ ਲੱਗ ਪਏ। ਜਦੋਂ ਉਹਨਾਂ ਲੋਕਾਂ ਦੀ ਹੈਰਾਨੀ ਬਹੁਤ ਵਧੀ ਤਾਂ ਆਪ ਨੇ ਉੱਤਰ ਦਿੱਤਾ ਕਿ ਅਸੀ ਆਪਣੇ ਪਿੰਡ ਤਲਵੰਡੀ ਦੇ ਖੇਤਾਂ ਵਿਚ ਪਾਣੀ ਅਪੜਾ ਰਹੇ ਹਾਂ।



WWW.SIKHBOOKCLUB.COM 

ਉਹ ਥਾਂ ਇਥੋਂ ਕੇਵਲ ਸਾਢੇ ਤਿੰਨ ਕੁ ਸੌ ਮੀਲਾਂ ਦੀ ਵਿੱਥ ਤੇ ਹੀ ਹੈ। ਲੱਖਾਂ ਮੀਲਾਂ ਤੇ ਪਿੱਤਰ-ਲੋਕ ਵਿਚ ਪਾਣੀ ਅਪੜਾਣ ਵਾਲਾ ਸੂਰਜ-ਦੇਵਤਾ ਸਾਢੇ ਤਿੰਨ ਸੌ ਮੀਲ ਤੇ ਭੀ ਅਪੜਾ ਦੇਵੇਗਾ। ਅਨੇਕਾਂ ਬੰਦਿਆਂ ਨੂੰ ਆਪਣੀ ਉਕਾਈ ਦੀ ਸਮਝ ਆ ਗਈ।

ਗੱਲ ਸਾਦਾ ਜਿਹੀ ਹੀ ਸੀ। ਪਰ ਇਤਨੇ ਭਾਰੇ ਇਕੱਠ ਵਿਚ ਇਹ ਕਦਮ ਚੁੱਕਣਾ ਗੁਰੂ ਨਾਨਕ ਪਾਤਿਸ਼ਾਹ ਵਰਗੇ ਸੂਰਮੇ ਨਿਡਰ ਮਰਦ ਦਾ ਹੀ ਕੰਮ ਸੀ।

*(ਸ) ਕੌਡਾ ਭੀਲ*

ਸਿੱਖ ਕੌਮ ਦਾ ਬੱਚਾ ਬੱਚਾ ਕੌਡੇ ਦਾ ਨਾਮ ਜਾਣਦਾ ਹੈ। ਪਰ ਅਸੀ ਇਸ ਨੂੰ ਰਾਖਸ਼ ਆਖ ਕੇ ਅਨਭੋਲ ਜਿਹੇ ਉਹੋ ਗ਼ਲਤੀ ਕਰ ਰਹੇ ਹਾਂ, ਜੋ ਅੱਜ ਤੋਂ ਸਦੀਆਂ ਪਹਿਲਾਂ ਆਰੀਆ ਲੋਕ ਜਾਣ-ਬੁੱਝ ਕੇ ਕਰ ਰਹੇ ਸਨ। ਸਾਰੀ ਖ਼ਲਕਤ ਵਿਚ ਇਕ ਕਰਤਾਰ ਨੂੰ ਵੇਖਣ ਵਾਲੇ ਅਤੇ ਨੀਵੇਂ ਤੋਂ ਨੀਵਾਂ ਜੀਵਨ ਬਤੀਤ ਕਰਨ ਉਤੇ ਮਜਬੂਰ ਕੀਤੇ ਹੋਏ ਬੰਦਿਆਂ ਨਾਲ ਭੀ ਪਿਆਰ ਕਰਨ ਵਾਲੇ ਗੁਰੂ ਨਾਨਕ ਪਾਤਿਸ਼ਾਹ ਦੇ ਨਾਮ-ਲੇਵਾ ਸਿੱਖਾਂ ਨੂੰ ਇਹ ਨਹੀਂ ਸੋਭਦਾ ਕਿ ਉਹ ਭੀ ਭੀਲਾਂ ਨੂੰ ਰਾਖਸ਼ ਆਖਣ। ਕਿਸ ਦਾ ਜੀਅ ਕਰਦਾ ਹੈ ਭੁੱਖ ਨਾਲ ਮਰਨ ਤੇ? ਭੀਲ ਕਿਰਾਤ ਦ੍ਰਾਵਿੜੀ ਭੀ ਸਾਡੇ ਵਰਗੇ ਮਨੁੱਖ ਹਨ। ਜਦੋਂ ਉਹਨਾਂ ਨੂੰ ਅੰਨ-ਉਪਜਾਊ ਧਰਤੀ ਤੋਂ ਨਿਕਲਣ ਤੇ ਮਜਬੂਰ ਕੀਤਾ ਗਿਆ, ਤੇ ਇਸ ਤਰ੍ਹਾਂ ਭੁੱਖ ਤੇ ਮੌਤ ਦਾ ਟਾਕਰਾ ਕਰਨਾ ਪਿਆ, ਤਾਂ ਇਸ ਤੋਂ ਛੁੱਟ ਹੋਰ ਕੀ ਕਰਦੇ ਕਿ ਜਦੋਂ ਕਦੇ ਆਰੀਆ ਲੋਕਾਂ ਵਿਚੋਂ ਕੋਈ ਬੰਦਾ ਉਹਨਾਂ ਦੇ ਢਹੇ ਚੜ੍ਹ ਜਾਏ, ਤਾਂ ਉਸ ਦੇ ਮਾਸ ਨਾਲ ਹੀ ਆਪਣੇ ਭੁੱਖੇ ਢਿੱਡ ਨੂੰ ਝੁਲਕਾ ਦੇ ਲੈਣ?

ਪਰ ਵੇਖੋ ਦਲੇਰੀ ਤੇ ਮਨੁੱਖੀ ਪਿਆਰ ਗੁਰੂ ਨਾਨਕ ਪਾਤਿਸ਼ਾਹ ਦਾ! ਇਹ ਦੋ ਪਿਆਰ-ਭਰੇ ਦਿਲ ਵਾਲੇ ਜੀਊੜੇ ਮਾਣਸ-ਖਾਣੇ ਬੰਦਿਆਂ ਨਾਲ ਪਿਆਰ ਕਰਨ ਲਈ, ਉਹਨਾਂ ਦੇ ਸੈਂਕੜੇ ਮੀਲਾਂ ਦੇ ਜੰਗਲੀ ਪਹਾੜੀ ਬੰਜਰ ਦੇਸ ਵਿਚੋਂ ਦੀ ਲੰਘਦੇ ਹਨ।

ਸਿੱਖ-ਇਤਿਹਾਸ ਲਿਖਦਾ ਹੈ ਕਿ ਜਦੋਂ ਗੁਰੂ ਨਾਨਕ ਦੇਵ ਜੀ ਭੀਲਾਂ ਦੇ ਇਲਾਕੇ ਵਿਚ ਲੰਘਦੇ ਹੋਏ ਕਿਤੇ ਉਜਾੜ ਜਿਹੀ ਵਿਚ ਪਹੁੰਚੇ, ਮਰਦਾਨਾ ਕਿਸੇ ਕਾਰਨ ਸਤਿਗੁਰੂ ਜੀ ਤੋਂ ਰਤਾ ਲਾਂਭੇ ਦੁਰੇਡਾ ਚਲਾ ਗਿਆ, ਤਾਂ ਕੌਡੇ ਨੇ ਉਸ ਨੂੰ ਫੜ ਲਿਆ। ਮਰਦਾਨੇ ਦੇ ਕੁਝ ਚਿਰ ਨਾ ਪਹੁੰਚਣ ਤੇ ਗੁਰੂ ਨਾਨਕ



WWW.SIKHBOOKCLUB.COM 

ਦੇਵ ਜੀ ਨੇ ਉਸ ਦੀ ਭਾਲ ਕੀਤੀ। ਉਹ ਉਸ ਇਲਾਕੇ ਦੇ ਸਾਰੇ ਖ਼ਤਰਿਆਂ ਨੂੰ ਜਾਣਦੇ ਸਨ। ਭਾਲ ਕਰਦਿਆਂ ਸਤਿਗੁਰੂ ਜੀ ਨੇ ਮਰਦਾਨੇ ਨੂੰ ਕੌਡੇ ਦੇ ਕਬਜ਼ੇ ਵਿਚ ਜਾ ਲੱਭਾ। ਕੌਡਾ ਮਨੁੱਖਤਾ ਦੀ ਅੱਤ ਨੀਵੀਂ ਪੱਧਰ ਤੇ ਅੱਪੜ ਚੁੱਕਾ ਹੋਇਆ ਸੀ, 'ਸਾਊ' ਸਮਾਜ ਦਾ ਜੋ ਕੋਈ ਭੁੱਲਿਆ-ਭਟਕਿਆ ਬੰਦਾ ਉਸ ਦੇ ਤ੍ਰੇਟੇ ਚੜ੍ਹਦਾ ਸੀ ਤਾਂ ਉਸ ਨੂੰ ਮਾਰ ਕੇ ਖਾਣੋਂ ਭੀ ਫ਼ਰਕ ਨਹੀਂ ਸੀ ਕਰਦਾ। ਪਰ ਗੁਰੂ ਨਾਨਕ ਦੇਵ ਜੀ ਦੇ ਚਿਹਰੇ ਦਾ ਜਲਾਲ ਤੱਕ ਕੇ ਉਸ ਦੇ ਦਿਲ ਦੀ ਕਠੋਰਤਾ ਦੂਰ ਹੋ ਗਈ। ਸਤਿਗੁਰੂ ਜੀ ਨੇ ਉਸ ਨੂੰ 'ਸਾਊ' ਸਮਾਜ ਦੇ ਅੱਨਿਆਇ-ਭਰੇ ਮਲੂਕ ਦਾ ਮਰਦਾਂ ਵਾਂਗ ਟਾਕਰਾ ਕਰਨ ਦੇ ਰਾਹੇ ਪਾਇਆ, ਤੇ ਆਦਮ-ਖ਼ੋਰੀ ਦੇ ਘੋਰ ਕੁਕਰਮ ਵਲੋਂ ਹਟਾਇਆ।

ਪਾਠਕ ਸੱਜਣ! ਕੌਡੇ ਭੀਲ ਦੀ ਸਾਖੀ ਸਿੱਖ-ਇਤਿਹਾਸ ਵਿਚ ਇਕ ਅਦੁੱਤੀ ਚਾਨਣ-ਮੁਨਾਰਾ ਹੈ। ਜੰਗਲੀ ਪਹਾੜੀ ਖ਼ਤਰੇ-ਭਰਿਆ ਇਲਾਕਾ, ਆਪਣੇ ਵਤਨ ਤੋਂ ਹਜ਼ਾਰਾਂ ਮੀਲਾਂ ਦੀ ਵਿੱਥ; ਓਪਰੇ ਲੋਕ, ਨਾ ਕਿਸੇ ਨਾਲ ਜਾਣ ਨਾ ਪਛਾਣ; ਆਦਮ-ਖ਼ੋਰ ਡਾਕੂਆਂ ਤੋਂ ਹਰ ਵੇਲੇ ਜਿੰਦ ਉਤੇ ਵਾਰ ਹੋਣ ਦੀ ਸੰਭਾਵਨਾ; ਸਾਥੀ ਦਾ ਉਹਨਾਂ ਦੇ ਕਾਬੂ ਆ ਜਾਣਾ; ਜਿਨ੍ਹਾਂ ਅਜਿਹੇ ਘੋਰ ਨਿਰਦਈ ਡਾਕੂਆਂ ਨੂੰ ਫੜਨ ਲਈ ਦੇਸਾਂ ਦੀਆਂ ਸਰਕਾਰਾਂ, ਪੁਲਸ ਤੇ ਫ਼ੌਜ ਦੇ ਜਥੇ ਭੇਜ ਕੇ ਭੀ ਸਫਲਤਾ ਦੀ ਆਸ ਨਾ ਰੱਖਣ ਉਹਨਾਂ ਦੇ ਕਬਜ਼ੇ ਵਿਚੋਂ ਮਰਦਾਨੇ ਨੂੰ ਲੱਭਣ ਲਈ ਸੂਰਮੇ ਮਰਦ ਗੁਰੂ ਨਾਨਕ ਪਾਤਿਸ਼ਾਹ ਦਾ ਇਕੱਲੇ ਹੀ ਬੇ-ਹਥਿਆਰ ਉਹਨਾਂ ਦੇ ਖ਼ਤਰਨਾਕ ਗੜ੍ਹ ਵਲ ਤੁਰ ਪੈਣਾ—ਇਹ ਇਕ ਐਸੀ ਬੇ-ਮਿਸਾਲ ਨਿਰਭੈਤਾ ਤੇ ਸੂਰਮਤਾ ਹੈ ਜਿਸ ਦਾ ਗੁਰੂ ਨਾਨਕ ਪਾਤਿਸ਼ਾਹ ਦੇ ਹਰੇਕ ਨਾਮ-ਲੇਵਾ ਸਿੱਖ ਨੂੰ ਸਦਾ ਫ਼ਖ਼ਰ ਰਹਿਣਾ ਚਾਹੀਦਾ ਹੈ। ਉਹ ਕਿਹੜਾ ਹਥਿਆਰ ਸੀ ਜਿਸ ਦਾ ਸਦਕਾ ਸਤਿਗੁਰੂ ਜੀ ਇਕ ਅੱਤ ਭਿਆਨਕ ਖ਼ਤਰੇ ਦਾ ਟਾਕਰਾ ਕਰਨ ਤੁਰ ਪਏ ਸਨ? ਵੈਰ ਨੂੰ ਵੈਰ ਨਹੀਂ ਕੱਟ ਸਕਦਾ। ਨਿਰਦਇਤਾ ਨੂੰ ਨਿਰਦਇਤਾ ਨਹੀਂ ਜਿੱਤ ਸਕਦੀ। ਗੁਰੂ ਨਾਨਕ ਪਾਤਿਸ਼ਾਹ ਪਾਸ ਸਰਬ-ਵਿਆਪੀ ਖ਼ਾਲਕ ਦੀ ਯਾਦ ਅਤੇ ਉਸ ਦੀ ਖ਼ਲਕਤ ਨਾਲ ਪਿਆਰ ਹਮਦਰਦੀ ਦੀ ਢਾਲ ਸੀ।

*(ਹ) ਕਾਅਬੇ ਵਲ ਪੈਰ*

ਸੰਨ ੧੫੧੯ ਵਿਚ ਗੁਰੂ ਨਾਨਕ ਦੇਵ ਜੀ ਤੀਜੀ 'ਉਦਾਸੀ' ਤੇ ਮੱਕੇ ਗਏ ਸਨ। ਉਸ ਸਾਲ ਰੋਜ਼ਿਆਂ ਵਾਲੀ ਈਦ ੧੦ ਅਕਤੂਬਰ ਨੂੰ ਸੀ ਤੇ ਹੱਜ



WWW.SIKHBOOKCLUB.COM 

ਵਾਲੀ ਈਦ ੨੦ ਦਸੰਬਰ ਨੂੰ ਸੀ। ਹੱਜ ਤੇ ਜਾਣ ਵਾਲੇ ਲੋਕ ਰੋਜ਼ਿਆਂ ਤੋਂ ਪਿਛੋਂ ਈਦ ਮਨਾ ਕੇ ਮੱਕੇ ਨੂੰ ਚੱਲ ਪੈਂਦੇ ਸਨ। ਗੁਰੂ ਨਾਨਕ ਦੇਵ ਜੀ ਭੀ ਸੱਜਣ ਠੱਗ ਨੂੰ ਤੁਲੰਭੇ ਮਿਲ ਕੇ ਅਗਾਂਹ ਹਾਜੀਆਂ ਦੇ ਇਕ ਕਾਫ਼ਲੇ ਨਾਲ ਰਲ ਪਏ। ਹਿਜਰੀ ਸਾਲ ਦੇ ਅਖ਼ੀਰਲੇ ਮਹੀਨੇ ਜ਼ੁਲ-ਹਿਜਹ ਦੀ ੧੦ ਤਰੀਕ ਨੂੰ ਹੱਜ ਦਾ ਦਿਹਾੜਾ ਹੁੰਦਾ ਹੈ। ਹਾਜੀ ਵਾਸਤੇ ਇਹ ਜ਼ਰੂਰੀ ਹੁੰਦਾ ਹੈ ਕਿ ਉਹ ਜ਼ੁਲ-ਹਿਜਹ ਦੀ ਪਹਿਲੀ ਤਰੀਕ ਨੂੰ ਮੱਕੇ ਪਹੁੰਚ ਜਾਏ। ਹੱਜ ਦੀ ਮਰਯਾਦਾ ਅਨੁਸਾਰ ਹਾਜੀ ਨੇ ਇਸ ਮਹੀਨੇ ਦੀਆਂ ਪਹਿਲੀਆਂ ੯ ਰਾਤਾਂ 'ਮੁਕਾਮ ਮਿਨਾ' ਤੇ ਗੁਜ਼ਾਰਨੀਆਂ ਹੁੰਦੀਆਂ ਹਨ।

ਉਥੇ ਸਭ ਹਾਜੀਆਂ ਦਾ ਇਕੱਠ ਹੋਇਆ ਹੋਇਆ ਸੀ। ਹਾਜੀਆਂ ਦੀ ਸਰਧਾ ਅਖ਼ੀਰਲੀ ਚੋਟੀ ਤੇ ਪਹੁੰਚ ਚੁਕੀ ਸੀ, ਕਿਉਂਕਿ ਅਗਲਾ ਦਿਨ ਜ਼ੁਲ-ਹਿਜਹ ਦੀ ਦਸਵੀਂ ਤਰੀਕ ਹੱਜ ਦਾ ਆਖ਼ਰੀ ਦਿਹਾੜਾ ਸੀ। ਹਰੇਕ ਹਾਜੀ ਨੇ ਅਗਲੇ ਦਿਨ ਖ਼ੁਦਾ ਦੇ ਨਾਮ ਤੇ ਕੁਰਬਾਨੀ ਦੇ ਕੇ ਖ਼ੁਦਾ ਦੇ ਘਰ ਕਾਬੇ ਅੱਗੇ ਸਿਜਦਾ ਕਰਨਾ ਸੀ।

ਪਰ ਵੇਖੋ ਸ਼ੇਰ-ਮਰਦ ਗੁਰੂ ਨਾਨਕ ਦੇਵ ਜੀ ਦੀ ਮਰਦਾਨਗੀ। ਹਾਜੀ, ਸਿਰਫ਼ ਜਿਸ ਥਾਂ ਨੂੰ ਖ਼ੁਦਾ ਦਾ ਘਰ ਮੰਨੀ ਬੈਠਾ ਸੀ, ਗੁਰੂ ਨਾਨਕ ਦੇਵ ਜੀ ਹੱਜ ਦੀ ਉਸ ਆਖ਼ਰੀ ਰਾਤ ਨੂੰ ਉਸ ਗ਼ਲਤ ਮਿਥੇ ਹੋਏ ਖ਼ੁਦਾ ਦੇ ਘਰ ਵਲ ਪੈਰ ਕਰ ਕੇ ਲੇਟ ਗਏ। ਸਵੇਰ-ਸਾਰ ਹਿੰਦੁਸਤਾਨੀ ਕਾਫ਼ਲੇ ਦੇ ਇਕ ਹਾਜੀ ਜੀਉਣ ਨੇ ਕੌਤਕ ਵੇਖਿਆ। ਕ੍ਰੋਧ ਨਾਲ ਉਹ ਆਪੇ ਤੋਂ ਬਾਹਰ ਹੋ ਗਿਆ। ਹੋਣਾ ਹੀ ਸੀ। ਗੁੱਸੇ ਵਿਚ ਆ ਕੇ ਉਸ ਨੇ ਗੁਰੂ ਨਾਨਕ ਦੇਵ ਜੀ ਨੂੰ ਲੱਤ ਕੱਢ ਮਾਰੀ, ਤੇ ਆਖਿਆ ਕਿ ਇਹ ਕਿਹੜਾ ਕਾਫ਼ਰ ਖ਼ੁਦਾ ਦੇ ਘਰ ਵਲ ਪੈਰ ਪਸਾਰ ਕੇ ਪਿਆ ਹੈ। ਰੌਲਾ ਮੱਚ ਗਿਆ। ਸਭ ਹਾਜੀ ਆ ਇਕੱਠੇ ਹੋਏ। ਗੁਰੂ ਨਾਨਕ ਦੇਵ ਜੀ ਉਸੇ ਤਰ੍ਹਾਂ ਲੇਟੇ ਰਹੇ। ਧੀਰਜ ਨਾਲ, ਠਰ੍ਹੰਮੇ ਨਾਲ ਹਾਜੀ ਨੂੰ ਆਖਿਓ ਨੇ ਕਿ ਭਾਈ! ਤੂੰ ਮੇਰੇ ਪੈਰ ਉਸ ਪਾਸੇ ਕਰ ਦੇ ਜਿਧਰ ਖ਼ੁਦਾ ਦਾ ਘਰ ਨਹੀਂ ਹੈ।

ਹਰਿਦੁਆਰ ਭੀ ਪਹਿਲੀ 'ਉਦਾਸੀ' ਸਮੇ ਇਹੋ ਜਿਹੀ ਖੇਡ ਹੀ ਵਰਤੀ ਸੀ। ਪਰ ਇਹ ਨਿਰਭੈਤਾ ਤਾਂ ਕਮਾਲ ਤੇ ਜਾ ਅੱਪੜੀ। ਕ੍ਰੋਧ-ਵੱਸ ਹੋਏ ਹਾਜੀ ਨੇ ਪਹਿਲਾਂ ਗੁਰੂ ਨਾਨਕ ਦੇਵ ਜੀ ਨੂੰ ਘਸੀਟਿਆ ਤਾਂ ਸਹੀ, ਪਰ ਫਿਰ ਬੌਂਦਲ ਜਿਹਾ ਗਿਆ। ਹੋਰ ਹਾਜੀ ਭੀ ਹੈਰਾਨ। ਕਿਧਰ ਨਹੀਂ ਖ਼ੁਦਾ ਦਾ ਘਰ ? ਕਿਧਰ



WWW.SIKHBOOKCLUB.COM 

ਨਹੀਂ ਖ਼ੁਦਾ ਦਾ ਘਰ ? ਪਲਾਂ ਵਿਚ ਹੀ ਇਹ ਖ਼ਬਰ ਸਾਰੇ ਮੱਕੇ ਵਿਚ ਖਿੱਲਰ ਗਈ। ਸਾਰੇ ਮੁਸਲਮਾਨੀ ਦੇਸ਼ਾਂ ਤੋਂ ਆਏ ਹਾਜੀਆਂ ਨੇ ਭੀ ਸੁਣੀ। ਹਰ ਕਿਸੇ ਦੀ ਜੀਭ ਉਤੇ ਇਹੀ ਸਵਾਲ—ਕਿਧਰ ਨਹੀਂ ਖ਼ੁਦਾ ਦਾ ਘਰ ? ਪਿਆਰ ਦੇ ਜਜ਼ਬੇ ਵਿਚ ਅਸਲੀਅਤ ਭੁਲਾ ਕੇ ਪਿਆਰ ਵਿਚ ਅਗਾਂਹ ਵਧੇ ਹੋਏ ਸਾਰੇ ਮੱਕਾ-ਨਿਵਾਸੀਆਂ ਦੀ ਜਾਗ ਖੁਲ੍ਹ ਗਈ—ਖ਼ੁਦਾ ਦਾ ਘਰ ਤਾਂ ਹਰ ਪਾਸੇ ਹੈ, ਖ਼ੁਦਾ ਦਾ ਘਰ ਤਾਂ ਹਰ ਪਾਸੇ ਹੈ।

ਭਾਈ ਗੁਰਦਾਸ ਜੀ ਨੇ ਆਪਣੀਆਂ ਲਿਖੀਆਂ 'ਵਾਰਾਂ' ਦੀ ਪਹਿਲੀ 'ਵਾਰ' ਵਿਚ ਇਉਂ ਲਿਖਿਆ ਹੈ :

**ਬਾਬਾ ਫਿਰਿ ਮੱਕੇ ਗਇਆ, ਨੀਲ ਬਸਤ੍ਰ ਧਾਰੇ ਬਨਵਾਰੀ॥**
**ਆਸਾ ਹੱਥਿ, ਕਿਤਾਬ ਕੱਛਿ, ਕੂਜ਼ਾ, ਬਾਂਗ-ਮੁਸੱਲਾ ਧਾਰੀ॥**
**ਬੈਠਾ ਜਾਇ ਮਸੀਤਿ ਵਿਚਿ, ਜਿੱਥੈ ਹਾਜੀ ਹੱਜ ਗੁਜ਼ਾਰੀ॥**
**ਜਾਂ ਬਾਬਾ ਸੁੱਤਾ ਰਾਤਿ ਨੋ, ਵਲ ਮਹਿਰਾਬੇ ਪਾਇ ਪਸਾਰੀ॥**
**ਜੀਵਣਿ ਮਾਰੀ ਲੱਤ ਦੀ, ਕਿਹੜਾ ਸੁੱਤਾ ਕੁਫ਼ਰ ਕੁਫ਼ਾਰੀ॥**
**ਲੱਤਾਂ ਵਲ ਖ਼ੁਦਾਇ ਦੇ, ਕਿਉਂਕਰਿ ਪਇਆ ਹੋਇ ਬਜ਼ਗਾਰੀ॥**
**ਟੰਗਹੁ ਪਕੜਿ ਘਸੀਟਿਆ, ਫਿਰਿਆ ਮੱਕਾ ਕਲਾ ਦਿਖਾਰੀ॥**
**ਹੋਇ ਹੈਰਾਨ ਕਰਨਿ ਜੁਹਾਰੀ॥੩੨॥੧॥**

ਨਿਡਰ ਨਿਰਭੈ ਗੁਰੂ ਨਾਨਕ ਪਾਤਿਸ਼ਾਹ ਦੀ ਇਹ ਸੱਚੀ ਗੱਲ ਸੁਣ ਕੇ ਕਿਸੇ ਨੂੰ ਹਿੰਮਤ ਨਾ ਪਈ ਕਿ ਸਤਿਗੁਰੂ ਜੀ ਨੂੰ ਕੋਈ ਕੈਰੀ ਅੱਖ ਨਾਲ ਵੇਖੇ।

*(ਕ) ਬਗ਼ਦਾਦ ਵਿਚ ਕੀਰਤਨ*

ਸ਼ਹਿਰ ਬਗ਼ਦਾਦ ਨੌਸ਼ੀਰਵਾਂ ਬਾਦਸ਼ਾਹ ਨੇ ਵਸਾਇਆ ਸੀ। ਬਗ਼ਦਾਦ ਵਿਚ ਇਕ ਬੜਾ ਪਰਸਿੱਧ ਪੀਰ ਅਬਦੁਲ ਕਾਦਿਰ ਹੋਇਆ ਹੈ। ਉਸ ਦਾ ਜਨਮ ਈਰਾਨ ਦੇਸ ਦੇ ਨਗਰ ਜੀਲਾਨ ਵਿਚ ਸੰਨ ੧੦੭੮ ਈਸਵੀ ਵਿਚ ਹੋਇਆ ਸੀ। ੨੨ ਫ਼ਰਵਰੀ ਸੰਨ ੧੧੬੬ ਵਿਚ ਉਸ ਪੀਰ ਦਾ ਦੇਹਾਂਤ ਬਗ਼ਦਾਦ ਵਿਚ ਹੋਇਆ। ਬਗ਼ਦਾਦ ਵਿਚ ਉਸ ਦਾ ਮਕਬਰਾ ਬਣਿਆ ਹੋਇਆ ਹੈ। ਪੀਰ ਅਬਦੁਲ ਕਾਦਿਰ ਦਾ ਪਰਸਿੱਧ ਨਾਮ 'ਦਸਤਗੀਰ' ਹੈ।

ਰਾਗ ਵਿਚ ਇਹ ਕੁਦਰਤੀ ਤਾਸੀਰ ਹੈ ਕਿ ਇਹ ਸੁਣਨ ਵਾਲੇ ਦੇ ਮਨ ਨੂੰ ਮਸਤ ਕਰ ਕੇ, ਹੋਰ ਹੋਰ ਦੌੜ-ਭੱਜ ਵਲੋਂ ਹਟਾ ਕੇ, ਇਕ ਟਿਕਾਣੇ ਤੇ ਲਿਆ



WWW.SIKHBOOKCLUB.COM 

ਟਿਕਾਂਦਾ ਹੈ। ਫਿਰ ਜੇ ਰਾਗ ਵਿਚ ਪਰਮਾਤਮਾ ਦੀ ਸਿਫ਼ਤ-ਸਲਾਹ ਦੀ ਬਾਣੀ ਰਲਾ ਕੇ ਗਾਈ ਜਾਏ, ਤਾਂ ਸੁਣਨ ਵਾਲੇ ਦਾ ਮਨ ਰੱਬੀ ਲੋਰ ਵਿਚ ਆ ਜਾਂਦਾ ਹੈ, ਪਰ ਜੇ ਰਾਗ ਦੀ ਬਰਕਤ ਨਾਲ ਟਿਕੇ ਮਨ ਨੂੰ ਮਨੁੱਖ ਗਾ ਗਾ ਕੇ ਗੰਦੇ ਗੀਤ ਸੁਣਾਣ ਲੱਗ ਪਏ, ਤਾਂ ਵਿਕਾਰਾਂ ਦਾ ਗੰਦ ਸੁਣਨ ਵਾਲੇ ਦੇ ਧੁਰ ਅੰਦਰ ਥਾਂ ਬਣਾ ਲੈਂਦਾ ਹੈ।

ਰਾਗ ਦੀ ਇਸ ਉੱਚੀ ਤਾਸੀਰ ਤੋਂ ਟਪਲਾ ਖਾ ਕੇ, ਗੰਦੇ ਗੀਤਾਂ ਉਤੇ ਦੋਸ਼ ਲਾਣ ਦੇ ਥਾਂ, ਕਈ ਮੁਸਲਮਾਨ ਮਜ਼ਹਬੀ ਆਗੂਆਂ ਨੇ ਰਾਗ ਨੂੰ ਹੀ ਦੋਸ਼ੀ ਮਨ ਲਿਆ। ਮੁਸਲਮਾਨਾਂ ਵਿਚ ਇਹ ਆਮ ਖ਼ਿਆਲ ਬਣ ਗਿਆ ਹੈ ਕਿ ਸ਼ਰਹ ਅਨੁਸਾਰ 'ਰਾਗ' ਹਰਾਮ ਹੈ, ਬਗ਼ਦਾਦ-ਨਿਵਾਸੀ ਪੀਰ ਦਸਤਗੀਰ ਅਤੇ ਬਹਿਲੋਲ ਆਦਿਕ ਹੋਰ ਵਲੀ ਭੀ ਇਹ ਮੰਨ ਬੈਠੇ ਸਨ ਕਿ 'ਰਾਗ' ਹਰਾਮ ਹੈ, ਇਸ ਨੂੰ ਸੁਣਿਆਂ ਮਨ ਉਤੇ ਸ਼ੈਤਾਨ ਆ ਸਵਾਰ ਹੁੰਦਾ ਹੈ।

ਆਤਮਕ ਜੀਵਨ ਦੇ ਰਸਤੇ ਵਿਚ ਇਹ ਇਕ ਭਾਰਾ ਠੇਡਾ ਸੀ, ਜੋ ਉਹਨਾਂ ਲੋਕਾਂ ਨੂੰ ਲੱਗ ਰਿਹਾ ਸੀ।

ਗੁਰੂ ਨਾਨਕ ਦੇਵ ਜੀ ਨੇ ਜਿਵੇਂ ਮੱਕੇ ਜਾ ਕੇ 'ਕਾਬੇ' ਵਲ ਪੈਰ ਪਸਾਰ ਕੇ ਭੁਲੇਖੇ ਵਿਚ ਪਏ ਲੋਕਾਂ ਨੂੰ ਇਹ ਸਮਝਾਇਆ ਸੀ ਕਿ ਖ਼ੁਦਾ ਦਾ ਘਰ ਸਿਰਫ਼ 'ਕਾਬਾ' ਨਹੀਂ ਹੈ, ਖ਼ੁਦਾ ਹਰ ਥਾਂ ਹਾਜ਼ਰ-ਨਾਜ਼ਰ ਹੈ, ਤਿਵੇਂ ਹੀ ਇਸਲਾਮ ਦੇ ਗੜ੍ਹ ਬਗ਼ਦਾਦ ਵਿਚ ਪਹੁੰਚ ਕੇ 'ਰਾਗ' ਨੂੰ ਹਰਾਮ ਸਮਝਣ ਵਾਲੇ ਲੋਕਾਂ ਨੂੰ 'ਰਾਗ' ਦੀ ਰਾਹੀਂ ਖ਼ੁਦਾ ਦੀ ਸਿਫ਼ਤ-ਸਲਾਹ ਸੁਣਾ ਕੇ ਅਮਲੀ ਤੌਰ ਤੇ ਉਸ ਦੀ ਤਾਸੀਰ ਵਿਖਾ ਦਿੱਤੀ। ਜਿਸ ਜਿਸ ਮਨੁੱਖ ਦੀ ਕੰਨੀਂ ਉਹ 'ਕੀਰਤਨ' ਪਿਆ ਉਹ ਉਹ ਸੁੰਨ-ਮੁੰਨ ਹੁੰਦਾ ਗਿਆ, ਉਸ ਉਸ ਦੀ ਸੁਰਤਿ ਨਿਰਭੈ ਰੱਬੀ ਹਜ਼ੂਰੀ ਵਿਚ ਟਿਕਦੀ ਗਈ। ਕਿਸੇ ਨੂੰ ਇਹ ਲੋੜ ਨਾ ਰਹੀ, ਕਿਸੇ ਨੂੰ ਇਹ ਹਿੰਮਤ ਨਾ ਪਈ ਕਿ ਨਿਡਰ ਨਿਰਭੈ ਗੁਰੂ ਨਾਨਕ ਉਤੇ ਕੋਈ ਮਾਰੂ ਵਾਰ ਕਰ ਸਕੇ। ਪੀਰ ਦਸਤਗੀਰ, ਵਲੀ ਬਹਿਲੋਲ ਅਤੇ ਹੋਰ ਦਰਵੇਸ਼ ਭੀ ਆ ਪਹੁੰਚੇ। ਸਭ ਨੇ ਰੱਬੀ ਸਿਫ਼ਤ-ਸਲਾਹ 'ਰਾਗ' ਵਿਚ ਸੁਣੀ। ਉਹਨਾਂ ਨੂੰ ਯਕੀਨ ਆ ਗਿਆ ਕਿ 'ਰਾਗ' ਹਰਾਮ ਨਹੀਂ ਹੈ। ਇਸ ਤੋਂ ਸੰਕੋਚ ਨਹੀਂ ਕਰਨਾ। ਸੰਕੋਚ ਕਰਨਾ ਹੈ ਗੰਦੇ ਗੀਤਾਂ ਤੋਂ, ਜੋ 'ਰਾਗ' ਵਿਚ ਰਲ ਕੇ ਸੁਣਨ ਵਾਲੇ ਮਨੁੱਖ ਵਾਸਤੇ ਆਤਮਕ ਮੌਤ ਦਾ ਕਾਰਨ ਬਣਦੇ ਹਨ।

ਵੇਖੋ ਨਿਰਭੈਤਾ ਗੁਰੂ ਨਾਨਕ ਪਾਤਿਸ਼ਾਹ ਦੀ! ਆਪਣੇ ਵਤਨ ਤੋਂ ਦੂਰ

ਹਜ਼ਾਰਾਂ ਮੀਲਾਂ ਤੇ ਬੈਠੇ ਹੋਏ ਹਨ। ਸਿਰਫ਼ ਦੋ ਜਿੰਦਾਂ। ਨਿਡਰਤਾ ਤੇ ਪਿਆਰ ਨਾਲ ਸਮਝਾਈ ਹੋਈ ਸੱਚਾਈ ਦੇ ਅੱਗੇ ਪੀਰ ਦਸਤਗੀਰ ਬਹਿਲੋਲ ਆਦਿਕ ਵਲੀਆਂ ਤੇ ਬਗਦਾਦ-ਨਿਵਾਸੀ ਮੁਸਲਮਾਨਾਂ ਦਾ ਸਿਰ ਝੁਕ ਗਿਆ। ਸਤਿਗੁਰੂ ਜੀ ਦੇ ਉਹ ਸ਼ਰਧਾਲੂ ਬਣ ਗਏ। ਸਤਿਗੁਰੂ ਜੀ ਦੇ ਓਥੇ ਆਗਮਨ ਦੀ ਯਾਦ ਵਿਚ ਇਕ 'ਕੁਤਬਾ' ਤੁਰਕੀ ਬੋਲੀ ਵਿਚ ਲਾਇਆ ਗਿਆ, ਜੋ ਹੁਣ ਤਕ ਰੇਲਵੇ ਸਟੇਸ਼ਨ ਬਗਦਾਦ ਤੋਂ ਚੜ੍ਹਦੇ ਪਾਸੇ ਡੇਢ ਮੀਲ ਤੇ ਕਾਇਮ ਹੈ।

## (੩) ਗ਼ਰੀਬਾਂ ਦੁਖੀਆਂ ਦੇ ਦਰਦ ਦਾ ਅਹਿਸਾਸ

*(ੳ) ਮਹੀਆਂ ਚਾਰਨੀਆਂ*

ਰਾਇ ਬੁਲਾਰ ਦਸਾਂ ਪਿੰਡਾਂ ਦਾ ਮਾਲਕ ਸੀ। ਉਸ ਦੇ ਪਿਉ ਰਾਇ ਭੋਇ ਨੂੰ ਮੁਸਲਮਾਨ ਹੋ ਜਾਣ ਤੇ, ਹਕੂਮਤ ਵਲੋਂ ਇਹ ਜਗੀਰ ਮਿਲੀ ਸੀ। ਬਾਬਾ ਕਾਲੂ ਜੀ ਇਹਨਾਂ ਦਸਾਂ ਪਿੰਡਾਂ ਦੇ ਪਟਵਾਰੀ ਸਨ। ਰਾਇ ਬੁਲਾਰ ਨੇ ਕੁਝ ਜ਼ਮੀਨ ਦੀ ਮਾਲਕੀ ਭੀ ਇਹਨਾਂ ਨੂੰ ਦੇ ਦਿੱਤੀ ਸੀ। ਵਾਹੀ ਦਾ ਕੰਮ ਬਾਬਾ ਜੀ ਮੁਜ਼ਾਰਿਆਂ ਪਾਸੋਂ ਕਰਾਂਦੇ ਸਨ, ਪਰ ਕਿਉਂਕਿ ਸਰਕਾਰੀ ਕੰਮ ਵਿਚ ਇਹਨਾਂ ਨੂੰ ਸਦਾ ਬਾਹਰ ਦੀਆਂ ਜ਼ਮੀਨਾਂ ਨਾਲ ਹੀ ਵਾਹ ਪੈਂਦਾ ਸੀ, ਸੋ ਆਪਣੀ ਜ਼ਮੀਨ ਦੀ ਨਿਗਰਾਨੀ ਭੀ ਆਪ ਹੀ ਕਰ ਲਿਆ ਕਰਦੇ ਸਨ। ਜ਼ਮੀਨ ਇਹਨਾਂ ਦੀ ਤਲਵੰਡੀ ਦੇ ਨੇੜੇ ਹੀ ਸੀ, ਜਿਸ ਕਰਕੇ ਗੁਰੂ ਨਾਨਕ ਦੇਵ ਜੀ ਭੀ ਛੋਟੀ ਉਮਰ ਤੋਂ ਹੀ ਆਪਣੇ ਖੇਤਾਂ ਵਿਚ ਫੇਰਾ-ਤੋਰਾ ਰੱਖਣ ਲੱਗ ਪਏ ਸਨ।

ਲੋਕ ਬਾਹਰ ਦੀਆਂ ਖੁਲ੍ਹੀਆਂ ਜ਼ਮੀਨਾਂ ਵਿਚ ਲਵੇਰਾ ਆਮ ਰੱਖਿਆ ਕਰਦੇ ਸਨ। ਬਾਬਾ ਕਾਲੂ ਜੀ ਨੇ ਭੀ ਕਾਫ਼ੀ ਮਾਲ-ਡੰਗਰ ਰੱਖਿਆ ਹੋਇਆ ਸੀ। ਕਾਮੇ-ਨੌਕਰ ਪਸ਼ੂਆਂ ਨੂੰ ਛੇੜ ਕੇ ਜੂਹ ਵਿਚ ਲੈ ਜਾਇਆ ਕਰਦੇ ਸਨ। ਪਿੰਡ ਦੇ ਹੋਰ ਬਾਲਕਾਂ ਵਾਂਗ ਗੁਰੂ ਨਾਨਕ ਦੇਵ ਜੀ ਭੀ ਕਈ ਵਾਰੀ ਪੜ੍ਹਨੋਂ ਛੁੱਟੀ ਹੋਣ ਤੇ ਕਾਮਿਆਂ ਨਾਲ ਮਾਲ ਦੇ ਪਿੱਛੇ ਚਲੇ ਜਾਂਦੇ ਸਨ।

ਰਾਇ ਬੁਲਾਰ ਪਿੰਡਾਂ ਦਾ ਮਾਲਕ ਸੀ। ਉਸ ਦੇ ਘਰ ਅੰਨ-ਧਨ ਦੀ ਬੇ-ਪਰਵਾਹੀ ਸੀ। ਬਾਬਾ ਕਾਲੂ ਜੀ ਪਟਵਾਰੀ ਭੀ ਸਨ, ਤੇ ਕੁਝ ਜ਼ਮੀਨ ਦੀ ਮਾਲਕੀ ਵਾਲੇ ਭੀ ਸਨ। ਇਹਨਾਂ ਦੇ ਘਰ ਵਿਚ ਭੀ ਕੋਈ ਥੁੜ ਨਹੀਂ ਸੀ। ਪਰ ਨਗਰ ਦੇ ਸਾਰੇ ਲੋਕ ਤਾਂ ਸੌਖੇ ਨਹੀਂ ਹੋ ਸਕਦੇ ਸਨ। ਕੰਮੀਆਂ ਕਮੀਣਾਂ ਦੀ ਜੀਵਨ-ਪੱਧਰ ਬਹੁਤ ਨੀਵੀਂ ਹੋਇਆ ਕਰਦੀ ਸੀ। ਗ਼ਰੀਬਾਂ ਦੇ ਬੱਚੇ, ਆਮ



WWW.SIKHBOOKCLUB.COM 

ਤੌਰ ਤੇ, ਸਾਰਾ ਦਿਨ ਡੰਗਰ ਚਾਰਨ ਤੇ ਹੀ ਰਹਿੰਦੇ ਸਨ। ਛੋਟੀ ਉਮਰ ਤੋਂ ਹੀ ਰੌਸ਼ਨ-ਦਿਮਾਗ਼ ਗੁਰੂ ਨਾਨਕ ਦੇਵ ਜੀ ਨੇ ਗ਼ਰੀਬਾਂ ਦੀ ਗ਼ਰੀਬੀ ਬਹੁਤ ਨੇੜੇ ਹੋ ਕੇ ਵੇਖ ਲਈ। ਉਹਨਾਂ ਨਾਲ ਹਮਦਰਦੀ ਬਣਨੀ ਸਧਾਰਨ ਤੇ ਕੁਦਰਤੀ ਗੱਲ ਸੀ।

ਤਲਵੰਡੀ ਦੇ ਚੁਫੇਰੇ ਦੀ ਦਸਾਂ ਪਿੰਡਾਂ ਦੀ ਜ਼ਮੀਨ ਦਾ ਮਾਲਕ ਇਕੱਲਾ ਰਾਇ ਬੁਲਾਰ ਸੀ। ਬਾਕੀ ਲੋਕ ਤਾਂ ਮੁਜ਼ਾਰੇ ਹੀ ਸਨ। ਆਪਣੀ ਜ਼ਮੀਨ ਉਤੇ ਅਨੇਕਾਂ ਵਾਰੀ ਜਾਂਦੇ ਰਹਿਣ ਦੇ ਕਾਰਨ ਤੀਖਣ-ਬੁੱਧਿ ਗੁਰੂ ਨਾਨਕ ਦੇਵ ਜੀ ਨੇ ਗ਼ਰੀਬ ਮੁਜ਼ਾਰਿਆਂ ਦਾ ਰੋਜ਼ਾਨਾ ਜੀਵਨ ਚੰਗੀ ਤਰ੍ਹਾਂ ਵੇਖ-ਪਰਖ ਲਿਆ ਸੀ। ਸਵੇਰ ਤੋਂ ਸ਼ਾਮ ਤਕ ਉਹਨਾਂ ਨੇ ਮਿੱਟੀ ਦੇ ਨਾਲ ਮਿੱਟੀ ਹੋਏ ਰਹਿਣਾ, ਪਰ ਜਦੋਂ ਮਿਹਨਤ ਦਾ ਫਲ ਮਿਲਣ ਦਾ ਵੇਲਾ ਆਉਣਾ ਤਾਂ ਬਹੁਤੀ ਕਮਾਈ ਜ਼ਮੀਨ ਦੇ ਮਾਲਕ ਦੇ ਘਰ ਪਹੁੰਚ ਜਾਣੀ—ਇਸ ਵੰਡ ਦਾ ਅਸਰ ਭੀ ਬਾਲ ਉਮਰੇ ਹੀ ਸਤਿਗੁਰੂ ਜੀ ਉਤੇ ਪੈਂਦਾ ਰਿਹਾ। ਕਿਸਾਨਾਂ ਦੀ ਹੱਡ-ਭੰਨ ਮਿਹਨਤ ਵਾਸਤੇ ਉਹਨਾਂ ਦੇ ਦਿਲ ਵਿਚ ਡੂੰਘੀ ਕਦਰ ਬਣ ਗਈ।

ਸਿੱਖ-ਇਤਿਹਾਸ ਅਨੁਸਾਰ ਗੁਰੂ ਨਾਨਕ ਦੇਵ ਜੀ ਦੀ ਉਮਰ ਦਸ ਬਾਰ੍ਹਾਂ ਸਾਲਾਂ ਦੀ ਸੀ, ਜਦੋਂ ਇਕ ਵਾਰੀ ਮਹੀਆਂ ਦਾ ਮਾਹੀ ਕਿਤੇ ਵਾਂਢੇ ਗਿਆ ਹੋਇਆ ਸੀ। ਮਹੀਆਂ ਦੇ ਪਿਛੇ ਜਾਣ ਦਾ ਤਜਰਬਾ ਸਤਿਗੁਰੂ ਜੀ ਨੂੰ ਹੋ ਹੀ ਚੁੱਕਾ ਸੀ। ਪਿਤਾ ਦੀ ਆਗਿਆ ਅਨੁਸਾਰ ਮਹੀਆਂ ਛੇੜ ਕੇ ਜੂਹ ਵਿਚ ਲੈ ਗਏ। ਰੁੱਖ ਦੀ ਠੰਢੀ ਛਾਂ ਹੇਠ ਬੈਠਿਆਂ ਕਿਤੇ ਅੱਖ ਲੱਗ ਗਈ। ਇਤਨੇ ਵਿਚ ਹੀ ਮਹੀਆਂ ਰਵਾਂ-ਰਵੀਂ ਕਿਸੇ ਕਿਸਾਨ ਦੀ ਪੈਲੀ ਜਾ ਪਈਆਂ।

ਫ਼ਸਲ-ਬੰਨਾ ਵੇਖਣ ਆਏ ਕਿਸਾਨ ਨੇ ਦੂਰੋਂ ਮਹੀਆਂ ਪੈਲੀ ਵਿਚ ਵੜਦੀਆਂ ਵੇਖ ਲਈਆਂ। ਉਸ ਦੇ ਕਲੇਜੇ ਵਿਚ ਮਾਨੋ, ਛੁਰੀ ਚੱਲ ਗਈ। ਘਬਰਾਹਟ ਤੇ ਕ੍ਰੋਧ ਵਿਚ ਬੋਲਦਾ-ਬਕਦਾ ਵਾਹੋ-ਦਾਹੀ ਭੱਜਾ ਆਇਆ। ਇਹ ਰੌਲਾ ਸੁਣ ਕੇ ਗੁਰੂ ਨਾਨਕ ਦੇਵ ਜੀ ਦੀ ਅੱਖ ਖੁੱਲ੍ਹ ਗਈ। ਦੌੜ ਕੇ ਉਹਨਾਂ ਮਹੀਆਂ ਪੈਲੀ ਵਿਚੋਂ ਕੱਢੀਆਂ। ਪਰ ਗ਼ਰੀਬ ਕਿਸਾਨ ਦਾ ਰੌਲਾ ਸੁਣ ਕੇ ਉਹਨਾਂ ਦੇ ਦਿਲ ਵਿਚ ਬੜੀ ਚੋਭ ਲੱਗੀ। ਗ਼ਰੀਬਾਂ ਦਾ ਦੁੱਖ ਵੰਡਾਣ ਵਾਲਾ ਅਤੇ ਉਹਨਾਂ ਦੀ ਮਿਹਨਤ ਦੀ ਕਦਰ ਜਾਣਨ ਵਾਲਾ ਦਿਲ ਪਿਆਰ-ਹਮਦਰਦੀ ਨਾਲ ਭਰ ਆਇਆ। ਕਿਸਾਨ ਨੇ ਨੇੜੇ ਆ ਕੇ ਮਹੀਆਂ ਦੇ ਛੇੜੂ ਗੁਰੂ ਨਾਨਕ ਜੀ ਨੂੰ ਵੇਖਿਆ। ਇਕ ਉਹ ਪਟਵਾਰੀ ਦੇ ਪੁੱਤਰ, ਦੂਜੇ ਉਹਨਾਂ ਦੀ ਉੱਚਤਾ



WWW.SIKHBOOKCLUB.COM 

ਦੀ ਚਰਚਾ ਘਰ ਘਰ ਵਿਚ। ਕਿਸਾਨ ਠਠੰਬਰ ਗਿਆ। ਬੋਲਣਾ-ਬਕਣਾ ਤਾਂ ਛੱਡ ਦਿੱਤਾ, ਪਰ ਮਹੀਆਂ ਪੈਲੀ ਵਿਚ ਵੇਖ ਕੇ ਕ੍ਰੋਧ ਦੇ ਕਾਰਨ ਉਸ ਦੇ,ਅੰਦਰ ਹਾਹੀਂ ਬਲ ਰਹੀਆਂ ਸਨ। ਗੁਰੂ ਨਾਨਕ ਦੇਵ ਜੀ ਨੂੰ ਨਾਲ ਲੈ ਕੇ ਰਾਇ ਬੁਲਾਰ ਵਲ ਚੱਲ ਪਿਆ। ਨਾਲੇ ਹੀ ਮਹੀਆਂ ਹਿੱਕ ਲਈਆਂ। ਤੁਰਦੀ ਵਾਰੀ ਥਾਲ-ਸਿੱਧ ਗੁਰੂ ਨੇ ਪਿਆਰ-ਭਰੀ ਨਿਗਾਹ ਨਾਲ ਉਸ ਫ਼ਸਲ ਵਲ ਤੱਕਿਆ। ਕਿਸਾਨ ਦਾ ਬੇੜਾ ਪਾਰ ਹੋ ਗਿਆ। ਪਰ ਉਸ ਦੀਆਂ ਕ੍ਰੋਧ ਤੇ ਹਸਰਤ-ਭਰੀਆਂ ਅੱਖਾਂ ਅਜੇ ਵੇਖਣ ਦੇ ਸਮਰੱਥ ਨਹੀਂ ਸਨ।

*(ਅ) ਚੂਹੜਕਾਣੇ ਦਾ ਖਰਾ ਸੌਦਾ*

ਗੁਰੂ ਨਾਨਕ ਦੇਵ ਜੀ ਦਾ ਹੱਟੀ-ਵਪਾਰ ਦਾ ਵਿਹਾਰ-ਕਾਰ ਚੌਦਾਂ ਪੰਦਰ੍ਹਾਂ ਸਾਲ ਚਲਦਾ ਰਿਹਾ। ਨਾਲੋ ਨਾਲ ਭਾਈ ਮਰਦਾਨੇ ਦੀ ਮਿਲਵਰਤਣ ਦਾ ਸਦਕਾ ਰੂਹ ਦੀ ਖ਼ੁਰਾਕ 'ਕੀਰਤਨ' ਤੋਂ ਭੀ ਖੁੰਝਾਈ ਨਾ ਹੋਈ। ਜਿਉਂ ਜਿਉਂ ਕੀਰਤਨ ਦੀ ਸੋਭਾ ਖਿਲਰਦੀ ਗਈ, ਤਿਉਂ ਤਿਉਂ ਹੋਰ ਭੀ ਕਈ ਲੋਕ ਸਤਸੰਗੀ ਬਣਦੇ ਗਏ—ਤਲਵੰਡੀ ਦੇ ਵਸਨੀਕ ਭੀ ਅਤੇ ਰਮਤੇ ਸੰਤ-ਸਾਧ ਭੀ, ਜੋ ਉਥੇ ਆ ਟਿਕਦੇ ਸਨ। ਸਤਸੰਗ ਦੀ ਮਾਂਝ ਕਰਕੇ ਸਤਿਗੁਰੂ ਜੀ ਇਹਨਾਂ ਲੋਕਾਂ ਦੀਆਂ ਭੋਜਨ-ਛਾਦਨ ਆਦਿਕ ਦੀਆਂ ਜ਼ਰੂਰੀ ਲੋੜਾਂ ਭੀ ਪੂਰੀਆਂ ਕਰ ਦਿਆ ਕਰਦੇ ਸਨ।

ਬਾਰ ਵਿਚ ਵਾਹੀ-ਖੇਤੀ ਆਮ ਤੌਰ ਤੇ ਵਰਖਾ ਦੇ ਆਸਰੇ ਹੁੰਦੀ ਸੀ। ਜਦੋਂ ਕਦੇ ਵਰਖਾ ਦਾ ਰਤਾ ਕੁ ਅੱਗਾ-ਪਿੱਛਾ ਹੋ ਜਾਂਦਾ, ਗ਼ਰੀਬਾਂ ਦੇ ਭਾ ਦੀ ਬਣ ਜਾਂਦੀ ਸੀ। ਗੁਰੂ ਨਾਨਕ ਦੇਵ ਜੀ ਨਿਰੇ ਪਰਦੇਸੀ ਲੋੜਵੰਦਾਂ ਦੀ ਲੋੜ ਪੂਰੀ ਨਹੀਂ ਸਨ ਕਰਦੇ, ਆਪਣੀ ਕਮਾਈ ਵਿਚੋਂ ਆਪਣੇ ਚੁਗਿਰਦੇ ਦੇ ਲੋੜਵੰਦ ਗ਼ਰੀਬਾਂ ਦੀ ਬਾਂਹ ਭੀ ਫੜਦੇ ਰਹਿੰਦੇ ਸਨ। ਇਸ ਦਾ ਨਤੀਜਾ ਇਹ ਨਿਕਲਦਾ ਸੀ ਕਿ ਮਾਇਆ ਇਕ ਹੱਥ ਆ ਕੇ ਦੂਜੇ ਹੱਥ ਨਿਕਲ ਜਾਂਦੀ ਸੀ। ਬਾਬਾ ਕਾਲੂ ਜੀ ਆਪਣੇ ਪੁੱਤਰ ਦੀ ਇਸ ਕਿਰਤ-ਕਮਾਈ ਉਤੇ ਖ਼ੁਸ਼ ਨਹੀਂ ਸਨ।

ਖਰੇ ਸੌਦੇ ਦੀ ਸਾਖੀ ਸਿੱਖ-ਕੌਮ ਵਿਚ ਬੜੀ ਪਰਸਿੱਧ ਹੈ। ਗੁਰੂ ਨਾਨਕ ਦੇਵ ਜੀ ਦੀ ਉਮਰ ਤਦੋਂ ਚੌਂਤੀ ਪੈਂਤੀ ਸਾਲਾਂ ਦੀ ਸੀ। ਹੱਟੀ ਵਾਸਤੇ ਸੌਦਾ ਖ਼ਰੀਦਣ ਲਈ ਚੂਹੜਕਾਣੇ ਨੂੰ ਚੱਲ ਪਏ। ਤਲਵੰਡੀਓਂ ਸਭ ਤੋਂ ਨੇੜੇ ਵੱਡਾ ਨਗਰ ਇਹੀ ਸੀ। ਭਾਈ ਮਰਦਾਨਾ ਭੀ ਨਾਲ ਹੀ ਸੀ। ਕੀਰਤਨ ਵਲੋਂ ਨਾਗ਼ਾ



WWW.SIKHBOOKCLUB.COM 

ਅਸਹਿ ਸੀ।

ਇਹ ਜ਼ਿਕਰ ਸੰਨ ੧੫੦੩-੦੪ ਦਾ ਹੈ। ਔੜ ਦੇ ਕਾਰਨ ਗ਼ਰੀਬਾਂ ਦਾ ਹੱਥ ਬਹੁਤ ਤੰਗ ਸੀ। ਸੰਤਾਂ ਸਾਧਾਂ ਦੀ ਸੇਵਾ ਘੱਟ ਹੀ ਜਾਣੀ ਸੀ। ਇਲਾਕੇ ਵਿਚ ਕਾਲ ਜਿਹੀ ਹਾਲਤ ਸੀ। ਗੁਰੂ ਨਾਨਕ ਦੇਵ ਜੀ ਘਰੋਂ ਵੀਹ ਰੁਪਏ ਲੈ ਕੇ ਤੁਰੇ। ਉਸ ਜ਼ਮਾਨੇ ਦੇ ਵੀਹ ਰੁਪਏ ਅੱਜ-ਕੱਲ੍ਹ ਦੇ ਦੋ ਹਜ਼ਾਰ ਨਾਲੋਂ ਚੰਗੇ ਸਨ। ਅੰਨ ਦੇ ਕਾਲ ਸਮੇ ਪਿੰਡਾਂ ਨਾਲੋਂ ਸ਼ਹਿਰਾਂ ਨਗਰਾਂ ਦੀ ਹਾਲਤ ਵਧੀਕ ਖ਼ਰਾਬ ਹੋ ਜਾਂਦੀ ਹੈ। ਤਲਵੰਡੀ ਤੋਂ ਵਾਪਸ ਆਉਂਦੇ ਸੰਤਾਂ ਦੀ ਇਕ ਮੰਡਲੀ ਚੂਹੜਕਾਣੇ ਟਿਕੀ ਹੋਈ ਗੁਰੂ ਨਾਨਕ ਦੇਵ ਜੀ ਨੂੰ ਮਿਲ ਪਈ। ਉਹਨਾਂ ਵਿਚ ਕਈ ਅੱਗੇ ਹੀ ਸਤਿਗੁਰੂ ਜੀ ਦੇ ਸਤਸੰਗੀ ਵਾਕਫ਼ ਬਣ ਚੁਕੇ ਸਨ। ਇਕ ਦੋ ਦਿਨਾਂ ਤੋਂ ਇਹਨਾਂ ਦੀ ਅੰਨ ਪਾਣੀ ਬਾਰੇ ਕਿਸੇ ਵਾਤ ਨਹੀਂ ਸੀ ਪੁੱਛੀ। ਸਤਿਗੁਰੂ ਜੀ ਨੇ ਉਹਨਾਂ ਵਾਸਤੇ ਲੰਗਰ ਦਾ ਪਰਬੰਧ ਕਰ ਦਿੱਤਾ। ਕਈਆਂ ਨੂੰ ਬਸਤਰ ਆਦਿਕ ਦੀ ਭੀ ਲੋੜ ਸੀ। ਲੰਗਰ ਖੁਲ੍ਹਣ ਤੇ ਕਾਲ ਦੇ ਕਾਰਨ ਹੋਰ ਭੀ ਕਈ ਗ਼ਰੀਬ ਆ ਪਹੁੰਚੇ। ਵੀਹ ਰੁਪਇਆਂ ਦੀ ਸਾਰੀ ਦੀ ਸਾਰੀ ਰਕਮ ਇਸ ਕੰਮ ਉਤੇ ਖ਼ਰਚ ਹੋ ਗਈ।

ਗੁਰੂ ਨਾਨਕ ਦੇਵ ਜੀ ਵਾਸਤੇ ਇਹ ਇਕ ਸਧਾਰਨ ਜਿਹਾ ਕੰਮ ਸੀ। ਆਪਣੀ ਕਮਾਈ ਵਿਚੋਂ ਉਹ ਸਦਾ ਲੋੜਵੰਦਾਂ ਦੀ ਮਦਦ ਕਰਦੇ ਚਲੇ ਆ ਰਹੇ ਸਨ। ਪਰ ਇਸ ਵਾਰੀ ਰਕਮ ਬਹੁਤ ਵਧੀਕ ਖ਼ਰਚ ਹੋ ਗਈ ਸੀ। ਸਖ਼ੀ-ਦਿਲ ਕਮਾਊ ਲਈ ਮਾਇਆ ਹੱਥਾਂ ਦੀ ਮੈਲ ਹੈ। ਪਰ ਬਾਬਾ ਕਾਲੂ ਜੀ ਨੂੰ ਸਤਿਗੁਰੂ ਜੀ ਦੀ ਇਤਨੀ ਖੁਲ੍ਹ-ਦਿਲੀ ਉਤੇ ਬਹੁਤ ਗੁੱਸਾ ਆਇਆ।

ਗੁਰੂ ਨਾਨਕ ਦੇਵ ਜੀ ਬਾਬਾ ਕਾਲੂ ਜੀ ਦੇ ਮਨੋਂ ਚੜ੍ਹ ਗਏ।

*(ਏ) ਬਾਬਰਵਾਣੀ—ਐਮਨਾਬਾਦ ਦੀ ਕਤਲਾਮ*

ਸ਼ਹਿਰ ਦਾ ਪੁਰਾਣਾ ਨਾਮ ਸੈਦਪੁਰ ਸੀ। ਅੱਜ-ਕੱਲ੍ਹ ਇਸ ਦਾ ਪਰਸਿੱਧ ਨਾਮ ਐਮਨਾਬਾਦ ਹੈ। ਗੁਜਰਾਂਵਾਲੇ ਤੋਂ ਲਾਹੌਰ ਨੂੰ ਆ ਰਹੀ ਰੇਲਵੇ ਲਾਈਨ ਉਤੇ ਰੇਲ ਦਾ ਸਟੇਸ਼ਨ ਹੈ।

ਪਹਿਲੀ 'ਉਦਾਸੀ' ਸਮੇ ਜਦੋਂ ਗੁਰੂ ਨਾਨਕ ਦੇਵ ਜੀ ਐਮਨਾਬਾਦ ਗਏ ਸਨ, ਤਦੋਂ ਸਰਾਧਾਂ ਦੇ ਦਿਨ ਸਨ। ਤੇ ਉਹ ਆਪਣੇ ਸਤਸੰਗੀ ਭਾਈ ਲਾਲੋ ਦੇ ਘਰ ਠਹਿਰੇ ਸਨ। ਭਾਈ ਲਾਲੋ ਤਰਖਾਣਾ ਕੰਮ ਕਰਦਾ ਸੀ। ਜਦੋਂ ਹੁਣ



WWW.SIKHBOOKCLUB.COM 

ਤੀਜੀ 'ਉਦਾਸੀ' ਤੋਂ ਵਾਪਸ ਆਉਂਦੇ ਸਤਿਗੁਰੂ ਜੀ ਫਿਰ ਐਮਨਾਬਾਦ ਆਏ, ਤਦੋਂ ਭੀ ਭਾਈ ਲਾਲੋ ਜੀਊਂਦਾ ਸੀ। ਹੁਣ ਭੀ ਉਸ ਦੇ ਘਰ ਠਹਿਰੇ ਸਨ।

ਉਹਨੀਂ ਹੀ ਦਿਨੀਂ ਬਾਬਰ ਵੀ ਕਾਬਲ ਵਲੋਂ ਮਾਰੋ-ਮਾਰ ਕਰਦਾ ਪੰਜਾਬ ਦੇ ਨਗਰਾਂ-ਸ਼ਹਿਰਾਂ ਨੂੰ ਲੁੱਟਦਾ ਉਜਾੜਦਾ ਆ ਰਿਹਾ ਸੀ। ਬਾਬਰ ਸਿਆਲਕੋਟ ਭੀ ਪਹੁੰਚ ਗਿਆ, ਤੇ ਸੈਦਪੁਰ ਦੇ ਪਠਾਣ ਹਾਕਮਾਂ ਦੇ ਕੰਨਾਂ ਤੇ ਜੂੰ ਭੀ ਨਾ ਸਰਕੀ। ਪਰਤੱਖ ਦਿੱਸ ਰਿਹਾ ਸੀ ਕਿ ਸੈਦਪੁਰ ਦੇ ਮੰਦੇ ਦਿਨ ਆ ਰਹੇ ਹਨ। ਜੋ ਗੁਰੂ ਨਾਨਕ ਦੇਵ ਜੀ ਚਾਹੁੰਦੇ ਤਾਂ ਆ ਰਹੀ ਬਿਪਤਾ ਤੋਂ ਬਚਣ ਲਈ ਸ਼ਹਿਰੋਂ ਲਾਂਭੇ ਦੁਰੇਡੇ ਚਲੇ ਜਾਂਦੇ। ਪਰ ਇਸ ਨੂੰ ਦੁਖੀਆਂ ਦਾ ਦਰਦ ਵੰਡਣਾ ਨਾ ਕਿਹਾ ਜਾ ਸਕਦਾ। ਸਤਿਗੁਰੂ ਜੀ ਭਾਈ ਮਰਦਾਨੇ ਸਮੇਤ ਸ਼ਹਿਰ ਵਿਚ ਹੀ ਭਾਈ ਲਾਲੋ ਦੇ ਘਰ ਟਿਕੇ ਰਹੇ। ਉਂਞ ਉਹਨਾਂ ਸਾਰੇ ਸ਼ਹਿਰ-ਵਾਸੀਆਂ ਨੂੰ ਖ਼ਬਰਦਾਰ ਕਰਨ ਲਈ ਭਾਈ ਮਰਦਾਨੇ ਦੀ ਰਬਾਬ ਤੇ ਉੱਚੀ ਪੁਕਾਰ ਕੇ ਆ ਰਹੀ ਬਿਪਤਾ ਦਾ ਪਤਾ ਲੋਕਾਂ ਨੂੰ ਦੇ ਦਿੱਤਾ ਸੀ :

**ਤਿਲੰਗ ਮ: ੧**

**ਜੈਸੀ ਮੈ ਆਵੈ ਖਸਮ ਕੀ ਬਾਣੀ, ਤੈਸੜਾ ਕਰੀ ਗਿਆਨੁ ਵੇ ਲਾਲੋ.....॥**

ਵੇਖਿਆ ਜੇ ਹੌਸਲਾ ਸ਼ੇਰ-ਮਰਦ ਗੁਰੂ ਨਾਨਕ ਪਾਤਿਸ਼ਾਹ ਦਾ ?

ਇਸ ਨੂੰ ਆਖੀਦਾ ਜੇ ਗ਼ਰੀਬਾਂ ਦੀ ਬਾਂਹ ਫੜਨੀ। ਸੈਦਪੁਰ-ਵਾਸੀਆਂ ਨੂੰ ਸਾਵਧਾਨ ਕਰ ਰਹੇ ਸਨ। ਪਰ ਕੀ ਮਜਾਲ ਕਿ ਆਪਣੀ ਜਾਨ ਬਚਾਣ ਦੀ ਖ਼ਾਤਰ ਉਹਨਾਂ ਦਾ ਸਾਥ ਛੱਡ ਜਾਣ।

ਸਿਆਲਕੋਟ ਤੋਂ ਬਾਬਰ ਨੇ ਸੈਦਪੁਰ ਤੇ ਹੱਲਾ ਬੋਲਿਆ। ਪਠਾਣ ਹਾਕਮਾਂ ਨੇ ਸ਼ਹਿਰ ਨੂੰ ਬਚਾਣ ਲਈ ਫ਼ੌਜੀ ਤਿਆਰੀ ਤਾਂ ਠੀਕ ਨਾ ਕੀਤੀ, ਪਰ ਬਾਬਰ ਦਾ ਟਾਕਰਾ ਕਰਨ ਲਈ ਬਹੁਤ ਸਾਰੇ ਮੁੱਲਾਣੇ ਲਿਆ ਬਿਠਾਏ, ਜਿਨ੍ਹਾਂ ਨੇ ਕਲਾਮਾਂ ਪੜ੍ਹਨ ਤੇ ਹੀ ਜ਼ੋਰ ਦਿੱਤਾ। ਬਣਨਾ ਕੀ ਸੀ ? ਰਣ-ਭੂਮੀ ਵਿਚ ਪਠਾਣ ਫ਼ੌਜੀਆਂ ਦੀਆਂ ਬੰਦੂਕਾਂ ਤਾਂ ਹੱਥਾਂ ਵਿਚ ਹੀ ਚਿੜ ਚਿੜ ਕਰਦੀਆਂ ਰਹੀਆਂ, ਤੇ ਓਧਰੋਂ ਬਾਬਰ ਦੇ ਸਿਪਾਹੀ ਤੱਕ ਤੱਕ ਕੇ ਨਿਸ਼ਾਨੇ ਮਾਰਦੇ ਰਹੇ। ਬਾਬਰ ਦੀ ਜਿੱਤ ਹੋਈ। ਹੋਣੀ ਹੀ ਸੀ। ਜਿੱਤ ਦੇ ਨਸ਼ੇ ਵਿਚ ਬਾਬਰ ਦੀ ਫ਼ੌਜ ਨੂੰ ਖੁਲ੍ਹੀ ਛੁੱਟੀ ਹੋ ਗਈ, ਸ਼ਹਿਰ ਉਤੇ ਅੱਤਿਆਚਾਰ ਕਰਨ ਦੀ। ਲੁੱਟ, ਕਤਲ, ਸਾੜ-ਫੂਕ, ਤੇ ਇਸਤ੍ਰੀ ਜਾਤੀ ਉਤੇ ਅੱਤਿਆਚਾਰ—ਚੁਫੇਰੇ ਹਾਹਾਕਾਰ ਮਚ ਗਈ।



WWW.SIKHBOOKCLUB.COM 

ਪਲਾਂ ਵਿਚ ਹੀ ਸ਼ਹਿਰ ਤਬਾਹ ਹੋ ਗਿਆ। ਜਿਹੜੇ ਮਰਦ ਇਸਤ੍ਰੀ ਜਾਨੋਂ ਬਚ ਗਏ ਉਹਨਾਂ ਨੂੰ ਕੈਦ ਕਰ ਲਿਆ ਗਿਆ। ਬਾਬਰ ਦੀ ਫ਼ੌਜ ਵਾਸਤੇ ਆਟਾ ਪੀਹਣ ਲਈ ਉਹਨਾਂ ਅੱਗੇ ਚੱਕੀਆਂ ਰੱਖੀਆਂ ਗਈਆਂ। ਗੁਰੂ ਨਾਨਕ ਦੇਵ ਜੀ ਅਤੇ ਭਾਈ ਮਰਦਾਨਾ ਭੀ ਕੈਦ ਕੀਤੇ ਗਏ।

ਬਾਬਰ ਸੈਦਪੁਰ ਤੋਂ ਅਗਾਂਹ ਵਧਿਆ। ਕੈਦੀ ਭੀ ਨਾਲ ਹੀ। ਪਿੰਡ ਅਵਾਣ ਦੇ ਨੇੜੇ ਡੇਰਾ ਕੀਤਾ ਗਿਆ। ਉਥੇ ਸਤਿਗੁਰੂ ਜੀ ਨੂੰ ਬਾਬਰ ਆ ਕੇ ਮਿਲਿਆ। ਸਤਿਗੁਰੂ ਜੀ ਦੀ ਪ੍ਰੇਰਨਾ ਨਾਲ ਸਾਰੇ ਕੈਦੀ ਰਿਹਾਅ ਕੀਤੇ ਗਏ। ਪਰ ਸਹਿਮੇ ਹੋਏ ਲੋਕ ਆਪਣੇ ਉੱਜੜੇ ਸ਼ਹਿਰ ਵਲ ਮੂੰਹ ਕਰਨੋਂ ਡਰਦੇ ਸਨ। ਗੁਰੂ ਨਾਨਕ ਦੇਵ ਜੀ ਪਿੰਡ ਅਵਾਣ ਤੋਂ ਫਿਰ ਉਹਨਾਂ ਦੇ ਨਾਲ ਐਮਨਾਬਾਦ ਵਾਪਸ ਆਏ।

ਸ਼ਹਿਰ ਵਿਚ ਪਹੁੰਚ ਕੇ ਉਹਨਾਂ ਕੀ ਵੇਖਿਆ! ਘਰਾਂ ਵਿਚ ਜਵਾਨ ਧੀਆਂ ਦੀਆਂ ਲਾਸ਼ਾਂ, ਜੋ ਮੁਗ਼ਲ-ਬੁਰਛਿਆਂ ਦੀ ਕਾਮ-ਵਾਸ਼ਨਾ ਦੇ ਅੱਤਿਆ-ਚਾਰਾਂ ਦਾ ਸ਼ਿਕਾਰ ਹੋ ਚੁਕੀਆਂ ਸਨ। ਗਲੀਆਂ ਬਜ਼ਾਰਾਂ ਵਿਚ ਕਤਲ ਹੋ ਚੁਕੇ ਗੱਭਰੂ ਪੁੱਤਰਾਂ ਦੀਆਂ ਲਾਸ਼ਾਂ, ਜੋ ਗਿਰਝਾਂ, ਕਾਵਾਂ, ਕੁੱਤਿਆਂ, ਗਿੱਦੜਾਂ, ਬਘਿਆੜਾਂ ਦੇ ਪੈਰਾਂ ਹੇਠ ਰੁਲ ਰਹੀਆਂ ਸਨ। ਕੈਦ ਤੋਂ ਵਾਪਸ ਆਏ ਸੈਦਪੁਰੀਆਂ ਦੀਆਂ ਭੁੱਬਾਂ ਨਿਕਲ ਗਈਆਂ। ਚੁਫੇਰੇ ਕੁਰਲਾਟ ਮਚ ਗਿਆ।

ਦੁਖੀਆਂ ਦਾ ਦਰਦ ਵੰਡਣ ਆਏ ਗੁਰੂ ਨਾਨਕ ਪਾਤਿਸ਼ਾਹ ਨੇ ਇਹ ਸਾਰਾ ਹੀ ਘੱਲੂਘਾਰਾ, ਸ਼ੁਰੂ ਤੋਂ ਹੁਣ ਅਖ਼ੀਰ ਤਕ ਅੱਖੀਂ ਵੇਖਿਆ। ਕਤਲੋਂ ਬਚ ਰਹੇ ਦੇਸ-ਵਾਸੀਆਂ ਨਾਲ ਬਾਬਰ ਦੀ ਜੇਲ੍ਹ ਵਿਚ ਚੱਕੀਆਂ ਭੀ ਪੀਹ ਆਏ। ਬਿਪਤਾ-ਮਾਰੇ ਬੰਦਿਆਂ ਦੇ ਇਸ ਅੱਤ ਦਰਜੇ ਦੇ ਭਿਆਨਕ ਦੁਖੜੇ ਵਿਚ ਭੀ ਹੁਣ ਸਤਿਗੁਰੂ ਜੀ ਘਰ ਘਰ ਪਹੁੰਚ ਕੇ ਉਹਨਾਂ ਨੂੰ ਢਾਰਸ ਦੇਣ ਦੇ ਜਤਨ ਕਰ ਰਹੇ ਸਨ। ਪਰ ਕਹਿਰ ਭੀ ਕੋਈ ਸਧਾਰਨ ਜਿਹਾ ਕਹਿਰ ਨਹੀਂ ਸੀ ਵਰਤਿਆ। ਦੁਖੀਆਂ ਨੂੰ ਆਪਣੇ ਕੋਲ ਬਿਠਾ ਕੇ ਸਿਰਜਣਹਾਰ ਕਰਤਾਰ ਦੇ ਦਰ ਤੇ ਫ਼ਰਿਆਦ ਕਰਨ ਲਗ ਪਏ। ਮਰਦਾਨੇ ਨੇ ਰਬਾਬ ਹਿਲਾਈ, ਤੇ ਗੁਰੂ ਨਾਨਕ ਪਾਤਿਸ਼ਾਹ ਨੇ ਖ਼ਲਕਤ ਦੇ ਰਾਖੇ ਖ਼ਾਲਕ ਨਾਲ ਦਰਦ-ਭਰੇ ਗਲੇ ਦੀ ਰਾਹੀਂ ਇਉਂ ਗਿਲ੍ਹਾ ਕਰਨਾ ਸ਼ੁਰੂ ਕੀਤਾ :

**ਏਤੀ ਮਾਰ ਪਈ ਕਰਲਾਣੇ**
**ਏਤੀ ਮਾਰ ਪਈ ਕਰਲਾਣੇ**



SIKHBOOKCLUB.COM

ਹੇ ਪਾਤਿਸ਼ਾਹ !

**ਤੈਂ ਕੀ ਦਰਦੁ ਨ ਆਇਆ ?**

ਪਾਤਿਸ਼ਾਹ !

**ਤੈਂ ਕੀ ਦਰਦੁ ਨ ਆਇਆ ?**

ਪਾਠਕ ਸੱਜਣ ! ਕਲੇਜਾ ਥੰਮ੍ਹ ਕੇ ਗੁਰੂ ਨਾਨਕ ਦੇਵ ਜੀ ਦੇ ਸੈਦਪੁਰ ਵਿਚ ਉਚਾਰੇ ਸ਼ਬਦ ਠਰ੍ਹੰਮੇ ਨਾਲ ਸਹਿਜੇ ਸਹਿਜੇ ਇਕ ਇਕ ਲਫ਼ਜ਼ ਉਤੇ ਅਟਕ ਕੇ ਪੜ੍ਹੋ। ਇਹ ਉਥੇ ਉਚਾਰੇ ਗਏ, ਜਿਥੇ ਚੁਫੇਰੇ ਲੋਥਾਂ ਦੇ ਢੇਰ ਲੱਗੇ ਹੋਏ ਸਨ। ਇਹ ਉਸ ਸੈਦਪੁਰ ਵਿਚ ਉਚਾਰੇ ਗਏ ਜਿਹੜਾ ਹੁਣ 'ਮਾਸਪੁਰੀ' ਬਣ ਚੁਕਿਆ ਸੀ, ਜਿਹੜਾ ਲਾਸ਼ਾਂ ਦਾ ਸ਼ਹਿਰ ਬਣ ਚੁਕਿਆ ਸੀ। ਇਹ ਉਥੇ ਉਚਾਰੇ ਗਏ, ਜਿਥੇ ਮੁਗ਼ਲ ਬੁਰਛਿਆਂ ਦੀ ਨਿਰਦਈ ਤਲਵਾਰ ਚੱਲ ਕੇ ਗਲੀਆਂ ਤੇ ਬਜ਼ਾਰ ਨਿਹੱਥੇ ਹਿੰਦੁਸਤਾਨੀਆਂ ਦੇ ਲਹੂ ਨਾਲ ਚਿਪ-ਚਿਪ ਕਰ ਰਹੇ ਸਨ। ਕਿਤਨਾ ਭਿਆਨਕ ਦ੍ਰਿਸ਼ ਸੀ। ਸੁਣਨ ਵੇਖਣ ਵਿਚ ਜ਼ਿਮੀ ਅਸਮਾਨ ਦਾ ਫ਼ਰਕ ਪੈ ਜਾਂਦਾ ਹੈ। ਸਧਾਰਨ ਜਿਹਾ ਮਨੁੱਖ ਤਾਂ ਅਜਿਹਾ ਭਿਆਨਕ ਦ੍ਰਿਸ਼ ਵੇਖ ਕੇ ਗ਼ਸ਼ ਹੀ ਖਾ ਜਾਂਦਾ ਹੈ।

SIKHBOOKCLUB.COM

# ਗੁਰੂ ਨਾਨਕ ਪ੍ਰਤੀ ਸ਼ਰਧਾਂਜਲੀਆਂ[1]

## ਗੁਰੂ ਸਾਹਿਬਾਨ ਦੀ ਨਜ਼ਰ ਵਿਚ

- ਦੀਖਿਆ ਆਖਿ ਬੁਝਾਇਆ ਸਿਫਤੀ ਸਚਿ ਸਮੇਉ ॥  
  ਤਿਨ ਕਉ ਕਿਆ ਉਪਦੇਸੀਐ ਜਿਨ ਗੁਰੁ ਨਾਨਕ ਦੇਉ ॥  
  *(ਵਾਰ ਮਾਝ ਮਹਲਾ ੨, ਪੰਨਾ ੧੫੦)*

- ਜਿਉ ਕਾਸਟ ਸੰਗਿ ਲੋਹਾ ਬਹੁ ਤਰਤਾ, ਤਿਉ ਪਾਪੀ ਸੰਗਿ  
  ਤਰੇ ਸਾਧ, ਸਾਧ ਸੰਗਤੀ ਗੁਰ ਸਤਿਗੁਰੂ ਗੁਰ ਸਾਧੋ ॥  
  ਚਾਰਿ ਬਰਨ ਚਾਰਿ ਆਸ੍ਰਮ ਹੈ, ਕੋਈ ਮਿਲੈ ਗੁਰੂ  
  ਗੁਰ ਨਾਨਕ, ਸੋ ਆਪਿ ਤਰੈ ਕੁਲ ਸਗਲ ਤਰਾਧੋ ॥  
  *(ਕਾਨੜਾ ਮਹਲਾ ੪, ਪੰਨਾ ੧੨੯੭)*

- ਗੁਰ ਗੋਬਿੰਦ, ਗੋਪਾਲ ਗੁਰ, ਗੁਰ ਪੂਰਨ ਨਾਰਾਇਣਹ ॥  
  ਗੁਰ ਦਇਆਲ ਸਮਰਥ ਗੁਰ, ਗੁਰ ਨਾਨਕ ਪਤਿਤ ਉਧਾਰਣਹ ॥  
  *(ਜੈਤਸਰੀ ਦੀ ਵਾਰ ਮਹਲਾ ੫, ਪੰਨਾ ੭੧੦)*

- ਬਲਿਓ ਚਰਾਗੁ ਅੰਧ੍ਯਾਰ ਮਹਿ, ਸਭ ਕਲਿ ਉਧਰੀ ਇਕ ਨਾਮ ਧਰਮ ॥  
  ਪ੍ਰਗਟੁ ਸਗਲ ਹਰਿ ਭਵਨ ਮਹਿ, ਜਨੁ ਨਾਨਕੁ ਗੁਰੁ ਪਾਰਬ੍ਰਹਮੁ ॥  
  *(ਸਵਯੇ ਸ੍ਰੀ ਮੁਖ ਬਾਕ੍ਯ ਮਹਲਾ ੫, ਪੰਨਾ ੧੩੯੭)*

- ਤਿਨ ਬੇਦੀਅਨ ਕੀ ਕੁਲ ਬਿਖੈ ਪ੍ਰਗਟੇ ਨਾਨਕ ਰਾਇ ॥  
  ਸਭ ਸਿਖਨ ਕੋ ਸੁਖ ਦਏ, ਜਹ ਤਹ ਭਏ ਸਹਾਇ ॥੪॥  
  *(ਗੁਰੂ ਗੋਬਿੰਦ ਸਿੰਘ ਜੀ, ਬਚਿਤ੍ਰ ਨਾਟਕ)*

---

੧. ਸੰਪਾਦਕ : ਪ੍ਰਕਾਸ਼ ਸਿੰਘ ਐਮ. ਏ. ਸਾਬਕਾ ਪ੍ਰੋਫ਼ੈਸਰ-ਇਨ-ਚਾਰਜ ਸਿੱਖ ਇਤਿਹਾਸ ਖੋਜ ਵਿਭਾਗ, ਖ਼ਾਲਸਾ ਕਾਲਜ, ਅੰਮ੍ਰਿਤਸਰ।



WWW.SIKHBOOKCLUB.COM 

## ਭੱਟਾਂ ਤੇ ਸਿੱਖ-ਸੇਵਕਾਂ ਦੀ ਨਜ਼ਰ ਵਿਚ

- ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ ॥
  *(ਮਥੁਰਾ ਜੀ, ਪੰਨਾ ੧੪੦੮)*

- ਪ੍ਰਥਮੇ ਨਾਨਕ ਚੰਦੁ, ਜਗਤ ਭਯੋ ਆਨੰਦੁ,
  ਤਾਰਨਿ ਮਨੁਖੵ ਜਨ, ਕੀਅਉ ਪ੍ਰਗਾਸ ॥ *(ਨਲ ਜੀ, ਪੰਨਾ ੧੩੯੯)*

- ਗੁਰੁ ਨਾਨਕੁ ਨਿਕਟਿ ਬਸੈ ਬਨਵਾਰੀ ॥ *(ਗਯੰਦ ਜੀ, ਪੰਨਾ ੧੪੦੧)*

- ਸਤਿਗੁਰਿ ਨਾਨਕਿ ਭਗਤਿ ਕਰੀ ਇਕ ਮਨਿ,
  ਤਨੁ ਮਨੁ ਧਨੁ, ਗੋਬਿੰਦ ਦੀਅਉ ॥ *(ਬਲੵ ਜੀ, ਪੰਨਾ ੧੪੦੫)*

- ਨਾਨਕਿ ਨਾਮੁ ਨਿਰੰਜਨ ਜਾਨੵਉ,
  ਕੀਨੀ ਭਗਤਿ ਪ੍ਰੇਮ ਲਿਵ ਲਾਈ ॥ *(ਕੀਰਤ ਜੀ, ਪੰਨਾ ੧੪੦੬)*

- ਕਬਿ ਕਲ, ਸੁਜਸੁ ਗਾਵਉ ਗੁਰ ਨਾਨਕ,
  ਰਾਜੁ ਜੋਗੁ ਜਿਨਿ ਮਾਣਿਓ ॥ *(ਕਲ ਜੀ, ਪੰਨਾ ੧੩੮੯)*

- ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ ॥
  ਜਿਉ ਕਰ ਸੂਰਜੁ ਨਿਕਲਿਆ ਤਾਰੇ ਛਪੇ ਅੰਧੇਰੁ ਪਲੋਆ ॥
  *(ਭਾ: ਗੁਰਦਾਸ ਜੀ, ਵਾਰ ੧, ਪਉੜੀ ੨੭)*

- ਘਰਿ ਘਰਿ ਬਾਬਾ ਪੂਜੀਐ ਹਿੰਦੂ ਮੁਸਲਮਾਨ ਗੁਆਈ ॥
  ਛਪੇ ਨਾਹਿ ਛਪਾਇਆ, ਚੜ੍ਹਿਆ ਸੂਰਜੁ ਜਗੁ ਰੁਸ਼ਨਾਈ ॥
  *(ਭਾਈ ਗੁਰਦਾਸ ਜੀ, ਵਾਰ ੧, ਪਉੜੀ ੩੪)*

- ਗੁਰੂ ਨਾਨਕ ਆਮਦ ਨਰਾਇਨ ਰੂਪ ॥
  ਹੁਮਾਨਾ ਨਿਰੰਜਨ ਨਿਰੰਕਾਰ ਰੂਪ ॥੧॥

  ਹੱਕਸ਼ ਆਫ਼ਰੀਦਹ ਜ਼ਿ ਨੂਰੇ ਕਰਮ ॥
  ਅਜ਼ੋ ਆਲਮੇ ਰਾ ਫ਼ਯੂਜ਼ੇ ਅਤਮ ॥੨॥

  ਹੱਕਸ਼ ਬਰ ਗੁਜ਼ੀਦਹ ਜ਼ਿ ਹਰ ਬਰ ਗੁਜ਼ੀਂ ॥
  ਨਿਸ਼ਾਦਸ਼ ਜ਼ਿ ਹਰ ਬਰਤਰੀਂ ਬਰਤਰੀਂ ॥੩॥

  ਹੱਕਸ਼ ਗੁਫ਼ਤ ਖ਼ੁਦ ਮੁਰਸ਼ਿਦ-ਉਲ ਆਲਮੀਂ ॥
  ਨਿਜਾਤ-ਉਲ ਵਰਾ ਰਹਮਤ-ਉਲ ਮੁਜ਼ਨਬੀਂ ॥੪॥
  *(ਭਾਈ ਨੰਦ ਲਾਲ ਜੀ, ਜੋਤ ਬਿਕਾਸ)*



SIKHBOOKCLUB.COM

- ਸ੍ਰੀ ਨਾਨਕ ਸੁਖ-ਸਿੰਧੁ ਕੋ ਹਾਥਿ ਜੋਰਿ ਪਰਨਾਮ ॥
  ਜਿਸ ਕਰਨਾ ਤੇ ਵਡ ਅਘੀ, ਪਾਵਹਿ ਗਤਿ ਬਿਸਰਾਮ ॥

  *(ਮਹਾਂ ਕਵੀ ਸੰਤੋਖ ਸਿੰਘ, ਸੂਰਜ ਪ੍ਰਕਾਸ਼)*

- ਸ੍ਰੀ ਨਾਨਕ ਪੁਰਸ਼ੋਤਮੰ, ਪਰਮ ਪਰਾਵਰ ਨਾਥ ॥
  ਯੁਗਲ ਚਰਨ ਮੁਰ ਬੰਦਨਾ, ਧਰ ਧਰ ਧਰ ਕਰ ਮਾਥ ॥

  *(ਸੰਤ ਸਿੰਘ ਗਿਆਨੀ, ਨਾਨਕ ਪ੍ਰਕਾਸ਼)*

- ਜੋ ਜਗ ਕਾ ਕਰਤਾ ਭਰਤਾ ਹਰਤਾ ਜੜ ਚੇਤਨ ਕਾ ਪ੍ਰਕਾਸੀ ॥
  ਸੋ ਹਰਿ ਜੂ ਜਨ ਤਾਰਨ ਕੌ ਗੁਰ ਨਾਨਕ ਰੂਪ ਭਯੋ ਸੁਖ ਰਾਸੀ ॥

  *(ਗਿਆਨੀ ਗਿਆਨ ਸਿੰਘ)*

- ਸ੍ਰੀ ਗੁਰੂ ਨਾਨਕ ਸਾਇਰ ਨੇ ਆਪਣੀ ਕਵਿਤਾ ਵਿਚ ਝੀਣੀ ਬਾਣ ਦੇ ਰੰਗ ਹੋਰ ਉੱਚੇ ਕਵੀਆਂ ਵਾਂਙ ਦਰਸਾਏ ਹਨ। ਉਹਨਾਂ ਨੇ ਬਿਰਹ-ਵਿਯੋਗ, ਵੈਰਾਗ, ਨਿਰਾਸਤਾ, ਆਸ਼ਾ, ਅਰਸ਼ੀ ਸੁੰਦਰਤਾ ਦੇ ਮਗਰ ਹਸਰਤ-ਭਰੀ ਅਕਾਂਖਿਆ, ਅਮਰਤਾ ਤੇ ਸਦੈਵੀ ਜੀਵਨ ਮਗਰ ਆਸ਼ਾ ਦੇ ਬਾਰੀਕ ਤੋਂ ਬਾਰੀਕ ਵਲਵਲਿਆਂ ਵਾਲੀਆਂ ਕਵਿਤਾਵਾਂ ਰਚੀਆਂ ਹਨ।

  *(ਭਾਈ ਵੀਰ ਸਿੰਘ, ਗੁਰੂ ਨਾਨਕ ਚਮਤਕਾਰ ਭਾਗ ੨, ਸਫ਼ਾ ੪੦੫)*

SIKHBOOKCLUB.COM

## ਗ਼ੈਰ ਸਿਖ ਵਿਦਵਾਨਾਂ ਦੀ ਨਜ਼ਰ ਵਿਚ

- ਫਿਰ ਉਠੀ ਆਖ਼ਿਰ ਸਦਾਅ, ਤੌਹੀਦ ਕੀ ਪੰਜਾਬ ਸੇ।
  ਹਿੰਦ ਕੋ ਇਕ ਮਰਦਿ-ਕਾਮਿਲ, ਨੇ ਜਗਾਇਆ ਖ਼ਾਬ ਸੇ।

  *(ਸਰ ਮੁਹੰਮਦ ਇਕਬਾਲ, ਬਾਂਗੇ ਦਰਾ, ਸਫ਼ਾ ੨੭੦)*

- ਹੈਂ ਕਹਿਤੇ ਨਾਨਕ ਸ਼ਾਹ ਜਿਨ੍ਹੇਂ, ਵੁਹ ਪੂਰੇ ਹੈਂ ਆਗਾਹ ਗੁਰੂ।
  ਵੁਹ ਕਾਮਿਲ ਰਹਿਬਰ ਜਗ ਮੇਂ ਹੈਂ, ਯੂੰ ਰੌਸ਼ਨ ਜੈਸੇ ਮਾਹ ਗੁਰੂ।
  ਮਕਸੂਦ ਮੁਰਾਦ ਉਮੀਦ ਸਭੀ, ਬਰ ਲਾਤੇ ਹੈਂ ਦਿਲ ਖ਼ਾਹ ਗੁਰੂ।
  ਨਿਤ ਲੁਤਫ਼ੋ ਕਰਮ ਸੇ ਕਰਤੇ ਹੈਂ, ਹਮ ਲੋਗੋਂ ਕਾ ਨਿਰਬਾਹ ਗੁਰੂ।
  ਇਸ ਬਖ਼ਸ਼ਿਸ਼ ਕੇ ਇਸ ਅਜ਼ਮਤ ਕੇ, ਹੈਂ ਬਾਬਾ ਨਾਨਕ ਸ਼ਾਹ ਗੁਰੂ।
  ਸਭ ਸੀਸ ਨਿਵਾ ਅਰਦਾਸ ਕਰੋ, ਔਰ ਹਰਦਮ ਬੋਲੋ ਵਾਹਿ-ਗੁਰੂ।

  *(ਨਜ਼ੀਰ ਅਕਬਰ ਆਬਾਦੀ, ਕੁਲੀਆਤ, ਸਫ਼ਾ ੪੦੧)*

- ਇਕ ਬੜਾ ਹੀ ਸੁੰਦਰ ਸਿੱਖ-ਵਿਚਾਰ ਹੈ ਕਿ ਇਕੋ ਜੋਤ (ਆਦਿ ਗੁਰੂ ਦੀ) ਹੋਰ ਗੁਰੂਆਂ ਵਿਚ ਜਾ ਮਿਲੀ। ਮੈਨੂੰ ਇਹ ਆਗਿਆ ਦਿਓ ਕਿ ਮੈਂ ਇਹ ਕਹਿ ਸਕਾਂ ਕਿ ਇਹ ਜੋਤ ਕਦੇ ਵੀ ਬੁਝੀ ਨਹੀਂ।.......ਲੋੜ ਹੈ ਕਾਮ ਕ੍ਰੋਧ ਆਦਿ, ਤਅੱਸਬ ਤੇ ਵਿਤਕਰੇ ਜ਼ਾਤ-ਪਾਤ ਤੇ ਦੁਬਿਧਾ ਦੀਆਂ ਬੰਦਸ਼ਾਂ ਖ਼ਤਮ ਕਰਨ ਦੀ। ਲੋੜ ਹੈ ਰੁਕਾਵਟਾਂ ਦੂਰ ਕਰਨ ਦੀ, ਤਾਂ ਜੁ ਜੋਤ ਪੂਰੀ ਤੇਜ਼ੀ ਨਾਲ ਚਮਕ ਸਕੇ।....... ਪਰ ਇਹ ਜੋਤ ਉਨ੍ਹਾਂ ਰਾਹੀਂ ਚਮਕਦੀ ਹੈ ਜਿਨ੍ਹਾਂ ਨੇ ਕਿ ਪਿਆਰ ਦੀ ਅਨੁਭਵ-ਸ਼ਕਤੀ ਨੂੰ ਪ੍ਰਫੁਲਤ ਕੀਤਾ ਹੈ। ਗੁਰੂ ਨਾਨਕ ਦੀ ਵੰਗਾਰ ਪਿਆਰ ਦੀ ਵੰਗਾਰ ਹੈ।

  *(ਸਾਧੂ ਟੀ. ਐਲ. ਵਾਸਵਾਨੀ, ਇਨ ਦੀ ਸਿਖ ਸੈਂਕਚੂਅਰੀ, ਸਫ਼ਾ ੨੭)*

- ਮੁਝੇ ਲਗਤਾ ਹੈ ਕਿ ਯਹਾਂ ਸੰਸਕ੍ਰਿਤ ਔਰ ਅਰਬੀ ਦੋਨੋਂ ਅਰਥ ਲੇਕਰ ਸ਼ਬਦੋਂ ਕੀ ਰਚਨਾ ਕੀ ਹੈ। ਆਖ਼ਿਰ (ਗੁਰੂ) ਨਾਨਕ ਤੋ ਹਿੰਦੂ ਔਰ ਮੁਸਲਮਾਨ ਦੋਨੋਂ ਕੋ ਜੋੜਨਾ ਚਾਹਤੇ ਥੇ।

  *(ਵਿਨੋਬਾ ਭਾਵੇ, ਜਪੁਜੀ ਹਿੰਦੀ ਸਟੀਕ, ਭੂਮਿਕਾ ਵਿਚੋਂ)*

- ਗੁਰੂ ਨਾਨਕ ਮਧ ਯੁਗ ਕੇ ਮੌਲਿਕ ਚਿੰਤਕ, ਕ੍ਰਾਂਤੀਕਾਰੀ, ਸੁਧਾਰਕ, ਅਦੁਵਿਤੀਯ ਨਿਰਮਾਤਾ, ਮਹਾਨ ਦੇਸ਼ ਭਗਤ, ਦੀਨ ਦੁਖੀਓਂ ਕੇ ਪਰਮ ਹਿਤੈਸੀ ਤਥਾ ਦੂਰ-ਦਰਸ਼ੀ ਰਾਸ਼ਟ੍ਰ ਨਿਰਮਾਤਾ ਥੇ। ਹਿੰਦੀ ਮੇਂ ਇਨ ਕੀ ਵਾਣੀ ਕਾ ਅਧਿਐਨ ਨਾ ਕੀਆ ਜਾਨਾ ਖਟਕਨੇ ਕੀ ਬਾਤ ਹੈ।

  *(ਡਾ: ਜੈਰਾਮ ਮਿਸਰ, ਨਾਨਕ ਵਾਣੀ (ਹਿੰਦੀ), ਭੂਮਿਕਾ ਵਿਚੋਂ)*

- ਗੁਰੂ ਨਾਨਕ ਦਾ ਸਿਧਾਂਤ ਕੇਵਲ ਇਕੋ ਰੱਬ ਨੂੰ ਮੰਨਣਾ ਸੀ। ਆਪ ਰੱਬ ਦੀ ਏਕਤਾ ਦੇ ਕ਼ਾਇਲ ਸਨ, ਅਤੇ ਮੂਰਤੀ-ਪੂਜਾ ਤੇ ਬੁੱਤ-ਪ੍ਰਸਤੀ ਦੇ ਸਖ਼ਤ ਖ਼ਿਲਾਫ਼। ਉਨ੍ਹਾਂ ਦਾ ਨਿਸ਼ਚਾ ਸੀ ਕਿ ਸੱਚਾ ਤੇ ਖ਼ਾਲਸ ਮਜ਼ਹਬ ਇਕੋ ਹੈ ਤੇ ਉਹ ਇਹ ਹੈ ਕਿ ਮਨੁੱਖ ਸਭ ਇਕ-ਸਮਾਨ ਹਨ।

  *(ਸੱਯਦ ਮੁਹੰਮਦ ਲਤੀਫ਼, ਹਿਸਟਰੀ ਆਫ਼ ਪੰਜਾਬ, ਸਫ਼ਾ ੨੫੬)*

- ਗੁਰੂ ਨਾਨਕ ਦੀ ਬਾਣੀ (ਰੱਬ ਅਗੇ) ਅਰਦਾਸ, (ਆਪਣੇ ਆਪ ਨੂੰ) ਉਪਦੇਸ਼ ਤੇ (ਲੋਕਾਂ ਤਾਈਂ) ਨਸੀਹਤ-ਰੂਪ ਹੈ। ਉਨ੍ਹਾਂ ਦੇ ਕਲਾਮ ਦਾ ਬਹੁਤਾ ਹਿੱਸਾ ਰੱਬ ਦੀ ਉਪਮਾ ਤੇ ਪਵਿੱਤਰਤਾ ਬਾਰੇ ਹੈ। ਇਹ ਸਭ ਕੁਝ 'ਪੰਜਾਬ ਦੇ ਵਸਨੀਕਾਂ ਦੀ ਬੋਲੀ' ਵਿਚ ਲਿਖਿਆ ਹੋਇਆ ਹੈ।

  *(ਮੁਹਸਨ ਫ਼ਾਨੀ, ਦਬਸਤਾਨਿ-ਮਜ਼ਾਹਿਬ)*



WWW.SIKHBOOKCLUB.COM 

- ਬਾਬਾ ਗੁਰੂ ਨਾਨਕ ਜੀ ਨੇ ਮਨੁੱਖ ਦੇ ਜੀਵਨ ਦੇ ਅਸਲੀ ਮਨੋਰਥਾਂ ਤੇ ਚਾਨਣ ਪਾਇਆ ਹੈ ਅਤੇ ਇਨ੍ਹਾਂ ਦੀ ਪ੍ਰਾਪਤੀ ਦੇ ਸਾਧਨ ਵੀ ਦੱਸੇ ਹਨ।

*(ਖ਼ਵਾਜਾ ਦਿਲ ਮੁਹੰਮਦ, ਜਪੁਜੀ ਤਰਜਮਾ, ਸਫ਼ਾ ੧੦)*

- ਗੁਰੂ ਨਾਨਕ ਵਿਚ ਆਪਣੇ ਤੋਂ ਪਹਿਲੇ ਹੋਏ ਸੁਧਾਰਕਾਂ ਦੇ ਸਰਬੋਤਮ ਗੁਣ ਸਨ ਅਤੇ ਉਹ ਉਨ੍ਹਾਂ ਵੱਡੀਆਂ ਗ਼ਲਤੀਆਂ ਤੋਂ ਬਚ ਕੇ ਰਹੇ ਜਿਨ੍ਹਾਂ ਵਿਚ ਕਿ ਉਨ੍ਹਾਂ ਦੇ ਪੂਰਬ-ਅਧਿਕਾਰੀ ਸੁਧਾਰਕ ਫਸਦੇ ਰਹੇ।

*(ਕਨਿੰਘਮ, ਏ ਹਿਸਟਰੀ ਆਫ਼ ਦੀ ਸਿਖਜ਼, ਸਫ਼ਾ ੪੨)*

- ਉਸ ਸਮੇਂ ਜਦ ਕਿ ਵਿਕਲਿਫ਼, ਲੂਥਰ ਤੇ ਕਾਲਵਿਨ ਯੂਰਪ ਵਿਚ ਲੋਕਾਂ ਨੂੰ ਉਨ੍ਹਾਂ ਗ਼ਲਤੀਆਂ ਲਈ ਚਿਤਾਵਨੀ ਦੇ ਰਹੇ ਸਨ ਜੋ ਕਿ ਈਸਾਈ ਮਤ ਵਿਚ ਆ ਵੜੀਆਂ ਸਨ, ਕਬੀਰ ਤੇ ਗੁਰੂ ਨਾਨਕ ਵਰਗੇ (ਮਹਾਂ) ਪੁਰਸ਼ ਪ੍ਰੋਹਤ-ਵਾਦ, ਭੇਖ ਤੇ ਮੂਰਤੀ-ਪੂਜਾ ਨੂੰ ਭਾਰਤ ਵਿਚੋਂ ਕਾਫ਼ੀ ਸਫਲਤਾ ਨਾਲ ਖ਼ਤਮ ਕਰ ਰਹੇ ਸਨ।

*(ਮੈਕਾਲਿਫ਼, ਦੀ ਸਿਖ ਰਿਲੀਜਨ ਸੰਚੀ ੧, ਭੂਮਿਕਾ)*

- ਉਨ੍ਹਾਂ (ਗੁਰੂ ਜੀ) ਨੇ ਲੋਕਾਂ ਨੂੰ ਮੁਕਤੀ ਦਾ ਮਾਰਗ ਦਰਸਾਇਆ, ਇਕ ਹਾਕਮ ਵਾਂਗ ਨਹੀਂ ਸਗੋਂ ਰੱਬ ਦਾ ਸੇਵਕ ਬਣ ਕੇ। ਉਨ੍ਹਾਂ ਨੂੰ ਸੱਚੇ ਪ੍ਰਕਾਸ਼ ਦੀ ਸੋਝੀ ਹੋ ਚੁਕੀ ਸੀ। ਉਹ (ਲੋਕਾਂ ਵਿਚ) ਖਿਚੋਤਾਣ ਪੈਦਾ ਕਰਨ ਨਹੀਂ ਸੀ ਆਏ, ਸਗੋਂ ਸ਼ਾਂਤੀ ਵਰਤਾਣ ਆਏ ਸਨ। *(ਗਾਫ਼)*

- ਗੁਰੂ ਨਾਨਕ ਨੇ ਸੱਚੇ ਸੰਤਾਂ ਵਾਲੀ ਨਿਮਰਤਾ ਦਾ ਪ੍ਰਗਟਾਅ ਕੀਤਾ, ਪਰ ਨਾਲ ਹੀ ਉਨ੍ਹਾਂ ਨੇ ਐਸੀ ਦ੍ਰਿੜ੍ਹਤਾ ਵੀ ਦਿਖਾਈ ਜੋ ਕਿ ਰੱਬੋਂ ਵਰੋਸਾਇਆਂ ਵਿਚ ਹੁੰਦੀ ਹੈ। ਉਹ ਦੁਨੀਆ ਦੀ ਨੁਕਤਾ-ਚੀਨੀ ਤੋਂ ਅਡੋਲ ਰਹੇ। ਉਨ੍ਹਾਂ ਆਪਣੇ ਦ੍ਰਿੜ੍ਹ ਵਿਸ਼ਵਾਸ ਅਤੇ ਰੱਬ ਤੇ ਮਾਨਵਤਾ ਤਾਈਂ ਅਟੁੱਟ ਪਿਆਰ ਦੁਆਰਾ ਦੈਵੀ ਉਦੇਸ਼ ਦੀ ਪੂਰਤੀ ਵਿਚ ਸਫ਼ਲਤਾ ਪ੍ਰਾਪਤ ਕੀਤੀ।

*(ਡਨਕਨ ਗ੍ਰੀਨਲੀਜ਼; ਦੀ ਗਾਸਪਲ ਆਫ਼ ਦੀ ਗੁਰੂ ਗ੍ਰੰਥ ਸਾਹਿਬ, ਸਫ਼ਾ ੩)*

- ਸਿੱਖ ਮਤ ਦੇ ਬਾਨੀ—ਗੁਰੂ ਨਾਨਕ—ਮਾਰਟਨ ਲੂਥਰ, ਡਵਾਈਟ ਐਲ. ਮੂਡੀ ਤੇ ਅਪਾਸਲ ਪਾਲ ਦੀਆਂ ਸ਼ਖ਼ਸੀਅਤਾਂ ਦਾ ਕਲਾਧਾਰੀ ਸੁਮੇਲ ਸਨ।

*(ਸੀ. ਐਫ਼. ਪਾਟਰ, ਦੀ ਫ਼ੇਥਸ ਮੈਨ ਲਿਵ ਬਾਈ, ਸਫ਼ਾ ੨੯)*



WWW.SIKHBOOKCLUB.COM 

- ਗੁਰੂ ਨਾਨਕ ਨੇ ਨਾ ਹੀ ਤਾਂ ਵਿਦਵਾਨ ਹੋਣ ਦਾ ਅਤੇ ਨਾ ਹੀ ਜਤੀ-ਸਤੀ ਹੋਣ ਦਾ ਦਾਅਵਾ ਕੀਤਾ। ਉਹ ਨਿਮਰਤਾ ਦੀ ਮੂਰਤ ਸਨ। ਉਨ੍ਹਾਂ ਨੇ ਮੂਰਤੀ-ਪੂਜਾ, ਭੇਖ ਤੇ ਦਿਖਾਵੇ ਅਤੇ ਜ਼ਾਤ-ਪਾਤ ਆਦਿ ਦੇ ਵਿਤਕਰਿਆਂ ਵਿਰੁੱਧ ਪੂਰੇ ਤਾਣ ਨਾਲ ਪਰਚਾਰ ਕੀਤਾ। .......ਨਾ ਹੀ ਉਨ੍ਹਾਂ ਨੇ ਆਪਣੇ ਤਾਈਂ ਕਦੇ ਦੈਵੀ ਗੁਣਾਂ ਦਾ ਕੋਈ ਦਾਅਵਾ ਕੀਤਾ।

  *(ਜਮਨ ਐਚ ਸ਼ਾਹ ਵਲੋਂ ਪ੍ਰਕਾਸ਼ਤ, ਗਲਿਮਪਸਿਜ਼ ਆਫ਼ ਵਰਲਡ ਰਿਲੀਜ਼ਨ, ਸਫ਼ਾ ੧੧੧)*

- ਗੁਰੂ ਨਾਨਕ ਦੇ ਨਿਸਚਿਆਂ ਨੂੰ ਸਮਝਣਾ ਧਰਮ-ਵਿਦਿਆ ਹੈ। ਇਸ ਸੰਬੰਧ ਵਿਚ ਧਰਮ-ਵਿਦਿਆ ਹੀ ਢੁਕਵਾਂ ਸ਼ਬਦ ਹੈ, ਕਿਉਂਕਿ ਗੁਰੂ ਨਾਨਕ ਦਾ ਦਰਸ਼ਨ ਇਕੋ ਗੱਲ ਦੁਆਲੇ ਘੁੰਮਦਾ ਹੈ ਤੇ ਉਹ ਹੈ ਉਨ੍ਹਾਂ ਦੀ ਰੱਬ ਦੀਆਂ ਸਿਫ਼ਤਾਂ ਬਾਰੇ, ਸਮਝ ਤੇ ਸੂਝ। ਇਹ ਬਿਲਕੁਲ ਠੀਕ ਤੇ ਯੋਗ ਸੀ ਕਿ ਗੁਰੂ ਅਰਜਨ ਨੇ ਮੂਲ-ਮੰਤ੍ਰ ਨੂੰ, ਜਿਸ ਵਿਚ ਕਿ ਰੱਬ ਦੀਆਂ ਸਿਫ਼ਤਾਂ ਅੰਕਿਤ ਹਨ, ਆਦਿ ਗ੍ਰੰਥ ਦੇ ਆਦਿ ਵਿਚ ਥਾਂ ਦਿਤੀ।

  *(ਹਿਊ ਮਕਲੌਡ, ਗੁਰੂ ਨਾਨਕ ਐਂਡ ਦੀ ਸਿਖ ਰਿਲੀਜਨ, ਸਫ਼ਾ ੧੪੮)*



WWW.SIKHBOOKCLUB.COM 

ਗੁਰਦੁਆਰਾ ਦਰਬਾਰ ਸਾਹਿਬ, ਕਰਤਾਰਪੁਰ (ਰਾਵੀ)
ਪਾਕਿਸਤਾਨ



Photo: Courtesy of Dr. Dilbagh Singh

ISBN 81-7205-135-2
9 788172 051358

WWW.SIKHBOOKCLUB.COM